॥ ਪੂਰਣ ਪਰਮਾਤਮਨੇ ਨਮ: ॥

# ਭਗਤੀ ਤੋਂ ਭਗਵਾਨ ਤੱਕ

ਧਰਮਾਰਥ ਮੂਲ – 20 ਰੁਪਏ


ਲੇਖਕ :–
ਸੰਤ ਰਾਮਪਾਲ ਜੀ ਮਹਾਰਾਜ


ਜੀਵ ਹਮਾਰੀ ਜਾਤਿ ਹੈ, ਮਾਨਵ ਧਰਮ ਹਮਾਰਾ।
ਹਿੰਦੂ ਮੁਸਲਿਮ ਸਿੱਖ ਇਸਾਈ, ਧਰਮ ਨਹੀਂ ਕੋਈ ਨਿਆਰਾ॥

# ਵਿਸ਼ਾ ਸੂਚੀ


| ਲੜੀ ਨੰ. | ਵਿਵਰਣ | ਪ੍ਰਸ਼ਠ ਨੰ. |
|---|---|---|
| 1. | ਭੂਮਿਕਾ | **I-IV** |
| 2. | ਦੋ ਸ਼ਬਦ | 1 |
| 3. | ਪੂਹਲੋ ਬਾਈ ਦੀ ਨਸੀਅਤ | 8 |
| 4. | ਕ੍ਰਮ ਅਨੁਸਾਰ ਮਨੁੱਖ-ਸਰੀਰਧਾਰੀ ਪ੍ਰਾਣੀ ਦੇ ਲੱਛਣ | 9 |
| 5. | ਭਗਤੀ ਨਾ ਕਰਨ ਨਾਲ ਹਾਨੀ ਦਾ ਹੋਰ ਵਿਵਰਣ | 17 |
| 6. | ਭਗਤੀ ਨਾ ਕਰਨ ਨਾਲ ਬਹੁਤ ਦੁੱਖ ਹੋਵੇਗਾ | 20 |
| 7. | ਭਗਤੀ ਕਿਹੜੇ ਭਗਵਾਨ ਦੀ ਕਰਨੀ ਚਾਹੀਦੀ ਹੈ (ਗੀਤਾ ਅਨੁਸਾਰ) | 21 |
| 8. | ਪੂਜਾ ਅਤੇ ਸਾਧਨਾ ਵਿੱਚ ਅੰਤਰ | 36 |
| 9. | ਰਿਸ਼ੀ ਦੁਰਵਾਸਾ ਦੀ ਕਾਰਗੁਜਾਰੀ | 42 |
| 10. | ਕਥਾ-ਮਾਰਕੰਡੇ ਰਿਸ਼ੀ ਅਤੇ ਅਪਸਰਾ ਦਾ ਸੰਵਾਦ | 55 |
| 11. | ਭਗਤੀ ਤੋਂ ਭਗਵਾਨ ਤੱਕ ਕਿਵੇਂ ਪਹੁੰਚਾਂਗ | 64 |
| 12. | ਵਾਸੂਦੇਵ ਦੀ ਪਰਿਭਾਸ਼ਾ | 77 |
| 13. | ਅਧਿਆਤਮਿਕ ਸ਼ੰਕਾ ਦਾ ਸਮਾਧਾਨ | 81 |
| 14. | ਫੋਟੋਕਾਪੀ ਦੇਖੋ ਵੇਦ ਮੰਤਰਾਂ ਦੀ | 89 |
| 15. | ਸ੍ਰਿਸ਼ਟੀ ਰਚਨਾ | 106 |
| | • ਆਤਮਾਂ ਕਾਲ ਦੇ ਜਾਲ ਵਿੱਚ ਕਿਵੇਂ ਫਸੀਆਂ? | 109 |
| | • ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ ਤੇ ਸ਼੍ਰੀ ਸ਼ਿਵਜੀ ਦੇ ਮਾਤਾ ਪਿਤਾ ਕੌਣ ਹਨ? | 113 |
| | • ਤਿੰਨੋਂ ਗੁਣ ਹੀ ਸ਼੍ਰੀ ਬ੍ਰਹਮਾ, ਸ਼੍ਰੀ ਵਿਸ਼ਣੂ ਅਤੇ ਸ਼੍ਰੀ ਸ਼ਿਵ ਜੀ ਹੈ | 115 |
| | • ਬ੍ਰਹਮ (ਕਾਲ) ਦੀ ਅਵਿਅਕਤ ਰਹਿਣ ਦੀ ਪ੍ਰਤਿੱਗਿਆ | 116 |
| | • ਬ੍ਰਹਮਾ ਦਾ ਆਪਣੇ ਪਿਤਾ (ਕਾਲ / ਬ੍ਰਹਮ) ਦੀ ਪ੍ਰਾਪਤੀ ਲਈ ਪ੍ਰਯਤਨ | 118 |
| | • ਮਾਤਾ (ਦੁਰਗਾ) ਦੁਆਰਾ ਬ੍ਰਹਮਾ ਨੂੰ ਸ਼ਰਾਪ ਦੇਣਾ | 119 |
| | • ਵਿਸ਼ਣੂ ਦਾ ਆਪਣੇ ਪਿਤਾ ਕਾਲ / ਬ੍ਰਹਮ ਦੀ ਪ੍ਰਾਪਤੀ | |

ਦੇ ਲਈ ਪ੍ਰਸਥਾਨ ਤੇ ਮਾਤਾ ਦਾ ਆਸ਼ੀਰਵਾਦ ਪਾਉਣਾ 121
• ਪਰਬ੍ਰਹਮ ਦੇ ਸੱਤ ਸੰਖ ਬ੍ਰਹਿਮੰਡਾਂ ਦੀ ਸਥਾਪਨਾ 127
• ਪਵਿੱਤਰ ਅੱਥਰਵਵੇਦ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 129
• ਪਵਿੱਤਰ ਰਿਗਵੇਦ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 134
• ਪਵਿੱਤਰ ਸ਼੍ਰੀਮਦਦੇਵੀ ਮਹਾਂਪੁਰਾਣ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 139
• ਪਵਿੱਤਰ ਸ਼ਿਵ ਮਹਾਂਪੁਰਾਣ ਵਿੱਚ ਸ਼੍ਰਿਸ਼ਟੀ ਰਚਨਾ ਦਾ ਪ੍ਰਮਾਣ 141
• ਪਵਿੱਤਰ ਸ਼੍ਰੀਮਦਭਗਵਤ ਗੀਤਾ ਜੀ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 142
• ਪਵਿੱਤਰ ਬਾਈਬਲ ਅਤੇ ਪਵਿੱਤਰ ਕੁਰਾਨ ਸ਼ਰੀਫ ਵਿੱਚ ਸ਼੍ਰਿਸ਼ਟੀ ਰਚਨਾ ਦਾ ਪ੍ਰਮਾਣ 145
• ਪੂਜਯ ਕਬੀਰ ਪ੍ਰਮੇਸ਼ਵਰ (ਕਵਰਿਦੇਵ) ਜੀ ਦੀ ਅੰਮ੍ਰਿਤਬਾਣੀ ਵਿੱਚ ਸ੍ਰਸ਼ਿਟੀ ਰਚਨਾ 147
• ਆਦਰਣੀਏਂ ਗਰੀਬਦਾਸ ਸਾਹਿਬ ਜੀ ਦੀ ਅੰਮ੍ਰਿਤਬਾਣੀ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ 149
• ਆਦਰਣੀਏਂ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ ਸ੍ਰਿਸ਼ਟੀ ਰਚਨਾ ਦਾ ਸੰਕੇਤ 156
• ਹੋਰ ਸੰਤਾਂ ਦੁਆਰਾ ਦੱਸੀ ਗਈ ਸ੍ਰਿਸ਼ਟੀ ਰਚਨਾ ਦੀ ਦੰਤ ਕਥਾ 159
16. ਭਗਤੀ ਮਰਿਯਾਦਾ 161
• ਨਾਮ ਲੈਣ ਵਾਲੇ ਵਿਅਕਤੀਆਂ ਲਈ ਜ਼ਰੂਰੀ ਜਾਣਕਾਰੀ 161
• ਕਰਮ ਕਾਂਡ ਦੇ ਵਿਸ਼ੇ ਵਿੱਚ ਸਤਿ ਕਥਾਂ 170
17. ਸ਼ਾਸਤਰ ਅਨੁਕੂਲ ਭਗਤੀ ਨਾਲ ਹੋਏ ਭਗਤਾਂ ਨੂੰ ਲਾਭ 177
• ਉੱਜੜਿਆ ਪਰਿਵਾਰ ਵਸਿਆ 177
• ਗੁਰਦੇ ਠੀਕ ਕਰਨਾ ਅਤੇ ਸ਼ੈਤਾਨ ਨੂੰ ਇਨਸਾਨ ਬਣਾਉਣਾ 179
• ਭੂਤਾਂ ਤੇ ਰੋਗਾਂ ਦੇ ਸਤਾਏ ਪਰਿਵਾਰ ਨੂੰ ਆਬਾਦ ਕਰਨਾ 181
• ਭਗਤ ਸਤੀਸ਼ ਦੀ ਆਤਮਕਥਾ 183
• ਭਗਤ ਬਹੀਦ ਖਾਂ ਦੀ ਆਮਤਕਥਾ 185

- ਭਗਤਮਤੀ ਤਾਰਾ ਕੱਟਾ ਉੱਤੇ ਅਸੀਮ ਕ੍ਰਿਪਾ ਹੋਈਂ 186
- ਗੁਰੂਕ੍ਰਿਪਾ ਦੀ ਮਹਿਮਾ 187
- 11000 ਵੋਲਟੇਜ ਦੇ ਤਾਰ ਤੋਂ ਛਡਵਾਉਣਾ 189
- ਭਗਤ ਦੀਪਕ ਦਾਸ ਦੇ ਪਰਿਵਾਰ ਦੀ ਆਤਮਕਥਾ 191
- ਪ੍ਰਮੇਸ਼ਵਰ ਦੀ ਅਸੀਮ ਕ੍ਰਿਪਾ 195

# ਭੂਮਿਕਾ

ਅਧਿਆਤਮ ਦੇ ਵਿੱਚ ਕੁਝ ਗੂੜ੍ਹ ਗੱਲਾਂ ਹੁੰਦੀਆਂ ਹਨ। ਜਿਹਨਾਂ ਨੂੰ ਗੁਰੂ ਲੋਕ ਠੀਕ ਢੰਗ ਨਾਲ ਨਾ ਸਮਝ ਕੇ ਭਰਮਿਤ ਗਿਆਨ ਪਰਚਾਰ ਕਰਕੇ ਅਧਿਆਤਮ ਦਾ ਸਵਰੂਪ ਹੀ ਵਿਗਾੜ ਦਿੰਦੇ ਹਨ।

ਉਦਾਹਰਣ ਦੇ ਲਈ-ਅੱਜ ਤੱਕ ਹਿੰਦੂ ਧਰਮ ਦੇ ਗੁਰੂਆਂ-ਸੰਤਾਂ, ਅਚਾਰੀਆਂ ਅਤੇ ਸ਼ੰਕਰਾਚਾਰੀਆਂ ਨੂੰ ਹੀ ਨਹੀਂ ਪਤਾ ਕਿ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਦੇ ਮਾਤਾ ਪਿਤਾ ਕੌਣ ਹਨ? ਆਪ ਜੀ ਨੂੰ ਇਹ ਜਾਣਕਾਰੀ ਵੀ ਇਸੇ ਕੀਤਾਬ ਤੋਂ ਹੋਵੇਗੀ। ਕਿਰਪਾ ਕਰਕੇ ਧੀਰਜ ਨਾਲ ਪੜ੍ਹੋ।

ਅਧਿਆਤਮ ਵਿੱਚ ਮੂਲ ਰੂਪ ਵਿੱਚ ਪੂਜਯ, ਪੂਜਾ, ਸਾਧਕ ਅਤੇ ਸਾਧਨਾ ਸ਼ਬਦ ਆਉਂਦੇ ਹਨ, ਜਿਹਨਾਂ ਨੂੰ ਸਮਝਣਾ ਜ਼ਰੂਰੀ ਹੈ। ਇਸ ਨਾਲ ਨਾਲ ਅਧਿਆਤਮ ਗਿਆਨ ਬਹੁਤ ਮਹੱਤਵਪੂਰਣ ਹੈ, ਉਸਨੂੰ ਜਾਣਨਾ ਚਾਹੀਦਾ ਹੈ।

- ❖ ਪੂਜਯ:- ਪਰਮੇਸ਼ਵਰ ਜਿਸਨੂੰ ਅਸੀਂ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ।
- ❖ ਪੂਜਾ ਭਾਵ ਭਗਤੀ:- ਜਿਸ ਪ੍ਰਮੇਸਵਰ ਨੂੰ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹਾਂ, ਉਸਦੇ ਗੁਣਾਂ ਦਾ ਗਿਆਨ ਸਾਨੂੰ ਹੁੰਦਾ ਹੈ। ਫਿਰ ਉਸਦੀ ਪ੍ਰਾਪਤੀ ਦੇ ਲਈ ਤੜਫ਼, ਸਮਰਪਣ, ਆਸਥਾ ਅਤੇ ਅਟੁੱਟ ਸ਼ਰਧਾ ਇਹ ਪੂਜਾ ਕਹਾਉਂਦੀ ਹੈ।
- ❖ ਸਾਧਕ:- ਪਰਮੇਸ਼ਵਰ ਦੀ ਪ੍ਰਾਪਤੀ ਦੇ ਲਈ ਕਮਰ ਕੱਸ ਕੇ ਪ੍ਰਯਤਨ ਕਰਨ ਵਾਲਾ ਵਿਅਕਤੀ ਨੂੰ ਸਾਧਕ ਕਿਹਾ ਜਾਂਦਾ ਹੈ, ਇਸ ਨੂੰ ਪੁਜਾਰੀ ਵੀ ਕਹਿ ਸਕਦੇ ਹਾਂ ਅਤੇ ਭਗਤ ਵੀ।
- ❖ ਸਾਧਨਾ:- ਪਰਮੇਸ਼ਵਰ ਭਾਵ ਪੂਜਯ ਪਦਾਰਥ ਦੀ ਪ੍ਰਾਪਤੀ ਦੇ ਲਈ ਕੀਤਾ ਜਾਣ ਵਾਲਾ ਪ੍ਰਯਤਨ ਸਾਧਨਾ ਕਹਾਉਂਦੀ ਹੈ ।

ਉਦਾਰਹਣ:- ਜਿਵੇਂ ਕਿਸੇ ਨੂੰ ਪੀਣ ਵਾਲੇ ਪਾਣੀ ਦੀ ਜ਼ਰੂਰਤ ਹੈ, ਉਸਨੂੰ ਗਿਆਨ ਹੋਇਆ ਕਿ ਧਰਤੀ ਵਿਚ ਹੇਠਾਂ ਪੀਣ ਦਾ ਮਿੱਠਾ ਪਾਣੀ ਹੈ, ਇਹ ਪੂਜਯ ਪਦਾਰਥ ਭਾਵ ਪਾਣੀ ਪੂਜਯ ਵਸਤੂ ਹੈ।

ਉਸਦੀ ਪ੍ਰਾਪਤੀ ਦੇ ਲਈ ਕੀਤਾ ਜਾਣ ਵਾਲਾ ਪ੍ਰਯਤਨ ‘ਸਾਧਨਾ’ ਕਹਿਲਾਉਂਦਾ ਹੈ। ਜਿਵੇਂ ਬੋਕੀ ਲਗਾਉਣਾ, ਪਾਇਪ ਜਮੀਨ ਵਿੱਚ ਪਾਉਣਾ, ਫਿਰ ਉੱਪਰ ਹੈਂਡ ਪੰਪ ਲਗਾ ਕੇ ਹੈਡਲ ਨਾਲ ਪੰਪ ਚਲਾਉਣਾ ਫਿਰ ਪਾਣੀ ਪ੍ਰਾਪਤ ਹੁੰਦਾ ਹੈ।

- ➢ ਪਾਣੀ ਪੂਜਯ ਹੋਇਆ, ਇਸਦੀ ਇੱਛਾ ਕਰਨ ਵਾਲਾ ਭਗਤ ਸਾਧਕ ਹੋਇਆ।
- ➢ ਉਸਨੂੰ ਪ੍ਰਾਪਤ ਕਰਨ ਲਈ ਜੋ ਪ੍ਰਯਤਨ ਮਜ਼ਦੂਰੀ ਕੀਤੀ ਉਹ ਸਾਧਨਾ ਹੋਈ।
- ➢ ਪਾਣੀ ਦੀ ਪ੍ਰਾਪਤੀ ਦੀ ਇੱਛਾ ਪੂਜਾ ਕਹਿਲਾਉਂਦੀ ਹੈ।

ਸਾਧਨਾ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਉਪਕਰਣ ਪੂਜਯ ਨਹੀ ਹੁੰਦੇ ਬਲਕਿ ਆਦਰਯੋਗ ਹੁੰਦੇ ਹਨ। ਉਹਨਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਹੋਰ ਉਦਾਰਹਣ:- ਜਿਵੇਂ ਪਤੀਵਰਤਾ ਇਸਤਰੀ ਆਪਣੇ ਪਤੀ ਦੇ ਨਾਲ਼ ਸਾਂਝੇ ਪਰਿਵਾਰ (**Joint Family**) ਵਿੱਚ ਰਹਿੰਦੀ ਹੈ।ਉਸ ਵਿੱਚ ਸੱਸ ਸਹੁਰਾ, ਜੇਠ ਜੇਠਾਣੀ, ਦਿਉਰ ਦਿਉਰਾਣੀ , ਨਣਦ ਅਤੇ ਪਤੀ ਸਭ ਹੁੰਦੇ ਹਨ, ਉਹ ਇਸਤਰੀ ਪੂਜਾ ਤਾਂ ਆਪਣੇ ਪਤੀ ਦੀ ਕਰਦੀ ਹੈ, ਪਰ ਸਭ ਦਾ ਯਥਾ-ਉਚਿਤ ਆਦਰ ਕਰਦੀ ਹੈ। ਜਦੋਂ ਪਰਿਵਾਰ ਅਲੱਗ ਅਲੱਗ ਹੁੰਦਾ ਹੈ,ਤਾਂ ਉਹ ਉਸ ਸਮੇਂ ,ਉਹ ਆਪਣਾ ਸਾਰਾ ਸਮਾਨ ਜੋ ਬਟਵਾਰੇ ਵਿੱਚ ਹਿੱਸੇ ਵਿੱਚ ਆਇਆ, ਉਸ ਨੂੰ ਚੁੱਕ ਕੇ ਆਪਣੇ ਪਤੀ ਦੇ ਨਾਲ

ਆਪਣੇ ਹਿੱਸੇ ਦੇ ਮਕਾਨ ਵਿੱਚ ਚਲੀ ਜਾਂਦੀ ਹੈ, ਪਹਿਲਾਂ ਉਹ ਇਸ ਤਰ੍ਹਾਂ ਲੱਗਦੀ ਹੈ, ਜਿਵੇਂ ਜੇਠ ਜੇਠਾਣੀ ਸਮਝਦੇ ਹਨ ਕਿ ਸਾਨੂੰ ਬਹੁਤ ਪਿਆਰ ਕਰਦੀ ਹੈ, ਦਿਉਰ ਦਿਉਰਾਣੀ ਨੂੰ ਇੰਝ ਲਗਦਾ ਸੀ ਜਿਵੇਂ ਸਾਡੀ ਆਪਣੀ ਹੀ ਸੀ। ਸਾਨੂੰ ਬਹੁਤ ਚਾਹੁੰਦੀ ਹੈ, ਭਰਾ ਅਤੇ ਭੈਣ ਦੇ ਰੂਪ ਵਿੱਚ। ਇਸੇ ਤਰ੍ਹਾਂ ਹੀ ਨਣਦ ਸਮਝਦੀ ਹੈ ਕਿ ਸਾਡੇ ਲਈ ਕੁਰਬਾਨ ਹੈ। ਸਾਡੀ ਹਰੇਕ ਜ਼ਰੂਰਤ ਦਾ ਕਿੰਨਾਂ ਧਿਆਨ ਰੱਖਦੀ ਹੈ। ਸੱਸ ਸਹੁਰੇ ਦਾ ਮਾਤਾ-ਪਿਤਾ ਵਾਂਗ ਸਨਮਾਨ ਅਤੇ ਸੇਵਾ ਕਰਦੀ ਹੈ, ਉਹਨਾਂ ਨੂੰ ਵੀ ਨੂੰਹ ਆਪਣੀ ਬੇਟੀ ਦੇ ਬਰਾਬਰ ਪਿਆਰੀ ਲਗਦੀ ਹੈ। ਪਰ ਉਹ ਪੂਜਾ ਆਪਣੇ ਪਤੀ ਦੀ ਕਰਦੀ ਰਹਿੰਦੀ ਹੈ। ਪਤੀ ਵਾਲਾ ਭਾਵ ਕਿਸੇ ਹੋਰ ਪੁਰਸ਼ ਵਿੱਚ ਨਹੀਂ ਰੱਖਦੀ ਅਤੇ ਜੋ ਪਿਆਰ ਪਤੀ ਦੇ ਪ੍ਰਤੀ ਹੁੰਦਾ ਹੈ,ਉਹ ਹੋਰ ਨਾਲ ਨਹੀਂ ਕਰਦੀ। ਪਰ ਸਤਿਕਾਰ ਸਭ ਦਾ ਕਰਦੀ ਹੈ। ਜਿਸ ਸਮੇਂ ਉਹ ਪਤੀਵਰਤਾ ਇਸਤਰੀ ਪਰੀਵਾਰ ਤੋਂ ਅਲੱਗ ਹੁੰਦੀ ਹੈ ਤਾਂ ਆਪਣੇ ਹਿੱਸੇ ਦਾ ਚਮਚਾ ਤੱਕ ਵੀ ਚੱਕ ਲੈ ਜਾਂਦੀ ਹੈ ਅਤੇ ਆਪਣੇ ਪਤੀ ਦੇ ਘਰ ਵਿੱਚ ਚਲੀ ਜਾਂਦੀ ਹੈ। ਇਸੇ ਤਰ੍ਹਾਂ ਹੀ ਸਾਧਕ ਦਾ ਪਰਿਵਾਰ ਭਗਤਾਂ ਦਾ ਸਮੂਹ ਅਤੇ ਪ੍ਰਭੂਆਂ ਦਾ ਦਰਬਾਰ ਹੁੰਦਾ ਹੈ।

ਆਪ ਜੀ ਨੂੰ ਸ਼ੰਕਾ ਹੋਵੇਗੀ ਕਿ ਪ੍ਰਭੂ ਤਾਂ ਇੱਕ ਹੀ ਸੁਣਿਆ ਹੈ, ਅਨੇਕ ਪ੍ਰਭੂਆਂ ਦਾ ਕੀ ਅਰਥ ਹੋਇਆ?

ਪ੍ਰਭੂ ਦੀ ਪਰਿਭਾਸ਼ਾ:- ਪ੍ਰਭੂ ਦਾ ਅਰਥ ਹੈ ਸਵਾਮੀ, ਮਾਲਿਕ। ਇਸਦੇ ਹੀ ਸਮਾਨ ਅਰਥੀ ਨਾਮ ਹਨ ਰਾਮ, ਅੱਲਾਹ, ਰੱਬ, ਪ੍ਰਮਾਤਮਾ ਆਦਿ ਆਦਿ, ਅਸੀਂ ਉਸਨੂੰ ਸਾਹਿਬ ਕਹਿੰਦੇ ਹਾਂ। ਅਵੀਨਾਸ਼ੀ ਹੋਣ ਕਰਕੇ ਸਤਯ ਸਾਹਿਬ ਕਹਿੰਦੇ ਹਾਂ। ਕਿਉਂਕਿ ਸਤਯ ਦਾ ਅਰਥ ਅਵਿਨਾਸ਼ੀ ਹੁੰਦਾ ਹੈ। ਅਸੀਂ ਸਤ ਸਾਹੇਬ ਵੀ ਕਹਿੰਦੇ ਹਾਂ ਜਿਵੇਂ ਸਤਯਵੀਰ ਨੂੰ ਅਸੀਂ ਸਤਵੀਰ ਹੀ ਬੋਲਦੇ ਹਾਂ। ਉਦਾਰਹਣ ਦੇ ਲਈ ਜਿਵੇਂ ਸਰਪੰਚ ਸਾਹਿਬ, ਚੇਅਰਮੈਨ ਸਾਹਿਬ, ਵਿਧਾਇਕ ਸਾਹਿਬ, ਮੰਤਰੀ ਸਾਹਿਬ, ਮੁੱਖ ਮੰਤਰੀ ਸਾਹਿਬ, ਕੇਂਦਰ ਦੇ ਮੰਤਰੀ ਸਾਹਿਬ, ਪ੍ਰਧਾਨ ਮੰਤਰੀ ਸਾਹਿਬ (ਪ੍ਰਭੂ)। ਇਹ ਸਭ ਸਾਹਿਬ ਕਹਾਂਉਂਦੇ ਹਨ, ਪਰ ਇਹਨਾਂ ਦੀ ਸ਼ਕਤੀ ਵਿੱਚ ਅੰਤਰ ਹੁੰਦਾ ਹੈ।

ਇਸੇ ਤਰ੍ਹਾਂ ਇੱਕ ਬ੍ਰਹਿਮੰਡ ਵਿੱਚ “ਬ੍ਰਹਮ” ਜਿਸ ਨੂੰ ਸ਼ਰ ਪੁਰਸ਼ ਕਹਿੰਦੇ ਹਨ, ਇਹ ਵੀ ਪ੍ਰਭੂ ਹੈ। ਇਹ 21 ਬ੍ਰਹਿਮੰਡਾਂ ਦਾ ਸਵਾਮੀ ਹੈ। ਇੱਕ ਬ੍ਰਹਿਮੰਡ ਵਿੱਚ ਸ੍ਰਿਸ਼ਟੀ ਜੀਵਨ ਚਾਲੂ ਰੱਖਦਾ ਹੈ। ਬਾਕੀ ਖਾਲੀ ਰਹਿੰਦੇ ਹਨ।ਜਦੋਂ ਇੱਕ ਬ੍ਰਹਿਮੰਡ ਦਾ ਵਿਨਾਸ਼ ਸਮਾਂ (ਪ੍ਰਲੈਯ/ਪਰਲੋ) ਹੁੰਦੀ ਹੈ ਤਾਂ ਦੂਸਰੇ ਬ੍ਰਹਿਮੰਡ ਵਿੱਚ ਜੀਵਨ ਸ਼ੁਰੂ ਕਰ ਲੈਂਦਾ ਹੈ। ਇਸ ਦੀ ਵਧੇਰੇ ਜਾਣਕਾਰੀ ਇਸੇ ਕੀਤਾਬ ਵਿੱਚ ਲਿਖੀ “ਸ੍ਰਿਸਟੀ ਰਚਨਾ” ਵਿਸ਼ੇ ਵਿੱਚ ਪੜ੍ਹੋਗੇ।

ਇੱਕ ਬ੍ਰਹਿਮੰਡ ਵਿੱਚ 3 ਲੋਕ ਹਨ:- 1. ਪ੍ਰਿਥਵੀ ਲੋਕ ਜਿਸ ਉੱਤੇ ਅਸੀਂ ਰਹਿ ਰਹੇ ਹਾਂ। 2. ਸਵਰਗ ਲੋਕ, 3. ਪਾਤਾਲ ਲੋਕ। ਇੱਕ ਬ੍ਰਹਮ ਲੋਕ ਵੀ ਹੈ ਜੋ ਇਹਨਾਂ ਤੋ ਅਲੱਗ ਹੈ। ਇਹਨਾਂ ਤਿੰਨਾਂ ਲੋਕਾਂ ਅਤੇ ਬ੍ਰਹਮ ਲੋਕ ਦਾ ਮਾਲਿਕ ਮੁੱਖ ਮੰਤਰੀ, ਬ੍ਰਹਮ ਭਾਵ ਸ਼ਰ ਪੁਰਸ਼ ਹੈ। ਇਸਦੇ ਤਿੰਨ ਪੁੱਤਰ ਹਨ, ਜਿਹਨਾਂ ਨੂੰ ਤਿੰਨਾਂ ਲੋਕਾਂ ਵਿੱਚ ਇੱਕ-ਇੱਕ ਵਿਭਾਗ ਦਾ ਮੰਤਰੀ ਬਣਾਇਆ ਹੋਇਆ ਹੈ।

1. ਸ਼੍ਰੀ ਬ੍ਰਹਮਾ ਜੀ ਰਜਗੁਣ ਵਿਭਾਗ ਦੇ ਮੰਤਰੀ ਹਨ ਭਾਵ ਪ੍ਰਭੂ ਹਨ।
2. ਸ਼੍ਰੀ ਵਿਸ਼ਣੂ ਜੀ ਸਤਗੁਣ ਵਿਭਾਗ ਦੇ ਮੰਤਰੀ ਹਨ ਭਾਵ ਪ੍ਰਭੂ ਹਨ।
3. ਸ਼੍ਰੀ ਸ਼ਿਵ ਜੀ ਤਮਗੁਣ ਵਿਭਾਗ ਦੇ ਮੰਤਰੀ ਹਨ ਭਾਵ ਪ੍ਰਭੂ ਹਨ।

ਉਪਰੋਕਤ ਪ੍ਰਭੂ ਇੱਕ ਬ੍ਰਹਿਮੰਡ ਵਿੱਚ ਬਣੇ ਹੋਏ ਸਿਰਫ਼ ਤਿੰਨ ਲੋਕ ਦੇ ਸਵਾਮੀ ਹਨ, ਸਾਡੇ ਕੀਤੇ ਕਰਮ ਦਾ ਫ਼ਲ ਇਹ ਤਿੰਨੋ ਪ੍ਰਭੂ ਹੀ ਦਿੰਦੇ ਹਨ, ਇਸ ਲਈ ਇਹ ਸਾਡੇ ਸੰਸਾਰ ਰੂਪੀ ਪਰਿਵਾਰ ਦੇ ਮਾਨਯੋਗ ਮੈਂਬਰ ਹਨ।

4. ਇਹਨਾਂ ਦੇ ਪਿਤਾ ਬ੍ਰਹਮ (ਸ਼ਰ ਪੁਰਸ਼) ਇੱਕੀ ਬ੍ਰਹਿਮੰਡ ਦੇ ਮਾਲਿਕ ਹਨ, ਪ੍ਰਭੂ ਹਨ।

5. ਅਕਸ਼ਰ ਪੁਰਸ਼ :- ਇਹ 7 ਸ਼ੰਖ ਬ੍ਰਹਿਮੰਡ ਦਾ ਸਵਾਮੀ (ਪ੍ਰਭੂ) ਹੈ।

ਇਹਨਾਂ ਦੋਵਾਂ ਪੁਰਸ਼ਾਂ ਦਾ ਵਰਨਣ ਗੀਤਾ ਅਧਿਆਇ 15 ਦੇ ਸਲੋਕ 16 ਵਿੱਚ ਹੈ।

6. ਪਰਮ ਅਕਸ਼ਰ ਪੁਰਸ਼ :- ਇਹ ਅਸੰਖ ਬ੍ਰਹਿਮੰਡ ਦਾ ਸਵਾਮੀ (ਪ੍ਰਭੂ) ਹੈ। ਇਹ ਕੁੱਲ ਦਾ ਮਾਲਿਕ ਹੈ। ਜੋ ਸਰਵ ਭਗਤਾਂ ਦਾ "ਪੂਜਯ" ਹੈ। ਜਿਸਦਾ ਵਰਨਣ ਗੀਤਾ ਅਧਿਆਇ 15 ਦੇ ਸਲੋਕ 17, ਗੀਤਾ ਅਧਿਆਇ 18 ਸਲੋਕ 62, ਗੀਤਾ ਅਧਿਆਇ 15 ਦੇ ਸਲੋਕ 4 ਅਤੇ ਗੀਤਾ ਅਧਿਆਇ 8 ਦੇ ਸਲੋਕ 3,8,9,10 ਅਤੇ 20,21,22 ਵਿੱਚ ਹੈ।

ਇਹ ਪਰਮ ਅਕਸ਼ਰ ਬ੍ਰਹਮ ਸੰਸਾਰ ਰੂਪੀ ਦਰੱਖਤ ਦੀ ਜੜ੍ਹ (ਮੂਲ) ਹੈ, ਇਸਦਾ ਪ੍ਰਮਾਣ ਗੀਤਾ ਅਧਿਆਇ 15 ਦੇ ਸਲੋਕ 1 ਤੋਂ 4 ਅਤੇ 17 ਵਿੱਚ ਹੈ। ਵਧੇਰੇ ਜਾਣਕਾਰੀ ਆਪ ਜੀ ਨੂੰ ਇਸੇ ਪੁਸਤਕ "ਭਗਤੀ ਤੋਂ ਭਗਵਾਨ ਤੱਕ" ਵਿਚ "ਸ੍ਰਿਸ਼ਟੀ ਰਚਨਾ" ਅਤੇ ਹੋਰ ਜਗ੍ਹਾਂ ਪੜਨ ਨੂੰ ਮਿਲੇਗੀ।

ਜਿਵੇਂ ਅੰਬ ਦਾ ਪੌਦਾ ਬੀਜਾਂਗੇ ਤਾਂ ਮੂਲ (ਜੜ੍ਹ) ਦੀ ਸਿੰਚਾਈ ਕਰਨੀ ਹੁੰਦੀ ਹੈ, ਮੂਲ ਦੀ ਸਿੰਚਾਈ ਕਰਨ ਨਾਲ ਦਰੱਖਤ ਦਾ ਤਣਾ, ਡਾਲ, ਟਾਹਣੀਆਂ ਅਤੇ ਪੱਤੇ ਫ਼ਲਦੇ ਫ਼ੁੱਲਦੇ ਹਨ। ਪੌਦਾ ਦਰੱਖਤ ਬਣ ਕੇ ਫ਼ਲ ਦਿੰਦਾ ਹੈ। ਫ਼ਲ ਦਰੱਖਤ ਦੀ ਟਹਿਣੀਆਂ ਨੂੰ ਲਗਦੇ ਹਨ।

ਸੂਕਸ਼ਮ ਵੇਦ ਵਿੱਚ ਲਿਖਿਆ ਹੈ :-

ਕਬੀਰ, ਅਕਸ਼ਰ ਪੁਰਸ਼ ਵ੍ਰਕਸ਼ ਕਾ ਤਨਾ ਹੈ, ਸ਼ਰ ਪੁਰਸ਼ ਵਾਕਿ ਡਾਰ।
ਤੀਨੋਂ ਦੇਵਾ ਸ਼ਾਖਾ ਹੈ, ਪਾਤ ਰੂਪ ਸੰਸਾਰ॥

ਸੰਸਾਰ ਰੂਪੀ ਦਰਖੱਤ ਦਾ ਮੂਲ ਭਾਵ ਮੁੱਖ, ਪਰਮਾਤਮਾ ਤਾਂ "ਪਰਮ ਅਕਸ਼ਰ ਬ੍ਰਹਮ ਹੈ" ਜੋ ਤਿੰਨਾਂ ਲੋਕਾਂ ਵਿਚ ਪ੍ਰਵੇਸ਼ ਕਰਕੇ ਸਭ ਦਾ ਧਾਰਣ ਪੋਸ਼ਣ ਕਰਦਾ ਹੈ, ਅਕਸ਼ਰ ਪੁਰਸ਼ ਉਸਦਾ ਤਨਾ ਹੈ, ਸ਼ਰ ਪੁਰਸ਼ ਮੋਟੀ ਡਾਰ (ਮੋਟਾ ਟਹਿਣਾ) ਹੈ, ਤਿੰਨੋਂ ਦੇਵਤਾ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਨੂ ਅਤੇ ਤਮਗੁਣ ਸ਼ਿਵ ਜੀ) ਸ਼ਾਖਾਵਾਂ (ਟਹਿਣੀਆਂ) ਹਨ ਅਤੇ ਪਾਤ ਰੂਪ ਸੰਸਾਰ।

ਜਿਵੇਂ ਅੰਬ ਦੇ ਪੌਦੇ ਦੇ ਮੂਲ ਦੀ ਪੂਜਾ ਕੀਤੀ, ਦਰਖੱਤ ਬਣਿਆ, ਅੰਬ ਦਾ ਫ਼ਲ ਟਾਹਣੀਆਂ ਨੂੰ ਲਗਿਆ। ਇਸੇ ਤਰ੍ਹਾਂ ਅਸੀਂ ਪੂਜਾ ਤਾਂ ਪਰਮ ਅਕਸ਼ਰ ਬ੍ਰਹਮ ਦੀ ਕਰਨੀ ਹੈ, ਪਰ ਆਦਰ ਉਪਰੋਕਤ ਸਭ ਪ੍ਰਭੂਆਂ ਦਾ ਕਰਨਾ ਹੈ। ਜਦੋਂ ਅਸੀਂ ਸੰਸਾਰ ਛੱਡ ਕੇ ਜਾਵਾਂਗੇ, ਆਪਣੇ ਮੂਲ ਮਾਲਿਕ ਦੇ ਨਾਲ ਉਹਨਾਂ ਦੇ ਸਨਾਤਨ ਪਰਮ ਧਾਮ ਵਿੱਚ ਚਲੇ ਜਾਂਵਾਗੇ। ਫਿਰ ਕਦੇ ਮੁੜ ਕੇ ਸੰਸਾਰ ਵਿੱਚ ਨਹੀਂ ਆਵਾਂਗੇ। ਇਹ ਪੂਰਨ ਮੋਕਸ਼ ਹੋਵੇਗਾ।

ਵਿਸਤ੍ਰਿਤ ਗਿਆਨ ਆਪ ਜੀ ਇਸੇ ਪਵਿੱਤਰ ਪੁਸਤਕ ਵਿੱਚ ਪੜ੍ਹੋਗੇ ਜੇਕਰ ਸੱਚੀ ਲਗਨ ਸ਼ਰਧਾ ਨਾਲ ਅਮਲ ਕਰੋਗੇ ਤਾਂ ਆਪ ਜੀ ਦੀ 101 ਪੀੜ੍ਹੀ ਪਾਰ ਹੋ ਜਾਵੇਗੀ। ਇਸ ਪੁਸਤਕ ਵਿੱਚ "ਭਗਤੀ ਤੋਂ ਭਗਵਾਨ ਤੱਕ" ਪਹੁੰਚਣ ਦਾ ਸਾਸ਼ਤਰਾਨੁਕੂਲ (ਸਾਸ਼ਤਰਾਂ ਦੇ ਅਨੁਸਾਰ) ਮਾਰਗ ਹੈ। ਪੜ੍ਹੋ ਅਤੇ ਆਪਣੇ ਅਨਮੋਲ ਜੀਵਨ ਨੂੰ ਸਫ਼ਲ ਬਣਾਉ।

ਲੇਖਕ
ਸੰਤ ਰਾਮਪਾਲ ਦਾਸ ਮਹਾਰਾਜ
ਸਤਲੋਕ ਆਸ਼ਰਮ ਬਰਵਾਲਾ
ਜਿਲ੍ਹਾ- ਹਿਸਾਰ, ਹਰਿਆਣਾ (ਭਾਰਤ)।

# "ਦੋ ਸ਼ਬਦ"

ਜੀਵ ਹਮਾਰੀ ਜਾਤਿ ਹੈ, ਮਾਨਵ ਧਰਮ ਹਮਾਰਾ।
ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ॥

ਅਧਿਆਤਮ ਗਿਆਨ ਦੀ ਘਾਟ ਨਾਲ ਵਿਸ਼ਵ ਦਾ ਮਾਨਵ ਆਪਣੇ ਮੂਲ ਉਦੇਸ਼ ਤੋਂ ਭਟਕ ਚੁੱਕਿਆ ਹੈ। ਜੇਕਰ ਅਸੀਂ ਵਿਸ਼ਵ ਤੇ ਇੱਕ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਦੇਸ਼ ਦੀ ਸੀਮਾ ਤੋਂ ਪਾਰ ਧਰਮ ਦੀ ਸੀਮਾ ਹੈ। ਜਿਵੇਂ ਭਾਰਤ ਵਿੱਚ 80% ਹਿੰਦੂ, ਨੇਪਾਲ ਵਿੱਚ 99% ਹਿੰਦੂ ਹਨ। ਮੁਸਲਮਾਨਾਂ ਦੇ 11 (ਗਿਆਰਾਂ) ਦੇਸ਼ ਮੰਨੇ ਜਾਂਦੇ ਹਨ (ਵੰਡ ਕੇ ਵੇਧੇਰੇ ਵੀ ਹੋ ਗਏ ਹੋਣਗੇ) ਜਿਹਨਾਂ ਵਿੱਚ 99% ਮੁਸਲਮਾਨ ਹਨ। ਇਸੇ ਤਰ੍ਹਾਂ **U.S.A. (United States of America)** ਅਤੇ ਹੋਰ ਕਈ ਦੇਸ਼ ਹਨ ਜੋ "ਇਸਾਈ" ਧਰਮ ਨਾਲ ਸਬੰਧ ਰੱਖਦੇ ਹਨ। ਚੀਨ ਵਿੱਚ ਪਹਿਲਾਂ ਬੁੱਧ ਧਰਮ ਨੂੰ ਮੰਨਦੇ ਸਨ। ਵਰਤਮਾਨ ਵਿੱਚ ਨਾਸਤਿਕ ਵਰਗਾ ਹੋ ਚੁੱਕਿਆ ਹੈ। ਰੂਸ ਵਿੱਚ ਵੀ ਬੁੱਧ ਧਰਮ ਦਾ ਬੋਲਬਾਲਾ ਸੀ। ਹੁਣ ਲਗਭਗ ਨਾਸਤਿਕ ਹੋ ਚੱਕਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਦੇਸ਼ ਦੀਆਂ ਸੀਮਾਵਾਂ ਤੋ ਪਾਰ ਧਰਮ ਦੀ ਛਾਇਆ ਹੈ ਜੋ ਸਾਨੂੰ ਯਾਦ ਦਿਵਾਂਉਦੀ ਹੈ ਕਿ ਅਸੀਂ ਇੱਕ ਹਾਂ ਕਿਉਂਕਿ ਜਦੋਂ ਹਰੇਕ ਮਨੁੱਖ ਵਿੱਚ ਧਾਰਮਿਕਤਾ ਪ੍ਰਵੇਸ਼ ਕਰ ਜਾਵੇਗੀ, ਤਾਂ ਅਸੀਂ ਵਿਸ਼ਵ ਦੇ ਮਨੁੱਖ ਇੱਕ ਹੋ ਜਵਾਂਗੇ। ਅਸੀਂ ਮਨੁੱਖਤਾ ਨੂੰ ਭੁੱਲ ਕੇ ਧਾਰਮਿਕਤਾ ਤੋਂ ਦੂਰ ਹੋ ਗਏ ਹਾਂ।

ਅਸੀਂ ਹਿੰਦੂ, ਮੁਸਲਿਮ, ਸਿੱਖ, ਇਸਾਈ ਅਤੇ ਹੋਰ ਧਰਮਾਂ ਨੂੰ ਮੰਨਣ ਵਾਲੇ ਹਾਂ। ਮਨੁੱਖ ਦੇ ਲਈ ਆਰੰਭ ਤੋਂ ਹੀ ਧਰਮ ਪ੍ਰਮੁੱਖ ਹੈ। ਹੁਣ ਅਸੀ ਧਰਮ ਦੇ ਸ਼ਰਧਾਲੂ (ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਸਿੱਖ ਹਾਂ, ਮੈਂ ਇਸਾਈ ਹਾਂ) ਤਾਂ ਹਾਂ ਪਰ ਧਾਰਮਿਕਤਾ ਸਿਰਫ਼ ਰਸਮੀ ਤੌਰ ਤੇ ਹੀ ਬਾਕੀ ਹੈ। ਧਾਰਮਿਕਤਾ ਦਾ ਲਗਭਗ ਵਿਨਾਸ਼ ਹੋ ਚੁੱਕਿਆ ਹੈ।

ਇੱਕ ਧਾਰਮਿਕ (ਧਰਮ ਦੇ ਅਨੁਯਾਈ) ਵਿਅਕਤੀ ਦੇ ਲਈ ਜ਼ਰੂਰੀ ਹੈ ਕਿ ਉਹ 1. ਨਸ਼ਾ ਨਾ ਕਰੇ, 2. ਮਾਸ ਅਹਾਰ ਨਾ ਕਰੇ, 3. ਭ੍ਰਿਸ਼ਟਾਚਾਰ ਨਾ ਕਰੇ, 4. ਦੁਰਾਚਾਰ-ਵਿਭਚਾਰ ਨਾ ਕਰੇ, 5. ਅਹਿੰਸਾਵਾਦੀ ਹੋਵੇ, 6. ਪਰਮਾਰਥੀ ਹੋਵੇ 7. ਦਾਨ-ਧਰਮੀ ਹੋਵੇ, 8. ਮਿੱਠ ਬੋਲਨਾ ਹੋਵੇ, 9. ਅਹੰਕਾਰ ਰਹਿਤ ਨਰਮ ਹੋਵੇ, 10. ਆਪਣੀ ਤਾਕਤ ਦਾ, ਆਪਣੇ ਸਾਰੀਰਿਕ ਬਲ ਜਾਂ ਅਹੁਦੇ ਦੇ ਬਲ ਦਾ ਦੁਰਉਪਯੋਗ ਨਾ ਕਰੇ, 11. ਦਯਾਵਾਨ ਹੋਵੇ, 12. ਹਰ ਪ੍ਰਕਾਰ ਦੇ ਪਾਪ ਤੋਂ ਬਚੇ, 13 ਰਾਗ ਦਵੇਸ਼ ਨਾ ਕਰੇ, 14. ਸ਼ਾਸਤਰ ਅਨੁਸਾਰ ਭਗਤੀ ਕਰੇ, 15. ਚੋਰੀ ਨਾ ਕਰੇ, ਡਾਕੇ ਨਾ ਮਾਰੇ। ਉਪਰੋਕਤ ਬੁਰਾਈਆਂ ਤੋਂ ਤੁਸੀਂ ਬਚੇ ਹੋਏ ਹੋ ਅਤੇ ਸ਼ਾਸਤਰ ਅਨੁਸਾਰ ਭਗਤੀ ਕਰ ਰਹੇ ਹੋ ਤਾਂ ਤੁਸੀਂ ਧਾਰਮਿਕ ਹੋ, ਨਹੀਂ ਤਾਂ ਤੁਸੀਂ ਮਨੁੱਖ ਦਾ ਵਿਗੜਿਆ ਰੂਪ ਹੋ। ਉਪਰੋਕਤ ਗੁਣ ਵਰਤਮਾਨ ਵਿੱਚ ਕਿਸੇ ਵੀ ਧਰਮ ਦੇ ਵਿਅਕਤੀਆਂ ਵਿੱਚ ਨਹੀਂ ਦਿਖਾਈ ਦਿੰਦੇ। ਉਪਰੋਕਤ ਗੁਣਾਂ ਦੀ ਘਾਟ ਨਾਲ ਅਸੀਂ ਮਨੁੱਖਤਾ ਤੋਂ ਡਿੱਗ ਚੁੱਕੇ ਹਾਂ। ਜਦੋਂ ਤੱਕ ਇੱਹ ਗੁਣ ਮਨੁੱਖ ਗ੍ਰਹਿਣ ਨਹੀਂ ਕਰੇਗਾ, ਉਦੋਂ ਤੱਕ ਵਿਸ਼ਵ ਦਾ ਮਨੁੱਖ ਆਪਣੇ ਮੂਲ ਉਦੇਸ਼ ਤੋਂ ਭਟਕਿਆ ਰਹੇਗਾ ਅਤੇ ਆਪਣੇ ਅਨਮੋਲ ਮਨੁੱਖ ਜੀਵਨ ਨੂੰ ਵਿਅਰਥ ਕਰਕੇ ਸੰਸਾਰ ਛੱਡ ਕੇ ਚਲਾ ਜਾਵੇਗਾ। ਫਿਰ ਅਨੇਕ ਜਨਮਾਂ ਤੱਕ ਪਸ਼ੂ-ਪੰਛੀਆਂ, ਕੀਟ-ਪਤੰਗ ਆਦਿ ਆਦਿ ਦੇ ਜੀਵਨ ਵਿੱਚ ਕਸ਼ਟ ਉਠਾਵੇਗਾ। ਇਸ ਮਹਾਨ ਕਸ਼ਟ ਤੋਂ ਬਚਣ ਲਈ ਆਪ ਜੀ ਆਪਣੇ ਮੂਲ ਉਦੇਸ਼ ਨੂੰ ਜਾਣੋ।

ਪ੍ਰਸ਼ਨ:- ਮਾਨਵ ਜੀਵਨ ਦਾ ਉਦੇਸ਼ ਕੀ ਹੈ ?

ਉੱਤਰ:- ਜਿਵੇਂ ਆਪ ਜੀ ਨੇ ਉਪਰ ਪੜ੍ਹਿਆ ਕਿ ਸਭ ਤੋਂ ਪਹਿਲਾਂ ਅਸੀਂ ਧਰਮ ਦੇ ਸ਼ਰਧਾਲੂ ਹਾਂ। ਉਪਰੋਕਤ ਗੁਣਾਂ ਨੂੰ ਗ੍ਰਹਿਣ ਕਰਨ ਨਾਲ ਅਸੀਂ ਧਾਰਮਿਕ ਬਣਾਂਗੇ। ਧਾਰਮਿਕ ਬਣ ਕੇ ਅਸੀਂ ਭਵਿੱਖ ਵਿੱਚ ਹੋਣ ਵਾਲੇ ਮਹਾਨ ਕਸ਼ਟ ਤੋ ਬਚਾਂਗੇ।

ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਮਨੁੱਖ ਜੀਵਨ ਦਾ ਮੂਲ ਉਦੇਸ਼ ਭਗਤੀ ਕਰਕੇ ਭਗਵਾਨ ਦੇ ਕੋਲ਼ ਜਾਣਾ ਹੈ। ਮਾਨਵ ਜੀਵਨ ਦਾ ਉਦੇਸ਼ "ਭਗਤੀ ਤੋ ਭਗਵਾਨ ਤੱਕ" ਹੈ।

ਅਸੀਂ ਤਿੰਨ ਯੁੱਗ (ਸਤਿਯੁੱਗ = 17 ਲੱਖ 20 ਹਜ਼ਾਰ ਸਾਲ, ਤ੍ਰੇਤਾਯੁੱਗ = 12 ਲੱਖ 96 ਹਜ਼ਾਰ ਸਾਲ ਅਤੇ ਦੁਆਪਰ = 8 ਲੱਖ 64 ਹਜ਼ਾਰ ਸਾਲ) ਪਾਰ ਕਰਕੇ ਚੌਥੇ ਯੁੱਗ ਭਾਵ ਕਲਿਯੁੱਗ ਵਿੱਚ ਜੀ ਰਹੇ ਹਾਂ। ਸੰਨ 2013 ਨੂੰ ਕਲਿਯੁੱਗ 5521 ਸਾਲ ਬੀਤ ਚੁੱਕਿਆ ਹੈ। (ਸੰਨ 1997 ਵਿੱਚ ਕਲਿਯੁੱਗ 5505 ਸਾਲ ਬੀਤ ਚੁੱਕਿਆ ਸੀ। ਇਸ ਲਈ 2013 ਨੂੰ 5521 ਸਾਲ ਦਾ ਕਲਿਯੁੱਗ ਹੋ ਚੁੱਕਿਆ ਹੈ।) ਵਰਤਮਾਨ ਤੋਂ 50 ਸਾਲ ਪਹਿਲਾਂ ਦੇ ਮਾਨਵ ਵਿੱਚ ਮਾਨਵਤਾ ਦਾ ਅਵਲੋਕਨ ਕਰਨ ਨਾਲ ਗਿਆਨ ਹੁੰਦਾ ਹੈ ਕਿ ਭਾਰਤ ਵਰਸ਼ ਵਿੱਚ ਕਿੰਨੀ ਸ਼ਾਂਤੀ ਸੀ। ਭਾਰਤ ਦਾ ਮਾਨਵ ਮਾਨਵਤਾ ਦੇ ਉਪਰੋਕਤ ਵਰਣਿਤ ਗੁਣਾਂ ਨਾਲ ਭਰਪੂਰ ਸੀ। ਭਾਵੇ ਕਿ ਅਨਪੜ੍ਹ ਸੀ, ਪ੍ਰੰਤੂ ਇਨਸਾਨੀਅਤ ਦੂਰ ਤੋਂ ਝਲਕਦੀ ਸੀ। ਸੰਨ 1970 ਤੋਂ ਬਾਅਦ ਮਾਨਵਤਾ ਵਿੱਚ ਇੰਨੀ ਤੇਜ਼ੀ ਨਾਲ ਗਿਰਾਵਟ ਆਈ ਕਿ ਸਮਝ ਤੋਂ ਬਾਹਰ ਦੀ ਗੱਲ ਲੱਗਣ ਲੱਗੀ ਹੈ। ਜਿੰਨੀ ਸਿੱਖਿਆ ਵਧੀ ਹੈ ਉਨੀ ਹੀ ਇਨਸਾਨੀਅਤ ਘਟੀ ਹੈ। ਜਿੰਨੀ ਵਿਗਿਆਨ ਨੇ ਤਰੱਕੀ ਕੀਤੀ ਹੈ, ਉਨੀ ਹੀ ਨਾਸਤਿਕਤਾ ਨੇ ਤਰੱਕੀ ਕੀਤੀ ਹੈ। ਵਿਗਿਆਨ ਨੂੰ ਪ੍ਰਮਾਤਮਾ ਦਾ ਸਮਾਨਅਰਥੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਗਿਆਨ ਦੀਆਂ ਖੋਖਲੀਆਂ ਖੋਜਾਂ ਨਾਲ ਪਰਮਾਤਮਾ ਦੀ ਸੱਤਾ ਨੂੰ ਖਤਮ ਕਰਨ ਦੀ ਵਿਅਰਥ ਕੋਸ਼ਿਸ ਕੀਤੀ ਜਾ ਰਹੀ ਹੈ। ਵਿਸ਼ਵ ਦਾ ਮਾਨਵ ਉੱਚ ਸਿੱਖਿਆ ਪ੍ਰਾਪਤ ਕਰਕੇ ਆਪਣੇ ਮੂਲ ਉਦੇਸ਼ ਨੂੰ ਛੱਡ ਕੇ ਸੰਸਾਰ ਦੀ ਨਾਸ਼ਵਾਨ ਸ਼ਾਨੋ ਸ਼ੋਕਤ ਨੂੰ ਪ੍ਰਾਪਤ ਕਰਨ ਵਿੱਚ ਬੇ-ਸਬਰਾ ਹੋ ਕੇ ਲੱਗਿਆ ਹੋਇਆ ਹੈ। ਉੱਚ ਸਰਕਾਰੀ ਪਦ ਜਾਂ ਕੰਪਨੀ ਵਿੱਚ ਉੱਚ ਪਦ ਪ੍ਰਾਪਤ ਕਰਨਾ ਅਤੇ ਵੱਡੀ ਕੋਠੀ, ਵੱਡੀ ਕਾਰ ਖਰੀਦਣਾ, ਵਪਾਰ ਵਿੱਚ ਅਣਗਿਣਤ ਧਨ ਇੱਕਠਾ ਕਰਨਾ ਫਿਰ ਵਿਆਹ ਸ਼ਾਦੀਆਂ ਵਿੱਚ ਊਲ-ਜਲੂਲ ਖਰਚ ਕਰਕੇ ਫੋਕਟ ਦੀ ਮਹਿਮਾ ਬਣਾਉਣਾ ਇੱਕ ਪਰੰਪਰਾ ਜਿਹੀ ਬਣ ਗਈ ਹੈ, ਪਰੰਤੂ ਇਨਸਾਨੀਅਤ ਅਤੇ ਸ਼ਾਂਤੀ ਦਾ ਲਗਭਗ ਨਾਸ਼ ਹੋ ਚੁੱਕਾ ਹੈ।

ਲੇਖਕ (ਸੰਤ ਰਾਮਪਾਲ ਦਾਸ) ਇੱਕ ਵਾਰ ਸਤਿਸੰਗ ਕਰਨ ਲਈ "ਗੋਆ" ਰਾਜ ਵਿੱਚ ਗਏ। ਸਤਿਸੰਗ ਵਾਲੀ ਜਗ੍ਹਾ ਸਮੁੰਦਰ ਤੋਂ ਲਗਭਗ ਅੱਧਾ ਕਿਲੋਮੀਟਰ ਦੀ ਦੂਰੀ ਤੇ ਸੀ। ਸਮੁੰਦਰੀ ਤੱਟ ਨੂੰ ਦੇਖਣ ਦੇ ਲਈ ਅਤੇ ਸੈਰ ਕਰਨ ਦੇ ਉਦੇਸ਼ ਨਾਲ ਸਮੁੰਦਰੀ ਤੱਟ ਤੇ ਗਏ ਤਾਂ ਉੱਥੇ ਸਮੁੰਦਰ ਦੇ ਕੰਢੇ-ਕੰਢੇ ਵਿਦੇਸ਼ੀ ਸੈਲਾਨੀ ਪੁਰਸ਼ ਕੇਵਲ ਕੱਛੇ ਵਿੱਚ ਅਤੇ ਇਸਤਰੀ ਕੱਛੇ (**Underwear**) ਵਿੱਚ ਅਤੇ ਛਾਤੀ (**Breast**) ਉੱਤੇ ਅੰਗਵਸਤਰ, ਜੋ ਕੀ ਮੁਸ਼ਕਿਲ ਨਾਲ ਸਤਨਾਂ (**Breast**) ਨੂੰ ਢੱਕ ਰਹੀ ਸੀ। ਉਹ ਰੇਤ ਤੇ ਲਿਟੇ ਹੋਏ ਸਨ। ਲੋਕਾ ਨੇ ਦੱਸਿਆ ਕਿ ਉਹ ਬਾਹਰ ਦੇ ਦੇਸ਼ਾਂ ਦੇ ਬਹੁਤ ਅਮੀਰ ਵਿਅਕਤੀ ਹਨ ਐਸ਼ ਆਰਾਮ ਦੀਆਂ ਸਭ ਸਹੂਲਤਾਂ ਪ੍ਰਾਪਤ ਹਨ। ਟੀ.ਵੀ, ਏ.ਸੀ, ਮੋਬਾਇਲ, ਦੋ-ਦੋ ਗੱਡੀਆਂ, ਧਨ ਦੀ ਕਮੀ ਨਹੀਂ ਹੈ। ਵੱਡੀਆਂ ਵੱਡੀਆਂ ਕੋਠੀਆਂ ਹਨ। ਜੋ ਕਿ 8-8 ਮੰਜਿਲਾਂ ਦੀਆਂ ਹਨ। ਇਹ ਕਹਿੰਦੇ ਹਨ ਕਿ ਸਾਨੂੰ ਇਸ ਸਥਿਤੀ ਵਿੱਚ (ਰੇਤ ਵਿੱਚ ਨਗਨ ਹੋ ਕੇ) ਆਨੰਦ ਆਉਂਦਾ ਹੈ, ਸ਼ਾਂਤੀ ਮਿਲਦੀ ਹੈ। ਉਸ ਐਸ਼ ਆਰਾਮ ਦੇ ਜੀਵਨ ਨਾਲ ਅਸੀਂ ਅੱਕ ਚੁੱਕੇ ਹਾਂ।

ਪਾਠਕਾਂ ਨੂੰ ਬੇਨਤੀ ਹੈ ਕਿ ਕ੍ਰਿਪਾ ਕਰਕੇ ਵਿਚਾਰ ਕਰੋ:- ਆਪਣੇ ਭਾਰਤ ਵਰਸ਼ ਵਿੱਚ ਉਹ ਧਨ ਦੇ ਪੁਜਾਰੀ ਸ਼ਾਂਤੀ ਪ੍ਰਾਪਤ ਕਰ ਰਹੇ ਹਨ ਤਾਂ ਉਹਨਾਂ ਕੋਠੀ ਬੰਗਲੇ ਅਤੇ ਹੋਰ ਸਾਧਨਾਂ ਨੂੰ

ਸਿਰ ਵਿੱਚ ਮਾਰਨਗੇ ਜਿਨ੍ਹਾਂ ਨੂੰ ਬਣਾਉਣ ਵਿੱਚ ਜੀਵਨ ਦਾ ਸਾਰਾ ਸਮਾਂ ਲਗਾਇਆ। ਕੋਠੀ-ਕਾਰ ਆਦਿ-ਆਦਿ ਭੌਤਿਕ ਸੁਵਿਧਾਵਾ ਸੁਖੀ ਜੀਵਨ ਜਿਉਣ ਦੇ ਲਈ ਪ੍ਰਾਪਤ ਕਰਦੇ ਹਨ। ਉਹਨਾਂ ਵਿੱਚ ਉਹ ਸੁੱਖ ਸ਼ਾਂਤੀ ਹੈ ਹੀ ਨਹੀ ਤਾਂ ਉਹ ਕਿਸ ਲਈ ਬਣਾਈਆਂ ਜਾਂ ਖਰੀਦੀਆਂ? ਉੱਤਰ ਸਪੱਸ਼ਟ ਹੈ ਕਿ ਅਸ਼ਾਂਤੀ ਦੇ ਲਈ। ਅਸ਼ਾਂਤੀ ਦਾ ਸਿੱਧਾ ਅਰਥ ਹੈ ਦੁੱਖੀ ਅਤੇ ਬੇਚੈਨ ਰਹਿਣ ਦੇ ਲਈ। ਸ਼ਾਂਤੀ ਕਿੱਥੇ ਮਿਲੀ? ਕੋਠੀ ਬੰਗਲਿਆਂ ਨੂੰ ਛੱਡ ਕੇ ਜਲ ਕਿਨਾਰੇ ਰੇਤ (**Sand**) ਵਿੱਚ, ਦੱਰਖਤਾਂ ਦੇ ਥੱਲੇ, ਭਾਰਤ ਵਰਸ਼ ਦੀ ਪ੍ਰਾਚੀਨ ਸੱਭਿਅਤਾ ਦਾ ਅਵਲੋਕਨ ਕਰਨ ਤੋਂ ਪਤਾ ਲੱਗਦਾ ਹੈ ਕਿ ਸਾਡੇ ਦੇਸ਼ ਦੇ ਨਾਗਰਿਕ, ਨਦੀ ਜਾਂ ਤਾਲਾਬ ਦੇ ਕਿਨਾਰੇ ਦਰਖੱਤਾਂ ਦੇ ਥੱਲੇ ਝੌਂਪੜੀ ਬਣਾ ਕੇ ਸ਼ਾਂਤੀ ਨਾਲ ਰਹਿੰਦੇ ਸਨ। ਇਸਦੇ ਨਾਲ ਨਾਲ ਪ੍ਰਮਾਤਮਾ ਦੀ ਭਗਤੀ ਵੀ ਕਰਦੇ ਸਨ। ਫਲਦਾਰ ਦਰੱਖਤ ਹਰੇਕ ਮੌਸਮ ਵਿੱਚ ਫ਼ਲਾਂ ਨਾਲ ਭਰਪੂਰ ਰਹਿੰਦੇ ਸਨ। ਝਾੜ-ਬੋਜੇ ਵੀ ਫਲਾਂ ਨਾਲ ਭਰਪੂਰ ਰਹਿੰਦੇ ਸਨ। ਛੋਟੇ-ਛੋਟੇ ਪੌਦੇ ਜੋ ਜੜ੍ਹੀ-ਬੂਟੀਆਂ ਹੁੰਦੇ ਸਨ, ਓਹ ਵੀ ਫੁਲ ਫੁਲਾਂ ਨਾਲ ਭਰਪੂਰ ਹੁੰਦੇ ਸਨ। ਸਾਰੇ ਮਾਨਵ ਅਨਾਜ ਘੱਟ ਖਾਂਦੇ ਸਨ, ਜੰਗਲ ਦੀਆਂ ਜੜੀਆਂ ਬੂਟੀਆਂ, ਹਰੀਆਂ ਸਬਜੀਆਂ ਅਤੇ ਫਲ ਜਿਆਦਾ ਖਾਂਦੇ ਸਨ। ਕਿਉਂਕਿ ਇਹ ਕਾਫੀ ਮਾਤਰਾ ਵਿੱਚ ਹੁੰਦੇ ਸਨ। ਸਿਰਫ ਰਾਜਾ ਲੋਗ ਅਤੇ ਧਨੀ ਵਿਅਕਤੀ ਹੀ ਸ਼ਹਿਰ ਬਣਾ ਕੇ ਪੱਕੇ ਘਰਾਂ ਵਿੱਚ ਰਹਿੰਦੇ ਸਨ, ਜੋ ਕਿ ਪੱਥਰਾਂ ਨਾਲ ਬਣੇ ਹੁੰਦੇ ਸਨ। ਉਹ ਸਦਾ ਦੁੱਖੀ ਹੀ ਰਹਿੰਦੇ ਸਨ। ਪ੍ਰੰਤੂ ਕੁਝ ਸਮੇ ਬਾਅਦ ਮਨੁੱਖ ਵਿੱਚ ਸ਼ਾਸਤਰ ਵਿਰੁੱਧ ਭਗਤੀ ਦਾ ਪ੍ਰਚਲਨ ਹੋਇਆ ਹੈ, ਜਿਸ ਕਰਕੇ ਪ੍ਰਮਾਤਮਾ ਤੋਂ ਮਿਲਣ ਵਾਲ਼ਾ ਲਾਭ ਬੰਦ ਹੋ ਗਿਆ ਅਤੇ ਮਨੁੱਖ ਸ਼ਹਿਰੀ ਲੋਕਾਂ ਦੇ ਰਹਿਣ ਸਹਿਣ ਤੋਂ ਪ੍ਰਭਾਵਿਤ ਹੋ ਕੇ ਸਾਧਾਰਣ ਤਰੀਕੇ ਨਾਲ ਧਨ ਪ੍ਰਾਪਤੀ ਨਾ ਕਰਕੇ, ਪਾਪ ਕਰਮ ਕਰਕੇ ਧਨ ਇਕੱਠਾ ਕਰਨ ਲੱਗਿਆ, ਸਮੇਂ ਅਨੁਸਾਰ ਇਹਨਾਂ ਦੀ ਗਿਣਤੀ ਵੱਧਦੀ ਚਲੇ ਗਈ ਅਤੇ ਮਨੁੱਖ ਵਿੱਚ ਅਸ਼ਾਂਤੀ ਵੀ ਵੱਧਦੀ ਚਲੇ ਗਈ। ਬਾਹਰੀ ਦਿਖਾਵਾ ਕਰਨਾ, ਸੁਭਾਅ ਅਤੇ ਪਰੰਮਪਰਾ ਵਿੱਚ ਬਦਲ ਗਿਆ ਜਿਸਦਾ ਨਤੀਜਾ ਸਾਹਮਣੇ ਹੈ।

ਪ੍ਰਸ਼ਨ:- ਹੁਣ ਮਾਨਵਤਾ ਦਾ ਉਥਾਨ ਕਿਵੇਂ ਸੰਭਵ ਹੋਵੇਗਾ?

ਉੱਤਰ:- ਤੱਤਵਗਿਆਨ ਦਾ ਪ੍ਰਚਾਰ ਜੋਰ-ਸ਼ੋਰ ਨਾਲ ਹੋਣਾ ਚਾਹਿਦਾ ਹੈ। ਉਹ ਤੱਤਵਗਿਆਨ ਮੇਰੇ ਕੋਲ (ਸੰਤ ਰਾਮਪਾਲ ਦਾਸ ਦੇ ਕੋਲ) ਹੈ। ਜੋ ਨਿਮਨਲਿਖਿਤ **website** ਉੱਤੇ ਉਪਲੱਬਧ ਹੈ। ਉਹ ਤੁਸੀ ਪੁਸਤਕਾਂ ਅਤੇ ਸਤਸੰਗ ਵਚਨਾਂ ਦੀ **D.V.D** ਅਤੇ **C.D** ਦੇ ਰੂਪ ਵਿੱਚ ਆਪ ਜੀ ਸੁਣ ਸਕਦੇ ਹੋ ਜੋ **WEBSITE** ਤੋਂ ਤੁਸੀਂ **DOWNLOAD** ਵੀ ਕਰ ਸਕਦੇ ਹੋ। **Web Site** ਹੈ = **www.jagatgururampalji.org**

ਸਭ ਤੋਂ ਪਹਿਲਾਂ ਆਪ ਜੀ ਸੁਣੋ ਜਾ ਪੜ੍ਹੋ "ਸ਼੍ਰਿਸ਼ਟੀ ਰਚਨਾ" ਭਾਵ ਸੰਸਾਰ ਦੀ ਰਚਨਾ ਜੋ ਅਧਿਆਤਮ ਦੀ ਕੁੰਜੀ (**Key**) ਹੈ, ਉਸਦੇ ਬਾਅਦ ਸੁਣੋ ਅਤੇ ਦੇਖੋ "ਅਧਿਆਤਮਿਕ ਗਿਆਨ ਸ਼ਰਚਾ" ਜੋ ਭਿੰਨ-ਭਿੰਨ ਸੰਤਾਂ ਅਤੇ ਮੇਰੇ ਵਿਚਾਰਾਂ ਨੂੰ ਦਿਖਾਇਆ ਸੁਣਾਇਆ ਗਿਆ ਹੈ। ਫਿਰ ਸਤਸੰਗਾਂ ਦੀ **D.V.D.** ਦੇਖੋ ਜੋ ਉਸੇ **WEBSITE** ਉੱਤੇ ਹੈ। ਫਿਰ ਦੇਖਿਓ ਦੋ ਸਾਲ ਵਿੱਚ ਭਾਰਤ ਵਰਸ਼ ਵਿੱਚ ਕਿਵੇਂ ਸ਼ਾਂਤੀ ਅਤੇ ਆਪਸੀ ਭਾਈਚਾਰਾ ਹੁੰਦਾ ਹੈ, ਵਿਸ਼ਵ ਦੇਖੇਗਾ।

ਧਨ ਇੱਕਠਾ ਕਰਕੇ ਆਪਣੇ ਕਰਮ ਖਰਾਬ ਕਰਨ ਵਾਲਿਆ ਉੱਤੇ ਜਾਦੂ ਵਰਗਾ ਪ੍ਰਭਾਵ ਪਵੇਗਾ। ਸਾਰੀਆਂ ਬੁਰਾਈਆਂ ਖਤਮ ਹੋ ਜਾਣਗੀਆਂ। ਸਾਰੇ ਭਾਰਤ ਵਾਸੀ ਸ਼ਾਸਤਰਵਿਧੀ ਅਨੁਸਾਰ ਭਗਤੀ ਦੀ ਸਾਧਨਾ ਕਰਕੇ ਇੱਥੇ ਵੀ ਸੁਖੀ ਹੋ ਜਾਣਗੇ ਅਤੇ ਪੂਰਣ ਮੋਕਸ਼ ਵੀ ਪ੍ਰਾਪਤ ਕਰਨਗੇ। ਇਸ ਤੋਂ ਬਾਅਦ ਪੂਰਾ ਵਿਸ਼ਵ ਭਾਰਤ ਦਾ ਅਨੁਸਰਣ ਕਰੇਗਾ, ਵਿਸ਼ਵ ਵਿੱਚ ਸ਼ਾਂਤੀ ਹੋਵੇਗੀ। ਭਾਰਤ ਧਾਰਮਿਕ ਜਗਤਗੁਰੂ ਰੂਪ ਵਿੱਚ ਜਾਣਿਆ ਜਾਵੇਗਾ।

ਪ੍ਰਸ਼ਨ:- ਤੁਸੀਂ ਏਨਾਂ ਪਰਮਾਰਥੀ ਕੰਮ ਨਿਸਵਾਰਥ ਕਰ ਰਹੇ ਹੋ, ਫਿਰ ਵੀ ਤੁਹਾਡਾ ਘੋਰ ਵਿਰੋਧ ਹੋ ਰਿਹਾ ਹੈ, ਤੁਹਾਨੂੰ ਜੇਲ ਵੀ ਜਾਣਾ ਪਿਆ, ਕਿਉਂ ਨਾ ਤੁਸੀਂ ਆਪਣਾ ਪ੍ਰਚਾਰ ਵਿਦੇਸ਼ਾਂ ਵਿੱਚ ਕਰੋ, ਉੱਥੇ ਦੇ ਲੋਕੀ ਜਲਦੀ ਅਨੁਯਾਈ ਬਣ ਜਾਂਦੇ ਹਨ ਜਿਵੇਂ ਇੱਕ ਹਿੰਦੋਸਤਾਨੀ ਸੰਤ ਨੇ ਵਿਦੇਸ਼ਾਂ ਵਿੱਚ ਆਪਣਾ ਪ੍ਰਚਾਰ ਕਰਕੇ ਲਗਭਗ ਸੌ ਦੇਸ਼ਾਂ ਵਿੱਚ ਫੈਲਾ ਦਿੱਤਾ ਹੈ।

ਉੱਤਰ:- ਉਸ ਸੰਤ ਦਾ ਗਿਆਨ ਅਜਿਹਾ ਹੈ ਜਿਸ ਨਾਲ ਕਿਸੇ ਨੂੰ ਕੋਈ ਲਾਭ ਹੋਣ ਵਾਲਾ ਨਹੀਂ ਹੈ, ਸ਼ਾਸਤਰ ਪ੍ਰਮਾਣਿਤ ਨਹੀਂ ਹੈ। ਜਿਵੇਂ ਕਾਬੁਲੀ ਕਿੱਕਰ (ਬਬੂਲ) ਨੂੰ ਵਿਸ਼ੇਸ਼ ਜਲਵਾਯੂ ਅਤੇ ਉਪਜਾਊ ਜਮੀਨ ਦੀ ਜਰੂਰਤ ਨਹੀਂ ਹੁੰਦੀ। ਉਸਨੂੰ ਕਿਤੇ ਬੀਜ ਦਿਉ, ਆਪਣੇ ਆਪ ਫਲ ਫੁੱਲ ਜਾਂਦੀ ਹੈ। ਇਸੇ ਤਰ੍ਹਾਂ ਹੋਰ ਵਿਅਰਥ ਦੇ ਝਾੜ-ਬੋਜੜੇ ਵੀ ਆਪਣੇ ਆਪ ਹੀ ਉੱਗ ਜਾਂਦੇ ਹਨ। ਪ੍ਰੰਤੂ ਕਣਕ ਦੀ ਫਸਲ ਅਤੇ ਫਲਦਾਰ ਰੁੱਖ (ਅੰਬ ਆਦਿ-ਆਦਿ) ਨੂੰ ਵਿਸ਼ੇਸ਼ ਜਲਵਾਯੂ ਅਤੇ ਉਪਜਾਉ ਭੂਮੀ ਦੀ ਜ਼ਰੂਰਤ ਹੁੰਦੀ ਹੈ।

ਭਾਰਤ ਵਰਸ਼ ਦੀ ਜਨਤਾ ਪਰਮਾਰਥੀ ਹੈ, ਉਹ ਸਵਾਰਥ ਦਾ ਪਰਿਤਿਆਗ ਅਸਾਨੀ ਨਾਲ ਕਰ ਸਕਦੀ ਹੈ। ਪਰਮਾਰਥ ਵਿੱਚ ਤਨ-ਮਨ-ਧਨ ਜਲਦੀ ਸਮਰਪਿਤ ਕਰ ਦਿੰਦੇ ਹੈ। ਭਾਰਤ ਵਰਸ਼ ਵਿੱਚ ਧਰਮ ਅਤੇ ਸ਼ੁਭ ਕਰਮ ਕਰਨ ਦੀ ਹਰੇਕ ਵਿਅਕਤੀ, ਬੱਚੇ, ਬੁੱਢੇ, ਮਾਤਾ ਅਤੇ ਬੇਟੀ-ਭੈਣ ਦੀ ਪ੍ਰਬਲ ਇੱਛਾ ਹੈ। ਪ੍ਰੰਤੂ ਤੱਤਵ ਗਿਆਨ ਨਾ ਹੋਣ ਕਾਰਨ ਉਹ ਸੁਬਾਅ ਖਤਮ ਵਰਗਾ ਹੋ ਚੁੱਕਾ ਹੈ। ਤੱਤਵਗਿਆਨ ਰਾਂਹੀ ਇਸਨੂੰ ਫਿਰ ਤੋਂ ਕਿਰਿਆਸ਼ੀਲ ਕਰਨਾ ਬਹੁਤ ਅਸਾਨ ਹੈ। ਉਦਾਹਰਣ ਲਈ ਪਹਿਲਾਂ ਮੇਰੇ ਅਨੁਯਾਈਆਂ ਨੂੰ ਦੇਖ ਲਉ, ਇਹਨਾਂ ਦਾ ਸੁਭਾਅ ਕਿਹੋ ਜਿਹਾ ਸੀ? ਕਿੰਨੀਆਂ ਬੁਰਾਈਆਂ ਸਨ, ਵਰਤਮਾਨ ਵਿੱਚ ਇਨ੍ਹਾਂ ਵਿੱਚ ਕਿੰਨਾਂ ਪਰਿਵਰਤਨ ਆਇਆ ਹੈ। ਹਿੰਦੁਸਤਾਨ ਤੋਂ ਸ਼ੁਰੂ ਹੋ ਕੇ ਇਹ ਤੱਤਵ ਗਿਆਨ ਵਿਸ਼ਵ ਵਿੱਚ ਸਰਲਤਾ ਨਾਲ ਫੈਲ ਸਕਦਾ ਹੈ, ਇਸ ਲਈ ਭਾਰਤ ਵਰਸ਼ ਤੋਂ ਸ਼ੁਰੂ ਕੀਤਾ ਗਿਆ ਹੈ, ਭਾਰਤ ਵਰਸ਼ ਦੇ ਨਾਗਰਿਕਾਂ ਦਾ ਖੇਤਰ (ਸਰੀਰ) ਭਗਤੀ ਰੂਪੀ ਅੰਬ ਨੂੰ ਉਗਾਓਣ ਦੇ ਅਨੁਕੂਲ ਸਥਾਨ ਹੈ, ਥੋੜ੍ਹੇ ਹੀ ਪ੍ਰਯਤਨ ਨਾਲ ਖੇਤ (ਖੇਤਰ) ਸਾਫ ਹੁੰਦਾ ਹੈ, ਜਲਦੀ ਭਗਤੀ ਪ੍ਰਵੇਸ਼ ਹੋ ਜਾਂਦੀ ਹੈ।

ਪ੍ਰਸ਼ਨ- ਭਗਤੀ ਕਰਨਾ ਕਿਉਂ ਜਰੂਰੀ ਹੈ?

ਉੱਤਰ- ਪਹਿਲਾਂ ਤਾਂ ਸਦਗ੍ਰੰਥਾਂ ਤੋਂ ਹੀ ਪ੍ਰਮਾਣਿਤ ਕਰਦਾ ਹਾਂ ਕਿ ਭਗਤੀ ਕਰਨੀ ਚਾਹੀਦੀ ਹੈ। ਸ਼੍ਰੀਮਦ ਭਗਵਤ ਗੀਤਾ ਅਧਿਆਇ 18 ਸ਼ਲੋਕ 65, ਗੀਤਾ ਅਧਿਆਇ 9 ਸ਼ਲੋਕ 33 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਹੇ ਅਰਜੁਨ! ਮੇਰੇ ਵਿੱਚ ਮਨ ਵਾਲਾ ਹੋ, ਮੇਰਾ ਭਗਤ ਬਣ, ਮੇਰਾ ਪੂਜਨ ਕਰਨ ਵਾਲਾ ਹੋ, ਮੈਨੂੰ ਪ੍ਰਣਾਮ ਕਰ, ਅਜਿਹਾ ਕਰਨ ਨਾਲ ਮੈਨੂੰ ਹੀ ਪ੍ਰਾਪਤ ਹੋਵੇਗਾ। ਮੈਂ ਤੇਰੇ ਨਾਲ ਸਤ ਪ੍ਰਤਿਗਿਆ ਕਰਦਾ ਹਾਂ, ਕਿਉਂਕਿ ਤੂੰ ਮੇਰਾ ਅਤਿਅੰਤ ਪ੍ਰਿਅ ਹੈ। (ਗੀਤਾ ਅਧਿਆਇ 18 ਸ਼ਲੋਕ 65) ਸ਼੍ਰੀਮਦ ਭਗਵਤ ਗੀਤਾ ਦੇ ਇਸ ਇੱਕ ਸ਼ਲੋਕ ਨੇ ਤੁਹਾਡੇ ਪ੍ਰਸ਼ਨ ਦਾ ਉੱਤਰ ਦਿੱਤਾ ਹੋਇਆ ਹੈ। ਭਗਤੀ ਇਸ ਲਈ ਕਰਨਾ ਜਰੂਰੀ ਹੈ ਕਿਉਂਕਿ ਪਵਿੱਤਰ ਸਦਗ੍ਰੰਥਾਂ ਵਿੱਚ ਸਾਨੂੰ ਭਗਤੀ ਕਰਨ ਦਾ ਪ੍ਰਭੂ ਦਾ ਆਦੇਸ਼ ਹੈ। ਗੀਤਾ ਅਧਿਆਇ 8 ਸ਼ਲੋਕ 5,7 ਵਿੱਚ ਕਿਹਾ ਹੈ ਕਿ ਸਾਧਕ ਅੰਤ ਕਾਲ ਵਿੱਚ ਵੀ ਮੈਨੂੰ ਸਿਮਰਨ ਕਰਦਾ ਹੋਇਆ ਸਰੀਰ ਤਿਆਗ ਕੇ ਜਾਂਦਾ ਹੈ, ਉਹ ਮੇਰੇ ਭਾਵ ਵਿੱਚ ਭਾਵਿਤ ਰਹਿੰਦਾ ਹੈ, ਇਸ ਵਿੱਚ ਕੋਈ ਸੰਦੇਹ ਨਹੀਂ ਹੈ (ਗੀਤਾ ਅਧਿਆਇ 8 ਸ਼ਲੋਕ 5)

❖ ਇਸ ਲਈ ਹੇ ਅਰਜੁਨ! ਤੂੰ ਸਭ ਸਮੇਂ ਵਿੱਚ ਮੇਰਾ ਸਿਮਰਨ ਕਰ ਅਤੇ ਯੁੱਧ ਵੀ ਕਰ । ਇਸ ਮੇਰੇ ਵਿੱਚ ਅਰਪਣ ਕੀਤੇ ਹੋਏ ਮਨ-ਬੁੱਧੀ ਨਾਲ ਯੁਕਤ ਹੋ ਕੇ ਨਿਸੰਦੇਹ ਮੈਨੂੰ ਹੀ ਪ੍ਰਾਪਤ ਹੋਵੇਂਗਾ। (ਗੀਤਾ ਅਧਿਆਇ 8 ਸ਼ਲੋਕ 7) ਅਧਿਆਇ 9 ਸ਼ਲੋਕ 33 ਵਿੱਚ ਵੀ ਇਹੀ ਪ੍ਰਮਾਣ ਹੈ।

ਇਹਨਾਂ ਗੀਤਾ ਅਧਿਆਇ 8 ਦੇ ਦੋ ਸ਼ਲੋਕਾਂ (ਗੀਤਾ ਅਧਿਆਇ 8 ਸ਼ਲੋਕ 5 ਅਤੇ 7) ਵਿੱਚ ਤਾਂ ਗੀਤਾ ਗਿਆਨ ਦਾਤਾ ਨੇ ਆਪਣੀ ਭਗਤੀ ਕਰਨ ਲਈ ਕਿਹਾ ਹੈ ਅਤੇ ਗੀਤਾ ਅਧਿਆਇ 8 ਦੇ ਹੀ ਸ਼ਲੋਕ 8,9,10 ਵਿੱਚ ਗੀਤਾ ਗਿਆਨ ਦਾਤਾ ਨੇ ਆਪਣੇ ਤੋਂ ਸ਼ੇਸ਼ਠ ਪਰਮੇਸ਼ਵਰ ਦੀ ਭਗਤੀ ਕਰਨ ਲਈ ਕਿਹਾ ਹੈ ਅਤੇ ਉਸ ਪਰਮੇਸ਼ਵਰ ਦੀ ਭਗਤੀ ਕਰਨ ਉਸੇ (ਪਰਮ) ਸੇਸ਼ਠ (ਦਿਵਯਮ) ਅਲੌਕਿਕ (ਪੁਰਸ਼ਮ) ਪੁਰਸ਼ ਨੂੰ ਭਾਵ ਪਰਮਾਤਮਾ ਨੂੰ ਪ੍ਰਾਪਤ ਹੋਵੇਗਾ। ( ਗੀਤਾ ਅਧਿਆਇ 8 ਸ਼ਲੋਕ 8)

❖ ਜੋ (ਕਵਿਮ) ਕਵਿਰਦੇਵ ਭਾਵ ਕਬੀਰ ਪਰਮੇਸ਼ਵਰ (ਪੁਰਾਣਮ) ਪ੍ਰਾਚੀਨ ਅਰਥਾਤ ਅਨਾਦਿ ਸਭ ਦਾ ਨਿਯੰਅਤੇ ਸੂਖਮ ਤੋਂ ਵੀ ਅਤਿ ਸੂਖਮ ਸਭ ਦਾ ਧਾਰਣ ਪੋਸ਼ਣ ਕਰਨ ਵਾਲਾ, ਅਚਿੰਤ ਸਵਰੂਪ ਸੂਰਜ ਦੇ ਸਦ੍ਰਿਸ਼ ਪ੍ਰਕਾਸ਼ਮਾਨ ਸਾਕਾਰ ਹੈ। ਅਵਿਦਿਆ ਤੋਂ ਅਤਿ ਪਰੇ ਸ਼ੁੱਧ ਸੱਚਿਦਾਨੰਦ ਪਰਮੇਸ਼ਵਰ ਦਾ ਸਿਮਰਨ ਕਰਦਾ ਹੈ। (ਗੀਤਾ ਅਧਿਆਇ 8 ਸ਼ਲੋਕ 9)

❖ ਗੀਤਾ ਅਧਿਆਇ 8 ਸ਼ਲੋਕ 10 = ਉਹ ਭਗਤੀਯੁਕਤ ਸਾਧਕ ਅੰਤ ਕਾਲ ਵਿੱਚ ਭਗਤੀ ਦੇ ਬਲ ਨਾਲ ਭਾਵ ਭਗਤੀ ਦੀ ਸ਼ਕਤੀ ਨਾਲ ਤ੍ਰਿਕੁਟੀ ਦੇ ਮੱਧ ਵਿੱਚ ਪ੍ਰਾਣਾਂ ਭਾਵ ਸੁਆਸਾਂ ਨੂੰ (ਆਵੇਸ਼ਯ) ਸਿਮਰਨ ਦੇ ਲਈ ਸਥਾਪਿਤ ਕਰਕੇ ਅਤੇ ਨਿਸ਼ਚਲ ਮਨ ਨਾਲ ਸਿਮਰਨ ਕਰਦਾ ਹੋਇਆ ਉਸ (ਪਰਮ = ਪਰ) ਗੀਤਾ ਗਿਆਨ ਦਾਤਾ ਤੋਂ ਦੂਸਰੇ (ਦਿਵਯਮ) ਦਿਵਯ (ਪੁਰਸ਼ਮ) ਪੁਰਸ਼ ਭਾਵ ਪਰਮੇਸ਼ਵਰ ਨੂੰ ਹੀ ਪ੍ਰਾਪਤ ਹੁੰਦਾ ਹੈ।

ਉਪਰ ਲਿਖੇ ਗੀਤਾ ਦੇ ਸ਼ਲੋਕਾਂ ਵਿੱਚ ਲਿਖਿਆ ਹੈ ਕਿ ਭਗਤੀ ਕਰਨੀ ਚਾਹੀਦੀ ਹੈ, ਇਸ ਲਈ ਭਗਤੀ ਕਰਨਾ ਜਰੂਰੀ ਹੈ।

ਜਿਵੇਂ ਰੋਗ ਦੇ ਨਾਸ਼ ਲਈ ਦਵਾਈ ਜ਼ਰੂਰੀ ਹੈ। ਇੰਝ ਹੀ ਆਤਮ ਕਲਿਆਣ ਲਈ ਭਗਤੀ ਜ਼ਰੂਰੀ ਹੈ।

ਪ੍ਰਸ਼ਨ– ਭਗਤੀ ਕਰਨ ਦਾ ਕੀ ਲਾਭ ਹੈ? ਭਗਤੀ ਨਾ ਕਰਨ ਦੀ ਕੀ ਹਾਨੀ ਹੈ ?

ਉੱਤਰ– ਸਦਗ੍ਰੰਥਾਂ ਵਿੱਚ ਲਿਖਿਆ ਹੈ ਕਿ ਪ੍ਰਾਣੀ ਆਪਣੀ ਭਗਤੀ ਅਤੇ ਪੁੰਨਾਂ ਦੇ ਬਲ ਨਾਲ ਸਵਰਗ–ਮਹਾਂਸਵਰਗ ਵਿੱਚ ਜਾਂਦਾ ਹੈ। ਉੱਥੇ ਇਸਨੂੰ ਸਰਵ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਸਮੇਂ ਭਗਤੀ ਅਤੇ ਪੁੰਨ ਸਮਾਪਤ ਹੋ ਜਾਂਦੇ ਹਨ ਤਾਂ ਉਹ ਪ੍ਰਾਣੀ ਪ੍ਰਿਥਵੀ ਉੱਤੇ ਭਿੰਨ ਭਿੰਨ ਪ੍ਰਾਣੀਆਂ ਦੇ ਸ਼ਰੀਰ ਵਿੱਚ ਕਸ਼ਟ ਉਠਾਉਂਦਾ ਹੈ। ਵਰਤਮਾਨ ਵਿੱਚ ਜਿੰਨੇ ਵੀ ਪ੍ਰਾਣੀ ਪ੍ਰਿਥਵੀ ਉੱਤੇ ਹਨ, ਇਹਨਾਂ ਨੂੰ ਇੱਥੇ ਕੋਈ ਸੁੱਖ ਨਹੀਂ ਹੈ। ਬਾਕੀ ਪ੍ਰਾਣੀ ਕੇਵਲ ਆਪਣਾ ਕਰਮ ਭੋਗ ਹੀ ਭੋਗਦੇ ਹਨ। ਜਿਸ ਸਮੇਂ ਇਹਨਾਂ ਨੂੰ ਮਾਨਵ ਸਰੀਰ ਪ੍ਰਾਪਤ ਹੋਵੇਗਾ, ਓਦੋਂ ਇਹਨਾਂ ਦਾ ਕਲਿਆਣ ਸੰਭਵ ਹੈ।

ਸ਼੍ਰੀਮਦ ਭਗਵਤ ਗੀਤਾ ਅਧਿਆਇ 5 ਸ਼ਲੋਕ 12 ਵਿੱਚ ਕਿਹਾ ਹੈ ਕਿ ਯੁਕਤਹ ਅਰਥਾਤ ਜੋ ਪਰਮਾਤਮਾ ਦੀ ਭਗਤੀ ਵਿੱਚ ਲੱਗਿਆ ਹੈ, ਉਸਦੇ ਕਰਮ ਫਲ ਛੁੱਟ ਜਾਂਦੇ ਹਨ। ਉਹਨਾਂ ਨੂੰ ਤਿਆਗ ਕੇ ਭਗਤ ਭਗਵਾਨ ਪ੍ਰਾਪਤੀ ਵਾਲੀ ਅਰਥਾਤ ਪਰਮਾਤਮਾ ਪ੍ਰਾਪਤ ਹੋਣ ਤੋਂ ਬਾਅਦ ਜੋ ਸ਼ਾਂਤੀ ਅਰਥਾਥ ਸੁੱਖ ਹੁੰਦਾ ਹੈ। ਉਸ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ ਅਤੇ ਅਯੁਕਤਹ ਅਰਥਾਤ ਜੋ ਪਰਮਾਤਮਾ ਦੀ ਭਗਤੀ ਵਿਚ ਨਹੀਂ ਲੱਗਿਆ, ਉਹ ਸਧਾਰਣ ਵਿਅਕਤੀ, ਕਰਮਾਂ ਦੇ ਕਾਰਣ ਸੰਸਾਰ ਬੰਧਨ ਵਿੱਚ ਫਸਿਆ ਹੈ। ਉਹਨਾਂ ਨੂੰ ਕਰਮਾਂ ਅਨੁਸਾਰ ਹੋਰ ਪ੍ਰਾਣੀਆਂ ਦੇ ਸਰੀਰਾਂ ਵਿੱਚ ਕਸ਼ਟ ਪ੍ਰਾਪਤ ਹੁੰਦਾ ਰਹਿੰਦਾ ਹੈ।

❖ ਜਿਵੇਂ ਟਰੱਕ ਜਾਂ ਕਾਰ ਆਦਿ ਦੇ ਟਾਇਰ ਦੀ ਟਿਊਬ ਦੀ ਹਵਾ ਨਿਕਲ ਜਾਂਦੀ ਹੈ ਤਾਂ ਉਹ ਗੱਡੀ ਰੁਕ ਜਾਂਦੀ ਹੈ। ਜਦੋਂ ਓਸਦੀ ਟਿਊਬ ਵਿੱਚ ਹਵਾ ਭਰ ਦਿੱਤੀ ਜਾਂਦੀ ਹੈ ਤਾਂ ਉਹ ਕਈ ਕੁਇੰਟਲ ਵਜ਼ਨ ਨੂੰ ਵੀ ਚੁੱਕ ਕੇ ਲੈ ਜਾਂਦੀ ਹੈ। ਇਸੇ ਤਰਾਂ ਜਦੋਂ ਜੀਵ ਦੀ ਭਗਤੀ ਅਤੇ

ਪੁੰਨ ਸਮਾਪਤ ਹੋ ਜਾਂਦੇ ਹੈ ਤਾਂ ਉਹ ਹਵਾਰਹਿਤ ਟਿਊਬ ਦੀ ਤਰ੍ਹਾਂ ਹੋ ਜਾਂਦਾ ਹੈ। ਉਸਦੇ ਲਈ ਭਗਤੀ ਰੂਪੀ ਹਵਾ ਭਰ ਜਾਣ ਤੋਂ ਬਾਅਦ ਉਹੀ ਓਾਤਮਾ ਭਗਤੀ ਦੀ ਸ਼ਕਤੀ ਨਾਲ ਸੰਸਾਰ ਤੋਂ ਤਰ ਜਾਂਦੀ ਹੈ।

ਭਗਤੀ ਨਾ ਕਰਨ ਨਾਲ ਹਾਨੀ:- ਜੀਵ ਦਾ ਸਰੀਰ ਇਕ ਵਸਤਰ ਮੰਨਿਆ ਜਾਂਦਾ ਹੈ। ਜਦੋਂ ਕੋਈ ਸਾਧੂ ਮੌਤ ਨੂੰ ਪ੍ਰਾਪਤ ਹੋ ਜਾਂਦਾ ਹੈ। ਜਦੋਂ ਕੋਈ ਸਾਧੂ ਮੌਤ ਨੂੰ ਪ੍ਰਾਪਤ ਹੋ ਜਾਂਦਾ ਹੈ ਤਾਂ ਸੰਤ ਅਤੇ ਭਗਤ ਲੋਕ ਕਿਹਾ ਕਰਦੇ ਹਨ ਕਿ ਫਲਾਣਾ ਸੰਤ ਚੋਲਾ ਛੱਡ ਗਿਆ। ਗੀਤਾ ਅਧਿਆਇ 2 ਸ਼ਲੋਕ 22 ਵਿੱਚ ਕਿਹਾ ਹੈ ਕਿ ਜਿਵੇਂ ਮਨੁੱਖ ਪੁਰਾਣੇ ਵਸਤਰਾਂ ਨੂੰ ਤਿਆਗ ਕੇ ਹੋਰ ਨਵੇਂ ਵਸਤਰ ਗ੍ਰਹਿਣ ਕਰਦਾ ਹੈ। ਉਸੇ ਤਰ੍ਹਾਂ ਹੀ ਜੀਵ ਆਤਮਾ ਪੁਰਾਣੇ ਸਰੀਰਾਂ ਨੂੰ ਤਿਆਗ ਕੇ ਹੋਰ ਨਵੇਂ ਸਰੀਰਾਂ ਨੂੰ ਪ੍ਰਾਪਤ ਕਰਦੀ ਹੈ। (ਗੀਤਾ ਅਧਿਆਇ 2 ਸ਼ਲੋਕ 22) ਇਸ ਲਈ ਹਰੇਕ ਪ੍ਰਾਣੀ ਆਪਣੇ ਆਪਣੇ ਸਰੀਰ ਅਰਥਾਤ ਪੌਸ਼ਾਕ (**dress**) ਪਹਿਨੇ ਹੋਏ ਹੈ। ਜਿਵੇਂ ਕੋਈ ਗਧਾ, ਕੁੱਤਾ, ਸੂਰ ਹੋਰ ਪਸ਼ੂ-ਪੰਛੀਆਂ ਅਤੇ ਕੀਟਾਂ ਰੂਪੀ ਵਸਤਰ ਧਾਰਣ ਕੀਤੇ ਹੋਏ ਹਨ। ਮਨੁੱਖ ਦਾ ਸਰੀਰ ਵੀ ਇੱਕ ਪੌਸ਼ਾਕ ਹੈ। ਜੋ ਬੱਚੇ ਵਿਦਿਆਲੇ ਵਿੱਚ ਪ੍ਰਵੇਸ਼ ਪ੍ਰਾਪਤ ਕਰ ਲੈਂਦੇ ਹਨ ਉਹਨਾਂ ਲਈ ਇੱਕ ਖਾਸ ਤਰ੍ਹਾਂ ਦੀ ਪੌਸ਼ਾਕ (**dress**) ਜਰੂਰੀ ਹੁੰਦੀ ਹੈ।

ਇਸੇ ਤਰ੍ਹਾਂ ਪ੍ਰਿਥਵੀ ਉੱਤੇ ਜਿੰਨ੍ਹੇ ਵੀ ਇਸਤਰੀ-ਪੁਰਸ਼ ਹਨ, ਇਹ ਸਭ ਦੇ ਸਭ ਹੋਰ ਪ੍ਰਾਣੀਆਂ ਤੋਂ ਵੱਖਰੀ ਪੌਸ਼ਾਕ ਅਰਥਾਤ ਸਰੀਰ ਧਾਰਣ ਕੀਤਾ ਹੋਏ ਹਨ। ਵਿਦਿਆਰਥੀ ਤੋਂ ਮਾਤਾ-ਪਿਤਾ ਕੋਈ ਵਿਸ਼ੇਸ਼ ਕੰਮ ਨਹੀਂ ਕਰਵਾਉਂਦੇ। ਉਹਨਾਂ ਨੂੰ ਸੁਵਿਧਾਵਾਂ ਵੀ ਪਰਿਵਾਰ ਦੇ ਬਾਕੀ ਮੈਂਬਰਾਂ ਤੋਂ ਅਲੱਗ ਦਿੰਦੇ ਹਨ। ਜੇਕਰ ਉਹ ਵਿਦਿਆਰਥੀ ਆਪਣਾ ਉਦੇਸ਼ ਤਿਆਗ ਕੇ ਬਾਕੀ ਬੱਚਿਆਂ ਦੇ ਵਾਂਗ ਹੀ ਖੇਡਣ ਕੁੱਦਣ ਵਿੱਚ ਲੱਗੇ ਰਹਿਣ ਜੋ ਬੱਚੇ ਵਿਦਿਆਲੇ ਵਿੱਚ ਨਹੀਂ ਜਾਂਦੇ (ਉਹਨਾਂ ਦੀ ਪੌਸ਼ਾਕ ਭਿੰਨ ਹੁੰਦੀ ਹੈ) ਤਾਂ ਉਹ ਵਿਦਿਆਰਥੀ ਆਪਣੇ ਵਿਦਿਆਲੇ ਨੂੰ ਸਮਾਪਤ ਕਰਕੇ ਬਹੁਤ ਪਛਤਾਵਾ ਕਰਨਗੇ, ਬਹੁਤ ਕਸ਼ਟ ਉਠਾਉਣਗੇ। ਜਿਵੇਂ ਸੰਤਾਨ ਪੈਦਾ ਕਰਨਾ, ਸੰਤਾਨ ਦਾ ਪਾਲਣ ਪੋਸ਼ਣ ਸਾਰੇ ਪ੍ਰਾਣੀ ਕਰਦੇ ਹਨ। ਜਦੋਂ ਮਨੁੱਖ ਵੀ ਇਹੀ ਕਾਰਜ ਕਰਕੇ ਆਪਣਾ ਜੀਵਨ ਅੰਤ ਕਰ ਜਾਂਦਾ ਹੈ ਤਾਂ ਉਸ ਵਿੱਚ ਅਤੇ ਬਾਕੀ ਪਸ਼ੂ-ਪੰਛੀਆਂ ਵਿੱਚ ਕੋਈ ਅੰਤਰ ਨਹੀਂ ਰਿਹਾ ਉਸਨੂੰ ਮਾਨਵ ਸਰੀਰ ਪ੍ਰਾਪਤ ਹੋਇਆ ਸੀ ਭਗਤੀ ਕਰਨ ਦੇ ਲਈ, ਉਹ ਭਗਤੀ ਨਾ ਕਰਕੇ ਫਿਰ ਪਸ਼ੂ ਤੇ ਬਾਕੀ ਪ੍ਰਾਣੀ ਦੇ ਸਰੀਰ ਨੂੰ ਪ੍ਰਾਪਤ ਕਰਕੇ ਬਹੁਤ ਕਸ਼ਟ ਉਠਾਏਗਾ। ਫਿਰ ਸਿਰਫ ਪਛਤਾਵਾ ਹੀ ਹੱਥ ਲੱਗੇਗਾ।

❖ ਇੱਕ ਵਾਰ ਇੱਕ ਮਜਦੂਰ ਇੱਕ ਸੜਕ ਬਣਾਉਣ ਦੇ ਕੰਮ ਵਿੱਚ ਮਜਦੂਰੀ ਕਰ ਰਿਹਾ ਸੀ। ਉਸਦੀ ਪਤਨੀ ਵੀ ਉੱਤੇ ਹੀ ਮਜਦੂਰੀ ਕਰ ਰਹੀ ਸੀ। ਉਸਦੇ ਬੱਚੇ ਵੀ ਉੱਤੇ ਹੀ ਦਰੱਖਤ ਦੇ ਹੇਠਾਂ ਮਿੱਟੀ ਵਿੱਚ ਖੇਡ ਰਹੇ ਸੀ। ਸੜਕ ਵਿਭਾਗ ਦਾ **Xen** (ਐਕਸੀਅਨ) ਨਿਰਮਾਨ ਕਾਰਜ ਦਾ ਸਰੀਖਣ ਕਰਨ ਲਈ ਗੱਡੀ ਵਿੱਚ ਬਹਿ ਕੇ ਆਇਆ। ਜਦੋਂ **Xen** ਚਲਾ ਗਿਆ ਤਾਂ ਉਹ ਮਜ਼ਦੂਰ ਕਹਿ ਰਿਹਾ ਸੀ ਕਿ ਇਹ **Xen** ਮੇਰਾ ਸਹਿਪਾਠੀ (**Class fellow**) ਸੀ। ਮੇਰੀ ਕਿਸਮਤ ਫੁੱਟ ਗਈ ਮੈਂ ਪੜ੍ਹਾਈ ਨਹੀਂ ਕੀਤੀ, ਮੈਂ ਮਜ਼ਦੂਰੀ ਕਰ ਰਿਹਾ ਹਾਂ। ਮੇਰੇ ਬੱਚੇ ਇੱਥੇ ਦਰੱਖਤਾਂ ਹੇਠਾਂ ਗਰਮ ਹਵਾ ਵਿੱਚ ਗਰਮੀ ਨਾਲ ਜੂਝ ਰਹੇ ਹਨ। ਕੱਪੜੇ ਵੀ ਚੰਗੇ ਨਹੀਂ, ਖਾਣਾ ਵੀ ਰੁੱਖਾ-ਸੁੱਖਾ ਖਾਣ ਨੂੰ ਮਿਲਦਾ ਹੈ। ਇਸ **Xen** ਦੇ ਬੱਚੇ ਸ਼ਹਿਰ ਵਿੱਚ ਕੂਲਰ ਅਤੇ **A.C** ਕਮਰਿਆਂ ਵਿੱਚ ਸੁੱਖ ਨਾਲ ਰਹਿ ਰਹੇ ਹਨ। ਮੈਂ ਬਹੁਤ ਬਦਕਿਸਮਤ ਹਾਂ। ਮੈਂ ਉਹ ਸਿੱਖਿਆ ਦਾ ਸਮਾਂ ਖੇਲਣ-ਕੁੱਦਣ ਵਿੱਚ ਨਸ਼ਟ ਕਰ ਦਿੱਤਾ। ਜੇਕਰ ਮੈਂ ਵੀ ਮਨ ਲਗਾ ਕੇ ਪੜ੍ਹਾਈ ਕਰ ਲੈਂਦਾ ਤਾਂ ਅੱਜ ਮੇਰਾ ਪਰਿਵਾਰ ਵੀ ਸੁਖੀ ਹੁੰਦਾ। ਕਬੀਰ ਜੀ ਨੇ ਕਿਹਾ ਹੈ:-

ਅੱਛੇ ਦਿਨ ਪਿਛੇ ਗਏ, ਗੁਰੂ ਸੇ ਕਿਆ ਨਾ ਹੇਤ।

अब ਪਛਤਾਵਾ ਕਿਆ ਕਰੇ, ਚਿੜੀਆ ਚੁਗ ਗਈ ਖੇਤ॥

**ਹੇ ਮਾਨਵ ਸਰੀਰਧਾਰੀ ਵਿਦਿਆਰਥੀਓ! ਸਾਵਧਾਨ ਹੋ ਜਾਉ ਆਪਣੇ ਮੂਲ ਓਦੇਸ਼ ਨੂੰ ਪਹਿਚਾਣੋ।**

**❖ ਸੂਖਸ਼ਮਵੇਦ ਵਿੱਚ ਦਸਿਆ ਹੈ ਕਿ ਸਰੀਰ ਪ੍ਰਾਪਤ ਕਰਕੇ ਭਗਤੀ ਨਹੀਂ ਕਰਦੇ, ਉਹਨਾਂ ਨੂੰ ਕੀ ਹਾਨੀ ਹੁੰਦੀ ਹੈ?**

ਕਬੀਰ ਹਰਿ ਕੇ ਨਾਮ ਬਿਨਾਂ, ਨਾਰਿ ਕੁਤੀਆ ਹੋਯ।
ਗਲੀ ਗਲੀ ਭੌਂਕਤ ਫਿਰੈ, ਟੂਕ ਨਾ ਡਾਲੈ ਕੋਯ॥

**ਸੰਤ ਗਰੀਬ ਦਾਸ ਜੀ ਦੀ ਬਾਣੀ ਵਿੱਚੋਂ:-**

ਬੀਬੀ ਪੜਦੈ ਰਹੇ ਥੀ, ਡਿਉਡੀ ਲਗਤੀ ਬਾਰ।
ਅਬ ਗਾਤ ਉਘਾੜੈ ਫਿਰਤੀ ਹੈਂ, ਬਨ ਕੁਤੀਆ ਬਾਜਾਰ॥
ਵੇ ਪੜਦੇ ਸੁੰਦਰੀ, ਸੁਨੇ ਸੰਦੇਸ਼ਾ ਮੋਰ।
ਗਾਤ ਉਘਾੜੇ ਫਿਰਤੀ ਹੈਂ, ਕਰੇਂ ਸਰਾਂਓ ਸ਼ੋਰ॥
ਨਕ ਬੇਸਰ ਨਕ ਪਰ ਬਨਿ, ਪਹਰੇਂ ਥੀ ਹਾਰ ਹਮੇਲ।
ਸੁੰਦਰੀ ਸੇ ਕੁਤੀਆ ਬਨੀ, ਸੁਨ ਸਾਹੇਬ ਕੇ ਖੇਲ॥

**ਭਾਵ ਅਰਥ:- ਮਨੁੱਖ ਸਰੀਰ ਪ੍ਰਾਪਤ ਪ੍ਰਾਣੀ ਜੇਕਰ ਭਗਤੀ ਨਹੀਂ ਕਰਦਾ ਹੈ ਤਾਂ ਉਹ ਮੌਤ ਤੋਂ ਬਾਅਦ ਪਸ਼ੂ- ਪੰਛੀਆਂ ਆਦਿ ਆਦਿ ਦੀਆਂ ਜੂਨੀਆਂ ਪ੍ਰਾਪਤ ਕਰਦਾ ਹੈ, ਪਰਮਾਤਮਾ ਦੇ ਨਾਮ ਜਾਪ ਬਿਨਾਂ ਇਸਤਰੀ ਅਗਲੇ ਜਨਮ ਵਿੱਚ ਕੁੱਤੀ ਦਾ ਜੀਵਨ ਪ੍ਰਾਪਤ ਕਰਦੀ ਹੈ। ਫਿਰ ਨਿਰਵਸਤਰ ਹੋ ਕੇ ਨੰਗੇ ਸਰੀਰ ਗਲੀਆਂ ਵਿੱਚ ਭਟਕਦੀ ਰਹਿੰਦੀ ਹੈ। ਭੁੱਖ ਨਾਲ ਬੇਹਾਲ ਹੁੰਦੀ ਹੈ। ਉਸਨੂੰ ਕੋਈ ਰੋਟੀ ਦਾ ਟੁਕੜਾ ਵੀ ਨਹੀਂ ਪਾਉਂਦਾ। ਜਿਸ ਸਮੇਂ ਉਹ ਆਤਮਾ ਇਸਤਰੀ ਰੂਪ ਵਿੱਚ ਕਿਸੇ ਰਾਜਾ, ਰਾਣਾ ਅਤੇ ਉੱਚ ਅਧਿਕਾਰੀ ਦੀ ਪਤਨੀ ਸੀ। ਉਹ ਉਸਦੇ ਪਿਛਲੇ ਜਨਮਾਂ ਦੇ ਪੁੰਨਾਂ ਦਾ ਫਲ਼ ਸੀ ਜੋ ਕਦੇ ਕਿਸੇ ਜਨਮ ਵਿੱਚ ਭਗਤੀ ਧਰਮ ਆਦਿ ਕੀਤਾ ਸੀ। ਉਸਨੇ ਸਾਰੀ ਭਗਤੀ ਅਤੇ ਪੁੰਨ ਇਸਤਰੀ ਰੂਪ ਵਿੱਚ ਪ੍ਰਾਪਤ ਕਰ ਲਏ, ਉਹ ਆਤਮਾ ਉੱਚੇ ਪਰਿਵਾਰਾਂ ਦੀ ਨੂੰਹ ਅਤੇ ਪੁੱਤਰੀ ਸੀ। ਉਦੋਂ ਉਹ ਪਰਦੇ ਵਿੱਚ ਰਹਿੰਦੀ ਸੀ, ਕਾਜੂ-ਕਿਸ਼ਮਿਸ਼ ਪਾ ਕੇ ਹਲਵਾ ਅਤੇ ਖੀਰ ਖਾਂਦੀ ਸੀ, ਉਨ੍ਹਾਂ ਦਾ ਜੂਠਾ ਛੱਡਿਆ ਨੌਕਰਾਣੀਆਂ ਖਾਂਦੀਆਂ ਸਨ। ਉਨ੍ਹਾਂ ਨੂੰ ਸਤਸੰਗਾਂ ਵਿੱਚ ਨਹੀਂ ਜਾਣ ਦਿੱਤਾ ਜਾਂਦਾ ਸੀ ਕਿਉਂਕਿ ਉਹ ਉੱਚ ਪਰਿਵਾਰਾਂ ਦੀਆਂ ਨੂੰਹਾਂ-ਧੀਆਂ ਸਨ, ਘਰ ਤੋਂ ਬਾਹਰ ਜਾਣਾ ਬੇਇੱਜ਼ਤੀ ਸਮਝਦੀਆਂ ਸਨ। ਵੱਡੇ ਘਰਾਂ ਦੀ ਇੱਜ਼ਤ ਇਸੇ ਵਿੱਚ ਸਮਝੀ ਜਾਂਦੀ ਸੀ ਕਿ ਨੂੰਹਾਂ ਧੀਆਂ ਦਾ ਪਰਦੇ ਵਿੱਚ ਰਹਿਣਾ ਉਚਿਤ ਹੈ। ਇਨ੍ਹਾਂ ਕਾਰਨਾਂ ਕਰਕੇ ਉਹ ਪੁੰਨ ਆਤਮਾ ਸਤਿਸੰਗ ਵਿਚਾਰਾਂ ਨੂੰ ਨਹੀਂ ਸੁਣਨ ਕਾਰਨ ਭਗਤੀ ਤੋਂ ਵਾਂਝੀ ਰਹਿ ਜਾਂਦੀ ਸੀ। ਉਸ ਮਨੁੱਖੀ ਸਰੀਰ ਵਿੱਚ ਉਹ ਔਰਤ ਆਪਣੇ ਗਲੇ ਵਿਚ ਨੌਂ ਨੌਂ ਲੱਖ ਰੁਪਏ ਦੇ ਹਾਰ ਪਹਿਨਦੀ ਸੀ, ਨੱਕ ਵਿੱਚ ਸੋਨੇ ਦੀ ਨੱਥ ਪਹਿਨਦੀ ਸੀ ਅਤੇ ਉਸੇ ਹਾਰ ਸ਼ਿੰਗਾਰ ਵਿੱਚ ਆਪਣੀ ਜ਼ਿੰਦਗੀ ਨੂੰ ਧੰਨ ਸਮਝਦੀ ਸੀ। ਉਹ ਹੁਣ ਕੁੱਤੀ ਦਾ ਜੀਵਨ ਪ੍ਰਾਪਤ ਕਰਕੇ ਗਲੀਆਂ ਵਿੱਚ ਨੰਗੇ ਸਰੀਰ ਇੱਕ ਇੱਕ ਟੁਕੜੇ ਲਈ ਤਰਸ ਰਹੀ ਹੁੰਦੀ ਹੈ। ਸ਼ਹਿਰ ਵਿੱਚ ਪਹਿਲਾਂ ਇੱਕ ਸਰਾਂਵਾਂ (ਧਰਮਸਾਲਾ) ਹੁੰਦੀਆਂ ਸੀ। ਰਾਤ ਦੇ ਸਮੇਂ ਯਾਤਰੀ ਉਨ੍ਹਾਂ ਵਿੱਚ ਰੁੱਕਦਾ ਸੀ, ਸਵੇਰੇ ਖਾਣਾ ਖਾਣ ਤੋਂ ਬਾਅਦ ਤੁਰ ਜਾਂਦੇ ਸੀ। ਉਹ ਪਰਦੇ ਵਿੱਚ ਰਹਿਣ ਵਾਲੀ ਇੱਕ ਸੁੰਦਰੀ ਕੁੱਤੀ ਬਣ ਕੇ, ਧਰਮਸ਼ਾਲਾ ਵਿੱਚ ਰੁਕੇ ਯਾਤਰੀ ਦਾ ਪਾਇਆ ਟੁਕੜਾ ਖਾਣ ਲਈ ਸਰਾਂ (ਧਰਮਸ਼ਾਲਾ) ਵਿੱਚ ਭੌਂਕਦੀ ਹੈ। ਰੋਟੀ ਦਾ ਟੁਕੜਾ ਧਰਤੀ ਉੱਤੇ ਪਾਇਆ ਜਾਂਦਾ ਹੈ, ਉਸਦੇ ਨਾਲ ਕੁਝ ਰੇਤ- ਮਿੱਟੀ ਵੀ ਚਿਪਕ ਜਾਂਦੀ ਹੈ, ਉਹ ਸੁੰਦਰੀ ਜਿਹੜੀ ਕਾਜੂ-ਕਿਸ਼ਮਿਸ਼ ਵਾਲਾ ਹਲਵਾ-ਖੀਰ ਖਾਂਦੀ**

ਸੀ, ਭਗਤੀ ਨਹੀਂ ਕਰਦੀ ਸੀ, ਉਸ ਰੇਤ ਅਤੇ ਮਿੱਟੀ ਲਿੱਬੜੇ ਟੁਕੜੇ ਨੂੰ ਖਾ ਰਹੀ ਹੈ। ਜੇ ਮਨੁੱਖੀ ਸਰੀਰ ਵਿੱਚ ਰਹਿੰਦੇ ਹੋਏ ਪੂਰੇ ਸੰਤ ਤੋਂ ਨਾਮ ਲੈ ਕੇ ਭਗਤੀ ਕਰ ਲੈਂਦੀ ਤਾਂ ਇਹ ਦਿਨ ਨਾ ਦੇਖਣੇ ਪੈਂਦੇ ।

## "ਪੁਹਲੋ ਬਾਈ ਦੀ ਨਸੀਅਤ"

ਇੱਕ ਰਾਜੇ ਨੇ ਪੂਹਲੋ ਬਾਈ ਦੇ ਗਿਆਨ ਵਿਚਾਰ ਸੁਣੇ, ਬਹੁਤ ਪ੍ਰਭਾਵਿਤ ਹੋਇਆ। ਉਸ ਰਾਜੇ ਦੀਆਂ ਤਿੰਨ ਰਾਣੀਆਂ ਸਨ। ਰਾਜੇ ਨੇ ਆਪਣੀਆਂ ਰਾਣੀਆਂ ਨੂੰ ਪੁਹਲੋ ਬਾਈ ਬਾਰੇ ਦੱਸਿਆ। ਰਾਜੇ ਨੇ ਕਈ ਵਾਰ ਆਪਣੀਆਂ ਰਾਣੀਆਂ ਦੇ ਸਾਹਮਣੇ ਪੁਹਲੋ ਬਾਈ ਭਗਤਣੀ ਦੀ ਤਾਰੀਫ ਕੀਤੀ। ਰਾਣੀਆਂ ਨੂੰ ਆਪਣੇ ਪਤੀ ਦੇ ਮੂੰਹ ਤੋਂ ਕਿਸੇ ਹੋਰ ਔਰਤ ਦੀ ਪ੍ਰਸ਼ੰਸਾ ਸੁਣਨਾ ਪਸੰਦ ਨਹੀਂ ਸੀ। ਪਰ ਕੁਝ ਨਾ ਬੋਲ ਸਕੀਆਂ। ਉਸਨੇ ਭਗਤਮਤੀ ਪੁਹਲੋ ਬਾਈ ਨੂੰ ਵੇਖਣ ਦੀ ਇੱਛਾ ਜਤਾਈ। ਜਦੋਂ ਰਾਜੇ ਨੇ ਪੁਹਲੋ ਬਾਈ ਨੂੰ ਆਪਣੇ ਘਰ ਸਤਿਸੰਗ ਕਰਨ ਲਈ ਕਿਹਾ, ਤਾਂ ਪੁਹਲੋ ਬਾਈ ਨੇ ਰਾਜੇ ਨੂੰ ਸਤਿਸੰਗ ਦੀ ਤਰੀਕ ਅਤੇ ਸਮਾਂ ਦੱਸ ਦਿੱਤਾ। ਸਤਿਸੰਗ ਦੇ ਦਿਨ, ਰਾਣੀਆਂ ਨੇ ਬਹੁਤ ਹੀ ਸੁੰਦਰ ਅਤੇ ਕੀਮਤੀ ਕੱਪੜੇ ਪਾਏ ਅਤੇ ਸਾਰੇ ਗਹਿਣੇ ਪਹਿਨ ਲਏ, ਆਪਣੀ ਸੁੰਦਰਤਾ ਦਿਖਾਉਣ ਵਿੱਚ ਕੋਈ ਕਸਰ ਨਾ ਛੱਡੀ। ਰਾਣੀਆਂ ਨੇ ਸੋਚਿਆ ਸੀ ਕਿ ਪੂਹਲੋ ਬਹੁਤ ਸੋਹਣੀ ਹੋਵੇਗੀ। ਭਗਤਮਤੀ ਪੁਹਲੋ ਰਾਜੇ ਦੇ ਘਰ ਆਈ। ਉਸਨੇ ਖੱਦਰ ਦਾ ਗੰਦਾ ਜਿਹਾ ਕੱਪੜਾ ਪਾਇਆ ਹੋਇਆ ਸੀ। ਹੱਥ ਵਿੱਚ ਮਾਲ਼ਾ ਸੀ, ਚਿਹਰੇ ਦਾ ਰੰਗ ਵੀ ਸਾਫ਼ ਨਹੀਂ ਸੀ। ਭਗਤਮਤੀ ਪੁਹਲੋ ਨੂੰ ਵੇਖ ਕੇ, ਤਿੰਨੋਂ ਰਾਣੀਆਂ ਹੱਸਣ ਲੱਗ ਪਈਆਂ ਅਤੇ ਕਹਿਣ ਲੱਗੀਆਂ ਕਿ ਇਹ ਹੈ ਉਹ ਪੁਹਲੋ, ਅਸੀਂ ਸੋਚਿਆ ਸੀ ਕਿ ਇਹ ਬਹੁਤ ਸੁੰਦਰ ਹੋਵੇਗੀ, ਉਹਨਾਂ ਦੀ ਗੱਲ ਸੁਣਕੇ ਭਗਤਮਤੀ ਪਹਿਲੋ ਬਾਈ ਨੇ ਕਿਹਾ ਕਿ:

ਵਸਤਰ ਆਭੂਸ਼ਣ ਤਨ ਕੀ ਸ਼ੋਭਾ, ਯਹ ਤਨ ਕੱਚੋ ਭਾਂਡੋ।
ਭਗਤੀ ਬਿਨਾਂ ਬਣੋਗੀ ਕੁੱਤੀਆ, ਰਾਮ ਭਜੋ ਨ ਰਾਂਡੋ ॥

ਭਾਵ:- ਸੁੰਦਰ ਕੱਪੜੇ ਅਤੇ ਗਹਿਣੇ ਸਰੀਰ ਦੀ ਸੁੰਦਰਤਾ ਨੂੰ ਵਧਾਉਂਦੇ ਹਨ। ਇਹ ਸਰੀਰ ਕੱਚੇ ਘੜੇ ਵਾਂਗ ਨਾਸ਼ਵਾਨ ਹੈ। ਇਹ ਸਰੀਰ ਪਲ ਭਰ ਦਾ ਹੈ, ਕੀ ਪਤਾ ਕਿਹੜੇ ਕਾਰਨ ਕਰਕੇ, ਕਿਸ ਉਮਰ ਵਿੱਚ ਅਤੇ ਕਦੋਂ ਨਸ਼ਟ ਹੋ ਜਾਵੇ। ਜੇ ਤੁਸੀਂ ਭਗਤੀ ਨਹੀਂ ਕੀਤੀ, ਤਾਂ ਅਗਲੇ ਜਨਮ ਕੁੱਤੇ ਦਾ ਜਨਮ ਪਾਵੋਗੀਆਂ। ਫਿਰ ਨੰਗੇ ਭਟਕਦੀਆਂ ਫਿਰਨਗੀਆਂ। ਇਸੇ ਲਈ ਕਿਹਾ ਹੈ 'ਰਾਂਡੋ' ਅਰਥਾਤ ਇਸਤਰੀਓ ਭਗਤੀ ਕਰੋ। 'ਰਾਂਡ' ਸ਼ਬਦ ਵਿਧਵਾ ਲਈ ਵਰਤਿਆ ਜਾਂਦਾ ਹੈ। ਪਰ ਆਮ ਤੌਰ 'ਤੇ ਔਰਤਾਂ ਆਪਣੀਆਂ ਪਿਆਰੀਆਂ ਸਹੇਲੀਆਂ ਨੂੰ ਪਿਆਰ ਨਾਲ ਸੰਬੋਧਿਤ ਕਰਦੀਆਂ ਸਨ। ਹੁਣ ਸਿੱਖਿਅਤ ਹੋਣ ਕਾਰਨ ਇਹ ਸ਼ਬਦ ਵਰਤਿਆ ਨਹੀਂ ਜਾਂਦਾ। ਭਗਤਮਤੀ ਪੁਹਲੋ ਬਾਈ ਨੇ ਸਤਿਸੰਗ ਸੁਣਾਇਆ। ਕਬੀਰ ਪਰਮੇਸ਼ਵਰ ਜੀ ਦੀਆਂ ਸਾਖੀਆਂ ਸੁਣਾਈਆਂ:-

ਕਬੀਰ ਰਾਮ ਰਟਤ ਕੋਹੜੀ ਭਲੋ, ਚੂ-ਚੂ ਪੜੈ ਜੋ ਚਾਮ।
ਸੁੰਦਰ ਦੇਹਿ ਕਿਸ ਕਾਮ ਕੀ, ਯਾ ਮੁਖ ਨਾਂਹੀ ਨਾਮ ॥
ਕਬੀਰ ਨਹੀਂ ਭਰੋਸਾ ਦੇਹਿ ਕਾ, ਬਿਨਸ਼ ਜਾਵੈ ਛਿਨ ਮਾਹੀਂ।
ਸਵਾਂਸ ਉਸਵਾਂਸ ਮੇਂ ਨਾਮ ਜਪੋ, ਔਰ ਯਤਨ ਕੁਛ ਨਾਹੀਂ॥
ਸਵਾਂਸ ਉਸਵਾਂਸ ਮੇਂ ਨਾਮ ਜਪੋ, ਵਿਰਥਾ ਸਵਾਂਸ ਮਤ ਖੋਓ।
ਨਾ ਜਾਨੇ ਇਸ ਸਵਾਂਸ ਕਾ, ਆਵਨ ਹੋ ਕੇ ਨਾ ਹੋਯ ।
ਸਰਵ ਸੋਨੇ ਕੀ ਲੰਕਾ ਥੀ, ਰਾਵਣ ਸੇ ਰਣਧੀਰਮ।

ਏਕ ਪਲਕ ਮੇਂ ਰਾਜ ਗਯਾ, ਜਮ ਕੇ ਪੜੇ ਜੰਜੀਰਮ॥
ਮਰਦ ਗਰਦ ਮੇਂ ਮਿਲ ਗਏ, ਰਾਵਣ ਸੇ ਰਣਧੀਰਮ।
ਕੰਸ, ਕੇਸਿ ਚਾਣੂਰ ਸੇ, ਹਿਰਣਾਕੁਛ ਬਲਵੀਰਮ॥
ਗਰੀਬ ਤੇਰੀ ਕਿਆ ਬੁਨਿਆਦ ਹੈ , ਜੀਵ ਜਨਮ ਧਰ ਲੇਤ ।
ਦਾਸ ਗਰੀਬ ਹਰਿ ਨਾਮ ਬਿਨਾਂ, ਖਾਲੀ ਰਹਿ ਜਾ ਖੇਤ॥

**ਭਗਤਨੀ ਪੁਹਲੋ ਨੇ ਇਸ ਸੰਸਾਰ ਦੀ ਅਸਲੀਅਤ ਦੱਸੀ ਅਤੇ ਬਿਨ੍ਹਾਂ ਭਗਤੀ ਹੋਣ ਵਾਲੇ ਦੁੱਖ ਦੱਸੇ। ਰਾਜ ਦਾ ਇੱਕ ਛੋਟਾ ਜਿਹਾ ਟੁਕੜਾ ਪ੍ਰਾਪਤ ਕਰਕੇ ਬਹੁਤ ਮਾਣ ਪ੍ਰਾਪਤ ਕਰ ਰਹੇ ਹੋ, ਇਹ ਵਿਅਰਥ ਹੈ। ਲੰਕਾ ਦੇ ਰਾਜੇ ਰਾਵਣ ਨੇ ਸੋਨੇ (Gold) ਦੇ ਘਰ ਬਣਾਏ ਹੋਏ ਸਨ। ਸੱਚੀ ਭਗਤੀ ਨਾ ਕਰਨ ਕਰਕੇ ਰਾਜ ਵੀ ਚਲਾ ਗਿਆ, ਸੋਨਾ ਵੀ ਇਥੇ ਹੀ ਰਿਹਾ, ਨਰਕ ਦਾ ਭਾਗੀ ਬਣ ਗਿਆ। ਰਾਜੇ ਅਤੇ ਰਾਣੀਆਂ ਨੇ ਉਪਦੇਸ਼ ਲੈ ਕੇ ਭਗਤੀ ਕੀਤੀ ਅਤੇ ਜੀਵਨ ਨੂੰ ਧੰਨ ਬਣਾਇਆ।**

ਕਬੀਰ ਹਰਿ ਕੇ ਨਾਮ ਬਿਨ, ਰਾਜਾ ਰਸ਼ੰਭ ਹੋਯ।
ਮਾਟੀ ਲਦੈ ਘੁੰਮਹਾਰ ਕੈ, ਘਾਸ ਨਾ ਨੀਰੈ ਕੋਏ।

**ਭਗਵਾਨ ਦੀ ਭਗਤੀ ਨਾ ਕਰਕੇ ਰਾਜਾ ਗਧੇ ਦਾ ਸਰੀਰ ਪ੍ਰਾਪਤ ਕਰਦਾ ਹੈ । ਘੁੰਮਿਆਰ ਦੇ ਘਰ ਮਿੱਟੀ ਢੋਂਦਾ ਹੈ, ਘਾਹ ਖੁਦ ਜੰਗਲ ਵਿੱਚ ਚਰ ਕੇ ਆਉਂਦਾ ਹੈ ।**

ਫਿਰ ਪੀਛੈ ਤੂ ਪਸ਼ੂਆ ਕੀਜੈ, ਦੀਜੈ ਬੈਲ ਬਨਾਯ ।
ਚਾਰ ਪਹਿਰ ਜੰਗਲ ਮੇਂ ਡੋਲੈ, ਤੋ ਨਹੀਂ ਉਦਰ ਭਰਾਯ॥
ਸਿਰ ਪਰ ਸੀਂਗ ਦੀਏ ਮਨ ਬੌਰੇ, ਦੂਮ ਸੇ ਮੱਸ਼ਰ ਉਡਾਯ।
ਕਾਂਧੈ ਜੂਆ ਜੋਤੈ ਕੂਆਂ, ਕੌਂਦੋ ਕਾ ਭੁਸ ਖਾਯ॥

**ਭਾਵ ਅਰਥ:- ਗਧੇ ਦਾ ਸਰੀਰ ਪੂਰਾ ਕਰਕੇ ਉਹ ਜੀਵ ਬਲਦ ਦੀ ਯੋਨੀ ਪ੍ਰਾਪਤ ਕਰਦਾ ਹੈ। ਮਨੁੱਖ ਦੇ ਸਰੀਰ ਵਿੱਚ ਜੀਵ ਨੂੰ ਕਿੰਨੀਆਂ ਸਹੂਲਤਾਂ ਪ੍ਰਾਪਤ ਸਨ? ਭੁੱਖ ਲੱਗਦੇ ਹੀ ਖਾਣਾ ਖਾਓ, ਦੁੱਧ ਪੀਓ, ਚਾਹ ਪੀਓ, ਪਿਆਸ ਲੱਗੇ ਤਾਂ ਪਾਣੀ ਪੀ ਲਓ। ਭਗਤੀ ਨਾ ਕਰਨ ਨਾਲ ਉਹੀ ਪ੍ਰਾਣੀ ਬਲਦ ਬਣਕੇ ਚਾਰ ਪਹਿਰ ਜੰਗਲ ਵਿੱਚ ਘੁੰਮਦਾ ਹੈ, ਭਾਵ 12 ਘੰਟਿਆਂ ਲਈ, ਸਵੇਰ ਤੋਂ ਸ਼ਾਮ ਤੱਕ ਹਲ ਵਿੱਚ ਜੋੜਿਆ ਜਾਂਦਾ ਹੈ। ਦਿਨ ਵਿੱਚ ਸਿਰਫ ਦੋ ਵਾਰ ਬਲਦ ਨੂੰ ਅਹਾਰ ਖੁਆਇਆ ਜਾਂਦਾ ਹੈ। ਦੁਪਹਿਰ 12 ਵਜੇ ਅਤੇ ਰਾਤ ਦੇ 1 ਵਜੇ ਦੇ ਵਿਚਕਾਰ, ਉਸਨੂੰ ਭੁੱਖ ਲੱਗੀ ਹੋਈ ਹੈ ਅਤੇ ਚਾਰੇ ਪਾਸੇ ਚਾਰਾ ਹੈ, ਪਰ ਖਾ ਨਹੀਂ ਸਕਦਾ। ਹਾਲ਼ੀ ਉਸਨੂੰ ਘਾਹ ਨਹੀਂ ਖਾਣ ਦਿੰਦਾ, ਪਾਣੀ ਵੀ ਸਮੇਂ ਅਨੁਸਾਰ ਦਿਨ ਵਿੱਚ ਦੋ ਜਾਂ ਤਿੰਨ ਵਾਰ ਦਿੱਤਾ ਜਾਂਦਾ ਹੈ। ਸਿਰ ਤੇ ਸਿੰਗ ਅਤੇ ਇੱਕ ਪੂਛ ਹੋਵੇਗੀ। ਜਦੋਂ ਮਨੁੱਖ ਸਰੀਰ ਵਿੱਚ ਸੀ, ਉਹ ਜੀਵ ਕੂਲਰ, ਪੱਖਾ ਅਤੇ ਏ.ਸੀ ਕਮਰਿਆਂ ਵਿੱਚ ਰਹਿੰਦਾ ਸੀ। ਹੁਣ ਇੱਕ ਪੂਛ ਹੈ, ਚਾਹੇ ਇਸ ਦੀ ਵਰਤੋਂ ਕੂਲਰ ਦੀ ਜਗ੍ਹਾ ਕੀਤੀ ਜਾਵੇ, ਜਾਂ ਪੱਖੇ ਦੀ ਜਗ੍ਹਾ, ਮੱਛਰ ਵੀ ਇਸ ਨਾਲ ਹੀ ਉਡਾਵੇਗਾ।**

## "ਕ੍ਰਮ ਅਨੁਸਾਰ ਮਨੁੱਖ-ਸਰੀਰਧਾਰੀ ਪ੍ਰਾਣੀ ਦੇ ਲੱਛਣ"

**ਕੁਝ ਮਨੁੱਖ-ਸਰੀਰਧਾਰੀ ਜੀਵ ਬਹੁਤ ਕਰਮ ਖਰਾਬ ਕਰ ਲੈਂਦੇ ਹਨ, ਭਾਵ ਉਹ ਬਹੁਤ ਸਾਰੇ ਪਾਪ ਕਰ ਲੈਂਦੇ ਹਨ। ਜਦੋਂ ਉਹ ਬਲਦ ਬਣਦੇ ਹਨ, ਤਾਂ ਉਨ੍ਹਾਂ ਦੀ ਪੂਛ ਵੀ ਕੱਟ ਜਾਂਦੀ ਹੈ। ਸਿਰਫ 8-9 ਇੰਚ ਹੀ ਬਾਕੀ ਬਚਦੀ ਹੈ। ਉਸ ਨਾਲ ਮੱਛਰ ਅਤੇ ਮੱਖੀਆਂ ਵੀ ਨਹੀਂ ਉੱਡਦੀਆਂ। ਇੱਧਰ ਉੱਧਰ ਡੰਡਾ ਜਿਹਾ ਘੁੰਮਦਾ ਰਹਿੰਦਾ ਹੈ।**

ਪਹਿਲਾਂ ਖੇਤਾਂ ਦੀ ਸਿੰਜਾਈ ਖੂਹਾਂ ਵਿੱਚ ਬਣੇ ਹਲਟ ਨਾਲ ਕੀਤੀ ਜਾਂਦੀ ਸੀ। ਉਹ ਹਲਟ ਬਲਦ ਨਾਲ ਚਲਦੀ ਸੀ। ਉਹ ਮਨੁੱਖ ਬਲਦ ਬਣਕੇ ਖੂਹ ਦੀ ਹਲਟ ਚਲਾਇਆ ਕਰਦਾ, ਉਸ ਸਮੇਂ ਜੌਂ ਦੀ ਕਾਸ਼ਤ ਵਧੇਰੇ ਸੀ ਇਸ ਦੀ ਤੂੜੀ ਬਲਦਾਂ ਨੂੰ ਖੁਆਈ ਜਾਂਦੀ। ਇਸ ਵਿੱਚ ਕੰਡੇ ਹੁੰਦੇ ਸਨ, ਉਨ੍ਹਾਂ ਨੂੰ ਉਹ ਬਲਦ ਭੁੱਖਾ ਮਰਦਾ ਖਾਂਦਾ ਸੀ। ਇਹ ਹਾਲਤ ਉਸ ਵਿਅਕਤੀ ਦੀ ਹੋਈ ਜੋ ਭਗਤੀ ਨਹੀਂ ਕਰਦਾ ਸੀ।

ਉੱਪਰ ਦੇ ਲੋਕਾਂ ਵਿੱਚ ਸਵਰਗ ਅਤੇ ਨਰਕ ਬਣੇ ਹਨ। ਪੁੰਨਾਂ ਦੇ ਭੋਗ ਲਈ, ਇੱਕ ਜੀਵ ਸਵਰਗ ਵਿੱਚ ਜਾਂਦਾ ਹੈ ਅਤੇ ਪਾਪਾਂ ਦੇ ਭੋਗ ਲਈ ਨਰਕ ਵਿੱਚ ਕਸ਼ਟ ਉਠਾਉਂਦਾ ਹੈ ਜਿੱਥੇ ਅਸਹਿ ਦੁੱਖ ਦਿੱਤੇ ਜਾਂਦੇ ਹਨ। ਅਨੇਕਾਂ ਤਸੀਹੇ ਦਿੱਤੇ ਜਾਂਦੇ ਹਨ।

ਪ੍ਰਮਾਤਮਾ ਨੇ ਇੱਕ ਨਿਯਮ ਬਣਾਇਆ ਹੈ ਕਿ 84 ਲੱਖ ਕਿਸਮਾਂ ਦੇ ਜੀਵਾਂ ਦੇ ਸਰੀਰ ਵਿੱਚ ਦੁੱਖ ਝੱਲਣ ਤੋਂ ਬਾਅਦ, ਸਵਰਗ ਅਤੇ ਨਰਕ ਦੇ ਪੁੰਨ ਅਤੇ ਪਾਪ ਭੋਗਣ ਤੋਂ ਬਾਅਦ, ਜੀਵ ਨੂੰ ਮਨੁੱਖ ਸਰੀਰ ਪ੍ਰਾਪਤ ਹੁੰਦਾ ਹੈ। ਇਹ ਕ੍ਰਮ ਅਨੁਸਾਰ (**TURN WISE**) ਪ੍ਰਾਪਤ ਹੁੰਦਾ ਹੈ। ਮਨੁੱਖ ਸਰੀਰ ਵਿੱਚ ਫਿਰ ਪਤੀ, ਪਤਨੀ, ਬੱਚੇ ਅਤੇ ਜਾਇਦਾਦ ਕਰਮ ਅਨੁਸਾਰ ਪ੍ਰਾਪਤ ਹੁੰਦੇ ਹਨ। ਉਸ ਸਮੇਂ ਮਨੁੱਖ ਸਰੀਰਧਾਰੀ ਪ੍ਰਾਣੀ ਇਹ ਮੰਨ ਲੈਂਦਾ ਹੈ ਕਿ ਅਗਲੇ ਜਨਮ ਵਿੱਚ ਵੀ ਮੈਂ ਮਨੁੱਖ ਹੀ ਬਣਾਂਗਾ, ਇਸ ਤਰ੍ਹਾਂ ਸੁੱਖ ਬਣੇ ਰਹਿਣਗੇ, ਭਗਤੀ ਕਰਨ ਦੀ ਰੁਚੀ ਨਹੀਂ ਬਣਦੀ। ਇਸ ਤਰ੍ਹਾਂ ਫਿਰ ਮਨੁੱਖ ਸਰੀਰ ਨਸ਼ਟ ਕਰਕੇ ਭੋਲ਼ਾ ਪ੍ਰਾਣੀ ਮੌਤ ਦੇ ਬਾਅਦ ਧਰਮਰਾਜ ਅਰਥਾਤ ਪਰਮਾਤਮਾ ਦੇ ਜੱਜ ਦੀ ਕੋਰਟ ਵਿੱਚ ਜਾਂਦਾ ਹੈ। ਉੱਥੇ ਉਸ ਤੋਂ ਪੁੱਛਿਆ ਜਾਂਦਾ ਹੈ ਕਿ ਤੁਸੀਂ ਕੀ ਲਿਆਏ ਹੋ ਆਪਣੇ ਨਾਲ? ਜਿਹੜੀ ਜਾਇਦਾਦ-ਸੰਤਾਨ ਤੂੰ ਆਪਣੀ ਮੰਨ ਰੱਖੀ ਸੀ, ਉਹ ਤਾਂ ਧਰਤੀ ਉੱਤੇ ਹੀ ਰਹਿ ਗਈ, ਇੱਥੇ ਲਈ ਕੁੱਝ ਨਹੀਂ ਕੀਤਾ। ਜਦ ਤੁਸੀਂ ਇਥੋਂ ਮਨੁੱਖ ਸਰੀਰ ਪ੍ਰਾਪਤ ਕਰਕੇ ਜਾਣ ਲੱਗੇ ਸੀ ਤਦ ਤਹਾਨੂੰ ਕਿੰਨੀ ਵਾਰ ਸਮਝਾਇਆ ਸੀ ਕਿ ਮਨੁੱਖ ਸਰੀਰ ਭਗਤੀ ਕਰਕੇ ਭਗਤੀ ਧਨ ਇਕੱਠਾ ਕਰਨ ਲਈ ਮਿਲਦਾ ਹੈ। ਤੂੰ ਪਹਿਲਾਂ ਬਹੁਤ ਮਨੁੱਖ ਸਰੀਰ ਵਿਅਰਥ ਕੀਤੇ ਹਨ। ਹੁਣ ਚੁਕੰਨਾ ਰਹਿ ਕੇ ਸਾਧੂ-ਸੰਤਾਂ ਦਾ ਸੰਗ ਕਰਕੇ ਸਤਿਸੰਗ ਵਚਨ ਸੁਣੀ, ਆਪਣਾ ਕਲਿਆਣ ਕਰਵਾਈਂ। ਤੂੰ ਕਿਹਾ ਸੀ ਕਿ ਹੇ ਪਰਮਾਤਮਾ! ਪਹਿਲਾਂ ਬਹੁਤ ਗਲਤੀਆਂ ਹੋਈਆਂ ਹਨ। ਮਨੁੱਖ ਜੀਵਨ ਪ੍ਰਾਪਤ ਕਰਕੇ ਭਗਤੀ ਨਾ ਕਰਕੇ ਹਜਾਰਾਂ ਸਾਲ ਨਰਕ ਵੀ ਭੋਗਿਆ ਸੀ, 84 ਲੱਖ ਪ੍ਰਕਾਰ ਦੀਆਂ ਜੂਨਾਂ ਵਿੱਚ ਵੀ ਮਹਾਂਕਸ਼ਟ ਉਠਾਇਆ ਸੀ। ਇਸ ਵਾਰ ਇਹੋ ਜਿਹੀ ਗ਼ਲਤੀ ਨਹੀਂ ਦੁਹਰਾਵਾਂਗਾ। ਭੋਲੇ ਜੀਵ! ਤੂੰ ਫਿਰ ਤੋਂ ਓਹੀ ਗਲਤੀ ਕਰ ਦਿੱਤੀ, ਏਨਾ ਕਹਿ ਕੇ ਉਸ ਦੇ ਸਾਹਮਣੇ **Video** ਚਲਾ ਦਿੰਦਾ ਹੈ। ਪਹਿਲਾਂ ਦੀ ਵਾਰਤਾ (ਗੱਲਬਾਤ) ਅਤੇ ਸਾਰੇ ਮਨੁੱਖਾ ਸਰੀਰਾਂ ਦਾ ਕਿਰਿਆ ਕਰਮ, ਨਰਕ ਦੀਆਂ ਯਾਤਨਾਵਾਂ, ਜੋ ਪਿੱਛੇ ਭੋਗਿਆ ਸੀ, ਸਵਰਗ ਦੇ ਸੁੱਖ ਜੋ ਕਦੇ ਕੁੱਝ ਪੁੰਨਾਂ ਦਾ ਫ਼ਲ ਭੋਗਿਆ ਅਤੇ ਵਰਤਮਾਨ ਦੇ ਜੀਵਨ ਵਿੱਚ ਜੋ ਕਰਮ ਕੀਤੇ ਸੀ, ਉਹ ਵੀ ਚਲ ਚਿੱਤਰ (ਫਿਲਮ) ਵਿੱਚ ਦਿਖਾਏ ਜਾਂਦੇ ਹਨ। ਉਸ ਸਮੇਂ ਓਸ ਮੂਰਖ ਪ੍ਰਾਣੀ ਨੂੰ ਧਰਮਰਾਜ ਜੀ ਕਹਿੰਦੇ ਹੈ ਕਿ ਹੇ ਨਾਦਾਨ! ਇਹ ਕੀ ਕੀਤਾ, ਮਨੁੱਖਾ ਜਨਮ ਮਿਲਣਾ ਸੌਖਾ ਨਹੀਂ ਹੈ। ਤੈਨੂੰ ਜਿੰਨੇ ਵੀ ਮਾਨਵ ਸਰੀਰ ਮਿਲੇ ਹੈ, ਪਰਮਾਤਮਾ ਨੇ ਦਾਨ ਕੀਤੇ ਸਨ। ਤੇਰੀ ਕਿਸਮਤ ਵਿੱਚ ਮਨੁੱਖ ਸਰੀਰ ਪ੍ਰਾਪਤ ਕਰਨਾ ਨਹੀਂ ਲਿਖਿਆ ਸੀ। ਇਹ ਅਨੁਦਾਨ ਪੂਰਨ ਪਰਮਾਤਮਾ ਦਿੰਦਾ ਹੈ। ਤੂੰ ਇਸ ਅਨਮੋਲ ਮਨੁੱਖ ਸਰੀਰ ਦੀ ਕੀਮਤ ਨਹੀਂ ਜਾਣੀ, ਭੰਗ ਦੇ ਭਾੜੇ ਬਰਬਾਦ ਕਰ ਦਿੱਤਾ। ਉਸ ਸਮੇਂ ਉਸ ਜੀਵ ਨੂੰ ਇਹਿਸਾਸ ਹੁੰਦਾ ਹੈ ਕਿ ਬਹੁਤ ਵੱਡੀ ਭੁੱਲ ਹੋ ਗਈ। ਫਿਰ ਦਹਾੜਾਂ ਮਾਰ-ਮਾਰ ਕੇ ਰੌਂਦਾ ਹੈਂ। ਕਹਿੰਦਾ ਹੈ ਕਿ ਬਖਸ਼ ਦੋ ਮਹਾਰਾਜ ਗ਼ਲਤੀ ਹੋ ਗਈ। ਮਨੁੱਖ ਜੀਵਨ ਦਾ ਇੱਕ ਮੌਕਾ ਹੋਰ ਦੇ ਦਿਓ, ਇਸ ਵਾਰ ਇਹੋ ਜਿਹੀ ਗ਼ਲਤੀ ਨਹੀਂ ਕਰਾਂਗਾ, ਮੈਂ ਤੁਹਾਡੀ ਕਸਮ ਖਾ ਕੇ ਕਹਿੰਦਾ ਹਾਂ। ਉਸੇ ਸਮੇਂ

ਧਰਮਰਾਜ ਉਸਦੇ ਸਾਹਮਣੇ ਹਰੇਕ ਮਨੁੱਖ ਸਰੀਰ ਪ੍ਰਾਪਤ ਕਰਕੇ ਧਰਤੀ ਤੇ ਜਾਣ ਅਤੇ ਮਨੁੱਖ ਸਰੀਰ ਵਿਅਰਥ ਕਰਕੇ ਆਣ ਦੇ ਸਮੇਂ ਜੋ ਜੋ ਗੱਲਾਂ ਹੋਈਆਂ ਸੀ ਉਸਦੀ ਫ਼ਿਲਮ (ਚਲ ਚਿੱਤਰ) ਅਰਥਾਤ (**Video**) ਚਲਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਤੁਸੀਂ ਹਰ ਵਾਰ ਇੱਦਾਂ ਹੀ ਕਹਿੰਦੇ ਹੋ। ਹੁਣ ਤੂੰ ਜਾ ਪਹਿਲਾਂ ਨਰਕ ਵਿੱਚ, ਉਸਦੇ ਬਾਅਦ ਤੂੰ ਧਰਤੀ ਤੇ ਬਣ ਕੁੱਤਾ, ਗਧਾ, ਸੂਰ। ਫਿਰ ਕਦੇ ਜਦੋਂ ਮਨੁੱਖ ਸਰੀਰ ਮਿਲੇ ਫਿਰ ਕਰ ਲਈਂ। ਹਰ ਵਾਰ ਮੂਰਖ ਬਣਾਉਂਦਾ ਹੈਂ ਅਤੇ ਖੁੱਦ ਨੂੰ ਘੋਰ ਕਸ਼ਟ ਵਿੱਚ ਪਾ ਕੇ ਆ ਖੜ੍ਹਾ ਹੁੰਦਾ ਹੈ। "ਏਨਾ ਕਹਿੰਦੇ ਹੀ ਕਰਮਾਂ ਦੇ ਅਨੁਸਾਰ ਅਪਣਾ ਫਲ ਭੋਗਣ ਲਈ ਭੇਜ ਦਿੱਤਾ ਜਾਂਦਾ ਹੈ।"

ਪ੍ਰਸ਼ਨ:- ਕੀ ਚੁਰਾਸੀ (84) ਲੱਖ ਜੂਨਾਂ ਭੁਗਤਣ ਦੇ ਬਾਅਦ ਹੀ ਮਨੁੱਖ ਸਰੀਰ ਪ੍ਰਾਪਤ ਹੁੰਦਾ ਹੈ? ਵੈਸੇ ਨਹੀਂ।

ਉੱਤਰ:- ਮਨੁੱਖ (ਇਸਤਰੀ ਜਾਂ ਪੁਰਸ਼) ਦਾ ਸਰੀਰ ਦੋ ਪ੍ਰਕਾਰ ਨਾਲ ਪ੍ਰਾਪਤ ਹੁੰਦਾ ਹੈ:-

1. ਇੱਕ ਤਾਂ 84 ਲੱਖ ਪ੍ਰਾਣੀਆਂ ਦੇ ਸਰੀਰਾਂ ਵਿੱਚ ਕਸ਼ਟ ਭੋਗਣ ਤੋਂ ਬਾਅਦ ਮਨੁੱਖ ਸਰੀਰ ਪ੍ਰਾਪਤ ਹੁੰਦਾ ਹੈ, ਇਸਨੂੰ ਕਹਿੰਦੇ ਹਨ ਕ੍ਰਮ ਅਨੁਸਾਰ (**Turn Wise**)।

2. ਦੂਸਰਾ ਮਨੁੱਖ ਸਰੀਰ ਹੁੰਦਾ ਹੈ ਸ਼ੁੱਭ ਕਰਮ ਅਨੁਸਾਰ। (**Worship**) ਜਿਸ ਕਿਸੇ ਪ੍ਰਾਣੀ ਦੇ ਸ਼ੁਭ ਕੰਮ ਜ਼ਿਆਦਾ ਹੁੰਦੇ ਹਨ, ਉਸਨੂੰ ਤੁਰੰਤ ਮਨੁੱਖ ਜੀਵਨ ਪ੍ਰਾਪਤ ਹੋ ਜਾਂਦਾ ਹੈ।

ਅਜਿਹਾ ਵਿਅਕਤੀ (ਇਸਤਰੀ ਜਾਂ ਪੁਰਸ਼) ਜਦੋਂ ਕਦੇ ਕਿਸੇ ਤੋਂ ਪਰਮਾਤਮਾ ਦੀ ਮਹਿਮਾ ਸੁਣਦਾ ਹੈ, ਤਾਂ ਉਹ ਤੁਰੰਤ ਭਗਤੀ ਕਰਨ ਲੱਗ ਜਾਂਦਾ ਹੈ। ਜਿਹੋ ਜਿਹਾ ਵੀ ਉਸਨੂੰ ਗਿਆਨ ਹੁੰਦਾ ਹੈ, ਉਹੋ ਜਿਹੀ ਸਾਧਨਾ ਉਹ ਜ਼ਰੂਰ ਕਰਦਾ ਹੈ। ਧਿਆਨ ਰਹੇ! ਗੀਤਾ ਅਧਿਆਇ 16 ਸਲੋਕ 23-24 ਵਿੱਚ ਕਿਹਾ ਹੈ ਕਿ ਸ਼ਾਸਤਰ ਵਿਧੀ ਨੂੰ ਤਿਆਗ ਕੇ ਜੋ ਸਾਧਕ ਮਨਮਾਨਾ ਆਸ਼ਰਣ ਕਰਦੇ ਹਨ ਅਰਥਾਤ ਸ਼ਾਸਤਰਾਂ ਦੇ ਵਿਰੁੱਧ ਨਾਮਾਂ ਦਾ ਜਾਪ ਜਾਂ ਹੋਰ ਕਿਰਿਆ ਕਰਦੇ ਹਨ, ਉਹਨਾਂ ਨੂੰ ਨਾ ਤਾਂ ਕੋਈ ਸੁੱਖ ਪ੍ਰਾਪਤ ਹੁੰਦਾ ਹੈ, ਨਾ ਸਿੱਧੀ ਪ੍ਰਾਪਤ ਹੁੰਦੀ ਹੈ ਅਤੇ ਨਾ ਹੀ ਉਹਨਾਂ ਦੀ ਗਤੀ ਅਰਥਾਤ ਮੁਕਤੀ ਹੀ ਪ੍ਰਾਪਤ ਹੁੰਦੀ ਹੈ ਅਰਥਾਤ ਉਹਨਾਂ ਦੀ ਸਾਧਨਾ ਵਿਅਰਥ ਹੁੰਦੀ ਹੈ। ਫਿਰ ਵੀ ਪ੍ਰਸੰਗ ਨੂੰ ਅੱਗੇ ਵਧਾਉਂਦੇ ਹਾਂ। ਜੇਕਰ ਤੁਰੰਤ ਉਸ ਮਾਨਵ ਸਰੀਰ ਪ੍ਰਾਪਤ ਜੀਵ ਨੂੰ ਤੱਤਵਦਰਸ਼ੀ ਸੰਤ ਨਹੀਂ ਮਿਲਦਾ ਹੈ ਅਤੇ ਉਹ ਮਨਮਾਨੀ ਸਾਧਨਾ ਕਰਕੇ ਜਾਂ ਨਕਲੀ ਗੁਰੂ ਬਣਾ ਕੇ ਸਾਧਨਾ ਕਰਕੇ ਆਪਣਾ ਜੀਵਨ ਨਸ਼ਟ ਕਰ ਜਾਂਦਾ ਹੈ। ਫਿਰ 84 ਲੱਖ ਜੂਨੀਆਂ ਦੇ ਦੁੱਖ ਉਠਾਉਣੇ ਪੈਂਦੇ ਹਨ। ਨਰਕ ਦਾ ਦੁੱਖ ਵੀ ਭੋਗਣਾ ਹੀ ਪੈਂਦਾ ਹੈ। ਜੇਕਰ ਪੂਰਨ ਸੰਤ ਮਿਲ ਜਾਵੇ ਉਹ ਜੀਵ ਜਲਦੀ ਸੱਚੀ ਸਾਧਨਾ ਸਵੀਕਾਰ ਕਰਕੇ ਆਪਣਾ ਜੀਵਨ ਸਫਲ ਕਰ ਲੈਂਦਾ ਹੈ।

ਉਦਾਹਰਣ:- ਜਿਵੇਂ ਧਰਮਦਾਸ ਜੀ ਸੀ। ਉਹ ਤੁਰੰਤ ਮਾਨਵ ਸਰੀਰ ਪ੍ਰਾਪਤ ਜੀਵ ਸੀ। ਉਹਨਾਂ ਨੇ ਪ੍ਰਮਾਤਮਾ ਦੇ ਸੱਚੇ ਗਿਆਨ ਨੂੰ ਸਮਝਿਆ, ਪਹਿਲੇ ਮਨਮਾਨਾ ਆਸ਼ਰਣ ਕਰ ਰਹੇ ਸੀ, ਨਕਲੀ ਗੁਰੂ ਵੀ ਬਣਾਇਆ ਹੋਇਆ ਸੀ। ਤੱਤਵਗਿਆਨ ਦੀ ਪ੍ਰਾਪਤੀ ਤੋਂ ਬਾਅਦ ਸਤਿਗੁਰੂ ਦੀ ਸ਼ਰਨ ਵਿੱਚ ਭਗਤੀ ਕਰਕੇ ਆਪਣਾ ਮਾਨਵ ਜੀਵਨ ਸਫਲ ਬਣਾਇਆ।

ਕ੍ਰਮ ਅਨੁਸਾਰ (**Turn Wise**) ਮਾਨਵ ਸਰੀਰ ਪ੍ਰਾਪਤ ਜੀਵ ਜਲਦੀ ਭਗਤੀ ਵਿੱਚ ਨਹੀਂ ਲੱਗਦਾ। ਉਸ ਦੀ ਸਤਿਸੰਗ ਸੁਣਨ ਵਿੱਚ ਰੁਚੀ ਨਹੀਂ ਬਣਦੀ। ਜੇਕਰ ਕਿਸੇ ਮਿੱਤਰ ਦੇ ਵਾਰ-ਵਾਰ ਕਹਿਣ ਤੇ ਸਤਿਸੰਗ ਸੁਣਣ ਚਲਾ ਜਾਂਦਾ ਹੈ ਤਾਂ ਸਤਿਸੰਗ ਦੌਰਾਨ ਉਸ ਨੂੰ ਜਾਂ ਤਾਂ ਨੀਂਦ ਆਉਣ ਲੱਗ ਜਾਵੇਗੀ ਜਾਂ ਫਿਰ ਕੋਈ ਹੋਰ ਪ੍ਰਸੰਗ ਮਿੱਤਰ ਦੇ ਨਾਲ ਸ਼ੁਰੂ ਕਰ ਦੇਵੇਗਾ, ਹੋਰ ਗੱਲਾਂ ਕਰਨ ਲੱਗ ਜਾਵੇਗਾ। ਨੇੜੇ ਤੇੜੇ ਬੈਠੇ ਸਰੋਤਿਆਂ ਨੂੰ ਇਸ ਨਾਲ ਵਿਘਨ ਪੈਂਦਾ ਹੈ

ਕਿਉਂਕਿ ਉਹਨਾਂ ਨੂੰ ਸਤਿਸੰਗ ਦਾ ਅਨੰਦ ਆ ਰਿਹਾ ਹੁੰਦਾ ਹੈ। ਉਹ ਉਸ ਨਵੇਂ ਭਗਤ ਨੂੰ ਕਹਿੰਦੇ ਹਨ ਕਿ ਹੇ ਭਗਤ! ਸਤਿਸੰਗ ਸੁਣੋ, ਹੋਰ ਸ਼ਰਚਾ ਕਰਨ ਦਾ ਸਮਾਂ ਨਹੀਂ ਹੈ, ਇਹ ਤਾਂ ਬਾਅਦ ਵਿੱਚ ਕਰ ਲੈਣਾ, ਏਨਾਂ ਸੁਣ ਕੇ ਉਹ ਕਰਮਹੀਣ ਵਿਅਕਤੀ ਉਠ ਕੇ ਚਲਾ ਜਾਂਦਾ ਹੈ। ਪਰਮੇਸ਼ਰ ਕਬੀਰ ਜੀ ਨੇ ਸੂਕਸ਼ਮ ਵੇਦ ਵਿੱਚ ਕਿਹਾ ਹੈ ਕਿ:-

ਕਬੀਰ, ਪਿਛਲੇ ਪਾਪ ਕਰਮ ਸੇ, ਹਰੀ ਸ਼ਰਚਾ ਨਾ ਸੁਹਾਵੇ ।
ਕੈ ਉਂਘੈ ਕੈ ਉਠ ਚਲੇ ਯਾ ਔਰੇ ਬਾਤ ਚਲਾਵੈ ॥

ਤੁਲਸੀਦਾਸ ਜੀ ਜਿਹੜੇ ਕਿ ਸ਼੍ਰੀ ਰਾਮ ਚੰਦਰ ਦੇ ਭਗਤ ਸਨ, ਉਨ੍ਹਾਂ ਨੇ ਵੀ ਕਿਹਾ ਹੈ:-

ਤੁਲਸੀ ਪਿਛਲੇ ਪਾਪ ਸੇ ਹਰਿ ਸ਼ਰਚਾ ਨਾ ਭਾਵੈ ।
ਜੈਸੇ ਜਵਰ ਕੇ ਵੇਗ ਸੇ ਭੂਖ ਵਿਦਾ ਹੋ ਜਾਵੇ॥

ਭਾਵ ਅਰਥ:- ਮਲੇਰੀਆ ਬੁਖਾਰ ਦੇ ਰੋਗੀ ਨੂੰ ਖਾਣਾ ਕੌੜਾ ਲੱਗਦਾ ਹੈ। ਮੁਨੱਖਾ-ਦਾਖ, ਕਿਸ਼ਮਿਸ਼, ਖੀਰ ਵੀ ਕੌੜੀ ਲੱਗਦੀ ਹੈ ਕਿਉਂਕਿ ਬੁਖਾਰ ਨੇ ਪੂਰੇ ਸਰੀਰ ਦੀ ਵਿਵਸਥਾ ਖਰਾਬ ਕਰ ਦਿੱਤੀ ਹੈ। ਜਿਸ ਕਾਰਨ ਉਸ ਨੂੰ ਮਿੱਠੇ ਪਦਾਰਥ ਵੀ ਕੌੜੇ ਲਗਦੇ ਹਨ। ਉਸ ਦਾ ਇਲਾਜ ਕਰਨਾ ਪੈਂਦਾ ਹੈ। ਕੋੜੀ ਕੁਨੀਨ ਦੀਆਂ ਗੋਲੀਆਂ ਨਾ ਚਾਹੁੰਦੇ ਹੋਏ ਵੀ ਖਾਣੀਆਂ ਪੈਂਦੀਆਂ ਹਨ। ਜੇਕਰ ਇਲਾਜ ਨਹੀਂ ਕਰਵਾਇਆ ਅਰਥਾਤ ਕੁਨੀਨ ਦੀਆਂ ਗੋਲੀਆਂ ਨਾ ਖਾਧੀਆਂ ਤਾਂ ਮੌਤ ਨਿਸਚਿਤ ਹੈ। ਕੌੜੀਆਂ ਗੋਲੀਆਂ ਖਾਣ ਨਾਲ ਤੰਦਰੁਸਤ ਹੋਇਆ ਵਿਅਕਤੀ ਰੁਚੀ ਨਾਲ ਖਾਣਾ ਖਾਂਦਾ ਹੈ। ਏਨੀ ਭੁੱਖ ਲੱਗਦੀ ਹੈ ਕਿ ਬਿਨਾਂ ਸਬਜ਼ੀ ਦੇ ਵੀ ਰੋਟੀਆਂ ਖਾ ਜਾਂਦਾ ਹੈ। ਠੀਕ ਇਸੇ ਤਰ੍ਹਾਂ ਜਿਨ੍ਹਾਂ ਪ੍ਰਾਣੀਆਂ ਨੂੰ ਸਤਿਸੰਗ ਦੀ ਸ਼ਰਚਾ ਚੰਗੀ ਨਹੀਂ ਲੱਗਦੀ। ਉਨ੍ਹਾਂ ਦੀ ਆਤਮਾ ਤੇ ਪਿਛਲੇ ਪਾਪ ਕਰਮਾਂ ਦਾ ਬੁਖਾਰ ਚੜ੍ਹਿਆ ਹੈ। ਉਹਦਾ ਇਲਾਜ ਇਹ ਹੈ ਕਿ ਨਾ ਚਾਹੁੰਦੇ ਹੋਏ ਵੀ ਸਤਿਸੰਗ ਸੁਣਨਾ ਚਾਹੀਦਾ ਹੈ। ਹੌਲੀ ਹੌਲੀ ਪਾਪ ਕਰਮ ਘੱਟ ਹੋ ਜਾਣਗੇ। ਫੇਰ ਉਹੀ ਵਿਅਕਤੀ 100 ਕਿਲੋਮੀਟਰ ਅਤੇ 200 ਕਿੱਲੋਮੀਟਰ ਸਫਰ ਕਰਕੇ ਵੀ ਸਤਿਸੰਗ ਸੁਣਨ ਜਾਂਦਾ ਹੈ।ਉਸਦੀ ਆਤਮਾ ਤੰਦਰੁਸਤ ਹੋ ਚੁੱਕੀ ਹੈ। ਉਸ ਨੂੰ ਪਰਮਾਤਮਾ ਦੀ ਮਹਿਮਾ ਸੁਨਣ ਦੀ ਭੁੱਖ ਲੱਗਣ ਲੱਗੀ ਹੈ ।

ਉਦਾਹਰਣ:- ਕਾਗਭੁਸੰਡ ਨਾਮ ਦੇ ਇੱਕ ਭਗਤ ਹੋਏ ਹਨ। ਉਨ੍ਹਾਂ ਦਾ ਮੂੰਹ ਤਾਂ ਕਾਂ (Crow) ਵਰਗਾ ਚੁੰਝ ਵਾਲਾ ਹੈ ਅਤੇ ਬਾਕੀ ਸਰੀਰ ਦੇਵਤਾਵਾਂ ਵਾਲਾ ਭਾਵ ਮਨੁੱਖ ਸਮਾਨ ਹੈ। ਇੱਕ ਦਿਨ ਗਰੁੜ ਜੀ (ਸ਼੍ਰੀ ਵਿਸ਼ਨੂੰ ਜੀ ਦੇ ਵਾਹਨ) ਅਤੇ ਕਾਗਭੁਸੰਡ ਇੱਕ ਜਗ੍ਹਾ ਤੇ ਇਕੱਠੇ ਹੋਏ। ਦੋਨਾਂ ਮਹਾਨ ਆਤਮਾਵਾਂ ਵਿੱਚ ਆਪਸੀ ਜਾਣ-ਪਛਾਣ ਹੋਈ। ਤਦ ਗਰੁੜ ਜੀ ਨੇ ਪੁੱਛਿਆ "ਹੇ ਕਾਗਭੁਸੁੰਡ ਜੀ! ਤੁਹਾਡੇ ਕੋਲ ਬੈਠਣ ਨਾਲ ਮੈਨੂੰ ਵਿਲੱਖਣ ਸ਼ਾਂਤੀ ਮਿਲਦੀ ਹੈ। ਤੁਹਾਡੀ ਭਗਤੀ ਦੀ ਮਹਿਮਾ ਸਾਰੇ ਦੇਵਤਾ ਦੱਸਦੇ ਹਨ। ਖੁਸ਼ਕਿਸਮਤੀ ਨਾਲ ਅੱਜ ਤੁਹਾਨੂੰ ਮਿਲਣ ਦਾ ਮੌਕਾ ਪ੍ਰਾਪਤ ਹੋਇਆ। ਆਪ ਜੀ ਦਾ ਸੰਗ ਪ੍ਰਾਪਤ ਕਰਕੇ ਮੇਰਾ ਜੀਵਨ ਧੰਨ ਹੋ ਗਿਆ, ਤੁਹਾਡੇ ਸਰੀਰ ਦੀ ਚਮਕ ਦੇਖ ਕੇ ਲਗਦਾ ਹੈ ਜਿਵੇਂ ਕੋਈ ਵੱਖਰਾ ਚੰਨ ਚੜ੍ਹ ਗਿਆ ਹੋਵੇ। ਤੁਹਾਡੀ ਠੰਡਕ ਦਾ ਵਰਣਨ (ਬਿਆਨ) ਨਹੀਂ ਕੀਤਾ ਜਾ ਸਕਦਾ। ਹੇ ਕਾਗਭੁਸੰਡ ਜੀ! ਤੁਹਾਨੂੰ ਇਹ ਭਗਤੀ ਅਤੇ ਗਤੀ ਕਿਵੇਂ ਪ੍ਰਾਪਤ ਹੋਈ? ਕਿਰਪਾ ਕਰਕੇ ਮੇਰੀ ਉਤਸੁਕਤਾ ਦੀ ਪਿਆਸ ਨੂੰ ਸ਼ਾਂਤ ਕਰੋ।

ਕਾਗਭੁਸੁੰਡ ਜੀ ਨੇ ਦੱਸਿਆ ਕਿ ਹੇ ਖਗੇਸ਼! ਇਕ ਵਾਰ ਮੈਨੂੰ ਮਨੁੱਖੀ ਸਰੀਰ ਪ੍ਰਾਪਤ ਸੀ, ਉਸ ਤੋਂ ਪਹਿਲਾਂ ਦੇ ਅਸੰਖਾਂ ਮਨੁੱਖੀ ਜੀਵਨ, ਭਗਤੀ ਤੋਂ ਬਿਨਾ ਵਿਅਰਥ ਕਰ ਦਿੱਤੇ ਸਨ। ਸਾਡਾ ਮਾਤਾ-ਪਿਤਾ, ਦੋ ਭਰਾ ਅਤੇ ਦੋ ਭੈਣਾਂ ਦਾ ਪਰਿਵਾਰ ਸੀ। ਇੱਕ ਵਾਰ ਅਕਾਲ ਪੈ ਗਿਆ।

ਬੁਰਾ ਹਾਲ ਹੋ ਗਿਆ। ਭੁੱਖ ਦੇ ਕਾਰਨ ਮਨੁੱਖ, ਮਨੁੱਖ ਨੂੰ ਖਾਣ ਲੱਗੇ। ਉਸੇ ਅਕਾਲ ਦੇ ਕਰਕੇ ਮੇਰੇ ਮਾਤਾ-ਪਿਤਾ, ਅਤੇ ਸਾਰੇ ਭੈਣ ਭਰਾ ਭੁੱਖ ਦੇ ਕਾਰਨ ਮਰ ਗਏ। ਮੈਂ ਜਵਾਨ ਸੀ, ਇਸ ਲਈ ਕਈ ਦਿਨਾਂ ਤੱਕ ਭੁੱਖ ਸਹਿਣ ਕਰ ਗਿਆ। ਮੈਂ ਉਸ ਪਿੰਡ ਨੂੰ ਛੱਡ ਕੇ ਮਾਲੂਦੇਸ਼ ਦੇ ਅਵੰਤਿਕਾ ਨਗਰੀ ਵਿੱਚ ਚਲਾ ਗਿਆ। ਉੱਥੇ ਅਕਾਲ ਨਹੀਂ ਸੀ। ਪੇਟ ਭਰ ਕੇ ਭੋਜਨ ਖਾਧਾ, ਲੇਕਿਨ ਪਰਿਵਾਰ ਖ਼ਤਮ ਹੋਣ ਦਾ ਦਰਦ ਦਿਲ ਵਿਚ ਕੰਡੇ ਦੀ ਤਰ੍ਹਾਂ ਚੁੱਭਦਾ ਸੀ, ਰੋ-ਰੋ ਕੇ ਹੰਝੂ ਸੁੱਕ ਗਏ ਸਨ। ਉਹ ਪਰਿਵਾਰ ਸੁਪਨਾ ਸੀ ਜਾਂ ਵਾਸਤਵਿਕ ਸੀ, ਇਹ ਵਿਸ਼ਵਾਸ ਨਹੀਂ ਹੋ ਰਿਹਾ ਸੀ। ਉਸੇ ਵੇਲੇ ਇੱਕ ਸ਼ਿਵਾਲੇ (ਸ਼ਿਵ ਦੇ ਮੰਦਰ) ਵਿੱਚੋਂ ਪ੍ਰਮਾਤਮਾ ਦੀ ਕਥਾ ਦੀ ਬਾਣੀ ਕੰਨਾਂ ਵਿੱਚ ਪਈ, ਕੋਈ ਦਿਲਚਸਪੀ ਨਹੀਂ ਬਣੀ, ਮੈਂ ਸੋਚਿਆ ਕੋਈ ਪ੍ਰਮਾਤਮਾ ਨਹੀਂ ਹੁੰਦਾ, ਸਭ ਗਲਤ ਗੱਲਾਂ ਨੇ, ਮੈਂ ਉੱਠ ਕੇ ਤੁਰ ਪਿਆ। ਜਦੋਂ ਉਸ ਮੰਦਰ ਕੋਲੋਂ ਲੰਘਣ ਲਗਿਆ ਤਾਂ ਉੱਥੇ ਭੋਜਨ-ਭੰਡਾਰਾ ਭਾਵ ਲੰਗਰ ਤਿਆਰ ਹੋ ਰਿਹਾ ਸੀ, ਮੈਂ ਭੋਜਨ ਖਾਣਾ ਸੀ। ਇਸ ਲਈ ਜਦ ਤੱਕ ਭੋਜਨ ਤਿਆਰ ਹੋਵੇ, ਉਦੋਂ ਤੱਕ ਸਮਾਂ ਲੰਘਾਉਣ ਲਈ ਮੈਂ ਸ਼ਰਧਾਲੂਆਂ ਵਿੱਚ ਬੈਠ ਗਿਆ। ਪੰਡਤ ਜੀ ਭਗਵਾਨ ਸ਼ਿਵ ਦੀ ਕਥਾ ਸੁਣਾ ਰਹੇ ਸੀ। ਮੇਰੇ ਮਨ ਵਿੱਚ ਆਇਆ ਕਿ ਚੱਲ ਉੱਠ, ਏਥੇ ਤਾਂ ਸਿਰ'ਚ ਦਰਦ ਹੋਣ ਲੱਗ ਗਿਆ। ਪਰ ਮੈਂ ਰਾਤ ਕੱਟਣੀ ਸੀ, ਇਸ ਲਈ ਨਹੀਂ ਉੱਠਿਆ, ਬਾਅਦ ਵਿੱਚ ਸਾਰੇ ਸ਼ਰਧਾਲੂ ਚਲੇ ਗਏ। ਪੰਡਤ ਜੀ ਬਹੁਤ ਨੇਕ ਅਤੇ ਦਿਆਲੂ ਸਨ। ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਬੇਟਾ! ਤੁਸੀਂ ਨਹੀ ਗਏ, ਕੀ ਤੁਸੀਂ ਬਾਹਰ ਦੇ ਰਹਿਣ ਵਾਲੇ ਹੋ? ਮੈਂ ਕਿਹਾ ਜੀ, ਮੇਰਾ ਇਸ ਸੰਸਾਰ ਵਿੱਚ ਨਾ ਕੋਈ ਪਿੰਡ ਹੈ, ਨਾ ਘਰ ਤੇ ਨਾ ਹੀ ਪਰਿਵਾਰ ਹੈ। ਮੈਂ ਆਪਣੀ ਦਰਦ ਭਰੀ ਕਥਾ ਸੁਣਾ ਦਿੱਤੀ। ਪੰਡਤ ਜੀ ਦੀ ਅੱਖ ਭਰ ਆਈ ਅਤੇ ਸੀਨੇ ਨਾਲ ਲਾ ਕੇ ਕਿਹਾ ਪੁੱਤ, ਜਿਸਦਾ ਕੋਈ ਨਹੀਂ ਹੁੰਦਾ, ਉਸ ਦਾ ਭਗਵਾਨ ਹੁੰਦਾ ਹੈ। ਤੁਸੀਂ ਇੱਥੇ ਮੰਦਰ ਵਿੱਚ ਰਹੋ, ਸੇਵਾ ਕਰੋ ਅਤੇ ਸਤਿਸੰਗ ਸੁਣੋ। ਫਿਰ ਦੀਕਸ਼ਾ ਲੈ ਕੇ ਆਪਣਾ ਮਨੁੱਖੀ ਜੀਵਨ ਸਫ਼ਲ ਕਰੋ। ਇੱਕ ਦਿਨ ਸਾਰੇ ਸੰਸਾਰ ਛੱਡ ਕੇ ਜਾਣਗੇ, ਏਥੇ ਨਾ ਕੋਈ ਰਿਹਾ ਹੈ, ਨਾ ਕੋਈ ਰਹੇਗਾ, ਚਿੰਤਾ ਛੱਡ ਕੇ ਮਨੁੱਖੀ ਜੀਵਨ ਦਾ ਮੂਲ ਕਾਰਜ ਸੰਭਾਲ ਪੁੱਤਰ! ਕਾਗਭੁਸੰਡ ਜੀ ਨੇ ਕਿਹਾ, ਹੇ ਗਰੁੜ ਦੇਵ! ਮੈਂ ਛੇ ਮਹੀਨੇ ਲਗਾਤਾਰ ਪੰਡਤ ਜੀ ਦਾ ਸਤਿਸੰਗ ਸੁਣਦਾ ਰਿਹਾ। ਪਰ ਅਜਿਹਾ ਲਗਦਾ ਸੀ ਜਿਵੇਂ ਮਲੇਰੀਆ ਦੇ ਮਰੀਜ਼ ਨੂੰ ਭੋਜਨ (ਕੌੜਾ) ਮਹਿਸੂਸ ਹੁੰਦਾ ਹੈ। ਪੰਡਿਤ ਜੀ ਹਰ ਰੋਜ਼ ਕਹਿੰਦੇ ਬੇਟਾ! ਦੀਕਸ਼ਾ ਲੈ, ਫਿਰ ਤੁਹਾਡਾ ਜੀਵਨ ਸਫਲ ਹੋਵੇਗਾ। ਮੈਂ ਕਹਿੰਦਾ ਰਿਹਾ ਕਿ ਮੈਂ ਜ਼ਰੂਰ ਦੀਕਸ਼ਾ ਲਵਾਂਗਾ ਪਰ ਹਾਲੇ ਨਹੀਂ। ਹੇ ਗਰੁੜ ਦੇਵ! ਮੇਰੇ ਪਿਛਲੇ ਜਨਮ ਦੇ ਪਾਪਾਂ ਦਾ ਏਨਾ ਬੁਰਾ ਪ੍ਰਭਾਵ ਸੀ ਕਿ ਛੇ ਮਹੀਨਿਆਂ ਤੱਕ ਹਰੀ ਸ਼ਰਚਾ ਸੁਣਨ ਤੋਂ ਬਾਅਦ, ਇੱਕ ਦਿਨ ਮੈਂ ਨਾ ਚਾਹੁੰਦੇ ਹੋਏ ਵੀ ਦੀਕਸ਼ਾ ਲੈ ਲਈ। ਜੋ ਕਥਾ ਗੁਰੂ ਜੀ ਸੁਣਾਇਆ ਕਰਦੇ ਸਨ , ਉਹ ਕਥਾਵਾਂ ਮੈਨੂੰ ਵੀ ਯਾਦ ਹੋ ਗਈਆਂ। ਗੁਰੂ ਜੀ ਗ੍ਰਹਿਸਤੀ ਸਨ। ਉਹ ਰਾਤ ਨੂੰ ਘਰ ਜਾਂਦੇ ਸਨ। ਸਵੇਰੇ ਪੂਜਾ ਕਰਨ ਮੰਦਰ ਵਿੱਚ ਆਉਂਦੇ ਸੀ, ਉਹ ਕੁਝ ਸਮੇਂ ਲਈ ਕਥਾ ਕਰਦੇ ਸੀ। ਗੁਰੂ ਜੀ ਦੀ ਗੈਰਹਾਜ਼ਰੀ ਵਿੱਚ ਮੈਂ ਕਥਾ ਕਰਿਆ ਕਰਦਾ ਸੀ। ਮੈਂ ਜਵਾਨ ਸੀ, ਮੇਰੀ ਅਵਾਜ਼ ਵੀ ਸੁਰੀਲੀ ਸੀ। ਸਰੋਤੇ ਮੇਰੀ ਪ੍ਰਸ਼ੰਸਾ ਕਰਦੇ ਸਨ, ਕਹਿੰਦੇ ਸਨ ਕਿ ਤੁਸੀਂ ਤਾਂ ਗੁਰੂ ਜੀ ਵਾਂਗ ਹੀ ਕਥਾ ਕਰਦੇ ਹੋ, ਜ਼ਿਆਦਾਤਰ ਲੋਕ ਕਹਿੰਦੇ ਸਨ ਕਿ ਚੇਲਾ ਗੁਰੂ ਜੀ ਨਾਲੋਂ ਵੀ ਵੱਧ ਗਿਆ ਹੈ, ਪੰਡਿਤ ਜੀ ਨਾਲੋਂ ਵੀ ਵਧੀਆ ਕਥਾ ਕਰਦਾ ਹੈ। ਸਰੋਤਿਆਂ ਦੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਮੈਂ ਹੰਕਾਰੀ ਹੋ ਗਿਆ। ਮੈਨੂੰ ਹੰਕਾਰ ਹੋ ਗਿਆ, ਜੋ ਮੇਰੀ ਤਬਾਹੀ ਦਾ ਕਾਰਨ ਬਣਿਆ। ਇਕ ਦਿਨ ਮੈਂ ਗੁਰੂ ਜੀ ਦੇ ਆਉਣ ਤੋਂ ਪਹਿਲਾਂ ਮੰਦਰ ਦੇ ਵਿਹੜੇ ਵਿੱਚ ਬੈਠ ਕੇ ਕਥਾ ਸੁਣਾ ਰਿਹਾ ਸੀ। ਸਰੋਤੇ ਮਗਨ ਹੋ ਕੇ ਸੁਣ ਰਹੇ ਸਨ। ਪੰਡਿਤ ਜੀ ਮੰਦਰ ਵਿੱਚ ਦਾਖਲ ਹੋਏ। ਪਹਿਲਾਂ ਜਦੋਂ ਵੀ ਗੁਰੂ ਜੀ ਮੰਦਰ ਵਿੱਚ ਆਉਂਦੇ ਸਨ, ਮੈਂ ਖੜ੍ਹਾ ਹੋ ਕੇ ਸਤਿਕਾਰ

ਕਰਦਾ ਸੀ। ਉਸ ਦਿਨ ਸਰੋਤੇ ਖੜੇ ਹੋ ਗਏ, ਪਰ ਮੈਂ ਬੈਠਾ ਰਿਹਾ ਅਤੇ ਬੈਠੇ ਬੈਠੇ ਹੀ ਪ੍ਰਣਾਮ ਕਰ ਦਿੱਤਾ। ਗੁਰੂ ਜੀ ਮਹਾਨ ਸਨ। ਉਸਨੇ ਮੇਰੀ ਇਸ ਦੁਸ਼ਟਤਾ ਵੱਲ ਕੋਈ ਧਿਆਨ ਨਹੀਂ ਦਿੱਤਾ, ਸਿੱਧੇ ਭਗਵਾਨ ਸ਼ਿਵ ਦੀ ਮੂਰਤੀ ਦੇ ਸਾਮ੍ਹਣੇ ਗਏ ਅਤੇ ਆਰਤੀ ਕਰਨ ਦੀ ਤਿਆਰੀ ਕਰਨ ਲੱਗੇ। ਆਰਤੀ ਸ਼ੁਰੂ ਹੀ ਕੀਤੀ ਸੀ, ਉਸੇ ਸਮੇਂ ਭਗਵਾਨ ਸ਼ਿਵ ਨੇ ਅਕਾਸ਼ਵਾਣੀ ਕੀਤੀ। ਉਹਨਾਂ ਦੀ ਅਵਾਜ਼ ਬਹੁਤ ਭਿਆਨਕ ਸੀ। ਉਹਨਾਂ ਨੇ ਕਿਹਾ, ਮੂਰਖ! ਤੁਸੀਂ ਮੇਰੇ ਪਰਮ ਭਗਤ, ਆਪਣੇ ਗੁਰੂਦੇਵ ਦਾ ਨਿਰਾਦਰ ਕੀਤਾ ਹੈ, ਖੜ੍ਹਾ ਹੋ ਕੇ ਸਤਿਕਾਰ ਨਹੀਂ ਕੀਤਾ। ਜਦ ਤੂੰ ਆਪਣੇ ਗੁਰੂ ਦਾ ਨਿਰਾਦਰ ਕਰ ਸਕਦਾ ਹੈ, ਤਾਂ ਤੂੰ ਮੇਰਾ ਕੀ ਸਤਿਕਾਰ ਕਰੇਂਗਾ? ਮੈਨੂੰ ਤੇਰੇ ਵਰਗੇ ਭਸਮਾਸੁਰਾਂ ਦੀ ਜ਼ਰੂਰਤ ਨਹੀਂ ਹੈ। ਗੁਰੂ ਨੂੰ ਇਸ਼ਟਦੇਵ ਦਾ ਰੂਪ ਮੰਨ ਕੇ ਭਗਤੀ ਕਰਨੀ ਚਾਹੀਦੀ ਹੈ। ਇਸ਼ਟਦੇਵ ਅਨੁਮਾਨ ਲਗਾਉਂਦਾ ਹੈ ਕਿ ਜੋ ਭਗਤ ਮੇਰੇ ਪ੍ਰਤੀਨਿਧੀ ਸੰਤ (ਗੁਰੂ) ਨਾਲ ਸਲੂਕ ਕਰਦਾ ਹੈ ਉਹ ਮੇਰੇ ਨਾਲ ਵੀ ਅਜਿਹਾ ਕਰੇਗਾ। ਹੁਣ ਤੂੰ ਇਕ ਲੱਖ ਸਾਲ ਲਈ ਨਰਕ ਵਿੱਚ ਰਹੇਗਾ। ਕਾਗਭੁਸੰਡ ਨੇ ਦੱਸਿਆ ਕਿ ਹੇ ਖਗੇਸ਼! ਜਦੋਂ ਮੇਰੇ ਗੁਰੂ ਜੀ ਨੇ ਇਹ ਅਕਾਸ਼ਵਾਣੀ ਸੁਣੀ, ਉਸਨੇ ਮੈਨੂੰ ਬੁਲਾਇਆ ਅਤੇ ਕਿਹਾ ਕਿ ਪੁੱਤਰ! ਤੁਸੀਂ ਕਿਹੜੀ ਗਲਤੀ ਕੀਤੀ? ਜਿਸ ਕਾਰਨ ਭਗਵਾਨ ਨਾਰਾਜ਼ ਹੋ ਗਏ। ਮੁਆਫੀ ਮੰਗੋ ਭਗਵਾਨ ਦੇ ਅੱਗੇ। ਗੁਰੂ ਜੀ ਨੇ ਮੇਰੇ ਲਈ ਭਗਵਾਨ ਸ਼ਿਵ ਤੋਂ ਮਾਫੀ ਮੰਗੀ, ਕਿਹਾ, ਹੇ ਪ੍ਰਭੂ! ਇਹ ਤੁਹਾਡਾ ਬੱਚਾ ਹੈ, ਇਸਨੂੰ ਮਾਫ ਕਰੋ, ਦਾਤਾ। ਲੰਬੇ ਸਮੇਂ ਤੱਕ ਬੇਨਤੀ ਕਰਨ ਤੋਂ ਬਾਅਦ, ਭਗਵਾਨ ਸ਼ਿਵ ਦੀ ਅਕਾਸ਼ਬਾਣੀ ਹੋਈ ਕਿ ਇਸ ਪਾਪੀ ਲਈ ਮੁਆਫੀ ਦੀ ਕੋਈ ਜਗ੍ਹਾ ਨਹੀਂ, ਇਸਨੂੰ ਇੱਕ ਲੱਖ ਸਾਲ ਲਈ ਨਰਕ ਵਿੱਚ ਰਹਿਣਾ ਪਵੇਗਾ। ਗੁਰੂ ਜੀ ਨੇ ਫਿਰ ਸਤੁਤੀ ਕੀਤੀ, ਤਦ ਭਗਵਾਨ ਸ਼ਿਵ ਨੇ ਕਿਹਾ ਕਿ ਮੈਂ ਤੇਰੇ ਗੁਰੁਦੇਵ ਜੀ ਦੀ ਅਰਜ਼ ਨਾਲ ਖੁਸ਼ ਹਾਂ, ਪਰੰਤੂ ਜੋ ਸ਼ਬਦ ਮੈਂ ਬੋਲ ਦਿੱਤੇ ਉਹ ਵਾਪਸ ਨਹੀਂ ਕੀਤੇ ਜਾ ਸਕਦੇ। ਤੇਰੇ ਗੁਰੂ ਜੀ ਦੇ ਕਾਰਨ, ਮੈਂ ਤੈਨੂੰ ਇੰਨੀ ਰਾਹਤ ਦਿੰਦਾ ਹਾਂ ਕਿ ਨਰਕ ਵਿੱਚ ਤੈਨੂੰ ਜਮ ਦੇ ਦੂਤ ਤੰਗ ਨਹੀਂ ਕਰਨਗੇ। ਪਰ ਰਹਿਣਾ ਨਰਕ ਵਿੱਚ ਹੀ ਪਵੇਗਾ। (ਉਦਾਹਰਨ ਦੇ ਤੌਰ ਤੇ ਜਿਵੇਂ ਕਿਸੇ ਵਿਅਕਤੀ ਨੂੰ ਸਜ਼ਾ ਹੋ ਜਾਵੇ ਅਤੇ ਉਹ ਜੇਲ੍ਹ ਵਿੱਚ ਰਹਿੰਦਾ ਹੈ। ਜੇਕਰ ਕੋਈ ਮੰਤਰੀ ਉਸਦਾ ਜਾਣਕਾਰ ਹੋਵੇ ਤਾਂ ਉਹ ਜੇਲ੍ਹ ਉਸ ਲਈ ਦੁਖਦਾਈ ਨਹੀਂ ਰਹਿੰਦੀ। ਸਾਰਾ ਪ੍ਰਸ਼ਾਸਨ ਉਸਦੀ ਮਦਦ ਕਰਦਾ ਹੈ। ਪਰ ਰਹਿਣਾ ਉਸਨੂੰ ਜੇਲ੍ਹ ਵਿਚ ਹੀ ਪੈਂਦਾ ਹੈ। ਸਜ਼ਾ ਪੂਰੀ ਹੋਣ ਤੇ ਹੀ ਜੇਲ੍ਹ ਤੋਂ ਰਿਹਾਅ ਹੋ ਸਕਦਾ ਹੈ।)

ਕਾਗਭੁਸੰਡ ਨੇ ਦੱਸਿਆ ਕਿ ਮੈਂ ਨਰਕ ਵਿੱਚ ਇੱਕ ਲੱਖ ਸਾਲ ਤੱਕ ਰਿਹਾ, ਪਰ ਭਗਵਾਨ ਸ਼ਿਵ ਦੀ ਕ੍ਰਿਪਾ ਨਾਲ ਜਮਦੂਤਾਂ ਨੇ ਮੈਨੂੰ ਕੋਈ ਸਜ਼ਾ ਨਹੀਂ ਦਿੱਤੀ।

ਹੇ ਖਗੇਸ਼! ਫਿਰ ਮੇਰਾ ਜਨਮ ਮਨੁੱਖ ਦਾ ਹੋਇਆ। ਮੇਰੀ ਆਤਮਾ ਵਿੱਚ ਭਗਤੀ ਬੀਜ ਪੈ ਗਿਆ ਸੀ। ਇੱਕ ਮਿੱਤਰ ਦੇ ਵਾਰ-ਵਾਰ ਕਹਿਣ ਤੇ ਮੈਂ ਸਤਿਸੰਗ ਵਿੱਚ ਗਿਆ। ਮੇਰੇ ਜਿੱਦੀ ਸੁਭਾਅ ਅਤੇ ਨਰਕ ਦੇ ਪ੍ਰਭਾਵ ਕਾਰਨ ਬਹੁਤ ਲੰਮੇ ਸਮੇਂ ਬਾਅਦ ਦੀਕਸ਼ਾ ਲੈਣ ਦੀ ਇੱਛਾ ਬਣੀ। ਫਿਰ ਇੱਕ ਦਿਨ ਲੋਮਸ਼ ਰਿਸ਼ੀ ਸਤਿਸੰਗ ਕਰ ਰਹੇ ਸੀ। ਮੈਂ ਸਤਿਸੰਗ ਸੁਣਨ ਗਿਆ। ਉਸ ਦਿਨ ਪਰਮਾਤਮਾ ਦੇ ਸਰਗੁਣ ਹੋਣ ਦਾ ਪ੍ਰਮਾਣ ਦੱਸਿਆ ਜਾ ਰਿਹਾ ਸੀ। ਮੈਂ ਆਪਣੇ ਅਗਿਆਨ ਕਾਰਣ ਲੋਮਸ਼ ਰਿਸ਼ੀ ਨੂੰ ਕਿਹਾ ਕਿ ਸਰਗੁਣ ਤਾਂ ਨਾਸ਼ਵਾਨ ਹੈ, ਮੈਂ ਤਾਂ ਨਿਰਗੁਣ ਪਰਮਾਤਮਾ ਦੀ ਭਗਤੀ ਕਰਨਾ ਚਾਹੁੰਦਾ ਹਾਂ। ਜੇਕਰ ਆਪਜੀ ਨੂੰ ਗਿਆਨ ਹੈ ਤਾਂ ਦੱਸੋ? ਲੋਮਸ਼ ਰਿਸ਼ੀ ਨੇ ਆਖਿਆ ਕਿ ਸਰਗੁਣ ਬਿਨਾ ਨਿਰਗੁਣ ਨੂੰ ਕਿਵੇਂ ਜਾਣਿਆ ਜਾਵੇਗਾ? ਜਿਵੇਂ ਅੰਬ ਦੇ ਬੀਜ (ਗਿਟਕ ਜਾ ਗੁੱਠੀ) ਨੂੰ ਵੇਖਕੇ ਕੋਈ ਆਖ਼ੇ ਕਿ ਇਸ ਗਿਟਕ ਵਿੱਚ ਸਾਹਮਣੇ ਖੜ੍ਹੇ ਬਹੁਤ ਵੱਡੇ ਅੰਬ ਦੇ ਰੁੱਖ ਵਰਗਾ ਰੁੱਖ ਹੈ ਅਤੇ ਇਸ ਗਿਟਕ ਵਰਗੀਆਂ ਲੱਖਾਂ ਗਿਟਕਾਂ ਹਨ ਤਾਂ ਅਗਿਆਨੀ

ਨਹੀਂ ਮੰਨ ਸਕਦਾ। ਜਦੋਂ ਅੰਬ ਦਾ ਬੀਜ ਬੀਜਿਆ ਜਾਵੇਗਾ, ਅੰਬ ਦਾ ਰੁੱਖ ਬਣੇਗਾ। ਤਦ ਇਸ ਨਿਰਗੁਣ ਰੂਪ ਦੀ ਮਹਿਮਾ ਸਮਝੀ ਜਾਵੇਗੀ। ਇਸ ਲਈ ਸੂਕਸ਼ਮਵੇਦ ਵਿੱਚ ਆਖਿਆ ਹੈ ਕਿ:

ਸਰਗੁਣ ਬਿਨਾ ਨਿਰਗੁਣ ਕਯਾ ਗਾਵੈ, ਨਿਰਗੁਣ ਪਦ ਨਜ਼ਰੋਂ ਨਹੀਂ ਆਵੈ।
ਜੈਸੇ ਬ੍ਰਿਕਸ਼ ਬੀਜ ਕੇ ਮਾਹੀਂ, ਜਬ ਉਗਾ ਤਬ ਨਜ਼ਰੋਂ ਆਹੀਂ॥

ਕਾਗਭੁਸੰਡ ਨੇ ਦੱਸਿਆ ਕਿ ਹੇ ਗਰੁੜ ਦੇਵ! ਮੈਂ ਆਪਣੀ ਅਗਿਆਨਤਾ ਕਾਰਨ ਇਸ ਉਦਾਹਰਨ ਨੂੰ ਨਹੀਂ ਸਮਝ ਸਕਿਆ ਅਤੇ ਬਹੁਤ ਬਹਿਸ ਕਰਨ ਲੱਗਿਆ। ਤਦ ਲੋਮਸ਼ ਰਿਸ਼ੀ ਜੀ ਨੇ ਮੈਨੂੰ ਸ਼ਰਾਪ ਦੇ ਦਿੱਤਾ ਕਿ ਤੂੰ ਕਾਗ ਚੰਡਾਲ ਦੇ ਘਰ ਜਨਮ ਲਵੇਂਗਾ, ਤੂੰ ਚੰਡਾਲ ਵਿਅਕਤੀ ਹੈ। ਲੋਮਸ਼ ਰਿਸ਼ੀ ਦੇ ਇਸ ਸ਼ਰਾਪ ਨੂੰ ਸੁਣ ਕੇ ਮੈਂ ਬਹੁਤ ਦੁਖੀ ਹੋਇਆ। ਪਰ ਮੈਨੂੰ ਗੁੱਸਾ ਨਹੀਂ ਆਇਆ ਸਗੋਂ ਅਧੀਨ ਹੋਕੇ ਬੇਨਤੀ ਕੀਤੀ ਕਿ ਹੇ ਰਿਸ਼ੀਵਰ! ਮੇਰੇ ਤੋਂ ਗਲਤੀ ਹੋਈ ਹੈ, ਮਾਫ਼ ਕਰੋ। ਹੇ ਦਾਤਾ! ਮਾਫ਼ ਕਰੋ! ਮੇਰੀ ਆਧੀਨੀ ਅਤੇ ਬੇਨਤੀ ਤੋਂ ਪ੍ਰਭਾਵਿਤ ਹੋ ਕੇ ਲੋਮਸ਼ ਰਿਸ਼ੀ ਨੇ ਕਿਹਾ ਕਿ ਮੈਂ ਤੇਰੀ ਬੇਨਤੀ ਤੋਂ ਖੁਸ਼ ਹਾਂ। ਪਰ ਜਨਮ ਤਾਂ ਤੇਰਾ ਕਾਗ ਚੰਡਾਲ ਦੇ ਘਰ ਹੀ ਹੋਵੇਗਾ।

ਮੈਂ ਅਰਦਾਸ ਕੀਤੀ ਕਿ ਹੇ ਰਿਸ਼ੀ ਜੀ! ਮੈਨੂੰ ਆਸ਼ਿਰਵਾਦ ਦਿਓ ਕਿ ਮੇਰਾ ਜਨਮ ਕਿਤੇ ਵੀ ਹੋਵੇ, ਮੈਨੂੰ ਪਰਮਾਤਮਾ ਦੀ ਭਗਤੀ ਦੀ ਭੁੱਲ ਨਾ ਹੋਵੇ। ਲੋਮਸ ਰਿਸ਼ੀ ਨੇ ਕਿਹਾ ਤਥਾਸਤੂ, ਤੈਨੂੰ ਭਗਤੀ ਯਾਦ ਰਹੇਗੀ।

ਹੇ ਗਰੁੜ ਦੇਵ! ਫਿਰ ਇੱਕ ਦਿਨ ਸ਼੍ਰੀ ਬ੍ਰਹਮਾ ਜੀ ਦੀ ਪਤਨੀ ਆਪਣੀ ਹੰਸਨੀ ਨੂੰ ਲੈਕੇ ਕਾਗਭੁਸੰਡ ਦੇ ਕੋਲ ਗਰਭ ਧਾਰਨ ਕਰਵਾਉਣ ਗਈ। ਮੇਰਾ ਜਨਮ ਹੰਸਨੀ ਤੋਂ ਕਾਗਭੁਸੰਡ ਦੇ ਬੀਜ ਤੋਂ ਹੋਇਆ। ਤੁਸੀ ਦੇਖ ਰਹੇ ਹੋ ਮੇਰੀ ਚੁੰਝ ਤਾਂ ਕਾਂ ਵਰਗੀ ਹੈ ਅਤੇ ਸਰੀਰ ਦੇਵਤੇ ਵਰਗਾ ਹੈ। ਮੈਂ ਭਗਵਾਨ ਵਿਸ਼ਨੂੰ ਦਾ ਪੂਜਨ ਕਰਦਾ ਸੀ। ਭਗਵਾਨ ਸ਼ਿਵ ਦੀ ਭਗਤੀ ਕਰਦਾ ਸੀ। ਇੱਕ ਦਿਨ ਇੱਕ ਤੱਤਵਦਰਸ਼ੀ ਸੰਤ ਜੋਗਜੀਤ ਦਾ ਸੰਗ ਪ੍ਰਾਪਤ ਹੋਇਆ। ਮੈਂ ਪਹਿਲਾਂ ਬਹੁਤ ਗਲਤੀਆਂ ਕੀਤੀਆਂ ਸੀ। ਜਿਸ ਦੇ ਡਰ ਕਾਰਨ ਮੈਂ ਉਸ ਸੰਤ ਜੋਗਜੀਤ ਜੀ ਨਾਲ ਬਹੁਤ ਨਿਮਰਤਾ ਨਾਲ ਪੇਸ਼ ਆਇਆ। ਉਨ੍ਹਾਂ ਦਾ ਗਿਆਨ ਸੁਣਿਆ, ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਉਸ ਮਹਾਤਮਾ ਨੇ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਤੋਂ ਵੀ ਉੱਪਰ ਪਰਮਾਤਮਾ ਦੱਸਿਆ। ਪਹਿਲਾ ਤਾਂ ਉਹਨਾਂ ਦੀਆਂ ਸਾਰੀਆਂ ਗੱਲਾਂ ਵਿਸ਼ਵਾਸ ਨਾ ਕਰਨ ਵਾਲੀਆਂ ਲੱਗੀਆਂ, ਪਰ ਅੱਜ ਜਦੋਂ ਭਗਵਾਨਾਂ ਨਾਲ ਚਰਚਾ ਕੀਤੀ ਤਾਂ ਤਿੰਨਾਂ ਨੇ ਕਿਹਾ ਉਹ ਪਰਮ ਸੰਤ ਹੈ। ਉਹ ਜੋ ਗਿਆਨ ਦੱਸ ਰਿਹਾ ਹੈ, ਉਹ ਤੱਤਵ ਗਿਆਨ ਹੈ। ਜਿਹੜੇ ਸਤਪੁਰਸ਼ (ਪੂਰਨ ਬ੍ਰਹਮ) ਦਾ ਉਹ ਗਿਆਨ ਸੁਣਾਉਂਦਾ ਹੈ, ਉਹ ਸਭ ਦੀ ਪਹੁੰਚ ਤੋਂ ਬਾਹਰ ਹੈ। ਉਸ ਦੀ ਪ੍ਰਾਪਤੀ ਲਈ ਯਤਨ ਕਰਨਾ ਵਿਅਰਥ ਹੈ। ਇਹ ਵਚਨ ਤਿੰਨਾਂ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ) ਦੇ ਸ਼੍ਰੀ ਮੁਖ ਤੋਂ ਸੁਣਦਿਆਂ ਹੀ ਉਸ ਸੰਤ ਵਿੱਚ ਵਿਸ਼ਵਾਸ ਪੱਕਾ ਹੋ ਗਿਆ ਕਿ ਕੋਈ ਪਰਮ ਪੁਰਸ਼ ਹੈ। ਸੰਤ ਜੀ ਦਾ ਗਿਆਨ ਸੱਚਾ ਹੈ ਤਾਂ ਇਹ ਵੀ ਸੱਚ ਹੋਵੇਗਾ ਕਿ ਮੇਰੇ ਕੋਲ਼ (ਸੰਤ ਜੋਗਜੀਤ ਜੀ ਕੋਲ) ਉਸ ਪੂਰਨ ਬ੍ਰਹਮ ਦੀ ਪ੍ਰਾਪਤੀ ਦਾ ਮੰਤਰ ਹੈ, ਉਸਦੀ ਸਾਧਨਾ ਨਾਲ ਉਹਦੀ ਪ੍ਰਾਪਤੀ ਸਰਲਤਾ ਨਾਲ ਹੋ ਜਾਵੇਗੀ।

ਹੇ ਗਰੁੜ ਦੇਵ! ਮੈਂ ਮਹਾਤਮਾ ਜੋਗਜੀਤ ਜੀ ਤੋਂ ਦੀਕਸ਼ਾ ਲੈ ਲਈ ਹੈ। ਉਸ ਤੋਂ ਬਾਅਦ ਅੱਜ ਤੱਕ ਮੈਂ ਉਨ੍ਹਾਂ ਦੇ ਦੱਸੇ ਨਾਮ ਦਾ ਜਾਪ ਕਰ ਰਿਹਾ ਹਾਂ ਜਿਸ ਨਾਲ ਮੈਨੂੰ ਅੱਜ ਇਹ ਸਥਿਤੀ ਪ੍ਰਾਪਤ ਹੋਈ ਹੈ।

ਪਾਠਕਾਂ ਨੂੰ ਬਿਨਤੀ ਹੈ ਕਿ ਕਾਗਭੁਸੰਡ ਜੀ ਨੂੰ ਸਿਰਫ ਪਹਿਲਾਂ ਮੰਤਰ ਪ੍ਰਾਪਤ ਹੈ। ਕਿਉਂਕਿ ਸੰਪੂਰਨ ਸਾਧਨਾ ਦੇ ਸੰਪੂਰਨ ਮੰਤਰ ਹੁਣ ਜਦੋਂ ਕਲਯੁੱਗ ਦੇ 5505 ਸਾਲ ਸੰਨ 1997

ਵਿੱਚ ਪੂਰੇ ਹੋ ਗਏ ਤੱਦ ਦਿੱਤੇ ਜਾਣੇ ਸੀ। ਉਹ ਸਤਨਾਮ ਅਤੇ ਸਾਰਨਾਮ ਹੁਣ ਦਿੱਤਾ ਜਾਵੇਗਾ। ਉਹ ਸੰਪੂਰਨ ਮੁਕਤੀ ਦੇ ਮੰਤਰ ਮੇਰੇ (ਸੰਤ ਰਾਮਪਾਲ ਦਾਸ) ਕੋਲ਼ ਹਨ। ਹੁਣ ਉਹ 1997 ਤੋਂ ਦੀਕਸ਼ਾ ਲੈਣ ਵਾਲੇ ਨੂੰ ਵਿਧੀ ਅਨੁਸਾਰ ਪ੍ਰਦਾਨ ਕੀਤਾ ਜਾ ਰਿਹਾ ਹੈ।

ਉਪਰੋਕਤ ਕਥਾ ਤੋਂ ਇਹ ਸਪਸ਼ਟ ਹੈ ਕਿ ਭਗਤੀ ਕੀਤੀ ਜਾਣੀ ਚਾਹੀਦੀ ਹੈ। ਇਹ ਪਵਿੱਤਰ ਗੀਤਾ ਵਿੱਚ ਲਿਖਿਆ ਗਿਆ ਹੈ। ਇਹੀ ਆਦੇਸ਼ ਵੇਦਾਂ ਵਿੱਚ ਵੀ ਹੈ। ਯਜੁਰਵੇਦ ਅਧਿਆਇ 40 ਮੰਤਰ 15 ਵਿੱਚ ਕਿਹਾ ਹੈ ਕਿ ਓਮ ਨਾਮ ਦਾ ਸਿਮਰਨ ਕੰਮ ਕਰਦੇ-ਕਰਦੇ ਕਰੋ, ਵਿਸ਼ੇਸ਼ ਕਸਕ (ਤੜਫ) ਨਾਲ ਸਿਮਰਨ ਕਰੋ, ਮਨੁੱਖੀ ਜੀਵਨ ਦਾ ਮੂਲ ਉਦੇਸ਼ ਨੂੰ ਸਮਝ ਕੇ ਸਿਮਰਨ ਕਰੋ।

ਸੂਕਸ਼ਮਵੇਦ ਵਿੱਚ ਲਿਖਿਆ ਹੈ ਕਿ :-

ਭਜਨ ਕਰ ਰਾਮ ਦੁਹਾਈ ਰੇ, ਭਜਨ ਕਰ ਰਾਮ ਦੁਹਾਈ ਰੇ।
ਜਨਮ ਅਨਮੋਲਾ ਤੁਝੇ ਮਿਲਾ, ਨਰ ਦੇਹੀ ਪਾਈ ਰੇ॥
ਕਬੀਰ ਲੂਟ ਸਕੋ ਤੋ ਲੁਟਿਓ, ਰਾਮ ਨਾਮ ਕੀ ਲੂਟ।
ਫਿਰ ਪੀਛੇ ਪਛਤਾਓਗੇ, ਪ੍ਰਾਣ ਜਾਹਿਗੇ ਛੂਟ॥
ਕਬੀਰ, ਹਰਿ ਕਿ ਭਗਤੀ ਬਿਨ, ਧਿਕ ਜੀਵਨ ਸੰਸਾਰ।
ਧੂਵੈਂ ਜੈਸਾ ਧੌਲਹਰ, ਜਾਤ ਨ ਲਾਗੇ ਵਾਰ॥

❖ ਇਹ ਵੀ ਸਿੱਧ ਹੋਇਆ ਕਿ ਜਿਹੜਾ ਜੀਵ ਮਾਨਵ ਸਰੀਰ ਤੋਂ ਦੁਬਾਰਾ ਮਾਨਵ ਸਰੀਰ ਪ੍ਰਾਪਤ ਕਰਦਾ ਹੈ, ਉਹ ਜਲਦੀ ਭਗਤੀ ਤੇ ਲੱਗ ਜਾਂਦਾ ਹੈ। ਜਿਹੜਾ ਜੀਵ ਕ੍ਰਮਅਨੁਸਾਰ (**Turn Wise**) 84 ਲੱਖ ਪ੍ਰਕਾਰ ਦੇ ਜੀਵਾਂ ਦੇ ਸਰੀਰ ਵਿੱਚ ਦੁੱਖ ਭੋਗ ਕੇ ਮਨੁੱਖ ਦਾ ਜਨਮ ਪ੍ਰਾਪਤ ਕਰਦਾ ਹੈ, ਉਹ ਭਗਤੀ ਨਹੀਂ ਕਰਦਾ। ਜੇਕਰ ਉਸ ਨੂੰ ਭਗਤੀ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ ਤਾਂ ਉਹ ਜਲਦੀ ਸਵੀਕਾਰ ਨਹੀਂ ਕਰਦਾ।

❖ ਗੁਰੂ-ਗੁਰੂ ਵਿੱਚ ਬਹੁਤ ਅੰਤਰ ਹੈ, ਜਿਵੇਂ ਕਾਗਭੁਸੁੰਡ ਜੀ ਦਾ ਪਹਿਲਾ ਗੁਰੂ ਪੰਡਿਤ ਜੀ ਸਿਰਫ ਤਮਗੁਣ ਭਗਵਾਨ ਸ਼ਿਵ ਜੀ ਦੀ ਭਗਤੀ ਦਾ ਮਾਰਗ ਦੱਸਦਾ ਸੀ।

❖ ਫਿਰ ਲੋਮਸ ਰਿਸ਼ੀ ਸਿਰਫ ਬ੍ਰਹਮ ਸਾਧਨਾ ਦੀ ਪ੍ਰੇਰਣਾ ਕਰਦਾ ਸੀ। ਲੇਕਿਨ ਬ੍ਰਹਮ ਦਾ ਸਾਕਾਰ ਰੂਪ ਸ੍ਰੀ ਵਿਸ਼ਨੂੰ ਜੀ ਨੂੰ ਹੀ ਮੰਨਦਾ ਸੀ।

❖ ਫਿਰ ਜੋਗਜੀਤ ਜੀ ਗੁਰੂ ਮਿਲੇ ਜਿਨ੍ਹਾਂ ਦੇ ਕੋਲ ਸੰਪੂਰਣ ਅਧਿਆਤਮਿਕ ਗਿਆਨ ਅਤੇ ਪੂਰਨ ਮੁਕਤੀ ਦਾ ਮਾਰਗ ਸੀ। ਜਿਸ ਨਾਲ ਕਾਗਭੁਸੰਡ ਜੀ ਮੁਕਤੀ ਦੇ ਅਧਿਕਾਰੀ ਹੋਏ। ਹੁਣ ਜਦ ਵੀ ਕਾਗਭੁਸੰਡ ਜੀ ਨੂੰ ਧਰਤੀ ਤੇ ਮਨੁੱਖੀ ਸਰੀਰ ਪ੍ਰਾਪਤ ਹੋਵੇਗਾ, ਤਦ ਉਸ ਨੂੰ ਫਿਰ ਤੋਂ ਸਤਿਗੁਰੂ ਮਿਲਣਗੇ ਤੇ ਮੋਕਸ਼ ਮੰਤਰ ਦੇ ਕੇ ਉਸ ਦਾ ਕਲਿਆਣ ਕਰਨਗੇ। ਕੁਝ ਸਮੇਂ ਬਾਅਦ ਪਰਲੋਕ ਦੇ ਦੇਵਤਾ ਵੀ ਦੇਵ ਲੋਕ ਨੂੰ ਛੱਡ ਕੇ ਧਰਤੀ ਤੇ ਜਨਮ ਲੈਣਗੇ ਤੇ ਆਪਣਾ ਕਲਿਆਣ ਕਰਵਾਉਣਗੇ। ਉਪਰੋਕਤ ਪ੍ਰਕਰਣ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਪੂਰੇ ਗੁਰੂ ਤੋਂ ਹੀ ਪੂਰਨ ਮੁਕਤੀ ਸੰਭਵ ਹੈ।

❖ ਉਸੇ ਪ੍ਰਸੰਗ ਨੂੰ ਅੱਗੇ ਵਧਾਉਂਦੇ ਹਾਂ ਕਿ ਮਨੁੱਖੀ ਸਰੀਰ ਪ੍ਰਾਪਤ ਪ੍ਰਾਣੀ ਨੂੰ ਆਪਣਾ ਮਕਸਦ ਯਾਦ ਰੱਖਣਾ ਚਾਹੀਦਾ ਹੈ। ਭਗਤੀ ਕਰਕੇ ਆਪਣਾ ਕਲਿਆਣ ਕਰਵਾਉਣਾ ਚਾਹੀਦਾ ਹੈ।

ਸੂਖਸ਼ਮ ਵੇਦ ਵਿੱਚ ਲਿਖਿਆ ਹੈ ਕਿ :-

ਯਹ ਸੌਦਾ ਫਿਰ ਨਾਹੀਂ ਸੰਤੋ, ਯਹ ਸੌਦਾ ਫਿਰ ਨਾਹੀਂ ।
ਲੋਹੇ ਜੈਸਾ ਤਾਵ ਜਾਤ ਹੈ ਕਾਇਆ ਦੇਹ ਸਰਾਹੀ॥

तीन लोक और भुवन चतुरदस, सब जग सौदे आहीं।
दुगने-तिगुने कीऐ चौगुने, किनहुं मूल गवाहीं॥

**ਭਾਵ ਅਰਥ:- ਜਿਵੇਂ 2 ਵਪਾਰੀ ਦੂਰ ਕਿਸੇ ਸ਼ਹਿਰ ਵਿੱਚ ਸੌਦਾ ਕਰਨ ਲਈ ਗਏ ਅਤੇ ਪੰਜ-ਪੰਜ (5-5) ਲੱਖ ਰੁਪਏ ਮੂਲ ਧਨ ਲੈ ਗਏ। ਇੱਕ ਨੇ ਆਪਣੇ ਪੈਸੇ ਦੀ ਸਹੀ ਵਰਤੋਂ ਕੀਤੀ। ਧਰਮਸ਼ਾਲਾ ਜਾਂ ਹੋਟਲ ਵਿੱਚ ਕਿਰਾਏ ਤੇ ਕਮਰਾ ਲਿਆ। ਸਮਾਨ ਖਰੀਦਿਆ ਅਤੇ ਮਹਿੰਗੇ ਮੁੱਲ ਤੇ ਵੇਚਿਆ। ਜਿਸ ਨਾਲ ਉਸ ਨੇ 20 ਲੱਖ ਰੁਪਏ ਹੋਰ ਕਮਾ ਲਏ। ਦੋ ਸਾਲ ਵਿੱਚ ਵਾਪਸ ਆਪਣੇ ਘਰ ਆ ਗਿਆ। ਸਾਰੇ ਪਾਸੇ ਮਹਿਮਾ ਹੋਈ ਅਤੇ ਧਨੀ ਬਣ ਗਿਆ।**

**ਦੂਜੇ ਨੇ ਵੀ ਹੋਟਲ ਜਾਂ ਧਰਮਸ਼ਾਲਾ ਵਿੱਚ ਕਮਰਾ ਕਿਰਾਏ ਤੇ ਲਿਆ। ਸ਼ਰਾਬ ਪੀਣ ਲੱਗਾ, ਵੇਸਵਾਵਾਂ ਦੇ ਡਾਂਸ ਦੇਖਦਾ, ਖਾਦਾਂ ਅਤੇ ਸੌਂ ਜਾਂਦਾ। ਉਸ ਨੇ ਆਪਣਾ ਮੂਲ ਧਨ 5 ਲੱਖ ਰੁਪਏ ਵੀ ਖਤਮ ਕਰ ਦਿੱਤਾ, ਘਰ ਆਇਆ ਤਾਂ ਕਰਜ਼ਾ ਹੋ ਗਿਆ। ਜਿਸ ਤੋਂ 5 ਲੱਖ ਰੁਪਏ ਉਧਾਰ ਲੈ ਕੇ ਗਿਆ ਸੀ ਉਸਨੇ ਆਪਣੇ ਰੁਪਏ ਮੰਗੇ। ਨਾ ਦੇਣ ਤੇ ਉਸਨੂੰ ਆਪਣਾ ਮਜ਼ਦੂਰ ਬਣਾ ਕੇ ਰੱਖਿਆ ਤੇ ਉਸ ਤੋਂ 5 ਲੱਖ ਦਾ ਕਰਜ਼ਾ (ਪੈਸਾ) ਪੂਰਾ ਕੀਤਾ। ਉਪਰੋਕਤ ਬਾਣੀ ਦਾ ਇਹ ਭਾਵ ਹੈ ਕਿ ਤਿੰਨ ਲੋਕ (ਸਵਰਗ ਲੋਕ, ਪਾਤਾਲ ਲੋਕ ਅਤੇ ਪ੍ਰਿਥਵੀ ਲੋਕ) ਵਿੱਚ ਜਿਨ੍ਹੇ ਵੀ ਪ੍ਰਾਣੀ (ਜੀਵ) ਹਨ ਉਹ ਸਾਰੇ ਆਪਣਾ ਰਾਮ-ਨਾਮ ਦਾ ਸੌਦਾ ਕਰਨ ਆਏ ਹਨ। ਕਿਸੇ ਨੇ ਤਾਂ ਦੁਗਣਾ, ਤਿੰਨ ਗੁਣਾ, ਚਾਰ ਗੁਣਾ ਪੈਸਾ ਕਮਾ ਲਿਆ ਭਾਵ ਪੂਰਨ ਸੰਤ ਤੋਂ ਦੀਕਸ਼ਾ (ਨਾਮ) ਲੈ ਕੇ ਮਨੁੱਖੀ ਜੀਵਨ ਦੇ ਸਾਹਾਂ ਦੀ ਪੂੰਜੀ (ਦੌਲਤ) ਜੋ ਕੇ ਮੂਲ ਧਨ ਹੈ, ਉਸ ਨੂੰ ਸੱਚੀ ਭਗਤੀ ਕਰਕੇ ਵਧਾਇਆ। ਹੋਰ ਮਨੁੱਖ ਜਿਨ੍ਹਾਂ ਨੇ ਭਗਤੀ ਨਹੀਂ ਕੀਤੀ, ਸ਼ਾਸਤਰ (ਗ੍ਰੰਥ) ਵਿਧੀ ਛੱਡ ਕੇ ਮਨਮਾਨ ਆਸ਼ਰਣ ਕੀਤਾ ਜਾਂ ਅਣਅਧਿਕਾਰੀ ਗੁਰੂ ਤੋਂ ਦੀਕਸ਼ਾ ਲੈ ਕੇ ਭਗਤੀ ਕੀਤੀ ਉਸ ਨੂੰ ਕੋਈ ਲਾਭ ਨਹੀਂ ਮਿਲਦਾ। ਇਹ ਪਵਿੱਤਰ ਗੀਤਾ ਜੀ ਅਧਿਆਇ 16 ਸ਼ਲੋਕ 23, 24 ਵਿੱਚ ਪਰਮਾਣ ਹੈ। ਜਿਸ ਕਰਕੇ ਉਸ ਨੇ ਵੀ ਆਪਣਾ ਮਨੁੱਖੀ ਜੀਵਨ ਦੇ ਸਾਹ ਰੂਪੀ ਮੂਲ ਧਨ ਨੂੰ ਸੱਚੀ ਭਗਤੀ ਦੇ ਬਿਨਾਂ ਖ਼ਤਮ ਕਰ ਲਿਆ।**

## ❖ ਭਗਤੀ ਨਾ ਕਰਨ ਨਾਲ ਹਾਨੀ ਦਾ ਹੋਰ ਵਿਵਰਣ :-

ਯਹ ਦਮ ਟੁੱਟੇ ਪਿੰਡਾ ਫੂਟੇ, ਹੋ ਲੇਖਾ ਦਰਗਾਹ ਮਾਹੀਂ।
ਉਸ ਦਰਗਾਹ ਮੇਂ ਮਾਰ ਪੜੇਗੀ, ਜਮ ਪਕੜੇਂਗੇ ਬਾਹੀਂ॥
ਨਰ - ਨਾਰਾਯਣ ਦੇਹਿ ਪਾਏ ਕਰ, ਫੇਰ ਚੌਰਾਸੀ ਜਾਹੀਂ।
ਉਸ ਦਿਨ ਕੀ ਮੋਹੇ ਡਰਨੀ ਲਾਗੇ, ਲੱਜਾ ਰਹਿ ਕੇ ਨਾਹੀਂ॥
ਜਾ ਸਤਿਗੁਰੂ ਕੀ ਮੈਂ ਬਲਿਹਾਰੀ, ਜੋ ਜਾਮਣ ਮਰਨ ਮਿਟਾਹੀਂ।
ਕੁਲ ਪਰਿਵਾਰ ਤੇਰਾ ਕੁਟੰਬ ਕਬੀਲਾ, ਮਸਲਿਤ ਏਕ ਠਹਰਾਹੀਂ।
ਬਾਂਧ ਪਿੰਜਰੀ ਅੱਗੇ ਧਰ ਲਿਆ, ਮਰਘਟ ਕੂੰ ਲੇ ਜਾਹੀਂ॥
ਅਗਨੀ ਲਗਾ ਦੀਯਾ ਜਬ ਲੰਬਾ, ਫੂੰਕ ਦੀਯਾ ਉਸ ਠਾਹੀਂ।
ਪੁਰਾਣ ਉਠਾ ਫਿਰ ਪੰਡਿਤ ਆਏ, ਪਿੱਛੇ ਗਰੁੜ ਪੜ੍ਹਾਹੀਂ॥

**ਭਾਵਾਰਥ:- ਯਹ ਦਮ ਅਰਥਾਤ ਸਾਂਹ ਜਿਸ ਦਿਨ ਖੱਤਮ ਹੋ ਜਾਣਗੇ। ਉਸ ਦਿਨ ਇਹ ਸਰੀਰ ਰੂਪੀ ਪਿੰਡ ਛੁੱਟ ਜਾਵੇਗਾ। ਫਿਰ ਪਰਮਾਤਮਾ ਦੇ ਦਰਬਾਰ ਵਿੱਚ ਪਾਪ ਅਤੇ ਪੁੰਨ ਦਾ ਹਿਸਾਬ ਹੋਵੇਗਾ। ਭਗਤੀ ਨਾ ਕਰਨ ਵਾਲੇ ਅਤੇ ਸ਼ਾਸਤਰਵਿਰੁੱਧ ਭਗਤੀ ਕਰਨ ਵਾਲਿਆਂ ਨੂੰ ਜਮ ਦੇ ਦੂਤ ਬਾਹਾਂ ਤੋਂ ਫੜਕੇ ਲੈ ਜਾਣਗੇ, ਭਾਵੇਂ ਕੋਈ ਕਿਸੇ ਦੇਸ਼ ਦਾ ਰਾਜਾ ਵੀ ਕਿਉਂ ਨਾ ਹੋਵੇ, ਉਸਦੀ ਪਿਟਾਈ ਕੀਤੀ ਜਾਵੇਗੀ। ਸੰਤ ਗਰੀਬ ਦਾਸ ਜੀ ਨੂੰ ਪਰਮੇਸ਼ਵਰ ਕਬੀਰ ਸਾਹਿਬ ਮਿਲੇ**

ਸੀ। ਉਨ੍ਹਾਂ ਦੀ ਆਤਮਾ ਨੂੰ ਉਪਰ ਲੈ ਕੇ ਗਏ ਸੀ। ਸਾਰੇ ਬ੍ਰਹਿਮੰਡ ਦੇਖਾਕੇ ਪੂਰਾ ਅਧਿਆਤਮ ਗਿਆਨ ਸਮਝਾਕੇ ਵਾਪਿਸ ਸਰੀਰ ਦੇ ਵਿੱਚ ਛੱਡ ਦਿੱਤਾ ਸੀ। ਸੰਤ ਗਰੀਬ ਦਾਸ ਜੀ ਅੱਖੀਂ ਵੇਖਿਆ ਹਾਲ ਦੱਸ ਰਹੇ ਸਨ ਕਿ:- ਹੇ ਮਨੁੱਖ! ਤੈਨੂੰ ਨਰ ਸਰੀਰ ਮਿਲਿਆ ਹੈ ਜੋ ਨਾਰਾਯਨ ਅਰਥਾਤ ਪਰਮਾਤਮਾ ਦੇ ਸਰੀਰ ਵਰਗਾ ਅਰਥਾਤ ਉਸੇ ਦਾ ਸਰੂਪ ਹੈ। ਹੋਰ ਕਿਸੇ ਪ੍ਰਾਣੀ ਨੂੰ ਇਹ ਸੁੰਦਰ ਸਰੀਰ ਨਹੀਂ ਮਿਲਿਆ। ਇਸਨੂੰ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਨੂੰ ਸਾਰਾ ਜੀਵਨ ਭਗਤੀ ਕਰਨੀ ਚਾਹੀਦੀ ਹੈ। ਇਹੋ ਜਿਹਾ ਪਰਮਾਤਮਾ ਸਰੂਪ ਸਰੀਰ ਪ੍ਰਾਪਤ ਕਰਕੇ ਭਗਤੀ ਨਾ ਕਰਨ ਕਰਕੇ ਫਿਰ ਚੌਰਾਸੀ ਲੱਖ ਵਾਲੇ ਚੱਕਰ ਵਿੱਚ ਜਾ ਰਿਹਾ ਹੈ, ਧਿੱਕਾਰ ਹੈ ਤੇਰੇ ਮਨੁੱਖੀ ਜੀਵਨ ਨੂੰ! ਮੈਨੂੰ ਤਾਂ ਉਸ ਦਿਨ ਦੀ ਫ਼ਿਕਰ ਬਣੀ ਹੈ, ਡਰ ਲਗਦਾ ਹੈ ਕਿ ਕਿਤੇ ਭਗਤੀ ਘੱਟ ਬਣੇ ਅਤੇ ਪਰਮਾਤਮਾ ਦੇ ਦਰਬਾਰ ਚ ਪਤਾ ਨਹੀਂ ਇੱਜ਼ਤ ਰਹੇ ਜਾਂ ਨਾ ਰਹੇ। ਮੈਂ ਤਾਂ ਭਗਤੀ ਕਰਦੇ ਕਰਦੇ ਵੀ ਡਰਦਾ ਹਾਂ ਕਿ ਕਿਤੇ ਭਗਤੀ ਘੱਟ ਨਾ ਰਹਿ ਜਾਵੇ। ਤੁਸੀ ਤਾਂ ਭਗਤੀ ਹੀ ਨਹੀਂ ਕਰਦੇ। ਜੇਕਰ ਕਰਦੇ ਹੋ ਤਾਂ ਸ਼ਸਤਰ ਵਿਰੁਧ ਕਰ ਰਹੇ ਹੋ। ਤੁਹਾਡਾ ਤਾਂ ਬੁਰਾ ਹਾਲ ਹੋਵੇਗਾ ਅਤੇ ਮੈ ਤਾਂ ਸਲਾਹ ਦਿੰਨਾ ਆ ਕਿ ਇਹੋ ਜਿਹੇ ਸਤਿਗੁਰੂ ਨੂੰ ਚੁਣੋ ਜੋ ਜਨਮ ਮਰਣ ਦੇ ਰੋਗ ਨੂੰ ਖਤਮ ਕਰੇ। ਜੋ ਸਤ ਭਗਤੀ ਨਹੀਂ ਕਰਦੇ, ਮੌਤ ਤੋਂ ਬਾਅਦ ਉਹਨਾਂ ਦਾ ਕੀ ਹਾਲ ਹੋਵੇਗਾ। ਆਸ ਪਾਸ ਦੇ ਕੁੱਲ ਦੇ ਲੋਕ ਇਕੱਠੇ ਹੋ ਜਾਂਦੇ ਹਨ। ਫਿਰ ਸਭ ਦੀ ਇਕੋ ਸਲਾਹ ਬਣਦੀ ਹੈ ਕਿ ਇਸਨੂੰ ਚੁੱਕੋ। (ਚੁੱਕ ਕੇ ਸ਼ਮਸ਼ਾਨ ਘਾਟ ਤੇ ਲੈ ਜਾ ਫੂਕ ਦਿੰਦੇ ਹਨ, ਲਾਠੀ ਜਾ ਜੈਲੀ ਦੀ ਸੱਟ ਮਾਰ ਮਾਰ ਕੇ ਛਾਤੀ ਤੋੜਦੇ ਹਨ। ਸਾਰਾ ਸਰੀਰ ਜਲਾ ਦਿੰਦੇ ਹਨ। ਜੋ ਕੁੱਛ ਵੀ ਜੇਬ ਵਿੱਚ ਹੁੰਦਾ ਹੈ ਸਭ ਕੱਢ ਲੈਂਦੇ ਹਨ। ਫਿਰ ਸ਼ਾਸਤਰ ਵਿਧੀ ਨੂੰ ਤਿਆਗ ਕੇ ਮਰਜ਼ੀ ਨਾਲ ਪੂਜਾ ਕਰਨ ਅਤੇ ਕਰਵਾਉਣ ਵਾਲੇ ਉਸ ਸੰਸਾਰ ਤੋਂ ਜਾਣ ਵਾਲੇ ਜੀਵ ਦੇ ਭਲੇ ਲਈ ਗੁਰੂ ਗਰੁੜ ਪੂਰਨ ਦਾ ਪਾਠ ਕਰਦੇ ਹਨ।)

ਤੱਤਵ ਗਿਆਨ (ਸੂਕਸ਼ਮ ਵੇਦ) ਵਿੱਚ ਕਿਹਾ ਹੈ ਕਿ ਆਪਣਾ ਮਨੁੱਖੀ ਜੀਵਨ ਪੂਰਾ ਕਰਕੇ ਉਹ ਜੀਵ ਚਲਾ ਗਿਆ। ਪਰਮਾਤਮਾ ਦੇ ਦਰਬਾਰ ਵਿੱਚ ਉਸਦਾ ਹਿਸਾਬ ਹੋਵੇਗਾ। ਉਹ ਕਰਮ ਅਨੁਸਾਰ ਕਿਤੇ ਗਧਾ-ਕੁੱਤਾ ਬਣਨ ਦੀ ਕਤਾਰ ਵਿੱਚ ਖੜ੍ਹਾ ਹੋਵੇਗਾ। ਮੌਤ ਦੇ ਬਾਅਦ ਗਰੁੜ ਪੁਰਾਣ ਦਾ ਪਾਠ ਉਸਦੇ ਕੀ ਕੰਮ ਆਵੇਗਾ। ਉਹ ਵਿਅਰਥ ਦਾ ਸ਼ਾਸਤਰ ਵਿਰੁੱਧ ਕਿਰਿਆ ਕਰਮ ਹੈ। ਉਸ ਪ੍ਰਾਣੀ ਦਾ ਮਨੁੱਖ ਸਰੀਰ ਰਹਿੰਦੇ ਉਸਨੂੰ ਭਗਵਾਨ ਦੇ ਸੰਵਿਧਾਨ ਦਾ ਗਿਆਨ ਕਰਵਾਉਣਾ ਚਾਹੀਦਾ ਸੀ। ਜਿਸ ਨਾਲ ਉਸਨੂੰ ਭਲੇ-ਬੁਰੇ ਦਾ ਗਿਆਨ ਹੁੰਦਾ ਅਤੇ ਉਹ ਮਨੁੱਖ ਜੀਵਨ ਸਫਲ ਕਰਦਾ।

"ਪ੍ਰੇਤ-ਸ਼ਿਲਾ ਪਰ ਜਾਇ ਵਿਰਾਜੇ ,ਫਿਰ ਪਿਤਰੋਂ ਪਿੰਡ ਭਰਾਹੀਂ।
ਬਹੁਰਿ ਸ਼ਰਾਧ ਖਾਣ ਕੂੰ ਆਇਆ, ਕਾਗ ਭਏ ਕਲੀ ਮਾਹੀਂ॥"

ਭਾਵ ਹੈ ਕਿ ਮੌਤ ਦੇ ਪਿੱਛੋਂ ਉਸ ਜੀਵ ਦੇ ਕਲਿਆਣ ਅਰਥਾਤ ਗਤੀ ਕਰਵਾਉਣ ਦੇ ਲਈ ਕੀਤੀਆਂ ਜਾਣ ਵਾਲੀਆਂ ਸ਼ਾਸਤਰ ਵਿਰੁੱਧ ਕਿਰਿਆਂਵਾਂ ਵਿਅਰਥ ਹਨ। ਜਿਵੇਂ ਗਰੁੜ ਪੁਰਾਣ ਦਾ ਪਾਠ ਕਰਵਾਇਆ ਉਸ ਮਰਨ ਵਾਲੇ ਦੀ ਗਤੀ ਅਰਥਾਤ ਮੁਕਤੀ ਦੇ ਲਈ। ਫਿਰ ਅਸਤੀਆਂ ਗੰਗਾ ਵਿੱਚ ਪ੍ਰਵਾਹਿਤ ਕਰ ਦਿਤੀਆਂ ਉਸਦੀ ਗਤੀ ਕਰਵਾਉਣ ਲਈ। ਫਿਰ ਤੇਰਹਵੀਂ ਜਾਂ ਸਤਾਰਵੀਂ ਨੂੰ ਹਵਨ ਅਤੇ ਭੰਡਾਰਾ (ਲੰਗਰ) ਕੀਤਾ ਉਸਦੀ ਗਤੀ ਕਰਵਾਉਣ ਲਈ। ਪਹਿਲਾਂ ਹਰੇਕ ਮਹੀਨੇ ਇੱਕ ਸਾਲ ਤੱਕ ਮਹੀਨਾਂ ਕਿਰਿਆ ਕਰਦੇ ਸਨ, ਉਸਦੀ ਗਤੀ ਕਰਵਾਉਣ ਲਈ, ਫਿਰ ਛੇਵੇਂ ਮਹੀਨੇ ਛੇਂ:ਮਾਹੀ ਕਿਰਿਆ ਕਰਦੇ ਸਨ, ਉਸਦੀ ਗਤੀ ਕਰਵਾਉਣ ਦੇ ਲਈ, ਫਿਰ ਸਾਲਾਨਾ ਕਿਰਿਆ ਕਰਦੇ ਸਨ। ਫਿਰ ਉਸਦੀ ਗਤੀ ਕਰਵਾਉਣ ਦੇ ਲਈ ਪਿੰਡੋਦਕ ਕਿਰਿਆ ਕਰਵਾਉਂਦੇ ਹਨ, ਸ਼ਰਾਧ ਵਾਲੇ ਦਿਨ ਪੁਜਾਰੀ ਭੋਜਨ ਆਪ ਬਣਾਉਂਦਾ ਹੈ,

ਅਤੇ ਕਹਿੰਦਾ ਹੈ ਕਿ ਕੁਝ ਭੋਜਨ ਮਕਾਨ ਦੀ ਛੱਤ ਤੇ ਰੱਖ ਦਿਉ ਕਿਤੇ ਤੁਹਾਡਾ ਪਿਤਾ ਜੀ ਕਾਂ ਨਾ ਬਣ ਗਿਆ ਹੋਵੇ। ਜਦ ਕਾਂ ਭੋਜਨ ਖਾ ਜਾਂਦਾ ਹੈ ਤਾਂ ਕਹਿੰਦੇ ਹਨ ਕਿ ਤੇਰੇ ਪਿਤਾ ਜਾਂ ਮਾਤਾ ਆਦਿ ਜੋ ਮੌਤ ਨੂੰ ਪ੍ਰਾਪਤ ਹੋ ਚੁਕਿਆ ਹੈ, ਜਿਸਦੇ ਹਿੱਤ ਇਹ ਸਾਰੀਆਂ ਕਿਰਿਆਂਵਾ ਕੀਤੀਆਂ ਜਾ ਰਹੀਆਂ ਹਨ, ਅਤੇ ਇਹ ਸ਼ਰਾਧ ਕੀਤਾ ਜਾ ਰਿਹਾ ਹੈ।ਉਹ ਕਾਂ ਬਣਿਆ ਹੈ,ਇਸਦਾ ਸ਼ਰਾਧ ਸਫਲ ਹੋ ਗਿਆ। ਉਪਰੋਕਤ ਵਿਵਰਨ ਤੋਂ ਸਪਸ਼ਟ ਹੁੰਦਾ ਹੈ , ਵਿਅਕਤੀ ਜਿਸਦਾ ਉਪਰੋਕਤ ਕਿਰਿਆ ਕਰਮ ਕੀਤਾ ਸੀ, ਉਹ ਕਾਂ ਬਣ ਚੁਕਿਆ ਹੈ।

ਸ਼ਰਾਧ ਕਰਨ ਵਾਲੇ ਪੁਜਾਰੀ ਕਹਿੰਦੇ ਹਨ ਕਿ ਸ਼ਰਾਧ ਕਰਨ ਨਾਲ ਉਹ ਜੀਵ ਇੱਕ ਸਾਲ ਤਕ ਸੰਤੁਸ਼ਟ ਹੋ ਜਾਂਦਾ ਹੈ। ਫਿਰ ਇੱਕ ਸਾਲ ਵਿੱਚ ਸ਼ਰਾਧ ਫਿਰ ਕਰਨਾ ਹੈ।

ਵਿਚਾਰ ਕਰੋ:- ਜਿੰਦਾ ਵਿਅਕਤੀ ਦਿਨ ਵਿੱਚ ਤਿੰਨ ਵਾਰ ਭੋਜਨ ਕਰਦਾ ਸੀ। ਹੁਣ ਇੱਕ ਵਾਰ ਭੋਜਨ ਕਰਨ ਨਾਲ ਇੱਕ ਸਾਲ ਤਕ ਕਿਵੇਂ ਤ੍ਰਿਪਤ ਹੋ ਸਕਦਾ ਹੈ? ਜੇਕਰ ਹਰ ਰੋਜ਼ ਛੱਤ ਤੇ ਭੋਜਨ ਰੱਖਿਆ ਜਾਵੇ ਤਾਂ ਉਹ ਕਾਂ ਹਰ ਰੋਜ਼ ਹੀ ਭੋਜਨ ਖਾਵੇਗਾ।

ਦੂਜੀ ਗੱਲ:- ਮੌਤ ਤੋਂ ਬਾਅਦ ਕੀਤੀ ਜਾਣ ਵਾਲੀਆਂ ਸਾਰੀਆਂ ਕਿਰਿਆਂਵਾ ਗਤੀ (ਮੁਕਤੀ) ਕਰਵਾਉਣ ਦੇ ਉਦੇਸ਼ ਨਾਲ ਕੀਤੀਆਂ ਗਈਆਂ ਸਨ। ਉਹਨਾਂ ਗਿਆਨ ਹੀਣ ਗੁਰੂਆਂ ਨੇ ਅੰਤ ਵਿੱਚ ਕਾਂ ਬਣਾ ਕੇ ਛੱਡ ਦਿੱਤਾ। ਉਹ ਪ੍ਰੇਤ ਸ਼ਿਲਾ ਉੱਤੇ ਜੂਨ ਭੋਗ ਰਿਹਾ ਹੈ। ਪਿੱਛੋਂ ਗੁਰੂ ਤੇ ਕਾਂ ਮੌਜ ਨਾਲ ਭੋਜਨ ਕਰ ਰਹੇ ਹਨ। ਪਿੰਡ ਭਰਵਾਉਣ ਦਾ ਲਾਭ ਦਸਿਆ ਹੈ ਪ੍ਰੇਤ ਜੂਨੀ ਛੁੱਟ ਜਾਂਦੀ ਹੈ। ਮਨ ਲੋ ਪ੍ਰੇਤ ਜੂਨ ਛੁੱਟ ਗਈ। ਫਿਰ ਉਹ ਗਧਾ ਜਾਂ ਬਲਦ ਬਣ ਗਿਆ ਤਾਂ ਕੀ ਗਤੀ ਹੋਈ ?

ਨਰ ਸੇ ਫਿਰ ਪਸ਼ੂਵਾ ਕੀਜੈ, ਗਧਾ, ਬੈਲ ਬਣਾਈ।
ਛਪਨ ਭੋਗ ਕਹਾਂ ਮਨ ਬੋਰੇ, ਕਹੀਂ ਕੁਰੜੀ ਸ਼ਰਨੇ ਜਾਇ॥

ਮਨੁੱਖ ਜੀਵਨ ਵਿੱਚ ਅਸੀਂ ਕਿੰਨੇ ਚੰਗੇ ਅਰਥਾਤ 56 ਪ੍ਰਕਾਰ ਦੇ ਭੋਜਨ ਖਾਂਦੇ ਹਾਂ। ਭਗਤੀ ਨਾ ਕਰਨ ਨਾਲ ਜਾਂ ਸ਼ਾਸਤਰ ਵਿਰੁੱਧ ਸਾਧਨਾ ਕਰਨ ਨਾਲ ਗਧਾ ਬਣੇਗਾ, ਫਿਰ 56 ਪ੍ਰਕਾਰ ਦੇ ਭੋਜਨ ਕਿਥੋਂ ਪ੍ਰਾਪਤ ਹੋਣਗੇ, ਕਿਤੇ ਰੂੜੀਆਂ (ਢੇਰ) ਤੇ ਪੇਟ ਭਰਨ ਦੇ ਲਈ ਘਾਹ ਖਾਣ ਜਾਵੇਗਾ। ਇਸੇ ਤਰ੍ਹਾਂ, ਬਲਦ ਆਦਿ ਪਸ਼ੂਆਂ ਦੀ ਜੂਨੀਆਂ ਵਿੱਚ ਦੁੱਖਾਂ'ਤੇ ਦੁਖ ਉਠਾਏਗਾ।

ਜੇ ਸਤਿਗੁਰੂ ਕੀ ਸੰਗਤ ਕਰਤੇ, ਸਕਲ ਕਰਮ ਕੱਟ ਜਾਂਹੀਂ।
ਅਮਰ ਪੁਰੀ ਪਰ ਆਸਨ ਹੋਤੇ, ਜਹਾਂ ਧੂਪ ਨਾ ਛਾਂਹੀਂ।

ਸੰਤ ਗਰੀਬ ਦਾਸ ਨੇ ਪਰਮੇਸ਼ਵਰ ਕਬੀਰ ਤੋਂ ਪ੍ਰਾਪਤ ਸੂਕਸ਼ਮਵੇਦ ਵਿਚ ਅੱਗੇ ਕਿਹਾ ਹੈ ਕਿ ਜੇ ਸਤਿਗੁਰੂ (ਤੱਤਵਰਦਸ਼ੀ ਸੰਤ) ਦੀ ਸ਼ਰਨ ਵਿੱਚ ਜਾ ਕੇ ਦੀਕਸ਼ਾ ਲੈਂਦੇ ਤਾਂ ਉਪਰੋਕਤ ਸਾਰੇ ਕਰਮਾਂ ਦੇ ਦੁੱਖ ਕੱਟ ਜਾਂਦੇ, ਅਰਥਾਤ ਨਾ ਹੀ ਪ੍ਰੇਤ ਬਣਦੇ, ਨਾ ਖੋਤਾ, ਨਾ ਬਲਦ ਬਣਦੇ। ਅਮਰਪੁਰੀ ਪਰ ਆਸਣ ਹੁੰਦਾ, ਭਾਵ ਗੀਤਾ ਅਧਿਆਇ 18 ਸ਼ਲੋਕ 62 ਅਤੇ ਅਧਿਆਇ 15 ਸ਼ਲੋਕ 4 ਵਿੱਚ ਦੱਸਿਆ ਸਨਾਤਨ ਪਰਮ ਧਾਮ ਪ੍ਰਾਪਤ ਹੁੰਦਾ, ਪਰਮ ਸ਼ਾਂਤੀ ਪ੍ਰਾਪਤ ਹੁੰਦੀ। ਫਿਰ ਕਦੇ ਵੀ ਮੁੜ ਕੇ ਸੰਸਾਰ ਵਿੱਚ ਵਾਪਸ ਨਹੀਂ ਆਉਂਦੇ, ਅਰਥਾਤ, ਜਨਮ ਮਰਨ ਦਾ ਦੁਖਦਾਈ ਚੱਕਰ ਸਦਾ ਲਈ ਖ਼ਤਮ ਹੋ ਜਾਂਦਾ। ਉਸ ਅਮਰ ਲੋਕ (ਸਤਲੋਕ) ਵਿੱਚ ਕੋਈ ਧੁੱਪ ਛਾਂ ਨਹੀਂ ਹੈ, ਭਾਵ ਜਿਵੇਂ ਧੁੱਪ ਦੁਖਦਾਈ ਹੋਈ, ਤਦ ਛਾਂ ਦੀ ਲੋੜ ਪਈ। ਉਸ ਸਤਲੋਕ ਵਿੱਚ ਕੇਵਲ ਸੁੱਖ ਹੈ, ਦੁੱਖ ਨਹੀਂ ਹੈ।

ਗਰੀਬਦਾਸ ਗਲਤਾਨ ਮਹਲ ਮੇਂ, ਮਿਲੇ ਕਬੀਰ ਗੋਸਾਈਂ ।

ਸੰਤ ਗਰੀਬਦਾਸ ਜੀ ਨੇ ਕਿਹਾ ਹੈ ਕਿ ਮੈਨੂੰ ਪਰਮਾਤਮਾ ਕਬੀਰ ਮਿਲੇ ਹਨ। ਜਿਸ ਕਾਰਨ ਮੈਂ ਸਤਲੋਕ (ਸਾਸਵਤ ਸਥਾਨ) ਵਿੱਚ ਆਪਣੇ ਮਹਿਲ ਵਿੱਚ ਖੁਸ਼ੀ ਨਾਲ ਰਹਿੰਦਾ ਹਾਂ

ਕਿਉਂਕਿ ਸੱਚੀ ਸਾਧਨਾ ਪਰਮਾਤਮਾ ਕਬੀਰ ਜੀ ਨੇ ਸੰਤ ਗਰੀਬਦਾਸ ਜੀ ਨੂੰ ਦੱਸੀ ਸੀ ਅਤੇ ਗਰੀਬਦਾਸ ਜੀ ਪਰਮੇਸ਼ਵਰ ਦੇ ਨਾਲ ਉਸ ਸਥਾਨ (ਸਤਲੋਕ) ਨੂੰ ਵੇਖ ਕੇ ਆਏ ਸੀ। ਜਿਸ ਕਰਕੇ ਵਿਸ਼ਵਾਸ ਨਾਲ ਕਿਹਾ ਕਿ ਜੋ ਮੈਂ ਸ਼ਾਸਤਰ ਵਿਧੀ ਅਨੁਸਾਰ ਸਾਧਨਾ ਕਰ ਰਿਹਾ ਹਾਂ ਇਹ ਮੈਨੂੰ ਪਰਮਾਤਮਾ ਨੇ ਦੱਸੀ ਹੈ। ਜਿਸ ਸ਼ਬਦ ਭਾਵ ਨਾਮ ਦਾ ਜਾਪ ਕਰਨ ਨਾਲ, ਮੈਂ ਨਿਸ਼ਚਤ ਰੂਪ ਵਿੱਚ ਪੂਰਨ ਮੁਕਤੀ ਪ੍ਰਾਪਤ ਕਰਾਂਗਾ ਇਸ ਵਿੱਚ ਕੋਈ ਸ਼ੱਕ ਨਹੀਂ ਰਿਹਾ । ਜਿਸ ਕਰਕੇ ਮੈਂ (ਗਰੀਬ ਦਾਸ) ਸਤਲੋਕ ਵਿੱਚ ਬਣੇ ਆਪਣੇ ਮਹਿਲ (ਵਿਸ਼ਾਲ ਘਰ) ਵਿੱਚ ਜਾਵਾਂਗਾ, ਜਿਸ ਕਾਰਨ ਮੈਂ ਨਿਸ਼ਚਿੰਤ ਅਤੇ ਗਲਤਾਨ (ਮਹਿਲ ਪ੍ਰਾਪਤ ਕਰਨ ਦੀ ਖੁਸ਼ੀ ਵਿਚ ਮਸਤ) ਹਾਂ, ਕਿਉਂਕਿ ਮੈਨੂੰ ਪੂਰਣ ਗੁਰੂ, ਖੁਦ ਪਰਮਾਤਮਾ ਕਬੀਰ ਜੀ ਸਤਲੋਕ ਤੋਂ ਆ ਕੇ ਮਿਲੇ ਹਨ ।

ਗਰੀਬ ਅਜਬ ਨਗਰ ਮੇਂ ਲੇ ਗਏ, ਹਮਕੋ ਸਤਿਗੁਰੂ ਆਨ।
ਝਲਕੇ ਬਿੰਬ ਅਗਾਧ ਗਤੀ, ਸੂਤੇ ਚਾਦਰ ਤਾਨ॥

ਭਾਵ:- ਗਰੀਬਦਾਸ ਜੀ ਨੇ ਦੱਸਿਆ ਹੈ ਕਿ ਸਤਿਗੁਰੂ ਯਾਨੀ ਪ੍ਰਮਾਤਮਾ ਕਬੀਰ ਜੀ ਖ਼ੁਦ ਆਪਣੇ ਘਰ, ਸਤਲੋਕ ਤੋਂ ਆਏ ਸਨ, ਮੈਨੂੰ ਆਪਣੇ ਨਾਲ ਲੈ ਗਏ ਅਤੇ ਇੱਕ ਅਜਬ (ਸ਼ਾਨਦਾਰ) ਸ਼ਹਿਰ ਅਰਥਾਤ ਸਤਲੋਕ ਵਿਚ ਬਣੇ ਸ਼ਹਿਰ ਵਿੱਚ ਚਲੇ ਗਏ। ਉਸ ਜਗ੍ਹਾ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ, ਮੈਂ ਪ੍ਰਮਾਤਮਾ ਦੁਆਰਾ ਦੱਸੀ ਭਗਤੀ ਦੇ ਰਸਤੇ' ਤੇ ਚੱਲ ਰਿਹਾ ਹਾਂ। ਮੈਂ ਸਤਨਾਮ ਸਾਰਨਾਮ ਦੀ ਸਾਧਨਾ ਕਰ ਰਿਹਾ ਹਾਂ। ਇਸ ਲਈ ਚਾਦਰ ਤਾਣ ਕੇ ਸੌਂ ਰਿਹਾ ਹਾਂ, ਭਾਵ, ਮੇਰੀ ਮੁਕਤੀ ਵਿੱਚ ਕੋਈ ਸ਼ੱਕ ਨਹੀਂ।

ਚਾਦਰ ਤਾਣ ਕੇ ਸੌਣਾ (ਨਿਸ਼ਚਿੰਤ ਹੋ ਕੇ ਰਹਿਣਾ)। ਜੇ ਕੋਈ ਕੰਮ ਨਾ ਬਚਿਆ ਹੋਵੇ ਅਤੇ ਕੋਈ ਚਾਦਰ ਤਾਣ ਕੇ ਸੌਂ ਰਿਹਾ ਹੈ, ਤਾਂ ਪਿੰਡ ਵਿੱਚ ਇਹ ਕਿਹਾ ਜਾਂਦਾ ਹੈ ਕਿ ਉਹ ਚੰਗੀ ਚਾਦਰ ਤਾਣ ਕੇ ਸੌ ਰਿਹਾ ਹੈ। ਕੀ ਕੋਈ ਕੰਮ ਨਹੀਂ ਹੈ? ਇਸੇ ਤਰ੍ਹਾਂ ਗਰੀਬਦਾਸ ਜੀ ਨੇ ਕਿਹਾ ਹੈ ਕਿ ਹੁਣ ਵੱਡੇ-ਵੱਡੇ ਮਹੱਲ ਬਣਾਉਣਾ ਬੇਅਰਥ ਜਾਪ ਰਿਹਾ ਹੈ। ਹੁਣ ਤਾਂ ਉਸ ਸਤਲੋਕ ਵਿੱਚ ਜਾਵਾਂਗੇ, ਜਿਥੇ ਵੱਡੇ ਵੱਡੇ ਭਵਨ ਹਨ, ਜਿਹਨਾਂ ਨੂੰ ਛੱਡ ਕੇ ਅਸੀਂ ਗਲਤੀ ਕਰਕੇ ਇੱਥੇ ਕਾਲ ਦੇ ਮ੍ਰਿਤੂ ਲੋਕ ਵਿੱਚ ਆ ਗਏ ਹਾਂ। ਹੁਣ ਦਾਅ ਲੱਗਿਆ ਹੈ। ਸਤ ਭਗਤੀ ਮਿਲੀ ਹੈ ਅਤੇ ਤੱਤਵ ਗਿਆਨ ਮਿਲਿਆ ਹੈ ।

ਸੱਜਣੋ! ਉਹ ਸੱਚੀ ਭਗਤੀ ਵਰਤਮਾਨ ਵਿੱਚ ਮੇਰੇ (ਰਾਮਪਾਲ ਦਾਸ ਦੇ) ਕੋਲ ਹੈ। ਜਿਸ ਨਾਲ ਇਸ ਦੁੱਖਾਂ ਦੇ ਘਰ ਸੰਸਾਰ ਤੋਂ ਪਾਰ ਹੋ ਕੇ ਉਹ ਪੂਰਨ ਸ਼ਾਂਤੀ ਅਤੇ ਅਮਰ ਸਥਾਨ (ਸਨਾਤਨ ਪਰਮ ਧਾਮ) ਪ੍ਰਾਪਤ ਹੋ ਜਾਂਦਾ ਹੈ ਜਿਸ ਦੇ ਬਾਰੇ ਵਿੱਚ ਗੀਤਾ ਅਧਿਆਇ 18 ਸ਼ਲੋਕ 62 ਵਿੱਚ ਕਿਹਾ ਹੈ ਅਤੇ ਗੀਤਾ ਅਧਿਆਇ 15 ਸ਼ਲੋਕ 4 ਵਿੱਚ ਕਿਹਾ ਹੈ, ਕਿ ਤੱਤਵਦਰਸ਼ੀ ਸੰਤ ਤੋਂ ਤੱਤਵ ਗਿਆਨ ਪ੍ਰਾਪਤ ਕਰਕੇ, ਉਸ ਤੱਤਵ ਗਿਆਨ ਨਾਲ ਅਗਿਆਨ ਦਾ ਨਾਸ਼ ਕਰਕੇ, ਉਸ ਤੋਂ ਬਾਅਦ ਪਰਮੇਸ਼ਰ ਦੇ ਉਸ ਪਰਮ ਪਦ (ਅਮਰ ਸਥਾਨ) ਦੀ ਖੋਜ ਕਰਨੀ ਚਾਹੀਦੀ ਹੈ। ਜਿੱਥੇ ਜਾਣ ਤੋਂ ਬਾਅਦ ਸਾਧਕ (ਭਗਤ) ਫਿਰ ਮੁੜ ਕੇ ਸੰਸਾਰ ਵਿੱਚ ਕਦੇ ਨਹੀਂ ਆਉਂਦਾ।

## "ਭਗਤੀ ਨਾ ਕਰਨ ਨਾਲ ਬਹੁਤ ਦੁੱਖ ਹੋਵੇਗਾ"

ਸੂਖਸ਼ਮ ਵੇਦ ਵਿੱਚ ਕਿਹਾ ਹੈ:-

ਯਹ ਸੰਸਾਰ ਸਮਝਦਾ ਨਾਹੀਂ, ਕਹਿੰਦਾ ਸ਼ਾਮ ਦੁਪਿਹਰੇ ਨੂੰ।
ਗਰੀਬ ਦਾਸ ਯਹ ਵਕਤ ਜਾਤ ਹੈ, ਰੋਵੋਗੇ ਇਸ ਪਹਰੇ ਨੂੰ॥

ਅਧਿਆਤਮਕ ਗਿਆਨ ਦੀ ਕਮੀ ਕਰਕੇ ਤੇ ਪਰਮਾਤਮਾ ਦੇ ਵਿਧਾਨ ਤੋਂ ਜਾਣੂ ਨਾ ਹੋਣ ਕਰਕੇ ਇਹ ਪ੍ਰਾਣੀ ਇਸ ਦੁਖਾਂ ਦੇ ਘਰ ਸੰਸਾਰ ਵਿੱਚ ਮਹਾਨ ਦੁੱਖ ਝੱਲ ਰਿਹਾ ਹੈ ਅਤੇ ਇਸੇ ਨੂੰ ਸੁੱਖ ਦਾ ਸਥਾਨ ਮੰਨ ਰਿਹਾ ਹੈ।

ਜਿਵੇਂ ਇੱਕ ਆਦਮੀ ਜੂਨ ਦੇ ਮਹੀਨੇ ਵਿੱਚ ਦਿਨ ਦੇ 12 ਜਾਂ 1 ਵਜੇ ਹਰਿਆਣਾ ਰਾਜ ਵਿੱਚ ਸ਼ਰਾਬ ਪੀ ਕੇ ਤਪਦੀ ਧੁੱਪ ਵਿੱਚ ਡਿੱਗਿਆ ਪਿਆ ਹੈ, ਪਸੀਨੇ ਨਾਲ ਬੁਰਾ ਹਾਲ ਹੈ, ਰੇਤੇ ਵਿੱਚ ਲਿਟਿਆ ਹੈ। ਇੱਕ ਆਦਮੀ ਨੇ ਕਿਹਾ ਵੀਰ! ਉਠ, ਤੈਨੂੰ ਦਰਖਤ ਦੇ ਹੇਠਾਂ ਬਿਠਾ ਦੇਵਾਂ, ਤੂੰ ਇੱਥੇ ਗਰਮੀ ਵਿੱਚ ਝੁਲਸ (ਜਲ) ਰਿਹਾ ਹੈ। ਸ਼ਰਾਬੀ ਬੋਲਿਆ ਮੈਂ ਬਿਲਕੁਲ ਠੀਕ ਹਾਂ, ਮੌਜ ਹੋ ਰਹੀ ਐ, ਕੋਈ ਦੁੱਖ ਨਹੀਂ ਹੈ।

❖ ਇੱਕ ਆਦਮੀ ਕਿਸੇ ਕਾਰਨ ਕਚਿਹਿਰੀ ਵਿੱਚ ਗਿਆ। ਉੱਥੇ ਉਸ ਦਾ ਰਿਸ਼ਤੇਦਾਰ ਮਿਲਿਆ। ਇੱਕ ਦੂਸਰੇ ਨੂੰ ਸੁੱਖ-ਦੁੱਖ ਪੁੱਛਣ ਤੇ ਦੋਨਾਂ ਨੇ ਕਿਹਾ ਕਿ ਸਭ ਠੀਕ ਹੈ, ਮੌਜ ਹੈ।

❖ ਇੱਕ ਆਦਮੀ ਦਾ ਇਕਲੌਤਾ ਪੁੱਤਰ ਬਹੁਤ ਬਿਮਾਰ ਸੀ। ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਲੜਕੇ ਦੇ ਬਚਣ ਦੀ ਉਮੀਦ ਬਹੁਤ ਘੱਟ ਸੀ। ਅਜਿਹੀ ਸਥਿਤੀ ਵਿੱਚ ਮਾਤਾ-ਪਿਤਾ ਦੀ ਕੀ ਹਾਲਤ ਹੁੰਦੀ ਹੈ, ਅਸਾਨੀ ਨਾਲ ਸਮਝੀ ਜਾ ਸਕਦੀ ਹੈ। ਰਿਸ਼ਤੇਦਾਰ ਮਿਲਣ ਆਏ ਅਤੇ ਪੁੱਛਿਆ ਕਿ ਬੱਚੇ ਦਾ ਕੀ ਹਾਲ ਹੈ? ਪਿਤਾ ਨੇ ਦੱਸਿਆ ਕਿ ਬਚਣ ਦੀ ਕੋਈ ਉਮੀਦ ਨਹੀਂ, ਫਿਰ ਪੁੱਛਿਆ ਹੋਰ ਸੁਖ-ਸਾਂਦ ਹੈ? ਪਿਤਾ ਨੇ ਕਿਹਾ ਕਿ ਸਭ ਮੌਜ ਹੈ।

ਵਿਚਾਰ ਕਰੋ:-ਸ਼ਰਾਬ ਦੇ ਨਸ਼ੇ ਵਿੱਚ ਤਪਦੀ ਧੁੱਪ ਦੇ ਸੇਕ (ਤਾਪ) ਨੂੰ ਝੱਲ ਰਿਹਾ ਸੀ। ਫਿਰ ਵੀ ਕਹਿ ਰਿਹਾ ਸੀ ਕਿ ਮੌਜ ਹੋ ਰਹੀ ਹੈ।

❖ ਕੋਰਟ ਕਚਹਿਰੀਆਂ ਵਿੱਚ ਜਿਹੜੇ ਰਿਸ਼ਤੇਦਾਰ ਮਿਲੇ, ਦੋਨੋਂ ਹੀ ਕਹਿ ਰਹੇ ਸਨ ਕਿ ਪੂਰੀ ਮੌਜ਼ ਹੈ। ਵਿਚਾਰ ਕਰੋ ਜਿਹੜਾ ਵਿਅਕਤੀ ਕੋਰਟ ਦੇ ਕੋਹਲੂ ਵਿੱਚ ਫਸਿਆ ਹੈ, ਉਸ ਨੂੰ ਸੁਪਨੇ ਵਿਚ ਵੀ ਸੁੱਖ ਨਹੀਂ ਹੁੰਦਾ। ਫਿਰ ਵੀ ਦੋਨੋਂ ਹੀ ਕਹਿ ਰਹੇ ਸੀ ਕਿ ਮੌਜ ਹੈ ਭਾਵ ਸੁੱਖ (ਅਨੰਦ) ਹੈ।

❖ ਜਿਸ ਆਦਮੀ ਦਾ ਇਕੱਲਾ ਪੁੱਤ ਮੌਤ ਦੀ ਸੇਜ ਤੇ ਹੋਵੇ ਉਸ ਨੂੰ ਕਿਹੋ ਜਿਹੀ ਮੌਜ? ਇਸ ਲਈ ਸੂਕਸ਼ਮ ਵੇਦ ਵਿਚ ਕਿਹਾ ਹੈ ਕਿ ਇਸ ਦੁਖਾਲੇ (ਦੁੱਖਾਂ ਦੇ ਘਰ) ਸੰਸਾਰ ਵਿੱਚ ਇਹ ਪ੍ਰਾਣੀ ਮਹਾਦੁੱਖ ਨੂੰ ਸੁੱਖ ਮੰਨ ਰਿਹਾ ਹੈ।

ਯੌਹ ਸੰਸਾਰ ਸਮਝਦਾ ਨਾਹੀਂ, ਕਹਿੰਦਾ ਸ਼ਾਮ ਦੁਪਹਿਰੇ ਨੂੰ।<br>
ਗਰੀਬਦਾਸ ਯਹ ਵਕਤ ਜਾਤ ਹੈ, ਰੋਵੋਗੇ ਇਸ ਪਹਿਰੇ ਨੂੰ॥

ਸੰਤ ਗਰੀਬ ਦਾਸ ਜੀ ਨੇ ਦੱਸਿਆ ਹੈ ਕਿ ਮਨੁੱਖ ਜਨਮ ਪ੍ਰਾਪਤ ਕਰਕੇ ਜੋ ਵਿਅਕਤੀ ਭਗਤੀ ਨਹੀਂ ਕਰਦਾ, ਉਹ ਕੁੱਤਾ, ਗਧਾ ਆਦਿ-ਆਦਿ ਜੂਨਾਂ ਵਿੱਚ ਦੱਖ ਭੋਗਦਾ ਹੈ। ਕੁੱਤਾ ਰਾਤ ਨੂੰ ਅਸਮਾਨ ਵੱਲ ਮੂੰਹ ਚੁੱਕ ਕੇ ਰੋਂਦਾ ਹੈ। ਇਸਲਈ ਗਰੀਬਦਾਸ ਜੀ ਨੇ ਦੱਸਿਆ ਹੈ ਕਿ ਇੱਕ ਵਾਰ ਇਹ ਮਨੁੱਖੀ ਸਰੀਰ ਵਾਲਾ ਸਮਾਂ ਹੱਥੋਂ ਨਿਕਲ ਗਿਆ ਅਤੇ ਭਗਤੀ ਨਾ ਕੀਤੀ ਤਾਂ ਇਸ ਸਮੇਂ ਨੂੰ ਯਾਦ ਕਰਕੇ ਰੋਇਆ ਕਰੋਂਗੇ।

## "ਭਗਤੀ ਕਿਹੜੇ ਭਗਵਾਨ ਦੀ ਕਰਨੀ ਚਾਹੀਦੀ ਹੈ" (ਗੀਤਾ ਅਨੁਸਾਰ)

ਇਸਲਈ ਸੂਕਸ਼ਮ ਵੇਦ ਵਿੱਚ ਕਿਹਾ ਹੈ ਕਿ:-

ਭਜਨ ਕਰੋ ਉਸ ਰੱਬ ਦਾ, ਜੋ ਦਾਤਾ ਹੈ ਕੁੱਲ ਸਭ ਦਾ।

ਸ਼੍ਰੀ ਮਦ ਭਗਵਤ ਗੀਤਾ ਅਧਿਆਇ 15 ਸ਼ਲੋਕ 1 ਤੋਂ 4 ਅਤੇ 16,17 ਵਿੱਚ ਕਿਹਾ ਹੈ ਕਿ ਇਹ ਸੰਸਾਰ ਇਹੋ ਜਿਹਾ ਹੈ ਜਿਵੇਂ ਪਿੱਪਲ ਦਾ ਦਰੱਖਤ ਹੈ। ਜਿਹੜਾ ਸੰਤ ਇਸ ਸੰਸਾਰ ਰੂਪੀ ਪਿੱਪਲ ਦੇ ਦਰੱਖਤ ਦੀ ਜੜ੍ਹ ਤੋਂ ਲੈ ਕੇ ਤਿੰਨ ਗੁਣਾਂ ਰੂਪੀ ਟਹਿਣੀਆਂ ਤੱਕ ਸਾਰੇ ਅੰਗ ਵੱਖ ਵੱਖ ਦੱਸ ਦਿੰਦਾ ਹੈ। (ਸ:ਵੇਦ ਵਿੱਤ) ਉਹ ਵੇਦ ਦੇ ਭੇਤਾਂ ਨੂੰ ਜਾਣਨ ਵਾਲਾ ਹੈ ਅਰਥਾਤ ਉਹ ਤੱਤਵਦਰਸ਼ੀ ਸੰਤ ਹੈ।

ਆਪਣੇ ਰਾਹੀਂ ਰਚੀ ਸ੍ਰਿਸ਼ਟੀ ਦਾ ਗਿਆਨ ਅਤੇ ਸੱਚਾ ਅਧਿਆਤਮਿਕ ਗਿਆਨ ਪਰਮਾਤਮਾ ਖੁੱਦ ਧਰਤੀ ਤੇ ਪ੍ਰਗਟ ਹੋ ਕੇ ਆਪਣੇ ਮੁਖ ਕਮਲ ਤੋਂ ਦੱਸਦਾ ਹੈ। ਪ੍ਰਮਾਣ ਲਈ ਹੇਠ ਲਿਖੇ ਵੇਦ ਮੰਤਰਾਂ ਨੂੰ ਪੜ੍ਹੋ। ਇਨ੍ਹਾਂ ਮੰਤਰਾਂ ਦੀ ਫੋਟੋ ਕਾਪੀ ਵੇਖੋ ਇਸ ਪੁਸਤਕ ਦੇ ਪੰਨਾ ਨੰਬਰ 86 ਤੇ ਜਿਨ੍ਹਾਂ ਦੀ ਵਿਆਖਿਆ ਆਰੀਆ ਸਮਾਜ ਦੇ ਪ੍ਰਵਰਤਕ ਮਹਾਰਿਸ਼ੀ ਦਯਾਨੰਦ ਸਰਸਵਤੀ ਅਤੇ ਉਸਦੇ ਚੇਲਿਆਂ ਨੇ ਕੀਤੀ ਹੈ। ਉਸਦੀ ਕਮੀਆਂ (ਤਰੁੱਟੀਆਂ) ਨੂੰ ਲੇਖਕ (ਸੰਤ ਰਾਮਪਾਲ ਦਾਸ) ਨੇ ਪੂਰਾ (ਸਹੀ) ਕਰਿਆ ਹੈ।

ਰਿਗਵੇਦ ਮੰਡਲ ਨੰਬਰ 9 ਸੂਕਤ 86 ਮੰਤਰ 26, 27, ਰਿਗਵੇਦ ਮੰਡਲ ਨੰਬਰ 9 ਸੂਕਤ 82 ਮੰਤਰ 1, 2, ਰਿਗਵੇਦ ਮੰਡਲ ਨੰਬਰ 9 ਸੂਕਤ 96 ਮੰਤਰ 16 ਤੋਂ 20, ਰਿਗਵੇਦ ਮੰਡਲ ਨੰਬਰ 9 ਸੂਕਤ 94 ਮੰਤਰ 1, ਰਿਗਵੇਦ ਮੰਡਲ ਨੰਬਰ 9 ਸੂਕਤ 95 ਮੰਤਰ 2, ਰਿਗਵੇਦ ਮੰਡਲ ਨੰਬਰ 9 ਸੂਕਤ 54 ਮੰਤਰ 3, ਰਿਗਵੇਦ ਮੰਡਲ ਨੰਬਰ 9 ਸੂਕਤ 20 ਮੰਤਰ 1 ਵਿੱਚ ਪ੍ਰਮਾਣ ਹੈ ਕਿ ਸਾਰੇ ਬ੍ਰਹਿਮੰਡਾਂ ਦਾ ਰਚਨਹਾਰ, ਸਭ ਦਾ ਪਾਲਣਹਾਰ ਪਰਮੇਸ਼ਵਰ ਹੈ। ਉਹ ਸਾਰੇ ਬ੍ਰਹਿਮੰਡਾਂ ਦੇ ਉਪਰ ਦੇ ਲੋਕ ਵਿੱਚ ਬੈਠਾ ਹੈ। (ਰਿਗਵੇਦ ਮੰਡਲ ਨੰਬਰ 9 ਸੂਕਤ 54 ਮੰਤਰ 3) ਉਹ ਪਰਮਾਤਮਾ ਉਥੋਂ ਗਤੀ ਕਰਕੇ ਅਰਥਾਤ ਸਹਸਰੀਰ ਚੱਲ ਕੇ ਇਥੇ ਧਰਤੀ ਤੇ ਆਉਂਦਾ ਹੈ। ਭਗਤਾਂ ਦੇ ਦੁੱਖਾਂ ਦਾ ਨਾਸ਼ ਕਰਦਾ ਹੈ। ਉਸਦਾ ਨਾਂ ਕਵਿਰਦੇਵ ਅਰਥਾਤ ਕਬੀਰ ਪਰਮੇਸ਼ਵਰ ਹੈ। ਇਥੇ ਚੰਗੀਆ ਆਤਮਾਵਾਂ ਨੂੰ ਮਿਲਦਾ ਹੈ, ਉਹਨਾਂ ਨੂੰ ਆਪਣੇ ਮੁਖ ਕਮਲ ਨਾਲ ਤੱਤਵ ਗਿਆਨ ਨੂੰ ਬੋਲ ਕੇ ਦੱਸਦਾ ਹੈ। ਉਹ ਪਰਮਾਤਮਾ ਉਪਰ ਦੇ ਲੋਕ ਵਿੱਚ ਬੈਠਾ ਹੈ। (ਰਿਗਵੇਦ ਮੰਡਲ ਨੰਬਰ 9 ਸੂਕਤ 86 ਮੰਤਰ 26.27 ਅਤੇ ਰਿਗਵੇਦ ਮੰਡਲ ਨੰਬਰ 9 ਸੂਕਤ 82 ਮੰਤਰ 1,2 ਅਤੇ ਰਿਗਵੇਦ ਮੰਡਲ ਨੰਬਰ 9 ਸੂਕਤ 20 ਮੰਤਰ 1)

ਪਰਮਾਤਮਾ ਧਰਤੀ ਤੇ ਕਵੀ ਦੇ ਵਾਂਗ ਆਸ਼ਰਣ ਕਰਦਾ ਹੋਇਆ ਵਿਸ਼ਰਨ ਕਰਦਾ ਹੈ। (ਰਿਗਵੇਦ ਮੰਡਲ ਨੰਬਰ 9 ਸੂਕਤ 94 ਮੰਤਰ 1)

ਪਰਮਾਤਮਾ ਆਪਣੇ ਮੁਖ ਕਮਲ ਤੋਂ ਬਾਣੀ ਬੋਲਕੇ ਭਗਤਾਂ ਨੂੰ ਭਗਤੀ ਕਰਨ ਦੀ ਪ੍ਰੇਰਨਾ ਕਰਦਾ ਹੈ। ਪਰਮਾਤਮਾ ਭਗਤੀ ਦੇ ਗੁਪਤ ਮੰਤਰਾਂ ਦਾ ਅਵਿਸ਼ਕਾਰ ਕਰਦਾ ਹੈ। (ਰਿਗਵੇਦ ਮੰਡਲ ਨੰਬਰ 9 ਸੂਕਤ 95 ਮੰਤਰ 2)

ਪ੍ਰਮਾਤਮਾ ਤੱਤਵਗਿਆਨ ਨੂੰ ਕਵਿਰਬਾਣੀ (ਕਬੀਰ ਬਾਣੀ) ਦੁਆਰਾ ਲਕੋਕਤੀਆਂ, ਦੋਹਿਆਂ, ਚੌਪਾਈਆਂ ਦੁਆਰਾ ਬੋਲਕੇ ਸੁਣਾਉਂਦਾ ਹੈ। ਉਹ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਹੈ ਜੋ ਸੰਤ ਰੂਪ ਵਿੱਚ ਪ੍ਰਗਟ ਹੁੰਦਾ ਹੈ। ਉਸ ਪ੍ਰਮੇਸ਼ਵਰ ਦੁਆਰਾ ਰਿਸ਼ੀ ਜਾਂ ਸੰਤਾਂ ਦੁਆਰਾ ਜੋ ਰਚੀਆਂ ਅਸੰਖਾਂ ਬਾਣੀਆਂ ਜੋ ਤੱਤਵਗਿਆਨ ਹੈ, ਉਹ ਉਸਦੇ ਅਨੁਆਈਆਂ ਦੇ ਲਈ ਅੰਮ੍ਰਿਤ ਤੁੱਲ ਆਨੰਦ ਦਾਇਕ ਹੁੰਦੀਆਂ ਹਨ।

ਉਹ ਪ੍ਰਮੇਸ਼ਵਰ ਪ੍ਰਸਿੱਧ ਕਵੀਆਂ ਵਿੱਚੋਂ ਵੀ ਇੱਕ ਪ੍ਰਸਿੱਧ ਕਵੀ ਦੀ ਪਦਵੀ ਪ੍ਰਾਪਤ ਕਰਦੇ ਹਨ। ਉਨ੍ਹਾਂ ਨੂੰ ਕਵਿ ਕਹਿੰਦੇ ਹਨ, ਪ੍ਰੰਤੂ ਉਹ ਪ੍ਰਮਾਤਮਾ ਹੁੰਦਾ ਹੈ। ਉਹ ਪ੍ਰਮਾਤਮਾ ਤੀਸਰੇ ਮੁਕਤੀ ਧਾਮ (ਸਤਲੋਕ) ਵਿੱਚ ਵਿਰਾਜਮਾਨ ਹੁੰਦਾ ਹੈ। ਜਿਵੇਂ ਮਨੁੱਖ ਹੋਰ ਕਪੜੇ ਧਾਰਣ ਕਰਦਾ ਹੈ, ਇਸ ਤਰ੍ਹਾਂ ਹੀ ਉਹ ਪ੍ਰਮਾਤਮਾ ਭਿੰਨ-ਭਿੰਨ ਰੂਪਾਂ ਵਿੱਚ ਪ੍ਰਿਥਵੀ ਉੱਤੇ ਪ੍ਰਗਟ ਹੁੰਦਾ ਹੈ।

ਉਪਰੋਕਤ ਰਿਗੇਵਦ ਦੇ ਮੰਤਰਾਂ ਤੋਂ ਸਪੱਸ਼ਟ ਹੈ ਕਿ ਪ੍ਰਮਾਤਮਾ ਆਪਣੇ ਅਮਰ ਧਾਮ ਤੋਂ ਚੱਲਕੇ ਪ੍ਰਿਥਵੀ ਉੱਤੇ ਪ੍ਰਗਟ ਹੁੰਦਾ ਹੈ। ਉਹ ਚੰਗੀਆਂ ਆਤਮਾ ਨੂੰ ਮਿਲਦਾ ਹੈ। ਉਹ ਤੱਤਵਦਰਸ਼ੀ ਸੰਤ ਦੀ ਭੂਮਿਕਾ ਕਰਕੇ ਤੱਤਵਗਿਆਨ ਦੋਹਿਆਂ, ਚੌਪਈਆਂ, ਸ਼ਬਦਾਂ ਦੁਆਰਾ ਬੋਲਦਾ ਹੈ। ਉਸ ਪ੍ਰਮੇਸ਼ਵਰ ਨੇ ਸੰਨ 1398 ਤੋਂ 1518 ਤੱਕ 120 ਸਾਲ ਪ੍ਰਿਥਵੀ ਉੱਤੇ ਭਾਰਤ ਵਰਸ਼ ਦੀ ਪਵਿੱਤਰ ਧਰਤੀ ਉੱਤੇ ਕਾਸ਼ੀ ਸ਼ਹਿਰ ਵਿੱਚ ਜੁਲਾਹਾ (ਧਾਣਕ) ਦੇ ਰੂਪ ਵਿੱਚ ਰਹਿਕੇ ਤੱਤਵਗਿਆਨ ਦੱਸਿਆ ਸੀ।

ਕਬੀਰ, ਅਕਸ਼ਰ ਪੁਰਸ਼ ਇਕ ਪੇੜ ਹੈ, ਸ਼ਰ ਪੁਰਸ਼ ਵਾਕੀ ਡਾਰ।
ਤੀਨੋਂ ਦੇਵਾਂ ਸ਼ਾਖਾ ਹੈ, ਪਾਤ ਰੂਪ ਸੰਸਾਰ॥

**ਵਿਸ਼ੇਸ਼:- ਕਬੀਰ ਬਾਣੀ ਪੁਸਤਕ ਵਿੱਚ ਇੱਕ ਬਾਣੀ ਇਸ ਤਰ੍ਹਾਂ ਵੀ ਲਿਖੀ ਹੈ :-**

ਕਬੀਰ, ਅਕਸ਼ਰ ਪੁਰਸ਼ ਬ੍ਰਕਸ਼ ਕਾ ਤਨਾ ਹੈ, ਸ਼ਰ ਪੁਰਸ਼ ਹੈ ਡਾਰ ।
ਤ੍ਰਿਦੇਵ ਸ਼ਾਖਾ ਭਏ, ਪਾਤ ਜਾਨੋ ਸੰਸਾਰ॥

**ਸਰਲਅਰਥ :-** ਦਰੱਖਤ ਦਾ ਜੋ ਹਿੱਸਾ ਪ੍ਰਿਥਵੀ ਤੋਂ ਬਾਹਰ ਦਿਖਾਈ ਦਿੰਦਾ ਹੈ। ਉਸਦੀ ਜਾਣਕਾਰੀ ਦੱਸੀ ਹੈ ਕਿ ਦਰੱਖਤ ਦਾ ਜੋ ਤਣਾ ਹੁੰਦਾ, ਉਸਨੂੰ "ਅਕਸ਼ਰ ਪੁਰਸ਼" ਜਾਣੋਂ। ਤਣੇ ਦੇ ਉੱਪਰ ਕਈ ਮੋਟੀਆਂ ਡਾਰ (ਟਾਹਣੇ) ਨਿਕਲਦੀਆਂ ਹਨ, ਉਸ ਵਿਚੋਂ ਇੱਕ ਡਾਰ ਨੂੰ ਤਾਂ ਸ਼ਰ ਪੁਰਸ਼ ਜਾਣੋ। ਫਿਰ ਉਸ ਟਾਹਣੀ ਦੇ ਸਮਝੋ ਤਿੰਨ ਸ਼ਾਖਾ (ਟਾਹਣੀਆਂ) ਨਿਕਲਦੀਆਂ ਹਨ। ਉਹ ਤਿੰਨੋਂ ਦੇਵਤਾ:- (ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂ ਜੀ ਅਤੇ ਤਮਗੁਣ ਸ਼ਿਵਜੀ) ਜਾਣੋਂ ਅਤੇ ਉਨ੍ਹਾਂ ਸ਼ਾਖਾਵਾਂ ਉੱਤੇ ਲੱਗੇ ਪੱਤੇ ਜੀਵ-ਜੰਤੂ ਜਾਣੇਂ। ਪ੍ਰਮੇਸ਼ਵਰ ਕਬੀਰ ਜੀ ਨੇ ਤੱਤਵਗਿਆਨ ਵਿੱਚ ਸਾਰਾ ਗਿਆਨ ਦੱਸਿਆ ਹੈ।

ਗੀਤਾ ਅਧਿ: 4 ਸਲੋਕ 32 ਵਿੱਚ ਵੀ ਹੈ ਕਿਹਾ ਹੈ ਕਿ ਯੱਗਾਂ ਅਰਥਾਤ ਧਾਰਮਿਕ ਅਨੁਸ਼ਠਾਨਾਂ ਦੀ ਜਾਣਕਾਰੀ (ਬ੍ਰਹਮਣ:ਮੁਖੇ) ਸਚਿੰਦਾਨੰਦ ਘਨ ਬ੍ਰਹਮ ਅਰਥਾਤ ਪਰਮਅਕਸ਼ਰ ਬ੍ਰਹਮ ਨੇ ਆਪਣੇ ਮੁਖ ਕਮਲ ਤੋਂ ਬੋਲੀ, ਬਾਣੀ ਵਿੱਚ ਵਿਸਥਾਰ ਦੇ ਨਾਲ ਕਹੀ ਹੈ, ਉਹ ਤੱਤਵਗਿਆਨ ਹੈ।

ਗੀਤਾ ਅਧਿਆਇ 4 ਸਲੋਕ 34 ਵਿੱਚ ਕਿਹਾ ਹੈ ਕਿ ਜੋ ਤੱਤਵਗਿਆਨ ਪ੍ਰਮਾਤਮਾ ਖੁਦ ਦੱਸਦਾ ਹੈ। ਉਸਨੂੰ ਉਸਦੇ ਕ੍ਰਿਪਾ ਪਾਤਰ ਸੰਤ ਹੀ ਸਮਝਦੇ ਹਨ। ਉਸ ਤੱਤਵਗਿਆਨ ਨੂੰ ਤੂੰ ਤੱਤਵਦਰਸ਼ੀ ਸੰਤਾਂ ਦੇ ਕੋਲ ਜਾਕੇ ਸਮਝ। ਉਨ੍ਹਾਂ ਨੂੰ ਦੰਡਵਤ ਪ੍ਰਣਾਮ (ਪ੍ਰਿਥਵੀ ਉੱਤੇ ਪੇਟ ਭਾਰ ਲੰਬਾ ਪੈ ਕੇ ਪ੍ਰਣਾਮ) ਕਰਕੇ, ਨਿਮਰਤਾ ਪੂਰਵਕ ਪ੍ਰਸ਼ਨ ਕਰਨ ਨਾਲ ਉਹ ਤੱਤਵਦਰਸ਼ੀ ਸੰਤ ਤੱਤਵਗਿਆਨ ਦਾ ਉਪਦੇਸ਼ ਕਰਨਗੇ।

ਪ੍ਰਮੇਸ਼ਵਰ ਨੇ ਇਹ ਤੱਤਵਗਿਆਨ ਖੁਦ ਪ੍ਰਿਥਵੀ ਉੱਤੇ ਪ੍ਰਗਟ ਹੋਕੇ ਦੱਸਿਆ ਸੀ। ਗੀਤਾਂ ਅਧਿਆਇ 15 ਸਲੋਕ 1 ਚ ਤੱਤਵਦਰਸ਼ੀ ਸੰਤ ਦੀ ਪਹਿਚਾਣ ਦੱਸੀ ਹੈ ਕਿ ਜੋ ਸੰਤ ਸੰਸਾਰ ਰੂਪੀ ਬ੍ਰਿਖ (ਰੁੱਖ) ਨੂੰ ਮੂਲ (ਜੜ੍ਹ) ਤੋਂ ਲੈ ਕੇ ਸਾਰੇ ਅੰਗਾਂ ਨੂੰ ਜਾਣਦਾ ਹੈ, ਉਹ ਤੱਤਵਦਰਸ਼ੀ ਸੰਤ ਹੈ।

❖ ਹੁਣ ਜਾਣੋਂ ਸੰਸਾਰ ਰੂਪੀ ਰੁੱਖ ਦੇ ਸਾਰੇ ਅੰਗ :

1. ਮੂਲ (ਜੜ੍ਹ):- ਇਹ ਪਰਮ ਅਕਸ਼ਰ ਬ੍ਰਹਮ ਹੈ ਜੋ ਸਭ ਦਾ ਮਾਲਿਕ ਹੈ। ਸਭ ਦੀ ਉਤਪੱਤੀ ਕਰਦਾ ਹੈ। ਸਭ ਦਾ ਧਾਰਣ-ਪੋਸ਼ਣ ਕਰਨ ਵਾਲਾ ਹੈ ਜਿਸਦੀ ਜਾਣਕਾਰੀ ਗੀਤਾ ਅਧਿਆਇ 8 ਸਲੋਕ 1 ਦੇ ਪ੍ਰਸ਼ਨ ਦਾ ਉੱਤਰ ਗੀਤਾ ਅਧਿਆਇ 8 ਹੀ ਸਲੋਕ 3, 8, 9, 10 ਤੇ 20, 21, 22 ਵਿਚ ਦਿੱਤਾ ਹੈ। ਉਸੇ ਦਾ ਵਰਣਨ ਗੀਤਾ ਅਧਿਆਇ 15 ਸਲੋਕ 17 ਵਿੱਚ ਹੈ। ਜਿਵੇਂ ਗੀਤਾ ਅਧਿਆਇ 15 ਸਲੋਕ 16 ਵਿੱਚ ਦੋ ਪੁਰਸ਼ ਦਸੇ ਹਨ:- ਇੱਕ "ਸ਼ਰ

ਪੁਰਸ਼” ਦੂਸਰਾ “ਅਕਸ਼ਰ ਪੁਰਸ਼”, ਇਹ ਦੋਨੋਂ ਤੇ ਇਨ੍ਹਾਂ ਦੇ ਅੰਤਰਗਤ ਜਿੰਨੇ ਵੀ ਸਰੀਰ ਧਾਰੀ ਪ੍ਰਾਣੀ ਹਨ, ਉਹ ਸਭ ਨਾਸ਼ਵਾਨ ਹਨ। ਜੀਵ ਆਤਮਾ ਤਾਂ ਕਿਸੇ ਦੀ ਵੀ ਨਹੀਂ ਮਰਦੀ।

ਗੀਤਾ ਅਧਿਆਇ 15 ਸਲੋਕ 17 ਵਿੱਚ ਕਿਹਾ ਹੈ ਕਿ (ਉਤਮ ਪੁਰਸ਼) ਅਰਥਾਤ ਪੁਰਸ਼ੋਤਮ ਤਾਂ (ਅਨਯ:) ਹੋਰ ਹੀ ਹੈ ਜਿਸਨੂੰ (ਪ੍ਰਮਾਤਮਾ ਇਤੀ ਉਦਾਰਤੇ:) ਪ੍ਰਮਾਤਮਾ ਕਿਹਾ ਜਾਂਦਾ ਹੈ (ਯ:ਲੋਕ ਤਯਮ) ਜੋ ਤਿੰਨੋਂ ਲੋਕਾਂ ਵਿੱਚ (ਅਵਸ਼ਯ ਵਿਭੂਤੀ) ਪ੍ਰਵੇਸ਼ ਕਰਕੇ ਸਭ ਦਾ ਧਾਰਣ-ਪੋਸ਼ਣ ਕਰਦਾ ਹੈ (ਅਵਯ: ਈਸ਼ਵਰ:) ਅਵਿਨਾਸ਼ੀ ਪ੍ਰਮੇਸ਼ਵਰ ਹੈ, ਇਹ ਪਰਮ ਅਕਸ਼ਰ ਬ੍ਰਹਮ ਸੰਸਾਰ ਰੂਪੀ ਬ੍ਰਿਖ ਦੀ ਮੂਲ (ਜੜ੍ਹ) ਰੂਪ ਪ੍ਰਮੇਸ਼ਵਰ ਹੈ। ਇਹ ਉਹ ਪ੍ਰਮਾਤਮਾ ਹੈ ਜਿਸਦੇ ਵਿਸ਼ੇ ਵਿੱਚ ਸੰਤ ਗਰੀਬਦਾਸ ਜੀ ਨੇ ਕਿਹਾ ਹੈ :-

“ਭਜਨ ਕਰੋ ਉਸ ਰਬ ਕਾ, ਜੋ ਦਾਤਾ ਹੋ ਕੁਲ ਸਭ ਕਾ”

ਇਹ ਅਸੰਖਾਂ ਬ੍ਰਹਿਮੰਡਾਂ ਦਾ ਮਾਲਿਕ ਹੈ। ਇਹ ਸ਼ਰ ਪੁਰਸ਼ ਅਤੇ ਅਕਸ਼ਰ ਪੁਰਸ਼ ਦਾ ਵੀ ਮਾਲਿਕ ਅਤੇ ਉਤਪੱਤੀ ਕਰਤਾ ਹੈ।

2. ਅਕਸ਼ਰ ਪੁਰਸ਼:- ਇਹ ਸੰਸਾਰ ਰੂਪੀ ਬ੍ਰਿਖ ਦਾ ਤਣਾ ਜਾਣੋਂ ਇਹ 7 ਸੰਖ ਬ੍ਰਹਿਮੰਡਾਂ ਦਾ ਮਾਲਿਕ ਹੈ, ਨਾਸ਼ਵਾਨ ਹੈ।

3. ਸ਼ਰ ਪੁਰਸ਼:- ਇਹ ਗੀਤਾ ਗਿਆਨ ਦਾਤਾ ਹੈ, ਇਸਨੂੰ “ਸ਼ਰ ਬ੍ਰਹਮ” ਵੀ ਕਹਿੰਦੇ ਹਨ। ਇਹ ਕੇਵਲ 21 ਬ੍ਰਹਿਮੰਡਾਂ ਦਾ ਮਾਲਿਕ ਹੈ, ਨਾਸ਼ਵਾਨ ਹੈ।


4. ਤਿੰਨੋਂ ਦੇਵਤਾ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਣੂ ਤੇ ਤਮਗੁਣ ਸ਼ਿਵ) ਤਿੰਨ ਸ਼ਾਖਾਵਾਂ:- ਇਹ ਇੱਕ ਬ੍ਰਹਿਮੰਡਾਂ ਵਿੱਚ ਬਣੇ ਤਿੰਨ ਲੋਕਾਂ (ਪ੍ਰਿਥਵੀ ਲੋਕ, ਪਤਾਲ ਲੋਕ ਤੇ ਸਵਰਗ ਲੋਕ) ਵਿੱਚ ਇੱਕ-ਇੱਕ ਵਿਭਾਗ ਦੇ ਮੰਤਰੀ ਹਨ, ਮਾਲਿਕ ਹਨ।

ਜਿਵੇਂ = ਰਜਗੁਣ ਵਿਭਾਗ ਦੇ ਸ਼੍ਰੀ ਬ੍ਰਹਮਾ ਜੀ ਮਾਲਿਕ ਹਨ, ਜਿਸਦੇ ਪ੍ਰਭਾਵ ਨਾਲ ਸਾਰੇ ਪ੍ਰਾਣੀ ਸੰਤਾਨ ਉਤਪੱਤੀ ਕਰਦੇ ਹਨ। ਸਤਿਗੁਣ ਵਿਭਾਗ ਦੇ ਸ਼੍ਰੀ ਵਿਸ਼ਣੂ ਜੀ ਮਾਲਿਕ ਹਨ।

ਜਿਸ ਨਾਲ ਇੱਕ-ਦੂਸਰੇ ਵਿੱਚ ਮਮਤਾ ਬਣੀ ਰਹਿੰਦੀ ਹੈ, ਕਰਮ ਅਨੁਸਾਰ ਸਾਰਿਆਂ ਦਾ ਕੀਤਾ ਫਲ ਦਿੰਦੇ ਹਨ। ਤਮੋਗੁਣ ਵਿਭਾਗ ਦੇ ਸ਼੍ਰੀ ਸ਼ੰਕਰ ਜੀ ਮਾਲਿਕ ਹਨ, ਜਿਸਦੇ ਕਾਰਨ ਸਭ ਦਾ ਅੰਤ ਹੁੰਦਾ ਹੈ ਅਤੇ ਪੱਤੇ ਰੂਪੀ ਸੰਸਾਰ ਦੇ ਪ੍ਰਾਣੀ ਜਾਣੋਂ। ਇਹ ਹੈ ਸੰਸਾਰ ਰੂਪੀ ਬ੍ਰਿਖ ਦੇ ਸਾਰੇ ਅੰਗਾਂ ਦੀ ਭਿੰਨ-ਭਿੰਨ ਜਾਣਕਾਰੀ। ਇਹ ਗਿਆਨ ਖੁਦ ਪ੍ਰਮੇਸ਼ਵਰ ਕਬੀਰ ਜੀ ਨੇ ਆਪਣੇ ਮੁਖ ਕਮਲ ਤੋਂ ਬੋਲਿਆ ਸੀ। ਉਹ ਕਬੀਰ ਬਾਣੀ, ਕਬੀਰ ਬੀਜ਼ਕ, ਕਬੀਰ ਸ਼ਬਦਾਬਲੀ ਤੇ ਕਬੀਰ ਸਾਗਰ ਵਿੱਚ ਸ਼੍ਰੀ ਧਨੀ ਧਰਮਦਾਸ (ਬਾਂਧਵਗੜ੍ਹ ਵਾਲੇ) ਦੁਆਰਾ ਲਿਖਿਆ ਗਿਆ ਸੀ। ਉਸ ਪ੍ਰਮੇਸ਼ਵਰ ਨੇ ਤਾਂ ਦੱਸਿਆ ਹੀ ਸੀ ਜਾਂ ਵਰਤਮਾਨ ਵਿੱਚ ਇਸ ਦਾਸ (ਸੰਤ ਰਾਮਪਾਲ ਦਾਸ) ਨੇ ਸਮਝਿਆ ਹੈ। ਇਹ ਕ੍ਰਿਪਾ ਪ੍ਰਮੇਸ਼ਵਰ ਕਬੀਰ ਜੀ ਦੀ ਹੀ ਹੈ ਕਿ ਸੰਪੂਰਣ ਅਧਿਆਤਮ ਗਿਆਨ ਮੈਨੂੰ ਪ੍ਰਾਪਤ ਹੈ। ਗੀਤਾ ਅਧਿ: 15 ਸਲੋਕ 1 ਦੇ ਅਨੁਸਾਰ ਤੱਤਵਦਰਸ਼ੀ ਸੰਤ ਦੀ ਪਹਿਚਾਣ ਨਾਲ ਵੀ ਇਹ ਸਿੱਧ ਹੋਇਆ ਕਿ ਇਹ ਦਾਸ (ਸੰਤ ਰਾਮਪਾਲ ਦਾਸ) ਉਹ ਤੱਤਵਦਰਸ਼ੀ ਸੰਤ ਹੈ।

ਮੁੜ ਉਸੇ ਪ੍ਰਸੰਗ ਤੇ ਆਉਂਦੇ ਹਾਂ ਕਿ “ਭਜਨ ਕਰੋ ਉਸ ਰੱਬ ਕਾ, ਜੋ ਦਾਤਾ ਹੈ ਕੁੱਲ ਸਬ ਕਾ।”

ਹੁਣ ਤੱਕ ਤਾਂ ਇਹ ਹੀ ਦੱਸਿਆ ਹੈ ਕਿ ਭਗਤੀ ਕਰਨੀ ਚਾਹੀਦੀ ਹੈ ਲੇਕਿਨ ਹੁਣ ਇਹ ਸਪਸ਼ਟ ਕਰਦੇ ਹਾਂ ਕਿ ਭਗਤੀ ਕਿਸ ਦੀ ਕਰੀਏ। 1. ਸ਼੍ਰੀ ਬ੍ਰਹਮਾ ਜੀ ਰਜਗੁਣ ਦੀ ਜਾਂ, 2. ਸ਼੍ਰੀ ਵਿਸ਼ਨੂੰ ਜੀ ਸਤਗੁਣ ਦੀ ਜਾਂ, 3. ਤਮ-ਗੁਣ ਸ਼੍ਰੀ ਸ਼ਿਵ ਜੀ ਰੂਪੀ ਡਾਲੀਆਂ (ਟਹਿਣੀਆਂ)




ਉੱਪਰ ਜੜ੍ਹ ਨੀਚੇ ਸ਼ਾਖਾ ਵਾਲਾ ਉਲਟਾ ਲਟਕਿਆ ਹੋਇਆ ਸੰਸਾਰ ਰੂਪੀ ਬ੍ਰਿਖ ਦਾ ਚਿੱਤਰ

ਦੀ ਜਾਂ, 4. ਸ਼ਰ ਪੁਰਸ਼ ਗੀਤਾ ਗਿਆਨ ਦਾਤਾ ਡਾਲ (ਟਹਣੇ) ਦੀ ਜਾਂ, 5. ਅਕਸ਼ਰ ਪੁਰਸ਼ ਤਣੇ ਦੀ ਜਾਂ, 6. ਪਰਮ ਅਕਸ਼ਰ ਪੁਰਸ਼ = ਜੜ੍ਹ ਦੀ।

ਉਦਾਹਰਣ:- ਜੇਕਰ ਅਸੀਂ ਨਰਸਰੀ ਚੋਂ ਕੋਈ ਅੰਬ ਦਾ ਪੌਦਾ ਲਿਆਉਂਦੇ ਹਾਂ ਤੇ ਉਸਨੂੰ ਆਪਣੇ ਖੇਤ ਜਾਂ ਘਰ ਦੇ ਵਿਹੜੇ ਵਿੱਚ ਬੀਜਦੇ ਹਾਂ ਤਾਂ ਕਿਵੇਂ ਬੀਜਦੇ ਹਾਂ?

ਜਮੀਨ ਵਿੱਚ ਟੋਆ ਪੁੱਟਦੇ ਹਾਂ ਤੇ ਪੌਦੇ ਦੀ ਜੜ੍ਹ ਨੂੰ ਟੋਏ ਵਿੱਚ ਰੱਖ ਕੇ ਮਿੱਟੀ ਨਾਲ ਢੱਕ ਦਿੰਦੇ ਹਾਂ। ਫਿਰ ਪੌਦੇ ਦੀ ਜੜ੍ਹ ਵਿੱਚ ਪਾਣੀ ਨਾਲ ਸਿੰਚਾਈ ਕਰਦੇ ਹਾਂ, ਖਾਦ ਪਾਉਂਦੇ ਹਾਂ ਭਾਵ ਪੌਦੇ ਦੀ ਜੜ੍ਹ ਦੀ ਪੂਜਾ ਕਰਦੇ ਹਾਂ। ਜੜ੍ਹਾਂ ਤੋਂ ਭੋਜਨ ਤਣੇ ਵਿੱਚ, ਤਣਾ ਆਪਣੇ ਲਈ ਲੋੜੀਂਦਾ ਭੋਜਨ ਰੱਖ ਕੇ ਬਚੇ ਹੋਏ ਨੂੰ ਅੱਗੇ ਡਾਰ (ਟਾਹਣੇ) ਵਿੱਚ ਭੇਜ ਦਿੰਦਾ ਹੈ। ਟਾਹਣਾ ਆਪਣੇ ਲਈ ਲੋੜੀਂਦਾ ਭੋਜਨ ਰੱਖ ਕੇ ਬਾਕੀ ਸ਼ਾਖਾਵਾਂ (ਟਾਹਣੀਆਂ) ਵਿੱਚ ਭੇਜ ਦਿੰਦਾ ਹੈ। ਇਸ ਤਰ੍ਹਾਂ ਉਹ ਪੌਦਾ ਦਰਖਤ ਬਣ ਕੇ ਫਲ ਦਿੰਦਾ ਹੈ। ਪਾਠਕ ਗਣ ਬਹੁਤ ਬੁੱਧੀਮਾਨ ਹਨ। ਸਮਝ ਗਏ ਹੋਣਗੇ ਕਿ ਸਾਨੂੰ ਕਿਸ ਪ੍ਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ। ਸੂਕਸ਼ਮ ਵੇਦ ਵਿੱਚ ਪਰਮੇਸ਼ਰ ਕਬੀਰ ਜੀ ਨੇ ਦੱਸਿਆ ਹੈ ਕਿ:-


ਕਬੀਰ, ਏਕੈ ਸਾਧੈ ਸਬ ਸਧੈ, ਸਬ ਸਾਧੈ ਸਬ ਜਾਯ।
ਮਾਲੀ ਸੀਂਚੈ ਮੂਲ ਕੂੰ, ਫੂਲੈ ਫਲੈ ਅਘਾਯ॥

ਇੱਕ ਮੂਲ ਮਾਲਿਕ ਦੀ ਪੂਜਾ ਕਰਨ ਨਾਲ ਸਾਰੇ ਦੇਵਤਾਵਾਂ ਦੀ ਪੂਜਾ ਹੋ ਜਾਂਦੀ ਹੈ, ਜੋ ਸ਼ਾਸਤਰ ਅਨੁਕੂਲ (ਗ੍ਰੰਥਾਂ ਅਨੁਸਾਰ) ਹੈ। ਜਿਹੜੇ ਤਿੰਨੋਂ ਦੇਵਤਾਵਾਂ ਵਿਚੋਂ ਇਕ ਜਾਂ ਦੋ (ਸ਼੍ਰੀ ਵਿਸ਼ਨੂੰ ਸਤਗੁਣ ਅਤੇ ਸ਼੍ਰੀ ਸ਼ੰਕਰ ਤਮਗੁਣ) ਦੀ ਪੂਜਾ ਕਰਦੇ ਹਨ ਜਾਂ ਤਿੰਨਾਂ ਦੀ ਪੂਜਾ ਇਸ਼ਟ ਰੂਪ ਵਿੱਚ ਕਰਦੇ ਹਨ ਤਾਂ ਉਹ ਗੀਤਾ ਅਧਿਆਇ 13 ਸ਼ਲੋਕ 10 ਵਿੱਚ ਦੱਸੀ ਹੋਈ ਅਵਭਿਚਾਰਣੀ ਭਗਤੀ ਨਾ ਹੋਣ ਕਰਕੇ ਵਿਅਰਥ ਹੈ। ਜਿਵੇਂ ਕੋਈ ਔਰਤ ਆਪਣੇ ਪਤੀ ਤੋਂ ਇਲਾਵਾ ਕਿਸੇ ਹੋਰ ਆਦਮੀ ਨਾਲ ਸਰੀਰਕ ਸੰਬੰਧ ਨਹੀਂ ਕਰਦੀ, ਉਹ ਅਵਭਿਚਾਰਣੀ ਔਰਤ ਹੈ। ਜਿਹੜੀ ਕਈ ਆਦਮੀਆਂ ਦੇ ਨਾਲ ਸੰਪਰਕ ਕਰਦੀ ਹੈਂ, ਉਹ ਵਭਿਚਾਰਣੀ ਹੋਣ ਕਰਕੇ ਸਮਾਜ ਵਿੱਚ ਨਿੰਦਣਯੋਗ ਹੁੰਦੀ ਹੈ। ਉਹ ਪਤੀ ਦੇ ਦਿਲ ਤੋਂ ਉੱਤਰ ਜਾਂਦੀ ਹੈ।


ਸ਼ਾਸਤਰ ਅਨੁਕੂਲ ਸਾਧਨਾ ਭਾਵ ਸਿੱਧਾ ਬੀਜਿਆ ਹੋਇਆ ਭਗਤੀ ਰੂਪੀ ਪੌਦੇ ਦਾ ਚਿੱਤਰ ਇਸੇ ਪੁਸਤਕ ਦੇ ਪੰਨਾ ਨੰਬਰ 27 ਉਤੇ ਤੇ ਸ਼ਾਸਤ੍ਰ ਵਿਰੁੱਧ ਸਾਧਨਾ ਭਾਵ ਉਲਟਾ ਬੀਜਿਆ ਹੋਇਆ ਭਗਤੀ ਰੂਪੀ ਪੌਦਾ ਪੰਨਾ ਨੰਬਰ 28 ਤੇ ਦੇਖੋ।

ਉਪਰੋਕਤ ਪ੍ਰਮਾਣਾਂ ਤੋਂ ਇਹ ਸਪੱਸ਼ਟ ਹੈ ਕਿ ਇੱਕ ਮੂਲ ਮਾਲਕ ਦੀ ਪੂਜਾ ਕਰਨ ਨਾਲ ਸਾਧਕ ਦਾ ਆਤਮ-ਕਲਿਆਣ ਸੰਭਵ ਹੈ।

ਹੋਰ ਪ੍ਰਮਾਣ:- ਗੀਤਾ ਅਧਿਆਇ 3 ਸ਼ਲੋਕ 10 ਤੋਂ 15 ਵਿੱਚ, ਇਸ ਉਪਰੋਕਤ ਭਗਤੀ ਦਾ ਸਮਰਥਨ ਕੀਤਾ ਗਿਆ ਹੈ।



ਗੀਤਾ ਅਧਿਆਏ ਨੰ. 15
ਸਲੋਕ ਨੰ. 1 ਤੋਂ 4 ਤਥਾ
ਸਲੋਕ ਨੰ. 16 ਤੇ 17
ਦਾ ਆਸ਼ਯ
ਬ੍ਰਹਮਾ
ਸ਼ਿਵ
ਵਿਸ਼ਣੂ
ਕਬੀਰ - ਅਕਸ਼ਰ ਪੁਰਸ਼ ਇੱਕ ਪੇੜ ਹੈ,
ਨਿਰੰਜਨ ਵਾਕੀ ਡਾਰ।
ਤਿੰਨੋਂ ਦੇਵਾ ਸ਼ਾਖਾ ਹੈਂ,
ਪਾਤ ਰੂਪ ਸੰਸਾਰ॥
ਡਾਰ ਬ੍ਰਹਮ
(ਛਰ ਪੁਰਸ਼)
ਤਣਾ
(ਅਕਸ਼ਰ ਪੁਰਸ਼ ਪਰਬ੍ਰਹਮ)
ਕਬੀਰ ਸਾਹਿਬ
(ਮੂਲ ਜੜ੍ਹ)
ਸ਼ਾਸਤਰ ਅਨੁਕੂਲ
ਸਾਧਨਾ
ਅਰਥਾਤ ਸਿੱਧਾ ਬੀਜਿਆ ਹੋਇਆ ਭਗਤੀ ਰੂਪੀ ਪੌਦਾ



ਗੀਤਾ ਅਧਿਆਏ ਨੰ. 15
ਸਲੋਕ ਨੰ. 1 ਤੋਂ 4 ਤਥਾ
ਸਲੋਕ ਨੰ. 16 ਤੇ 17
ਦਾ ਆਸ਼ਯ
ਪੂਰਣ ਬ੍ਰਹਮ ਕਬੀਰ ਸਾਹਿਬ
ਮੂਲ ਜੜ੍ਹ
ਤਣਾ
(ਅਕਸ਼ਰ ਪੁਰਸ਼ ਪਰਬ੍ਰਹਮ)
ਕਬੀਰ - ਅਕਸ਼ਰ ਪੁਰਸ਼ ਇੱਕ ਪੇੜ ਹੈ,
ਨਿਰੰਜਨ ਵਾਕੀ ਡਾਰ।
ਤਿੰਨੋਂ ਦੇਵਾ ਸ਼ਾਖਾ ਹੈਂ,
ਪਾਤ ਰੂਪ ਸੰਸਾਰ॥
ਡਾਰ ਬ੍ਰਹਮ
(ਛਰ ਪੁਰਸ਼)
ਵਿਸ਼ਣੂ
ਬ੍ਰਹਮਾ
ਸ਼ਿਵ
ਸ਼ਾਸਤਰ ਵਿਰੁੱਧ ਸਾਧਨਾ
ਅਰਥਾਤ ਉਲਟਾ ਬੀਜਿਆ ਹੋਇਆ ਭਗਤੀ ਰੂਪੀ ਪੌਦਾ

❖ ਗੀਤਾ ਅਧਿਆਇ 3 ਸ਼ਲੋਕ 10 = ਪ੍ਰਜਾਪਤੀ ਨੇ ਭਾਵ, ਕੁੱਲ ਦੇ ਮਾਲਕ ਨੇ ਸ੍ਰਿਸ਼ਟੀ ਦੇ ਆਦਿ ਵਿੱਚ ਯੱਗ ਸਹਿਤ ਭਾਵ ਧਾਰਮਿਕ ਅਨੁਸ਼ਠਾਨਾਂ ਦੇ ਗਿਆਨ ਸਹਿਤ ਪ੍ਰਜਾਵਾਂ ਨੂੰ ਉਤਪਨ ਕਰਕੇ ਆਦੇਸ਼ ਦਿੱਤਾ ਸੀ ਕਿ ਤੁਸੀਂ ਸਾਰੇ ਧਾਰਮਿਕ ਅਨੁਸ਼ਠਾਨਾਂ ਨਾਲ ਵ੍ਰਿਧੀ ਨੂੰ ਪ੍ਰਾਪਤ ਹੋਵੋ। ਇਕ ਯੱਗ ਭਾਵ ਧਾਰਮਿਕ ਅਨੁਸ਼ਠਾਨ ਤੁਹਾਨੂੰ ਇੱਛਤ ਭੋਗ ਪ੍ਰਦਾਨ ਕਰਨ ਵਾਲੇ ਹਨ। (ਗੀਤਾ ਅਧਿਆਇ 3 ਸ਼ਲੋਕ 10) ਇਸ ਸ਼ਾਸਤਰ ਅਧਾਰਤ ਧਾਰਮਿਕ ਅਨੁਸ਼ਠਾਨ ਦੁਆਰਾ ਦੇਵਤਿਆਂ ਸੰਸਾਰ ਰੂਪੀ ਰੁੱਖ ਦੀਆਂ ਸ਼ਾਖਾਵਾਂ (ਟਾਹਣੀਆਂ) ਨੂੰ ਉੱਨਤ ਕਰੋ, ਭਾਵ ਪੂਰਨ ਪਰਮਾਤਮਾ (ਮੂਲ ਮਾਲਕ) ਨੂੰ ਇਸ਼ਟ ਮੰਨ ਕੇ ਪੂਜਾ ਕਰਨ ਨਾਲ ਸ਼ਾਖਾਵਾਂ (ਟਾਹਣੀਆਂ) ਆਪਣੇ ਆਪ ਉੱਨਤ ਹੋ ਜਾਂਦੀਆਂ ਹਨ ਜਿਵੇਂ ਕਿ ਪਹਿਲਾਂ ਸਪਸ਼ਟ ਹੋ ਚੁੱਕਿਆ ਹੈ। ਤਦ ਉਹ ਦੇਵਤਾ (ਸ਼ਾਖਾਵਾਂ ਵੱਡੀਆਂ ਹੋ ਕੇ ਫਲ ਦੇਣਗੀਆਂ) ਤੁਹਾਨੂੰ ਲੋਕਾਂ ਨੂੰ ਉੱਨਤ ਕਰਨ, ਭਾਵ ਜਦੋਂ ਅਸੀਂ ਸ਼ਾਸਤਰ ਅਨੁਸਾਰ ਸਾਧਨਾ ਕਰਾਂਗੇ, ਤਦ ਸਾਡੇ ਭਗਤੀ ਕਰਮ ਬਣਨਗੇ। ਕਰਮਾਂ ਦਾ ਫਲ ਇਹ ਤਿੰਨੇ ਦੇਵਤੇ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ਿਵ ਜੀ ਸੰਸਾਰ ਰੂਪੀ ਰੁੱਖ ਦੀਆਂ ਟਾਹਣੀਆਂ ਹੀ ਦਿੰਦੇ ਹਨ। ਇਸ ਤਰੀਕੇ ਨਾਲ ਤੁਹਾਨੂੰ ਇਕ ਦੂਸਰੇ ਨੂੰ ਉੱਨਤ ਕਰਨ ਨਾਲ ਤੁਹਾਡਾ ਕਲਿਆਣ ਹੋਵੇਗਾ ਅਤੇ ਇਸ ਨਾਲ ਤੁਸੀਂ ਦੂਸਰੇ ਪ੍ਰਮਾਤਮਾ ਨੂੰ ਪ੍ਰਾਪਤ ਹੋ ਜਾਵੋਗੇ। (ਇਹ ਗਿਆਨ ਗੀਤਾ ਗਿਆਨ ਦਾਤਾ ਦੱਸ ਰਿਹਾ ਹੈ) (ਗੀਤਾ ਅਧਿਆਇ 3 ਸ਼ਲੋਕ 11)

❖ ਸ਼ਾਸਤਰਾਂ ਅਨੁਸਾਰ ਕੀਤੇ ਯੱਗਾਂ ਨੇ ਅਰਥਾਤ ਧਾਰਮਿਕ ਅਨੁਸ਼ਠਾਨਾਂ ਰਾਂਹੀ ਵਧਾਏ ਹੋਏ ਦੇਵਤਾ (ਭਾਵ ਸੰਸਾਰ ਰੂਪੀ ਰੁੱਖ ਦੀਆਂ ਸ਼ਾਖਾਵਾਂ) ਬਿਨਾਂ ਮੰਗੇ ਤੁਹਾਨੂੰ ਲੋੜੀਂਦੇ ਭੋਗ ਦਿੰਦੇ ਰਹਿਣਗੇ। ਜਿਵੇਂ ਪੌਦੇ ਦੀ ਜੜ੍ਹ ਦੀ ਸਿੰਜਾਈ ਕਰਕੇ ਪੌਦਾ ਰੁੱਖ ਬਣ ਜਾਂਦਾ ਹੈ। ਉਹ ਟਹਿਣੀਆਂ ਫਲਾਂ ਨਾਲ ਭਰ ਜਾਂਦੀਆਂ ਹਨ। ਫਿਰ ਉਸ ਰੁੱਖ ਦੀਆਂ ਟਹਿਣੀਆਂ ਹਰ ਸਾਲ ਆਪਣੇ ਆਪ ਫਲ ਦੇਣਗੀਆਂ, ਅਰਥਾਤ, ਤੁਹਾਡੇ ਦੁਆਰਾ ਕੀਤੇ ਸ਼ਾਸਤਰ ਅਨੁਕੂਲ ਭਗਤੀ ਕਰਮਾਂ ਦੇ ਫਲ ਇਕੱਠੇ ਹੋ ਜਾਂਦੇ ਹਨ, ਉਹੀ ਦੇਵਤੇ ਤੁਹਾਨੂੰ ਦਿੰਦੇ ਰਹਿਣਗੇ। ਭਾਵੇਂ ਤੁਸੀਂ ਮੰਗੋ ਜਾਂ ਨਾ ਮੰਗੋ। ਜੇਕਰ ਉਨ੍ਹਾਂ ਦੇਵੀ ਦੇਵਤਿਆਂ ਦੁਆਰਾ ਦਿੱਤਾ ਗਿਆ ਤੁਹਾਡੇ ਕਰਮ ਸੰਸਕਾਰ ਦਾ ਧਨ ਧਰਮ ਵਿੱਚ ਦੁਬਾਰਾ ਨਹੀਂ ਲਗਾਇਆ, ਤਾਂ ਉਹ ਸਾਧਕ ਭਗਤੀ ਦਾ ਚੋਰ ਹੈ। ਉਹ ਭਵਿੱਖ ਵਿੱਚ ਪੁੰਨਾਂ ਤੋਂ ਸੱਖਣਾ ਹੋ ਕੇ ਹਾਨੀ ਉਠਾਉਂਦਾ ਹੈ। (ਗੀਤਾ ਅਧਿਆਇ 3 ਸ਼ਲੋਕ 12)

❖ ਯੱਗ ਤੋਂ ਬਚੇ ਹੋਏ ਭੋਜਨ ਨੂੰ ਖਾਣ ਵਾਲੇ ਸੰਤਜਨ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਭਾਵ ਇਹ ਹੈ ਕਿ ਤੱਤਵਰਦਸ਼ੀ ਸੰਤ ਸਭ ਤੋਂ ਪਹਿਲਾਂ ਪਰਮ ਅਕਸ਼ਰ ਬ੍ਰਹਮ ਨੂੰ ਭੋਗ ਲਵਾਉਂਦਾ ਹੈ ਅਤੇ ਫਿਰ ਬਾਕੀ ਭੋਜਨ ਸਾਰੇ ਸ਼ਰਧਾਲੂਆਂ ਨੂੰ ਵੰਡਦਾ ਹੈ। ਇਹ ਪਹਿਚਾਣ ਹੈ ਸੱਚੀ ਸਾਧਨਾ ਦੀ ਕਿ ਉਹ ਸੰਤ ਵੀ ਸਾਰੇ ਭਗਤੀ ਮੰਤਰ ਵੀ ਨੂੰ ਸ਼ਾਸਤਰ ਅਨੁਸਾਰ ਪ੍ਰਦਾਨ ਕਰਦਾ ਹੈ। ਜਿਸ ਕਾਰਨ ਸਾਧਕ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਸਤਿਲੋਕ ਚਲਾ ਜਾਂਦਾ ਹੈ ਅਤੇ ਜੋ ਪਾਪੀ ਲੋਕ ਸਾਸ਼ਤਰ ਅਨੁਕੂਲ ਧਾਰਮਿਕ ਕਿਰਿਆਵਾਂ ਨਹੀਂ ਕਰਦੇ ਜਾ ਧਰਮ ਨਹੀਂ ਕਰਦੇ, ਸਿਰਫ ਆਪਣੇ ਸਰੀਰ ਪੋਸ਼ਣ ਲਈ ਅੰਨ ਪਕਾਉਂਦੇ ਹਨ। ਉਹ ਤਾਂ ਪਾਪ ਹੀ ਖਾਂਦੇ ਹਨ। (ਗੀਤਾ ਅਧਿਆਇ 3 ਸ਼ਲੋਕ 13)

❖ ਸਾਰੇ ਜੀਵ ਅੰਨ ਤੋਂ ਪੈਦਾ ਹੁੰਦੇ ਹਨ ਭਾਵ ਅੰਨ ਖਾਣ ਨਾਲ ਸਰੀਰ ਵਿੱਚ ਸੰਤਾਨ ਉਤਪਨ ਕਰਨ ਵਾਲਾ ਪਦਾਰਥ ਬਣਦਾ ਹੈ, ਜਿਸ ਤੋਂ ਸਾਰੇ ਜੀਵ ਪੈਦਾ ਹੁੰਦੇ ਹਨ। ਅੰਨ ਦੀ ਉੱਤਪਤੀ ਵਰਖਾ ਤੋਂ ਹੁੰਦੀ ਹੈ। ਵਰਖਾ ਸ਼ਾਸ਼ਤਰ-ਵਿਧੀ ਅਨੁਸਾਰ ਕੀਤੇ ਗਏ ਯੱਗ ਅਰਥਾਤ ਧਾਰਮਿਕ ਅਨੁਸ਼ਠਾਨਾਂ ਤੋਂ ਹੁੰਦੀ ਹੈ। ਯੱਗ ਅਰਥਾਤ ਧਾਰਮਿਕ ਅਨੁਸ਼ਠਾਨ ਸ਼ਾਸਤਰਾਂ ਵਿੱਚ ਦੱਸੀ ਵਿਧੀ ਨਾਲ ਕੀਤੇ ਜਾਂਦੇ ਹਨ। ਕਰਮ ਨੂੰ ਬ੍ਰਹਮ ਅਰਥਾਤ ਸ਼ਰ ਪੁਰਖ ਤੋਂ ਉਤਪਨ ਹੋਏ ਜਾਣ ਕਿਉਂਕਿ ਅਸੀਂ ਬ੍ਰਹਮ (ਕਾਲ) ਦੇ ਲੋਕ ਵਿੱਚ ਆਏ ਹਾਂ ਤੇ ਸਾਨੂੰ ਕਰਮ ਕਰਕੇ ਸਭ

ਮਿਲਦਾ ਹੈ। ਜਦੋਂ ਅਸੀਂ ਸਤਲੋਕ ਵਿੱਚ ਸੀ, ਤਾਂ ਬਿਨਾਂ ਕਰਮ ਕੀਤੇ ਸਭ ਮਿਲਦਾ ਸੀ। ਇਸਲਈ ਕਿਹਾ ਹੈ ਕਿ ਕਰਮ ਨੂੰ ਬ੍ਰਹਮ (ਕਾਲ) ਤੋਂ ਉਤਪਨ ਜਾਣ ਅਤੇ ਬ੍ਰਹਮ (ਕਾਲ) ਦੀ ਉਤੱਪਤੀ ਅਵਿਨਾਸ਼ੀ ਪਰਮਾਤਮਾ ਤੋਂ ਹੋਈ ਹੈ (ਜਿਸਨੂੰ ਗੀਤਾ ਅਧਿਆਇ 15 ਸ਼ਲੋਕ 17 ਵਿੱਚ ਦੱਸਿਆ ਗਿਆ ਹੈ ਅਤੇ ਸ੍ਰਿਸ਼ਟੀ ਰਚਨਾ ਅਧਿਆਇ ਵਿੱਚ ਪੜ੍ਹੋ) ਇਸ ਤੋਂ ਸਾਬਿਤ ਹੁੰਦਾ ਹੈ ਕਿ (ਸਰਵਗਤਮ੍ ਬ੍ਰਹਮ) ਸਰਵ ਸ਼ਕਤੀਮਾਨ ਪਰਮ ਅਕਸ਼ਰ ਪਰਮਾਤਮਾ ਅਰਥਾਤ ਪਰਮ ਅਕਸ਼ਰ ਬ੍ਰਹਮ ਸਦਾਂ ਹੀ ਯੱਗਾਂ ਵਿੱਚ ਅਰਥਾਤ ਧਰਮਿਕ ਅਨੁਸ਼ਠਾਨਾਂ ਵਿੱਚ (ਪ੍ਰਤੀਸ਼ਠਤਮ੍) ਪ੍ਰਤਿਸ਼ਠਿਤ ਹੈ ਅਰਥਾਤ ਸੱਭ ਧਾਰਮਿਕ ਕਿਰਿਆਵਾਂ ਵਿੱਚ ਪਰਮ ਅਕਸ਼ਰ ਬ੍ਰਹਮ ਇਸ਼ਟ ਰੂਪ ਵਿੱਚ ਸਤਿਕਾਰਯੋਗ ਹੈ। (ਗੀਤਾ ਅਧਿਆਇ 3 ਸਲੋਕ 14,15)

ਪਰਮ ਅਕਸ਼ਰ ਬ੍ਰਹਮ ਗੀਤਾ ਗਿਆਨ ਦਾਤਾ ਤੋਂ ਵੱਖ ਹੈ।

ਗੀਤਾ ਗਿਆਨ ਦਾਤਾ ਨੇ ਖ਼ੁੱਦ ਗੀਤਾ ਅਧਿਆਇ 18 ਸਲੋਕ 62 ਵਿੱਚ ਕਿਹਾ ਹੈ ਕਿ ਹੈ ਹੇ ਭਗਤ! ਤੂੰ ਸਰਵਭਾਵ ਨਾਲ ਉਸ ਪਰਮੇਸ਼ਵਰ ਅਰਥਾਤ ਪਰਮ ਅਕਸ਼ਰ ਬ੍ਰਹਮ ਦੀ ਸ਼ਰਨ ਵਿੱਚ ਜਾ ਉਸ ਪਰਮੇਸ਼ਵਰ ਦੀ ਕਿਰਪਾ ਨਾਲ਼ ਹੀ ਤੂੰ ਪਰਮ ਸ਼ਾਂਤੀ ਨੂੰ ਅਤੇ ਸ਼ਾਸ਼ਵਤ ਸਥਾਨ ਅਰਥਾਤ ਸਨਾਤਨ ਪਰਮ ਧਾਮ ਨੂੰ ਪ੍ਰਾਪਤ ਹੋਵੇਂਗਾ।

❖ ਗੀਤਾ ਅਧਿਆਇ 15 ਸਲੋਕ 4 ਵਿੱਚ ਗੀਤਾ ਗਿਆਨ ਦਾਤਾ ਨੇ ਦੱਸਿਆ ਹੈ ਕਿ ਤਤਵਦਰਸ਼ੀ ਸੰਤ ਮਿਲਣ ਤੋਂ ਬਾਅਦ ਤੱਤਵ ਗਿਆਨ ਰੂਪੀ ਹਥਿਆਰ ਨਾਲ ਅਗਿਆਨ ਨੂੰ ਕੱਟ ਕੇ ਪਰਮੇਸ਼ਵਰ ਦੇ ਉਸ ਪਰਮ ਪੱਦ ਦੀ ਭਾਲ ਕਰਨੀ ਚਾਹੀਦੀ ਹੈ। ਜਿੱਥੇ ਜਾਣ ਤੋਂ ਬਾਅਦ ਸਾਧਕ ਫਿਰ ਵਾਪਿਸ ਕਦੇ ਸੰਸਾਰ ਵਿੱਚ ਜਨਮ ਨਹੀਂ ਲੈਂਦੇ ਅਰਥਾਤ ਉਨ੍ਹਾਂ ਨੂੰ ਸਨਾਤਨ ਪਰਮ ਧਾਮ ਮਿਲ ਜਾਂਦਾ ਹੈ, ਜਿੱਥੇ ਪਰਮ ਸ਼ਾਂਤੀ ਹੈ, ਕੋਈ ਦੁੱਖ ਨਹੀਂ ਹੈ, ਜਿੱਥੇ ਮੌਤ ਨਹੀਂ ਹੁੰਦੀ, ਜਿੱਥੇ ਬੁਢਾਪਾ ਨਹੀਂ ਹੁੰਦਾ, ਕਿਸੇ ਵਸਤੂ ਦੀ ਕਮੀ ਨਹੀਂ ਹੈ। ਜਿਸ ਪਰਮੇਸ਼ਵਰ ਤੋਂ ਸੰਸਾਰ ਰੂਪੀ ਰੁੱਖ ਦੀ ਪ੍ਰਵਿਰਤੀ ਵਿਸਥਾਰ ਨੂੰ ਪ੍ਰਾਪਤ ਹੋਈ ਹੈ, ਉਸ ਪਰਮੇਸ਼ਵਰ ਦੀ ਭਗਤੀ ਕਰਨੀ ਚਾਹੀਦੀ ਹੈ।

❖ ਗੀਤਾ ਅਧਿਆਇ 13 ਸਲੋਕ 17 ਵਿੱਚ ਗੀਤਾ ਗਿਆਨ ਦਾਤਾ ਨੇ ਦੱਸਿਆ ਹੈ ਕਿ ਉਹ ਪਰ ਬ੍ਰਹਮ ਅਰਥਾਤ ਮੇਰੇ ਤੋਂ ਦੂਜਾ (ਹੋਰ) ਪ੍ਰਭੂ ਦੂਜੇ ਸ਼ਬਦਾਂ ਵਿੱਚ ਪਰਮ ਅਕਸ਼ਰ ਬ੍ਰਹਮ (ਜਿਸ ਦੇ ਬਾਰੇ ਗੀਤਾ ਅਧਿਆਇ 8 ਸਲੋਕ 3 ਵਿੱਚ ਕਿਹਾ ਹੈ) ਜੋਤੀਆਂ ਦੀ ਵੀ ਜੋਤੀ, ਮਾਇਆ ਤੋਂ ਬ੍ਰਹਤ ਪਰੇ ਕਿਹਾ ਜਾਂਦਾ ਹੈ, ਬੋਧਰੂਪ (ਜਾਣਨਯੋਗ ਪਰਮਾਤਮਾ ਤੱਤਵ ਗਿਆਨ ਤੋਂ ਮਿਲਣ ਯੋਗ ਹੈ) ਅਤੇ ਸਭ ਦੇ ਹਿਰਦੇ ਵਿੱਚ ਵਿਸ਼ੇਸ਼ ਰੂਪ ਵਿੱਚ ਵਿਰਾਜਮਾਨ ਹੈ। (ਗੀਤਾ ਅਧਿਆਇ 13 ਸਲੋਕ 17 )

ਵਿਚਾਰ ਕਰੋ:- ਜਿਸ ਤੱਤਵਗਿਆਨ ਤੋਂ ਪਰਮ ਅਕਸ਼ਰ ਬ੍ਰਹਮ ਮਿਲਦਾ ਹੈ, ਉਸਨੂੰ ਸੂਖਸ਼ਮ ਵੇਦ ਵੀ ਆਖਦੇ ਹਨ। ਉਸਦਾ ਗਿਆਨ ਗੀਤਾ ਗਿਆਨ ਦਾਤਾ ਨੂੰ ਵੀ ਨਹੀਂ ਹੈ। ਇਸ ਲਈ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 4 ਸਲੋਕ 32 ਅਤੇ 34 ਵਿੱਚ ਦੱਸਿਆ ਹੈ ਕਿ ਯੱਗਾਂ ਅਰਥਾਤ ਧਾਰਮਿਕ ਅਨੁਸ਼ਠਾਨਾਂ ਦਾ ਵਿਸਥਾਰ ਪੂਰਵਕ ਗਿਆਨ ਖ਼ੁੱਦ (ਬ੍ਰਹਮਣੇ:ਮੁੱਖੇ) ਸਚਿਦਾਨੰਦ ਘਨ ਬ੍ਰਹਮ ਪਰਮਾਤਮਾ ਅਰਥਾਤ ਪਰਮ ਅਕਸ਼ਰ ਬ੍ਰਹਮ ਆਪਣੇ ਮੁਖ ਕਮਲ ਤੋਂ ਬੋਲ ਕੇ ਦੱਸਦਾ ਹੈ ਜੋ ਸੱਚਿਦਾਨੰਦ ਘਨ ਬ੍ਰਹਮ ਦੀ ਬਾਣੀ ਕਹੀ ਜਾਂਦੀ ਹੈ, ਉਸ ਨੂੰ ਤੱਤਵਗਿਆਨ ਆਖਦੇ ਹਨ। ਉਸਨੂੰ ਜਾਣ ਕੇ ਸਾਧਕ ਸਭ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। (ਗੀਤਾ ਅਧਿਆਇ 4 ਸਲੋਕ 32)

❖ ਪਾਠਕਾਂ ਨੂੰ ਬੇਨਤੀ ਹੈ ਕਿ ਗੀਤਾ ਅਧਿਆਇ 4 ਸਲੋਕ 32 ਦੇ ਮੂਲ ਪਾਠ ਵਿੱਚ ਬ੍ਰਹਮਣ:ਸ਼ਬਦ ਹੈ। ਗੀਤਾ ਪ੍ਰੈੱਸ ਗੋਰਖਪੁਰ ਤੋਂ ਪ੍ਰਕਾਸ਼ਿਤ ਗੀਤਾ ਅਤੇ ਹੋਰ ਸਥਾਨਾਂ ਤੋਂ ਪ੍ਰਕਾਸ਼ਿਤ ਗੀਤਾ ਅਨੁਵਾਦਕਾਂ ਨੇ ਬ੍ਰਾਹਮਣਹ ਦਾ ਅਰਥ "ਵੇਦ" ਕੀਤਾ ਹੈ ਜੋ ਗਲਤ ਹੈ।

ਗੀਤਾ ਅਧਿਆਇ 11 ਸਲੋਕ 23 ਵਿੱਚ ਵੀ "ਬ੍ਰਹਮਣਹ" ਸ਼ਬਦ ਹੈ, ਉਸ ਵਿੱਚ ਅਨੁਵਾਦਕਾਂ ਨੇ ਠੀਕ ਅਰਥ "ਸੱਚਿਦਾਨੰਦ ਘਨ ਬ੍ਰਹਮ" ਕੀਤਾ ਹੈ ਇਸਲਈ ਗੀਤਾ ਅਧਿਆਇ 4 ਸਲਕ 32 ਵਿੱਚ "ਬ੍ਰਹਮਣ: ਮੁੱਖੇ" ਦਾ ਅਰਥ ਸੱਚਿਦਾਨੰਦ ਘਨ ਬ੍ਰਹਮ ਦੇ ਮੁਖ ਕਮਲ ਤੋਂ ਉਚਾਰਿਤ ਬਾਣੀ ਵਿੱਚ ਕਰਨਾ ਉਚਿਤ ਹੈ।

ਗੀਤਾ ਅਧਿਆਇ 4 ਸਲੋਕ 34 ਵਿੱਚ ਗੀਤਾ ਗਿਆਨਦਾਤਾ ਨੇ ਕਿਹਾ ਹੈ ਕਿ ਉਸ ਤੱਤਵਗਿਆਨ ਜਿਸਨੂੰ ਪ੍ਰਮੇਸ਼ਵਰ ਆਪਣੇ ਮੁਖ ਕਮਲ ਤੋਂ ਦੱਸਦਾ ਹੈ, ਤੂੰ ਤੱਤਵਦਰਸ਼ੀ ਸੰਤਾਂ ਦੇ ਕੋਲ ਜਾ ਕੇ ਸਮਝ, ਉਨ੍ਹਾਂ ਨੂੰ ਦੰਡਵਤ ਪ੍ਰਣਾਮ ਕਰਨ ਨਾਲ, ਨਿਮਰਤਾ ਪੂਰਵਕ ਪ੍ਰਸ਼ਨ ਕਰਨ ਨਾਲ ਉਹ ਪ੍ਰਮਾਤਮ ਤੱਤਵ ਨੂੰ ਭਲੀ-ਭਾਂਤੀ (ਚੰਗੀ ਤਰ੍ਹਾਂ) ਜਾਣਨ ਵਾਲੇ ਤੱਤਵਦਰਸ਼ੀ ਮਹਾਤਮਾ ਤੈਨੂੰ ਤੱਤਵ-ਗਿਆਨ ਦਾ ਉਪਦੇਸ਼ ਕਰਨਗੇ।

ਪ੍ਰਭੂ ਪ੍ਰੇਮੀ ਪਾਠਕ ਜਨੋਂ! ਇਸਤੋਂ ਸਿੱਧ ਹੋਇਆ ਕਿ ਉਹ ਤੱਤਵ ਗਿਆਨ ਜਿਸ ਨਾਲ ਪਰਮ ਅਕਸ਼ਰ ਪ੍ਰਮਾਤਮਾ ਪ੍ਰਾਪਤ ਹੁੰਦਾ ਹੈ, ਗੀਤਾ ਗ੍ਰੰਥ ਵਿੱਚ ਨਹੀਂ ਹੈ। ਗੀਤਾ ਚਾਰ ਵੇਦਾਂ (ਰਿਗਵੇਦ, ਯਜੁਰਵੇਦ, ਸਾਮਵੇਦ ਤੇ ਅਥਰਵਵੇਦ) ਦਾ ਸੰਖੇਪ ਰੂਪ ਹੈ। ਉਹਨਾਂ ਦਾ ਸਾਰਅੰਸ਼ ਹੈ। ਇਸ ਤੋਂ ਸਿੱਧ ਹੋਇਆ ਕਿ ਸੂਖਸ਼ਮ ਵੇਦ ਵਾਲਾ ਤੱਤਵਗਿਆਨ ਕਿਸੇ ਪ੍ਰਚਲਿਤ ਸਦਗ੍ਰੰਥ ਵਿੱਚ ਨਹੀਂ ਹੈ। ਉਹ ਗਿਆਨ ਮੇਰੇ (ਸੰਤ ਰਾਮਪਾਲ ਦਾਸ) ਕੋਲ ਹੈ, ਵਿਸ਼ਵ ਵਿੱਚ ਕਿਸੇ ਦੇ ਕੋਲ ਨਹੀਂ ਹੈ।

ਪ੍ਰਸ਼ਨ:- ਕੀ ਸ਼੍ਰੀ ਬ੍ਰਹਮਾ ਜੀ ਰਜਗੁਣ, ਸ਼੍ਰੀ ਵਿਸ਼ਣੂ ਜੀ ਸਤਗੁਣ ਤੇ ਸ਼੍ਰੀ ਸ਼ਿਵ ਜੀ ਤਮਗੁਣ ਦੀ ਵੀ ਇਸ਼ਟ ਰੂਪ ਵਿਚ ਪੂਜਾ ਨਹੀਂ ਕਰ ਸਕਦੇ। ਹਿੰਦੂ ਧਰਮ ਵਿੱਚ ਇਨ੍ਹਾਂ ਦੇਵਵਤਾਵਾਂ ਦੀ ਪੂਜਾ ਕੀਤੀ ਜਾਂਦੀ ਹੈ। ਹਿੰਦੂ ਧਰਮਗੁਰੂ, ਸ਼ੰਕਰਅਚਾਰੀਆ ਤੇ ਹੋਰ ਇਨ੍ਹਾਂ ਦੀ ਹੀ ਪੂਜਾ ਇਸ਼ਟ ਰੂਪ ਵਿੱਚ ਮੰਨਕੇ ਕਰਨ ਨੂੰ ਕਹਿੰਦੇ ਹਨ, ਉਹ ਖੁਦ ਵੀ ਕਰਦੇ ਹਨ। ਤੁਹਾਡੀ ਗੱਲ ਵਿਸ਼ਵਾਸ ਨਾ ਕਰਨ ਯੋਗ ਲਗਦੀ ਹੈ, ਕੀ ਤੁਸੀ ਗੀਤਾ ਵਿੱਚ ਪ੍ਰਮਾਣਿਤ ਕਰ ਸਕਦੇ ਹੋ?

ਉੱਤਰ:- ਹਿੰਦੂ ਧਰਮ ਦੇ ਧਰਮਗੁਰੂਆਂ ਨੂੰ ਆਪਣੇ ਸਦਗ੍ਰੰਥਾਂ ਦਾ ਹੀ ਗਿਆਨ ਨਹੀਂ। ਜਿਵੇਂ ਅੱਖਰ ਗਿਆਨ ਦੇਣ ਵਾਲੇ ਅਧਿਆਪਕ ਨੂੰ ਆਪਣੇ ਪਾਠਕ੍ਰਮ ਦੀਆਂ ਪੁਸਤਕਾਂ ਦੇ ਉਲੇਖ ਦਾ ਹੀ ਗਿਆਨ ਨਹੀਂ ਤਾਂ ਉਹ ਅਧਿਆਪਕ ਵਿਦਿਆਰਥੀਆਂ ਦੇ ਲਈ ਹਾਨੀਕਾਰਕ ਹੁੰਦਾ ਹੈ। ਉਹ ਅਧਿਆਪਕ ਠੀਕ ਨਹੀਂ, ਇਹੀ ਹਾਲਤ ਹਿੰਦੂ ਧਰਮ ਦੇ ਗੁਰੂਆਂ ਦੀ ਹੈ।

ਪ੍ਰਮਾਣ:- ਸ਼੍ਰੀਮਦ ਭਗਵਤ ਗੀਤਾ ਅਧਿਆਇ 7 ਸਲੋਕ 12 ਤੋਂ 15 ਵਿੱਚ ਗੀਤਾ ਗਿਆਨਦਾਤਾ ਨੇ ਕਿਹਾ ਹੈ ਕਿ ਤਿੰਨੋਂ ਗੁਣਾਂ ਨਾਲ (ਰਜਗੁਣ ਸ਼੍ਰੀ ਬ੍ਰਹਮਾ ਜੀ ਤੋਂ ਉਤਪੱਤੀ, ਸਤਗੁਣ ਵਿਸ਼ਣੂ ਜੀ ਤੋਂ ਸਥਿਤੀ ਤੇ ਤਮਗੁਣ ਸ਼੍ਰੀ ਸ਼ਿਵ ਸੰਕਰ ਜੀ ਤੋਂ ਸੰਹਾਰ) ਜੋ ਹੋ ਰਿਹਾ ਹੈ, ਉਸਦਾ ਨਿਮਿਤ ਮੈਂ ਹਾਂ, ਪ੍ਰੰਤੂ ਉਨ੍ਹਾਂ ਵਿੱਚ ਮੈਂ ਤੇ ਉਹ ਮੇਰੇ ਵਿੱਚ ਨਹੀਂ ਹਨ। (ਗੀਤਾ ਅਧਿਆਇ 7 ਸਲੋਕ 12),

ਪਹਿਲਾਂ ਇਹ ਪ੍ਰਮਾਣਿਤ ਕਰਦੇ ਹਾਂ ਕਿ ਰਜਗੁਣ ਬ੍ਰਹਮਾ, ਸਤਗੁਣ ਵਿਸ਼ਣੂ ਤੇ ਤਮਗੁਣ ਸ਼ਿਵ ਸ਼ੰਕਰ ਹੈ:

1. ਮਾਰਕੰਡੇ ਪੁਰਾਣ (ਗੀਤਾ ਪ੍ਰੈੱਸ ਗੋਰਖਪੁਰ ਤੋਂ ਪ੍ਰਕਾਸ਼ਿਤ ਕੇਵਲ ਹਿੰਦੀ ਸਚਿੱਤਰ ਮੋਟਾ ਟਾਈਪ) ਦੇ ਪੰਨਾ 123 ਉੱਤੇ ਲਿਖਿਆ ਹੈ ਕਿ ਬ੍ਰਹਮਾ, ਵਿਸ਼ਣੂ ਅਤੇ ਮਹੇਸ਼ ਬ੍ਰਹਮ ਦੀਆਂ ਪ੍ਰਧਾਨ ਸ਼ਕਤੀਆਂ ਹਨ। ਇਹ ਹੀ ਤਿੰਨ ਦੇਵਤਾ ਹਨ ਇਹੀ ਤਿੰਨ ਗੁਣ ਹਨ।

2. ਸ਼੍ਰੀ ਦੇਵੀ ਪੁਰਾਣ (ਸ਼੍ਰੀ ਖੇਮਚੰਦ ਸ਼੍ਰੀ ਕ੍ਰਿਸ਼ਨ ਚੰਦ ਵੈਂਕਟੇਸ਼ਵਰ ਪ੍ਰੈੱਸ ਮੁੰਬਈ ਤੋਂ ਪ੍ਰਕਾਸ਼ਿਤ) ਦੇ ਤੀਸਰੇ ਸਕੰਦ ਦੇ ਅਧਿਆਇ 5 ਸਲੋਕ 8 ਵਿੱਚ ਕਿਹਾ ਹੈ :

ਯਦਾ ਦਯਾਦਰਮਨਾ ਨ ਸਦਾ ਅੰਬਿਕੇ ਕਥਮ ਅਹਮੰ ਵਿਹਿਤਹ ਤਮੋਗੁਣਹ
ਕਮਲਜਹ ਰਜਗੁਣਹ: ਕਥਮ ਵਿਹਿਤਹ ਸ਼੍ਰੀ ਹਰਿਹ ਸਤਗੁਣਹ (ਦੇਵੀ ਪੁਰਾਣ 3/5/8)

**ਅਨੁਵਾਦ:-** ਭਗਵਾਨ ਸ਼ਿਵ ਆਪਣੀ ਮਾਤਾ ਦੁਰਗਾ ਤੋਂ ਪ੍ਰਸ਼ਨ ਕਰ ਰਹੇ ਹਨ ਕਿ ਹੇ ਮਾਤਾ! ਜੇਕਰ ਤੁਸੀਂ ਸਾਡੇ ਤੇ ਦਇਆਵਾਨ ਹੋ ਤਾਂ ਮੈਨੂੰ ਤਮੋਗੁਣ ਕਿਉਂ ਪੈਦਾ ਕੀਤਾ ? ਕਮਲ ਤੋਂ ਪੈਦਾ ਹੋਣ ਵਾਲੇ ਬ੍ਰਹਮਾ ਜੀ ਨੂੰ ਰਜੋਗੁਣ ਅਤੇ ਸ਼੍ਰੀ ਵਿਸ਼ਨੂੰ ਜੀ ਨੂੰ ਸਤਗੁਣ ਕਿਉਂ ਬਣਾਇਆ?

❖ ਇਸ ਤੋਂ ਪ੍ਰਮਾਣਿਤ ਹੈ ਕਿ:- 1. ਰਜਗੁਣ ਕਹੋ ਚਾਹੇ ਬ੍ਰਹਮਾ ਜੀ ਕਹੋ, 2. ਸਤਗੁਣ ਕਹੋ ਚਾਹੇ ਵਿਸ਼ਨੂੰ ਜੀ ਕਹੋ, 3. ਤਮਗੁਣ ਕਹੋ ਚਾਹੇ ਸ਼ਿਵ ਜੀ ਕਹੋ।

ਗੀਤਾ ਅਧਿਆਇ 7 ਸ਼ਲੋਕ 12 ਦਾ ਸੰਖੇਪ:- ਗੀਤਾ ਗਿਆਨ ਦੇਣ ਵਾਲਾ ਕਾਲ ਬ੍ਰਹਮ ਹੈ। ਪ੍ਰਮਾਣ ਗੀਤਾ ਅਧਿਆਇ 11 ਸਲੋਕ 31, 32, ਗੀਤਾ ਅਧਿਆਇ 11 ਸ਼ਲੋਕ 31 ਵਿੱਚ ਅਰਜੁਨ ਨੇ ਪੁੱਛਿਆ ਕਿ:- ਹੇ ਮਹਾਨੁਭਾਵ ਤੁਸੀਂ ਕੌਣ ਹੋ? ਜਦ ਕਿ ਸ਼੍ਰੀ ਕ੍ਰਿਸ਼ਨ ਜੀ ਤਾਂ ਅਰਜੁਨ ਦੇ ਸਾਲੇ ਲਗਦੇ ਸੀ। ਸ਼੍ਰੀ ਕ੍ਰਿਸ਼ਨ ਜੀ ਦੀ ਭੈਣ ਸੁਭੱਦਰਾ ਦਾ ਵਿਆਹ ਅਰਜੁਨ ਨਾਲ ਹੋਇਆ ਸੀ। ਵਿਚਾਰ ਕਰੋ ਜੇਕਰ ਗੀਤਾ ਗਿਆਨ ਦੇਣ ਵਾਲੇ ਸ਼੍ਰੀ ਕ੍ਰਿਸ਼ਨ ਹੁੰਦੇ ਤਾਂ ਅਰਜੁਨ ਨੂੰ ਇਹ ਜਾਨਣ ਦੀ ਨੌਬਤ ਨਹੀਂ ਆਉਂਦੀ ਕਿ ਤੁਸੀਂ ਕੌਣ ਹੋ? ਕੀ ਜੀਜਾ ਆਪਣੇ ਸਾਲੇ ਨੂੰ ਨਹੀਂ ਜਾਣਦਾ? ਅਸਲ ਵਿੱਚ ਸ਼੍ਰੀ ਕ੍ਰਿਸ਼ਨ ਜੀ ਦੇ ਸਰੀਰ ਵਿੱਚ ਪ੍ਰੇਤ ਦੀ ਤਰ੍ਹਾਂ ਦਾਖਲ ਹੋ ਕੇ ਕਾਲ ਬ੍ਰਹਮ ਗੀਤਾ ਗਿਆਨ ਬੋਲ ਰਿਹਾ ਸੀ। (ਵਧੇਰੇ ਜਾਣਕਾਰੀ ਅਤੇ ਪ੍ਰਮਾਣ ਦੇ ਲਈ ਪੜ੍ਹੋ ਕੀਤਾਬਾਂ "ਗੀਤਾ ਤੇਰਾ ਗਿਆਨ ਅਮ੍ਰਿਤ", "ਗਹਰੀ ਨਜ਼ਰ ਗੀਤਾ ਮੇਂ", ਅਧਿਆਤਮਿਕ ਗਿਆਨ ਗੰਗਾ ਅਤੇ ਦੇਖੋ ਸਤਸੰਗਾਂ ਦੀ **D.V.D.**, "ਸ਼੍ਰੀ ਮਦ ਭਗਵਤ ਗੀਤਾ ਕਾ ਗਿਆਨ ਕਿਸਨੇ ਬੋਲਾ"। ਇਹ ਸਭ ਸਾਡੀ "**website- www.jagatgururampalji.org**" ਤੇ ਉਪਲੱਬਧ ਹੈ, ਮੁਫ਼ਤ ਡਾਊਨਲੋਡ ਕਰ ਸਕਦੇ ਹੋ। **Youtube** ਤੇ ਵੀ **Search** ਕਰ ਸਕਦੇ ਹੋ **(Satsang Barwala** ਜਾਂ **Sant Rampal Ji Ke Satsang)** ਗੀਤਾ ਗਿਆਨ ਦੇਣ ਵਾਲਾ ਕਾਲ ਬ੍ਰਹਮ ਹੈ ਜੋ ਕਿ ਗੀਤਾ ਅਧਿਆਇ 11 ਸ਼ਲੋਕ 32 ਵਿੱਚ ਖੁਦ ਕਹਿ ਰਿਹਾ ਹੈ ਕਿ ਮੈਂ ਕਾਲ ਹਾਂ, ਹੁਣ ਪ੍ਰਵਰਤ ਹੋਇਆ ਹਾਂ ਭਾਵ ਹੁਣ ਪ੍ਰਗਟ ਹੋਇਆ ਹਾਂ। ਜੇਕਰ ਸ਼੍ਰੀ ਕ੍ਰਿਸ਼ਨ ਜੀ ਗੀਤਾ ਗਿਆਨ ਬੋਲ ਰਹੇ ਹੁੰਦੇ ਤਾਂ ਇਹ ਨਹੀਂ ਕਹਿੰਦੇ ਕਿ ਮੈਂ ਹੁਣ ਆਇਆ ਹਾਂ ਕਿਉਂਕਿ ਸ਼੍ਰੀ ਕ੍ਰਿਸ਼ਨ ਜੀ ਤਾਂ ਪਹਿਲਾਂ ਹੀ ਮੌਜੂਦ ਸਨ। ਸ਼੍ਰੀ ਕ੍ਰਿਸ਼ਨ ਜੀ ਨੇ ਪਹਿਲਾਂ ਕਦੇ ਨਹੀਂ ਕਿਹਾ ਕਿ ਮੈਂ ਕਾਲ ਹਾਂ, ਨਾ ਕਦੇ ਬਾਅਦ ਵਿੱਚ ਕਿਹਾ ਕਿ ਸਭ ਦਾ ਨਾਸ਼ ਕਰਨ ਵਾਲਾ ਵਧਿਆ ਹੋਇਆ ਕਾਲ ਹਾਂ। ਕੌਰਵਾਂ ਦੀ ਸਭਾ ਵਿੱਚ ਅਪਣਾ ਵਿਰਾਟ (ਵਿਸ਼ਾਲ) ਰੂਪ ਵੀ ਦਿਖਾਇਆ ਸੀ। ਭਗਤੀ ਕਰਨ ਵਾਲੀ ਹਰੇਕ ਆਤਮਾ ਦਾ ਵਿਰਾਟ (ਵਿਸ਼ਾਲ) ਰੂਪ ਹੁੰਦਾ ਹੈ। ਕੋਈ ਕੋਈ ਹੀ ਇਸ ਨੂੰ ਪ੍ਰਗਟ ਕਰ ਸਕਦਾ ਹੈ। ਇਹ ਭਗਤੀ ਦੀ ਸ਼ਕਤੀ ਦੇ ਅਨੁਸਾਰ ਹੁੰਦਾ ਹੈ।

ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 11 ਸਲੋਕ 47 ਵਿੱਚ ਕਿਹਾ ਹੈ ਕਿ ਅਰਜੁਨ ! ਤੇਰੇ ਤੋਂ ਇਲਾਵਾ ਪਹਿਲਾਂ ਕਿਸੇ ਨੇ ਮੇਰਾ ਇਹ ਵਿਸ਼ਾਲ ਰੂਪ ਨਹੀਂ ਦੇਖਿਆ ਹੈ। "ਪਾਠਕਾਂ ਨੂੰ ਬੇਨਤੀ ਹੈ ਕਿ ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣਾ ਵਿਸ਼ਾਲ ਰੂਪ ਪਹਿਲਾਂ ਕੌਰਵਾਂ ਦੀ ਸਭਾ ਵਿੱਚ ਦਿਖਾਇਆ ਸੀ"। ਜੋ ਉਥੇ ਮੌਜੂਦ ਸੈਂਕੜੇ ਕੌਰਵਾਂ ਸਮੇਤ ਹਜ਼ਾਰਾਂ ਨੇ ਦੇਖਿਆ ਸੀ। ਜੇਕਰ ਸ਼੍ਰੀ ਕ੍ਰਿਸ਼ਨ ਜੀ ਗੀਤਾ ਗਿਆਨ ਬੋਲ ਰਹੇ ਹੁੰਦੇ ਤਾਂ ਇਹ ਕਦੇ ਨਹੀਂ ਕਹਿੰਦੇ ਕਿ ਮੇਰਾ ਇਹ ਵਿਸ਼ਾਲ ਰੂਪ ਤੇਰੇ ਤੋਂ ਇਲਾਵਾ ਪਹਿਲਾਂ ਕਿਸੇ ਨੇ ਨਹੀਂ ਦੇਖਿਆ ਸੀ। ਇਸ ਤੋਂ ਸਪਸ਼ਟ ਹੈ ਕਿ ਗੀਤਾ ਗਿਆਨ ਦੇਣ ਵਾਲਾ "ਕਾਲ ਬ੍ਰਹਮ" ਜਿਸ ਨੂੰ ਗੀਤਾ ਅਧਿਆਇ 15 ਸ਼ਲੋਕ 16

ਵਿੱਚ ਸ਼ਰ (ਸ਼ਰ) ਪੁਰਸ਼ ਕਿਹਾ ਗਿਆ ਹੈ। ਜਿਸ ਨੇ ਗੀਤਾ ਅਧਿਆਇ 8 ਸ਼ਲੋਕ 13 ਵਿੱਚ ਕਿਹਾ ਹੈ ਕਿ:-

"ਓਮ ਇਤੀ ਏਕਾਕਸ਼ਰ ਬ੍ਰਹਮ ਵਿਯਵਹਾਰਨ ਮਾਮ ਅਨੁਸਮਰਨ
ਯਹ: ਪ੍ਰਯਾਤਿ ਤਯਜਨ ਦੇਹਮ ਸਹ ਯਾਤਿ ਪਰਮਾਮ ਗਤਿਮ"

ਸਰਲ ਅਰਥ:- ਗੀਤਾ ਦੇ ਗਿਆਨ ਦਾਤਾ ਨੇ ਕਿਹਾ ਹੈ ਕਿ (ਮਾਮ ਬ੍ਰਹਮ) ਮੇਰਾ ਬ੍ਰਹਮ ਦਾ (ਓਮ ਇਤੀ ਏਕਾਸ਼ਰਮ) ਇਹ ਇੱਕ ਓਮ ਅੱਖਰ ਹੈ। (ਵਿਵਹਾਰਨ) ਉਚਾਰਨ ਕਰਕੇ (ਅਨੁਸਮਰਨ) ਸਿਮਰਨ ਕਰਦਾ ਹੋਇਆ (ਯਾਹ ਪ੍ਰਯਾਤੀ ਤਜਨ ਦੇਹਮ) ਜਿਹੜਾ ਸਾਧਕ ਸਰੀਰ ਛੱਡਦਾ ਹੈ, (ਸਾਹ ਯਾਤੀ ਪਰਮਾਮ ਗਤਿਮ) ਉਹ ਓਮ ਦੇ ਨਾਮ ਦੁਆਰਾ ਹੋਣ ਵਾਲੀ ਪਰਮ ਗਤੀ ਪ੍ਰਾਪਤ ਕਰਦਾ ਹੈ।

ਸ਼੍ਰੀ ਦੇਵੀ ਪੁਰਾਣ ਦੇ ਸੱਤਵੇਂ ਸਕੰਦ ਵਿੱਚ (ਸਚਿੱਤਰ ਮੋਟਾ ਟਾਈਪ ਸਿਰਫ ਹਿੰਦੀ, ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ) ਵਿੱਚ ਪੰਨਾ ਨੰ. 562, 563 ਦਾ ਪ੍ਰਕਰਨ ਇਸ ਪ੍ਰਕਾਰ ਹੈ:- ਸ਼੍ਰੀ ਦੇਵੀ ਜੀ ਰਾਜਾ ਹਿਮਾਲਿਆ ਨੂੰ ਬ੍ਰਹਮ ਗਿਆਨ ਉਪਦੇਸ਼ ਦਿੰਦੀ ਹੈ। ਕਿਹਾ, ਹੇ ਰਾਜਾ! ਤੂੰ ਓਂ (ਓਮ) ਦਾ ਨਾਮ ਦਾ ਜਾਪ ਕਰ ਜਿਸ ਨਾਲ ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ। ਇਹ ਓਮ ਨਾਮ ਬ੍ਰਹਮ ਜਾਪ ਮੰਤਰ ਹੈ ਦੂਸਰੀਆਂ ਸਭ ਗੱਲਾਂ ਨੂੰ, ਪੂਜਾਵਾਂ ਨੂੰ ਛੱਡਕੇ ਸਿਰਫ ਇੱਕ ਓਂ (ਓਮ) ਦਾ ਜਾਪ ਕਰੋ, ਬ੍ਰਹਮ ਦੀ ਪ੍ਰਾਪਤੀ ਦਾ ਉਦੇਸ਼ ਰੱਖੋ, ਤੁਹਾਡਾ ਕਲਿਆਣ ਹੋਵੇ। ਇਸ ਨਾਲ ਬ੍ਰਹਮ ਨੂੰ ਪ੍ਰਾਪਤ ਹੋ ਜਾਵੇਂਗਾ। ਉਹ ਬ੍ਰਹਮ ਬ੍ਰਹਮ ਲੋਕ ਰੂਪੀ ਦਿਵ ਆਕਾਸ਼ ਵਿੱਚ ਰਹਿੰਦਾ ਹੈ। ਇਸ ਦੇਵੀ ਮਹਾਂਪੁਰਾਣ ਤੋਂ ਇਹ ਸਪਸ਼ਟ ਹੈ ਕਿ ਓਂ (ਓਮ) ਨਾਮ ਜਾਪ ਬ੍ਰਹਮ ਦਾ ਹੈ।

ਹੋਰ ਪ੍ਰਮਾਣ:- ਸ਼੍ਰੀ ਸ਼ਿਵ ਮਹਾਪੁਰਾਣ (ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਤ ਸਚਿੱਤਰ ਮੋਟਾ ਟਾਈਪ) ਦੇ ਵਿਧ੍ਰੇਸ਼ਵਰ ਸੰਹਿਤਾ ਦੇ ਪੰਨਾ ਨੰ. 23 ਤੋਂ 25 ਉੱਤੇ ਪ੍ਰਕਰਨ ਇਸ ਪ੍ਰਕਾਰ ਹੈ:-

ਇੱਕ ਸਮੇਂ ਸ਼੍ਰੀ ਬ੍ਰਹਮਾ ਜੀ ਰਜਗੁਣ ਅਤੇ ਵਿਸ਼ਨੂੰ ਜੀ ਸਤਗੁਣ ਵਿਚਕਾਰ ਯੁੱਧ ਹੋ ਗਿਆ ਕਾਰਨ ਇਹ ਸੀ ਕਿ ਸ਼੍ਰੀ ਬ੍ਰਹਮਾ ਜੀ ਸ਼੍ਰੀ ਵਿਸ਼ਨੂੰ ਜੀ ਦੇ ਨਿਵਾਸ ਤੇ ਗਏ ਅਤੇ ਕਿਹਾ ਕਿ ਹੇ ਹੰਕਾਰੀ! ਤੂੰ ਮੇਰੇ ਆਉਣ ਤੇ ਉੱਠ ਕੇ ਮੇਰਾ ਸਤਿਕਾਰ ਨਹੀਂ ਕੀਤਾ, ਤੂੰ ਪੁੱਤਰ ਹੋ ਕੇ ਵੀ ਪਿਤਾ ਦਾ ਸਤਿਕਾਰ ਨਹੀਂ ਕਰਦਾ। ਮੈਂ ਸਾਰਿਆਂ ਦਾ ਪਿਤਾ ਹਾਂ, ਸਾਰੇ ਸੰਸਾਰ ਦਾ ਸਿਰਜਣਹਾਰ। ਇਹ ਸ਼ਬਦ ਸੁਣਦਿਆਂ ਹੀ ਸ਼੍ਰੀ ਵਿਸ਼ਨੂੰ ਜੀ ਨੂੰ ਅੰਦਰੋਂ ਬਹੁਤ ਗੁੱਸਾ ਆਇਆ, ਪਰ ਉੱਪਰੋਂ ਮੁਸਕਰਾਉਂਦੇ ਹੋਏ ਕਿਹਾ ਕਿ ਆਜਾ ਪੁੱਤਰ, ਮੈਂ ਤੇਰਾ ਪਿਤਾ ਹਾਂ। ਤੁਸੀਂ ਮੇਰੇ ਨਾਭੀ ਕਮਲ ਤੋਂ ਪੈਦਾ ਹੋਏ ਹੋ। ਇਸੇ ਗੱਲ'ਤੇ ਦੋਹਾਂ ਨੇ ਹਥਿਆਰ ਚੁੱਕ ਲਏ ਅਤੇ ਆਪਸ ਵਿੱਚ ਲੜਨਾ ਸ਼ੁਰੂ ਕਰ ਦਿੱਤਾ। ਉਸੇ ਸਮੇਂ, ਕਾਲ ਬ੍ਰਹਮ ਨੇ ਇਨ੍ਹਾਂ ਦੋਵਾਂ ਵਿਚਕਾਰ ਇੱਕ ਤੇਜੋਮਈ ਥੰਮ੍ਹ ਖੜ੍ਹਾ ਕਰ ਦਿੱਤਾ। ਜਿਸ ਕਾਰਨ ਦੋਵਾਂ ਨੇ ਲੜਨਾ ਬੰਦ ਕਰ ਦਿੱਤਾ। ਉਸੇ ਸਮੇਂ, ਕਾਲ ਬ੍ਰਹਮ ਨੇ ਆਪਣੇ ਪੁੱਤਰ ਸ਼ਿਵ ਦਾ ਰੂਪ ਧਾਰ ਲਿਆ ਅਤੇ ਆਪਣੀ ਪਤਨੀ ਦੁਰਗਾ ਨੂੰ ਪਾਰਵਤੀ ਬਣਾ ਕੇ ਉਹਨਾਂ ਕੋਲ਼ ਪ੍ਰਗਟ ਹੋ ਗਿਆ। ਉਨ੍ਹਾਂ ਦੋਵਾਂ ਨੂੰ ਦੱਸਿਆ ਕਿ ਤੁਹਾਨੂੰ ਦੋਵਾਂ ਨੂੰ ਗਿਆਨ ਨਹੀਂ ਹੈ ਕਿ ਇਥੇ ਈਸ਼ ਕੌਣ ਹੈ? ਮੈਂ ਬ੍ਰਹਮ ਹਾਂ, ਇਹ ਸੰਸਾਰ ਮੇਰਾ ਹੈ, ਹੇ ਵਿਸ਼ਨੂੰ ਅਤੇ ਬ੍ਰਹਮਾ! ਤਪੱਸਿਆ ਕਰ ਕੇ, ਤੁਸੀਂ ਦੋਵਾਂ ਨੇ ਮੇਰੇ ਤੋਂ ਇੱਕ ਇੱਕ ਕਾਰਜ ਪ੍ਰਾਪਤ ਕੀਤੇ ਹਨ। ਬ੍ਰਹਮਾ ਨੂੰ ਸ੍ਰਿਸਟੀ ਦੀ ਉਤਪੱਤੀ ਅਤੇ ਵਿਸ਼ਨੂੰ ਨੂੰ ਸਥਿਤੀ। ਸੁਣੋ ਪੁੱਤਰੋ! ਇਸੇ ਤਰ੍ਹਾਂ ਮੈਂ ਮਹੇਸ਼ ਅਤੇ ਰੁਦਰ ਨੂੰ ਇੱਕ-ਇੱਕ ਕਾਰਜ ਵਿਨਾਸ਼ ਅਤੇ ਤਿਰੋਭਾਵ (ਮਾਰਨਾ) ਦਿੱਤਾ ਹੈ। ਫਿਰ ਕਿਹਾ ਹੈ ਕਿ ਮੇਰਾ ਇੱਕ ਅੱਖਰ ਹੈ ਮੰਤਰ ਓਮ (ਓਂ) ਜਾਪ ਕਰਨ ਦਾ ਹੈ। ਇਹ ਪੰਜ ਭਾਗਾਂ (ਪੰਜ ਅਵਯਓ) (ਓ, ਊ, ਯ, ਨਾਦ ਅਤੇ ਬਿੰਦੂ) ਦਾ ਇਹ ਸੰਗ੍ਰਹਿ ਇੱਕ "ਓਮ" ਅੱਖਰ ਦਾ

ਮੰਤਰ ਬਣਿਆ ਹੈ। ਪਾਠਕਾਂ ਲਈ ਇਹ ਸਪੱਸ਼ਟ ਹੋ ਗਿਆ ਕਿ "ਓਮ" ਇੱਕ ਅੱਖਰ ਬ੍ਰਹਮ ਦਾ ਜਪ ਮੰਤ੍ਰ ਹੈ। ਇਹ ਵੀ ਸਪੱਸ਼ਟ ਹੋ ਗਿਆ ਕਿ ਇਥੇ ਸ਼੍ਰੀ ਬ੍ਰਹਮਾ, ਸ਼੍ਰੀ ਵਿਸ਼ਨੂੰ ਅਤੇ ਸ਼੍ਰੀ ਮਹੇਸ਼ ਤੋਂ ਇਲਾਵਾ ਹੋਰ ਕਾਲ ਬ੍ਰਹਮ ਹੈ ਅਤੇ ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵ ਜੀ ਤਿੰਨੇ ਕਾਲ ਬ੍ਰਹਮ ਦੇ ਪੁੱਤਰ ਹਨ।

ਹੋਰ ਸਬੂਤ:- ਇਹ ਸ਼੍ਰੀ ਸ਼ਿਵ ਮਹਾਂਪੁਰਾਣ (ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਤ, ਸਚਿੱਤਰ ਮੋਟਾ ਟਾਈਪ) ਵਿੱਚ ਰੁਦਰ ਸੰਹਿਤਾ ਦੇ ਪੰਨਾ ਨੰ. 110 ਤੇ ਲਿਖਿਆ ਗਿਆ ਹੈ ਕਿ ਰਜਗੁਣ ਬ੍ਰਹਮਾ ਸਤਗੁਣ ਵਿਸ਼ਨੂੰ ਅਤੇ ਤਮਗੁਣ ਸ਼ਿਵ ਤਿੰਨੋਂ ਦੇਵਤਿਆਂ ਵਿੱਚ ਗੁਣ ਹਨ। ਮੈਂ ਇਹਨਾਂ ਤੋਂ ਭਿੰਨ ਹਾਂ।

ਇਹਨਾਂ ਸਾਰਿਆਂ ਸਬੂਤਾਂ ਤੋਂ ਸਪਸ਼ੱਟ ਹੋਇਆ ਕਿ ਗੀਤਾ ਗਿਆਨ ਦਾਤਾ ਕਾਲ ਬ੍ਰਹਮ ਹੈ, ਇਸਨੂੰ ਸ਼ਰਾਪ ਲਗਿਆ ਹੈ ਕਿ ਹਰ ਰੋਜ਼ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਨੂੰ ਖਾਵੇਗਾ, ਅਤੇ ਸਵਾ ਲੱਖ ਹਰ ਰੋਜ਼ ਪੈਦਾ ਕਰੇਗਾ।

ਇਸੇ ਕਾਰਨ ਇਸਨੇ ਅਪਣੇ ਤਿੰਨਾਂ ਪੁੱਤਰ ਨੂੰ ਇੱਕ ਇੱਕ ਗੁਣ ਯੁਕਤ ਬਣਾਇਆ ਹੋਇਆ ਹੈ, ਇਹਨਾਂ ਦੇ ਸਰੀਰ ਤੋਂ ਨਿਕਲ ਰਹੇ ਗੁਣਾਂ ਦਾ ਸੂਖਮ ਪ੍ਰਭਾਵ ਹਰੇਕ ਪ੍ਰਾਣੀ ਨੂੰ ਮਜਬੂਰ ਕਰਕੇ ਕੰਮ ਕਰਦਾ ਹੈ। ਜਿਵੇਂ ਰਸੋਈ ਘਰ ਵਿੱਚ ਮਿਰਚਾਂ ਦਾ ਤੜਕਾ ਲੱਗਦਾ ਹੈ, ਛਿੱਕਾਂ ਆਉਂਦੀਆਂ ਹਨ। ਉਹਨਾਂ ਛਿੱਕਾਂ ਨੂੰ ਕੋਈ ਨਹੀਂ ਰੋਕ ਪਾਉਂਦਾ। ਸਥੂਲ ਰੂਪ ਵਿੱਚ ਮਿਰਚ ਰਸੋਈ ਘਰ ਵਿੱਚ ਹੁੰਦੀ ਹੈ, ਉਸਤੋਂ ਨਿਕਲ ਰਹੇ ਗੁਣ ਨੇ ਦੂਰ ਕਮਰੇ ਵਿੱਚ ਬੈਠੇ ਵਿਅਕਤੀਆਂ ਨੂੰ ਪ੍ਰਭਾਵਿਤ ਕਰ ਦਿੱਤਾ।

ਇਸੇ ਤਰ੍ਹਾਂ ਤਿੰਨੇ ਦੇਵਤੇ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ, ਅਤੇ ਸ਼੍ਰੀ ਸ਼ਿਵ ਜੀ) ਆਪਣੇ ਆਪਣੇ ਲੋਕਾਂ ਵਿੱਚ ਰਹਿੰਦੇ ਹਨ, ਪਰੰਤੂ ਓਹਨਾਂ ਦੇ ਸਰੀਰ ਤੋਂ ਨਿਕਲ ਰਹੇ ਗੁਣਾਂ ਦਾ ਸੂਖਮ ਪ੍ਰਭਾਵ ਤਿੰਨਾਂ ਲੋਕਾਂ (ਸਵਰਗ ਲੋਕ, ਪਾਤਾਲ ਲੋਕ, ਪ੍ਰਿਥਵੀ ਲੋਕ) ਦੇ ਪ੍ਰਾਣੀਆਂ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ ਜਿਸ ਨਾਲ ਕਾਲ ਬ੍ਰਹਮ ਦੇ ਲਈ ਇੱਕ ਲੱਖ ਮਾਨਵ ਦਾ ਆਹਾਰ ਤਿਆਰ ਹੁੰਦਾ ਹੈ। ਇਸ ਲਈ ਗੀਤਾ ਅਧਿਆਇ 7 ਸ਼ਲੋਕ 12 ਵਿੱਚ ਗੀਤਾ ਗਿਆਨ ਦਾਤਾ ਬ੍ਰਹਮ ਨੇ ਕਿਹਾ ਹੈ ਕਿ:-

❖ ਤਿੰਨਾਂ ਗੁਣਾਂ ਤੋਂ ਜੋ ਵੀ ਹੋ ਰਿਹਾ ਹੈ, ਉਸਦਾ ਨਿਮਿਤ ਕਾਰਣ ਮੈਂ ਹੀ ਹਾਂ। ਜਿਵੇਂ ਰਜਗੁਣ ਬ੍ਰਹਮਾ ਜੀ ਤੋਂ ਉੱਤਪਤੀ ਅਤੇ ਤਮਗੁਣ ਸ਼ਿਵ ਤੋਂ ਨਾਸ਼ ਹੁੰਦਾ ਹੈ। ਇਹ ਸਭ ਮੇਰੇ ਲਈ ਹੀ ਇਹਨਾਂ ਦੁਆਰਾ ਹੋ ਰਿਹਾ ਇਹੋ ਜਿਹਾ ਜਾਣ, ਪਰੰਤੂ ਇਹ ਮੇਰੇ ਵਿੱਚ ਅਤੇ ਮੈਂ ਇਹਨਾਂ ਵਿੱਚ ਨਹੀਂ ਹਾਂ ਕਿਉਂਕਿ ਕਾਲ ਬ੍ਰਹਮ ਇਹਨਾਂ ਤਿੰਨਾਂ ਦੇਵਤਿਆਂ ਤੋਂ ਅਲੱਗ ਰਹਿੰਦਾ ਹੈ। ਗੀਤਾ (ਅਧਿਆਇ 7 ਸ਼ਲੋਕ 12)

❖ ਸਾਰਾ ਸੰਸਾਰ ਇਹਨਾਂ ਤਿੰਨਾਂ ਗੁਣਾਂ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਨੂੰ ਅਤੇ ਤਮਗੁਣ ਸ਼ਿਵ) ਤੇ ਹੀ ਮੋਹਿਤ ਹੈ। ਇਹਨਾਂ ਤਕ ਗਿਆਨ ਰੱਖਦਾ ਹੈ। ਇਹਨਾਂ ਤਿੰਨਾਂ ਦੇਵਤਿਆਂ ਤੋਂ ਪਰੇ ਮੈਨੂੰ ਅਤੇ (ਅਵੇਯਮ) ਉਸ ਅਵਿਨਾਸ਼ੀ ਪਰਮਾਤਮਾ ਨੂੰ ਨਹੀਂ ਜਾਣਦਾ। (ਗੀਤਾ ਅਧਿਆਇ 7 ਸ਼ਲੋਕ 13)

❖ ਕਿਉਂਕਿ ਇਹ ਅਲੌਕਿਕ ਤਿਰਗੁਣਮਈ ਮੇਰੀ ਮਾਇਆ (ਅਰਥਾਤ ਮੇਰੇ ਪੁੱਤਰਾਂ ਦੁਆਰਾ ਫੈਲਾਇਆ ਮਾਇਆਜਾਲ਼) ਬੜੀ ਬੁਰੀ (ਦੁਸਤਰ) ਹੈ, ਨਿਕੰਮੀ ਹੈ। ਜੋ ਸਾਧਕ ਸਿਰਫ ਮੈਨੂੰ (ਕਾਲ ਬ੍ਰਹਮ) ਨੂੰ ਭੱਜਦੇ ਹਨ ਉਹ ਇਸ ਮਾਇਆ (ਬ੍ਰਹਮਾ, ਵਿਸ਼ਨੂੰ ,ਮਹੇਸ਼ ਦੀ ਭਗਤੀ ਤੋਂ ਹੋਣ ਵਾਲੇ ਲਾਭ ਤੋਂ ਜਿਆਦਾ ਲਾਭ ਬ੍ਰਹਮ ਭਗਤੀ ਵਿੱਚ ਹੈ। ਇਸਲਈ ਕਿਹਾ ਹੈ ਕਿ ਜੋ ਇਹਨਾਂ ਤਿੰਨਾਂ ਤੋਂ ਮਿਲਣ ਵਾਲੇ ਲਾਭ ਨੂੰ ਤਿਆਗ ਕੇ ਕਾਲ ਬ੍ਰਹਮ ਦੀ ਸਾਧਨਾ ਕਰਦੇ ਹਨ

,ਉਹ ਇਸਦਾ ਉਲੰਘਣ ਕਰਕੇ ਅਰਥਾਤ ਇਸਦੀ ਸਾਧਨਾ ਦਾ ਤਿਆਗ ਕਰ ਦਿੰਦੇ ਹਨ) ਦਾ ਉਲੰਘਣ ਕਰ ਜਾਂਦੇ ਹਨ। (ਗੀਤਾ ਅਧਿਆਇ 7 ਸ਼ਲੋਕ 14)

❖ ਗੀਤਾ ਅਧਿਆਇ 7 ਸ਼ਲੋਕ 15 ਵਿੱਚ ਕਿਹਾ ਕਿ ਤਿੰਨਾਂ ਗੁਣਾਂ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਨੂੰ ਅਤੇ ਤਮਗੁਣ ਸ਼ਿਵ ਜੀ) ਰੂਪੀ ਮਾਇਆਜਾਲ਼ ਦੁਆਰਾ ਜਿਹਨਾਂ ਦਾ ਗਿਆਨ ਹਰਿਆ ਜਾ ਚੁਕਿਆ ਹੈ ਅਰਥਾਤ ਜੋ ਸਾਧਕ ਇਹਨਾਂ ਤਿੰਨਾਂ ਦੇਵਤਿਆਂ ਤੋਂ ਵੱਖਰੇ ਪ੍ਰਭੂ ਨੂੰ ਨਹੀਂ ਜਾਣਦੇ ਇਨ੍ਹਾਂ ਤੋਂ ਹੀ ਮਿਲਣ ਵਾਲੇ ਨਾ ਮਾਤਰਾ ਲਾਭ ਤੋਂ ਹੀ ਮੁਕਤੀ ਮੰਨ ਕੇ ਇਹਨਾਂ ਦੇ ਚਿੰਬੜੇ ਰਹਿੰਦੇ ਹਨ ਇਹਨਾਂ ਦੀ ਹੀ ਪੂਜਾ ਕਰਦੇ ਰਹਿੰਦੇ ਹਨ। ਐਸੇ ਵਿਅਕਤੀ ਅਸੁਰ ਸੁਭਾਅ ਨੂੰ ਧਾਰਨ ਕੀਤੇ ਹੋਏ ਮਨੁੱਖਾਂ ਵਿੱਚੋਂ ਨੀਚ ,ਦੂਸ਼ਿਤ ਕਰਮ ਕਰਨ ਵਾਲੇ ਮੂਰਖ ਜਾਣ। ਮੈਨੂੰ ਕਾਲ ਬ੍ਰਹਮ ਨੂੰ ਨਹੀਂ ਭੱਜਦੇ। (ਗੀਤਾ ਅਧਿਆਇ 7 ਸ਼ਲੋਕ 15)

ਗੀਤਾ ਅਧਿਆਇ 14 ਸਲੋਕ 19 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਜਿਸ ਸਮੇਂ ਦ੍ਰਿਸ਼ਟਾ ਅਰਥਾਤ ਤੱਤਵਗਿਆਨ ਸੁਣਨ ਵਾਲਾ ਅਤੇ ਜੋ ਤਿੰਨੋਂ ਗੁਣਾਂ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਨੂ ਤੇ ਤਮਗੁਣ ਸ਼ਿਵ) ਦੀ ਇਸ਼ਟ ਰੂਪ ਵਿੱਚ ਪੂਜਾ ਕਰਨ ਵਾਲਾ ਆਪਣੀ ਪੁਰਾਣੀ ਧਾਰਨਾ ਨੂੰ ਨਹੀਂ ਬਦਲਦਾ ਅਰਥਾਤ ਇਨ੍ਹਾਂ ਤਿੰਨਾਂ ਦੇ ਇਲਾਵਾ ਕਿਸੇ ਨੂੰ ਕਰਤਾ ਨਹੀਂ ਮੰਨਦਾ ਅਤੇ ਇਨ੍ਹਾਂ ਤਿੰਨਾਂ ਤੋਂ ਪਰੇ ਪੂਰਣ ਪ੍ਰਮਾਤਮਾ ਦਾ ਗਿਆਨ ਵੀ ਪ੍ਰਾਪਤ ਕਰ ਲੈਂਦਾ ਹੈ, ਉਹ ਮੇਰੇ ਹੀ ਜਾਲ ਵਿੱਚ ਰਹਿ ਜਾਂਦਾ ਹੈ। (ਗੀਤਾ ਅਧਿਆਇ 14 ਸਲੋਕ 19) ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਦੇਹਧਾਰੀ ਮਨੁੱਖ ਇਨ੍ਹਾਂ ਤਿੰਨਾਂ ਦਾ ਉਲੰਘਣ ਕਰਕੇ ਅਰਥਾਤ ਇਨ੍ਹਾਂ ਤਿੰਨਾਂ ਦੀ ਪੂਜਾ ਤਿਆਗਕੇ ਹੀ ਜਨਮ-ਮਰਨ ਤੇ ਬੁਢਾਪਾ ਤੇ ਹੋਰ ਸਭ ਦੁੱਖਾਂ ਤੋਂ ਮੁਕਤ ਹੋਕੇ ਪਰਮਾਅਨੰਦ ਅਰਥਾਤ ਗੀਤਾ ਅਧਿਆਇ 18 ਸਲੋਕ 62 ਤੇ ਅਧਿਆਇ 15 ਸਲੋਕ 4 ਵਿੱਚ ਵਰਣਿਤ ਪਰਮ ਸ਼ਾਂਤੀ ਤੇ ਸਨਾਤਨ ਧਰਮ ਧਾਮ ਨੂੰ ਪ੍ਰਾਪਤ ਹੁੰਦਾ ਹੈ।

ਸਾਰਅੰਸ਼:- ਤਿੰਨਾਂ ਦੇਵਤਾਵਾਂ (ਬ੍ਰਹਮਾ ਜੀ ਰਜਗੁਣ, ਵਿਸ਼ਨੂ ਜੀ ਸਤਗੁਣ ਤੇ ਸ਼ਿਵ ਜੀ ਤਮਗੁਣ) ਦੀ ਪੂਜਾ ਕਰਨ ਵਾਲੇ ਰਾਖਸ਼ਸ਼ ਸੁਭਾਅ ਨੂੰ ਧਾਰਨ ਕੀਤੇ ਹੋਏ ਮਨੁੱਖਾਂ ਵਿੱਚੋਂ ਨੀਚ, ਦੂਸ਼ਿਤ ਕਰਮ ਕਰਨ ਵਾਲੇ ਮੂਰਖ ਕਿਹਾ ਹੈ। ਭਾਵਅਰਥ ਹੈ ਕਿ ਇਨ੍ਹਾਂ ਦੀ ਪੂਜਾ ਨਹੀਂ ਕਰਨੀ ਚਾਹੀਦੀ ਹੈ।

ਕਾਰਨ:- 1. ਸ਼੍ਰੀ ਬ੍ਰਹਮਾ ਜੀ ਰਜਗੁਣ ਦੀ ਪੂਜਾ ਹਿਰਣਾਕਸ਼ਯਪ ਨੇ ਕੀਤੀ ਸੀ, ਆਪਣੇ ਪੁੱਤਰ ਪ੍ਰਹਿਲਾਦ ਦਾ ਦੁਸ਼ਮਣ ਬਣ ਗਿਆ, ਰਾਖਸ਼ਸ਼ ਕਹਾਇਆ, ਕੁੱਤੇ ਦੀ ਮੌਤ ਮਰਿਆ।

2. ਸ਼੍ਰੀ ਸ਼ਿਵ ਜੀ ਤਮਗੁਣ ਦੀ ਪੂਜਾ ਰਾਵਣ ਨੇ ਕੀਤੀ ਸੀ, ਜਗਤ ਜਨਨੀ ਸੀਤਾ ਨੂੰ ਉਠਾਇਆ, ਪਤਨੀ ਬਣਾਉਣ ਦੀ ਕੋਸ਼ਿਸ਼ ਕੀਤੀ, ਰਾਖਸ਼ਸ਼ ਕਹਾਇਆ, ਕੁੱਤੇ ਦੀ ਮੌਤ ਮਰਿਆ। ਭਸਮਾਸੁਰ ਨੇ ਵੀ ਤਮਗੁਣ ਸ਼ਿਵ ਜੀ ਦੀ ਪੂਜਾ ਕੀਤੀ ਸੀ, ਰਾਖਸ਼ਸ਼ ਕਹਾਇਆ, ਬੇਮੌਤ ਮਾਰਿਆ ਗਿਆ।

3. ਸ਼੍ਰੀ ਵਿਸ਼ਨੂ ਜੀ ਦੀ ਪੂਜਾ ਕਰਨ ਵਾਲੇ ਵੈਸ਼ਣਵ ਕਹਾਉਂਦੇ ਹਨ। ਇੱਕ ਸਮੇਂ ਹਰਿਦੁਆਰ ਵਿੱਚ ਇੱਕ ਕੁੰਭ ਦਾ ਮੇਲਾ ਲੱਗਿਆ। ਉਸ ਪਰਵ ਵਿੱਚ ਇਸ਼ਨਾਨ ਕਰਨ ਲਈ ਸਰਵ ਸੰਤ (ਗਿਰੀ, ਪੁਰੀ, ਨਾਥ, ਨਾਗਾ) ਪੁਹੰਚ ਗਏ। ਨਾਗਾ ਸ਼੍ਰੀ ਸ਼ਿਵ ਜੀ ਤਮਗੁਣ ਦੇ ਪੁਜਾਰੀ ਹੁੰਦੇ ਹਨ ਤੇ ਵੈਸ਼ਣਵ ਸ਼੍ਰੀ ਵਿਸ਼ਨੂ ਜੀ ਸਤਗੁਣ ਜੀ ਦੇ ਪੁਜਾਰੀ ਹੁੰਦੇ ਹਨ। ਸਭ ਹਰਿਦੁਆਰ ਵਿੱਚ ਹਰਿ ਦੀ ਪੌੜੀ ਉੱਪਰ ਇਸ਼ਨਾਨ ਕਰਨ ਦੀ ਤਿਆਰੀ ਕਰਨ ਲੱਗੇ ਜੋ ਸੰਖਿਆ ਲੱਗਭਗ 20 ਹਜ਼ਾਰ ਸਨ। ਕੁਝ ਦੇਰ ਬਾਅਦ ਇੰਨੀ ਹੀ ਸੰਖਿਆ ਵਿੱਚ ਵੈਸ਼ਣਵ ਸਾਧੂ ਹਰਿ ਦੀ ਪੌੜੀਆਂ ਉੱਤੇ ਪਹੁੰਚ ਗਏ। ਵੈਸ਼ਣਵ ਸਾਧੂਆਂ ਨੇ ਨਾਗਾਵਾਂ ਨੂੰ ਕਿਹਾ ਕਿ ਅਸੀਂ ਸਰਵ ਸ਼੍ਰੇਸ਼ਟ ਹਾਂ, ਅਸੀਂ ਪਹਿਲਾਂ ਇਸ਼ਨਾਨ ਕਰਾਂਗੇ। ਇਸੇ ਗੱਲ ਉੱਤੇ ਝਗੜਾ ਹੋ ਗਿਆ। ਤਲਵਾਰ,

ਕਟਾਰੀ, ਛੁਰੇ ਨਾਲ ਲੜਨ ਲੱਗੇ, ਲਗਭਗ 25 ਹਜ਼ਾਰ ਦੋਵਾਂ ਪਾਸਿਆਂ ਦੇ ਸਾਧੂ ਤਿੰਨਾਂ ਗੁਣਾਂ ਦੇ ਉਪਾਸਕ ਕੱਟ ਕੇ ਮਰ ਗਏ।

ਇਸ ਲਈ ਗੀਤਾ ਅਧਿਆਇ 7 ਸਲੋਕ 12 ਤੋਂ 15 ਵਿੱਚ ਤਿੰਨਾਂ ਗੁਣਾਂ (ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂ ਜੀ ਤੇ ਤਮਗੁਣ ਸ਼ਿਵ ਜੀ) ਦੇ ਉਪਾਸਕਾਂ ਨੂੰ ਰਾਖਸ਼ਸ਼ ਸੁਭਾਅ ਨੂੰ ਧਾਰਣ ਕੀਤੇ ਹੋਏ ਮਨੁੱਖਾਂ ਵਿੱਚੋਂ ਨੀਚ ਦੂਸ਼ਤ ਕਰਮ ਕਰਨ ਵਾਲੇ ਮੂਰਖ ਕਿਹਾ ਹੈ।

ਇਸ ਤੋਂ ਸਿੱਧ ਹੋਇਆ ਕਿ ਸ਼੍ਰੀ ਬ੍ਰਹਮਾ ਰਜਗੁਣ, ਸ਼੍ਰੀ ਵਿਸ਼ਨੂ ਸਤਗੁਣ ਅਤੇ ਸ਼੍ਰੀ ਸ਼ਿਵ ਜੀ ਤਮਗੁਣ ਦੀ ਭਗਤੀ ਕਰਨ ਵਾਲੇ ਮੂਰਖ, ਰਾਖਸ਼ਸ਼ , ਮਨੁੱਖਾਂ ਵਿੱਚੋਂ ਨੀਚ ਤੇ ਘਟੀਆਂ ਕਰਮ ਕਰਨ ਵਾਲੇ ਮੂਰਖ ਵਿਅਕਤੀ ਹਨ ਅਰਥਾਤ ਇਨ੍ਹਾਂ ਦੀ ਪੂਜਾ ਕਰਨਾ ਸ਼੍ਰੀ ਮਦ ਭਗਵਤ ਗੀਤਾ ਵਿੱਚ ਮਨ੍ਹਾ ਕੀਤਾ ਹੈ, ਇਨ੍ਹਾਂ ਦੀ ਇਸ਼ਟ ਰੂਪ ਵਿੱਚ ਪੂਜਾ ਬੇ-ਅਰਥ ਹੈ।

## "ਪੂਜਾ ਅਤੇ ਸਾਧਨਾ ਵਿੱਚ ਅੰਤਰ"

ਪ੍ਰਸ਼ਨ:- ਕਾਲ ਬ੍ਰਹਮ ਦੀ ਪੂਜਾ ਕਰਨੀ ਚਾਹੀਦੀ ਹੈ ਜਾਂ ਨਹੀਂ ? ਗੀਤਾ ਵਿੱਚ ਪ੍ਰਮਾਣ ਦਿਖਾਓ।

ਉੱਤਰ:- ਨਹੀਂ ਕਰਨੀ ਚਾਹੀਦੀ। ਪਹਿਲਾ ਤੁਹਾਨੂੰ ਪੂਜਾ ਅਤੇ ਸਾਧਨਾ ਵਿੱਚ ਫ਼ਰਕ ਦੱਸਦੇ ਹਾਂ।

ਭਗਤੀ ਭਾਵ ਪੂਜਾ:- ਜਿਵੇਂ ਆਪਾਂ ਨੂੰ ਪਤਾ ਹੈ ਧਰਤੀ ਅੰਦਰ ਠੰਡਾ ਪਾਣੀ ਹੈ। ਉਸ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਉਸ ਦੇ ਲਈ ਬੋਕੀ ਦੇ ਰਾਹੀ ਜ਼ਮੀਨ ਵਿੱਚ ਸੁਰਾਖ ਕੀਤਾ ਜਾਂਦਾ ਹੈ। ਉਸ ਸੁਰਾਖ ਵਿੱਚ ਲੋਹੇ ਦੀ ਪਾਈਪ ਪਾਈ ਜਾਂਦੀ ਹੈ। ਫਿਰ ਹੈੱਡਪੰਪ (ਨਲ) ਦੀ ਮਸ਼ੀਨ ਲਗਾਈ ਜਾਂਦੀ ਹੈ। ਉਦੋਂ ਉਹ ਠੰਡਾ ਜੀਵਨ ਦਾਤਾ ਪਾਣੀ ਪ੍ਰਾਪਤ ਹੁੰਦਾ ਹੈ।

ਸਾਡਾ ਪੂਜਯ ਪਾਣੀ ਹੈ ਉਸ ਨੂੰ ਪ੍ਰਾਪਤ ਕਰਨ ਲਈ ਇਸਤੇਮਾਲ ਕੀਤੇ ਔਜਾਰ ਅਤੇ ਕੋਸ਼ਿਸ਼ ਸਾਧਨਾ ਜਾਣੋ। ਜੇ ਅਸੀਂ ਔਜਾਰਾਂ ਦੀ ਪੂਜਾ ਵਿੱਚ ਲੱਗੇ ਰਹੇ ਤਾਂ ਪਾਣੀ ਪ੍ਰਾਪਤ ਨਹੀਂ ਕਰ ਸਕਦੇ, ਔਜਾਰਾਂ ਦੁਆਰਾ ਵਸਤੂ ਪ੍ਰਾਪਤ ਹੁੰਦੀ ਹੈ।

ਹੋਰ ਉਦਾਹਰਣ:- ਜਿਵੇਂ ਪਤੀਵਰਤਾ ਔਰਤ ਪਰਿਵਾਰ ਦੇ ਸਾਰਿਆਂ ਮੈਂਬਰਾਂ ਦਾ ਸਤਿਕਾਰ ਕਰਦੀ ਹੈ। ਸੱਸ-ਸਹੁਰੇ ਦਾ ਮਾਤਾ ਪਿਤਾ ਦੇ ਸਮਾਨ, ਨਣਦਾਂ ਦਾ ਵੱਡੀ ਛੋਟੀ ਭੈਣ ਦੇ ਸਮਾਨ, ਜੇਠ ਦੇਵਰ ਦਾ ਵੱਡੇ ਛੋਟੇ ਭਾਈ ਦੇ ਸਮਾਨ, ਜੇਠਾਣੀ ਦੇਵਰਾਣੀ ਦਾ ਵੱਡੀ ਛੋਟੀ ਭੈਣ ਦੇ ਸਮਾਨ, ਪਰ ਉਹ ਪੂਜਾ ਆਪਣੇ ਪਤੀ ਦੀ ਕਰਦੀ ਹੈ। ਜਦੋਂ ਉਹ ਅਲੱਗ ਹੁੰਦੇ ਹਨ ਤਾਂ ਆਪਣੇ ਹਿੱਸੇ ਦੀ ਸਾਰਿਆ ਵਸਤੂਆਂ ਨੂੰ ਉਠਾ ਕੇ ਆਪਣੇ ਪਤੀ ਦੇ ਮਕਾਨ ਵਿੱਚ ਲੈ ਜਾਂਦੀ ਹੈ।

ਹੋਰ ਉਦਾਹਰਣ:- ਜਿਵੇਂ ਸਾਡੀ ਇੱਛਾ ਅੰਬ ਖਾਣ ਦੀ ਹੁੰਦੀ ਹੈ। ਸਾਡੇ ਲਈ ਅੰਬ ਦਾ ਫ਼ਲ ਪੂਜਯ ਹੈ। ਉਸ ਨੂੰ ਪ੍ਰਾਪਤ ਕਰਨ ਦੇ ਲਈ ਧਨ ਦੀ ਜ਼ਰੂਰਤ ਪੈਂਦੀ। ਧਨ ਜੋੜਨ ਦੇ ਲਈ ਮਜ਼ਦੂਰੀ/ ਨੌਕਰੀ/ ਖੇਤੀਬਾੜੀ ਕਰਨੀ ਪੈਂਦੀ ਹੈ। ਓਦੋ ਅੰਬ ਦਾ ਫ਼ਲ ਪ੍ਰਾਪਤ ਹੁੰਦਾ ਹੈ। ਇਸ ਦੇ ਲਈ ਅੰਬ ਸਤਿਕਾਰਯੋਗ ਅਤੇ ਹੋਰ ਕਿਰਿਆ ਸਾਧਨਾ ਹੈ। ਪ੍ਰਾਪਤੀਯੋਗ ਵਸਤੂ ਨੂੰ ਪ੍ਰਾਪਤ ਕਰਨ ਲਈ ਸਾਧਨਾ ਕਰਨੀ ਪੈਂਦੀ ਹੈ। ਸਾਧਨਾ ਅਲੱਗ ਹੈ ਪੂਜਾ ਅਰਥਾਤ ਭਗਤੀ ਅਲੱਗ ਹੈ ਸਪੱਸ਼ਟ ਹੋਇਆ।

ਪ੍ਰਸ਼ਨ ਚੱਲ ਰਿਹਾ ਸੀ ਕਿ ਬ੍ਰਹਮ ਦੀ ਪੂਜਾ ਕਰਨੀ ਚਾਹੀਦੀ ਹੈ? ਉੱਤਰ ਵਿੱਚ ਕਿਹਾ ਨਹੀਂ ਕਰਨੀ ਚਾਹੀਦੀ। ਹੁਣ ਸ਼੍ਰੀ ਮਦ ਭਗਵਤ ਗੀਤਾ ਵਿੱਚ ਪ੍ਰਮਾਣ ਦਿਖਾਉਂਦੇ ਹਾਂ।

ਗੀਤਾ ਅਧਿਆਇ 7 ਸਲੋਕ 12 ਤੋਂ 15 ਵਿੱਚ ਗੀਤਾ ਗਿਆਨ ਦਾਤਾ ਨੇ ਦੱਸਿਆ ਕਿ ਤਿੰਨਾ ਗੁਣਾਂ (ਰਜੋਗੁਣ ਬ੍ਰਹਮਾ ਜੀ, ਸਤੋਗੁਣ ਸ਼੍ਰੀ ਵਿਸ਼ਨੂੰ ਜੀ ਅਤੇ ਤਮੋਗੁਣ ਸ਼੍ਰੀ ਸ਼ਿਵ ਜੀ) ਦੀ ਭਗਤੀ ਵਿਅਰਥ ਹੈ। ਫਿਰ ਗੀਤਾ ਅਧਿਆਇ 7 ਦੇ ਸਲੋਕ 16,17,18 ਵਿੱਚ ਗੀਤਾ ਗਿਆਨ ਦਾਤਾ ਨੇ ਆਪਣੀ ਭਗਤੀ ਤੋਂ ਹੋਣ ਵਾਲੀ ਗਤੀ ਅਰਥਾਤ ਮੋਕਸ਼ ਨੂੰ ਅਨੁਤਮ ਭਾਵ ਘਟੀਆ ਦੱਸਿਆ ਹੈ। ਦੱਸਿਆ ਹੈ ਮੇਰੀ ਭਗਤੀ ਚਾਰ ਤਰ੍ਹਾਂ ਦੇ ਵਿਅਕਤੀ ਕਰਦੇ ਹਨ।

1. ਅਥਾਰਥੀ:- ਧਨ ਲਾਭ ਦੇ ਲਈ ਵੇਦਾਂ ਅਨੁਸਾਰ ਯੱਗ ਕਰਨ ਵਾਲੇ।

2. ਆਰਥ:- ਸੰਕਟ ਨਿਵਾਰਣ ਦੇ ਲਈ ਵੇਦਾਂ ਅਨੁਸਾਰ ਯੱਗ ਕਰਾਉਣ ਵਾਲੇ।

3. ਜਿਗਿਆਸੂ:- ਪਰਮਾਤਮਾ ਦੇ ਵਿਸ਼ੇ ਵਿੱਚ ਜਾਣਨ ਲਈ ਇਛੁੱਕ (ਗਿਆਨ ਗ੍ਰਹਿਣ ਕਰਕੇ ਖੁਦ ਵਕਤਾ ਬਣ ਜਾਣ ਵਾਲੇ) ਇਹਨਾਂ ਤਿੰਨਾਂ ਤਰਾ ਦੇ ਬ੍ਰਹਮ ਪੁਜਾਰੀਆਂ ਨੂੰ ਵਿਅਰਥ ਦੱਸਿਆ ਹੈ।

4. ਗਿਆਨੀ:- ਗਿਆਨੀ ਨੂੰ ਪਤਾ ਚਲਦਾ ਹੈ ਕਿ ਮਨੁੱਖ ਜਨਮ ਬਹੁਤ ਦੁਰਲੱਭ ਹੈ। ਮਨੁੱਖ ਜਨਮ ਨੂੰ ਪ੍ਰਾਪਤ ਕਰਕੇ ਆਤਮ-ਕਲਿਆਣ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਵੀ ਗਿਆਨ ਹੋ ਜਾਂਦਾ ਹੈ ਕਿ ਦੂਸਰੇ ਦੇਵਤਿਆਂ ਦੀ ਪੂਜਾ ਨਾਲ ਮੁਕਤੀ ਲਾਭ ਪ੍ਰਾਪਤ ਹੋਣ ਵਾਲਾ ਨਹੀਂ ਹੈ। ਇਸ ਲਈ ਇੱਕ ਰੱਬ ਦੀ ਭਗਤੀ ਇਕਪਤੀਤਵ (ਅਨੰਨਯ ) ਮਨ ਨਾਲ ਕਰਨ ਨਾਲ ਪੂਰਨ ਮੁਕਤੀ ਸੰਭਵ ਹੈ। ਕੋਈ ਤੱਤਵਰਦਸ਼ੀ ਸੰਤ ਨਾ ਮਿਲਣ ਕਰਕੇ, ਉਹਨੇ ਜਿਵੇਂ ਵੀ ਵੇਦਾਂ ਨੂੰ ਜਾਣਿਆ, ਉਸੇ ਅਧਾਰ ਤੇ, ਬ੍ਰਹਮ ਨੂੰ ਸਮਰੱਥ ਪ੍ਰਭੂ ਮੰਨਕੇ, ਯਜੁਰਵੇਦ ਅਧਿਆਇ 40 ਮੰਤਰ 15 ਤੋਂ ਓਮ ਦਾ ਨਾਮ ਲੈ ਕੇ ਭਗਤੀ ਕੀਤੀ, ਪਰ ਪੂਰਨ ਮੁਕਤੀ ਨਹੀਂ ਹੋਈ । ॐ (ਓਮ) ਬ੍ਰਹਮ ਸਾਧਨਾ ਦਾ ਨਾਮ ਹੈ, ਉਸ ਨਾਲ ਬ੍ਰਹਮ ਲੋਕ ਪ੍ਰਾਪਤ ਹੁੰਦਾ ਹੈ ਜੋ ਪਹਿਲਾਂ ਪ੍ਰਮਾਣਿਤ ਕੀਤਾ ਜਾ ਚੁੱਕਾ ਹੈ। ਗੀਤਾ ਅਧਿਆਇ 8 ਸ਼ਲੋਕ 18 ਵਿੱਚ ਕਿਹਾ ਜਾਂਦਾ ਹੈ ਕਿ ਬ੍ਰਹਮ ਲੋਕ ਪ੍ਰਅੰਤ (ਤੱਕ) ਸਾਰੇ ਲੋਕ ਪੁਨਰਾਵ੍ਰਤੀ ਵਿੱਚ ਹਨ। ਭਾਵ ਕਿ ਬ੍ਰਹਮ ਲੋਕ ਵਿੱਚ ਗਏ ਹੋਏ ਸਾਧਕ ਵੀ ਦੁਬਾਰਾ ਮੁੜ ਕੇ ਸੰਸਾਰ ਵਿੱਚ ਜਨਮ ਮਰਨ ਦੇ ਚੱਕਰ ਵਿੱਚ ਡਿੱਗਦੇ ਹਨ।

ਕਾਲ ਬ੍ਰਹਮ ਦੀ ਸਾਧਨਾ ਨਾਲ ਉਹ ਮੁਕਤੀ ਪ੍ਰਾਪਤ ਨਹੀਂ ਹੁੰਦੀ, ਜਿਹੜੀ ਕਿ ਗੀਤਾ ਅਧਿਆਇ 15 ਸਲੋਕ 4 ਵਿੱਚ ਦੱਸੀ ਗਈ ਹੈ ਕਿ "ਤੱਤਵਗਿਆਨ ਨਾਲ ਅਗਿਆਨਤਾ ਨੂੰ ਕੱਟ ਕੇ, ਪਰਮੇਸ਼ਰ ਦੇ ਉਸ ਪਰਮ ਪਦ ਦੀ ਭਾਲ ਕਰਨੀ ਚਾਹੀਦੀ ਹੈ, ਜਿਥੇ ਜਾ ਕੇ, ਸਾਧਕ ਦੁਬਾਰਾ ਮੁੜ ਕੇ ਸੰਸਾਰ ਵਿੱਚ ਕਦੇ ਵਾਪਸ ਨਹੀਂ ਆਉਂਦਾ।

❖ "ਗੀਤਾ ਅਧਿਆਇ 7 ਸ਼ਲੋਕ 18 ਵਿੱਚ ਗੀਤਾ ਦੇ ਗਿਆਨ ਦੇਣ ਵਾਲੇ ਨੇ ਕਿਹਾ ਹੈ ਕਿ ਇਹ ਗਿਆਨਵਾਨ ਆਤਮਾ (ਜੋ ਚੌਥੇ ਨੰਬਰ ਦੇ ਬ੍ਰਹਮ ਦੇ ਸਾਧਕ ਅਖਵਾਉਂਦੀਆਂ ਹਨ) ਉਦਾਰ ਭਾਵ ਨੇਕ ਹਨ, ਪਰ ਤੱਤਵਗਿਆਨ ਦੀ ਘਾਟ ਕਾਰਨ ਉਹ ਮੇਰੀ ਘਟੀਆ (ਅਨੁੱਤਮਾਮ) ਗਤੀ ਵਿੱਚ ਸਥਿਤ ਰਹੇ। ਗੀਤਾ ਦੇ ਗਿਆਨ ਦਾਤਾ ਨੇ ਆਪਣੀ ਸਾਧਨਾ ਕਰਕੇ ਹੋਣ ਵਾਲੀ ਗਤੀ ਨੂੰ ਅਨੁੱਤਮਾਮ ਅਰਥਾਤ ਘਟੀਆ ਕਿਹਾ ਹੈ, ਇਸ ਲਈ ਬ੍ਰਹਮਾ ਦੀ ਪੂਜਾ ਕਰਨਾ ਵੀ ਉਚਿਤ ਨਹੀਂ ਹੈ।

ਕਾਰਨ:- ਚੁਨਣ ਨਾਮ ਦਾ ਇੱਕ ਰਿਸ਼ੀ ਗਿਆਨੀ ਆਤਮਾ ਸੀ। ਉਸਨੇ ॐ (ਓਮ) ਨਾਮ ਦਾ ਜਾਪ ਕੀਤਾ ਅਤੇ ਹਜ਼ਾਰਾਂ ਸਾਲ ਹੱਠ ਯੋਗ ਦਾ ਅਭਿਆਸ ਕੀਤਾ। ਜਿਸ ਕਾਰਨ ਉਸ ਵਿੱਚ ਸਿੱਧੀਆਂ ਆ ਗਈਆਂ। ਬ੍ਰਹਮ ਦੀ ਸਾਧਨਾ ਕਰਨ ਨਾਲ ਜਨਮ-ਮੌਤ, ਸਵਰਗ-ਨਰਕ ਦਾ ਚੱਕਰ ਸਦਾ ਲਈ ਰਹੇਗਾ ਕਿਉਂਕਿ ਗੀਤਾ ਅਧਿਆਇ 2 ਸ਼ਲੋਕ 12, ਗੀਤਾ ਅਧਿਆਇ 4 ਸ਼ਲੋਕ 5, ਗੀਤਾ ਅਧਿਆਇ 10 ਸ਼ਲੋਕ 2, ਗੀਤਾ ਦੇ ਗਿਆਨ ਦੇਣ ਵਾਲੇ, ਬ੍ਰਹਮ ਨੇ ਕਿਹਾ ਕਿ ਅਰਜੁਨ! ਤੁਹਾਡੇ ਅਤੇ ਮੇਰੇ ਬਹੁਤ ਸਾਰੇ ਜਨਮ ਹੋ ਚੁੱਕੇ ਹਨ, ਤੂੰ ਨਹੀਂ ਜਾਣਦਾ, ਮੈਂ ਜਾਣਦਾ

ਹਾਂ। ਤੁਸੀਂ, ਮੈਂ ਅਤੇ ਇਹ ਸਾਰੇ ਰਾਜੇ ਲੋਕ ਪਹਿਲਾਂ ਵੀ ਜਨਮੇ ਸੀ ਅਤੇ ਭਵਿੱਖ ਵਿੱਚ ਵੀ ਪੈਦਾ ਹੋਵਾਂਗਾ। ਇਹ ਨਾ ਸੋਚ ਕਿ ਅਸੀਂ ਸਾਰੇ ਹੁਣ ਪੈਦਾ ਹੋਏ ਹਾਂ। ਮਹਾਰਿਸ਼ੀ ਅਤੇ ਇਹ ਦੇਵਤੇ ਮੇਰੇ ਮੂਲ ਨੂੰ ਨਹੀਂ ਜਾਣਦੇ ਕਿਉਂਕਿ ਇਹ ਸਾਰੇ ਮੇਰੇ ਦੁਆਰਾ ਉਤਪੰਨ ਹੋਏ ਹਨ। ਇਸ ਤੋਂ ਇਹ ਸਪਸ਼ਟ ਤੌਰ ਤੇ ਸਪੱਸ਼ਟ ਹੁੰਦਾ ਹੈ ਕਿ ਜਦੋਂ ਗੀਤਾ ਦੇ ਗਿਆਨ ਦਾਤਾ ਬ੍ਰਹਮ ਜਨਮ ਲੈਂਦਾ ਹੈ ਅਤੇ ਮਰ ਜਾਂਦਾ ਹੈ, ਤਾਂ ਇਸ ਦੇ ਪੁਜਾਰੀ ਕਿਵੇਂ ਅਮਰ ਹੋ ਸਕਦੇ ਹਨ?

ਇਸ ਤੋਂ ਇਹ ਸਿੱਧ ਹੋਇਆ ਕਿ ਬ੍ਰਹਮ ਦੀ ਪੂਜਾ ਨਾਲ ਉਹ ਮੁਕਤੀ ਨਹੀਂ ਹੋ ਸਕਦੀ ਜਿਸਦਾ ਜ਼ਿਕਰ ਗੀਤਾ ਅਧਿਆਇ 18 ਸ਼ਲੋਕ 62 ਅਤੇ ਅਧਿਆਇ 15 ਸ਼ਲੋਕ 4 ਵਿੱਚ ਕੀਤਾ ਗਿਆ ਹੈ। ਇਨ੍ਹਾਂ ਸ਼ਲੋਕਾਂ ਵਿੱਚ ਗੀਤਾ ਦੇ ਗਿਆਨ ਦਾਤਾ ਨੇ ਸਪੱਸ਼ਟ ਹਿਦਾਇਤ ਦਿੱਤੀ ਹੈ ਕਿ ਹੇ ਭਰਤ! ਤੁਸੀਂ ਉਸ ਪਰਮੇਸ਼ਵਰ ਪਰਮ ਅਕਸ਼ਰ ਬ੍ਰਹਮ ਦੀ ਸ਼ਰਨ ਵਿੱਚ ਜਾ। ਸਿਰਫ ਉਸ ਪਰਮ ਪਰਮਾਤਮਾ ਦੀ ਕਿਰਪਾ ਨਾਲ ਹੀ ਤੂੰ ਪਰਮ ਸ਼ਾਂਤੀ ਅਤੇ ਅਨਾਦਿ ਪਰਮ ਨਿਵਾਸ ਅਰਥਾਤ ਸਤਲੋਕ ਪ੍ਰਾਪਤ ਹੋਵੇਂਗਾ। ਤੱਤਵਗਿਆਨ ਨੂੰ ਸਮਝ ਕੇ, ਉਸ ਤੋਂ ਬਾਅਦ ਪ੍ਰਮਾਤਮਾ ਦੇ ਉਸ ਪਰਮ ਪਦ ਦੀ ਖੋਜ ਕਰਨੀ ਚਾਹੀਦੀ ਹੈ, ਜਿਥੇ ਗਏ ਸਾਧਕ ਫਿਰ ਕਦੇ ਵੀ ਮੁੜ ਕੇ ਸੰਸਾਰ ਵਿੱਚ ਵਾਪਸ ਨਹੀਂ ਆਉਂਦੇ। ਵਿਚਾਰ ਕਰੋ ਕਿ ਗੀਤਾ ਦੇ ਗਿਆਨ ਦੇਣ ਵਾਲਾ ਆਪ ਜਨਮ ਲੈਂਦਾ ਹੈ ਅਤੇ ਮਰ ਜਾਂਦਾ ਹੈ।ਤੋਂ ਹੋਣ ਵਾਲੀ ਗਤੀ ਅਣਉੱਤਮ ਕਹੀ ਹੈ।

ਹੁਣ ਚੁਣਕ ਰਿਸ਼ੀ ਦਾ ਪ੍ਰਸੰਗ ਅੱਗੇ ਸੁਣਾਉਂਦੇ ਹਾਂ:- ਚੁਣਕ ਰਿਸ਼ੀ ਨੇ ॐ (ਓਮ) ਨਾਮ ਦਾ ਜਾਪ ਕੀਤਾ ਅਤੇ ਹਠ ਯੋਗ ਕੀਤਾ। ਵੇਦਾਂ (ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ) ਵਿੱਚ ਦੱਸੀ ਗਈ ਭਗਤੀ ਦੁਆਰਾ ਪ੍ਰਮਾਤਮਾ ਨੂੰ ਪ੍ਰਾਪਤ ਨਹੀਂ ਹੁੰਦਾ। ਇਸਦਾ ਪ੍ਰਮਾਣ ਗੀਤਾ ਅਧਿਆਇ 11 ਸ਼ਲੋਕ 47, 48 ਵਿੱਚ ਹੈ। ਗੀਤਾ ਦੇ ਗਿਆਨ ਦਾਤਾ ਬ੍ਰਹਮ ਨੇ ਦੱਸਿਆ ਹੈ ਕਿ ਹੇ ਅਰਜੁਨ! ਮੇਰਾ ਕਾਲ ਬ੍ਰਹਮ ਦਾ ਇਹ ਵਿਰਾਟ ਰੂਪ ਹੈ। ਮੇਰੇ ਇਸ ਰੂਪ ਦੇ ਦਰਸ਼ਨ ਤੇਰੇ ਤੋਂ ਪਹਿਲਾਂ ਕਿਸੇ ਨੂੰ ਨਹੀਂ ਹੋਏ, ਮੈਂ ਤੇਰੇ ਤੇ ਦਯਾ ਕਰਕੇ ਤੈਨੂੰ ਇਹ ਰੂਪ ਦਿਖਾਇਆ ਹੈ। ਮੇਰੇ ਇਸ ਰੂਪ ਦੇ ਭਾਵ ਬ੍ਰਹਮ ਪ੍ਰਾਪਤੀ ਨਾ ਵੇਦ ਵਿੱਚ ਦੱਸੀ ਵਿਧੀ ਨਾਲ ਭਾਵ ਓਮ (ॐ) ਨਾਮ ਦਾ ਜਾਪ ਕਰਨ ਨਾਲ, ਨਾ ਤਾਂ ਤਪ ਨਾਲ, ਅਤੇ ਨਾ ਹਵਨ ਆਦਿ ਕਰਕੇ ਨਹੀਂ ਹੋ ਸਕਦੀ। ਇਹੀ ਕਾਰਨ ਸੀ ਕਿ ਚੁਣਕ ਵਰਗੇ ਰਿਸ਼ੀ ਵੀ ਬ੍ਰਹਮ ਨੂੰ ਨਿਰਾਕਾਰ ਕਹਿੰਦੇ ਰਹੇ। ਚੁਣਕ ਰਿਸ਼ੀ ਵਿੱਚ ਸਿਧੀਆਂ ਗਈਆਂ। ਜਿਸ ਕਾਰਨ ਕਰਕੇ ਦੁਨੀਆ ਵਿੱਚ ਮਸ਼ਹੂਰ ਹੋ ਗਿਆ। ਸਿੱਧੀ ਪ੍ਰਾਪਤ ਸਾਧਕ ਆਪਣੀ ਭਗਤੀ ਦੀ ਸਾਲਾਂ ਵਿੱਚ ਕੀਤੀ ਚਾਰਜਡ ਬੈਟਰੀ ਕਿਸੇ ਨੂੰ ਸਰਾਪ ਦੇ ਕੇ, ਕਿਸੇ ਨੂੰ ਅਸ਼ੀਰਵਾਦ ਦੇ ਕੇ ਨਸ਼ਟ ਕਰਦੇ ਹਨ।ਕਿਸੇ ਤੇ ਸਿੱਧੀ ਨਾਲ ਜੰਤਰ ਮੰਤਰ ਕਰ ਕੇ ਆਪਣੀ ਭਗਤੀ ਨਾਸ਼ ਕਰਦੇ ਹਨ ਅਤੇ ਸੰਸਾਰ ਵਿੱਚ ਪ੍ਰਸੰਸਾ ਦਾ ਪਾਤਰ ਬਣਕੇ ਉਹ ਖੁਦ ਪ੍ਰਭੂ ਬਣ ਬੈਠਦੇ ਹਨ।

ਇੱਕ ਮਾਨਧਾਤਾ ਚੱਕਰਵਰਤੀ ਰਾਜਾ ਸੀ। ਉਸਦਾ ਸਾਰੀ ਧਰਤੀ ਉੱਤੇ ਰਾਜ ਸੀ। ਉਹ ਆਪਣੇ ਰਾਜ ਵਿੱਚ ਇਹ ਵੇਖਣਾ ਚਾਹਿਆ ਕਿ ਧਰਤੀ ਦੇ ਦੂਸਰੇ ਰਾਜੇ ਜੋ ਮੇਰੇ ਅਧੀਨ ਹਨ ਜਾਂ ਉਨ੍ਹਾਂ ਵਿੱਚੋਂ ਕੋਈ ਆਜ਼ਾਦ ਹੋਣਾ ਚਾਹੁੰਦਾ ਹੈ? ਇਸ ਲਈ, ਰਾਜੇ ਨੇ ਆਪਣੇ ਨਿੱਜੀ ਘੋੜੇ ਦੇ ਗਲ ਵਿੱਚ ਇੱਕ ਪੱਤਰ ਲਿਖਿਆ ਅਤੇ ਬੰਨ੍ਹਿਆ ਕਿ ਜਿਸ ਕਿਸੇ ਨੂੰ ਵੀ ਰਾਜਾ ਮਾਨਧਾਤਾ ਦੀ ਪਰਾਧੀਨਤਾ ਮਨਜ਼ੂਰ ਨਹੀਂ ਉਹ ਇਸ ਘੋੜੇ ਨੂੰ ਫੜ ਲੈਵੇ ਅਤੇ ਯੁੱਧ ਲਈ ਤਿਆਰ ਹੋ ਜਾਵੇ, ਰਾਜੇ ਕੋਲ 72 ਕਸ਼ੂਣੀ ਸੈਨਾ ਹੈ। ਸੈਂਕੜੇ ਸਿਪਾਹੀ ਵੀ ਉਸ ਘੋੜੇ ਦੇ ਨਾਲ ਗਏ। ਸਾਰੀ ਧਰਤੀ ਦਾ ਚੱਕਰ ਲਗਾਇਆ ਕਿਸੇ ਵੀ ਰਾਜੇ ਨੇ ਉਸ ਘੋੜੇ ਨੂੰ ਨਹੀਂ ਫੜਿਆ। ਇਸ ਤੋਂ ਇਹ ਸਪੱਸ਼ਟ ਹੋ ਗਿਆ ਕਿ ਸਾਰੀ ਧਰਤੀ ਦੇ ਛੋਟੇ ਰਾਜੇ ਉਸ ਚੱਕਰਵਰਤੀ ਸ਼ਾਸਕ ਮਾਨਧਾਤਾ ਦੇ ਅਧੀਨ ਹਨ। ਸਾਰੇ ਸਿਪਾਹੀ ਜੋ ਘੋੜੇ ਦੇ ਨਾਲ ਸਨ, ਖੁਸ਼ ਹੋਕੇ ਵਾਪਸ ਆ ਰਹੇ ਸਨ। ਰਸਤੇ ਵਿੱਚ

ਚੁਣਕ ਰਿਸ਼ੀ ਦੀ ਇੱਕ ਝੌਂਪੜੀ ਸੀ। ਚੁਣਕ ਰਿਸ਼ੀ ਨੇ ਘੋੜਿਆਂ ਤੇ ਸਵਾਰ ਸੈਨਿਕਾਂ ਨੂੰ ਪੁੱਛਿਆ, ਹੇ ਸੈਨਿਕੋ! ਤੁਸੀਂ ਕਿੱਥੇ ਗਏ ਸੀ? ਇਸ ਘੋੜੇ ਦਾ ਸਵਾਰ ਕਿੱਥੇ ਗਿਆ? ਸਿਪਾਹੀਆਂ ਨੇ ਰਿਸ਼ੀ ਨੂੰ ਸਭ ਕੁਝ ਦੱਸਿਆ। ਰਿਸ਼ੀ ਨੇ ਕਿਹਾ, ਕੀ ਕਿਸੇ ਨੇ ਰਾਜਾ ਮਾਨਧਾਤਾ ਦਾ ਯੁੱਧ ਸਵੀਕਾਰ ਨਹੀਂ ਕੀਤਾ? ਸਿਪਾਹੀਆਂ ਨੇ ਕਿਹਾ ਕਿ ਹੈ ਕਿਸੇ ਦੀਆਂ ਬਾਹਵਾਂ ਵਿੱਚ ਦਮ? ਪਿਲਾਇਆ ਹੈ ਕਿਸੇ ਦੀ ਮਾਂ ਨੇ ਦੁੱਧ ਜੋ ਸਾਡੇ ਰਾਜੇ ਨਾਲ ਯੁੱਧ ਕਰ ਲਵੇ। ਰਾਜੇ ਕੋਲ 72 ਕਸ਼ੂਣੀ ਯਾਨੀ 72 ਕਰੋੜ ਦੀ ਫੌਜ ਹੈ। ਜਾੜ੍ਹਾਂ ਤੋੜ ਦੇਵਾਂਗੇ ਜੇ ਕੋਈ ਯੁੱਧ ਕਰਨ ਦੀ ਹਿੰਮਤ ਕਰੇਗਾ ।ਚੁਣਕ ਰਿਸ਼ੀ ਜੋ ਕਾਲ ਬ੍ਰਹਮ ਦੇ ਪੁਜਾਰੀ ਸਨ ਨੇ ਕਿਹਾ ਕਿ ਹੇ ਸੈਨਿਕੋ ! ਤੁਹਾਡੇ ਰਾਜੇ ਦਾ ਯੁੱਧ ਮੈਂ ਸਵੀਕਾਰ ਕਰ ਲਿਆ, ਬੰਨ੍ਹੋ ਇਸ ਘੋੜੇ ਨੂੰ ਮੇਰੀ ਝੌਂਪੜੀ ਦੇ ਦਰੱਖਤ ਨਾਲ। ਸਿਪਾਹੀ ਨੇ ਕਿਹਾ, ਓਹ ਕੰਗਲੇ! ਤੇਰੇ ਕੋਲ ਦਾਣੇ ਖਾਣ ਨੂੰ ਨਹੀਂ, ਤੂੰ ਕੀ ਯੁੱਧ ਕਰੇਂਗਾ ਰਾਜਾ ਮਾਨਧਾਤਾ ਨਾਲ? ਆਪਣੀ ਭਗਤੀ ਕਰ ਲੈ, ਕਿਉਂ ਸ਼ਆਤ ਬੋਲ ਦੇ ਰਹੀ ਹੈ, ਭਾਵ ਤੇਰੀ ਕਿਉਂ ਸ਼ਾਮਤ ਆਈ ਹੈ? ਰਿਸ਼ੀ ਨੇ ਕਿਹਾ, ਜੋ ਹੋਵੇਗਾ ਵੇਖਿਆ ਜਾਵੇਗਾ। ਜਾਓ, ਕਹਿ ਦਿਉ ਆਪਣੇ ਰਾਜੇ ਨੂੰ ਕਿ ਤੁਹਾਡਾ ਯੁੱਧ ਚੁਣਕ ਰਿਸ਼ੀ ਨੇ ਸਵੀਕਾਰ ਕਰ ਲਿਆ ਹੈ। ਜਦੋਂ ਰਾਜੇ ਨੂੰ ਪਤਾ ਲੱਗਿਆ, ਉਸਨੇ ਸੋਚਿਆ ਕਿ ਅੱਜ ਇੱਕ ਕੰਗਾਲ ਸਿਰਫਿਰੇ ਰਿਸ਼ੀ ਦੀ ਹਿੰਮਤ ਹੋਈ ਹੈ, ਕੱਲ ਕੋਈ ਹੋਰ ਹਿੰਮਤ ਕਰਨਗੇ, ਬੁਰਾਈ ਨੂੰ ਸ਼ੁਰੂ ਵਿੱਚ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ। ਜਨਤਾ ਨੂੰ ਡਰਾਉਣ ਲਈ ਰਾਜੇ ਨੇ ਇਕ ਵਿਅਕਤੀ ਨੂੰ ਮਾਰਨ ਲਈ 72 ਕਰੋੜ ਫੌਜ ਦੀਆਂ ਚਾਰ ਟੁਕੜੀਆਂ ਬਣਾਈਆਂ। ਇੱਕ ਟੁਕੜੀ 18 ਕਰੋੜ ਸਿਪਾਹੀ ਪਹਿਲਾਂ ਭੇਜੇ ਰਿਸ਼ੀ ਨਾਲ ਯੁੱਧ ਕਰਨ ਲਈ। ਕਾਲ ਬ੍ਰਹਮ ਦੇ ਪੁਜਾਰੀ, ਰਿਸ਼ੀ ਨੇ ਸਿੱਧੀ ਸ਼ਕਤੀ ਨਾਲ ਚਾਰ ਪੁਤਲੀਆ੍ ਬਣਾਈਆਂ ਅਰਥਾਤ ਚਾਰ ਪਰਮਾਣੂ ਬੰਬ ਬਣਾਏ। ਇੱਕ ਪੁਤਲੀ ਛੱਡੀ, ਉਸ ਨੇ 18 ਕਰੋੜ ਫੌਜ ਨੂੰ ਕੱਟ ਸੁਟਿਆ। ਰਾਜੇ ਨੇ ਇੱਕ ਹੋਰ ਟੁਕੜੀ ਭੇਜੀ। ਰਿਸ਼ੀ ਨੇ ਦੂਜੀ ਪੁਤਲੀ ਛੱਡੀ। ਇਸ ਤਰ੍ਹਾਂ ਰਾਜਾ ਮਾਨਧਾਤਾ ਦੀ 72 ਕਸ਼ੂਣੀ ਫੌਜ ਦਾ ਨਾਸ਼ ਕਾਲ ਬ੍ਰਹਮ ਦੇ ਪੁਜਾਰੀ ਚੁਣਕ ਰਿਸ਼ੀ ਨੇ ਕਰ ਦਿੱਤਾ।

ਵਿਚਾਰ ਕਰੋ:- ਰਿਸ਼ੀ ਮਹਾਂਰਿਸ਼ੀਆਂ ਨੂੰ ਰਾਜਿਆਂ ਦੇ ਵਿੱਚ ਆਪਣੀ ਲੱਤ ਨਹੀਂ ਫਸਾਉਣੀ ਚਾਹੀਦੀ। ਕਾਰਨ ਇਹ ਹੈ ਕਿ ਰਿਸ਼ੀਜਨਾਂ ਨੇ ਹਜ਼ਾਰਾਂ ਸਾਲ ਓਮ ਨਾਮ ਦਾ ਜਾਪ ਕੀਤਾ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ। ਪ੍ਰਮਾਤਮਾ ਨਹੀਂ ਮਿਲਿਆ। ਕਿਉਂਕਿ ਇਹ ਗੀਤਾ ਅਧਿਆਇ 11 ਸ਼ਲੋਕ 47, 48 ਵਿੱਚ ਲਿਖਿਆ ਹੈ ਕਿ ਵੇਦਾਂ (ਚਾਰ ਵੇਦ, ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵੇਦ) ਵਿੱਚ ਵਰਣਿਤ ਭਗਤੀ ਵਿਧੀ ਦੁਆਰਾ ਬ੍ਰਹਮ ਪ੍ਰਾਪਤੀ ਨਹੀਂ ਹੈ। ਇਸ ਲਈ ਇਸ ਨਾਲ ਰਿਸ਼ੀਆਂ ਵਿੱਚ ਸਿੱਧੀਆਂ ਪ੍ਰਗਟ ਹੋ ਜਾਂਦੀਆਂ ਹਨ। ਅਗਿਆਨਤਾ ਕਾਰਨ, ਉਹ ਇਸ ਭੁੱਲ ਭੁਲੇਖੇ ਨੂੰ ਭਗਤੀ ਦੀ ਪ੍ਰਾਪਤੀ ਮੰਨ ਬੈਠੇ। ਜਿਸ ਕਾਰਨ ਭਗਤੀ ਕਰਕੇ ਵੀ ਉਸ ਪਦ ਨੂੰ ਪ੍ਰਾਪਤ ਨਹੀਂ ਕਰ ਸਕੇ, ਜਿਥੇ ਜਾਣ ਤੋਂ ਬਾਅਦ ਉਹ ਦੁਬਾਰਾ ਜਨਮ ਨਹੀਂ ਲੈਣਗੇ। ਕਿਉਂਕਿ ਉਨ੍ਹਾਂ ਨੂੰ ਤੱਤਵਰਦਸ਼ੀ ਸੰਤ ਨਹੀਂ ਮਿਲਿਆ। ਸੂਖਸ਼ਮ ਵੇਦ ਵਿੱਚ ਇਹ ਕਿਹਾ ਜਾਂਦਾ ਹੈ ਕਿ:-

ਕਬੀਰ, ਗੁਰੂ ਬਿਨ ਕਾਹੂ ਨਾ ਪਾਇਆ ਗਿਆਨਾ, ਜਿਉਂ ਥੋਥਾ ਭੁੱਸ ਛੜ੍ਹੇ ਕਿਸਾਨਾ।
ਗੁਰੂ ਬਿਨ ਵੇਦ ਪੜੈ ਜੇ ਪ੍ਰਾਨੀ, ਸਮਝੇ ਨਾ ਸਾਰ ਰਹੈ ਅਗਿਆਨੀ॥
ਗਰੀਬ, ਬਹੱਤਰ ਕਛੌਣੀ ਖਾ ਗਿਆ, ਚੁਣਕ ਰਿਸ਼ੀਸਵਰ ਏਕ।
ਦੇਹ ਧਾਰੈ ਜੌਰਾ ਫਿਰੈ, ਸਭੀ ਕਾਲ ਕੇ ਭੇਖ॥

ਭਾਵ:- ਤੱਤਵਰਦਸ਼ੀ ਸੰਤ ਗੁਰੂ ਨਾ ਮਿਲਣ ਕਾਰਨ ਜਿਹੜੀ ਸਾਧਨਾ ਸਾਧਕ ਕਰਦੇ ਹਨ, ਉਹ ਸਾਸ਼ਤਰ ਦੀ ਵਿਧੀ ਨੂੰ ਤਿਆਗ ਕੇ ਮਨਮਾਨਾ ਆਸ਼ਰਣ ਹੈ, ਜਿਸ ਤੋਂ ਸਾਧਕ ਨੂੰ ਕੋਈ ਲਾਭ ਨਹੀਂ ਹੁੰਦਾ। ਗੀਤਾ ਅਧਿਆਇ 16 ਸਲੋਕ 23, 24 ਵਿੱਚ ਪ੍ਰਮਾਣ ਹੈ ਕਿ ਹੇ

ਭਰਤ! ਜਿਹੜਾ ਸਾਧਕ ਸਾਸ਼ਤਰ ਵਿਧੀ ਨੂੰ ਤਿਆਗ ਕੇ ਮਨਮਾਨਾ ਆਸ਼ਰਣ ਕਰਦਾ ਹੈ, ਉਸਨੂੰ ਨਾ ਤਾਂ ਸੁਖ ਮਿਲਦਾ ਹੈ, ਨਾ ਹੀ ਕੋਈ ਸਿੱਧੀ ਹੁੰਦੀ ਹੈ, ਅਤੇ ਨਾ ਹੀ ਉਸਦੀ ਗਤੀ ਅਰਥਾਤ ਮੁਕਤੀ ਹੁੰਦੀ ਹੈ। ਇਸ ਲਈ ਤੇਰੇ ਲਈ ਸ਼ਾਸਤਰ ਹੀ ਪ੍ਰਮਾਣ ਹਨ ਕਿ ਕਿਹੜੀ ਸਾਧਨਾ ਕਰਨੀ ਚਾਹੀਦੀ ਹੈ ਅਤੇ ਕਿਹੜੀ ਨਹੀਂ ਕਰਨੀ ਚਾਹੀਦੀ। ਗੁਰੂ ਤੋਂ ਬਿਨਾਂ ਭਾਵ, ਤੱਤਵਰਦਸ਼ੀ ਸੰਤ ਤੋਂ ਬਿਨਾਂ ਭਾਵੇਂ ਚਾਰਾਂ ਵੇਦਾਂ ਨੂੰ ਪੜ੍ਹਦੇ ਰਹੋ। ਭਾਵੇਂ ਉਨ੍ਹਾਂ ਨੂੰ ਕੰਠ ਵੀ ਕਰ ਲਵੋ। ਜਿਵੇਂ ਕਿ ਪਹਿਲੇ ਬ੍ਰਾਹਮਣ ਵੇਦਾਂ ਦੇ ਮੰਤਰਾਂ ਨੂੰ ਯਾਦ ਕਰ ਲੈਂਦੇ ਸਨ। ਜੋ ਚਾਰ ਵੇਦਾਂ ਦੇ ਮੰਤਰਾਂ ਨੂੰ ਯਾਦ ਕਰ ਸਕਦਾ ਸੀ ਉਸਨੂੰ ਚਤੁਰਵੇਦੀ ਕਿਹਾ ਜਾਂਦਾ ਸੀ। ਜਿਸਨੇ ਤਿੰਨਾਂ ਵੇਦਾਂ ਦੇ ਮੰਤਰਾਂ ਨੂੰ ਯਾਦ ਕੀਤਾ ਸੀ ਉਸਨੂੰ ਤ੍ਰਿਵੇਦੀ ਕਿਹਾ ਜਾਂਦਾ ਸੀ। ਪਰ ਉਹਨਾਂ ਨੂੰ ਵੇਦਾਂ ਦੇ ਗਹਿਰੇ ਭੇਦਾਂ ਦਾ ਗਿਆਨ ਨਾ ਹੋਣ ਕਾਰਨ ਉਹ ਰਿਸ਼ੀਜਨ ਵੇਦਾਂ ਨੂੰ ਪੜ੍ਹ ਕੇ-ਘੋਟ ਕੇ ਵੀ ਅਗਿਆਨੀ ਰਹੇ। ਸੂਖਸ਼ਮਵੇਦ ਵਿੱਚ ਕਿਹਾ ਹੈ ਕਿ:-

ਪੀਠ ਮੁਨੱਖਾ ਦਾਖ ਲੱਦੀ ਹੈ, ਊਂਟ ਖਾਤ ਬਬੂਲ"

ਭਾਵ ਇਹ ਹੈ ਕਿ ਪੁਰਾਣੇ ਸਮੇਂ ਵਿੱਚ, ਮਾਰੂਥਲ ਵਿੱਚ ਊਠਾਂ ਤੇ ਮੁਨੱਕਾ ਦਾਖ ਲੱਦ ਕੇ ਲੈ ਕੇ ਜਾਂਦੇ ਸੀ। ਊਠ ਪਿੱਠ ਤੇ ਤਾਂ ਅਜਿਹੀਆਂ ਸੁਆਦੀ ਮੁਨੱਕਾ ਦਾਖ ਲੱਦੇ ਹੁੰਦਾ ਸੀ ਅਤੇ ਖੁਦ ਕਿੱਕਰ ਦਰਖਤ ਦੇ ਕੰਡਿਆਂ ਵਿੱਚ ਮੂੰਹ ਮਾਰ-ਮਾਰ ਕੇ ਪੱਤੇ ਖਾ ਰਿਹਾ ਹੁੰਦਾ ਸੀ। ਬਿਨਾਂ ਗਿਆਨ ਤੋਂ ਸਾਰੇ ਰਿਸ਼ੀ ਜੀ ਚਾਰੇ ਵੇਦਾਂ ਰੂਪੀ ਮੁਨੱਕਾ, ਦਾਖ਼ ਨੂੰ ਲੱਦੇ ਫਿਰਦੇ ਸੀ ਅਤੇ ਪੂਜਾ ਕਰਦੇ ਸੀ ਕਾਲ ਬ੍ਰਹਮ ਰੂਪੀ ਕਿੱਕਰ ਦੀ ਜਿਸ ਤੋਂ ਨਾ ਤਾਂ ਸਨਾਤਮ ਪਰਮਧਾਮ (ਸੱਚਖੰਡ) ਅਤੇ ਨਾ ਹੀ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਸੀ। ਫਿਰ ਸੂਖਸ਼ਮ ਵੇਦ ਵਿੱਚ ਕਿਹਾ ਹੈ ਕਿ:-

ਕਬੀਰ ਬਨਜਾਰੇ ਕੇ ਬੈਲ ਜਿਉਂ, ਫਿਰਾ ਦੇਸ਼-ਵਿਦੇਸ਼।
ਖਾਂਡ ਛੋੜ ਭੁਸ ਖਾਤ ਹੈ, ਬਿਨ ਸਤਗੁਰੂ ਉਪਦੇਸ਼।

ਭਾਵ ਹੈ ਕਿ ਪਹਿਲਾਂ ਦੇ ਸਮੇਂ ਵਿੱਚ ਬਲਦਾਂ ਉੱਤੇ ਗਧੇ ਵਾਂਗ ਖੰਡ ਦੀ ਭਰੀ ਬੋਰੀ ਰੱਖ ਕੇ ਬਨਜਾਰੇ ਭਾਵ ਵਪਾਰੀ ਲੋਕ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਂਦੇ ਸਨ। ਬਲਦ ਦੀ ਪਿੱਠ ਉੱਤੇ ਬੋਰੀ ਵਿੱਚ ਖੰਡ ਹੈ ਤੇ ਖ਼ੁਦ ਤੂੜੀ (ਭੁਸ) ਖਾਇਆ ਕਰਦਾ। ਇਸੇ ਤਰਾਂ ਗੁਰੂ ਤੋਂ ਤੱਤਵਗਿਆਨ ਨਾ ਮਿਲਣ ਦੇ ਕਾਰਨ ਰਿਸ਼ੀ ਲੋਕ ਵੇਦਾਂ ਰੂਪੀ ਖੰਡ (ਚੀਨੀ) ਨੂੰ ਤਾਂ ਯਾਦ ਕਰਕੇ ਰੱਖਦੇ ਸੀ। ਉਹਨਾਂ ਨੂੰ ਸਹੀ ਤਰੀਕੇ ਨਾਲ ਨਾ ਸਮਝ ਕੇ ਭਗਤੀ (ਸਾਧਨਾ) ਵੇਦ ਵਿਰੁੱਧ ਕਰਦੇ ਸੀ।

ਉਦਹਾਰਣ ਦੇ ਲਈ:- ਸ਼੍ਰੀ ਦੇਵੀ ਪੁਰਾਣ (ਸਚਿੱਤਰ ਮੋਟਾ ਟਾਈਪ ਕੇਵਲ ਹਿੰਦੀ, ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ) ਦੇ 5ਵੇਂ ਸਕੰਧ ਪੇਜ 414 ਤੇ ਲਿਖਿਆ ਹੈ:- ਵੇਦ ਵਿਆਸ ਜੀ ਨੇ ਕਿਹਾ ਕਿ ਸਤਯੁੱਗ ਦੇ ਬ੍ਰਾਹਮਣ ਵੇਦ ਦੇ ਪੂਰਨ ਵਿਦਵਾਨ ਸਨ। ਉਹ ਦੇਵੀ ਭਾਵ ਸ਼੍ਰੀ ਦੁਰਗਾ (ਸ਼ੇਰਾਂਵਾਲੀ) ਜੀ ਦੀ ਪੂਜਾ ਕਰਦੇ ਸੀ। ਹਰੇਕ ਪਿੰਡ ਵਿੱਚ ਸ਼੍ਰੀ ਦੇਵੀ ਦਾ ਮੰਦਰ ਬਨਵਾਉਣ ਦੀ ਉਨ੍ਹਾਂ ਦੀ ਤੀਬਰ ਇੱਛਾ ਸੀ। ਪਾਠਕ ਵਿਚਾਰ ਕਰਨ:- ਚਾਰੇ ਵੇਦਾਂ ਵਿੱਚ ਤੇ ਇਨ੍ਹਾਂ ਵੇਦਾਂ ਦੇ ਸਾਰ ਸ਼੍ਰੀਮਦ ਭਗਵਤ ਗੀਤਾ ਵਿੱਚ ਕਿਤੇ ਵੀ ਦੇਵੀ ਦੀ ਪੂਜਾ ਕਰਨ ਦਾ ਨਿਰਦੇਸ਼ ਨਹੀਂ ਹੈ ਤਾਂ ਸਤਯੁੱਗ ਦੇ ਬ੍ਰਾਹਮਣ ਕੀ ਸੁਆਹ ਵਿਦਵਾਨ ਸੀ ਵੇਦਾਂ ਦੇ। ਏਸੇ ਸ਼੍ਰੀ ਦੇਵੀ ਪੁਰਾਣ ਦੇ 7ਵੇਂ ਸਕੰਧ ਵਿੱਚ ਪੇਜ 562 ਤੇ 563 ਤੇ ਸ਼੍ਰੀ ਦੇਵੀ ਜੀ ਨੇ ਰਾਜਾ ਹਿਮਾਲੈ ਨੂੰ ਕਿਹਾ ਸੀ ਕਿ ਤੂੰ ਮੇਰੀ ਪੂਜਾ ਵੀ ਛੱਡ ਦੇ। ਜੇਕਰ ਬ੍ਰਹਮ ਪ੍ਰਾਪਤੀ ਚਾਹੁੰਦਾ ਹੈ ਤਾਂ ਹੋਰ ਸਾਰੀਆਂ ਗੱਲਾਂ ਨੂੰ ਛੱਡ ਕੇ ਸਿਰਫ ਓਮ (ॐ) ਦਾ ਜਾਪ ਕਰ। ਇਹ ਬ੍ਰਹਮ ਦਾ ਮੰਤਰ ਹੈ। ਉਹ ਬ੍ਰਹਮ, ਬ੍ਰਹਮਲੋਕ ਰੂਪੀ ਦਿਵ ਆਕਾਸ਼ ਵਿੱਚ ਰਹਿੰਦਾ ਹੈ। ਪਾਠਕ ਅਸਾਨੀ ਨਾਲ ਸਮਝ ਸਕਦੇ ਹਨ ਕਿ ਜਦ ਸਤਯੁੱਗ ਦੇ ਬ੍ਰਾਹਮਣਾਂ ਦਾ ਇਹ ਗਿਆਨ ਅਤੇ ਭਗਤੀ (ਸਾਧਨਾ) ਸੀ ਤਾਂ ਹੁਣ (ਵਰਤਮਾਨ) ਦੇ

ਬ੍ਰਾਹਮਣਾਂ ਨੂੰ ਕੀ ਗਿਆਨ ਹੋਵੇਗਾ। ਏਸੇ ਸ਼੍ਰੀ ਦੇਵੀ ਪੁਰਾਣ ਦੇ 5ਵੇਂ ਸਕੰਧ ਵਿੱਚ ਪੇਜ 414 ਤੇ ਇਹ ਵੀ ਲਿਖਿਆ ਹੈ ਕਿ ਸਤਯੁੱਗ ਦੇ ਵਿੱਚ ਜਿਹੜੇ ਦਾਨਵ (ਰਾਕਸ਼ਸ਼) ਮੰਨੇ ਜਾਂਦੇ ਸੀ ਉਹ ਕਲਯੁਗ ਦੇ ਵਿੱਚ ਬ੍ਰਾਹਮਣ ਮੰਨੇ ਜਾਂਦੇ ਹਨ। ਬ੍ਰਾਹਮਣ ਕੋਈ ਵਿਸ਼ੇਸ਼ ਜਾਤੀ ਨਹੀਂ ਹੈ। ਜੋ ਪਰਮਾਤਮਾ ਭਾਵ ਬ੍ਰਹਮ ਦੇ ਲਈ ਕੋਸ਼ਿਸ਼ ਕਰ ਰਿਹਾ ਹੈ ਓਹੀ ਬ੍ਰਾਹਮਣ ਕਹਾਉਂਦਾ ਹੈ ਭਾਵੇਂ ਕਿਸੇ ਵੀ ਜਾਤੀ ਦਾ ਹੋਵੇ। ਇਸ ਸਮੇਂ ਰਵਾਇਤੀ ਬ੍ਰਾਹਮਣ ਘੱਟ ਹਨ। ਸੰਤ ਰੂਪ ਵਿੱਚ ਬ੍ਰਹਮ ਗਿਆਨ ਦੇਣ ਵਾਲੇ ਜ਼ਿਆਦਾ ਹਨ ਜੋ ਬ੍ਰਾਹਮਣ ਭਾਵ ਮਾਰਗ ਦਰਸ਼ਕ ਗੁਰੂ ਕਹਾਉਂਦੇ ਹਨ ਅਤੇ ਤੱਤਵਗਿਆਨਹੀਣ ਹਨ। ਇਸ ਲਈ ਕਿਹਾ ਹੈ ਕਿ ਤੱਤਵਦਰਸ਼ੀ ਗੁਰੂ ਦੇ ਬਿਨਾਂ ਕਿਸੇ ਨੂੰ ਵੇਦਾਂ ਦੇ ਡੂੰਘੇ ਭੇਦ (ਰਹੱਸ) ਦਾ ਗਿਆਨ ਨਹੀਂ ਹੋਇਆ, ਜਿਸ ਕਰਕੇ ਵੇਦਾਂ ਨੂੰ ਪੜ੍ਹਦੇ ਸੀ ਲੇਕਿਨ ਸਾਧਨਾਂ ਵੇਦ ਵਿਰੁੱਧ ਕਰਦੇ ਸੀ। ਵੇਦਾਂ ਤੇ ਗੀਤਾ ਵਿੱਚ ਤਿੰਨਾਂ ਦੇਵਤਾਵਾਂ (ਸ਼੍ਰੀ ਬ੍ਰਹਮਾਂ ਜੀ, ਸ਼੍ਰੀ ਵਿਸ਼ਨੂੰ ਜੀ, ਸ਼੍ਰੀ ਸ਼ਿਵ ਜੀ) ਦੀ ਪੂਜਾ ਕਰਨ ਦੀ ਮਨਾਹੀ ਹੈ। ਪੂਰਾ ਹਿੰਦੂ ਸਮਾਜ ਗਿਆਨਹੀਣ ਸੰਤਾ ਵੱਲੋਂ ਇਹਨਾਂ ਤਿੰਨਾਂ ਦੇਵਤਾਵਾਂ ਉੱਤੇ ਹੀ ਕੇਂਦਰਿਤ ਕੀਤਾ ਹੋਇਆ ਹੈ, ਸ਼੍ਰੀ ਦੇਵੀ ਦੁਰਗਾ ਅਤੇ ਵਿਸ਼ਨੂੰ ਜੀ, ਸ਼ਿਵਜੀ ਦੀ ਭਗਤੀ ਕਰ ਅਤੇ ਕਰਵਾ ਰਹੇ ਹਨ। ਪਹਿਲਾਂ ਤੋਂ ਹੀ ਇਹ ਲੋਕ ਵੇਦ (ਦੰਤ ਕਥਾ) ਦਾ ਗਿਆਨ ਚੱਲ ਰਿਹਾ ਹੈ, ਜੋ ਅੱਜ ਮੇਰੇ ਸਾਹਮਣੇ ਕੰਧ ਬਣ ਕੇ ਖੜ੍ਹੀ ਹੈ। ਮੈਂ ਸ਼ਾਸਤਰਾ ਅਨੁਸਾਰ ਗਿਆਨ ਦੱਸਦਾ ਹਾਂ, ਪ੍ਰੋਜੈਕਟਰ ਤੇ ਦਿਖਾਉਂਦਾ ਹਾਂ। ਪਰ ਪਹਿਲਾਂ ਦੇ ਅਗਿਆਨ ਨੂੰ ਸੱਚ ਮੰਨਕੇ, ਸੱਚ ਨੂੰ ਅੱਖਾਂ ਨਾਲ ਵੇਖ ਕੇ ਵੀ ਵਿਸ਼ਵਾਸ ਨਹੀਂ ਕਰ ਰਹੇ। ਵਿਰੋਧ ਕਰਦੇ ਹਨ ਜੇਲ੍ਹ ਭੇਜਵਾ ਦਿੰਦੇ ਹਨ। ਸੂਖਸ਼ਮਵੇਦ ਵਿੱਚ ਕਿਹਾ ਗਿਆ ਹੈ ਕਿ: -

ਗਰੀਬ, ਵੇਦ ਪੜ੍ਹੇ ਪਰ ਭੇਦ ਨਾਂ ਜਾਣੇ, ਵਾਚੇ ਪੁਰਾਣ ਅਠਾਰਾਂ।
ਪੱਥਰ ਕੀ ਪੂਜਾ ਕਰੇ, ਵਿਸਰੇ ਸਿਰਜਣਹਾਰ॥

ਭਾਵ ਇਹ ਹੈ ਕਿ ਵੇਦ ਅਤੇ ਅਠਾਰਾਂ ਪੁਰਾਣਾਂ ਨੂੰ ਪੜ੍ਹਦੇ ਹਨ ਅਤੇ ਮੂਰਤੀ ਦੀ ਪੂਜਾ ਕਰਦੇ ਹਨ। ਵੇਦਾਂ ਵਿੱਚ ਦੱਸੇ ਸਭ ਦੇ ਸਿਰਜਣਹਾਰ ਪਰਮ ਅਕਸ਼ਰ ਬ੍ਰਹਮ ਨੂੰ ਭੁੱਲ ਗਏ ਹਨ। ਦੂਸਰੇ ਦੇਵਤਿਆਂ ਦੀ ਪੂਜਾ ਕਰਨ ਨਾਲ ਉਸ ਪਰਮ ਸ਼ਕਤੀ ਅਤੇ ਪਰਮ ਨਿਵਾਸ ਤੋਂ ਵਾਂਝੇ ਰਹਿ ਜਾਂਦੇ ਹਨ ਅਰਥਾਤ ਸਰਵਉੱਚ ਪ੍ਰਭੂ ਦੀ ਉਹ ਸਰਵ ਉੱਚ ਪਦ ਜਿਸਦਾ ਜ਼ਿਕਰ ਗੀਤਾ ਅਧਿਆਇ 18 ਸ਼ਲੋਕ 62 ਅਤੇ ਅਧਿਆਇ 15 ਸ਼ਲੋਕ 4 ਵਿੱਚ ਕੀਤਾ ਗਿਆ ਹੈ। ਸੂਕਸ਼ਮਵੇਦ ਵਿੱਚ ਲਿਖਿਆ ਹੈ ਕਿ:-

ਗੁਰੂਆਂ ਗਾਮ ਵਿਗਾੜੇ ਸੰਤੋਂ, ਗੁਰੂਆਂ ਗਾਮ ਵਿਗਾੜੇ।
ਏਸੇ ਕਰਮ ਜੀਵ ਕੇ ਲਾਦੇ, ਫਿਰ ਝੜੇ ਨਾਂ ਝਾੜੇ॥

ਭਾਵ ਇਹ ਹੈ ਕਿ ਵੇਦ ਗਿਆਨ ਹੀਣ ਤੱਤਵਗਿਆਨ ਤੋਂ ਅਣਜਾਣ ਗੁਰੂਆਂ ਨੇ ਪਿੰਡਾਂ ਦੇ ਪਿੰਡ ਸਾਸ਼ਤਰ ਵਿਰੁੱਧ ਗਿਆਨ ਅਤੇ ਭਗਤੀ ਸੁਣਾ ਕੇ ਉਨ੍ਹਾਂ ਨੂੰ ਏਨਾ ਭਰਮਿਤ ਕਰ ਦਿੱਤਾ ਕਿ ਉਹ ਹੁਣ ਸਮਝਾਏ ਜਾਣ ਤੋਂ ਬਾਅਦ ਵੀ ਨਹੀਂ ਸਮਝਦੇ ਸ਼ਾਸਤਰ ਵਿਰੁੱਧ ਸਾਧਨਾ ਛੱਡਣ ਲਈ ਤਿਆਰ ਨਹੀਂ ਹਨ।

ਗੀਤਾ ਅਧਿਆਇ 16 ਸ਼ਲੋਕ 23 ਵਿੱਚ ਲਿਖਿਆ ਹੈ ਕਿ ਸ਼ਾਸਤਰ ਵਿਧੀ ਨੂੰ ਤਿਆਗ ਕੇ ਜੋ ਮਨ ਮਾਨਾ ਆਸ਼ਰਣ ਕਰਨ ਨਾਲ ਨਾ ਤਾਂ ਕੋਈ ਸਿੱਧੀ ਪ੍ਰਾਪਤੀ ਹੁੰਦੀ ਹੈ, ਨਾ ਹੀ ਸੁਖ ਮਿਲਦਾ ਹੈ ਅਤੇ ਨਾ ਹੀ ਗਤੀ ਹੁੰਦੀ ਹੈ, ਭਾਵ ਵਿਅਰਥ ਸਾਧਨਾ ਹੈ। ਦੂਜੇ ਪਾਸੇ ਤੁਸੀਂ ਚੁਣਕ ਰਿਸ਼ੀ ਦੀ ਕਥਾ ਵਿੱਚ ਪੜ੍ਹਿਆ ਹੈ ਕਿ ਰਿਸ਼ੀ ਚੁਣਕ ਜੀ ਨੇ ਸਿੱਧੀਆਂ ਪ੍ਰਾਪਤ ਕੀਤੀਆਂ। ਪਾਠਕਾਂ ਨੂੰ ਇਹ ਸਮਝਣਾ ਪਵੇਗਾ ਕਿ ਸਿੱਧੀ ਭਗਤੀ ਦਾ ਬਾਈ ਪ੍ਰੋਡਕਟ ਹੈ, ਜਿਵੇਂ ਜੌਂ ਦੀ ਵੀ ਤੂੜੀ ਹੁੰਦੀ ਹੈ ਜਿਸ ਵਿੱਚ ਬਹੁਤ ਸਾਰੇ ਕੀਸ (ਤੁਸ) ਹੁੰਦੇ ਹਨ। ਜੇ ਕੋਈ ਜਾਨਵਰ ਇਸਨੂੰ

ਖਾਂਦਾ ਹੈ, ਤਾਂ ਮੂੰਹ ਵਿੱਚ ਜਖ਼ਮ ਕਰ ਦਿੰਦੇ ਹਨ। ਇਹ ਸਿੱਧੀ ਪ੍ਰਾਪਤ ਹੁੰਦੀ ਹੈ ਕਾਲ ਬ੍ਰਹਮ ਦੀ ਭਗਤੀ ਦੁਆਰਾ ਜੋ ਚੁਣਕ ਰਿਸ਼ੀ ਜੀ ਨੇ ਪ੍ਰਾਪਤ ਕੀਤੀ। ਜੋ ਸ਼ਾਸਤਰ ਵਿਧੀ ਅਨੁਸਾਰ ਭਗਤੀ ਕਰਨ ਨਾਲ ਸਿੱਧੀ ਪ੍ਰਾਪਤੀ ਹੁੰਦੀ ਹੈ, ਇਸ ਨੂੰ ਕਣਕ ਦੀ ਤੂੜੀ ਸਮਝੋ, ਜੋ ਜਾਨਵਰਾਂ ਲਈ ਲਾਭਦਾਇਕ ਹੈ ਅਤੇ ਖਾਣ ਵਿੱਚ ਸੁਗਮ ਹੁੰਦੀ ਹੈ। ਭਾਵ ਇਹ ਹੈ ਕਿ ਸ਼ਾਸਤਰਾਂ ਅਨੁਸਾਰ ਸਾਧਨਾ ਨਾ ਕਰਨ ਕਰਕੇ ਜੋ ਸਿੱਧੀ ਪ੍ਰਾਪਤ ਹੁੰਦੀ ਹੈ ਉਹ ਸਾਧਕ ਨੂੰ ਨਸ਼ਟ ਕਰਦੀਆਂ ਹਨ, ਕਿਉਂਕਿ ਅਗਿਆਨਤਾ ਕਾਰਨ ਰਿਸ਼ੀਜਨ ਉਨ੍ਹਾਂ ਦੀ ਵਰਤੋਂ ਕਰਕੇ ਕਿਸੇ ਦਾ ਨੁਕਸਾਨ ਕਰ ਦਿੰਦੇ ਹਨ, ਕਿਸੇ ਨੂੰ ਅਸ਼ੀਰਵਾਦ ਦੇ ਕੇ ਆਪਣੀ ਭਗਤੀ ਦੀ ਸ਼ਕਤੀ, ਜੋ ਓਮ ਨਾਮ ਜਪਣ ਨਾਲ ਆਉਂਦੀ ਹੈ, ਇਸ ਨੂੰ ਖਤਮ ਕਰਕੇ ਫਿਰ ਖਾਲੀ ਹੋ ਜਾਦੇ ਹਨ।

ਜਿਵੇਂ ਕਿ ਚੁਣਕ ਰਿਸ਼ੀ ਜੀ ਨੇ ਮਾਨਧਾਤਾ ਚੱਕਰਵਰਤੀ ਰਾਜੇ ਦੀ 72 ਕਰੋੜ ਫੌਜ ਨੂੰ ਨਸ਼ਟ ਕਰ ਦਿੱਤਾ, ਆਪਣੀ ਭਗਤੀ ਸਿੱਧੀ ਵੀ ਗਵਾ ਦਿੱਤੀ। ਸੂਖਸ਼ਮਵੇਦ ਵਿੱਚ ਕਿਹਾ ਗਿਆ ਹੈ ਕਿ:

ਗਰੀਬ, ਬਹਤਰ ਛੌਣੀ ਸ਼ਅ ਕਰੀ, ਚੁਣਕ ਰਿਸ਼ੀਸ਼ਵਰ ਏਕ।
ਦੇਹ ਧਾਰੇ ਜ਼ੌਰਾ (ਮੌਤ) ਫਿਰੈ, ਸਭ ਹੀ ਕਾਲ ਕੇ ਭੇਖ॥

ਭਾਵਅਰਥ:- ਰਿਸ਼ੀਆਂ ਵਿੱਚੋਂ ਸ਼੍ਰੇਸਠ ਰਿਸ਼ੀ ਚੁਣਕ ਜੀ, 72 ਕਰੋੜ ਫੌਜ ਦਾ ਨਾਸ਼ ਕਰ ਦਿੱਤਾ। ਇਹ ਤਾਂ ਦਿਖਾਈ ਦਿੰਦੇ ਹਨ ਮਹਾਤਮਾ, ਪਰ ਜਦੋਂ ਇਹਨਾਂ ਨਾਲ ਪਾਲ਼ਾ ਪੈਂਦਾ ਹੈ, ਤਾਂ ਇਹ ਸੱਪ ਨਿਕਲਦੇ ਹਨ, ਮਾਮੂਲੀ ਜਿਹੀ ਗੱਲ 'ਤੇ ਸਰਾਪ ਦੇ ਦੇਣਾ, ਬਿਨਾਂ ਮਤਲਬ ਕਿਸੇ ਨਾਲ ਗੜਬੜ ਕਰਨਾ ਇਨ੍ਹਾਂ ਲਈ ਆਮ ਗੱਲ ਹੁੰਦੀ ਹੈ।

## "ਰਿਸ਼ੀ ਦੁਰਵਾਸਾ ਦੀ ਕਾਰਗੁਜਾਰੀ"

❖ ਇੱਕ ਦੁਰਵਾਸਾ ਨਾਮ ਦੇ ਕਾਲ ਬ੍ਰਹਮ ਦੇ ਪੁਜਾਰੀ (ਬ੍ਰਹਮ ਸਾਧਕ) ਸਨ। ਉਹ ਚਲੇ ਜਾ ਰਹੇ ਸਨ। ਰਸਤੇ ਵਿੱਚ ਇੱਕ ਅਪਸਰਾ (ਸਵਰਗ ਦੀ ਔਰਤ) ਦੇ ਗਲ ਵਿੱਚ ਮੋਤੀਆਂ ਦੀ ਮਾਲ਼ਾ ਪਾਈ ਹੋਈ ਸੀ। ਰਿਸ਼ੀ ਦੁਰਵਾਸਾ ਨੇ ਕਿਹਾ ਇਹ ਮਾਲ਼ਾ ਮੈਨੂੰ ਦੇਦੇ। ਉਸ ਅਪਸਰਾ ਨੂੰ ਪਤਾ ਸੀ ਕਿ ਇਹ ਰਿਸ਼ੀ ਤਾਂ ਸੱਪ ਵਰਗੇ ਹਨ, ਜੇਕਰ ਮਨ੍ਹਾ ਕਰ ਦਿੱਤਾ ਤਾਂ ਸ਼ਰਾਪ ਦੇ ਦਿੰਦੇ ਹਨ। ਉਸ ਅਪਸਰਾ ਨੇ ਤੁਰੰਤ ਹੀ ਮਾਲਾ ਗਲੇ ਵਿੱਚੋਂ ਕੱਢੀ ਅਤੇ ਰਿਸ਼ੀ ਨੂੰ ਆਦਰ ਦੇ ਨਾਲ ਫੜਾ ਦਿੱਤੀ। ਦੁਰਵਾਸਾ ਰਿਸ਼ੀ ਨੇ ਇਹ ਮਾਲਾ ਅਪਣੇ ਵਾਲਾਂ ਦੇ ਜੁੜੇ ਵਿੱਚ ਪਾ ਲਈ। ਚਲਦਾ ਜਾ ਰਿਹਾ ਸੀ। ਅੱਗੋਂ ਸਵਰਗ ਦਾ ਰਾਜਾ ਇੰਦਰ ਅਪਣੇ ਐਰਾਵਤ ਹਾਥੀ ਉੱਤੇ ਬੈਠਾ ਆ ਰਿਹਾ ਸੀ। ਉਸਦੇ ਅੱਗੇ-ਅੱਗੇ ਬਹੁਤ ਸਾਰੀਆਂ ਅਪਸਰਾਵਾਂ ਅਤੇ ਗੰਧਰਵ ਜਨ ਗਾਉਂਦੇ ਵਜਾਉਂਦੇ ਚਲ ਰਹੇ ਸੀ, ਹੋਰ ਵੀ ਕਰੋੜਾਂ ਦੇਵੀ ਦੇਵਤੇ ਨਾਲ ਨਾਲ ਸਨਮਾਨ ਵਿੱਚ ਚਲ ਰਹੇ ਸੀ। ਦੁਰਵਾਸਾ ਰਿਸ਼ੀ ਨੇ ਆਪਣੇ ਸਿਰ ਤੋਂ ਮਾਲਾ ਚੁੱਕ ਕੇ ਰਾਜਾ ਇੰਦਰ ਦੇ ਵੱਲ ਸੁੱਟ ਦਿੱਤੀ। ਇੰਦਰ ਨੇ ਉਹ ਮਾਲਾ ਹਾਥੀ ਦੀ ਗਰਦਨ ਤੇ ਰੱਖ ਦਿੱਤੀ। ਹਾਥੀ ਨੇ ਉਹ ਮਾਲਾ ਅਪਨੀ ਸੁੰਡ ਨਾਲ ਚੁੱਕਕੇ ਜਮੀਨ ਤੇ ਸੁੱਟ ਦਿੱਤੀ। ਇੰਦਰ ਨੂੰ ਜਦੋਂ ਕੋਈ ਭਗਤ ਜਾਂ ਦੇਵ ਕੋਈ ਫੁੱਲਮਾਲਾ ਜਾ ਹੋਰ ਕੁਝ ਭੇਟ ਕਰਦੇ ਸਨ ਤਾਂ ਇੰਦਰ ਉਸਨੂੰ ਬਾਅਦ ਵਿੱਚ ਹਾਥੀ ਦੀ ਗਰਦਨ ਉੱਤੇ ਰੱਖ ਦਿੰਦਾ ਸੀ ਅਤੇ ਹਾਥੀ ਉਸਨੂੰ ਚੁੱਕ ਕੇ ਹੇਠਾਂ ਸੁੱਟ ਦਿੰਦਾ ਸੀ। ਹਾਥੀ ਨੇ ਉਸੇ ਰੁਟੀਨ (**Routine**) ਵਿੱਚ ਉਹ ਮਾਲਾ ਵੀ ਹੇਠਾਂ ਸੁੱਟ ਦਿੱਤੀ।

ਇਸ ਗੱਲ ਤੋਂ ਰਿਸ਼ੀ ਦੁਰਵਾਸਾ ਗੁੱਸੇ ਹੋ ਗਏ ਅਤੇ ਬੋਲੇ "ਹੇ! ਇੰਦਰ ਤੈਨੂੰ ਰਾਜ ਦਾ ਹੰਕਾਰ ਹੈ, ਤੂੰ ਮੇਰੇ ਵਲੋਂ ਦਿੱਤੀ ਗਈ ਮਾਲਾ ਦਾ ਅਪਮਾਨ ਕੀਤਾ ਹੈ, ਮੈਂ ਤੈਨੂੰ ਸ਼ਰਾਪ ਦਿੰਦਾ ਹਾਂ ਕਿ ਤੇਰਾ ਸਭ ਰਾਜ ਨਸ਼ਟ ਹੋ ਜਾਏ। ਰਾਜਾ ਇੰਦਰ ਕੰਬਣ ਲੱਗ ਗਿਆ ਅਤੇ ਰਿਸ਼ੀ ਨੂੰ

ਕਿਹਾ ਹੇ ਵਿਪਰ! ਮੈਂ ਤੁਹਾਡੀ ਮਾਲਾ ਨੂੰ ਆਦਰ ਨਾਲ ਗ੍ਰਹਿਣ ਕਰਕੇ ਹਾਥੀ ਦੀ ਗਰਦਨ ਉੱਤੇ ਰੱਖਿਆ ਸੀ, ਹਾਥੀ ਨੇ ਆਪਣੀ ਉਪਚਾਰਿਕਤਾ ਅਨੁਸਾਰ ਮਾਲਾ ਹੇਠਾਂ ਸੁੱਟ ਦਿੱਤੀ, ਮੈਨੂੰ ਮਾਫ ਕਰੋ। ਵਾਰ-ਵਾਰ ਕਰਬੱਧ ਹੋ ਕੇ ਹਾਥੀ ਤੋਂ ਥੱਲੇ ਉੱਤਰ ਕੇ ਡੰਡਵਤ ਪ੍ਰਣਾਮ ਕਰਕੇ ਮਾਫੀ ਦੀ ਪ੍ਰਾਥਨਾ ਰਾਜਾ ਇੰਦਰ ਨੇ ਕੀਤੀ। ਪਰ ਦੁਰਵਾਸਾ ਰਿਸ਼ੀ ਨਾ ਮੰਨਿਆ ਅਤੇ ਕਿਹਾ ਕਿ ਮੈਂ ਜੋ ਕਹਿ ਦਿੱਤਾ ਉਹ ਵਾਪਿਸ ਨਹੀਂ ਹੋ ਸਕਦਾ। ਕੁਝ ਹੀ ਸਮੇਂ ਵਿੱਚ ਰਾਜਾ ਇੰਦਰ ਦਾ ਸਰਵਨਾਸ਼ ਹੋ ਗਿਆ, ਸਵਰਗ ਉੱਜੜ ਗਿਆ।

❖ ਇੱਕ ਵਾਰ ਦੁਰਵਾਸਾ ਰਿਸ਼ੀ ਦਵਾਰਕਾ ਨਗਰੀ ਕੋਲ ਇੱਕ ਜੰਗਲ ਵਿੱਚ ਕੁੱਝ ਸਮੇਂ ਲਈ ਰੁੱਕੇ। ਦਵਾਰਕਾ ਵਾਸੀਆਂ ਨੂੰ ਪਤਾ ਚਲਿਆ ਕਿ ਦੁਰਵਾਸ਼ਾ ਜੀ ਅਪਣੀ ਨਗਰੀ ਕੋਲ ਆਏ ਹਨ। ਇਹ ਤ੍ਰਿਕਾਲਦਰਸ਼ੀ ਮਹਾਤਮਾ ਹਨ, ਸਿੱਧੀਯੁੱਕਤ ਪੁਰਸ਼ ਹਨ। ਦਵਾਰਕਾ ਵਾਸੀ ਸ਼੍ਰੀ ਕ੍ਰਿਸ਼ਨ ਤੋਂ ਜਿਆਦਾ ਕਿਸੇ ਨੂੰ ਤਾਕਤਵਰ ਨਹੀਂ ਮੰਨਦੇ ਸਨ। ਸ਼੍ਰੀ ਕ੍ਰਿਸ਼ਨ ਦੇ ਪੁੱਤਰ ਸ਼੍ਰੀ ਪ੍ਰਦਯੁਮਣ ਸਹਿਤ ਕਈ ਯਾਦਵਾਂ ਨੇ ਯੋਜਨਾ ਬਣਾਈ ਕਿ ਸੁਣਿਆ ਹੈ ਕਿ ਦੁਰਵਾਸਾ ਰਿਸ਼ੀ ਤ੍ਰਿਕਾਲ ਦਰਸ਼ੀ ਹਨ, ਮਨ ਦੀ ਗੱਲ ਦਸ ਦਿੰਦੇ ਹਨ, ਉਹ ਅੰਤਰਯਾਮੀ ਹਨ, ਉਨ੍ਹਾਂ ਦੀ ਪ੍ਰੀਖਿਆ ਲੈਂਦੇ ਹਾਂ। ਇਹ ਵਿਚਾਰ ਕਰਕੇ ਪ੍ਰਦਯੁਮਣ ਨੂੰ ਗਰਭਵਤੀ ਔਰਤ ਦਾ ਸਵਾਂਗ ਬਣਾਕੇ ਦਸ-ਬਾਰਾਂ ਵਿਅਕਤੀ ਨਾਲ ਚਲੇ ਗਏ। ਇਕ ਬੰਦੇ ਨੂੰ ਉਸਦਾ ਪਤੀ ਬਣਾ ਦਿੱਤਾ। ਦੁਰਵਾਸਾ ਰਿਸ਼ੀ ਕੋਲ ਜਾਕੇ ਕਿਹਾ ਕਿ ਹੇ! ਰਿਸ਼ੀ ਜੀ ਇਸ ਔਰਤ ਤੇ ਪਰਮਾਤਮਾ ਦੀ ਕਿਰਪਾ ਬਹੁਤ ਦਿਨਾਂ ਬਾਅਦ ਹੋਈ ਹੈ, ਇਹ ਇਸਦਾ ਪਤੀ ਹੈ ,ਇਹ ਦੋਨੋ ਉਤਸੁਕ ਹਨ ਕਿ ਸਾਨੂੰ ਪਤਾ ਲੱਗੇ ਕਿ ਗਰਭ ਵਿੱਚ ਲੜਕਾ ਹੈ ਜਾ ਲੜਕੀ। ਤੁਸੀਂ ਤਾਂ ਅੰਤਰਯਾਮੀ ਹੋ ਕਿਰਪਾ ਕਰਕੇ ਦਸੋ। ਉਹਨਾਂ ਨੇ ਪ੍ਰਦਯੁਮਣ ਦੇ ਪੇਟ ਤੇ ਛੋਟੀ ਕੜਾਹੀ ਬੰਨ੍ਹ ਰੱਖੀ ਸੀ, ਉਸ ਦੇ ਉੱਪਰ ਰੂੰ ਲੋਗੜ ਅਤੇ ਪੁਰਾਣੇ ਕਪੜੇ ਬੰਨ੍ਹਕੇ ਗਰਭ ਬਣਾਇਆ ਹੋਇਆ ਸੀ, ਉੱਪਰ ਔਰਤ ਦੇ ਕਪੜੇ ਪਾਏ ਹੋਏ ਸੀ। ਰਿਸ਼ੀ ਦੁਰਵਾਸਾ ਨੇ ਆਪਣੀ ਦਿਵਯ ਦ੍ਰਿਸ਼ਟੀ ਨਾਲ ਦੇਖਿਆ ਅਤੇ ਜਾਣਿਆ ਕਿ ਇਹ ਮੇਰਾ ਮਜ਼ਾਕ ਉਡਾਉਣ ਆਏ ਹਨ। ਦੁਰਵਾਸਾ ਜੀ ਨੇ ਕਿਹਾ ਕਿ ਇਸ ਗਰਭ ਨਾਲ ਯਾਦਵ ਕੁੱਲ ਦਾ ਨਾਸ਼ ਹੋਵੇਗਾ, ਇਹ ਕਹਿ ਕੇ ਉਹ ਗੁੱਸੇ ਹੋ ਗਏ। ਹਰ ਕੋਈ ਉਥੋਂ ਖਿਸਕ ਗਿਆ। ਇਹ ਖ਼ਬਰ ਨਗਰ ਵਿੱਚ ਅੱਗ ਵਾਂਗ ਫੈਲ ਗਈ ਕਿ ਰਿਸ਼ੀ ਦੁਰਵਾਸਾ ਜੀ ਨੇ ਸਰਾਪ ਦਿੱਤਾ ਹੈ ਕਿ ਯਾਦਵਾਂ ਦਾ ਨਾਸ਼ ਹੋਵੇਗਾ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਸਾਡੇ ਨਾਲ ਸਰਵ ਸ਼ਕਤੀਮਾਨ ਪਰਮਾਤਮਾ ਅਖਿਲ ਬ੍ਰਹਿਮੰਡਾਂ ਦੇ ਨਾਇਕ ਸ਼੍ਰੀ ਕ੍ਰਿਸ਼ਨ ਹਨ। ਦੁਰਵਾਸਾ ਦਾ ਸਰਾਪ ਸਾਡੇ ਤੇ ਅਸਰ ਨਹੀਂ ਕਰੇਗਾ। ਫਿਰ ਵੀ ਕੁਝ ਬੁੱਧੀਮਾਨ ਯਾਦਵ ਇਕੱਠੇ ਹੋਏ ਅਤੇ ਸ਼੍ਰੀ ਕ੍ਰਿਸ਼ਨ ਜੀ ਦੇ ਕੋਲ ਗਏ ਅਤੇ ਰਿਸ਼ੀ ਦੁਰਵਾਸਾ ਨਾਲ ਕੀਤੇ ਬੱਚਿਆਂ ਦੇ ਮਜ਼ਾਕ ਅਤੇ ਰਿਸ਼ੀ ਦੁਰਵਾਸਾ ਦੁਆਰਾ ਦਿੱਤੇ ਗਏ ਸਰਾਪ ਦੀ ਕਹਾਣੀ ਸੁਣਾ ਦਿੱਤੀ। ਸਾਰੀਆਂ ਗੱਲਾਂ ਸੁਣਨ ਤੋਂ ਬਾਅਦ, ਸ਼੍ਰੀ ਕ੍ਰਿਸ਼ਨ ਜੀ ਨੇ ਕੁਝ ਸਮੇਂ ਲਈ ਸੋਚਿਆ ਅਤੇ ਕਿਹਾ ਕਿ ਉਨ੍ਹਾਂ ਬੱਚਿਆਂ ਨੂੰ ਆਪਣੇ ਨਾਲ ਲੈ ਜਾਓ ਅਤੇ ਦੁਰਵਾਸਾ ਜੀ ਕੋਲੋਂ ਮੁਆਫੀ ਮੰਗੋ। ਦੁਰਵਾਸਾ ਜੀ ਕੋਲ ਗਏ, ਮੁਆਫੀ ਮੰਗੀ, ਪਰੰਤੂ ਦੁਰਵਾਸਾ ਨੇ ਕਿਹਾ ਕਿ ਜੋ ਮੈਂ ਕਹਿ ਦਿੱਤਾ ਉਹ ਵਾਪਿਸ ਨਹੀਂ ਲਿਆ ਜਾ ਸਕਦਾ। ਸਾਰੇ ਲੋਕ ਫਿਰ ਸ਼੍ਰੀ ਕ੍ਰਿਸ਼ਨ ਜੀ ਕੋਲ ਗਏ ਅਤੇ ਸਭ ਕੁਝ ਦੱਸਿਆ। ਇਥੋਂ ਤੱਕ ਕਿ ਦੁਆਰਕਾ ਵਿੱਚ ਭੋਜਨ ਵੀ ਨਹੀਂ ਬਣਿਆ। ਸਾਰੀ ਨਗਰੀ ਚਿੰਤਾ ਵਿੱਚ ਡੁੱਬ ਗਈ ਸੀ। ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਚਿੰਤਾ ਕਿਸ ਗੱਲ ਦੀ ਹੈ। ਜੋ ਚੀਜ਼ਾਂ ਗਰਭ ਰੂਪ ਵਿੱਚ ਇਸਤਮਾਲ ਕੀਤੀਆਂ ਸਨ ਉਨ੍ਹਾਂ ਤੋਂ ਹੀ ਸਾਡਾ ਵਿਨਾਸ਼ ਹੋਣਾ ਹੈ। ਇਸ ਤਰ੍ਹਾਂ ਕਰੋ, ਕੱਪੜੇ ਅਤੇ ਰੂੰ ਨੂੰ ਜਲਾ ਦਿਉ ਅਤੇ ਲੋਹੇ ਦੀ ਕੜਾਹੀ ਨੂੰ ਪੱਥਰ ਤੇ ਘਿਸਾਕੇ ਇਸਨੂੰ ਪ੍ਰਭਾਸ ਖੇਤਰ (ਯਮੁਨਾ ਨਦੀ ਦੇ ਕਿਨਾਰੇ ਇੱਕ ਜਗ੍ਹਾ ਦਾ ਨਾਮ) ਵਿੱਚ ਯਮੁਨਾ ਨਦੀ ਵਿੱਚ ਸੁੱਟ ਦਿਓ। ਉੱਥੇ ਬੈਠਕੇ ਘਿਸਾਉਣਾ, ਉਥੇ ਹੀ ਘਿਸਿਆ ਚੂਰਾ ਨਦੀ ਵਿੱਚ

ਸੁੱਟ ਦਿਉ, ਉਥੇ ਹੀ ਸੁਆਹ ਨਦੀ ਵਿੱਚ ਸੁੱਟ ਦਿਉ। ਨਾ ਰਹੂਗਾ ਬਾਂਸ, ਤੇ ਨਾ ਬਜੂਗੀ ਬੰਸਰੀ। ਜਦੋਂ ਗਰਭ ਦੀਆ ਚੀਜ਼ਾਂ ਹੀ ਨਹੀਂ ਰਹਿਣ ਗਿਆ ਤਾਂ ਸਾਡਾ ਵਿਨਾਸ਼ ਕਿਵੇਂ ਹੋਵੇਗਾ? ਦੁਆਰਕਾ ਦੇ ਲੋਕਾਂ ਨੂੰ ਇਹ ਗੱਲ ਪਸੰਦ ਆਈ ਅਤੇ ਆਪਣੇ ਆਪ ਨੂੰ ਮੁਸੀਬਤ ਤੋਂ ਮੁਕਤ ਸਮਝਿਆ। ਸ਼੍ਰੀ ਕ੍ਰਿਸ਼ਨ ਜੀ ਦੇ ਆਦੇਸ਼ ਅਨੁਸਾਰ ਸਭ ਕੀਤਾ ਗਿਆ। ਕੜਾਹੀ ਦਾ ਇੱਕ ਕੁੰਡਾ ਸਾਰਾ ਨਹੀਂ ਘੱਸ ਪਾਇਆ। ਉਸਨੂੰ ਉਵੇਂ ਹੀ ਨਦੀ ਵਿੱਚ ਸੁੱਟ ਦਿੱਤਾ। ਉਹ ਇੱਕ ਮੱਛੀ ਨੇ ਚਮਕਦਾਰ ਭੋਜਨ ਸਮਝਕੇ ਖਾ ਲਿਆ। ਉਸ ਮੱਛੀ ਨੂੰ ਬਾਲੀਆ ਨਾਮ ਦੇ ਭੀਲ ਨੇ ਫੜ ਲਿਆ। ਜਦੋਂ ਮੱਛੀ ਨੂੰ ਵੱਢਿਆ ਗਿਆ ਤਾਂ ਉਸ ਵਿੱਚੋਂ ਨਿਕਲੀ ਧਾਤ ਦੀ ਜਾਂਚ ਕਰਨ ਤੋਂ ਬਾਅਦ ਉਸਨੇ ਆਪਣੇ ਤੀਰ ਦੇ ਮੂਹਰਲੇ ਹਿੱਸੇ ਵਿੱਚ ਜ਼ਹਿਰੀਲਾ ਕਰਾਕੇ ਲਵਾ ਦਿੱਤਾ, ਅਤੇ ਕੋਲ਼ ਰੱਖ ਲਿਆ। ਜੋ ਕੜਾਹੀ ਦਾ ਚੂਰਾ ਨਦੀ ਵਿੱਚ ਸੁਟਿਆ ਸੀ, ਯਮੁਨਾ ਨਦੀ ਦੇ ਕਿਨਾਰੇ ਘਾਹ ਦੀ ਤਰ੍ਹਾਂ ਇੱਕ ਲੰਬੇ ਕਾਨੇ ਦੇ ਰੂਪ ਵਿੱਚ ਵਧ ਗਿਆ। ਕੁਝ ਸਮੇਂ ਬਾਅਦ ਦੁਆਰਕਾ ਨਗਰ ਵਿੱਚ ਹੰਗਾਮਾ ਹੋ ਗਿਆ। ਉਨ੍ਹਾਂ ਨੇ ਛੋਟੀਆਂ ਛੋਟੀਆਂ ਗੱਲਾਂ ਉੱਤੇ ਇੱਕ ਦੂਜੇ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਆਪਸ ਵਿੱਚ ਵਿਵਾਦ ਵਧਦਾ ਗਿਆ। ਨਗਰ ਦੇ ਲੋਕਾਂ ਦੀ ਇਸ ਸਥਿਤੀ ਨੂੰ ਵੇਖਦਿਆਂ ਨਗਰੀ ਦੇ ਕੁਝ ਪੰਚਾਇਤੀ ਬੰਦੇ ਭਗਵਾਨ ਕ੍ਰਿਸ਼ਨ ਜੀ ਕੋਲ ਗਏ ਅਤੇ ਜੋ ਕੁਛ ਵੀ ਨਗਰ ਵਿੱਚ ਹੋ ਰਿਹਾ ਸੀ, ਦੱਸਿਆ ਅਤੇ ਕਾਰਣ ਅਤੇ ਸਮਾਧਾਨ ਸ਼੍ਰੀ ਕ੍ਰਿਸ਼ਨ ਜੀ ਤੋਂ ਜਾਣਨ ਦੀ ਇੱਛਾ ਕੀਤੀ ਕਿਉਂ ਕਿ ਸ਼੍ਰੀ ਕ੍ਰਿਸ਼ਨ ਜੀ ਯਾਦਵਾਂ ਅਤੇ ਪਾਂਡਵਾਂ ਦੇ ਅਧਿਆਤਮਿਕ ਗੁਰੂ ਸਨ। ਸੰਕਟ ਦਾ ਨਿਵਾਰਣ ਗੁਰੂਦੇਵ ਤੋਂ ਹੀ ਕਰਵਾਇਆ ਜਾਂਦਾ ਹੈ। ਸ਼੍ਰੀ ਕ੍ਰਿਸ਼ਨ ਜੀ ਨੇ ਕਾਰਨ ਦੱਸਿਆ ਕਿ ਦੁਰਵਾਸਾ ਰਿਸ਼ੀ ਦਾ ਸਰਾਪ ਫਲ਼ ਰਿਹਾ ਹੈ। ਸਮਾਧਾਨ ਹੈ ਕਿ ਸਾਰੇ ਨਰ ਯਾਦਵ ਭਾਵੇਂ ਅੱਜ ਦਾ ਜੰਮਿਆਂ ਮੁੰਡਾ ਕਿਉਂ ਨਾ ਹੋਵੇ, ਸਾਰੇ ਪ੍ਰਭਾਸ ਖੇਤਰ ਵਿੱਚ ਜਿੱਥੇ ਕੜਾਹੀ ਦਾ ਚੂਰਾ ਸੁੱਟਿਆ ਸੀ, ਉੱਥੇ ਜਾ ਕੇ ਯਮੁਨਾ ਵਿੱਚ ਇਸ਼ਨਾਨ ਕਰੋ, ਤੁਸੀ ਸ਼ਰਾਪ ਮੁਕਤ ਹੋ ਜਾਵੋਗੇ। ਸਾਰੇ ਦਵਾਰਕਾ ਵਾਸੀਆਂ ਨੇ ਸ਼੍ਰੀ ਕ੍ਰਿਸ਼ਨ ਜੀ ਦੇ ਆਦੇਸ਼ ਦਾ ਪਾਲਣ ਕੀਤਾ। ਸਾਰੇ ਨਰ ਯਾਦਵ ਪ੍ਰਭਾਸ ਖੇਤਰ ਵਿੱਚ ਸਰਾਪ ਮੁਕਤ ਹੋਣ ਦੇ ਉਦੇਸ਼ ਨਾਲ ਇਸ਼ਨਾਨ ਕਰਨ ਦੇ ਲਈ ਚਲੇ ਗਏ। ਰਿਸ਼ੀ ਦੁਰਵਾਸਾ ਦੇ ਸ਼ਰਾਪ ਦੇ ਕਰਕੇ ਸਾਰੇ ਯਾਦਵ ਸਮੂਹ ਬਣਾਕੇ ਇਕੱਠੇ ਹੋ ਗਏ। ਪਹਿਲਾਂ ਇਸ਼ਨਾਨ ਕੀਤਾ ਕਿ ਸ਼ਰਾਪ ਮੁਕਤ ਹੋਣ ਦੇ ਬਾਅਦ ਹੋ ਸਕਦਾ ਹੈ ਕਿ ਆਪਸੀ ਮਤਭੇਦ ਦੂਰ ਹੋ ਜਾਣ। ਪਰੰਤੂ ਇਹੋ ਜਿਹਾ ਕੁਝ ਵੀ ਨੀ ਹੋਇਆ। ਪਹਿਲਾਂ ਸਭ ਨੇ ਇਸ਼ਨਾਨ ਕੀਤਾ ,ਫਿਰ ਆਪਸ ਵਿੱਚ ਗਾਲੀ ਗਲੋਚ ਸ਼ੁਰੂ ਹੋ ਗਿਆ। ਫਿਰ ਉਸ ਘਾਹ (ਸਰਕੰਡੇ) ਨੂੰ ਉਖਾੜਕੇ ਇੱਕ ਦੂਜੇ ਨੂੰ ਮਾਰਨ ਲੱਗੇ। ਜੋ ਘਾਹ (ਸਰਕੰਡੇ) ਲੋਹੇ ਦੀ ਕੜਾਹੀ ਦੇ ਚੂਰਨ ਤੋਂ ਉਗਿਆ ਸੀ, ਉਹ ਤਲਵਾਰ ਦਾ ਕੰਮ ਕਰਨ ਲੱਗ ਗਿਆ। ਸਰਕੰਡੇ ਨੂੰ ਮਾਰਦੇ ਹੀ ਸਿਰ ਧੜ੍ਹ ਤੋਂ ਅਲੱਗ ਹੋ ਕਿ ਡਿੱਗਣ ਲਗਾ। ਇਸ ਪ੍ਰਕਾਰ ਸਾਰੇ ਯਾਦਵ ਆਪਸ ਵਿੱਚ ਲੜਕੇ ਮੌਤ ਨੂੰ ਪ੍ਰਾਪਤ ਹੋ ਗਏ। ਕੁਝ ਸੋ-ਚਾਰ ਸੌ ਬਾਕੀ ਰਹਿ ਗਏ ਸੀ। ਉਸੇ ਸਮੇਂ ਸ਼੍ਰੀ ਕ੍ਰਿਸ਼ਨ ਜੀ ਵੀ ਓਥੇ ਪਹੁੰਚ ਗਏ ਉਹਨਾਂ ਨੇ ਵੀ ਘਾਹ (ਸਰਕੰਡਾ) ਪੁੱਟਿਆ। ਉਸਦੇ ਲੋਹੇ ਦੇ ਮੂਸਲ ਬਣ ਗਏ। ਬਾਕੀ ਬਚੇ ਆਪਣੇ ਵੰਸ਼ਜਾਂ ਨੂੰ ਖ਼ੁੱਦ ਸ਼੍ਰੀ ਕ੍ਰਿਸ਼ਨ ਜੀ ਨੇ ਮੌਤ ਦੇ ਘਾਟ ਉਤਾਰਿਆ। ਇਸਦੇ ਬਾਅਦ ਸ਼੍ਰੀ ਕ੍ਰਿਸ਼ਨ ਜੀ ਇੱਕ ਰੁੱਖ ਦੇ ਹੇਠ ਅਰਾਮ ਕਰਨ ਲੱਗੇ। ਏਨੇਂ ਵਿੱਚ ਦੇਵਯੋਗ ਤੋਂ ਉਹ ਬਾਲੀਆ ਨਾਮਕ ਭੀਲ ਜਿਸਨੇ ਉਸ ਲੋਹੇ ਦੀ ਕੜਾਈ ਦੇ ਕੜੇ ਦਾ ਜਹਿਰੀਲਾ ਤੀਰ (Arorw) ਬਣਵਾਇਆ ਸੀ। ਉਸੇ ਤੀਰ ਨੂੰ ਲੈ ਕੇ ਸ਼ਿਕਾਰ ਦੀ ਖੋਜ ਵਿੱਚ ਉਸ ਸਥਾਨ ਤੇ ਆ ਗਿਆ ਜਿੱਥੇ ਸ਼੍ਰੀ ਕਿਸ਼੍ਰਨ ਜੀ ਅਰਾਮ ਕਰ ਰਹੇ ਸੀ। ਸ਼੍ਰੀ ਕ੍ਰਿਸ਼ਨ ਜੀ ਦੇ ਸੱਜੇ ਪੈਰ ਦੇ ਥੱਲੇ ਪਦਮ ਬਣਿਆ ਸੀ, ਉਸ ਵਿੱਚ ਸੌ ਵਾਟ ਦੇ ਬੱਲਬ ਵਰਗੀ ਚਮਕ ਸੀ। ਦਰੱਖਤ ਦੀ ਝੁਰਮਟ ਦੇ ਹੇਠ ਤੱਕ ਲਟਕਦੀ ਸੀ। ਉਸਦੇ ਵਿੱਚੋਂ ਪਦਮ ਦੀ ਚਮਕ ਧੁੰਦਲੀ ਦਿਖ ਰਹੀ ਸੀ। ਬਾਲੀਆ ਭੀਲ ਨੇ ਸੋਚਿਆ ਕਿ ਇਹ ਹਿਰਨ ਦੀ ਅੱਖ ਦਿਖਾਈ ਦੇ ਰਹੀ ਹੈ, ਇਸ

ਲਈ ਤੀਰ ਚਲਾ ਦਿੱਤਾ ਹਿਰਨ ਨੂੰ ਮਾਰਨ ਦੇ ਉਦੇਸ਼ ਨਾਲ। ਜਦ ਤੀਰ ਸ਼੍ਰੀ ਕ੍ਰਿਸ਼ਨ ਜੀ ਦੇ ਪੈਰ ਵਿੱਚ ਲੱਗਿਆ ਤੇ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਮਰ ਗਿਆ ਰੇ,ਮਰ ਗਿਆ ਰੇ। ਬਾਲੀਆ ਭੀਲ ਨੂੰ ਅਹਿਸਾਸ ਹੋਇਆ ਕਿ ਤੀਰ ਕਿਸੇ ਵਿਅਕਤੀ ਦੇ ਲੱਗ ਗਿਆ ਹੈ। ਦੁਵਾਰਕਾਧੀਸ਼ ਦਰਦ ਦੇ ਮਾਰੇ ਤੜਫ਼ ਰਹੇ ਸਨ। ਬਾਲੀਆ ਨੇ ਕਿਹਾ ਹੇ ਮਹਾਰਾਜ! ਮੇਰੇ ਕੋਲੋਂ ਧੋਖੇ ਨਾਲ ਤੀਰ ਮਾਰਿਆ ਗਿਆ। ਤੁਹਾਡੇ ਪੈਰ ਦੀ ਚਮਕ ਨੂੰ ਮੈਂ ਹਿਰਨ ਦੀ ਅੱਖ ਜਾਣਕੇ ਤੀਰ ਮਾਰ ਦਿੱਤਾ, ਮੇਰੇ ਕੋਲੋਂ ਗਲਤੀ ਹੋ ਗਈ , ਮੁਆਫ ਕਰੋ ਮਹਾਰਾਜ। ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਤੇਰੇ ਤੋਂ ਕੋਈ ਗਲਤੀ ਨਹੀਂ ਹੋਈ। ਇਹ ਤੇਰਾ ਤੇ ਮੇਰਾ ਪਿੱਛਲੇ ਜਨਮ ਦਾ ਲੈਣ-ਦੇਣ ਹੈ, ਉਹ ਮੈਂ ਪੂਰਾ ਕਰ ਦਿੱਤਾ ਹੈ। ਤੂੰ ਤ੍ਰੇਤਾ ਯੁੱਗ ਵਿੱਚ ਸੁਗਰੀਵ ਦਾ ਭਰਾ ਬਾਲੀ ਸੀ, ਮੈਂ ਦਸ਼ਰਥ ਦਾ ਪੁੱਤਰ ਰਾਮਚੰਦਰ ਸੀ। ਮੈਂ ਤੈਨੂੰ ਦਰੱਖਤ ਦੀ ਓਟ ਲੈ ਕੇ ਧੋਖੇ ਨਾਲ ਮਾਰਿਆ ਸੀ। ਉਹ ਅਦਲਾ ਬਦਲਾ (**Tit for tat**) ਪੂਰਾ ਕੀਤਾ ਹੈ।

ਇਸ ਪ੍ਰਕਾਰ ਦੁਰਵਾਸ਼ਾ ਰਿਸ਼ੀ ਦੇ ਸ਼ਰਾਪ ਨਾਲ਼ ਸਾਰੇ ਯਾਦਵ ਕੁੱਲ ਦਾ ਨਾਸ਼ ਹੋਇਆ। ਜੋ ਵਰਤਮਾਨ ਦੇ ਯਾਦਵ ਹਨ ਇਹ ਉਹ ਹਨ ਜੋ ਮਾਤਾਵਾਂ ਦੇ ਗਰਭ ਵਿੱਚ ਸੀ, ਬਾਅਦ ਵਿੱਚ ਜਨਮ ਲਿਆ। ਸੂਖਸ਼ਮ ਵੇਦ ਵਿੱਚ ਲਿਖਿਆ ਹੈ:-

ਦੁਰਵਾਸਾ ਕੋਪੇ ਤਹਾਂ, ਸਮਝ ਨਾ ਆਈ ਨੀਚ।
ਛੱਪਨ ਕਰੋੜ ਯਾਦਵ ਕਟੇ, ਮਚੀ ਰੁਧਰ ਕੀ ਕੀਚ॥

ਸਰਲ ਅਰਥ:- ਦੁਰਵਾਸਾ ਨੇ ਬੱਚਿਆਂ ਦੇ ਮਜ਼ਾਕ ਨੂੰ ਇਨ੍ਹਾਂ ਗੰਭੀਰਤਾ ਨਾਲ ਲੈ ਲਿਆ ਕਿ ਉਹਨਾਂ ਨੂੰ ਉਹਨਾਂ ਦੇ ਕੁੱਲ ਦਾ ਨਾਸ਼ ਕਰਨ ਦਾ ਸ਼ਰਾਪ ਦੇ ਦਿੱਤਾ। ਉਸ ਨੀਚ ਦੁਰਵਾਸਾ ਨੇ ਇਹ ਵੀ ਨਹੀਂ ਸੋਚਿਆ ਕਿ ਕੀ ਅਨਰਥ ਹੋ ਜਾਵੇਗਾ ਗੱਲ ਕੁਝ ਵੀ ਨਹੀਂ ਸੀ। ਦੁਰਵਾਸਾ ਨੀਚ ਨੇ ਇਨ੍ਹਾਂ ਜ਼ੁਲਮ ਕਰ ਦਿੱਤਾ ਕੀ ਛਪੰਜਾ ਕਰੋੜ ਯਾਦਵ ਕਟਕੇ ਮਰ ਗਏ, ਅਤੇ ਖ਼ੂਨ ਦੇ ਵਹਿਣ ਨਾਲ ਚਿੱਕੜ ਬਣ ਗਿਆ।

ਇਸੇ ਤਰ੍ਹਾਂ ਚੁਣਕ ਰਿਸ਼ੀ ਨੇ ਬੇ-ਮਤਲਬ ਪੰਗਾ ਲੈ ਕੇ ਮਾਨਧਾਤਾ ਰਾਜਾ ਦੀ 72 ਕਰੋੜ ਸੈਨਾ ਦਾ ਨਾਸ਼ ਕਰ ਦਿੱਤਾ।

❖ ਇੱਕ ਕਪਿਲ ਨਾਮ ਦੇ ਰਿਸ਼ੀ ਸਨ ਜਿਨ੍ਹਾਂ ਨੂੰ ਭਗਵਾਨ ਵਿਸ਼ਨੂੰ ਦੇ 24 ਅਵਤਾਰਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ,ਉਹ ਤਪੱਸਿਆ ਕਰ ਰਹੇ ਸਨ। ਇੱਕ ਸਗੜ ਰਾਜਾ ਸੀ। ਉਸਦੇ 60 ਹਜ਼ਾਰ ਪੁੱਤਰ ਸਨ। ਕਿਸੇ ਰਿਸ਼ੀ ਨੇ ਦਸਿਆ ਸੀ ਕਿ ਜੇਕਰ ਇੱਕ ਤਾਲਾਬ, ਇੱਕ ਖੂਹ, ਇੱਕ ਬਗੀਚਾ ਬਣਾ ਦਿੱਤਾ ਜਾਵੇ ਤਾਂ ਇੱਕ ਅਸ਼ਵਮੇਘ ਯੱਗ ਜਿਨ੍ਹਾਂ ਫਲ ਮਿਲਦਾ ਹੈ। ਰਾਜਾ ਸਗੜ ਦੇ ਪੁੱਤਰਾਂ ਨੇ ਇਹ ਕੰਮ ਸ਼ੁਰੂ ਕਰ ਦਿੱਤਾ। ਸਮਝਦਾਰ ਵਿਅਕਤੀਆਂ ਨੇ ਕਿਹਾ ਕਿ ਇਸ ਤਰਾਂ ਜਗ੍ਹਾ ਜਗ੍ਹਾ ਤੇ ਤਲਾਬ, ਬਗੀਚੇ, ਖ਼ੂਹ ਬਣਾਓਗੇ ਤਾਂ ਧਰਤੀ ਤੇ ਅੰਨ ਉਗਾਉਣ ਲਈ ਸਥਾਨ ਹੀ ਨਹੀਂ ਬਚੇਗਾ। ਕਿਸੇ ਰਾਜਾ ਨੇ ਵਿਰੋਧ ਕੀਤਾ ਤਾਂ ਉਸ ਨਾਲ ਲੜਾਈ ਕਰ ਲਈ। ਉਸ ਰਾਜਾ ਸਗੜ ਦੇ ਪੁੱਤਰਾਂ ਨੇ ਇੱਕ ਘੋੜਾ ਅਪਣੇ ਨਾਲ ਲਿਆ। ਉਸਦੇ ਗਲੇ ਵਿੱਚ ਪੱਤਰ ਲਿੱਖ ਕੇ ਪਾ ਦਿੱਤਾ ਕਿ ਜੇਕਰ ਕੋਈ ਸਾਡੇ ਕੰਮ ਵਿੱਚ ਰੁਕਾਵਟ ਪਾਵੇਗਾ ਤਾਂ ਉਹ ਇਸ ਘੋੜੇ ਨੂੰ ਫੜ ਲਵੇ ਅਤੇ ਯੁੱਧ ਦੇ ਲਈ ਤਿਆਰ ਹੋ ਜਾਵੇ। ਉਹਨਾਂ ਸਿਰਫਿਰਿਆਂ ਨਾਲ ਕੌਣ ਟੱਕਰ ਲਵੇ? ਪ੍ਰਿਥਵੀ ਦੇਵੀ ਭਗਵਾਨ ਵਿਸ਼ਨੂੰ ਜੀ ਕੋਲ ਗਈ। ਇੱਕ ਗਾਂ ਦਾ ਰੂਪ ਧਾਰਨ ਕਰਕੇ ਕਿਹਾ ਕਿ ਹੇ ਭਗਵਾਨ! ਧਰਤੀ ਤੇ ਇੱਕ ਸਗੜ ਰਾਜਾ ਹੈ। ਉਸਦੇ 60 ਹਜ਼ਾਰ ਪੁੱਤਰ ਹਨ। ਉਹਨਾਂ ਨੂੰ ਇਹੋ ਜਿਹਾ ਸਰੂਰ ਉੱਠਿਆ ਹੋਇਆ ਹੈ ਕਿ ਉਹਨਾਂ ਨੇ ਮੈਨੂੰ ਹੀ ਖੋਦ ਦਿੱਤਾ।ਉੱਥੇ ਮਨੁਖਾਂ ਲਈ ਖਾਣ ਦੇ ਲਈ ਅੰਨ ਵੀ ਨਹੀਂ ਪੈਦਾ ਹੋ ਸਕਦਾ। ਭਗਵਾਨ ਵਿਸ਼ਨੂੰ ਨੇ ਕਿਹਾ ਤੁਸੀਂ ਜਾਓ ਹੁਣ ਉਹ ਕੁਝ ਵੀ ਨੀ ਕਰਨਗੇ। ਭਗਵਾਨ ਵਿਸ਼ਨੂੰ ਨੇ ਦੇਵਰਾਜ ਇੰਦਰ ਨੂੰ ਬੁਲਾਇਆ ਅਤੇ

ਸਮਝਿਆ ਕਿ ਰਾਜਾ ਸਗੜ ਦੇ 60 ਹਜ਼ਾਰ ਪੁੱਤਰ ਯੱਗ ਕਰ ਰਹੇ ਹਨ। ਜੇਕਰ ਉਹਨਾਂ ਦੇ 100 ਯੱਗ ਪੂਰੇ ਹੋ ਗਏ ਤਾਂ ਤੇਰੀ ਇੰਦਰ ਦੀ ਗੱਦੀ ਉਹਨਾਂ ਨੂੰ ਦੇਣੀ ਪਵੇਗੀ, ਸਮੇ ਰਹਿੰਦੇ ਕੁਝ ਬਣਦਾ ਹੈ ਤਾਂ ਕਰ ਲੈ। ਇੰਦਰ ਨੇ ਦਾਸ ਅਰਥਾਤ ਆਪਣੇ ਨੌਕਰ ਭੇਜੇ ਉਹਨਾਂ ਨੂੰ ਸਭ ਸਮਝਾ ਦਿੱਤਾ। ਰਾਤ ਦੇ ਸਮੇਂ ਰਾਜਾ ਸਗੜ ਦੇ ਪੁੱਤਰ ਸੁੱਤੇ ਪਏ ਸਨ। ਘੋੜਾ ਦਰੱਖਤ ਦੇ ਬੰਨ੍ਹਿਆ ਹੋਇਆ ਸੀ। ਉਹਨਾਂ (ਦੇਵਰਾਜ ਦੇ ਫ਼ਰਿਸ਼ਤਿਆਂ) ਨੇ ਘੋੜੇ ਨੂੰ ਖੋਲਕੇ ਕਪਿਲ ਤਪੱਸਵੀ ਦੇ ਪੱਟ ਨਾਲ ਬੰਨ੍ਹ ਦਿੱਤਾ। ਕਪਿਲ ਰਿਸ਼ੀ ਕਈ ਸਾਲਾਂ ਤੋਂ ਤਪੱਸਵੀ ਸੀ। ਜਿਸ ਕਾਰਨ ਉਹਨਾਂ ਦਾ ਸ਼ਰੀਰ ਹੱਡੀਪਿੰਜਰ ਵਰਗਾ ਹੋ ਗਿਆ ਸੀ। ਆਸਣ ਪਦਮ ਲਗਿਆ ਹੋਇਆ ਸੀ, ਟੰਗਾਂ ਪਤਲੀਆਂ ਪਤਲੀਆਂ ਸਨ। ਜਿਵੇਂ ਦਰੱਖਤ ਦੀਆਂ ਜੜ੍ਹਾਂ ਦੀ ਮਿੱਟੀ ਵਰਖਾ ਦੇ ਪਾਣੀ ਨਾਲ ਵਹਿ ਜਾਂਦੀ ਹੈ ਅਤੇ ਜੜ੍ਹਾਂ ਦੇ ਵਿੱਚ 6-7 ਇੰਚ ਦਾ ਰਸਤਾ ਹੋ ਜਾਂਦਾ ਹੈ, ਰਿਸ਼ੀ ਕਪਿਲ ਜੀ ਦੀਆਂ ਲੱਤਾਂ ਇਹੋ ਜਿਹੀਆਂ ਸਨ। ਇੰਦਰ ਦੇ ਨੌਕਰਾਂ ਨੇ ਘੋੜੇ ਨੂੰ ਲੱਤਾਂ ਦੇ ਵਿਚਕਾਰ ਦੇ ਰਸਤੇ ਵਿੱਚ ਤੋਂ ਪੱਟ ਦੇ ਕੋਲ ਰੱਸੇ ਨਾਲ ਬੰਨ ਦਿੱਤਾ।

ਰਾਜੇ ਦੇ ਪੁੱਤਰਾਂ ਨੇ ਸਵੇਰੇ ਉਠਦਿਆਂ ਹੀ ਘੋੜਾ ਦੇਖਿਆ। ਉਸ ਦੀ ਖੋਜ ਵਿੱਚ ਯੁੱਧ ਕਰਨ ਦੀ ਤਿਆਰੀ ਕਰਕੇ 60 ਹਜ਼ਾਰ ਦਾ ਸਮੂਹ ਚੱਲ ਪਿਆ। ਘੋੜੇ ਦੇ ਪੈਰਾਂ ਦੇ ਨਿਸ਼ਾਨ ਦੇ ਨਾਲ ਨਾਲ ਕਪਿਲ ਮੁਨੀ ਦੇ ਆਸ਼ਰਮ ਵਿੱਚ ਪਹੁੰਚ ਗਏ। ਘੋੜੇ ਨੂੰ ਬੰਨ੍ਹਿਆ ਦੇਖ ਕੇ ਸਗੜ ਰਾਜਾ ਦੇ ਪੁੱਤਰਾਂ ਨੇ ਰਿਸ਼ੀ ਦੀ ਹੀ ਕੁੱਖ ਵਿੱਚ (ਦੋਨਾਂ ਬਾਹਵਾਂ ਦੇ ਨੀਚੇ ਕੱਛਾਂ ਵਿੱਚ ਹੀਂਖ ਆਖਦੇ ਹਨ) ਭਾਲੇ ਚੁਭੋ ਦਿੱਤੇ। ਕਪਿਲ ਰਿਸ਼ੀ ਦੀਆਂ ਪਲਕਾਂ ਐਨੀਆਂ ਲੰਬੀਆਂ ਹੋ ਗਈਆਂ ਸਨ ਕਿ ਜਮੀਨ ਤੇ ਜਾ ਟਿਕਿਆਂ ਸੀ। ਰਿਸ਼ੀ ਨੂੰ ਪੀੜ ਹੋਈ ਤੇ ਗੁੱਸੇ ਕਾਰਨ ਪਲਕਾਂ ਨੂੰ ਹੱਥ ਨਾਲ ਉਠਾਇਆ, ਅੱਖਾਂ ਤੋਂ ਅਗਨੀ ਤੀਰ ਛੁੱਟੇ। 60 ਹਜ਼ਾਰ ਸਗੜ ਰਾਜੇ ਦੇ ਪੁੱਤਰਾਂ ਦੀ ਸੈਨਾ ਦੀ ਪੂਲੀ ਜਿਹੀ ਵਿੱਛ ਗਈ ਅਰਥਾਤ 60 ਹਜ਼ਾਰ ਸਗੜ ਦੇ ਪੁੱਤਰ ਮਰਕੇ ਢੇਰ ਹੋ ਗਏ। ਸੂਖਸ਼ਮ ਵੇਦ ਵਿੱਚ ਲਿਖਿਆ ਹੈ ਕਿ :-

ਸਾਠ ਹਜ਼ਾਰ ਸਗੜ ਕੇ ਹੋਤੇ, ਕਪਿਲ ਮੁਨਿਸ਼ਵਰ ਖਾਏ।<br>
ਜੇ ਪਰਮੇਸ਼ਵਰ ਕੀ ਕਰੇਂ ਭਗਤੀ, ਤੌਂ ਅਜਰ-ਅਮਰ ਹੋ ਜਾਏ॥<br>
72 ਕਛੌਣੀ ਖਾ ਗਿਆ, ਚੁਣਕ ਰਿਸ਼ਿਸਵਰ ਏਕ।<br>
ਦੇਹ ਧਾਰੇ ਜੌਰਾ ਫਿਰੈਂ, ਸਭੀ ਕਾਲ ਕੇ ਭੇਸ਼॥<br>
ਦੁਰਵਾਸਾ ਕੋਪੇ ਤਹਾਂ, ਸਮਝ ਨਾ ਆਈ ਨੀਚ।<br>
56 ਕਰੋੜ ਯਾਦਵ ਕਟੇ, ਮਚੀ ਰੁਧਿਰ ਕੀ ਕੀਚ॥

ਸੰਖੇਪ (ਭਾਵ):- ਕਪਿਲ ਮੁਨੀ ਜੀ, ਚੁਣਕ ਮੁਨੀ ਜੀ ਤੇ ਦੁਰਵਾਸ਼ਾ ਮੁਨੀ ਜੀ ਸੰਸਾਰ ਵਿੱਚ ਕਿੰਨੇ ਪ੍ਰਸਿੱਧ ਹਨ ਇਹ ਸਭ ਕਾਲ ਬ੍ਰਹਮ ਦੀ ਭਗਤੀ ਕਰਨ ਵਾਲੇ ਭੇਖਧਾਰੀ ਰਿਸ਼ੀ ਹਨ।ਇਹ ਚਲਦੀ ਫਿਰਦੀ ਮੌਤ ਸੀ। ਚਲਦੀ - ਫਿਰਦੀ ਮਨੁੱਖੀ ਰੂਪ ਵਿੱਚ ਘਾਲ ਹੈ। ਗਲਤੀ ਨਾਲ ਭੋਲੇ ਲੋਕ ਇਨ੍ਹਾਂ ਨੂੰ ਮਹਾਨ ਆਤਮਾ ਮੰਨਦੇ ਹਨ।

ਇਹ ਸਭ ਗਿਆਨੀ ਆਤਮਾ ਸਨ, ਇਹ ਸਭ ਦਿਆਲੂ ਦਿਲ ਦੇ ਸਨ। ਇਨ੍ਹਾਂ ਨੇ ਪ੍ਰਮਾਤਮਾਂ ਪ੍ਰਾਪਤੀ ਦੇ ਲਈ ਆਪਣਾ ਕਲਿਆਣ ਕਰਵਾਉਣ ਲਈ ਤਨ, ਮਨ, ਧਨ ਸਮਰਪਤ ਕਰ ਦਿੱਤਾ ਲੇਕਿਨ ਤੱਤਵਦਰਸ਼ੀ ਸੰਤ ਨਾ ਮਿਲਣ ਦੇ ਕਾਰਣ ਉਨ੍ਹਾਂ ਨੇ ਕਾਲ ਬ੍ਰਹਮ ਨੂੰ ਇੱਕ ਸਮਰੱਥ ਪ੍ਰਭੂ ਮੰਨ ਕੇ ਗਲਤੀ ਕੀਤੀ ਅਤੇ ਓਸੇ ਦੀ ਸਾਧਨਾ ਓਮ (ॐ) ਨਾਮ ਦੇ ਜਾਪ ਦੇ ਨਾਲ ਅਤੇ ਜ਼ਿਆਦਾ ਹਠ ਯੋਗ ਸਮਾਧੀ ਦੇ ਨਾਲ ਕੀਤੀ, ਜਿਸ ਨਾਲ ਪਰਮਾਤਮਾ ਪ੍ਰਾਪਤੀ ਤਾਂ ਹੋਈ ਨਹੀਂ ਸਗੋਂ ਨੁਕਸਾਨ ਹੁੰਦਾ ਹੈ ਕਿਉਂਕਿ ਇਹ ਸਾਧਨਾ ਸ਼ਾਸਤਰ (ਸਦਗ੍ਰੰਥ) ਵਿਰੁੱਧ ਹੈ। ਗੀਤਾ ਅਧਿਆਇ 16 ਸਲੋਕ 23, 24 ਵਿੱਚ ਕਿਹਾ ਹੈ ਕਿ, "ਸ਼ਾਸਤਰ ਵਿਧੀ ਨੂੰ ਛੱਡ ਕੇ ਜੋ ਮਨ

ਮਾਨਾ ਆਸ਼ਰਣ" ਕਰਦੇ ਹਨ ਉਸਦੀ ਸਾਧਨਾ ਵਿਅਰਥ ਹੈ। ਉਹ ਦਿਆਲੂ ਆਤਮਾਵਾਂ ਏਸੇ ਕਾਰਨ ਕਾਲ ਬ੍ਰਹਮ ਦੀ ਘਟੀਆ (ਅਨੁਤਮ) ਗਤੀ ਵਿੱਚ ਸਥਿਤ ਰਹੇ।

ਗੀਤਾ ਅਧਿਆਇ 17 ਸ਼ਲੋਕ 5,6 ਵਿੱਚ ਕਿਹਾ ਹੈ ਕਿ:-

❖ ਜੋ ਮਨੁੱਖ ਸ਼ਾਸਤਰ ਵਿਧੀ ਬਿਨ੍ਹਾਂ ਸਿਰਫ ਮਨਮਾਨੀ ਸਖ਼ਤ ਤਪੱਸਿਆ ਕਰਦੇ ਹਨ ਅਤੇ ਪਾਖੰਡ, ਅਹੰਕਾਰ ਨਾਲ ਭਰੇ, ਇੱਛਾ ਲਗਾਵ ਦੇ ਹੰਕਾਰ ਨਾਲ ਭਰੇ ਹਨ। (ਗੀਤਾ ਅਧਿਆਇ 17 ਸ਼ਲੋਕ 5)

❖ ਸਰੀਰ ਵਿੱਚ ਸਥਿਤ ਸਾਰੇ ਕਮਲਾਂ ਵਿੱਚ ਦੇਵ ਸ਼ਕਤੀਆਂ ਤੇ ਪੂਰਨ ਪ੍ਰਮਾਤਮਾ ਅਤੇ ਮੈਨੂੰ ਵੀ ਦੁਖੀ ਕਰਨ ਵਾਲੇ ਭਾਵ ਦੁੱਖ ਦੇਣ ਵਾਲੇ ਅਗਿਆਨੀਆਂ ਨੂੰ ਤੂੰ ਦਾਨਵ ਸੁਭਾਅ ਦੇ ਮੰਨ। (ਗੀਤਾ ਅਧਿਆਇ 17 ਸ਼ਲੋਕ 6)

❖ ਏਹੀ ਪ੍ਰਮਾਣ ਗੀਤਾ ਅਧਿਆਇ 16 ਸ਼ਲੋਕ 17 ਤੋਂ 20 ਵਿੱਚ ਹੈ।

❖ ਉਹ ਅਪਣੇ ਆਪ ਨੂੰ ਮਹਾਨ ਮੰਨਣ ਵਾਲੇ ਘਮੰਡੀ ਆਦਮੀ ਪੈਸਾ ਅਤੇ ਮਾਨ ਦੇ ਨਸ਼ੇ ਨਾਲ ਭਰਿਆ ਸਿਰਫ ਨਾਮਾਤਰ ਯੱਗਾਂ ਰਾਹੀਂ ਪਾਖੰਡ ਨਾਲ ਸ਼ਾਸਤਰ ਵਿਧੀ ਬਿਨ੍ਹਾਂ ਪੂਜਾ ਕਰਦੇ ਹਨ। (ਗੀਤਾ ਅਧਿਆਇ 16 ਸ਼ਲੋਕ 17)

❖ ਅਹੰਕਾਰ, ਤਾਕਤ, ਘਮੰਡ, ਕਾਮਨਾ, ਕ੍ਰੋਧ ਆਦਿ ਦੇ ਵੱਸ਼ ਅਤੇ ਦੂਜਿਆਂ ਦੇ ਸਰੀਰ ਵਿੱਚ ਸਥਿਤ ਮੇਰੇ ਨਾਲ ਦਵੇਸ਼ ਕਰਨ ਵਾਲੇ ਹੁੰਦੇ ਹਨ। (ਗੀਤਾ ਅਧਿਆਇ 16 ਸਲੋਕ 18)

❖ ਉਹ ਦਵੇਸ਼ ਕਰਨ ਵਾਲੇ ਪਾਪਾਚਾਰ ਬਦਮਾਸ਼ "ਜੋ ਵਚਨ ਨਾਲ ਕਰੋੜਾਂ ਵਿਅਕਤੀਆਂ ਦੀ ਹੱਤਿਆ ਕਰਨ ਵਾਲੇ ਨਰਾਧਮੋ। ਭਾਵ ਨੀਚ ਮਨੁੱਖਾਂ ਨੂੰ ਮੈਂ ਸੰਸਾਰ ਵਿੱਚ ਵਾਰ ਵਾਰ ਅਸੁਰੀ ਭਾਵ ਰਾਖਸ਼ੀ (ਦਾਨਵੀ) ਜੂਨੀਆਂ ਵਿੱਚ ਹੀ ਪਾਉਂਦਾ ਹਾਂ। (ਗੀਤਾ ਅਧਿਆਇ 19 ਸ਼ਲੋਕ 19) ਸੂਖਸ਼ਮ ਵੇਦ ਵਿੱਚ ਵੀ ਇਹਨਾਂ ਨੂੰ ਨੀਚ (ਘਟਿਆ) ਕਿਹਾ ਹੈ:-

ਦੁਰਵਾਸਾ ਕੋਪੇ ਤਹਾਂ, ਸਮਝ ਨ ਆਈ ਨੀਚ ।
56 ਕਰੋੜ ਯਾਦਵ ਕਟੇ, ਮਚੀ ਰੁਧਿਰ ਕੀ ਕੀਚ॥

❖ ਹੇ ਅਰਜੁਨ! ਮੂਰਖ ਮੈਨੂੰ ਨਾ ਪ੍ਰਾਪਤ ਹੋ ਕੇ ਜਨਮ-ਜਨਮ ਵਿੱਚ ਅਸੁਰੀ ਜੂਨੀਆਂ ਨੂੰ ਪ੍ਰਾਪਤ ਹੁੰਦੇ ਹਨ, ਇਸਤੋਂ ਵੀ ਬਹੁਤ ਮਾੜੀ ਗਤੀ ਨੂੰ ਪ੍ਰਾਪਤ ਹੁੰਦੇ ਹਨ ਅਰਥਾਤ ਘੋਰ ਨਰਕ ਵਿੱਚ ਡਿੱਗਦੇ ਹਨ। (ਗੀਤਾ ਅਧਿਆਇ 17 ਸ਼ਲੋਕ 20) ਉੱਪਰ ਦਿੱਤੇ ਪ੍ਰਮਾਣ ਤੋਂ ਸਿੱਧ ਹੁੰਦਾ ਹੈ ਕਿ ਗੀਤਾ ਅਧਿਆਇ 7 ਸ਼ਲੋਕ 18 ਵਿੱਚ ਗੀਤਾ ਗਿਆਨ ਦਾਤਾ ਨੇ ਆਪਣੀ ਸਾਧਨਾ ਤੋਂ ਹੋਣ ਵਾਲੀ ਗਤੀ ਨੂੰ ਵੀ ਇਸਲਈ ਅਨੁਤਮ ਅਰਥਾਤ ਘਟੀਆ ਦੱਸਿਆ ਹੈ। ਕਿਹਾ ਹੈ ਕਿ:-

❖ (ਗੀਤਾ ਅਧਿਆਇ 7 ਸ਼ਲੋਕ 18) ਉਹ ਜਿਹੜੇ ਚੌਥੀ ਤਰ੍ਹਾਂ ਦੇ ਗਿਆਨੀ ਸਾਧਕ ਹਨ, ਉਹ ਸਾਰੇ ਹਨ ਤਾਂ ਉਦਾਰ ਕਿਉਂਕਿ ਪ੍ਰਮਾਤਮਾ ਪ੍ਰਾਪਤੀ ਦੇ ਲਈ ਉਹਨਾਂ ਨੇ ਆਪਣੇ ਸਰੀਰ ਨਸ਼ਟ ਹੋਣ ਦੀ ਪਰਵਾਹ ਵੀ ਨਹੀਂ ਕੀਤੀ ਅਤੇ ਹਜ਼ਾਰਾਂ ਸਾਲ ਭੁੱਖੇ ਅਤੇ ਪਿਆਸੇ ਸਾਧਨਾਲੀਨ ਰਹੇ, ਪਰੰਤੂ ਤੱਤਵਦਰਸ਼ੀ ਸੰਤ ਨਾ ਮਿਲਣ ਕਾਰਕੇ ਉਹ ਸਾਰੇ ਮੇਰੀ ਅਨੁਤਮ ਅਰਥਾਤ ਘਟੀਆ ਗਤੀ ਅਰਥਾਤ ਬ੍ਰਹਮ ਸਾਧਨਾ ਤੋਂ ਹੋਣ ਵਾਲੇ ਮੋਕਸ਼ ਜੋ ਉਪਰੋਕਤ ਰਿਸ਼ੀਆਂ ਨੂੰ ਹੋਇਆ, ਉਸੇ ਵਿੱਚ ਸਥਿਤ ਰਹੇ ਅਰਥਾਤ ਜਨਮ ਮਰਨ ਅਤੇ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਾਲੀ ਗਤੀ ਵਿੱਚ ਰਹਿ ਗਏ।

❖ ਸਿੱਟਾ:- ਚੁਣਕ ਰਿਸ਼ੀ, ਦੁਰਵਾਸਾ ਰਿਸ਼ੀ ਅਤੇ ਕਪਿਲ ਰਿਸ਼ੀ ਨੇ ਜੋ ਓਮ (□) ਦੇ ਨਾਮ ਦਾ ਜਾਪ ਕੀਤਾ ਉਸਦੇ ਫ਼ਲ ਸਰੂਪ ਉਹ ਕੁਝ ਸਮੇਂ ਲਈ ਬ੍ਰਹਮ ਲੋਕ ਵਿੱਚ ਜਾਣਗੇ।

ਓੱਥੇ ਭਗਤੀ ਨੂੰ ਖਤਮ ਕਰਨ ਤੋਂ ਬਾਅਦ, ਫਿਰ ਪ੍ਰਿਥਵੀ ਤੇ ਰਾਜਾ ਬਣਨਗੇ ਕਿਉਂਕਿ ਸੂਕਸ਼ਮ ਵੇਦ ਵਿੱਚ ਲਿਖਿਆ ਹੈ:-

ਤਪ ਸੇ ਰਾਜ, ਰਾਜ ਮੱਧ ਮਾਨਮ, ਜਨਮ ਤੀਸਰੇ ਸ਼ੂਕਰ ਸਵਾਨਮ।

ਫਿਰ ਕੁੱਤਾ, ਗਧਾ ਬਣੇਗਾ, ਫਿਰ ਨਰਕ ਵਿੱਚ ਜਾਵੇਗਾ। ਜਦੋਂ ਕੁੱਤਾ ਬਣੇਗਾ, ਉਦੋਂ ਇਸਦੇ ਸਿਰ ਵਿੱਚ ਕੀੜੇ ਪੈਣਗੇ। ਜੋ ਵਿਅਕਤੀ ਇਨ੍ਹਾਂ ਦੇ ਸ਼ਰਾਪ ਤੋਂ ਮਰੇ ਸਨ ਉਨ੍ਹਾਂ ਦਾ ਪਾਪ ਇਨ੍ਹਾਂ ਨੂੰ ਭੋਗਣਾ ਪਵੇਗਾ, ਕੀੜੇ ਚੁਣ ਚੁਣ ਕੇ ਖਾਣਗੇ। ਇਸਲਈ ਗੀਤਾ ਵਿੱਚ ਅਜਿਹੇ ਸਾਧਕਾਂ ਦੇ ਬਾਰੇ ਵਿੱਚ ਜੋ ਦੱਸਿਆ ਹੈ, ਉਹ ਤੁਸੀ ਉਪਰ ਪੜ੍ਹ ਲਿਆ।

## ❖ ਉਪਰੋਕਤ ਕਥਾਵਾਂ ਤੋਂ ਸਾਰਅੰਸ਼:-

1. ਬ੍ਰਹਮ ਸਾਧਨਾ ਅਨੁਤਮਾਮ (ਘਟੀਆ) ਹੈ।

2. ਤਿੰਨ ਤਾਪ ਨੂੰ ਸ਼੍ਰੀ ਕ੍ਰਿਸ਼ਨ ਜੀ ਵੀ ਖਤਮ ਨਹੀਂ ਕਰ ਸਕੇ। ਸ਼ਰਾਪ ਦੇਣਾ ਤਿੰਨ ਤਾਪ (ਦੇਵਿਕ ਤਾਪ) ਵਿੱਚ ਮੰਨਿਆ ਜਾਂਦਾ ਹੈ। ਦੁਰਵਾਸਾ ਦੇ ਸ਼ਰਾਪ ਦਾ ਸ਼ਿਕਾਰ ਖੁਦ ਸ਼੍ਰੀ ਕ੍ਰਿਸ਼ਨ ਸਮੇਤ ਸਾਰੇ ਯਾਦਵ ਵੀ ਹੋ ਗਏ।

3. ਸ਼੍ਰੀ ਕ੍ਰਿਸ਼ਨ ਨੇ ਸ਼ਰਾਪ ਮੁਕਤ ਹੋਣ ਲਈ ਯਮੁਨਾ ਨਦੀ ਵਿੱਚ ਨਹਾਉਣ ਲਈ ਕਿਹਾ, ਇਹ ਸਮਾਧਾਨ ਦੱਸਿਆ। ਉਸਤੋਂ ਸ਼ਰਾਪ ਨਾਸ਼ ਤਾਂ ਨਹੀਂ ਹੋਇਆ, ਯਾਦਵਾਂ ਦਾ ਨਾਸ਼ ਜਰੂਰ ਹੋ ਗਿਆ। ਵਿਚਾਰ ਕਰੋ:- ਜਿਹੜੇ ਹੋਰ ਸੰਤ ਜਾਂ ਬ੍ਰਾਹਮਣ ਜੋ ਅਜਿਹੇ ਇਸ਼ਨਾਨ ਜਾਂ ਤੀਰਥ ਕਰਨ ਤੋਂ ਸੰਕਟ ਮੁਕਤ ਕਰਾਉਣ ਦੀ ਸਲਾਹ ਦਿੰਦੇ ਹਨ, ਉਹੋ ਕਿੰਨੇ ਕੁ ਕਾਰਗਰ ਹਨ? ਅਰਥਾਤ ਵਿਅਰਥ ਹਨ ਕਿਉਂਕਿ ਜਦੋਂ ਭਗਵਾਨ ਤ੍ਰਿਲੋਕੀ ਨਾਥ ਦੁਆਰਾ ਦੱਸੇ ਸਮਾਧਾਨ ਯਮੁਨਾ ਇਸ਼ਨਾਨ ਤੋਂ ਕੁੱਝ ਲਾਭ ਨਹੀਂ ਹੋਇਆ ਤਾਂ ਹੋਰ ਟੁੱਟਪੁੰਜੀਏ, ਬ੍ਰਾਹਮਣਾਂ ਅਤੇ ਗੁਰੂਆਂ ਦੁਆਰਾ ਦੱਸਿਆ ਇਸ਼ਨਾਨ ਆਦਿ ਸਮਾਧਾਨ ਤੋਂ ਕੁੱਝ ਹੋਣ ਵਾਲਾ ਨਹੀਂ ਹੈ।

4. ਪਹਿਲੇ ਸ਼੍ਰੀ ਕ੍ਰਿਸ਼ਨ ਨੇ ਜੀ ਦੁਰਵਾਸਾ ਦੇ ਸ਼ਰਾਪ ਤੋਂ ਬਚਾਅ ਦਾ ਤਰੀਕਾ ਦੱਸਿਆ ਸੀ। ਉਸ ਕੜਾਹੀ ਨੂੰ ਘਸਾਕੇ ਚੂਰਨ ਬਣਾਕੇ ਪਰਭਾਸ ਦੇ ਖੇਤਰ ਵਿੱਚ ਯਮੁਨਾ ਨਦੀ ਵਿੱਚ ਪਾ ਦਿਓ। ਨਾ ਰਹੇਗਾ ਬਾਂਸ ਨਾ ਵਜੇਗੀ ਬੰਸਰੀ, ਬਾਂਸ ਵੀ ਰਹਿ ਗਿਆ, ਅਤੇ 56 ਕਰੋੜ ਯਾਦਵਾ ਦੀ ਬੰਸਰੀ ਵੀ ਵਜ ਗਈ।

ਸੱਜਣੋ! ਵਰਤਮਾਨ ਮਾਨਵ ਬੁੱਧੀਮਾਨ ਹੈ, ਪੜ੍ਹਿਆ ਲਿਖਿਆ ਹੈ। ਮੇਰੇ ਦੁਆਰਾ (ਸੰਤ ਰਾਮਪਾਲ ਜੀ) ਦੱਸਿਆ ਗਿਆਨ ਸ਼ਾਸਤਰਾਂ ਨਾਲ ਮਿਲਾਉ, ਫਿਰ ਭਗਤੀ ਕਰਕੇ ਦੇਖੋ, ਕੀ ਕਮਾਲ ਹੁੰਦਾ ਹੈ।

❖ ਪ੍ਰਸੰਗ ਅੱਗੇ ਚਲਾਉਂਦੇ ਹਾਂ।

1. ਤਿੰਨਾ ਗੁਣਾਂ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਣੂ ਅਤੇ ਤਮਗੁਣ ਸ਼ਿਵਜੀ) ਦੀ ਭਗਤੀ ਕਰਨਾ ਵਿਅਰਥ ਸਿੱਧ ਹੋਇਆ।

2. ਗੀਤਾ ਗਿਆਨ ਦਾਤਾ ਨੇ ਆਪ ਹੀ ਗੀਤਾ ਅਧਿਆਇ 7 ਸ਼ਲੋਕ 18 ਵਿੱਚ ਬ੍ਰਹਮਾ ਦੀ ਭਗਤੀ ਘਟੀਆ ਦੱਸੀ ਹੈ। ਉਸਨੇ ਗੀਤਾ ਅਧਿਆਇ 18 ਸ਼ਲੋਕ 62 ਵਿੱਚ ਉਸ ਪਰਮੇਸ਼ਵਰ ਅਰਥਾਤ ਪਰਮ ਅਕਸ਼ਰ ਬ੍ਰਹਮ ਦੀ ਸ਼ਰਣ ਵਿੱਚ ਜਾਣ ਲਈ ਕਿਹਾ ਹੈ। ਇਹ ਵੀ ਕਿਹਾ ਹੈ ਕਿ ਉਸ ਪਰਮੇਸ਼ਵਰ ਦੀ ਹੀ ਸ਼ਰਣ ਵਿੱਚ ਜਾਣ ਤੋਂ ਬਾਅਦ ਤੂੰ ਪਰਮ ਸ਼ਾਂਤੀ ਅਤੇ ਸਨਾਤਨ ਪਰਮ ਧਾਮ ਨੂੰ ਪ੍ਰਾਪਤ ਹੋਵੇਗਾ।

3. ਗੀਤਾ ਅਧਿਆਇ 15 ਸ਼ਲੋਕ 1 ਤੋਂ 4 ਵਿੱਚ ਸੰਸਾਰ ਰੂਪੀ ਬ੍ਰਿਖ ਦਾ ਵਰਨਣ ਹੈ ਅਤੇ ਤੱਤਵਦਰਸ਼ੀ ਸੰਤ ਦੀ ਪਹਿਚਾਣ ਵੀ ਦੱਸੀ ਹੈ। ਸੰਸਾਰ ਰੂਪੀ ਬ੍ਰਿਖ ਦੇ ਸਾਰੇ ਹਿੱਸੇ, ਜੜ੍ਹਾਂ

(ਮੂਲ) ਪਰਮੇਸ਼ਵਰ ਕੌਣ ਹੈ? ਤਣਾ ਕੌਣ ਪ੍ਰਭੂ ਹੈ, ਟਾਹਣੀ ਕੌਣ ਪ੍ਰਭੂ ਹੈ, ਸ਼ਾਖਾਵਾਂ ਕੌਣ-ਕੌਣ ਦੇਵਤਾ ਹਨ? ਪਾਤ ਰੂਪ ਸੰਸਾਰ ਦੱਸਿਆ ਹੈ।

ਇਸ ਅਧਿਆਇ 15 ਸ਼ਲੋਕ 16 ਵਿੱਚ ਸਪਸ਼ਟ ਕੀਤਾ ਹੈ ਕਿ:-

1. ਸ਼ਰ ਪੁਰਸ਼ (ਇਹ 21 ਬ੍ਰਹਿਮੰਡ ਦਾ ਪ੍ਰਭੂ ਹੈ):- ਇਸਨੂੰ ਬ੍ਰਹਮ, ਕਾਲ ਬ੍ਰਹਮ ਅਤੇ ਜੋਤੀ ਨਿਰੰਜਨ ਵੀ ਕਿਹਾ ਜਾਂਦਾ ਹੈ। ਇਹ ਨਾਸ਼ਵਾਨ ਹੈ। ਅਸੀਂ ਇਸਦੇ ਲੋਕ ਵਿੱਚ ਰਹਿ ਰਹੇ ਹਾਂ। ਅਸੀਂ ਇਸ ਲੋਕ ਤੋਂ ਮੁਕਤ ਹੋਣਾ ਹੈ ਅਤੇ ਆਪਣੇ ਪਰਮਾਤਮਾ ਕਬੀਰ ਜੀ ਕੋਲ, ਸਤਲੋਕ ਜਾਣਾ ਹੈ।

2. ਅਕਸ਼ਰ ਪੁਰਸ਼:- ਇਹ 7 ਸੰਖ ਬ੍ਰਹਿਮੰਡ ਦਾ ਪ੍ਰਭੂ ਹੈ, ਇਹ ਵੀ ਨਾਸ਼ਵਾਨ ਹੈ। ਅਸੀਂ ਇਸਦੇ 7 ਸੰਖ ਬ੍ਰਹਿਮੰਡ ਦੇ ਖੇਤਰ ਨੂੰ ਪਾਰ ਕਰਕੇ ਸਤਲੋਕ ਜਾਣਾ ਹੈ। ਇਸ ਕਰਕੇ ਸਾਨੂੰ ਇਸਦਾ ਟੋਲ-ਟੈਕਸ ਦੇਣਾ ਪੈਂਦਾ ਹੈ। ਬਸ ਇਸ (ਅਕਸ਼ਰ ਪੁਰਸ਼) ਨਾਲ ਸਾਡਾ ਏਨਾ ਹੀ ਕੰਮ ਹੈ।

❖ ਗੀਤਾ ਅਧਿਆਇ 15 ਸ਼ਲੋਕ 17 ਵਿੱਚ ਕਿਹਾ ਹੈ ਕਿ :-

ਉੱਤਮ: ਪੁਰਸ਼: ਤੂੰ ਅਨਯ: ਪਰਮਾਤਮਾ ਇਤ ਉਦਾਰਤ:।
ਯ: ਲੋਕ ਤੱਰਾਯੰਮ ਅਵਿਸ਼ਯਾ ਵਿਭਰਤੀ ਅਵਵਯਾ: ਈਸ਼ਵਰ:॥

ਸਰਲਅਰਥ:- ਗੀਤਾ ਅਧਿਆਇ 15 ਸ਼ਲੋਕ 16 ਵਿੱਚ ਕਿਹਾ ਦੋ ਪੁਰਸ਼, ਇੱਕ ਸ਼ਰ ਪੁਰਸ਼ ਅਤੇ ਦੂਜਾ ਅਕਸ਼ਰ ਪੁਰਸ਼ ਹੈ। ਇਹਨਾਂ ਦੋਵਾਂ ਤੋਂ ਉੱਪਰ ਹੈ ਉੱਤਮ ਪੁਰਸ਼ ਅਰਥਾਤ ਪੁਰਸ਼ੋਤਮ, ਉਸਨੂੰ ਹੀ ਪਰਮਾਤਮਾ ਕਹਿੰਦੇ ਹਨ ਜੋ ਤਿੰਨਾਂ ਲੋਕਾਂ ਵਿੱਚ ਜਾਕੇ ਸਭ ਦਾ ਪਾਲਣ-ਪੋਸ਼ਣ ਕਰਦਾ ਹੈ। ਇਹ ਵਾਸਤਵ ਵਿੱਚ ਅਵਿਨਾਸ਼ੀ ਪਰਮੇਸ਼ਵਰ ਹੈ। (ਗੀਤਾ ਅਧਿਆਇ 15 ਸ਼ਲੋਕ 17) ਗੀਤਾ ਅਧਿਆਇ 3 ਸ਼ਲੋਕ 14, 15 ਵਿੱਚ ਸਪਸ਼ਟ ਕੀਤਾ ਹੈ ਕਿ ਸਰਵਗਤਮ ਬ੍ਰਹਮ ਅਰਥਾਤ ਸਰਵਵਿਆਪੀ ਪਰਮਾਤਮਾ, ਜੋ ਸੱਚਿਦਾਨੰਦ ਘਨ ਬ੍ਰਹਮ ਹੈ, ਉਸਨੂੰ ਵਾਸੂਦੇਵ ਵੀ ਕਹਿੰਦੇ ਹਨ ਜਿਸਦੇ ਬਾਰੇ ਵਿੱਚ ਗੀਤਾ ਅਧਿਆਇ 7 ਸ਼ਲੋਕ 19 ਵਿੱਚ ਕਿਹਾ ਹੈ। ਉਹੀ ਸਦਾ ਯੱਗਾਂ ਅਰਥਾਤ ਧਰਮਿਕ ਅਨੁਸ਼ਠਾਨਾਂ ਵਿੱਚ ਪ੍ਰਤਿਸ਼ਠਿਤ ਹੈ ਅਰਥਾਤ ਇਸ਼ਟ ਰੂਪ ਵਿੱਚ ਪੂਜਯ ਹੈ।

ਸੂਕਸ਼ਮਵੇਦ ਦੀ ਬਾਣੀ ਵਿੱਚ ਜੋ ਪਰਮੇਸ਼ਵਰ ਕਬੀਰ ਬੰਦੀ ਛੋੜ ਜੀ ਨੇ ਸੰਤ ਗਰੀਬ ਦਾਸ ਜੀ (ਪਿੰਡ- ਛੁਡਾਨੀ, ਜ਼ਿਲਾ- ਝੱਜਰ, ਹਰਿਆਣਾ ਪ੍ਰਾਂਤ) ਨੂੰ ਤੱਤਵਗਿਆਨ ਦਿੱਤਾ ਸੀ:-

ਆਪਣੇ ਮਨ ਤੂੰ ਚੱਲ ਰੇ ਸੁੱਖ ਕੇ ਸਾਗਰ, ਜਹਾ ਸ਼ਬਦ ਸਿੰਧੁ ਰਤਨਾਗਰ। (ਟੇਕ)
ਕੋਟਿ ਜਨਮ ਤੋਹੇ ਮਰਤਾਂ ਹੋਗੇ, ਕੁੱਛ ਨਹੀਂ ਹਾਥ ਲਗਾ ਰੇ।
ਕੁਕਰ ਸੁਕਰ ਖਰ ਭਯਾ ਬੋਰੇ, ਕੋਆ ਹੰਸ ਬੁਗਾ ਰੇ॥(1)
ਕੋਟਿ ਜਨਮ ਤੂੰ ਰਾਜਾ ਕੀਨ੍ਹਾਂ, ਮਿਟਿ ਨਾ ਮਨ ਕੀ ਆਸ਼ਾ।
ਭਿਖਸ਼ੁਕ ਹੋਕਰ ਦਰ-ਦਰ ਹਾਂਡਿਯਾ, ਮਿਲਯਾ ਨਾ ਨਿਰਗੁਣ ਰਾਸਾ॥(2)
ਇੰਦਰ ਕੁਬੇਰ ਈਸ਼ ਕੀ ਪਦਵੀ ਬ੍ਰਹਮਾ, ਵਰੁਣ ਧਰਮਰਾਯਾ।
ਵਿਸ਼ਨੂੰ ਨਾਥ ਕੇ ਪੁਰ ਕੂ ਜਾਕਰ ਬਹੁਰ ਅਪੂਠਾ ਆਇਆ।(3)
ਅਸੰਖ ਜਨਮ ਤੋਹੇ ਮਰਤਿਆ ਹੋਗੇ, ਜੀਵਿਤ ਕਿਉ ਨਾ ਮਰੇ ਰੇ।
ਦਵਾਦਸ ਮਧਯ ਮਹਲ ਮਠ ਬੋਰੇ, ਬਹੁਰ ਨਾ ਦੇਹ ਧਰੇ ਰੇ॥(4)
ਦੋਜ਼ਖ ਬਹਿਸ਼ਤ ਸਭੀ ਤੈਂ ਦੇਖੇ, ਰਾਜ-ਪਾਟ ਕੇ ਰਸਿਆ।
ਤੀਨ ਲੋਕ ਸੇ ਤ੍ਰਿਪਤ ਨਾਹੀਂ, ਯਹ ਮਨ ਭੋਗੀ ਖਸਿਆ॥(5)
ਸਤਿਗੁਰੂ ਮਿਲੇ ਤੋਂ ਇੱਛਾ ਮੇਟੈਂ, ਪਦ ਮਿਲ ਪਦੇ ਸਮਾਨਾ।

ਚਲ ਹੰਸਾ ਉਸ ਲੋਕ ਪਠਾਊ, ਜੋ ਆਦਿ ਅਮਰ ਅਸਥਾਨਾ॥(6)
ਚਾਰ ਮੁਕਤੀ ਜਹਾਂ ਚੰਪੀ ਕਰਤੀ, ਮਾਯਾ ਹੋ ਰਹੀ ਦਾਸੀ।
ਦਾਸ ਗਰੀਬ ਅਭਯ ਪਦ ਪਰਸੈ ਮਿਲੈ ਰਾਮ ਅਵਿਨਾਸ਼ੀ॥(7)

ਸੂਖਸ਼ਮ ਵੇਦ ਦੀ ਬਾਣੀ ਦਾ ਸਰਲ ਅਰਥ:-

ਆਤਮਾ ਸਾਥੀ ਮਨ ਨੂੰ ਅਮਰ ਲੋਕ ਦੇ ਸੁੱਖ ਅਤੇ ਇਸ ਕਾਲ ਬ੍ਰਹਮ ਦੇ ਲੋਕ ਦੇ ਦੁੱਖ ਨੂੰ ਦੱਸ ਕੇ ਸੁੱਖ ਦੇ ਸਾਗਰ ਰੂਪੀ ਅਮਰ ਲੋਕ (ਸਤਲੋਕ) ਵਿੱਚ ਚੱਲਣ ਦੇ ਲਈ ਪ੍ਰੇਰਿਤ ਕਰ ਰਹੀ ਹੈ। ਕਾਲ (ਬ੍ਰਹਮ) ਦੇ ਲੋਕ (21 ਬ੍ਰਹਮੰਡ) ਵਿੱਚ ਰਹਿਣ ਵਾਲੇ ਜੀਵ ਨੂੰ ਕੀ ਕੀ ਦੁੱਖ ਹੁੰਦੇ ਹਨ, ਪਹਿਲਾ ਇਹ ਜਾਣਕਾਰੀ ਦੱਸਦੀ ਹੈ। ਕਿਹਾ ਹੈ ਕਿ :-

ਕਾਲ (ਬ੍ਰਹਮ) ਦੇ ਲੋਕ ਦਾ ਅਟੱਲ ਵਿਧਾਨ ਹੈ ਕਿ ਜੋ ਜਨਮ ਲੈਂਦਾ ਹੈ। ਉਸ ਦੀ ਮੌਤ ਨਿਸ਼ਚਿਤ ਹੈ ਅਤੇ ਜੋ ਮਰ ਜਾਂਦਾ ਹੈ ਉਸ ਦਾ ਜਨਮ ਨਿਸ਼ਚਿਤ ਹੈ।

ਪ੍ਰਮਾਣ ਗੀਤਾ ਜੀ ਵਿੱਚ ਦੇਖੋ :-

ਸ਼੍ਰੀਮਦ ਭਾਗਵਤ ਗੀਤਾ ਅਧਿਆਇ 2 ਸਲੋਕ 22 ਵਿੱਚ ਇਸ ਤਰ੍ਹਾਂ ਕਿਹਾ ਹੈ:-

❖ ਜਿਸ ਤਰ੍ਹਾਂ ਮਨੁੱਖ ਆਪਣੇ ਪੁਰਾਣੇ ਕੱਪੜੇ ਛੱਡ ਕੇ ਨਵੇਂ ਕੱਪੜੇ ਗ੍ਰਹਿਣ ਕਰਦਾ ਹੈ। ਉਸੇ ਤਰ੍ਹਾਂ ਜੀਵ ਆਤਮਾ ਪੁਰਾਣੇ ਸਰੀਰ ਨੂੰ ਤਿਆਗ ਕੇ ਦੂਜੇ ਨਵੇਂ ਸਰੀਰ ਨੂੰ ਪ੍ਰਾਪਤ ਕਰਦੀ ਹੈ।

❖ ਗੀਤਾ ਅਧਿਆਇ 2 ਸਲੋਕ 27:- ਕਿਉਂਕਿ ਜਨਮ ਹੋਏ ਦੀ ਮੌਤ ਨਿਸ਼ਚਿਤ ਹੈ ਅਤੇ ਮਰੇ ਹੋਏ ਦਾ ਜਨਮ ਨਿਸ਼ਚਿਤ ਹੈ। ਇਸ ਲਈ ਬਿਨ੍ਹਾ ਉਪਚਾਰ ਵਾਲੇ ਵਿਸ਼ਾ ਵਿੱਚ ਤੂੰ ਸ਼ੋਕ ਕਰਨ ਦੇ ਯੋਗ ਨਹੀਂ ਹੈ।

ਸ਼੍ਰੀਮਦ ਭਾਗਵਤ ਗੀਤਾ ਸ਼ਾਸਤਰ ਵਿੱਚ ਸਪੱਸ਼ਟ ਹੋਇਆ ਕਿ ਕਾਲ (ਬ੍ਰਹਮ) ਦੇ ਲੋਕ ਦਾ ਅਟੱਲ ਨਿਯਮ ਹੈ ਕਿ ਜਨਮ ਅਤੇ ਮੌਤ ਸਦਾ ਬਣੇ ਰਹਿਣਗੇ। ਜਿਵੇਂ ਗੀਤਾ ਅਧਿਆਇ 2 ਸਲੋਕ 12 ਵਿੱਚ ਵੀ ਕਿਹਾ ਹੈ ਕਿ:- ਹੇ ਅਰਜੁਨ! ਤੂੰ, ਮੈਂ (ਗੀਤਾ ਗਿਆਨ ਦਾਤਾ) ਅਤੇ ਇਹ ਸਾਰੇ ਰਾਜਾ ਲੋਕ ਪਹਿਲਾਂ ਵੀ ਜਨਮੇ ਹੈ ਇਹ ਅੱਗੇ ਵੀ ਜਨਮ ਲੈਣਗੇ।

❖ ਗੀਤਾ ਅਧਿਆਇ 4 ਸ਼ਲੋਕ 5 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਹੇ ਅਰਜੁਨ! ਤੇਰੇ ਅਤੇ ਮੇਰੇ ਬਹੁਤ ਜਨਮ ਹੋ ਚੁੱਕੇ ਹਨ, ਉਨ੍ਹਾਂ ਸਾਰਿਆਂ ਨੂੰ ਤੂੰ ਨਹੀਂ ਜਾਣਦਾ ਮੈਂ ਜਾਣਦਾ ਹਾਂ।

❖ ਗੀਤਾ ਅਧਿਆਇ 10 ਸ਼ਲੋਕ 2 ਵਿੱਚ ਗੀਤਾ ਗਿਆਨ ਦਾਤਾ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਮੇਰੀ ਉਤਪੱਤੀ (ਪੈਦਾ ਹੋਣ) ਨੂੰ ਨਾ ਤਾਂ ਰਿਸ਼ੀ ਲੋਕ ਜਾਣਦੇ ਹਨ, ਨਾ ਦੇਵਤਾ ਜਾਣਦੇ ਹਨ ਕਿਉਂਕਿ ਇਹ ਸਾਰੇ ਮੇਰੇ ਤੋਂ ਪੈਦਾ ਹੋਏ ਹਨ।

ਇਸ ਲਈ ਗੀਤਾ ਅਧਿਆਇ 8 ਸ਼ਲੋਕ 15 ਵਿੱਚ ਕਿਹਾ ਹੈ ਕਿ:-

ਮਾਮ ਉਪੇਤਯ ਪੁਨਰਜਨਮਹ ਦੁਖਾਲਯਮ ਅਸ਼ਾਸ਼ਤਮ।
ਨ ਅਪਨੁਵੰਤਿ ਮਹਾਤਮਾਨਹ ਸੰਸਿਦਧਿਮ ਪਰਮਾਮ ਗਤਾ॥

ਅਨੁਵਾਦ:- ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ (ਮਾਮ) ਮੈਨੂੰ ਪ੍ਰਾਪਤ ਹੋ ਕੇ ਤਾਂ (ਦੁਖਾਲਯਮ ਅਸ਼ਾਸ਼ਵਤਮ) ਦੁੱਖਾਂ ਦੇ ਘਰ ਤੇ ਨਾਸ਼ਵਾਨ ਸੰਸਾਰ ਵਿੱਚ (ਪੁਨਰਜਨਮਹ) ਪੁਨਰ ਜਨਮ ਹੈ। ਜਿਹੜੇ (ਮਹਾਤਮਾਨਹ) ਮਹਾਤਮਾ (ਸੰਸਿਧਿਮ ਪਰਮਾਮ) ਪਰਮ ਸਿੱਧੀ ਨੂੰ (ਗਤਾ) ਪ੍ਰਾਪਤ ਹੋ ਗਏ ਹਨ, (ਨ ਅਪਨੁਵੰਤਿ) ਪੁਨਰਜਨਮ ਨੂੰ ਪ੍ਰਾਪਤ ਨਹੀਂ ਹੁੰਦੇ।

ਵਿਸ਼ੇਸ਼:- ਪਾਠਕਾਂ ਨੂੰ ਬੇਨਤੀ ਹੈ ਕਿ ਮੇਰੇ (ਲੇਖਕ ਸੰਤ ਰਾਮਪਾਲ ਦਾਸ) ਤੋਂ ਪਹਿਲਾ ਸਭ ਅਨੁਵਾਦ ਕਰਤਾਵਾਂ ਨੇ ਗਲਤ ਅਨੁਵਾਦ ਕੀਤਾ ਹੈ। ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਮੈਨੂੰ ਪ੍ਰਾਪਤ ਹੋ ਕੇ ਪੁਨਰ ਜਨਮ ਨੂੰ ਪ੍ਰਾਪਤ ਨਹੀਂ ਹੁੰਦੇ।

ਵਿਚਾਰ ਕਰੋ:- ਪਹਿਲਾਂ ਲਿਖੇ ਬਹੁਤ ਸਾਰੇ ਗੀਤਾ ਦੇ ਸ਼ਲੋਕਾਂ ਵਿੱਚ ਆਪ ਜੀ ਨੇ ਪੜ੍ਹਿਆ ਕਿ ਗੀਤਾ ਗਿਆਨ ਦਾਤਾ ਨੇ ਖੁਦ ਕਿਹਾ ਹੈ ਕਿ ਮੇਰੇ ਤੇ ਤੇਰੇ ਬਹੁਤ ਜਨਮ ਹੋ ਚੁਕੇ ਹਨ। ਫੇਰ ਵੀ ਇਸ ਸ਼ਲੋਕ ਦਾ ਇਹ ਅਰਥ ਕਰਨਾ ਕਿ ਮੈਨੂੰ ਪ੍ਰਾਪਤ ਮਹਾਤਮਾ ਦਾ ਪੁਨਰ ਜਨਮ ਨਹੀਂ ਹੁੰਦਾ, ਗੀਤਾ ਦੀ ਹਕੀਕਤ (ਸ਼ੁੱਧਤਾ) ਦੇ ਨਾਲ ਗੜਬੜੀ ਕਰਨਾ ਅਤੇ ਅਰਥਾਂ ਦਾ ਅਨਰਥ ਕਰਨਾ ਹੀ ਹੈ।

❖ ਫਿਰ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 18 ਸ਼ਲੋਕ 62 ਵਿੱਚ ਅਤੇ ਗੀਤਾ ਅਧਿਆਇ 15 ਸ਼ਲੋਕ 4 ਵਿੱਚ ਕਿਹਾ ਹੈ ਕਿ:-

ਗੀਤਾ ਅਧਿਆਇ 18 ਸ਼ਲੋਕ 62:- ਹੇ ਭਾਰਤ! ਤੂੰ ਸਰਵ ਭਾਵ ਨਾਲ ਉਸ ਪਰਮੇਸ਼ਰ ਦੀ ਸ਼ਰਨ ਵਿੱਚ ਜਾ ਉਸ ਪਰਮੇਸ਼ਵਰ ਦੀ ਕਿਰਪਾ ਨਾਲ ਤੂੰ ਪੂਰਨ ਸ਼ਾਂਤੀ ਅਤੇ ਸਨਾਤਨ ਪਰਮ ਧਾਮ (ਸਤਲੋਕ) ਨੂੰ ਪ੍ਰਾਪਤ ਹੋਵੇਗਾ।

ਗੀਤਾ ਅਧਿਆਇ 15 ਸ਼ਲੋਕ 4:- ਤੱਤਵ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਪਰਮੇਸ਼ਵਰ ਦੇ ਉਸ ਪਰਮ ਪਦ (ਸਰਵਉਚ ਸਥਾਨ) ਦੀ ਖੋਜ ਕਰਨੀ ਚਾਹੀਦੀ ਹੈ। ਜਿੱਥੇ ਜਾਣ ਤੋਂ ਬਾਅਦ ਭਗਤ (ਸਾਧਕ) ਮੁੜ ਸੰਸਾਰ ਵਿੱਚ ਕਦੇ ਨਹੀਂ ਆਉਂਦੇ ਭਾਵ ਉਨ੍ਹਾਂ ਦਾ ਕਦੇ ਪੁਨਰ (ਦੁਬਾਰਾ) ਜਨਮ ਨਹੀਂ ਹੁੰਦਾ। ਜਿਸ ਪਰਮੇਸ਼ਰ ਤੋਂ ਸੰਸਾਰ ਰੂਪੀ ਰੁੱਖ ਦੀ ਪ੍ਰਵਿਰਤੀ ਵਿਸਥਾਰ ਨੂੰ ਹੋਈ ਹੈ ਭਾਵ ਜਿਸ ਪਰਮੇਸ਼ਵਰ ਨੇ ਸਾਰੇ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ ਅਤੇ ਜਿਸ ਤੋਂ ਸਾਰੇ ਪ੍ਰਾਣੀ ਪੈਦਾ ਹੋਏ ਹਨ, ਓਸੇ ਆਦਿਨਰਾਇਣ ਦੀ (ਪ੍ਰਪਧਤੇ) ਭਗਤੀ ਕਰੋ। ਇਹੀ ਪਰਮਾਣ ਗੀਤਾ ਅਧਿਆਇ 18 ਸ਼ਲੋਕ 46 ਵਿੱਚ ਵੀ ਹੈ:-

ਗੀਤਾ ਅਧਿਆਇ 18 ਸ਼ਲੋਕ 46:- ਗੀਤਾ ਗਿਆਨ ਦਾਤਾ ਨੇ ਦੱਸਿਆ ਹੈ ਕਿ ਜਿਸ ਪਰਮੇਸ਼ਵਰ ਤੋਂ ਸਾਰੇ ਪ੍ਰਾਣੀਆਂ ਦੀ ਉਤਪਤੀ (ਪੈਦਾ) ਹੋਈ ਹੈ ਅਤੇ ਜਿਸ ਨਾਲ ਇਹ ਸਾਰਾ ਜਗਤ ਵਿਆਪਕ ਹੈ। ਭਾਵ ਜਿਸ ਦੀ ਸ਼ਕਤੀ ਨਾਲ ਪੈਦਾ ਹੋ ਕੇ ਸਥਿਤ ਹਨ। ਉਸ ਪਰਮੇਸ਼ਵਰ ਦੀ ਆਪਣੇ ਸੁਭਾਵਿਕ ਕਰਮਾਂ ਨਾਲ ਭਾਵ ਆਪਣੇ ਸੰਸਾਰਿਕ ਕੰਮ ਕਰਦੇ ਹੋਏ ਪੂਜਾ ਕਰਕੇ ਮਨੁੱਖ ਪਰਮ ਸਿੱਧੀ ਨੂੰ ਪ੍ਰਾਪਤ ਹੋ ਜਾਂਦਾ ਹੈ।

❖ ਗੀਤਾ ਅਧਿਆਇ 15 ਸ਼ਲੋਕ 16,17 ਵਿੱਚ ਵਿਸ਼ੇਸ਼ ਗਿਆਨ ਕਿਹਾ ਗਿਆ ਹੈ:-

ਗੀਤਾ ਅਧਿਆਇ 15 ਸਲੋਕ 16:- ਇਸ ਸੰਸਾਰ ਵਿੱਚ ਦੋ ਪੁਰਸ਼ ਮਤਲਬ ਪ੍ਰਭੂ ਹਨ। 1. ਸ਼ਰ ਪੁਰਸ਼, 2. ਅਕਸ਼ਰ ਪੁਰਸ਼। ਇਹ ਦੋਵੇਂ ਅਤੇ ਇਹਨਾ ਦੇ ਲੋਕ ਵਿੱਚ ਰਹਿਣ ਵਾਲੇ ਸਾਰੇ ਪ੍ਰਾਣੀ ਨਾਸ਼ਵਾਨ ਹਨ। ਜੀਵਨ ਆਤਮਾ ਕਿਸੇ ਦੀ ਨਹੀਂ ਮਰਦੀ। ਗੀਤਾ ਅਧਿਆਇ 15 ਸਲੋਕ 17:- ਉੱਤਮ ਪੁਰਸ਼ ਅਰਥਾਤ ਪਰਸ਼ੋਤਮ ਜੋ ਸ਼ਰੇਸ਼ਠ ਪ੍ਰਭੂ ਹੈ, ਉਹ ਉੱਪਰ ਕਹੇ (ਸਰ ਪੁਰਸ਼ ਅਤੇ ਅਕਸ਼ਰ ਪੁਰਸ਼) ਦੋਵਾਂ ਪੁਰਸ਼ਾ ਤੋਂ ਅਲੱਗ ਹੈ। ਉਸ ਨੂੰ ਹੀ ਪਰਮਾਤਮਾ ਕਿਹਾ ਜਾਂਦਾ ਹੈ। ਜੋ ਤਿੰਨਾਂ ਲੋਕਾਂ ਵਿੱਚ ਪ੍ਰਵੇਸ਼ ਕਰਕੇ ਸਭ ਦਾ ਪਾਲਣ ਪੋਸ਼ਣ ਕਰਦਾ ਹੈ, ਉਹ ਵਾਸਤਵ ਵਿੱਚ ਅਵਿਨਾਸ਼ੀ ਪ੍ਰਮੇਸ਼ਵਰ ਹੈ। ਗੀਤਾ ਅਧਿਆਇ 8 ਸ਼ਲੋਕ 1 ਵਿੱਚ ਅਰਜੁਨ ਨੇ ਪ੍ਰਸ਼ਨ ਕੀਤਾ ਕਿ ਆਪ ਜੀ ਨੇ ਜੋ ਗੀਤਾ ਅਧਿਆਇ 7 ਸ਼ਲੋਕ 29 ਵਿੱਚ "ਤੱਤ ਬ੍ਰਹਮ" ਕਿਹਾ ਹੈ, ਉਹ ਕੀ ਹੈ?

ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 8 ਸ਼ਲੋਕ 5 ਅਤੇ 7 ਵਿੱਚ ਆਪਣੀ ਭਗਤੀ ਕਰਨ ਲਈ ਕਿਹਾ ਹੈ। ਉਸ ਦਾ ਪਰਿਣਾਮ ਗੀਤਾ ਅਧਿਆਇ 2 ਸ਼ਲੋਕ 12,

ਅਧਿਆਇ 4 ਸ਼ਲੋਕ 5, ਅਧਿਆਇ 10 ਸ਼ਲੋਕ 2 ਵਿੱਚ ਦੱਸਿਆ ਕਿ ਅਰਜੁਨ! ਤੇਰੇ ਅਤੇ ਮੇਰੇ ਬਹੁਤ ਜਨਮ ਹੋ ਲਏ ਹਨ। ਇਸ ਤੋਂ ਸਿੱਧ ਹੋਇਆਂ ਹੈ ਕਿ ਗੀਤਾ ਗਿਆਨ ਦਾਤਾ ਦੀ ਭਗਤੀ ਕਰਨ ਨਾਲ ਜਨਮ-ਮਰਨ ਦਾ ਚੱਕਰ ਖਤਮ ਨਹੀਂ ਹੋ ਸਕਦਾ ।

ਫਿਰ ਗੀਤਾ ਅਧਿਆਇ 8 ਸਲੋਕ 8, 9, 10, ਵਿੱਚ ਗੀਤਾ ਗਿਆਨ ਦਾਤਾ ਨੇ ਆਪਣੇ ਤੋਂ ਅਲੱਗ ਪਰਮ ਅਕਸ਼ਰ ਬ੍ਰਹਮ ਦੀ ਭਗਤੀ ਕਰਨ ਲਈ ਕਿਹਾ ਹੈ, ਕਿ ਉਸ ਪਰਮ ਅਕਸ਼ਰ ਬ੍ਰਹਮ ਦੀ ਭਗਤੀ ਕਰਦਾ ਹੈ, ਉਹ ਉਸੀ ਮੇਰੇ ਤੋਂ ਅਲੱਗ ਦਿਵਅ ਪੁਰਸ਼ ਅਰਥਾਤ ਪਰਮ ਅਕਸ਼ਰ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ। ਉੱਪਰ ਤੁਸੀਂ ਪੜ੍ਹਿਆ ਹੈ ਕਿ ਉਸ ਪਰਮੇਸ਼ਵਰ ਦੀ ਭਗਤੀ ਕਰਨ ਨਾਲ ਪਰਮ ਸ਼ਾਤੀ ਨੂੰ ਪ੍ਰਾਪਤ ਹੁੰਦਾ ਹੈ ਅਤੇ ਸਨਾਤਨ ਪਰਮ ਧਾਮ (ਸ਼ਾਸ਼ਵਤ ਸਥਾਨ) ਨੂੰ ਪ੍ਰਾਪਤ ਹੁੰਦਾ ਹੈ ਜੋ ਅਵਿਨਾਸ਼ੀ ਰਾਮ ਹੈ, ਇੱਥੇ ਜਾਣ ਤੋਂ ਬਾਅਦ ਸਾਧਕ ਮੁੜ ਸੰਸਾਰ ਵਿੱਚ ਕਦੇ ਨਹੀਂ ਆਉਂਦਾ ਅਤੇ ਉਹਨਾਂ ਦਾ ਜਨਮ ਅਤੇ ਮਰਨ ਸਦਾ ਲਈ ਖਤਮ ਹੋ ਜਾਂਦਾ ਹੈ, ਉਹਨਾ ਦਾ ਪੁਨਰ ਜਨਮ ਕਦੇ ਵੀ ਨਹੀਂ ਹੁੰਦਾ।

❖ ਸੂਕਸ਼ਮ ਵੇਦ ਦੀ ਅਮ੍ਰਿਤਬਾਣੀ ਦਾ ਭਾਵ ਅਰਥ ਹੈ:-

ਬਾਣੀ ਦਾ ਸਰਲ ਅਰਥ:- ਆਤਮਾ ਅਤੇ ਮਨ ਨੂੰ ਪਾਤਰ ਬਣਾ ਕੇ ਸੰਤ ਗਰੀਬਦਾਸ ਜੀ ਨੇ ਸੰਸਾਰ ਦੇ ਲੋਕਾਂ ਨੂੰ ਸਮਝਾਇਆ ਹੈ। ਕਿਹਾ ਹੈ ਕਿ "ਇਹ ਸੰਸਾਰ ਦੁੱਖਾਂ ਦਾ ਘਰ ਹੈ। ਇਸ ਤੋਂ ਇਲਾਵਾ ਇੱਕ ਹੋਰ ਸੰਸਾਰ ਹੈ। ਜਿੱਥੇ ਕੋਈ ਦੁੱਖ ਨਹੀਂ ਹੈ। ਉਹ ਸਥਾਨ (ਸਨਾਤਨ ਪਰਮ ਧਾਮ = ਸਤਲੋਕ) ਅਤੇ ਉਸ ਸਥਾਨ ਦਾ ਪ੍ਰਭੂ (ਅਵਿਨਾਸੀ ਪ੍ਰਮੇਸ਼ਵਰ) ਸੁੱਖ ਦਾ ਸਾਗਰ ਹੈ।

ਸੁੱਖ ਸਾਗਰ ਅਤੇ ਅਮਰ ਲੋਕ ਦੀ ਪਰਿਭਾਸ਼ਾ ਦੱਸੀ ਹੈ:

ਸੰਖੋਂ ਲਹਰ ਮੇਹਰ ਕੀ ਉਪਜੈਂ, ਕਹਰ ਨਹੀਂ ਜਹਾਂ ਕੋਈ।
ਦਾਸ ਗਰੀਬ ਅਚੱਲ ਅਵਿਨਾਸੀ, ਸੁੱਖ ਕਾ ਸਾਗਰ ਸੋਈ॥

ਭਾਵ ਅਰਥ:- ਜਿਸ ਸਮੇ ਮੈਂ (ਲੇਖਕ) ਇਕੱਲਾ ਹੁੰਦਾ, ਤਾਂ ਕਦੀ ਕਦੀ ਅਜਿਹੀ ਹਿਲੋਰ ਅੰਦਰ ਤੋਂ ਉੱਠਦੀ ਹੈ, ਉਸ ਸਮੇ ਸਭ ਆਪਣੇ ਹੀ ਲੱਗਦੇ। ਭਾਂਵੇ ਕਿਸੀ ਨੇ ਮੈਨੂੰ ਕਿੰਨਾ ਵੀ ਦੁੱਖ ਦਿੱਤਾ ਹੋਵੇ, ਉਹਦੇ ਪ੍ਰਤੀ ਦੋਸ਼ ਭਾਵਨਾ ਨਹੀਂ ਰਹਿੰਦੀ। ਸਭ ਉੱਪਰ ਦਯਾ ਭਾਵ ਬਣਦਾ ਜਾਂਦਾ ਹੈ। ਇਹ ਸਥਿਤੀ ਸਿਰਫ ਕੁਝ ਮਿੰਟਾਂ ਤੱਕ ਰਹਿੰਦੀ ਹੈ। ਇਸ ਨੂੰ ਮੇਹਰ ਦੀ ਲਹਿਰ ਕਿਹਾ ਜਾਂਦਾ ਹੈ। ਸਤਲੋਕ ਭਾਵ ਸਨਾਤਨ ਧਾਮ ਵਿੱਚ ਜਾਣ ਤੋਂ ਬਾਅਦ ਹਰ ਇੱਕ ਪ੍ਰਾਣੀ ਨੂੰ ਇੰਨਾਂ ਹੀ ਆਨੰਦ ਆਉਂਦਾ ਹੈ। ਉਥੇ ਅਣਗਿਣਤ ਅਜਿਹੀਆਂ ਲਹਿਰਾਂ ਆਤਮਾ ਵਿੱਚ ਉੱਠਦੀਆਂ ਰਹਿੰਦੀਆਂ ਹਨ। ਜਦੋਂ ਉਹ ਲਹਿਰ ਮੇਰੀ ਆਤਮਾ ਤੋਂ ਹਟ ਜਾਂਦੀ ਹੈ, ਉਹੀ ਦੁਖਮਈ ਸਥਿਤੀ ਸ਼ੁਰੂ ਹੋ ਜਾਂਦੀ ਹੈ। ਉਸਨੇ ਅਜਿਹਾ ਕਿਉਂ ਕਿਹਾ? ਉਹ ਵਿਅਕਤੀ ਚੰਗਾ ਨਹੀਂ ਹੈ, ਉਹ ਨੁਕਸਾਨ ਹੋ ਗਿਆ, ਇਹ ਹੋ ਗਿਆ ਹੈ, ਉਹ ਹੋ ਗਿਆ ਹੈ। ਇਸ ਨੂੰ ਕੇਹਰ (ਦੁੱਖਾਂ) ਦੀ ਲਹਿਰ ਕਿਹਾ ਜਾਂਦਾ ਹੈ।

ਉਸ ਸਤਲੋਕ ਵਿੱਚ, ਮੇਹਰ (ਰਹਿਮ) ਦੀਆਂ ਅਣਗਿਣਤ ਲਹਿਰਾਂ ਉੱਠਦੀਆਂ ਹਨ, ਉਥੇ ਕੋਈ ਕਸ਼ਟ (ਭਿਆਨਕ ਦੁੱਖ) ਨਹੀਂ ਹੁੰਦਾ। ਵੈਸੇ ਤਾਂ ਸਤਲੋਕ ਵਿੱਚ ਕੋਈ ਦੁੱਖ ਨਹੀਂ ਹੈ। ਕਹਿਰ ਦਾ ਅਰਥ ਭਿਆਨਕ ਦੁੱਖ ਹੁੰਦਾ ਹੈ। ਜਿਵੇਂ ਇੱਕ ਪਿੰਡ ਵਿੱਚ ਆਪਸੀ ਰੰਜਿਸ਼ ਦੇ ਚਲਦਿਆਂ ਵਿਰੋਧੀਆਂ ਨੇ ਦੂਜੇ ਪਾਸੇ ਦੇ ਇੱਕ ਪਰਿਵਾਰ ਦੇ ਤਿੰਨ ਬੰਦੇਂ ਮਾਰ ਦਿੱਤੇ, ਕਿਤੇ ਭੂਚਾਲ ਕਾਰਨ ਹਜਾਰਾਂ ਲੋਕ ਮਰ ਜਾਂਦੇ ਹਨ, ਉਸਨੂੰ ਕਹਿੰਦੇ ਹਨ ਕਹਿਰ ਟੁੱਟ ਪਿਆ ਜਾਂ ਕਹਿਰ ਕਰ ਦਿੱਤਾ। ਉਪਰ ਲਿਖੀ ਬਾਣੀ ਵਿੱਚ ਸੁੱਖ ਸਾਗਰ ਦੀ ਪਰਿਭਾਸ਼ਾ ਸੰਖੇਪ ਵਿੱਚ ਦੱਸੀ ਹੈ। ਕਿਹਾ ਹੈ ਕਿ ਉਹ ਅਮਰ ਲੋਕ ਅਚਲ ਅਵਿਨਾਸ਼ੀ ਅਰਥਾਤ ਕਦੀ ਚੱਲਣਹਾਰ ਭਾਵ ਵਿਨਾਸ਼

ਨਹੀਂ ਹੁੰਦਾ ਅਤੇ ਉਥੇ ਰਹਿਣ ਵਾਲਾ ਪਰਮੇਸ਼ਵਰ ਅਵਿਨਾਸ਼ੀ ਹੈ। ਉਹ ਥਾਂ ਅਤੇ ਪਰਮੇਸ਼ਵਰ ਸੁੱਖ ਦਾ ਸਮੁੰਦਰ ਹੈ। ਜਿਵੇਂ ਇੱਕ ਸਮੁੰਦਰੀ ਜਹਾਜ਼ ਬੰਦਰਗਾਹ ਦੇ ਕਿਨਾਰੇ ਤੋਂ 100 ਜਾਂ 200 ਕਿਲੋਮੀਟਰ ਦੂਰ ਚਲਾ ਜਾਂਦਾ ਹੈ ਤਾਂ ਜਹਾਜ ਦੇ ਯਾਤਰੀਆਂ ਨੂੰ ਪਾਣੀ ਅਰਥਾਤ ਸਮੁੰਦਰ ਤੋਂ ਇਲਾਵਾ ਕੁੱਝ ਵੀ ਨਹੀਂ ਦਿੱਸਦਾ। ਸਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਸਤਲੋਕ ਵਿੱਚ ਸੁੱਖ ਦੇ ਇਲਾਵਾ ਕੁੱਝ ਵੀ ਨਹੀਂ ਹੈ ਭਾਵ ਉਥੇ ਕੋਈ ਦੁੱਖ ਨਹੀਂ ਹੈ।

ਹੁਣ ਪਹਿਲਾ ਦੀ ਲਿਖੀ ਬਾਣੀ ਦਾ ਭਾਵਅਰਥ ਕੀਤਾ ਜਾਂਦਾ ਹੈ:-

ਮਨ ਤੂ ਚਲ ਰੇ ਸੁੱਖ ਕੇ ਸਾਗਰ, ਜਹਾਂ ਸ਼ਬਦ ਸਿੰਧੁ ਰਤਨਾਗਰ॥( ਟੇਕ)
ਕੋਟਿ ਜਨਮ ਤੋਹੇ ਭਰਮਤ ਹੋਗੇ, ਕੁੱਛ ਨਹੀਂ ਹਾਥ ਲਗਾ ਰੇ।
ਕੂਕਰ ਸ਼ੂਕਰ ਖਰ ਭਯਾ ਬੋਰੇ, ਕਊਆ ਹੰਸ ਬੁੱਗਾ ਰੇ॥

ਪਰਮੇਸ਼ਵਰ ਕਬੀਰ ਜੀ ਨੇ ਆਪਣੀ ਚੰਗੀ ਆਤਮਾ ਸੰਤ ਗਰੀਬਦਾਸ ਜੀ ਨੂੰ ਸੂਖਸ਼ਮ ਵੇਦ ਸਮਝਾਇਆ, ਉਸਨੂੰ ਸੰਤ ਗਰੀਬਦਾਸ ਜੀ (ਪਿੰਡ- ਛੁਡਾਣੀ, ਜਿਲ੍ਹਾ- ਝੱਜਰ, ਹਰਿਆਣਾ ਪ੍ਰਾਂਤ) ਨੂੰ ਆਤਮਾ ਅਤੇ ਮਨ ਨੂੰ ਇੱਕ ਪਾਤਰ ਬਣਾਕੇ ਵਿਸ਼ਵ ਦੇ ਮਾਨਵ ਨੂੰ ਕਾਲ (ਬ੍ਰਹਮ) ਦੇ ਲੋਕ ਦਾ ਕਸ਼ਟ ਅਤੇ ਸਤਲੋਕ ਦਾ ਸੁੱਖ ਦੱਸਕੇ ਉਸ ਪਰਮਧਾਮ ਵਿੱਚ ਚੱਲਣ ਲਈ ਸੱਚੀ ਸਾਧਨਾ ਜੋ ਸ਼ਾਸਤਰ ਅਨੁਸਾਰ ਹੈ, ਕਰਨ ਦੀ ਪ੍ਰੇਰਣਾ ਕੀਤੀ ਹੈ। ਮਨ ਤੂ ਚਲ ਰੇ ਸੁੱਖ ਕੇ ਸਾਗਰ ਭਾਵ ਸਨਾਤਨ ਪਰਮ ਧਾਮ ਵਿੱਚ ਚੱਲ ਜਿੱਥੇ ਸ਼ਬਦ ਭਾਵ ਸ਼ਬਦ ਨਸ਼ਟ ਨਹੀਂ ਹੁੰਦਾ। ਇਸ ਲਈ ਸ਼ਬਦ ਦਾ ਅਰਥ ਅਵਿਨਾਸ਼ੀਪਣ ਤੋਂ ਹੈ ਕਿ ਉਹ ਸਥਾਨ ਅਮਰਤਵ ਦਾ ਸਿੰਧੂ ਭਾਵ ਸਾਗਰ ਹੈ ਅਤੇ ਮੋਕਸ਼ ਰੂਪੀ ਰਤਨਾਗਰ ਅਰਥਾਤ ਖਾਨ ਹੈ। ਇਸ ਲਈ ਬ੍ਰਹਮ ਦੇ ਲੋਕ ਵਿੱਚ ਆਪ ਜੀ ਨੇ ਭਗਤੀ ਵੀ ਕੀਤੀ। ਪ੍ਰੰਤੂ ਸ਼ਾਸਤਰ ਅਨੁਸਾਰ ਸਾਧਨਾ ਦੱਸਣ ਵਾਲੇ ਤੱਤਦਰਸ਼ੀ ਸੰਤ ਨਾ ਮਿਲਣ ਕਰਕੇ ਆਪ ਜੀ ਕਰੋੜਾਂ ਜਨਮਾਂ ਤੋਂ ਭਟਕ ਰਹੇ ਹੋ। ਕਰੋੜਾਂ- ਅਰਬਾਂ ਰੁਪਏ ਇਕੱਠੇ ਕਰਨ ਵਿੱਚ ਸਾਰਾ ਜੀਵਨ ਲਾ ਦਿੰਦੇ ਹੋ, ਫੇਰ ਮਰ ਜਾਂਦੇ ਹੋ। ਉਹ ਜੋੜਿਆ ਹੋਇਆ ਧੰਨ ਜੋ ਪਹਿਲਾ ਦੇ ਸੰਸਕਾਰਾਂ ਤੋਂ ਪ੍ਰਾਪਤ ਹੋਇਆ ਸੀ, ਉਸਨੂੰ ਛੱਡਕੇ ਸੰਸਾਰ ਤੋਂ ਚਲਾ ਗਿਆ। ਉਸ ਧੰਨ ਨੂੰ ਜੋੜਨ ਲਈ ਜੋ ਪਾਪ ਕੀਤੇ, ਉਹ ਆਪ ਜੀ ਦੇ ਨਾਲ ਗਏ। ਆਪ ਜੀ ਨੇ ਉਸ ਮਨੁੱਖ ਜੀਵਨ ਵਿੱਚ ਤੱਤਦਰਸ਼ੀ ਸੰਤ ਤੋਂ ਨਾਮ ਦੀਕਸ਼ਾ ਪ੍ਰਾਪਤ ਕਰਕੇ ਸਾਸ਼ਤਰ ਅਨੁਸਾਰ ਭਗਤੀ ਸਾਧਨਾ ਨਹੀਂ ਕੀਤੀ । ਜਿਸ ਕਰਕੇ ਤੁਹਾਡੇ ਹੱਥ ਕੁੱਝ ਨਾ ਆਇਆ। ਪਿਛਲੇ ਪੁੰਨ ਦੇ ਬਦਲੇ ਧੰਨ ਲੈ ਲਿਆ। ਉਹ ਧੰਨ ਏਥੇ ਹੀ ਰਹਿ ਗਿਆ, ਤੁਹਾਨੂੰ ਕੁਝ ਨਹੀਂ ਮਿਲਿਆ। ਤੁਹਾਨੂੰ ਮਿਲਿਆ ਧੰਨ ਇੱਕਠਾ ਕਰਨ ਅਤੇ ਸ਼ਾਸ਼ਤਰ ਅਨੁਸਾਰ ਭਗਤੀ ਨਾ ਕਰਨ ਦਾ ਪਾਪ।

ਜਿਸ ਕਰਕੇ ਤੁਸੀਂ ਕੂਕਰ = ਕੁੱਤਾ, ਖਰ = ਗਧਾ, ਸ਼ੂਕਰ = ਸੂਅਰ, ਕਾਂ, ਹੰਸ = ਜੋ ਕੇਵਲ ਸਰੋਵਰ ਵਿੱਚ ਮੋਤੀ ਖਾਂਦਾ ਹੈ, ਬੁਗਾ= ਬੁਗਲਾ ਪੰਛੀ ਆਦਿ-ਆਦਿ ਦੀਆਂ ਜੂਨੀਆਂ ਵਿੱਚ ਕਸ਼ਟ ਉਠਾਇਆ।

ਕੋਟਿ ਜਨਮ ਤੂੰ ਰਾਜਾ ਕੀਨ੍ਹਾ, ਮਿਟੀ ਨਾ ਮੰਨ ਕੀ ਆਸ਼ਾ।
ਭਿਖਸ਼ੁਕ ਹੋਕੇ ਦਰ - ਦਰ ਹਾਂਢਿਆ, ਮਿਲਾ ਨਾ ਨਿਰਗੁਣ ਰਾਸਾ।

ਸਰਲਾਰਥ:- ਹੇ ਮਾਨਵ! ਤੁਸੀ ਕਾਲ (ਬ੍ਰਹਮ) ਦੀ ਕਠਿਨ ਤੋਂ ਕਠਿਨ ਸਾਧਨਾ ਵੀ ਕੀਤੀ। ਘਰ ਛੱਡ ਕੇ ਜੰਗਲ ਵਿੱਚ ਨਿਵਾਸ ਕੀਤਾ, ਫਿਰ ਪਿੰਡ ਤੇ ਨਗਰ ਵਿੱਚ ਘਰ - ਘਰ ਦੇ ਦਰਵਾਜੇ ਤੇ ਧੱਕੇ ਖਾਧੇ ਅਰਥਾਤ ਘੁੰਮਿਆ। ਭਿਕਸ਼ਾ ਪ੍ਰਾਪਤੀ ਲਈ ਜੰਗਲ ਵਿੱਚ ਸਾਧਨਾਲੀਨ ਸਾਧਕ ਨਜਦੀਕੀ ਪਿੰਡ ਜਾ ਸ਼ਹਿਰ ਜਾਂਦਾ ਹੈ। ਇੱਕ ਘਰ ਵਿੱਚੋਂ ਭੀਕਸ਼ਾ ਪੂਰੀ ਨਾ ਮਿਲੇ ਤਾਂ ਹੋਰ ਘਰਾਂ ਵਿੱਚੋਂ ਮੰਗ ਕੇ ਜੰਗਲ ਵਿੱਚ ਚਲਾ ਜਾਂਦਾ ਹੈ। ਕਦੇ - ਕਦੇ ਤਾਂ ਸਾਧਕ ਇੱਕ ਦਿਨ ਭਿੱਕਸ਼ਾ ਲਿਆਕੇ ਦੋ - ਤਿੰਨ ਦਿਨ ਉਸੇ ਨਾਲ ਨਿਰਵਾਹ ਕਰਦੇ ਹਨ। ਜਿਸ ਵਿੱਚ ਰੋਟੀਆਂ

ਬੰਨ੍ਹਦੇ ਹਨ ਉਹ ਪਤਲੇ ਕਪੜੇ ਦਾ ਹੁੰਦਾ ਹੈ ਅਤੇ ਉਸਨੂੰ ਛਾਲਨਾ ਕਹਿੰਦੇ ਹਨ। ਉਸ ਛਾਲਨੇ ਨੂੰ ਬੂਟੇ ਨਾਲ ਬੰਨ੍ਹ ਦਿੰਦੇ ਸੀ ਅਤੇ ਰੋਟੀਆਂ ਸੁੱਕ ਜਾਂਦੀਆਂ ਸੀ। ਸਾਧਕ ਉਹਨਾਂ ਰੋਟੀਆਂ ਨੂੰ ਪਾਣੀ ਵਿੱਚ ਭਿਉ ਕੇ ਨਰਮ ਕਰਕੇ ਖਾਂਦੇ ਸਨ। ਉਹ ਰੋਜ ਭਿਕਸ਼ਾ ਮੰਗਣ ਵਿੱਚ ਜੋ ਸਮਾਂ ਖਰਾਬ ਹੁੰਦਾ ਸੀ ਉਸ ਨੂੰ ਬਚਾ ਕੇ ਕਾਲ (ਬ੍ਰਹਮ) ਦੀ ਭਗਤੀ ਵਿੱਚ ਲਗਾਉਂਦੇ ਸਨ। ਭਾਵ ਹੈ ਕਿ ਜਨਮ-ਮਰਨ ਤੋਂ ਛੁਟਕਾਰਾ ਪਾਉਣ ਲਈ ਅਰਥਾਤ ਪੂਰਣ ਮੋਕਸ਼ ਪ੍ਰਾਪਤੀ ਲਈ ਵੇਦਾਂ ਵਿੱਚ ਵਰਣਿਤ ਵਿਧੀ ਅਤੇ ਲੋਕਵੇਦ ਨਾਲ ਘੋਰ ਤਪ ਕਰਦੇ ਸਨ। ਉਹਨਾ ਨੂੰ ਤੱਤਵਦਰਸ਼ੀ ਸੰਤ ਨਾ ਮਿਲਣ ਕਰਕੇ ਨਿਰਗੁਣ ਰਾਸਾ ਅਰਥਾਤ ਗੁਪਤ ਗਿਆਨ ਜਿਹਨੂੰ ਤੱਤਵ ਗਿਆਨ ਕਹਿੰਦੇ ਹਨ ਨਹੀਂ ਮਿਲਿਆ। ਕਿਉਂਕਿ ਯਜੁਰਵੇਦ ਅਧਿਆਇ 40 ਮੰਤਰ 10 ਵਿੱਚ ਅਤੇ ਚਾਰਾਂ ਵੇਦਾਂ ਦੇ ਸਾਰ ਅੰਸ਼ ਰੂਪ ਸ਼੍ਰੀਮਦ ਭਾਗਵਤ ਗੀਤਾ ਅਧਿਆਇ 4 ਸ਼ਲੋਕ 32 ਅਤੇ 34 ਵਿੱਚ ਕਿਹਾ ਹੈ। ਕਿ ਜੋ ਯੱਗਾਂ ਅਤੇ ਧਾਰਮਿਕ ਸਮਾਰੋਹ ਦਾ ਵਿਸਤਾਰ ਨਾਲ ਗਿਆਨ ਖ਼ੁੱਦ ਸਚਿਦਾਨੰਦ ਘਨ ਬ੍ਰਹਮ ਅਰਥਾਤ ਪਰਮ ਅਕਸ਼ਰ ਬ੍ਰਹਮ ਆਪਣੇ ਮੁੱਖ ਕਮਲ ਤੋਂ ਬੋਲ ਕੇ ਸੁਣਾਉਂਦਾ ਹੈ, ਉਹ ਤੱਤਗਿਆਨ ਅਰਥਾਤ ਸੂਕਸ਼ਮ ਵੇਦ ਹੈ। ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਉਸ ਤੱਤਗਿਆਨ ਨੂੰ ਤੂੰ ਤੱਤਗਿਆਨੀਆਂ ਦੇ ਕੋਲ ਜਾ ਕੇ ਸਮਝ, ਉਹਨਾਂ ਨੂੰ ਡੰਡਵਤ ਪ੍ਰਣਾਮ ਕਰਨ ਤੇ ਨਿਮਰਤਾ ਨਾਲ ਪ੍ਰਸ਼ਨ ਕਰਨ ਨਾਲ ਉਹ ਪਰਮਾਤਮ ਤੱਤ ਨੂੰ ਭਲੀ ਭਾਂਤੀ ਜਾਣਨ ਵਾਲੇ ਤੱਤਦਰਸ਼ੀ ਸੰਤ ਤੈਨੂੰ ਤੱਤਗਿਆਨ ਦਾ ਉਪਦੇਸ਼ ਕਰਣਗੇ। ਇਸ ਤੋਂ ਸਿੱਧ ਹੋਇਆ ਕਿ ਤੱਤਗਿਆਨ ਨਾ ਵੇਦਾਂ ਵਿੱਚ ਹੈ ਅਤੇ ਨਾ ਹੀ ਗੀਤਾ ਸ਼ਾਸਤਰ ਵਿੱਚ ਹੈ। ਜੇਕਰ ਹੁੰਦਾ ਤਾਂ ਇੱਕ ਅਧਿਆਇ ਹੋਰ ਬੋਲ ਦਿੰਦਾ। ਕਹਿ ਦਿੰਦਾ ਕਿ ਤੱਤਗਿਆਨ ਉਸ ਅਧਿਆਇ ਵਿੱਚ ਪੜ੍ਹੋ। ਸੰਤ ਗਰੀਬਦਾਸ ਜੀ ਨੇ ਮਨ ਦੇ ਬਹਾਨੇ ਮਨੁੱਖ ਦੇਹਧਾਰੀ ਜੀਵਾਂ ਨੂੰ ਸਮਝਾਇਆ ਹੈ ਕਿ ਉਹ ਨਿਰਗੁਣ ਰਾਸਾ ਅਰਥਾਤ ਤੱਤਗਿਆਨ ਨਾ ਮਿਲਣ ਦੇ ਕਾਰਨ ਕਾਲ ਬ੍ਰਹਮ ਦੀ ਸਾਧਨਾ ਕਰਕੇ ਆਪ ਜੀ ਕਰੋੜਾਂ ਜਨਮਾਂ ਵਿੱਚ ਰਾਜਾ ਬਣੇ। ਫਿਰ ਵੀ ਮਨ ਦੀ ਇੱਛਾ ਖ਼ੱਤਮ ਨਹੀਂ ਹੋਈ ਕਿਉਂਕਿ ਰਾਜਾ ਸੋਚਦਾ ਹੈ ਕਿ ਸਵਰਗ ਵਿੱਚ ਸੁੱਖ ਹੈ, ਇੱਥੇ ਰਾਜ ਵਿੱਚ ਕੋਈ ਸੁੱਖ-ਚੈਨ ਨਹੀਂ ਹੈ, ਸਾਂਤੀ ਨਹੀਂ ਹੈ।

ਨਿਰਗੁਣ ਰਾਸਾ ਦਾ ਅਰਥ ਹੈ:- ਨਿਰਗੁਣ ਦਾ ਅਰਥ ਹੈ ਕਿ ਉਹ ਚੀਜ਼ ਤਾਂ ਹੈ ਪਰ ਉਸ ਦਾ ਲਾਭ ਨਹੀਂ ਮਿਲ ਰਿਹਾ। ਦਰਖ਼ਤ ਦੇ ਬੀਜ ਵਿੱਚ ਫ਼ਲ ਅਤੇ ਦਰਖ਼ਤ ਨਿਗੁਣ ਰੂਪ ਵਿੱਚ ਹੈ, ਉਹ ਬੀਜ ਮਿੱਟੀ ਵਿੱਚ ਬੀਜਕੇ ਸਿੰਚਾਈ ਕਰਕੇ ਉਹ ਸਰਗੁਣ ਵਸਤੂ (ਪੇੜ, ਪੌਂਦੇ, ਫਲ) ਪ੍ਰਾਪਤ ਕੀਤੀ ਜਾਂਦੀ ਹੈ। ਇਹ ਗਿਆਨ ਨਾ ਹੋਣਾ ਨਾਲ ਅੰਬ ਅਤੇ ਛਾਂ ਤੋਂ ਵਾਂਝੇ ਰਹਿ ਜਾਂਦੇ ਹਨ। ਰਾਸਾ = ਝੰਜਟ ਮਤਲਬ ਉਲਝਿਆ ਹੋਇਆ ਕੰਮ।

ਸੂਖਸ਼ਮ ਵੇਦ ਪ੍ਰਮੇਸ਼ਵਰ ਕਬੀਰ ਜੀ ਨੇ ਕਿਹਾ ਹੈ ਕਿ :-

ਨੌ ਮਨ ( 360 ਕਿ. ਗ੍ਰਾ ) ਸੂਤ = ਕੱਚਾ ਧਾਗਾ,

ਕਬੀਰ ਨੌ ਮਨ ਸੂਤ ਉਲਝਿਆ, ਰਿਸ਼ੀ ਰਹੇ ਝੱਖ ਮਾਰ।
ਸਤਿਗੁਰ ਏਸਾ ਸੁਲਝਾ ਦੇ ਉਲਝੇ ਨਾ ਦੂਜੀ ਵਾਰ॥

ਸਰਲ ਅਰਥ:- ਪ੍ਰਮੇਸ਼ਵਰ ਕਬੀਰ ਜੀ ਨੇ ਕਿਹਾ ਹੈ ਕਿ ਅਧਿਆਤਮਿਕ ਗਿਆਨ ਰੂਪੀ ਨੌ ਮਣ ਸੂਤ (ਧਾਗਾ) ਉਲਝਿਆ ਹੋਇਆ ਹੈ। ਇੱਕ ਕਿੱਲੋ ਉਲਝੇ ਹੋਏ ਸੂਤ ਨੂੰ ਸਿੱਧਾ ਕਰਨ ਨੂੰ ਇੱਕ ਦਿਨ ਤੋਂ ਜ਼ਿਆਦੇ ਸਮਾ ਲੱਗ ਜਾਂਦਾ ਸੀ ਜੁਲਾਹਿਆਂ ਦਾ। ਧਾਗਾ ਸੁਲਝਾਉਂਦੇ ਸਮੇ ਜੇਕਰ ਧਾਗਾ ਟੁੱਟ ਜਾਂਦਾ ਤਾਂ ਕੱਪੜੇ ਵਿੱਚ ਗੱਠ ਲੱਗ ਜਾਂਦੀ ਗੱਠ ਵਾਲੇ ਕੱਪੜੇ ਨੂੰ ਕੋਈ ਮੁੱਲ ਨਹੀਂ ਲੈਂਦਾ ਸੀ। ਇਸ ਲਈ ਪ੍ਰਮੇਸ਼ਵਰ ਕਬੀਰ ਜੁਲਾਹੇ ਨੇ ਜੁਲਾਹਿਆਂ ਦਾ ਸਟੀਕ ਉਦਾਹਰਣ ਦੇ ਕੇ ਸਮਝਾਇਆ ਹੈ ਕਿ ਜ਼ਿਆਦੇ ਉਲਝੇ ਹੋਏ ਸੂਤ ਨੂੰ ਕੋਈ ਨਹੀਂ ਸੁਲਝਾਉਂਦਾ। ਅਧਿਆਤਮਿਕ ਗਿਆਨ ਉਸੇ ਨੌ ਮਣ ਉਲਝੇ ਹੋਏ ਸੂਤ ਦੀ ਤਰ੍ਹਾਂ ਹੈ ਜਿਸਨੂੰ ਸਤਿਗੁਰੂ ਮਤਲਬ

ਤੱਤਵਦਰਸ਼ੀ ਸੰਤ ਇਸ ਤਰ੍ਹਾਂ ਸੁਲਝਾ ਦੇਣਗੇ ਕਿ ਉਹ ਦੁਬਾਰਾ ਨਹੀਂ ਉਲਝੇਂਗਾ। ਬਿਨਾ ਸੁਲਝੇ ਅਧਿਆਤਮਿਕ ਗਿਆਨ ਦੇ ਅਧਾਰ ਤੇ ਮਤਲਬ ਲੋਕ ਵੇਦ ਦੇ ਅਨੁਸਾਰ ਸਾਧਨਾ ਕਰਕੇ ਸਵਰਗ-ਨਰਕ, ਚੌਰਾਸੀ ਲੱਖ ਤਰ੍ਹਾਂ ਦੇ ਜੀਵਾਂ ਦੇ ਜੀਵਨ, ਪ੍ਰਿਥਵੀ ਉੱਪਰ ਕਿਸੀ ਟੁਕੜੇ ਦਾ ਰਾਜ, ਸਵਰਗ ਦਾ ਰਾਜ ਕੀਤਾ, ਫਿਰ ਜਨਮ ਮਰਨ ਦੇ ਚੱਕਰ ਵਿੱਚ ਡਿੱਗ ਕੇ ਕਸ਼ਟ ਤੇ ਕਸ਼ਟ ਝੱਲੇ। ਪ੍ਰੰਤੂ ਕਾਲ ਬ੍ਰਹਮ ਦੀ ਵੇਦਾਂ ਵਿੱਚ ਵਰਣਿਤ ਵਿਧੀ ਅਨੁਸਾਰ ਸਾਧਨਾ ਕਰਜ਼ ਨਾਲ ਉਹ ਪਰਮ ਸ਼ਾਂਤੀ ਤੇ ਸਨਾਤਨ ਧਾਮ ਪ੍ਰਾਪਤ ਨਹੀਂ ਹੋਇਆ, ਜੋ ਗੀਤਾ ਅਧਿਆਇ 18 ਸ਼ਲੋਕ 62 ਵਿੱਚ ਕਿਹਾ ਹੈ ਅਤੇ ਨਾ ਹੀ ਪ੍ਰਮੇਸ਼ਵਰ ਦਾ ਉਹ ਪਦ ਮਿਲਦਾ, ਜਿੱਥੇ ਜਾਣ ਤੋਂ ਬਾਅਦ ਸਾਧਕ ਫਿਰ ਮੁੜ ਸੰਸਾਰ'ਚ ਕਦੇ ਨਹੀਂ ਆਉਂਦਾ ਜੋ ਗੀਤਾ ਅਧਿਆਇ 15 ਸਲੋਕ 4 ਵਿੱਚ ਕਿਹਾ ਹੈ। ਕਾਲ ਬ੍ਰਹਮ ਦੀ ਸਾਧਨਾ ਨਾਲ ਨਿਮਨ ਲਾਭ ਹੁੰਦਾ ਹੈ।

ਬਾਣੀ ਨੰ. 3:- ਇੰਦਰ-ਕੁਬੇਰ, ਈਸ਼ ਕੀ ਪਦਵੀ, ਬ੍ਰਹਮ ਵਰੁਣ ਧਰਮਰਾਏ।
ਵਿਸ਼ਨੂੰਨਾਥ ਕੇ ਪੁਰ ਕੋ ਜਾਕਰ, ਬਹੁਰ ਅਪੂਠਾ ਆਇਆ।

ਸਰਲ ਅਰਥ:- ਕਾਲ ਬ੍ਰਹਮ ਦੀ ਸਾਧਨਾ ਕਰਕੇ ਸਾਧਕ ਇੰਦਰ ਦਾ ਰਾਜ ਵੀ ਪ੍ਰਾਪਤ ਕਰਦਾ ਹੈ। ਇੰਦਰ ਸਵਰਗ ਦੇ ਰਾਜੇ ਦਾ ਪਦ ਹੈ। ਇਸਨੂੰ ਸਵਰਗ ਦਾ ਰਾਜਾ ਤੇ ਸੁਰਪਤੀ ਵੀ ਕਹਿੰਦੇ ਹਨ। ਇਹ ਸਿੰਚਾਈ ਵਿਭਾਗ ਮਤਲਬ ਵਾਰਿਸ਼ ਵਿਭਾਗ ਆਪਣੇ ਅਧੀਨ ਰੱਖਦਾ ਹੈ।

ਪ੍ਰਸ਼ਨ:- ਇੰਦਰ ਦਾ ਰਾਜ ਕਿਵੇਂ ਮਿਲਦਾ ਹੈ?

ਉੱਤਰ:- ਜ਼ਿਆਦ ਤੋਂ ਜ਼ਿਆਦ ਤਪ ਕਰਨ ਨਾਲ ਅਤੇ ਸੌ ਮਣ (4 ਹਜ਼ਾਰ ਕਿੱਲੋ ਗ੍ਰਾਮ) ਗਾਂ ਦਾ ਘਿਉ ਦਾ ਇਸਤੇਮਾਲ ਕਰਕੇ ਧਰਮਯੱਗ ਕਰਨ ਨਾਲ ਇੱਕ ਧਰਮ ਯੱਗ ਪੂਰਨ ਹੁੰਦੀ ਹੈ। ਇਸ ਤਰ੍ਹਾਂ ਦੇ ਸੌ ਯੱਗ ਕਰਨ ਨਾਲ ਇੰਦਰ ਦਾ ਰਾਜ ਮਿਲਦਾ ਹੈ। ਤਪ ਜਾਂ ਯੱਗ ਦੇ ਦੌਰਾਨ ਜੇਕਰ ਤਪ ਜਾ ਯੱਗ ਦੀ ਮਰਿਆਦਾ ਭੰਗ ਹੋ ਜਾਂਦੀ ਹੈ ਤਾਂ ਨਵੇਂ ਸਿਰੇ ਤੋਂ ਤਪ ਤੇ ਯੱਗ ਕਰਨਾ ਪੈਦਾ ਹੈ। ਇਸ ਤਰਾਂ ਇੰਦਰ ਦੀ ਪਦਵੀ ਮਿਲਦੀ ਹੈ।

ਪ੍ਰਸ਼ਨ:- ਇੰਦਰ ਦਾ ਸ਼ਾਸਨ ਕਾਲ ਦਾ ਕਿੰਨਾ ਹੈ? ਮੌਤ ਤੋਂ ਬਾਅਦ ਇੰਦਰ ਦਾ ਪਦ ਛੱਡ ਕੇ ਪ੍ਰਾਣੀ ਨੂੰ ਕਿਹੜੀ ਜੂਨੀ ਮਿਲਦੀ ਹੈ ?

ਉੱਤਰ:- ਇੰਦਰ ਸਵਰਗ ਦੇ ਰਾਜਾ ਦੇ ਅਹੁਦੇ ਤੇ 72 ਚੌਕੜੀ ਭਾਵ 72 ਚਤੁਰਯੁੱਗ ਤੱਕ ਬਣਿਆ ਰਹਿੰਦਾ ਹੈ। ਇੱਕ ਚਤੁਰਯੁੱਗ ਵਿੱਚ ਸਤਯੁਗ + ਤਰੇਤਾਯੁਗ + ਦੁਆਪਰ ਯੁਗ ਅਤੇ ਕਲਯੁਗ ਦਾ ਸਮਾਂ ਹੁੰਦਾ ਹੈ। ਜੋ 1728000 + 1296000 + 864000 + 432000 ਕ੍ਰਮਵਾਰ: ਸਤਯੁਗ + ਤਰੇਤਾਯੁਗ + ਦੁਆਪਰ ਯੁੱਗ + ਕਲਯੁਗ ਦਾ ਸਮਾਂ ਭਾਵ 43 ਲੱਖ 20 ਹਜ਼ਾਰ ਸਾਲ ਦਾ ਸਮਾਂ ਇੱਕ ਚਤੁਰਯੁਗ ਵਿੱਚ ਹੁੰਦਾ ਹੈ। ਅਜਿਹੇ ਬਣੇ 72 ਚਤੁਰਯੁੱਗ ਤੱਕ ਉਹ ਸਾਧਕ ਇੰਦਰ ਦੇ ਅਹੁਦੇ ਉੱਤੇ ਸਵਰਗ ਦੇ ਰਾਜਾ ਦਾ ਸੁੱਖ ਭੋਗਦਾ ਹੈ। ਇੱਕ ਕਲਪ ਭਾਵ ਬ੍ਰਹਮਾ ਜੀ ਦੇ ਇੱਕ ਦਿਨ ਵਿੱਚ (ਜੋ ਇੱਕ ਹਜ਼ਾਰ ਅੱਠ (1008) ਚਤੁਰਯੁੱਗ ਦਾ ਹੁੰਦਾ ਹੈ) 14 ਜੀਵ ਇੰਦਰ ਦੇ ਅਹੁਦੇ ਤੇ ਰਹਿ ਕੇ ਆਪਣੇ ਕੀਤੇ ਪੁੰਨ ਕਰਮ ਨੂੰ ਭੋਗਦੇ ਹਨ। ਇੰਦਰ ਦੇ ਅਹੁਦੇ ਦਾ ਆਨੰਦ ਲੈ ਕੇ ਉਹ ਪ੍ਰਾਣੀ ਗਧੇ ਦਾ ਜੀਵਨ ਪ੍ਰਾਪਤ ਕਰਦੇ ਹਨ।

## "ਕਥਾ"

## "ਮਾਰਕੰਡੇ ਰਿਸ਼ੀ ਅਤੇ ਅਪਸਰਾ ਦਾ ਸੰਵਾਦ"

ਇੱਕ ਸਮੇਂ ਬੰਗਾਲ ਦੀ ਖਾੜੀ ਵਿੱਚ ਮਾਰਕੰਡੇ ਰਿਸ਼ੀ ਤਪ ਕਰ ਰਿਹਾ ਸੀ। ਇੰਦਰ ਦੇ ਅਹੁਦੇ ਉੱਤੇ ਵਿਰਾਜਮਾਨ ਨੂੰ ਇਹ ਸ਼ਰਤ ਹੁੰਦੀ ਹੈ ਕਿ ਜੇਕਰ ਤੇਰੇ ਸਾਸ਼ਨਕਾਲ (ਰਾਜ ਦੇ

ਸਮੇਂ) ਵਿੱਚ 72 ਚੌਕੜੀ ਯੁੱਗ ਦੇ ਦੌਰਾਨ ਜੇਕਰ ਧਰਤੀ ਉੱਤੇ ਕੋਈ ਵਿਅਕਤੀ ਇੰਦਰ ਦਾ ਅਹੁਦਾ ਪ੍ਰਾਪਤ ਕਰਨ ਯੋਗ ਤੱਪ ਜਾਂ ਧਰਮਯੱਗ ਕਰ ਲੈਂਦਾ ਹੈ ਅਤੇ ਉਸ ਦੀ ਕਿਰਿਆ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ ਤਾਂ ਉਸ ਸਾਧਕ ਨੂੰ ਇੰਦਰ ਦਾ ਅਹੁਦਾ ਦੇ ਦਿੱਤਾ ਜਾਂਦਾ ਹੈ ਅਤੇ ਮੌਜੂਦਾ ਇੰਦਰ ਤੋਂ ਉਹ ਅਹੁਦਾ ਖੋਹ ਲਿਆ ਜਾਂਦਾ ਹੈ। ਇਸ ਲਈ ਜਿੱਥੇ ਤੱਕ ਸੰਭਵ ਹੁੰਦਾ ਹੈ ਇੰਦਰ ਆਪਣੇ ਸਾਸ਼ਨ ਕਾਲ ਵਿੱਚ ਕਿਸੇ ਵੀ ਸਾਧਕ ਦਾ ਤੱਪ ਜਾਂ ਧਰਮਯੱਗ ਪੂਰਾ ਨਹੀਂ ਹੋਣ ਦਿੰਦਾ। ਉਸਦੀ ਸਾਧਨਾ ਤੁੜਵਾ (ਖੰਡ ਕਰਵਾ) ਦਿੰਦਾ ਹੈ, ਚਾਹੇ ਕੁਝ ਵੀ ਕਰਨਾ ਪਵੇ।

ਜਦੋਂ ਇੰਦਰ ਨੂੰ ਉਸਦੇ ਸੰਦੇਸ਼ਵਾਹਕਾਂ ਨੇ ਦੱਸਿਆ ਕਿ ਮਾਰਕੰਡੇ ਨਾਮ ਦੇ ਇੱਕ ਰਿਸ਼ੀ ਬੰਗਾਲ ਦੀ ਖਾੜੀ ਵਿੱਚ ਤਪੱਸਿਆ ਕਰ ਰਹੇ ਹਨ। ਇੰਦਰ ਨੇ ਮਾਰਕੰਡੇ ਰਿਸ਼ੀ ਦੀ ਤਪੱਸਿਆ ਤੋੜਨ ਲਈ ਉਰਵਸ਼ੀ (ਇੰਦਰ ਦੀ ਪਤਨੀ) ਨੂੰ ਭੇਜਿਆ। ਸਾਰਾ ਸ਼ਿੰਗਾਰ ਕਰਕੇ, ਦੇਵਪਰੀ ਮਾਰਕੰਡੇ ਰਿਸ਼ੀ ਦੇ ਸਾਹਮਣੇ ਨੱਚਣ – ਗਾਉਣ ਲੱਗੀ। ਆਪਣੀ ਸਿੱਧੀ (ਸ਼ਕਤੀ) ਨਾਲ ਉਸਨੇ ਉਸ ਜਗ੍ਹਾ'ਤੇ ਬਸੰਤ ਰੁੱਤ ਵਰਗਾ ਮਾਹੌਲ ਬਣਾ ਦਿੱਤਾ। ਮਾਰਕੰਡੇ ਰਿਸ਼ੀ ਨੇ ਕੋਈ ਉਤਸੁਕਤਾ ਨਹੀਂ ਦਿਖਾਈ। ਉਰਵਸ਼ੀ ਨੇ ਲੱਕ ਦਾ ਨਾੜਾ (ਨਾਲ਼ਾ) ਤੋੜ ਦਿੱਤਾ, ਨੰਗੀ ਹੋ ਗਈ। ਤਦ ਮਾਰਕੰਡੇ ਰਿਸ਼ੀ ਨੇ ਕਿਹਾ, ਹੇ ਬੇਟੀ, ਹੇ ਭੈਣ, ਹੇ ਮਾਈ! ਤੁਸੀਂ ਇਹ ਕੀ ਕਰ ਰਹੇ ਹੋ? ਤੁਸੀਂ ਇੱਥੇ ਸੰਘਣੇ ਜੰਗਲ ਵਿੱਚ ਇੱਕਲੀ ਕਿਉਂ ਆਈ? ਉਰਵਸ਼ੀ ਨੇ ਕਿਹਾ ਕਿ ਰਿਸ਼ੀ ਜੀ, ਮੇਰਾ ਰੂਪ ਦੇਖ ਕੇ ਇਸ ਅਰਨਿਆ ਖੰਡ (ਵਣ-ਖੰਡ) ਦੇ ਸਾਰੇ ਸਾਧਕ ਸੰਤੁਲਨ ਗੁਆ ਬੈਠੇ, ਪਰ ਤੁਸੀਂ ਡਗਮਗ ਨਹੀਂ ਹੋਏ, ਪਤਾ ਨਹੀਂ ਤੁਹਾਡੀ ਸਮਾਧੀ ਕਿੱਥੇ ਸੀ? ਕ੍ਰਿਪਾ ਕਰਕੇ ਤੁਸੀਂ ਮੇਰੇ ਨਾਲ ਇੰਦਰਲੋਕ ਵਿੱਚ ਚੱਲੋ, ਨਹੀਂ ਤਾਂ ਮੈਨੂੰ ਸਜ਼ਾ ਮਿਲੇਗੀ ਕਿ ਤੂੰ ਹਾਰ ਕੇ ਆਈ ਹੈ। ਰਿਸ਼ੀ ਮਾਰਕੰਡੇ ਨੇ ਕਿਹਾ ਕਿ ਮੇਰੀ ਸਮਾਧੀ ਬ੍ਰਹਮਲੋਕ ਵਿੱਚ ਗਈ ਸੀ, ਜਿੱਥੇ ਮੈਂ ਉਨ੍ਹਾਂ ਉਰਵਸੀਆਂ ਦਾ ਨਾਚ ਵੇਖ ਰਿਹਾ ਸੀ ਜੋ ਕਿ ਇੰਨੀਆਂ ਸੁੰਦਰ ਹਨ ਕਿ ਤੇਰੇ ਵਰਗੀਆਂ ਤਾਂ ਉਹਨਾਂ ਦੀਆਂ 7,7 ਬਾਂਦੀਆਂ (ਗੋਲੀਆਂ), ਭਾਵ ਨੌਕਰਾਣੀਆਂ ਹਨ। ਇਸਲਈ ਮੈਂ ਤੈਨੂੰ ਕੀ ਵੇਖਦਾ, ਤੇਰੇ ਤੇ ਕੀ ਆਸੱਕਤ ਹੁੰਦਾ? ਜੇ ਕੋਈ ਤੇਰੇ ਨਾਲੋਂ ਵਧੇਰੇ ਸੁੰਦਰ ਹੈ ਤਾਂ ਉਸਨੂੰ ਲੈ ਆਓ। ਤਦ ਦੇਵਪਰੀ ਨੇ ਕਿਹਾ ਕਿ ਇੰਦਰ ਦੀ ਪਟਰਾਣੀ ਭਾਵ ਮੁੱਖ ਰਾਣੀ ਮੈਂ ਹੀ ਹਾਂ। ਮੇਰੇ ਨਾਲੋਂ ਜ਼ਿਆਦਾ ਸੁੰਦਰ ਸਵਰਗ ਵਿੱਚ ਕੋਈ ਔਰਤ ਨਹੀਂ ਹੈ। ਫਿਰ ਮਾਰਕੰਡੇ ਰਿਸ਼ੀ ਨੇ ਪੁੱਛਿਆ ਕਿ ਜੇ ਇੰਦਰ ਮਰ ਜਾਏਗਾ, ਤਾਂ ਤੂੰ ਕੀਂ ਕਰੇਂਗੀ? ਉਰਵਸ਼ੀ ਨੇ ਜਵਾਬ ਦਿੱਤਾ ਕਿ ਮੈਂ 14 ਇੰਦਰ ਭੋਗਾਂਗੀ। ਭਾਵ ਸ਼੍ਰੀ ਬ੍ਰਹਮਾ ਜੀ ਦੇ ਇੱਕ ਦਿਨ ਵਿੱਚ 1008 ਚਤੁਰਯੁੱਗ ਹੁੰਦੇ ਹਨ ਜਿਸ ਵਿੱਚ 72-72 ਚਤੁਰਯੁੱਗ ਦਾ ਸ਼ਾਸ਼ਨਕਾਲ ਪੂਰਾ ਕਰਕੇ 14 ਇੰਦਰ ਮੌਤ ਨੂੰ ਪ੍ਰਾਪਤ ਹੁੰਦੇ ਹਨ। ਇੰਦਰ ਦੀ ਰਾਣੀ ਵਾਲੀ ਆਤਮਾ ਨੇ ਕਿਸੀ ਮਨੁੱਖੀ ਸਰੀਰ ਵਿੱਚ ਬਹੁਤ ਜ਼ਿਆਦੇ ਪੁੰਨ ਕੀਤੇ ਜਿਸ ਕਰਕੇ ਉਹ 14 ਇੰਦਰ ਦੀ ਪਟਰਾਣੀ ਬਣ ਕੇ ਸਵਰਗ ਸੁੱਖ ਤੇ ਪੁਰਸ਼ ਸੁੱਖ ਨੂੰ ਭੋਗੇਗੀ।

ਮਾਰਕੰਡੇ ਰਿਸ਼ੀ ਨੇ ਕਿਹਾ ਹੈ ਕਿ ਉਹ 14 ਇੰਦਰ ਮਰਨ ਤੋਂ ਬਾਅਦ ਤੂੰ ਕੀ ਕਰੂੰਗੀ? ਉਰਵਸ਼ੀ (ਇੰਦਰਾਣੀ) ਨੇ ਕਿਹਾ ਕਿ ਮੈਂ ਮ੍ਰਿਤੂ ਲੋਕ (ਪ੍ਰਿਥਵੀ ਲੋਕ ਨੂੰ ਮਨੁੱਖਾਂ ਦਾ ਲੋਕ ਤੇ ਮੌਤ ਦਾ ਲੋਕ ਵੀ ਕਹਿੰਦੇ ਹਨ) ਵਿੱਚ ਗਧੀ ਬਣਾਂਗੀ ਤੇ ਜਿੰਨੇ ਇੰਦਰ ਮੇਰੇ ਪਤੀ ਹੋਣਗੇ ਉਹ ਵੀ ਪ੍ਰਿਥਵੀ ਤੇ ਗਧੇ ਦੀ ਜੂਨ ਪ੍ਰਾਪਤ ਕਰਨਗੇ।

ਮਾਰਕੰਡੇ ਰਿਸ਼ੀ ਬੋਲੇ ਫਿਰ ਮੈਨੂੰ ਕਿਉਂ ਇੰਦਾਂ ਦੇ ਲੋਕ ਵਿੱਚ ਲੈ ਕੇ ਜਾ ਰਹੀ ਸੀ ਜਿਸਦਾ ਰਾਜਾ ਗਧਾ ਤੇ ਰਾਣੀ ਗਧੀ ਦੀ ਜੂਨੀ ਪ੍ਰਾਪਤ ਕਰਦੇ ਹਨ? ਉਰਵਸ਼ੀ ਬੋਲੀ ਆਪਣੀ ਇੱਜ਼ਤ ਰੱਖਣ ਲਈ, ਨਹੀਂ ਤਾਂ ਉਹ ਕਹਿਣਗੇ ਤੂੰ ਹਾਰ ਕੇ ਆ ਗਈ।

ਮਾਰਕੰਡੇ ਰਿਸ਼ੀ ਨੇ ਕਿਹਾ ਕਿ ਗਧੀ ਦੀ ਕਿਹੜੀ ਇੱਜ਼ਤ? ਇੰਨੇ ਨੂੰ ਉੱਥੇ ਹੀ ਇੰਦਰ ਵੀ ਆ ਗਿਆ। ਵਿਧਾਨ ਅਨੁਸਾਰ ਇੰਦਰ ਨੇ ਅਪਣਾ ਰਾਜ ਮਾਰਕੰਡੇ ਰਿਸ਼ੀ ਨੂੰ ਦੇਣ ਲਈ ਕਿਹਾ। ਕਿਹਾ ਰਿਸ਼ੀ ਜੀ ਅਸੀਂ ਹਾਰੇ ਤੁਸੀਂ ਜਿੱਤੇ। ਆਪ ਜੀ ਇੰਦਰ ਦੀ ਪਦਵੀ ਸਵੀਕਾਰ ਕਰੋ। ਮਾਰਕੰਡੇ ਰਿਸ਼ੀ ਬੋਲੇ ਨਾ ਨਾ ਇੰਦਰ, ਇੰਦਰ ਦੀ ਪਦਵੀ ਮੇਰੇ ਕਿਸੇ ਕੰਮ ਦੀ ਨਹੀਂ। ਮੇਰੇ ਲਈ ਤਾਂ ਕਾਂ ਦੀ ਬਿੱਠ ਸਮਾਨ ਹੈ। ਮਾਰਕੰਡੇ ਰਿਸ਼ੀ ਨੇ ਇੰਦਰ ਨੂੰ ਕਿਹਾ ਕਿ ਤੂੰ ਮੇਰੇ ਦੱਸੇ ਅਨੁਸਾਰ ਸਾਧਨਾ ਕਰ, ਤੈਨੂੰ ਬ੍ਰਹਮ ਲੋਕ ਲੈ ਚੱਲਾਂਗਾ। ਇਸ ਇੰਦਰ ਦੇ ਰਾਜ ਨੂੰ ਛੱਡ ਦੇ। ਇੰਦਰ ਨੇ ਕਿਹਾ ਹੇ ਰਿਸ਼ੀ ਜੀ ਅਜੇ ਮੈਨੂੰ ਮੌਜ-ਮਸਤੀ ਕਰ ਲੈਣ ਦੋ। ਫਿਰ ਕਦੇ ਦੇਖਾਂਗਾ ।

ਪਾਠਕੋ! ਵਿਚਾਰ ਕਰੋ:- ਇੰਦਰ ਨੂੰ ਪਤਾ ਹੈ ਕਿ ਮੌਤ ਤੋਂ ਬਾਅਦ ਗਧੇ ਦਾ ਜੀਵਨ ਮਿਲੇਗਾ, ਫਿਰ ਵੀ ਉਸ ਝੂਠੇ ਸੁੱਖ ਨੂੰ ਤਿਆਗਣਾ ਨਹੀਂ ਚਾਹੁੰਦਾ। ਕਹਿੰਦਾ ਫਿਰ ਕਦੇ ਦੇਖਾਂਗਾ। ਫਿਰ ਕਦੋਂ ਦੇਖੇਂਗਾ? ਗਧਾ ਬਣਨ ਤੋਂ ਬਾਅਦ ਤਾਂ ਘੁਮਿਆਰ ਦੇਖੇਗਾ। ਕਿੰਨਾ ਭਾਰ ਗਧੇ ਦੀ ਕਮਰ ਉੱਪਰ ਰੱਖਣਾ ਹੈ? ਕਿੱਥੇ ਡੰਡਾ ਮਾਰਨਾ ਹੈ? ਠੀਕ ਇਸੇ ਤਰ੍ਹਾਂ ਇਸ ਪ੍ਰਿਥਵੀ ਦੇ ਛੋਟੇ ਜਿਹੇ ਟੁਕੜੇ ਦਾ ਪ੍ਰਧਾਨਮੰਤਰੀ, ਮੰਤਰੀ, ਮੁੱਖਮੰਤਰੀ ਜਾ ਰਾਜ ਵਿੱਚ ਮੰਤਰੀ ਬਣਿਆ ਹੈ। ਜਾਂ ਕਿਸੇ ਅਹੁਦੇ ਤੇ ਸਰਕਾਰੀ ਅਧਿਕਾਰੀ ਜਾ ਕਰਮਚਾਰੀ ਬਣਿਆ ਹੈ ਜਾਂ ਧਨੀ ਹੈ। ਉਹਨੂੰ ਕਿਹਾ ਜਾਂਦਾ ਹੈ ਕਿ ਭਗਤੀ ਕਰੋ ਨਹੀਂ ਗਧੇ ਬਣੋਗੇ। ਉਹ ਜਾ ਤਾਂ ਨਰਾਜ਼ ਹੋ ਜਾਂਦੇ ਹਨ ਕਿ ਕਿਉਂ ਬਣਾਂਗੇ ਗਧੇ? ਫਿਰ ਤੋਂ ਨਾ ਕਹਿਣਾ। ਕੁਝ ਸੱਭਿਅਕ ਹੁੰਦੇ ਹਨ ਉਹ ਕਹਿੰਦੇ ਹਨ ਕਿ ਕਿਸ ਨੇ ਦੇਖਿਆ ਹੈ ਕਿ ਗਧੇ ਬਣਦੇ ਹਨ? ਫਿਰ ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਸਾਰੇ ਸੰਤ ਤੇ ਗ੍ਰੰਥ ਦੱਸਦੇ ਹਨ ਤਾਂ ਕਹਿੰਦੇ ਹਨ ਦੇਖਿਆਂ ਜਾਏਗਾ।

ਉਹਨਾਂ ਨੂੰ ਨਿਵੇਦਨ ਹੈ ਕਿ ਮੌਤ ਤੋਂ ਬਾਅਦ ਗਧਾ ਬਣਨ ਤੋਂ ਬਾਅਦ ਤੁਸੀਂ ਕੀ ਦੇਖਣਾ ਫਿਰ ਘੁਮਿਆਰ ਦੇਖੇਗਾ ਕਿ ਤੁਹਾਡੇ ਨਾਲ ਕਿਵੇਂ ਦਾ ਸਲੂਕ ਕਰਨਾ ਹੈ? ਬੁਰਾਈ ਨੂੰ ਛੱਡ ਕੇ ਸ਼ਾਸਤਰ ਅਨੁਸਾਰ ਸਾਧਨਾ ਕਰੋ ਜੋ ਕਿ ਵਰਤਮਾਨ ਸਮੇ ਵਿੱਚ ਕੇਵਲ ਮੇਰੇ ਕੋਲ (ਲੇਖਕ ਕੋਲ) ਹੈ। ਆਓ ਗ੍ਰਹਿਣ ਕਰੋ ਅਤੇ ਆਪਣੇ ਜੀਵਨ ਦਾ ਕਲਿਆਣ ਕਰਵਾਉ।

ਉੱਪਰ ਲਿਖੀ ਬਾਣੀ ਨੰ. 3 ਵਿੱਚ ਦੱਸਿਆ ਹੈ ਕਿ ਇੰਦਰ - ਕੁਬੇਰ ਤੇ ਈਸ਼ ਦੀ ਪਦਵੀ ਪ੍ਰਾਪਤ ਕਰਨ ਵਾਲੇ ਤੇ ਬ੍ਰਹਮਾ ਜੀ ਦਾ ਪਦ ਅਤੇ ਵਰੁਣ, ਧਰਮਰਾਏ ਦਾ ਪਦ ਪ੍ਰਾਪਤ ਕਰਕੇ ਅਤੇ ਵਿਸ਼ਨੂ ਜੀ ਦੇ ਲੋਕ ਨੂੰ ਪ੍ਰਾਪਤ ਕਰ ਦੇਵ ਪਦ ਪ੍ਰਾਪਤ ਵੀ ਮੁੜ ਜਨਮ - ਮਰਨ ਦੇ ਚੱਕਰ ਵਿੱਚ ਰਹਿੰਦਾ ਹੈ।

ਸਵਰਗ ਵਿੱਚ 33 ਕਰੋੜ ਦੇਵਤੇ ਹਨ। ਉਦਾਹਰਣ ਵਜੋਂ, ਭਾਰਤ ਦੀ ਸੰਸਦ ਵਿੱਚ 540 ਸੰਸਦ ਮੈਂਬਰ ਹਨ। ਉਨ੍ਹਾਂ ਸੰਸਦ ਮੈਂਬਰਾਂ ਵਿੱਚੋਂ ਪ੍ਰਧਾਨ ਮੰਤਰੀ ਅਤੇ ਹੋਰ ਕੇਂਦਰੀ ਮੰਤਰੀ ਆਦਿ ਆਦਿ ਬਣਦੇ ਹਨ। ਇਸੇ ਤਰ੍ਹਾਂ ਉਨ੍ਹਾਂ 33 ਕਰੋੜ ਦੇਵੀ ਦੇਵਤਿਆਂ ਵਿੱਚੋਂ, ਕੁਬੇਰ ਭਾਵ ਧਨ ਦੇ ਦੇਵਤਾ, ਦੀ ਪਦਵੀ ਪ੍ਰਾਪਤ ਹੁੰਦੀ ਹੈ, ਜਿਵੇਂ ਕਿ ਵਿੱਤ ਮੰਤਰੀ ਹੁੰਦਾ ਹੈ। ਈਸ਼ ਦੇ ਸਿਰਲੇਖ ਦਾ ਅਰਥ ਹੈ ਪ੍ਰਭੂ ਦੀ ਪਦਵੀ ਜੋ ਕੁੱਲ ਮਿਲਾ ਕੇ ਤਿੰਨ ਮੰਨੇ ਗਏ ਹਨ:- 1. ਸ਼੍ਰੀ ਬ੍ਰਹਮਾ ਜੀ, 2. ਸ਼੍ਰੀ ਵਿਸ਼ਨੂੰ ਜੀ ਅਤੇ 3. ਸ਼੍ਰੀ ਸ਼ਿਵ ਜੀ।

ਵਰੁਣ ਦੇਵ ਜਲ ਦਾ ਦੇਵਤਾ ਹੈ। ਧਰਮਰਾਏ ਇਕ ਚੀਫ ਜਸਟਿਸ ਹੈ ਜੋ ਸਾਰੇ ਜੀਵਾਂ ਨੂੰ ਕਰਮਾਂ ਦਾ ਫਲ ਦਿੰਦਾ ਹੈ, ਉਸਨੂੰ ਧਰਮਰਾਜ ਵੀ ਆਖਦੇ ਹਨ। ਇਹ ਸਾਰੇ ਕਾਲ ਬ੍ਰਹਮ ਦੀ ਸਾਧਨਾ ਕਰਕੇ ਪਦ ਪ੍ਰਾਪਤ ਕਰਦੇ ਹਨ। ਪੁੰਨ ਖਤਮ ਹੋਣ ਤੋਂ ਬਾਅਦ ਪਦ ਤੋਂ ਹਟ ਕੇ ਪਸ਼ੂ ਪੰਛੀ ਆਦਿ ਦੀ 84 ਲੱਖ ਪ੍ਰਕਾਰ ਦੀ ਜੂਨੀ ਵਿੱਚ ਚਲੇ ਜਾਂਦੇ ਹਨ। ਫੇਰ ਨਵੇਂ ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵ ਜੀ ਇਨ੍ਹਾਂ ਪਦਾਂ ਤੇ ਬਿਰਾਜਮਾਨ ਹੁੰਦੇ ਹਨ।

ਇਹ ਸਾਰੇ ਉਪਰੋਕਤ ਦੇਵਤੇ ਜੰਮਦੇ-ਮਰਦੇ ਹਨ। ਇਹ ਅਵਿਨਾਸ਼ੀ ਨਹੀਂ ਹਨ। ਇਨ੍ਹਾਂ ਦੀ ਸਥਿਤੀ ਇਸ ਪੁਸਤਕ ਦੇ "ਸ੍ਰਿਸ਼ਟੀ ਰਚਨਾ" ਦੇ ਅਧਿਆਇ ਵਿੱਚ ਤੁਹਾਨੂੰ ਸਪਸ਼ਟ ਹੋ ਜਾਵੇਗੀ ਕਿ ਇਹ ਕਿੰਨੇ ਪ੍ਰਭੂ ਹਨ? ਕਿਸ ਦੇ ਪੁੱਤਰ ਹਨ ਅਤੇ ਕੌਣ ਇਨ੍ਹਾਂ ਦੀ ਮਾਤਾ ਜੀ ਹੈ?

ਹੋਰ ਪ੍ਰਮਾਣ:- ਸ਼੍ਰੀ ਦੇਵੀ ਪੁਰਾਣ (ਸਚਿੱਤਰ ਮੋਟਾ ਟਾਈਪ ਸਿਰਫ ਹਿੰਦੀ, ਗੀਤਾ ਪ੍ਰੈੱਸ ਗੋਰਖਪੁਰ ਤੋਂ ਪ੍ਰਕਾਸ਼ਿਤ) ਦੇ ਤੀਜੇ ਸਕੰਦ ਵਿੱਚ ਪੰਨਾ 123 ਤੇ ਲਿਖਿਆ ਹੈ ਕਿ ਤੁਸੀ ਸ਼ੁੱਧ ਸਵਰੂਪ ਹੋ, ਇਹ ਸਾਰਾ ਸੰਸਾਰ ਆਪ ਜੀ ਤੋਂ ਹੀ ਉਦਭਾਸ਼ਿਤ ਹੋ ਰਿਹਾ ਹੈ। ਮੈਂ (ਵਿਸ਼ਨੂੰ), ਬ੍ਰਹਮਾ ਅਤੇ ਸ਼ੰਕਰ ਆਪ ਜੀ ਦੀ ਕ੍ਰਿਪਾ ਨਾਲ ਵਿਦਮਾਨ ਹਾਂ। ਸਾਡਾ ਤਾਂ ਅਵਿਰਭਾਵ ਅਰਥਾਤ ਜਨਮ ਅਤੇ ਤਿਰੋਭਵ ਅਰਥਾਤ ਮੌਤ ਹੁੰਦੀ ਰਹਿੰਦੀ ਹੈ। ਤੁਸੀ ਪ੍ਰਕਿਰਤੀ ਦੇਵੀ ਹੋ।

ਸ਼ੰਕਰ ਭਗਵਾਨ ਬੋਲੇ ਕਿ ਹੇ ਦੇਵੀ। ਜੇਕਰ ਵਿਸ਼ਨੂੰ ਜੀ ਤੋਂ ਬਾਅਦ ਪੈਦਾ ਹੋਣ ਵਾਲੇ ਬ੍ਰਹਮਾ ਜੀ ਤੁਹਾਡੇ ਤੋਂ ਹੀ ਪੈਦਾ ਹੋਏ ਹਨ ਤਾਂ ਕੀ ਮੈਂ ਤਮੋਗੁਣੀ ਲੀਲਾ ਕਰਨ ਵਾਲਾ ਸ਼ੰਕਰ ਕੀ ਤੁਹਾਡੀ ਸੰਤਾਨ ਨਹੀਂ ਅਰਥਾਤ ਮੈਨੂੰ ਵੀ ਪੈਦਾ ਕਰਨ ਵਾਲੀ ਤੁਸੀ ਹੀ ਹੋ। ਅਸੀਂ ਸਿਰਫ ਨਿਯਮਤ ਕੰਮ ਕਰ ਸਕਦੇ ਹਾਂ ਅਰਥਾਤ ਅਸੀਂ ਉਹ ਪ੍ਰਦਾਨ ਕਰ ਸਕਦੇ ਹਾਂ ਜੋ ਕਿਸੇ ਦੀ ਕਿਸਮਤ ਵਿੱਚ ਲਿਖਿਆ ਹੋਇਆ ਹੈ। ਨਾ ਤਾਂ ਜਿਆਦਾ ਕਰ ਸਕਦੇ ਹਾਂ, ਨਾ ਘੱਟ ਕਰ ਸਕਦੇ ਹਾਂ।

ਪਾਠਕੋ! ਇਸ ਸ਼੍ਰੀ ਦੇਵੀ ਪੁਰਾਣ ਦੇ ਉਲੇਖ ਤੋਂ ਇਹ ਸਪਸ਼ਟ ਹੈ ਕਿ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂੰ ਜੀ ਅਤੇ ਸ਼੍ਰੀ ਸ਼ੰਕਰ ਜੀ ਨਾਸ਼ਵਾਨ ਹਨ। ਇਨ੍ਹਾਂ ਦੀ ਮਾਤਾ ਦਾ ਨਾਂ ਸ਼੍ਰੀ ਦੁਰਗਾ ਦੇਵੀ ਹੈ। ਤੁਹਾਨੂੰ ਇਸ ਪੁਸਤਕ ਦੇ ਪਿਛਲੇ ਪਾਸੇ ਦੇ ਲੇਖ "ਸ੍ਰਿਸ਼ਟੀ ਰਚਨਾ" ਤੋਂ ਵਧੇਰੇ ਜਾਣਕਾਰੀ ਮਿਲੇਗੀ। ਇਹ ਮੁੱਖ ਦੇਵ ਹਨ। ਇਨ੍ਹਾਂ ਤੋਂ ਨੀਵੇਂ ਦਰਜੇ ਦੇ ਹੋਰ ਦੇਵ ਹਨ। ਇਹ ਸਾਰੇ ਜੰਮਦੇ ਮਰਦੇ ਹਨ, ਅਵਿਨਾਸ਼ੀ ਰਾਮ ਨਹੀਂ ਹਨ, ਅਵਿਨਾਸ਼ੀ ਪਰਮਾਤਮਾ ਨਹੀਂ ਹਨ।

ਸ਼੍ਰੀ ਮਦ ਭਾਗਵਤ ਗੀਤਾ ਅਧਿਆਇ 10 ਸ਼ਲੋਕ 2 ਵਿੱਚ ਲਿਖਿਆ ਹੈ ਕਿ ਗੀਤਾ ਗਿਆਨ ਦਾਤਾ ਕਾਲ ਬ੍ਰਹਮ ਨੇ ਕਿਹਾ ਹੈ ਕਿ "ਮੇਰੀ ਉਤਪੱਤੀ ਨੂੰ ਨਾ ਤਾਂ ਦੇਵਤਾ ਜਾਣਦੇ ਅਤੇ ਨਾ ਮਹਾਰਿਸ਼ੀ ਜਾਣਦੇ ਕਿਉਂਕਿ ਇਨ੍ਹਾਂ ਸਭ ਦਾ ਆਦਿ ਕਾਰਨ ਮੈਂ ਹੀ ਹਾਂ ਅਰਥਾਤ ਇਹ ਸਭ ਮੇਰੇ ਤੋਂ ਪੈਦਾ ਹੋਏ ਹਨ।

ਗੀਤਾ ਅਧਿਆਇ 14 ਸ਼ਲੋਕ 3 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਹੇ ਅਰਜੁਨ! ਮੇਰੀ ਪ੍ਰਕ੍ਰਿਤੀ ਭਾਵ ਦੁਰਗਾ ਤਾਂ ਗਰਭ ਧਾਰਨ ਕਰਦੀ ਹੈ, ਮੈਂ ਉਸ ਦੀ ਕੁੱਖ ਵਿੱਚ ਬੀਜ ਸਥਾਪਤ ਕਰਦਾ ਹਾਂ, ਜਿਸ ਤੋਂ ਸਾਰੇ ਜੀਵ ਪੈਦਾ ਹੁੰਦੇ ਹਨ।

ਗੀਤਾ ਅਧਿਆਇ 14 ਸ਼ਲੋਕ 4 ਵਿੱਚ, ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਹੇ ਅਰਜੁਨ! ਵੱਖ-ਵੱਖ ਪ੍ਰਕਾਰ ਦੀਆਂ ਸਭ ਜੂਨੀਆਂ ਵਿੱਚ ਜਿੰਨੇ ਸਰੀਰਧਾਰੀ ਮੂਰਤੀਆਂ ਪੈਦਾ ਹੁੰਦੀਆਂ ਹਨ (ਮਹਤ) ਪ੍ਰਕ੍ਰਿਤੀ ਉਨ੍ਹਾਂ ਸਾਰਿਆਂ ਦੀ ਗਰਭ ਧਾਰਨ ਕਰਨ ਵਾਲੀ ਮਾਤਾ ਹੈ। (ਅਹੰ ਬ੍ਰਹਮ) ਮੈਂ ਬ੍ਰਹਮ ਬੀਜ ਸਥਾਪਿਤ ਕਰਨ ਵਾਲਾ ਪਿਤਾ ਹਾਂ।

ਗੀਤਾ ਅਧਿਆਇ 14 ਸਲੋਕ 5:- ਗੀਤਾ ਗਿਆਨ ਦਾਤਾ ਨੇ ਸਪਸ਼ਟ ਕੀਤਾ ਹੈ ਕਿ ਹੇ ਅਰਜੁਨ! ਸਤਗੁਣ ਸ਼੍ਰੀ ਵਿਸ਼ਨੂੰ ਜੀ, ਰਜਗੁਣ ਸ਼੍ਰੀ ਬ੍ਰਹਮਾ ਜੀ ਅਤੇ ਤਮਗੁਣ ਸ਼੍ਰੀ ਸ਼ਿਵ ਜੀ, ਪ੍ਰਕ੍ਰਿਤੀ ਭਾਵ ਦੁਰਗਾ (ਸ਼ੇਰਾਵਾਲੀ) ਦੇਵੀ ਤੋਂ ਪੈਦਾ ਹੋਏ ਇਹ ਤਿੰਨ ਦੇਵਤੇ ਭਾਵ ਤਿੰਨੇ ਗੁਣ ਅਵਿਨਾਸ਼ੀ ਆਤਮਾ ਨੂੰ ਕਰਮਾਂ ਦੇ ਅਨੁਸਾਰ ਸਰੀਰ ਵਿੱਚ ਬੰਨ੍ਹਦੇ ਹਨ।

ਉਪਰੋਕਤ ਪ੍ਰਮਾਣਾਂ ਤੋਂ ਇਹ ਸਪਸ਼ਟ ਹੈ ਕਿ ਉਪਰੋਕਤ ਦੇਵਤੇ ਨਾਸ਼ਵਾਨ ਹਨ ਅਤੇ ਕਾਲ ਬ੍ਰਹਮ ਦੇ ਬੱਚੇ ਹਨ।

ਪ੍ਰਸੰਗ ਚੱਲ ਰਿਹਾ ਹੈ ਕਿ ਬਾਣੀ ਨੰਬਰ 3 ਦੀ ਵਿਆਖਿਆ:-

ਇੰਦਰ, ਕੁਬੇਰ ਈਸ਼ ਭਾਵ ਬ੍ਰਹਮਾ, ਵਿਸ਼ਨੂੰ , ਸ਼ਿਵ ਤੱਕ ਨੂੰ ਪ੍ਰਾਪਤ ਕਰਕੇ ਅਤੇ ਵਰੁਣ ਧਰਮਰਾਜ ਦੀ ਪਦਵੀ ਤੇ ਸ਼੍ਰੀ ਵਿਸ਼ਨੂੰ ਨਾਥ ਦੇ ਲੋਕ ਨੂੰ ਪ੍ਰਾਪਤ ਕਰ ਕੇ ਵੀ ਜਨਮ-ਮਰਨ ਦੇ ਚੱਕਰ ਵਿੱਚ ਰਹਿੰਦੇ ਹਨ।

❖ ਮਾਰਕੰਡੇ ਰਿਸ਼ੀ ਜੀ ਬ੍ਰਹਮ ਸਾਧਨਾ (ਭਗਤੀ) ਕਰ ਰਹੇ ਸੀ। ਇਸਲਈ ਇੰਦਰ ਨੂੰ ਕਹਿ ਰਹੇ ਸੀ ਕਿ ਆ ਜਾ ਤੈਨੂੰ ਬ੍ਰਹਮ ਸਾਧਨਾ ਦਾ ਗਿਆਨ ਕਰਾਵਾਂ। ਬ੍ਰਹਮ ਲੋਕ ਦੀ ਤੁਲਨਾ ਵਿੱਚ ਸਵਰਗ ਦਾ ਰਾਜ ਹਲਵੇ ਦੀ ਤੁਲਨਾ ਵਿੱਚ ਕਾਂ ਦੀ ਬਿੱਠ ਬਰਾਬਰ ਹੈ।

ਪਾਠਕਾਂ ਨੇ ਬ੍ਰਹਮ ਸਾਧਨਾ ਕਰਨ ਵਾਲੇ ਸ਼੍ਰੀ ਚੁਣਕ ਰਿਸ਼ੀ, ਸ਼੍ਰੀ ਦੁਰਵਾਸ਼ਾ ਰਿਸ਼ੀ ਅਤੇ ਕਪਿਲ ਮੁਨੀ ਦੀ ਦਸ਼ਾ (ਸਥਿਤੀ) ਬਾਰੇ ਜਾਣਿਆ, ਉਨ੍ਹਾਂ ਦੀ ਸਾਧਨਾ (ਭਗਤੀ) ਨੂੰ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 7 ਸ਼ਲੋਕ 18 ਵਿੱਚ ਅਨੁੱਤਮ ਭਾਵ ਘਟੀਆ ਦੱਸਿਆ ਹੈ। ਮਾਰਕੰਡੇ ਰਿਸ਼ੀ ਜੀ ਦੀ ਸਾਧਨਾ ਵੀ ਉਸੇ ਸ਼੍ਰੇਣੀ ਦੀ ਸੀ। ਜਿਸ ਨੂੰ ਸਭ ਤੋਂ ਵਧੀਆ ਮੰਨ ਕੇ ਕਰ ਰਹੇ ਸੀ ਅਤੇ ਇੰਦਰ ਜੀ ਨੂੰ ਵੀ ਸਲਾਹ ਦੇ ਰਹੇ ਸੀ ਕਿ ਬ੍ਰਹਮ ਸਾਧਨਾ ਕਰ ਲੈ।

ਸੂਖਸ਼ਮਵੇਦ ਵਿੱਚ ਕਿਹਾ ਹੈ ਕਿ :-

ਔਰੋਂ ਪੰਥ ਬਤਾਵਹੀਂ, ਆਪ ਨਾ ਜਾਨੇ ਰਾਹ॥1
ਮੋਤੀ ਮੁਕਤਾ ਦ੍ਰਸ਼ਤ ਨਾਹੀਂ, ਯਹ ਜਬ ਹੈ ਸਭ ਅੰਧ ਰੇ।
ਦਿਕਤ ਕੇ ਤੋ ਨੈਨ ਚਿਸਮ ਹੈਂ, ਫਿਰਾ ਮੋਤੀਆ ਬਿੰਦ ਰੇ॥2
ਵੇਦ ਪੜੇ ਪਰ ਭੇਦ ਨਾ ਜਾਨੇਂ, ਬਾਚੇ ਪੁਰਾਣ ਅਠਾਰਾਂ।
ਪੱਥਰ ਕੀ ਪੂਜਾ ਕਰੇ, ਭੂਲੇ ਸ੍ਰਿਜਨਹਾਰਾ॥3

ਬਾਣੀ ਨੰ. 1 ਦਾ ਸਰਲ ਅਰਥ:- ਹੋਰਾਂ ਨੂੰ ਮਾਰਗ-ਦਰਸ਼ਨ ਕਰਦੇ ਹਨ ਖੁਦ ਨੂੰ ਭਗਤੀ ਮਾਰਗ ਦਾ ਗਿਆਨ ਨਹੀਂ ਹੈ।

ਬਾਣੀ ਨੰ. 2 ਦਾ ਸਰਲ ਅਰਥ:- ਤੱਤਵਦਰਸ਼ੀ ਸੰਤ ਦੀ ਘਾਟ ਕਾਰਨ ਮੋਤੀ ਮੁਕਤਾ ਜਾਣੀ ਮੋਕਸ਼ ਰੂਪੀ ਮੋਤੀ ਭਾਵ ਮੋਕਸ਼ ਦਿਖਾਈ ਨਹੀਂ ਦਿੰਦਾ ਇਹ ਸਾਰਾ ਸੰਸਾਰ ਅਧਿਆਤਮਿਕ ਗਿਆਨ ਨੇਤ੍ਰਹੀਣ ਅੰਨ੍ਹਾ ਹੈ। ਜਿਸ ਕਿਸੇ ਨੂੰ ਮੋਤੀਆ ਬਿੰਦ ਜੋ ਇੱਕ ਤਰ੍ਹਾਂ ਦਾ ਨੇਤ੍ਰਰੋਗ ਹੈ ਜਿਸ ਵਿੱਚ ਅੱਖਾਂ ਤੰਦਰੁਸਤ ਦਿਖਾਈ ਦਿੰਦੀਆਂ ਹਨ, ਪਰ ਉਸ ਰੋਗ ਗ੍ਰਸਤ ਵਿਅਕਤੀ ਨੂੰ ਕੁੱਝ ਵੀ ਦਿਖਾਈ ਨਹੀਂ ਦਿੰਦਾ। ਇਹ ਉਦਾਹਰਣ ਦੇ ਕੇ ਦੱਸਿਆ ਹੈ ਕਿ ਫਰਾਟੇਦਾਰ ਸੰਸਕ੍ਰਿਤ ਬੋਲਦੇ ਹਨ। ਲੱਗਦਾ ਹਨ ਮਹਾਂਵਿਦਵਾਨ ਹਨ ਪ੍ਰੰਤੂ ਸਦਗ੍ਰੰਥਾਂ ਦੇ ਗੂੜ੍ਹ ਭੇਦਾਂ ਨੂੰ ਨਹੀਂ ਜਾਣਦੇ। ਇਹਨਾਂ ਨੂੰ ਅਗਿਆਨ ਰੂਪੀ ਮੋਤੀਆ ਬਿੰਦ ਹੋਇਆ ਹੈ।

ਬਾਣੀ ਨੰ. 3 ਦਾ ਸਰਲ ਅਰਥ:- ਵੇਦਾਂ ਨੂੰ ਪੜ੍ਹ ਕੇ ਕੰਠ ਕਰਨ ਵਾਲੇ ਵੇਦਾਂ ਨੂੰ ਨਾ ਸਮਝ ਕੇ ਉਹਨਾਂ ਦੇ ਵਿਰੁੱਧ ਸਾਧਨਾ ਕਰਦੇ ਕਰਾਂਉਂਦੇ ਹਨ। ਵੇਦਾਂ ਵਿੱਚ ਪੱਥਰ ਮੂਰਤੀ ਪੂਜਾ ਦਾ ਕਿਤੇ ਜ਼ਿਕਰ ਨਹੀਂ ਹੈ। ਉਹ ਵੇਦਾਂ ਦੇ ਵਿਦਵਾਨ ਕਹਿਲਾਉਣ ਵਾਲੇ ਪੱਥਰ ਦੀ ਪੂਜਾ ਕਰਦੇ ਅਤੇ ਕਰਵਾਉਂਦੇ ਹਨ। ਵੇਦਾਂ ਵਿੱਚ ਵਰਣਿਤ ਸਿਰਜਨਹਾਰ ਨੂੰ ਭੁਲਾ ਦਿੱਤਾ ਹੈ।

ਸ਼੍ਰੀਮਦ ਭਗਵਤ ਗੀਤਾ ਅਧਿਆਇ 4 ਸ਼ਲੋਕ 25 ਤੋਂ 29 ਤੱਕ ਏਹੀ ਦੱਸਿਆ ਹੈ ਕਿ ਜਿਹੜਾ ਸਾਧਕ ਜਿਹੜੀ ਵੀ ਸਾਧਨਾ ਕਰਦਾ ਹੈ ਉਸ ਨੂੰ ਸਭ ਤੋਂ ਵਧੀਆ (ਸਰਵਉਚ) ਮੰਨ ਕੇ ਕਰ ਰਿਹਾ ਹੁੰਦਾ ਹੈ, ਸਾਰੇ ਸਾਧਕ ਆਪਣੀ-ਆਪਣੀ ਭਗਤੀ ਨੂੰ ਪਾਪਨਾਸ਼ ਕਰਨ ਵਾਲੀ ਮੰਨਦੇ ਹਨ।

ਗੀਤਾ ਅਧਿਆਇ 4 ਸ਼ਲੋਕ 32 ਵਿੱਚ ਇਹ ਸਪੱਸ਼ਟ ਕੀਤਾ ਹੈ ਕਿ ਯੱਗਾਂ ਭਾਵ ਧਾਰਮਿਕ ਰਸਮਾਂ (ਕਿਰਿਆਵਾਂ) ਦਾ ਗਿਆਨ, ਖ਼ੁਦ ਸਚਿਦਾਨੰਦ ਘਨ ਬ੍ਰਹਮ (ਪੂਰਣ

ਪਰਮਾਤਮਾ) ਨੇ ਆਪਣੇ ਵੱਲੋਂ (ਮੂੰਹੋਂ) ਬੋਲੀ ਬਾਣੀ ਵਿੱਚ ਵਿਸਥਾਰ ਨਾਲ ਦੱਸਿਆ ਹੈ, ਓਹ ਤੱਤਵਗਿਆਨ ਹੈ। ਜਿਸ ਨੂੰ ਜਾਣਕੇ ਸਾਧਕ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

ਗੀਤਾ ਅਧਿਆਇ 4 ਸ਼ਲੋਕ 34 ਵਿੱਚ ਸਪੱਸ਼ਟ ਕੀਤਾ ਹੈ ਕਿ ਉਸ ਤੱਤਵਗਿਆਨ ਨੂੰ ਤੱਤਵਦਰਸ਼ੀ ਸੰਤ ਜਾਣਦੇ ਹਨ, ਉਨ੍ਹਾਂ ਨੂੰ ਦੰਡਵਤ ਪ੍ਰਣਾਮ ਕਰਨ ਨਾਲ, ਨਿਮਰਤਾ ਸਹਿਤ ਪ੍ਰਸ਼ਨ ਪੁੱਛਣ ਤੇ ਉਹ ਤੱਤਵਗਿਆਨ ਨੂੰ ਜਾਨਣ ਵਾਲੇ ਗਿਆਨੀ ਮਹਾਤਮਾ ਤੈਨੂੰ ਤੱਤਵ ਗਿਆਨ ਦਾ ਉਪਦੇਸ਼ ਕਰਨਗੇ।

ਉਹ ਤੱਤਵਗਿਆਨ ਜਿਸਨੂੰ ਉੱਪਰ ਦੀ ਬਾਣੀ ਵਿੱਚ ਨਿਰਗੁਣ ਰਾਸਾ ਕਿਹਾ ਹੈ ਨਹੀਂ ਮਿਲਣ ਤੇ ਸਾਰੇ ਸਾਧਕ ਜਨਮ ਮਰਣ ਦੇ ਚੱਕਰ ਵਿੱਚ ਰਹਿ ਗਏ।

ਮਾਰਕੰਡੇ ਰਿਸ਼ੀ ਬ੍ਰਹਮ ਸਾਧਨਾ ਕਰ ਰਿਹਾ ਸੀ। ਸ਼੍ਰੀਮਦ ਭਗਵਤ ਗੀਤਾ ਅਧਿਆਇ 8 ਸ਼ਲੋਕ 16 ਵਿੱਚ ਕਿਹਾ ਹੈ ਕਿ ਬ੍ਰਹਮਲੋਕ ਵਿੱਚ ਗਏ ਸਾਧਕ ਵੀ ਪੁਨਰਾਵਰਤੀ ਅਰਥਾਤ ਵਾਰ ਵਾਰ ਜਨਮ ਮਰਣ ਦੇ ਚੱਕਰ ਵਿੱਚ ਹੀ ਰਹਿੰਦੇ ਹਨ।

ਬਾਣੀ ਸੰਖਿਆ 4 = ਅਸੰਖ ਜਨਮ ਤੋਂਹੇ ਮਰਤਿਆ ਹੋਗੇ ਜੀਵਤ ਕਿਉਂ ਨਾ ਮਰੇ ਰੇ।
ਦਵਾਦਸ਼ ਮੱਧਯ ਮਹਿਲ ਮੱਠ ਬੋਰੇ ਬਹੁਰ ਨਾ ਦੇਹ ਧਰੇ ਰੇ॥

ਭਾਵ ਅਰਥ:- ਹੇ ਮਾਨਵ! ਤੂੰ ਅਨੰਤ ਵਾਰ ਜਨਮ ਅਤੇ ਮਰ ਚੁੱਕਿਆ ਹੈ ਸੱਚੀ ਸਾਧਨਾ ਕਰ ਅਤੇ ਜੀਵਤ ਮਰ। ਜੀਵਤ ਮਰਨ ਤੋਂ ਭਾਵ ਹੈ ਕਿ ਭਗਤ ਨੂੰ ਗਿਆਨ ਹੋ ਜਾਂਦਾ ਹੈ ਕਿ ਇਸ ਸੰਸਾਰ ਦੀ ਹਰੇਕ ਵਸਤੂ ਅਸਥਾਈ ਹੈ। ਇਹ ਸਰੀਰ ਵੀ ਸਥਾਈ ਨਹੀਂ ਹੈ। ਜਨਮ ਮੌਤ ਦਾ ਬਖੇੜਾ ਵੀ ਭਿਆਨਕ ਹੈ ਇਸ ਸੰਸਾਰ ਵਿੱਚ ਦੁੱਖ ਦੇ ਇਲਾਵਾ ਕੁਝ ਨਹੀਂ। ਮਾਨਵ ਜੀਵਨ ਪ੍ਰਾਪਤ ਕਰ ਕੇ ਮੋਕਸ਼ ਪ੍ਰਾਪਤ ਨਹੀਂ ਕੀਤਾ ਤਾਂ ਪਸ਼ੂ ਜਿਹਾ ਜੀਵਨ ਬਤੀਤ ਕੀਤਾ। ਜਿਵੇਂ ਗੀਤਾ ਅਧਿਆਇ 7 ਸ਼ਲੋਕ 29 ਵਿੱਚ ਕਿਹਾ ਹੈ ਕਿ ਜੋ ਸਾਧਕ ਕੇਵਲ ਜਰਾ ਅਰਥਾਤ ਬਿਰਧ ਅਵਸਥਾ ਦੇ ਕਸ਼ਟ ਅਤੇ ਮਰਨ ਦੇ ਦੁੱਖ ਤੋਂ ਹੀ ਮੁਕਤੀ ਦੇ ਲਈ ਜੋ ਸਾਧਨਾਲੀਨ ਹੈ ਉਹ ਤੱਤ ਬ੍ਰਹਮ ਨੂੰ ਅਤੇ ਸੰਪੂਰਨ ਅਧਿਆਤਮ ਨੂੰ ਅਤੇ ਕਰਮਾਂ ਨੂੰ ਜਾਣਦੇ ਹਨ।

ਇਸ ਤਰ੍ਹਾਂ ਤੱਤਵ ਗਿਆਨ ਹੋਣ ਤੋਂ ਬਾਅਦ ਮਨੁੱਖ ਨੂੰ ਗ਼ੈਰ ਜ਼ਰੂਰੀ ਵਸਤੂਆਂ ਦੀ ਇੱਛਾ ਨਹੀਂ ਹੁੰਦੀ। ਤੰਬਾਕੂ ਸ਼ਰਾਬ ਮਾਸ ਦਾ ਸੇਵਨ ਨਹੀਂ ਕਰਦਾ। ਨਾਚ ਗਾਣਾ ਮੂਰਖਾਂ ਦਾ ਕੰਮ ਲੱਗਦਾ ਹੈ ਜਿਹੋ ਜਿਹਾ ਭੋਜਨ ਮਿਲ ਜਾਵੇ ਉਸ ਵਿੱਚ ਹੀ ਸੰਤੁਸ਼ਟ ਰਹਿੰਦਾ ਹੈ।

❖ ਆਤਮ ਕਲਿਆਣ ਕਰਾਉਣ ਦੇ ਲਈ ਸਾਧਕ ਵਿਚਾਰ ਕਰਦਾ ਹੈ ਕਿ ਜੇਕਰ ਮੈਂ ਸਤਿਸੰਗ ਵਿੱਚ ਨਹੀਂ ਆਵਾਂਗਾ ਤਾਂ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਪਾਵਾਂਗਾ। ਸਤਸੰਗ ਵਿਚਾਰ ਨਾ ਸੁਣਨ ਨਾਲ ਮਨ ਫਿਰ ਤੋਂ ਵਿਕਾਰ ਕਰਨ ਲੱਗੇਗਾ ਉਹ ਸਾਧਕ ਸਾਰੇ ਕੰਮ ਛੱਡ ਕੇ ਸਤਿਸੰਗ ਸੁਣਨ ਦੇ ਲਈ ਚੱਲ ਪੈਂਦਾ ਹੈ ਉਹ ਵਿਚਾਰ ਕਰਦਾ ਹੈ ਕਿ ਅਸੀਂ ਹਰ ਰੋਜ਼ ਸੁਣਦੇ ਹਾਂ ਅਤੇ ਦੇਖਦੇ ਹਾਂ ਕਿ ਛੋਟੇ ਛੋਟੇ ਬੱਚਿਆਂ ਨੂੰ ਛੱਡ ਕੇ ਪਿਤਾ ਸੰਸਾਰ ਤੋਂ ਚਲੇ ਜਾਂਦਾ ਹੈ, ਮਰ ਜਾਂਦਾ ਹੈ। ਵੱਡੇ-ਵੱਡੇ ਪੂੰਜੀਪਤੀ ਦੁਰਘਟਨਾ ਵਿੱਚ ਮਰ ਜਾਂਦੇ ਹਨ। ਸਾਰੀ ਸਮਪੱਤੀ ਜੋ ਸਾਰੇ ਜੀਵਨ ਵਿੱਚ ਜੋੜੀ ਸੀ ਉਸ ਨੂੰ ਛੱਡ ਕੇ ਚਲੇ ਜਾਂਦੇ ਹਨ, ਦੁਬਾਰਾ ਉਸ ਸੰਮਪੱਤੀ ਨੂੰ ਸੰਭਾਲਣ ਨਹੀਂ ਆਉਂਦੇ। ਮੌਤ ਤੋਂ ਪਹਿਲਾਂ ਇੱਕ ਦਿਨ ਵੀ ਕੰਮ ਛੱਡਣ ਨੂੰ ਦਿਲ ਨਹੀਂ ਕਰਦਾ ਸੀ, ਹੁਣ ਹਮੇਸ਼ਾ ਲਈ (ਪਰਮਾਨੈਂਟ) ਕੰਮ ਛੁੱਟ ਗਿਆ।

ਇਕ ਭਗਤ ਸਤਿਸੰਗ ਵਿੱਚ ਜਾਣ ਲੱਗ ਪਿਆ। ਨਾਮ ਦੀਕਸ਼ਾ ਲੈ ਲਈ ਗਿਆਨ ਸੁਣਿਆ ਅਤੇ ਭਗਤੀ ਕਰਨ ਲੱਗਿਆ। ਆਪਣੇ ਮਿੱਤਰ ਨੂੰ ਸਤਸੰਗ ਵਿੱਚ ਚੱਲਣ ਅਤੇ ਭਗਤੀ ਕਰਨ ਲਈ ਪ੍ਰਾਰਥਨਾ ਕੀਤੀ। ਪ੍ਰੰਤੂ ਦੋਸਤ ਨਹੀਂ ਮੰਨਿਆ। ਕਹਿ ਦਿੰਦਾ ਕਿ ਕੰਮ ਵਿੱਚ ਵਿਹਲ

ਨਹੀਂ ਹੈ। ਛੋਟੇ ਛੋਟੇ ਬੱਚੇ ਹਨ ਇਨ੍ਹਾਂ ਦਾ ਪਾਲਣ ਪੋਸ਼ਣ ਵੀ ਕਰਨਾ ਹੈ। ਕੰਮ ਛੱਡ ਕੇ ਸਤਿਸੰਗ ਵਿੱਚ ਜਾਣ ਲੱਗਿਆ ਤਾਂ ਸਾਰਾ ਕੰਮ ਚੌਪਟ ਹੋ ਜਾਵੇਗਾ।

ਉਹ ਸਤਿਸੰਗ ਵਿੱਚ ਜਾਣ ਵਾਲਾ ਭਗਤ ਜਦ ਵੀ ਸਤਸੰਗ ਵਿੱਚ ਚੱਲਣ ਦੇ ਲਈ ਆਪਣੇ ਮਿੱਤਰ ਨੂੰ ਕਹਿੰਦਾ ਤਾਂ ਉਹ ਇਹੀ ਕਹਿੰਦਾ ਕਿ ਹਾਲੇ ਕੰਮ ਵਿੱਚ ਫੁਰਸਤ ਨਹੀਂ ਹੈ। ਇਕ ਸਾਲ ਬਾਅਦ ਉਸ ਮਿੱਤਰ ਦੀ ਮੌਤ ਹੋ ਗਈ। ਉਸ ਦੀ ਅਰਥੀ ਚੁੱਕ ਕੇ ਨਗਰ ਵਾਸੀ ਚੱਲੇ। ਨਾਲ ਨਾਲ ਸੈਂਕੜੇ ਨਗਰ ਮੁਹੱਲੇ ਦੇ ਵਿਅਕਤੀ ਵੀ ਨਾਲ ਨਾਲ ਚਲ ਰਹੇ ਸਨ। ਸਭ ਬੋਲ ਰਹੇ ਸੀ ਕਿ ਰਾਮ ਨਾਮ ਸਤ ਹੈ ਸਤ ਬੋਲੇ ਗਤ ਹੈ। ਵਿਅਕਤੀ ਵੀ ਨਾਲ ਨਾਲ ਚੱਲੇ। ਸਾਰੇ ਬੋਲ ਰਹੇ ਸਨ ਕਿ ਰਾਮ ਨਾਮ ਸਤ ਹੈ ਸਤ ਬੋਲੇ ਗ਼ਤ ਹੈ।

ਭਗਤ ਕਹਿ ਰਿਹਾ ਸੀ ਰਾਮ ਨਾਮ ਤੋਂ ਸਤ ਹੈ ਪ੍ਰੰਤੂ ਅੱਜ ਭਾਈ ਨੂੰ ਫੁਰਸਤ ਹੈ ਨਗਰ ਵਾਸੀ ਕਹਿ ਰਹੇ ਸਨ ਸਤ ਬੋਲੇ ਗ਼ਤ ਹੈ ਭਗਤ ਕਹਿ ਰਿਹਾ ਸੀ ਕਿ ਅੱਜ ਭਾਈ ਨੂੰ ਫੁਰਸਤ ਹੈ ਹੋਰ ਵਿਅਕਤੀ ਉਸ ਭਗਤ ਨੂੰ ਕਹਿਣ ਲੱਗੇ ਕਿ ਇਸ ਤਰ੍ਹਾਂ ਨਾ ਬੋਲੇ ਇਸ ਦੇ ਘਰਵਾਲੇ ਬੁਰਾ ਮੰਨਣਗੇ। ਭਗਤ ਨੇ ਕਿਹਾ ਕਿ ਮੈਂ ਤਾਂ ਇਸ ਤਰ੍ਹਾਂ ਹੀ ਬੋਲੂੰਗਾ ਮੈਂ ਇਸ ਮੂਰਖ ਨੂੰ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਸੀ ਕਿ ਸਤਿਸੰਗ ਵਿੱਚ ਚੱਲ ਕੁਝ ਭਗਤੀ ਕਰ ਲੈ ਇਹ ਕਹਿੰਦਾ ਸੀ ਕਿ ਹਾਲੇ ਮੈਨੂੰ ਫੁਰਸਤ ਜਾਂ ਸਮਾਂ ਨਹੀਂ ਹੈ ਅੱਜ ਇਸ ਨੂੰ ਹਮੇਸ਼ਾਂ ਲਈ ਫੁਰਸਤ ਹੈ ਛੋਟੇ ਛੋਟੇ ਬੱਚੇ ਵੀ ਛੱਡ ਕੇ ਚਲਾ ਗਿਆ ਜਿਨ੍ਹਾਂ ਦੇ ਪਾਲਣ ਪੋਸ਼ਣ ਦਾ ਬਹਾਨਾ ਬਣਾ ਕੇ ਪਰਮਾਤਮਾ ਤੋਂ ਦੂਰ ਰਿਹਾ। ਭਗਤੀ ਕਰਦਾ ਤਾਂ ਖਾਲੀ ਹੱਥ ਨਹੀਂ ਜਾਂਦਾ ਕੁਝ ਭਗਤੀ ਧਨ ਲੈ ਕੇ ਜਾਂਦਾ ਬੱਚਿਆਂ ਦਾ ਪਾਲਣ ਪੋਸ਼ਣ ਪਰਮਾਤਮਾ ਕਰਦਾ ਹੈ ਭਗਤੀ ਕਰਨ ਨਾਲ ਸਾਧਕ ਦੀ ਉਮਰ ਵੀ ਪ੍ਰਮਾਤਮਾ ਵਧਾ ਦਿੰਦਾ ਹੈ ਭਗਤਜਨ ਇਹੋ ਜਿਹਾ ਵਿਚਾਰ ਕਰਕੇ ਭਗਤੀ ਕਰਦੇ ਹਨ ਕੰਮ ਤਿਆਗ ਕੇ ਸਤਿਸੰਗ ਸੁਣਨ ਜਾਂਦੇ ਹਨ।

ਭਗਤ ਵਿਚਾਰ ਕਰਦੇ ਹਨ ਕਿ ਰੱਬ ਨਾ ਕਰੇ, ਸਾਡੀ ਮੌਤ ਹੋ ਜਾਵੇ ਫੇਰ ਸਾਡਾ ਕੰਮ ਕੌਣ ਕਰੇਗਾ? ਅਸੀਂ ਮੰਨ ਲੈਂਦੇ ਹਾਂ ਕਿ ਸਾਡੀ ਮੌਤ ਹੋ ਗਈ ਹੈ। ਅਸੀਂ ਤਿੰਨ ਦਿਨ ਲਈ ਸਤਿਸੰਗ ਵਿੱਚ ਚੱਲੀਏ, ਆਪਣੇ ਆਪ ਨੂੰ ਮਰਿਆ ਸਮਝ ਲਓ ਅਤੇ ਸਤਿਸੰਗ ਵਿੱਚ ਚਲੇ ਗਏ। ਵੈਸੇ ਤਾਂ ਪ੍ਰਮਾਤਮਾ ਦੇ ਭਗਤਾਂ ਦਾ ਕੰਮ ਵਿਗੜਦਾ ਨਹੀਂ, ਫਿਰ ਵੀ ਅਸੀਂ ਮੰਨ ਲੈਂਦੇ ਹਾਂ ਕਿ ਜੇ ਸਾਡੀ ਗੈਰ ਹਾਜ਼ਰੀ ਵਿੱਚ ਕੁਝ ਕੰਮ ਵਿਗੜ ਜਾਂਦਾ ਹੈ, ਤਾਂ ਅਸੀਂ ਤਿੰਨ ਦਿਨਾਂ ਬਾਅਦ ਜਾ ਕੇ ਠੀਕ ਕਰ ਲਵਾਂਗੇ। ਸੱਚਮੁੱਚ ਟਿਕਟ ਕੱਟ ਗਈ, ਭਾਵ ਜੇ ਤੁਹਾਡੀ ਮੌਤ ਹੋ ਗਈ, ਤਾਂ ਪਰਮਾਨੈਂਟ ਕੰਮ ਵਿਗੜ ਗਿਆ। ਫਿਰ ਕਦੇ ਵਾਪਸ ਠੀਕ ਕਰਨ ਲਈ ਨਹੀਂ ਆ ਸਕਦਾ। ਇਸ ਸਥਿਤੀ ਨੂੰ ਜੀਵਤ ਮਰਨਾ ਕਿਹਾ ਜਾਂਦਾ ਹੈ।

ਬਾਣੀ ਦਾ ਬਾਕੀ ਭਾਵਅਰਥ:- ਦਵਾਦਸ਼ ਮੱਧਯ ਮਹੱਲ ਮੱਠ ਬੌਰੇ, ਬਹੁਰ ਨ ਦੇਹਿ ਧਰੈ ਰੇ।

ਭਾਵ:- ਸ਼੍ਰੀਮਦ ਭਾਗਵਦ ਗੀਤਾ ਅਧਿਆਇ 15 ਸ਼ਲੋਕ 4 ਵਿੱਚ ਕਿਹਾ ਗਿਆ ਹੈ ਕਿ ਤੱਤਵਗਿਆਨ ਦੀ ਪ੍ਰਾਪਤੀ ਤੋਂ ਬਾਅਦ, ਪਰਮੇਸ਼ਵਰ ਦੇ ਉਸ ਪਰਮ ਪਦ ਦੀ ਖੋਜ ਕਰਨੀ ਚਾਹੀਦੀ ਹੈ, ਜਿਥੇ ਜਾਣ ਤੋਂ ਬਾਅਦ, ਸਾਧਕ ਕਦੇ ਵੀ ਜਗਤ ਵਿੱਚ ਮੁੜ ਕੇ ਨਹੀਂ ਆਉਂਦੇ, ਭਾਵ ਉਹਨਾਂ ਦਾ ਪੁਨਰ ਜਨਮ ਨਹੀਂ ਹੁੰਦਾ। ਉਹ ਫਿਰ ਦੇਹ ਧਾਰਣ ਨਹੀਂ ਕਰਦੇ। ਸੂਕਸ਼ਮਵੇਦ ਦੀ ਇਹ ਬਾਣੀ ਇਹੀ ਸਪੱਸ਼ਟ ਕਰ ਰਹੀ ਹੈ ਕਿ ਉਸ ਪਰਮ ਧਾਮ ਵਿੱਚ ਦਵਾਦਸ਼ ਭਾਵ 12 ਵੇਂ ਦਰਵਾਜ਼ੇ ਨੂੰ ਪਾਰ ਕਰਕੇ ਜਾਇਆ ਜਾਂਦਾ ਹੈ। ਅੱਜ ਤੱਕ ਸਾਰੇ ਰਿਸ਼ੀ-ਮਹਾਰਿਸ਼ੀ, ਸੰਤ, ਮੰਡਲੇਸ਼ਵਰ ਸਿਰਫ 10 ਦਰਵਾਜ਼ੇ ਹੀ ਦੱਸਦੇ ਸਨ ਪਰੰਤੂ ਪਰਮਾਤਮਾ ਕਬੀਰ ਜੀ ਨੇ ਆਪਣੇ ਸਥਾਨ ਨੂੰ ਪ੍ਰਾਪਤ ਕਰਨ ਦਾ ਸਤ ਮਾਰਗ, ਸਤ ਸਥਾਨ ਖੁਦ ਹੀ ਦੱਸਿਆ ਹੈ। ਉਹਨਾਂ ਨੇ 12 ਵਾਂ ਦਰਵਾਜ਼ਾ ਦੱਸਿਆ ਹੈ। ਇਹ ਵੀ ਸਪੱਸ਼ਟ ਹੋ ਗਿਆ ਕਿ ਅੱਜ ਤੱਕ (2012 ਤੱਕ) ਸਾਰੇ

ਰਿਸ਼ੀਆਂ ਸੰਤਾਂ, ਪੰਥਾਂ, ਸੰਪਰਦਾਵਾਂ ਦੀ ਭਗਤੀ ਕਾਲ ਬ੍ਰਹਮ ਤੱਕ ਦੀ ਸੀ। ਜਿਸ ਕਾਰਨ ਜਨਮ ਮਰਨ ਦਾ ਚੱਕਰ ਚਲਦਾ ਰਿਹਾ।

ਬਾਣੀ ਸੰਖਿਆ 5:- ਦੋਜਖ ਬਹਿਸ਼ਤ ਸਭੀ ਤੈਂ ਦੇਖੇ , ਰਾਜ ਪਾਟ ਕੇ ਰਸੀਆ।
ਤੀਨ ਲੋਕ ਸੇ ਤ੍ਰਿਪੱਤ ਨਾਹੀਂ, ਯੌਹ ਮਨ ਭੋਗੀ ਖਸੀਆ।

ਸਰਲ ਅਰਥ:- ਤੱਤਗਿਆਨ ਦੀ ਘਾਟ ਵਿੱਚ, ਪੂਰਨ ਮੁਕਤੀ ਦਾ ਰਸਤਾ ਨਾ ਮਿਲਣ ਦੇ ਕਰਕੇ, ਕਦੇ ਦੋਜਖ ਭਾਵ ਨਰਕ ਵਿੱਚ ਗਏ। ਕਦੇ ਬਹਿਸ਼ਤ ਭਾਵ ਸਵਰਗ ਵਿੱਚ ਗਏ। ਕਦੇ ਰਾਜਾ ਬਣ ਕੇ ਅਨੰਦ ਲਿਆ। ਜੇਕਰ ਇਸ ਮਨੁੱਖ ਨੂੰ ਤਿੰਨ ਲੋਕ ਦਾ ਰਾਜ ਵੀ ਦੇ ਦੇਈਏ, ਤਾਂ ਵੀ ਸੰਤੁਸ਼ਟੀ ਨਹੀਂ ਹੁੰਦੀ।

ਉਦਾਹਰਣ:- ਜੇ ਕੋਈ ਪਿੰਡ ਦਾ ਸਰਪੰਚ ਬਣ ਜਾਂਦਾ ਹੈ ਤਾਂ ਉਹ ਚਾਹੁੰਦਾ ਹੈ ਕਿ ਵਿਧਾਇਕ ਬਣਾ ਤਾਂ ਮਜਾ ਹੋਵੇ। ਵਿਧਾਇਕ ਬਣਕੇ ਇੱਛਾ ਕਰਦਾ ਹੈ ਕਿ ਮੰਤਰੀ ਬਣਾ ਤਾਂ ਗੱਲ ਬਣਾ ਤਾਂ ਗੱਲ ਕੁੱਝ ਅਲੱਗ ਹੋ ਜਾਵੇਗੀ। ਮੰਤਰੀ ਬਣਕੇ ਇੱਛਾ ਕਰਦਾ ਹੈ ਕਿ ਮੁੱਖ - ਮੰਤਰੀ ਬਣਾ ਤਾਂ ਪੂਰੀ ਚੌਧਰ ਹੋਵੇ। ਇਸਦਾ ਅਲੱਗ ਹੀ ਆਨੰਦ ਹੋਵੇ। ਸਾਰੇ ਰਾਜ ਤੇ ਕਮਾਂਡ ਚੱਲੇਗੀ। ਮੁੱਖਮੰਤਰੀ ਬਣਨ ਤੋਂ ਬਾਅਦ ਪ੍ਰਬਲ ਇੱਛਾ ਹੁੰਦੀ ਹੈ ਕਿ ਮੈਂ ਹੁਣ ਪ੍ਰਧਾਨ ਮੰਤਰੀ ਬਣਾ ਤਾਂ ਜੀਵਨ ਦੀ ਸਫ਼ਲਤਾ ਹੈ। ਤਦ ਤੱਕ ਜੀਵਨ ਲੀਲਾ ਸਮਾਪਤ ਹੋ ਜਾਂਦੀ ਹੈ। ਫਿਰ ਗਧਾ ਬਣਕੇ ਘੁਮਿਆਰ ਦੇ ਡੰਡੇ ਖਾ ਰਿਹਾ ਹੋਹੋਵੇਗਾ। ਇਸ ਕਰਕੇ ਤੱਤਵ ਗਿਆਨ ਵਿੱਚ ਸਮਝਾਇਆ ਹੈ ਕਿ ਕਾਲ ਬ੍ਰਹਮ ਦੁਆਰਾ ਬਣਾਏ ਸਵਰਗ - ਨਰਕ ਅਤੇ ਰਾਜ ਦੀ ਪ੍ਰਾਪਤੀ ਦੇ ਭੁੱਲ - ਭੁਲੇਖੇ ਵਿੱਚ ਸਾਰਾ ਜੀਵਨ ਵਿਅਰਥ ਕਰ ਦਿੱਤਾ।

ਇੱਕ ਇਬਰਾਹਿਮ ਸੁਲਤਾਨ ਅਧਮ ਨਾਮ ਦਾ ਬਲ਼ਖ ਸ਼ਹਿਰ ਦਾ ਰਾਜਾ ਸੀ। ਉਹ ਪਿਛਲੇ ਜਨਮ ਦਾ ਬਹੁਤ ਚੰਗਾ ਭਗਤ ਸੀ। ਪਰ ਵਰਤਮਾਨ ਵਿੱਚ ਉਹ ਐਸ਼ ਵਿੱਚ ਮਸਤ ਹੋ ਕੇ ਰੱਬ ਨੂੰ ਭੁੱਲ ਚੁੱਕਾ ਸੀ। ਰਾਜ ਦੇ ਠਾਠ ਵਿੱਚ ਅਤੇ ਮਹਿਲਾਂ ਵਿੱਚ ਆਨੰਦ ਮੰਨ ਬੈਠਾ ਸੀ। ਇੱਕ ਦਿਨ ਪਰਮਾਤਮਾ ਸਤਲੋਕ ਤੋਂ ਆਕੇ ਇੱਕ ਮੁਸਾਫ਼ਿਰ ਦਾ ਰੂਪ ਬਣਾਕੇ ਰਾਜੇ ਦੇ ਦਰਬਾਰ ਗਏ ਅਤੇ ਕਿਹਾ ਕਿ ਸਰਾਂ ਵਾਲੇ! ਇੱਕ ਕਮਰਾ ਕਿਰਾਏ ਤੇ ਦੇ, ਪੈਸੇ ਦਸ, ਰਾਤ ਕੱਟਣੀ ਹੈ। ਰਾਜੇ ਨੇ ਕਿਹਾ ਹੇ ਭੋਲੇ ਯਾਤਰੀ! ਇਹ ਤੁਹਾਨੂੰ ਸਰਾਂ ਦਿਖਾਈ ਦਿੰਦੀ ਹੈ? ਮੈਂ ਰਾਜਾ ਹਾਂ ਅਤੇ ਇਹ ਮੇਰਾ ਮਹਿਲ ਹੈ। ਮੁਸਾਫਿਰ ਰੂਪ ਵਿੱਚ ਪਰਮਾਤਮਾ ਨੇ ਪੁੱਛਿਆ ਤੁਹਾਡੇ ਤੋਂ ਪਹਿਲਾਂ ਇਸ ਮਹਿਲ ਵਿੱਚ ਕੌਣ ਰਹਿੰਦੇ ਸਨ? ਰਾਜਾ ਨੇ ਕਿਹਾ ਕਿ ਮੇਰੇ ਪਿਓ, ਦਾਦਾ - ਪੜਦਾਦਾ ਰਹਿੰਦੇ ਸਨ। ਮੁਸਾਫਿਰ ਰੂਪ ਵਿੱਚ ਪਰਮਾਤਮਾ ਨੇ ਪੁੱਛਿਆ ਕਿ ਤੁਸੀਂ ਇੱਥੇ ਕਿੰਨ੍ਹੇ ਦਿਨ ਰਹੋਗੇ? ਰਾਜਾ ਨੇ ਕਿਹਾ ਕਿ ਇੱਕ ਦਿਨ ਮੈਂ ਵੀ ਚਲਾ ਜਾਵਾਂਗਾ, ਇਹਨਾਂ ਨੂੰ ਛੱਡ ਕੇ।
ਪਰਮੇਸ਼ਵਰ ਬੋਲੇ ਕਿ ਇਹ ਸਰਾਂ ਨਹੀਂ ਤਾਂ ਹੋਰ ਕੀ ਹੈ? ਇਹ ਸਰਾਂ ਹੈ। ਜਿਵੇਂ ਤੇਰੇ ਪਿਓ ਦਾਦੇ ਚਲੇ ਗਏ ਉਸ ਤਰ੍ਹਾਂ ਤੂੰ ਵੀ ਚਲਾ ਜਾਵੇਗਾ, ਇਸਕਰਕੇ ਮੈਂ ਇਸ ਮਹਿਲ ਨੂੰ ਧਰਮਸ਼ਾਲਾ ਦਸਿਆ ਹੈ। ਰਾਜੇ ਨੂੰ ਵਾਸਤਵਿਕਤਾ ਦਾ ਗਿਆਨ ਹੋਇਆ। ਸੰਸਾਰ ਦੀ ਇੱਛਾ ਛੱਡ ਕੇ ਆਤਮ ਕਲਿਆਣ ਕਰਵਾਇਆ। ਹਮੇਸ਼ਾ ਰਹਿਣ ਵਾਲਾ ਸੁੱਖ ਅਤੇ ਅਮਰ ਜੀਵਨ ਪ੍ਰਾਪਤ ਕਰਨ ਲਈ ਦੀਕਸ਼ਾ ਲਿਤੀ ਅਤੇ ਸਾਰਾ ਜੀਵਨ ਭਗਤੀ ਕੀਤੀ, ਅਪਨਾ ਮਾਨਵ ਜੀਵਨ ਸਫਲ ਕੀਤਾ ।

ਬਾਣੀ ਸੰਖਿਆ 6:- ਸਤਿਗੁਰੂ ਮਿਲੇ ਤੋਂ ਇੱਛਾ ਮੇਟੈ, ਪਦ ਮਿਲ ਪਦੇ ਸਮਾਨਾ।
ਚਲ ਹੰਸਾ ਉਸ ਲੋਕ ਪਠਾਊਂ, ਜਹਾਂ ਆਦਿ ਅਮਰ ਅਸਥਾਨਾ।

ਸਰਲ ਅਰਥ:- ਜੇਕਰ ਤੱਤਵ ਦਰਸ਼ੀ ਸੰਤ ਮਿਲ ਜਾਵੇ ਤਾਂ ਉਪਰੋਕਤ ਗਿਆਨ ਦਸਕੇ ਕਾਲ ਬ੍ਰਹਮ ਦੇ ਲੋਕ ਦੀਆਂ ਸਾਰੀਆਂ ਵਸਤਾਂ ਅਤੇ ਪਦਾਂ ਤੋਂ ਇੱਛਾ ਸਮਾਪਤ ਕਰਕੇ "ਪਦ ਮਿਲ ਪਦੇ ਸਮਾਨਾ" ਇਸ ਵਿੱਚ ਇੱਕ 'ਪਦ' ਦਾ ਅਰਥ ਹੈ ਸ਼ਾਸਤਰ ਅਨੁਸਾਰ ਸਾਧਨਾ ਜਿਸਨੂੰ

ਪ੍ਰਾਪਤ ਕਰਕੇ ਸਾਧਕ ਉਸ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਸਨੂੰ ਪਾਉਣ ਤੋਂ ਬਾਅਦ ਸਾਧਕ ਮੁੜ ਸੰਸਾਰ ਵਿੱਚ ਨਹੀਂ ਆਉਂਦਾ। ਹੇ ਭਗਤ! ਚਲ ਤੈਨੂੰ ਉਸ ਲੋਕ ਵਿੱਚ ਭੇਜ ਦੇਵਾਂ ਜੋ ਆਦਿ ਅਮਰ ਸਥਾਨ ਹੈ ਭਾਵ ਗੀਤਾ ਅਧਿਆਇ 18 ਸਲੋਕ 62 ਵਿੱਚ ਵਰਣਿਤ ਸਨਾਤਨ ਪਰਮ ਧਾਮ ਹੈ ਜਿੱਥੇ ਪਰਮ ਸ਼ਾਂਤੀ ਹੈ।

ਬਾਣੀ ਸੰਖਿਆ 7:- ਚਾਰ ਮੁਕਤੀ ਜਹਾ ਚੰਪੀ ਕਰਤੀ ਮਾਇਆ ਹੋ ਰਹੀ ਦਾਸੀ।
ਦਾਸ ਗਰੀਬ ਅਭਯ ਪਦ ਪਰਸੇ, ਮਿਲੇ ਰਾਮ ਅਵਿਨਾਸ਼ੀ॥

ਸਰਲ ਅਰਥ:- ਉਸ ਸਨਾਤਨ ਪਰਮ ਧਾਮ ਵਿੱਚ ਪਰਮ ਸ਼ਾਂਤੀ ਅਤੇ ਅਤੀਅੰਤ ਸੁੱਖ ਹੈ। ਕਾਲ ਬ੍ਰਹਮ ਦੇ ਲੋਕ ਵਿੱਚ ਚਾਰ ਮੁਕਤੀਆਂ ਮੰਨੀਆਂ ਜਾਂਦੀਆਂ ਹਨ, ਜਿਸਨੂੰ ਪਾ ਕੇ ਸਾਧਕ ਅਪਣੇ ਆਪ ਨੂੰ ਧੰਨ ਸਮਝਦਾ ਹੈ। ਪਰ ਇਹ ਸਥਾਈ ਨਹੀਂ ਹਨ। ਕੁਝ ਸਮੇਂ ਬਾਅਦ ਪੁੰਨ ਖਤਮ ਹੋ ਜਾਂਦੇ ਹਨ ਅਤੇ ਫਿਰ 84 ਲੱਖ ਪ੍ਰਕਾਰ ਦੀ ਜੂਨੀਆਂ ਵਿੱਚ ਕਸ਼ਟ ਭੁਗਤਦਾ ਹੈ। ਪਰ ਉਸ ਸਤਲੋਕ ਵਿੱਚ 8 ਚਾਰਾਂ ਮੁਕਤੀਆਂ ਵਾਲਾ ਸੁੱਖ ਹਮੇਸ਼ਾ ਬਣਿਆਂ ਰਹੇਗਾ। ਮਾਇਆ ਤੁਹਾਡੀ ਨੌਕਰਾਣੀ ਬਣਕੇ ਰਹਿਗੀ।

ਸੰਤ ਗਰੀਬਦਾਸ ਜੀ ਨੇ ਦੱਸਿਆ ਹੈ ਕਿ ਅਮਰ ਲੋਕ ਵਿੱਚ ਜਾਣ ਤੋਂ ਬਾਅਦ ਪ੍ਰਾਣੀ ਨਿਡਰ ਹੋ ਜਾਂਦਾ ਹੈ ਤੇ ਉਸ ਸਨਾਤਨ ਪਰਮ ਧਾਮ ਵਿੱਚ ਉਹ ਅਵਿਨਾਸ਼ੀ ਰਾਮ ਮਤਲਬ ਪ੍ਰਮੇਸ਼ਵਰ ਮਿਲੇਗਾ। ਇਸ ਲਈ ਪੂਰੇ ਮੋਕਸ਼ ਲਈ ਸ਼ਾਸਤਰ ਅਨੁਸਾਰ ਸਾਧਨਾ ਕਰਨੀ ਚਾਹੀਦੀ ਹੈ ਜਿਸ ਨਾਲ ਉਸ ਭਗਵਾਨ ਤੱਕ ਜਾਇਆ ਜਾ ਸਕਦਾ ਹੈ।

ਉਪਰੋਕਤ ਬਾਣੀ ਅਤੇ ਪਹਿਲਾਂ ਦੱਸੇ ਵਿਵਰਣ ਨਾਲ ਸਪਸ਼ਟ ਹੋਇਆ ਕਿ ਬ੍ਰਹਮਾ ਜੀ, ਵਿਸ਼ਨੂੰ ਜੀ ਤੇ ਸ਼ਿਵ ਜੀ ਅਤੇ ਉਹਨਾਂ ਦੇ ਪਿਤਾ ਕਾਲ ਬ੍ਰਹਮ ਭਾਵ ਸ਼ਰ ਪੁਰਸ਼ ਤੇ ਅਕਸ਼ਰ ਪੁਰਸ਼ ਸਰਵ ਰਾਮ ਭਾਵ ਪ੍ਰਭੂ ਨਾਸ਼ਵਾਨ ਹਨ। ਕੇਵਲ ਪਰਮ ਅਕਸ਼ਰ ਪੁਰਸ਼ ਬ੍ਰਹਮ ਹੀ ਅਵਿਨਾਸ਼ੀ ਰਾਮ ਮਤਲਬ ਪ੍ਰਭੂ ਹੈ। ਇਸ ਪ੍ਰਮੇਸ਼ਵਰ ਦੀ ਭਗਤੀ ਨਾਲ ਹੀ ਪਰਮ ਸ਼ਾਂਤੀ ਤੇ ਸਨਾਤਨ ਪਰਮ ਧਾਮ ਮਤਲਬ ਪੂਰਾ ਮੋਕਸ਼ ਪ੍ਰਾਪਤ ਹੁੰਦਾ ਹੈ ਜਿੱਥੇ ਚਾਰ ਮੁਕਤੀ ਦਾ ਸੁੱਖ ਹਮੇਸ਼ਾ ਮਿਲਦਾ ਹੈ। ਮਾਇਆ ਤੇ ਸਰਵ ਸੁੱਖ ਸੁਵਿਧਾ ਸਾਧਕ ਦੇ ਨੌਕਰ ਦੀ ਤਰ੍ਹਾਂ ਹਾਜ਼ਰ ਰਹਿੰਦੀਆਂ ਹਨ। ਸੂਕਸ਼ਮ ਵੇਦ ਵਿੱਚ ਕਿਹਾ ਹੈ ਕਿ:-

ਮਾਇਆ ਦਾਸੀ ਸੰਤ ਕੀ, ਉਭਅ ਦੇ ਅਸ਼ੀਸ।
ਵਿਲਸੀ ਔਰ ਲਾਤੋ ਛਡੀ, ਸੁਮਰ- ਸੁਮਰ ਜਗਦੀਸ਼॥

ਭਾਵ ਅਰਥ:- ਸਾਰੀਆਂ ਸੁੱਖ ਸੁਵਿਧਾਵਾਂ ਧਨ ਨਾਲ ਹੁੰਦੀਆਂ ਹਨ। ਉਹ ਧਨ ਸ਼ਾਸਤਰਵਿਧੀ ਅਨੁਸਾਰ ਭਗਤੀ ਕਰਨੇ ਵਾਲੇ ਸੰਤ ਭਗਤ ਦੀ ਭਗਤੀ ਦਾ **by product** ਹੁੰਦਾ ਹੈ। ਜਿਵੇਂ ਕਿਸੇ ਨੇ ਕਣਕ ਦੀ ਫਸਲ ਬੀਜੀ ਤਾਂ ਉਸ ਦਾ ਉਦੇਸ਼ ਕਣਕ ਅੰਨ ਪ੍ਰਾਪਤ ਕਰਨਾ ਹੈ। ਪ੍ਰੰਤੂ ਚਾਰਾ ਵੀ ਨਾਲ ਹੀ ਪ੍ਰਾਪਤ ਹੁੰਦਾ ਹੈ। ਚਾਰਾ ਤੂੜੀ ਕਣਕ ਦਾ **by product** ਹੈ। ਇਸੇ ਤਰ੍ਹਾਂ ਸਤ ਸਾਧਨਾ ਕਰਨ ਵਾਲੇ ਨੂੰ ਆਪਣੇ ਆਪ ਮਾਇਆ ਪ੍ਰਾਪਤ ਹੁੰਦੀ ਹੈ। ਸਾਧਕ ਉਸ ਨੂੰ ਭੋਗਦਾ ਹੈ, ਉਹ ਸ਼ਰਨਾ ਵਿੱਚ ਪਈ ਰਹਿੰਦੀ ਹੈ ਤੇ ਧਨ ਦੀ ਕਮੀ ਨਹੀਂ ਹੁੰਦੀ ਲੋੜ ਤੋਂ ਜ਼ਿਆਦਾ ਪ੍ਰਾਪਤ ਹੁੰਦਾ ਹੈ। ਪ੍ਰਮੇਸ਼ਵਰ ਦੀ ਭਗਤੀ ਕਰਕੇ ਮਾਇਆ ਦਾ ਅਨੰਦ ਵੀ ਭਗਤ, ਸੰਤ ਪ੍ਰਾਪਤ ਕਰਦੇ ਹਨ ਤੇ ਪੂਰਨ ਮੋਕਸ਼ ਵੀ ਪ੍ਰਾਪਤ ਕਰਦੇ ਹਨ।

# ਭਗਤੀ ਤੋਂ ਭਗਵਾਨ ਤੱਕ ਕਿਵੇਂ ਪਹੁੰਚਾਂਗੇ?

ਪ੍ਰਸ਼ਨ:- ਉਸ ਪ੍ਰਮੇਸ਼ਵਰ (ਪਰਮ ਅਕਸ਼ਰ ਬ੍ਰਹਮ) ਨੂੰ ਕਿਵੇਂ ਪ੍ਰਾਪਤ ਕਰਾਂਗੇ?

ਉੱਤਰ:- ਪ੍ਰਮੇਸ਼ਵਰ ਪ੍ਰਾਪਤੀ ਲਈ ਨਾਮ ਦਾ ਜਾਪ ਕਰਨਾ ਹੁੰਦਾ ਹੈ। ਸੂਕਸ਼ਮ ਵੇਦ ਵਿੱਚ ਲਿਖਿਆਂ ਹੈ:-

ਕਬੀਰ, ਕਲਯੁੱਗ ਮੇਂ ਜੀਵਨ ਥੋੜਾ ਹੈ, ਕੀਜੇ ਬੇਗ ਸੰਭਾਰ।
ਯੋਗ ਸਾਧਨਾ ਬਨੇ ਨਹੀਂ, ਕੇਵਲ ਨਾਮ ਅਧਾਰ॥
ਕਲਯੁੱਗ ਕੇਵਲ ਨਾਮ ਅਧਾਰਾ ਸੁਮਰ ਸੁਮਰ ਨਰ ਉਤਰੇ ਪਾਰ। (ਰਾਮਾਇਣ )
ਕਬੀਰ, ਨਾਮ ਲਿਏ ਤਿਨ ਸਭ ਲਿਏ ਸਫਲ ਵੇਦ ਕਾ ਭੇਦ।
ਬਿਨ ਨਾਮ ਨਰਕੇ ਪੜਾ, ਪੜਕੇ ਚਾਰੋ ਵੇਦ॥

ਭਾਵ ਅਰਥ:- ਪੂਰਬ ਦੇ ਯੁੱਗਾਂ ਵਿੱਚ ਮਾਨਵ ਦੀ ਉਮਰ ਲੰਬੀ ਹੁੰਦੀ ਸੀ। ਰਿਸ਼ੀ ਤੇ ਸਾਧਕ ਹਠਯੋਗ ਕਰਕੇ ਹਜ਼ਾਰਾਂ ਸਾਲਾ ਤੱਕ ਤਪ ਸਾਧਨਾ ਕਰਦੇ ਰਹਿੰਦੇ ਸਨ। ਹੁਣ ਕਲਯੁੱਗ ਵਿੱਚ ਮਨੁੱਖ ਦੀ ਉਮਰ ਲਗਭਗ 75,80 ਸਾਲ ਰਹਿ ਗਈ। ਇੰਨੇ ਘੱਟ ਸਮੇਂ ਵਿੱਚ ਅੱਜ ਪਹਿਲਾਂ ਦੀ ਤਰ੍ਹਾਂ ਹਠ ਯੋਗ ਨਹੀਂ ਕਰ ਸਕਦੇ। ਇਸ ਲਈ ਜਲਦੀ ਹੀ ਗੁਰੂ ਜੀ ਤੋਂ ਨਾਮ ਦਾਨ ਲੈ ਕੇ ਆਪਣੇ ਜੀਵਨ ਦਾ ਬਾਕੀ ਬਚਿਆ ਸਮਾਂ ਸੰਭਾਲ ਲਈਏ। ਭਗਤੀ ਕਰਕੇ ਇਸਦਾ ਸਹੀ ਉਪਯੋਗ ਕਰ ਲੋ। ਜੇਕਰ ਕੋਈ ਵਿਅਕਤੀ ਚਾਰਾਂ ਵੇਦਾਂ ਨੂੰ ਪੜ੍ਹਦਾ ਰਿਹਾ ਅਤੇ ਨਾਮ ਜਾਪ ਕੀਤਾ ਨਹੀਂ ਤਾਂ ਉਹ ਭਗਤੀ ਦੀ ਸ਼ਕਤੀ ਤੋਂ ਰਹਿਤ ਹੋ ਕੇ ਨਰਕ ਵਿੱਚ ਡਿੱਗੇਗਾ ਅਤੇ ਜਿਸਨੇ ਵਿਧੀਵਤ ਦੀਕਸ਼ਾ ਲੈ ਕੇ ਨਾਮ ਜਾਪ ਕੀਤਾ ਤਾਂ ਸਮਝ ਲਓ ਉਸਨੇ ਸਾਰੇ ਵੇਦਾਂ ਦਾ ਭੇਦ ਜਾਣ ਲਿਆ। ਉਦਾਹਰਣ ਦੇ ਲਈ ਜਿਵੇਂ ਕੋਈ ਦਵਾਈ ਦੀ ਕੀਤਾਬ ਨੂੰ ਪੜ੍ਹਦਾ ਰਿਹਾ, ਇਲਾਜ਼ ਕਰਾਇਆ ਨਹੀਂ ਤਾਂ ਉਹ ਜੀਵਨ ਤੋਂ ਹੱਥ ਧੋ ਬੈਠੇਗਾ ਅਤੇ ਜਿਸਨੇ ਡਾਕਟਰ ਤੋਂ ਬਿਮਾਰੀ ਦੇ ਲੱਛਣ ਸੁਣੇ ਅਤੇ ਇਲਾਜ਼ ਕਰਵਾਇਆ, ਦਵਾਈ ਖਾਧੀ ਤਾਂ ਉਸਨੇ ਆਪਣੇ ਜੀਵਨ ਦੀ ਰੱਖਿਆ ਕਰ ਲਈ। ਮੰਨ ਲਓ ਉਸਨੇਂ ਤਾਂ ਦਵਾਈ ਦੀ ਕੀਤਾਬ ਦਾ ਰਹੱਸ ਜਾਣ ਲਿਆ। ਉਸਨੂੰ ਦਵਾਈ ਦੀ ਪੁਸਤਕ ਪੜ੍ਹਨ ਦੀ ਕੋਈ ਜਰੂਰਤ ਨਹੀਂ।

ਪ੍ਰਸ਼ਨ:- ਇਲਾਜ਼ ਵੀ ਚਲਦਾ ਰਹੇ ਅਤੇ ਦਵਾਈ ਦੀ ਕੀਤਾਬ ਵੀ ਪੜਦਾ ਰਹੇ ਅਰਥਾਤ ਨਾਮ ਵੀ ਜਪਦਾ ਰਹੇ, ਵੇਦਾਂ ਨੂੰ ਵੀ ਪੜ੍ਹਦਾ ਰਹੇ ਇਸ ਵਿੱਚ ਕੀ ਨੁਕਸਾਨ ਹੈ?

ਉੱਤਰ:- ਕੋਈ ਨੁਕਸਾਨ ਨਹੀਂ ਹੈ ਪਰ ਕੋਈ ਸਮਝਦਾਰੀ ਵੀ ਨਹੀਂ ਹੈ।


ਜਿਵੇਂ ਡਾਕਟਰ ਨੇ ਦਵਾਈ ਦੀਆਂ ਕਿਤਾਬਾਂ ਨੂੰ ਪੜ੍ਹਿਆ ਉਸਨੇ ਨੁਸਖ਼ਾ ਤਿਆਰ ਕਰ ਲਿਆ ਉਸ ਇਲਾਜ਼ ਤੋਂ ਰੋਗ ਠੀਕ ਹੋਵੇਗਾ, ਮਰੀਜ਼ ਨੁਸਖ਼ਾ ਵੀ ਤਿਆਰ ਨਹੀਂ ਕਰ ਸਕਦਾ ਫਿਰ ਉਸ ਕੀਤਾਬ ਨਾਲ ਮੱਥਾ ਮਾਰਨ ਦਾ ਕੀ ਮਤਲਬ ਹੈ? ਮੂਰਖਤਾ ਦਾ ਸਬੂਤ ਹੈ।

ਇਸੇ ਤਰਾਂ ਸੰਤ ਸਤਿਗੁਰੂ ਨੇ ਸਾਰੇ ਵੇਦਾਂ ਤੋਂ ਨਾਮ ਰੂਪੀ ਨੁਸਖ਼ਾ ਤਿਆਰ ਕਰ ਰੱਖਿਆ ਹੈ। ਭਗਤ ਸਤਿਗੁਰੂ ਤੋਂ ਉਹ ਨਾਮ ਪ੍ਰਾਪਤ ਕਰ ਕੇ ਜਾਪ ਕਰੇ, ਉਸ ਨੂੰ ਵੇਦਾਂ ਨੂੰ ਪੜ੍ਹਣ ਦੀ ਕੀ ਜਰੂਰਤ ਰਹਿ ਜਾਂਦੀ ਹੈ? ਕੁੱਝ ਨਹੀਂ।

ਹੋਰ ਉਦਾਹਰਣ:- ਜਿਵੇਂ ਇੰਜੀਨਿਅਰ ਨੇ ਮੋਟਰ-ਸਾਈਕਲ ਦਾ ਨੁਸਖ਼ਾ ਤਿਆਰ ਕਰ ਲਿਆ। ਕੰਪਨੀ ਨੇ ਮੋਟਰ-ਸਾਈਕਲ ਬਣਾ ਦਿੱਤਾ। ਤੁਸੀਂ ਮੋਟਰ-ਸਾਈਕਲ ਮੁੱਲ ਲਓ, ਉਹਨੂੰ ਚਲਾਉਣਾ ਸਿੱਖੋ ਤੇ ਸਫ਼ਰ ਕਰੋ। ਕੋਈ ਕਹੇ ਕਿ ਮੋਟਰ-ਸਾਈਕਲ ਵੀ ਚਲਾਉਂਦੇ ਰਹੀਏ ਅਤੇ ਮੋਟਰ-ਸਾਈਕਲ ਬਣਾਉਣ ਵਾਲੇ ਤਰੀਕੇ ਦੀ ਕੀਤਾਬ ਵੀ ਪੜ੍ਹਦੇ ਰਹੀਏ ਤਾਂ ਕੀ ਨੁਕਸਾਨ ਹੈ? ਉੱਤਰ ਹੋਵੇਗਾ ਮੂਰਖ਼ਤਾ ਹੈ। ਜੇ ਕੀਤਾਬ ਪੜ੍ਹ ਵੀ ਲਵੇਗਾ ਤਾਂ ਵੀ ਮੋਟਰ-ਸਾਈਕਲ ਨਹੀਂ ਬਣਾ

ਸਕਦਾ। ਫਿਰ ਕਿਸ ਲਈ ਨਾਮ ਜਾਪ ਕਰਨਾ ਚਾਹੀਦਾ ਹੈ? ਕਿਸੇ ਗ੍ਰੰਥ ਨੂੰ ਪੜ੍ਹਣ ਦੀ ਕੋਈ ਜਰੂਰਤ ਨਹੀਂ ਹੈ।

ਹੁਣ ਉਸੇ ਪ੍ਰਸ਼ਨ ਦਾ ਉੱਤਰ ਅੱਗੇ ਵਧਾਉਂਦੇ ਹਾਂ ਕਿ ਉਸ ਪ੍ਰਮੇਸ਼ਵਰ (ਪਰਮ ਅਕਸ਼ਰ ਬ੍ਰਹਮ) ਨੂੰ ਕਿਵੇਂ ਪ੍ਰਾਪਤ ਕਰ ਸਕਾਂਗੇ? ਸਾਰੇ ਵੇਦਾਂ ਅਤੇ ਸ਼੍ਰੀਮਦ ਭਗਵਤ ਗੀਤਾ ਤੋਂ ਲਏ ਗਏ ਨਾਮਾਂ ਦੇ ਜਾਪ ਦਾ ਮਹਾਂਮੰਤਰ ਤਿਆਰ ਕੀਤਾ ਗਿਆ ਹੈ। ਉਸ ਦੀ ਭਗਤੀ ਸਾਧਨਾ ਕਰਕੇ ਜੀਵ ਪਰਮ ਅਕਸ਼ਰ ਬ੍ਰਹਮ ਤੱਕ ਜਾ ਸਕੇਗਾ। ਹੁਣ ਪੜ੍ਹੋ ਵਿਸਥਾਰਪੂਰਵਕ ਗਿਆਨ ਕਿ "ਕਿਵੇਂ ਮਿਲੇਗਾ ਭਗਵਾਨ" ਜੀਵ ਮਾਨਵ ਸ਼ਰੀਰ ਦੇ ਹਿਰਦੇ ਕਮਲ ਵਿੱਚ ਰਹਿੰਦਾ ਹੈ। ਮਾਨਵ ਸਰੀਰ ਵਿੱਚ ਤ੍ਰਿਕੁਟੀ ਤੋਂ ਪਹਿਲਾਂ ਪੰਜ਼ ਕਮਲ ਬਣੇ ਹਨ, ਜੋ ਰੀੜ੍ਹ ਦੀ ਹੱਡੀ ਦੇ ਨਾਲ-ਨਾਲ ਪੇਟ ਦੇ ਵੱਲ ਬਣੇ ਹਨ। ਇਨ੍ਹਾਂ ਕਮਲਾਂ ਦੇ ਕ੍ਰਮਵਾਰ: ਹੇਠਾਂ ਤੋਂ :-



ਸਰੀਰ (ਪਿੰਡ) ਵਿੱਚ ਕਮਲਾਂ (ਚੱਕਰਾਂ) ਦਾ ਚਿੱਤਰ

1. ਮੂਲ ਕਮਲ:- ਇਸ ਵਿੱਚ ਗਣੇਸ਼ ਜੀ ਦਾ ਨਿਵਾਸ ਹੈ।
2. ਸਵਾਦ ਕਮਲ:- ਇਸ ਵਿੱਚ ਸਾਵਿਤਰੀ ਅਤੇ ਬ੍ਰਹਮਾਂ ਜੀ ਦਾ ਨਿਵਾਸ ਹੈ।
3. ਨਾਭੀ ਕਮਲ:- ਇਸ ਵਿੱਚ ਲਕਸ਼ਮੀ ਅਤੇ ਵਿਸ਼ਨੂੰ ਜੀ ਦਾ ਨਿਵਾਸ ਹੈ।
4. ਹਿਰਦੇ ਕਮਲ:- ਇਸ ਵਿੱਚ ਪਾਰਵਤੀ ਅਤੇ ਸ਼ਿਵਜੀ ਦਾ ਨਿਵਾਸ ਹੈ।
5. ਕੰਠ ਕਮਲ:- ਇਸ ਵਿੱਚ ਦੁਰਗਾ ਜੀ ਦਾ ਨਿਵਾਸ ਹੈ।

ਸਭ ਤੋਂ ਪਹਿਲਾਂ ਅਸੀਂ ਇਨ੍ਹਾਂ ਕਮਲਾਂ ਦੇ ਦੇਵਤਿਆਂ ਤੋਂ ਕਰਜ਼ਾ ਮੁਕਤ ਹੋਣਾ ਹੈ। ਇਨ੍ਹਾਂ ਦੇ ਨਾਮ ਮੰਤਰਾਂ ਦੀ ਸਾਧਨਾ ਭਾਵ ਮਜ਼ਦੂਰੀ ਕਰਨੀ ਹੈ ਜਿਸ ਨਾਲ ਇਹ ਦੇਵਤੇ ਸਾਨੂੰ ਅੱਗੇ ਜਾਣ ਦੇਣਗੇ। ਜੀਵ ਹਿਰਦੇ ਕਮਲ ਤੋਂ ਹੇਠਾਂ ਮੂਲ ਕਮਲ ਵਿੱਚ ਜਾਵੇਗਾ, ਫਿਰ ਉੱਥੋਂ ਸਵਾਦ ਕਮਲ ਵਿੱਚ, ਫਿਰ ਨਾਭੀ ਕਮਲ ਵਿੱਚ, ਫਿਰ ਹਿਰਦੇ ਕਮਲ ਵਿੱਚ, ਫਿਰ ਕੰਠ ਕਮਲ ਵਿੱਚ ਜਾਵੇਗਾ। ਇਸ ਤੋਂ ਬਾਅਦ ਜੀਵ ਤ੍ਰਿਕੁਟੀ ਕਮਲ ਵਿੱਚ ਜਾਵੇਗਾ। ਤ੍ਰਿਕੁਟੀ ਕਮਲ ਉੱਤੇ ਤਿੰਨ ਰਸਤੇ ਹੋ ਜਾਂਦੇ ਹਨ, ਉਸ ਨੂੰ ਤ੍ਰਿਵੈਣੀ ਕਹਿੰਦੇ ਹਨ।

ਵਿਸ਼ੇਸ਼:- ਕਈ ਸੰਤ ਕਹਿੰਦੇ ਹਨ ਕਿ "ਸਾਨੂੰ ਹੇਠਾਂ ਦੀ ਭਗਤੀ ਕਰਨ ਦੀ ਜ਼ਰੂਰਤ ਨਹੀਂ ਹੈ। ਅਸੀਂ ਤਾਂ ਸਿੱਧੇ ਤ੍ਰਿਕੁਟੀ ਵਿੱਚ ਧਿਆਨ ਲਗਾਉਂਦੇ ਹਾਂ"। ਇਹ ਕਹਿਣਾ ਬੱਚਿਆਂ ਵਰਗੀ ਗੱਲ ਹੈ। ਤ੍ਰਿਕੁਟੀ ਬਰਵਾਲਾ ਦਾ ਬੱਸ ਸਟੈਂਡ ਨਹੀਂ ਹੈ। ਪੈਦਲ ਜਾਉ, ਚਾਹੇ ਸਾਇਕਲ ਉੱਤੇ ਚੜ੍ਹ ਕੇ ਪਹੁੰਚ ਜਾਉ। ਤ੍ਰਿਕੁਟੀ ਉੱਤੇ ਜਾਣ ਤੋਂ ਪਹਿਲਾਂ ਬਹੁਤ ਬੈਰੀਅਰ ਹਨ, ਉਨ੍ਹਾਂ ਨੂੰ ਪਾਰ ਕਰਕੇ ਤ੍ਰਿਕੁਟੀ ਉੱਤੇ ਜਾਇਆ ਜਾਵੇਗਾ। ਧਿਆਨ ਲਗਾਉਣ ਨਾਲ ਤ੍ਰਿਕੁਟੀ ਵਿੱਚ ਨਹੀਂ

ਜਾਇਆ ਜਾ ਸਕਦਾ। ਉਸਦੇ ਲਈ ਸਾਰੇ ਕਮਲਾਂ ਤੋਂ ਹੋ ਕੇ ਜਾਣਾ ਪਵੇਗਾ, ਤਦ ਤ੍ਰਿਕੁਟੀ ਵਿੱਚ ਪਹੁੰਚੇਗਾ। ਜੇਕਰ ਧਿਆਨ ਲਗਾ ਲਈਏ ਕਿ ਦਿੱਲੀ ਦੇ ਪੰਜਾਬੀ ਬਾਗ਼ ਜਾਵਾਂਗਾ। ਉਸ ਨਾਲ ਪੰਜਾਬੀ ਬਾਗ਼ ਨਹੀਂ ਜਾਇਆ ਜਾਵੇਗਾ। ਉਸਦੇ ਲਈ ਬਰਵਾਲਾ ਤੋਂ ਹਾਂਸੀ, ਹਾਂਸੀ ਤੋਂ ਦਿੱਲੀ ਦੀ ਬੱਸ ਵਿੱਚ ਬੈਠ ਕੇ ਜਾਇਆ ਜਾਵੇਗਾ। ਇਸੇ ਪ੍ਰਕਾਰ ਤ੍ਰਿਕੁਟੀ ਵਿੱਚ ਜਾਇਆ ਜਾਵੇਗਾ। ਦੂਸਰੇ ਸ਼ਬਦਾਂ ਵਿੱਚ ਤ੍ਰਿਕੁਟੀ ਨੂੰ ਅੰਤਰਰਾਸ਼ਟਰੀ ਹਵਾਈ ਅੱਡਾ ਜਾਣੋਂ। ਤੁਸੀਂ ਸਵਦੇਸ਼ ਆਉਣਾ ਚਾਹੋਗੇ ਤਾਂ ਦੇਸ਼ ਦੀ ਸਰਕਾਰ ਤੋਂ ਕੋਈ ਉਧਾਰ ਬਕਾਇਆ ਨਹੀਂ ਦਾ ਪ੍ਰਮਾਣ (**No Due Certificate**) ਲੈਣਾ ਪਵੇਗਾ। ਹਰੇਕ ਵਿਭਾਗ ਤੋਂ ਲਿਖਵਾਉਣਾ ਪਵੇਗਾ। ਜੇਕਰ ਤੁਹਾਡਾ ਲੈਣ-ਦੇਣ ਬਕਾਇਆ ਨਹੀਂ ਹੋਵੇਗਾ ਤਾਂ ਛੇਤੀ **No Due Certificate** ਬਣ ਜਾਵੇਗਾ। ਫਿਰ ਪਾਸਪੋਰਟ ਅਸਲੀ ਹੋਵੇ, ਤਦ ਅੰਤਰਰਾਸ਼ਟਰੀ ਅੱਡੇ ਉੱਤੇ ਜਾਇਆ ਜਾਵੇਗਾ। ਇਸੇ ਪ੍ਰਕਾਰ ਇਨ੍ਹਾਂ ਸਾਰੇ ਕਮਲਾਂ ਭਾਵ ਵਿਭਾਗਾਂ ਵਿੱਚ ਬੈਠੇ ਦੇਵਤਿਆਂ ਭਾਵ ਸਾਹਿਬਾਂ ਕੋਲੋਂ ਕੋਈ ਬਕਾਇਆ ਨਹੀਂ ਦਾ ਪ੍ਰਮਾਣ ਪੱਤਰ ਲੈ ਕੇ ਜੀਵ ਤ੍ਰਿਕੁਟੀ ਉੱਤੇ ਜਾ ਸਕੇਗਾ।

2. ਤ੍ਰਿਵੇਣੀ ਤੋਂ ਅੱਗੇ ਚੱਲਣ ਲਈ "ਸਤਨਾਮ" ਦੇ ਜਾਪ ਦੀ ਸਾਧਨਾ ਦੀ ਕਮਾਈ ਦੀ ਜ਼ਰੂਰਤ ਪਵੇਗੀ। ਸਤਨਾਮ ਦੋ ਅੱਖਰ ਦਾ ਹੈ। ਇੱਕ ਓਮ (ॐ) ਨਾਮ ਜਾਪ ਹੈ ਜੋ ਸ਼ਰ ਪੁਰਸ਼ ਦਾ ਹੈ। ਦੂਸਰਾ ਤੱਤ ਮੰਤਰ ਹੈ, ਇਹ ਸੰਕੇਤਕ ਹੈ ਜੋ ਉਪਦੇਸ਼ੀ ਨੂੰ ਹੀ ਦੱਸਿਆ ਜਾਂਦਾ ਹੈ।

❖ ਸੰਤਾਂ ਦੀ ਬਾਣੀ ਵਿੱਚ ਕਿਹਾ ਹੈ:-

ਸੋਈ ਗੁਰੂ ਪੂਰਾ ਕਹਾਵੇ। ਜੋ ਦੋ ਅਕਸ਼ਰ ਦਾ ਭੇਦ ਬਤਾਵੇ।
ਏਕ ਛੁਡਾਵੇ ਏਕ ਲਖਾਵੈ, ਤੋ ਪ੍ਰਾਣੀ ਨਿੱਜ ਘਰ ਕੋ ਜਾਵੇ॥

ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :-

ਜੇ ਤੂੰ ਪੜਿਆ ਪੰਡਿਤ, ਬਿਨ ਦੋ ਅਕਸ਼ਰ ਬਿਨ ਦੋ ਨਾਂਵਾਂ।
ਪ੍ਰਣਵਤਿ ਨਾਨਕ ਇੱਕ ਲੰਘਾਵੇ, ਜੇਕਰ ਸੱਚ ਸਮਾਵਾਂ॥

ਪ੍ਰਮੇਸ਼ਵਰ ਕਬੀਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੀ ਹੈ :-

ਕਹਿ ਕਬੀਰ ਅਕਸ਼ਰ ਦੋਏ ਭਾਖ, ਹੋਗਾ ਖ਼ਸਮ ਤੋ ਲੇਗਾ ਰਾਖ।

❖ ਜਦ ਤੁਸੀਂ ਤ੍ਰਿਕੁਟੀ ਤੇ ਪਹੁੰਚੋਗੇ ਤਾਂ ਇਸ ਦਾਸ (ਲੇਖਕ) ਦੇ ਰੂਪ ਵਿੱਚ ਪ੍ਰਮੇਸ਼ਵਰ ਮਿਲਣਗੇ। ਉਹ ਤੁਹਾਨੂੰ ਧਰਮਰਾਜ ਦੇ ਦਰਬਾਰ ਵਿੱਚ ਲੈ ਕੇ ਜਾਣਗੇ, ਜੋ ਖੱਬੇ ਪਾਸੇ ਵਾਲੇ ਰਸਤੇ ਵਿੱਚ ਹੈ। ਧਰਮਰਾਜ ਅਰਥਾਤ ਕਾਲ ਬ੍ਰਹਮ ਦੇ ਨਿਆਂਧੀਸ਼ ਦੇ ਸਾਹਮਣੇ ਪ੍ਰਮੇਸ਼ਵਰ ਗੁਰੂ ਰੂਪ ਧਾਰਨ ਕਰਕੇ ਵਕੀਲ ਦੀ ਭੂਮਿਕਾ ਕਰਨਗੇ। ਸਾਡੇ ਵੇਦ ਅਤੇ ਗੀਤਾ ਪ੍ਰਮਾਤਮਾ ਦਾ ਸੰਵਿਧਾਨ ਹੈ। ਪ੍ਰਮੇਸ਼ਵਰ ਧਰਮਰਾਜ ਨੂੰ ਗੀਤਾ ਅਧਿਆਇ 18 ਸ਼ਲੋਕ 66 ਨੂੰ ਦਿਖਾਣਗੇ, ਜਿਸ ਵਿੱਚ ਲਿਖਿਆ ਹੈ। ਗੀਤਾ ਗਿਆਨ ਦਾਤਾ ਬ੍ਰਹਮ ਨੇ ਕਿਹਾ ਹੈ ਕਿ:-

ਸਰਵ ਧਰਮਾਨ ਪ੍ਰੀਤਜਯ ਮਾਮ, ਏਕਮ ਸ਼ਰਣੰ ਬ੍ਰਜ਼।
ਅਹਿਮ ਤਵਾ ਸਰਵ ਪਾਪੇਭਯਹ ਮੋਕਸ਼ਯਸ਼ਯਾਮੀ ਮਾ ਸ਼ੁਚ॥

ਸਰਲਅਰਥ:- ਬ੍ਰਹਮ ਨੇ ਕਿਹਾ ਹੈ ਕਿ ਮੇਰੀ ਭਗਤੀ ਦੀ ਸਰਵ ਕਮਾਈ ਮੈਨੂੰ ਛੱਡਕੇ ਤੂੰ ਉਸ ਇੱਕ ਜਿਸ ਦੇ ਸਮਾਨ ਕੋਈ ਹੋਰ ਨਹੀਂ ਹੈ ਦੀ ਸ਼ਰਨ ਵਿੱਚ (ਬ੍ਰਜ) ਜਾ। ਮੈਂ ਤੈਨੂੰ ਸਾਰੇ ਪਾਪਾਂ ਤੋਂ ਮੁਕਤ ਕਰ ਦੇਵਾਂਗਾ, ਤੂੰ ਫ਼ਿਕਰ ਨਾ ਕਰ। (ਗੀਤਾ ਅਧਿਆਇ 18 ਸ਼ਲੋਕ 66)

ਉੱਥੇ ਸਤਿਨਾਮ ਦੇ ਦੋ ਅੱਖਰਾਂ ਵਿੱਚੋਂ ਜੋ ॐ ਨਾਮ ਦੀ ਕਮਾਈ ਅਰਥਾਤ ਓਮ ਜਾਪ ਦਾ ਭਗਤੀ ਧੰਨ ਧਰਮਰਾਜ ਦੇ ਦਰਬਾਰ ਵਿੱਚ ਜਮ੍ਹਾ ਕਰਾ ਦਿੱਤਾ ਜਾਵੇਗਾ। ਫਿਰ ਉੱਥੋਂ ਅੱਗੇ

ਚੱਲਾਂਗੇ। ਤ੍ਰਿਵੇਣੀ ਵਿੱਚ ਜੋ ਵਿੱਚਕਾਰ ਦਾ ਰਸਤਾ ਹੈ, ਇਹ ਬ੍ਰਹਮਰੰਦ੍ਰ ਹੈ, ਇਹ ਸਤਿਨਾਮ ਦੇ ਦੂਸਰੇ ਮੰਤਰ ਨਾਲ ਖੁੱਲ੍ਹਦਾ ਹੈ।

ਸਤਿਨਾਮ ਤੋਂ ਬਾਅਦ ਸਾਰਨਾਮ ਵੀ ਸਾਧਕ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜੋ ਪਰਮ ਅਕਸ਼ਰ ਬ੍ਰਹਮ ਅਰਥਾਤ ਸਤਪੁਰਸ਼ ਦਾ ਮੰਤਰ ਹੈ।

ਜਿਵੇਂ ਗੀਤਾ ਅਧਿਆਇ 17 ਸ਼ਲੋਕ 23 ਵਿੱਚ ਕਿਹਾ ਹੈ ਕਿ ਸੱਚਿਦਾਨੰਦ ਘਨ ਬ੍ਰਹਮ ਅਰਥਾਤ ਸਤਪੁਰਸ਼ ਦੀ ਪ੍ਰਾਪਤੀ ਦਾ ਤਿੰਨ ਅੱਖਰ ਦਾ ਮੰਤਰ ਹੈ:- ਓਮ (ॐ), ਤੱਤ, ਸਤ।

❖ "ॐ" ਨਾਮ ਬ੍ਰਹਮ ਅਰਥਾਤ ਸ਼ਰਪੁਰਸ਼ ਦਾ ਹੈ।

❖ "ਤੱਤ" ਮੰਤਰ ਇਹ ਸੰਕੇਤਕ ਹੈ, ਇਹ ਅਕਸ਼ਰ ਪੁਰਸ਼ ਦਾ ਨਾਮ ਜਾਪ ਹੈ।

❖ "ਸਤ" ਇਹ ਸਾਰਨਾਮ ਅਖਵਾਉਂਦਾ ਹੈ, ਸੰਕੇਤਕ ਹੈ, ਉਪਦੇਸ਼ੀ ਨੂੰ ਦੱਸਿਆ ਜਾਂਦਾ ਹੈ। ਇਹ ਪਰਮ ਅਕਸ਼ਰ ਪੁਰਸ਼ ਅਰਥਾਤ ਸਤਪੁਰਸ਼ ਦਾ ਨਾਮ ਜਾਪ ਹੈ।

❖ ਜਦ ਤੁਸੀਂ ਇੱਕੀਵੇਂ ਬ੍ਰਹਮੰਡ ਦੇ ਅੰਤ ਵਿੱਚ ਪਹੁੰਚੋਗੇ ਤਾਂ ਤੁਹਾਡੇ ਨਾਲ ਪ੍ਰਮੇਸ਼ਵਰ ਮੇਰੇ ਦਾਸ (ਸੰਤ ਰਾਮਪਾਲ) ਦੇ ਰੂਪ ਵਿੱਚ ਚੱਲਣਗੇ, ਉੱਥੇ ਗਿਆਰਵਾਂ ਦੁਆਰ ਹੈ। ਇਹ "ਤੱਤ" ਨਾਮ ਨਾਲ ਖੁੱਲ੍ਹੇਗਾ। ਫਿਰ ਅਕਸ਼ਰ ਪੁਰਸ਼ ਦੇ ਸੱਤ ਸੰਖ ਬ੍ਰਹਮੰਡ ਵਾਲੇ ਖ਼ੇਤਰ ਵਿੱਚ ਪ੍ਰਵੇਸ਼ ਕਰ ਜਾਂਵਾਂਗੇ। ਸਤਿਨਾਮ ਦੇ "ਤਤ" ਮੰਤਰ ਦੀ ਕਮਾਈ ਉਥੋਂ ਦੇ ਨਿਆਇਧੀਸ਼ ਦੇ ਦਰਬਾਰ ਵਿੱਚ ਜਮ੍ਹਾ ਕਰਵਾ ਕੇ "ਸਤ" ਮੰਤਰ ਅਰਥਾਤ ਸਾਰਨਾਮ ਦੀ ਸ਼ਕਤੀ ਨਾਲ ਬਾਰ੍ਹਵਾਂ ਦਰਵਾਜਾ ਖੁੱਲ੍ਹੇਗਾ, ਉਸ ਸਾਰਨਾਮ ਦੀ ਕਮਾਈ ਅਸੀਂ ਸਤਲੋਕ ਵਿੱਚ ਲੈ ਕੇ ਜਾਂਵਾਂਗੇ, ਇਹ ਭਗਤੀ ਦੀ ਸ਼ਕਤੀ ਹੀ ਸਾਨੂੰ ਸਤਲੋਕ ਲੈ ਕੇ ਜਾਵੇਗੀ। ਸਾਰਨਾਮ ਦੀ ਭਗਤੀ ਦੀ ਕਮਾਈ ਅਨੰਤ ਗੁਣਾਂ ਸਤਲੋਕ ਵਿੱਚ ਵੱਧ ਜਾਵੇਗੀ, ਇਹ ਪ੍ਰਮੇਸ਼ਵਰ ਦੀ ਕਿਰਪਾ ਹੋਵੇਗੀ। ਉਥੇ ਤੁਹਾਡਾ ਸਾਡਾ ਆਪਣਾ ਘਰ (ਮਹੱਲ) ਮਿਲੇਗਾ, ਉੱਥੇ ਤੁਹਾਡਾ ਫਿਰ ਤੋਂ ਪਰਿਵਾਰ ਜੁੜ ਜਾਵੇਗਾ ਜਿਸ ਤਰਾਂ ਇੱਥੇ ਪਰਿਵਾਰ ਬਣ ਗਿਆ। ਫਿਰ ਉੱਥੇ ਕਦੇ ਜਰਾ ਅਰਥਾਤ ਬੁਢਾਪਾ ਨਹੀਂ ਹੋਵੇਗਾ ਕਦੇ ਮੌਤ ਨਹੀਂ ਹੋਵੇਗੀ। ਉੱਥੇ ਕਿਸੇ ਵਸਤੂ ਦੀ ਘਾਟ ਨਹੀਂ ਹੈ।

ਇਹ ਉਹ ਸਥਾਨ ਹੈ ਜੋ ਗੀਤਾ ਦੇ ਅਧਿਆਇ 18 ਸ਼ਲੋਕ 62 ਅਤੇ ਅਧਿਆਇ 15 ਦੇ ਸ਼ਲੋਕ 4 ਵਿੱਚ ਕਿਹਾ ਹੈ ਕਿ ਹੇ ਅਰਜੁਨ ਤੂੰ ਸਰਵਭਾਵ ਨਾਲ ਉਸ ਪ੍ਰਮੇਸ਼ਵਰ ਦੀ ਸ਼ਰਨ ਵਿੱਚ ਜਾ ਉਸ ਦੀ ਕਿਰਪਾ ਨਾਲ ਹੀ ਤੂੰ ਪਰਮਸ਼ਾਂਤੀ ਤੇ ਪਰਮ ਧਾਮ ਅਰਥਾਤ ਸਤਯਲੋਕ (ਸਤਲੋਕ) ਨੂੰ ਪ੍ਰਾਪਤ ਹੋਵੇਗਾ। (ਗੀਤਾ ਅਧਿਆਇ 18 ਸ਼ਲੋਕ 62)

ਤੱਤਵਦਰਸ਼ੀ ਸੰਤ ਮਿਲਣ ਤੋਂ ਬਾਅਦ ਪ੍ਰਮੇਸ਼ਵਰ ਦੇ ਉਸ ਪਰਮਪਦ ਦੀ ਖ਼ੋਜ ਕਰਨੀ ਚਾਹੀਦੀ ਹੈ ਜਿੱਥੇ ਜਾਣ ਤੋਂ ਬਾਅਦ ਸਾਧਕ ਫਿਰ ਮੁੜ ਕੇ ਸੰਸਾਰ ਵਿੱਚ ਕਦੀ ਨਹੀਂ ਆਉਂਦਾ। (ਗੀਤਾ ਅਧਿਆਇ 15 ਸ਼ਲੋਕ 4)

❖ ਭਗਤੀ ਤੋਂ ਭਗਵਾਨ ਤੱਕ ਪਹੁੰਚਣ ਦੇ ਲਈ ਵਿਚੋਲੇ ਦੀ ਜਰੂਰਤ ਪੈਂਦੀ ਹੈ, ਜਿਸਨੂੰ ਮਾਰਗ ਦਰਸ਼ਕ ਜਾਂ ਗੁਰੂ, ਸਤਿਗੁਰੂ ਕਹਿੰਦੇ ਹਨ।

ਪ੍ਰਸ਼ਨ:- ਕੀ ਗੁਰੂ ਤੋਂ ਬਿਨਾਂ ਭਗਤੀ ਨਹੀਂ ਕਰ ਸਕਦੇ?

ਉੱਤਰ:- ਭਗਤੀ ਕਰ ਸਕਦੇ ਹਾਂ ਪਰ ਬੇਅਰਥ ਯਤਨ ਹੋਵੇਗਾ।

ਪ੍ਰਸ਼ਨ:- ਕਾਰਣ ਦੱਸੋ?

ਉੱਤਰ:- ਇਹ ਪ੍ਰਮਾਤਮਾ ਦਾ ਨਿਯਮ ਹੈ, ਜੋ ਸੂਕਸ਼ਮ ਵੇਦ ਵਿੱਚ ਕਿਹਾ ਹੈ:-

ਕਬੀਰ ਗੁਰੂ ਬਿਨ ਮਾਲਾ ਫੇਰਤੇ, ਗੁਰੂ ਬਿਨ ਦੇਤੇ ਦਾਨ।
ਗੁਰੂ ਬਿਨ ਦੋਨੋਂ ਨਿਸ਼ਫਲ ਹੈ, ਚਾਹੇ ਪੁੱਛੋਂ ਵੇਦ ਪੁਰਾਣ॥
ਕਬੀਰ, ਰਾਮ ਕ੍ਰਿਸ਼ਨ ਸੇ ਕੌਣ ਬੜਾ, ਉਨਹੋਂ ਵੀ ਗੁਰੂ ਕੀਨ।

ਤੀਨ ਲੋਕ ਕਿ ਵੇ ਧਨੀ, ਗੁਰੂ ਆਗੈ ਆਧੀਨ॥
ਕਬੀਰ, ਰਾਮ ਕ੍ਰਿਸ਼ਨ ਬੜੇ ਤਿੰਹੂ ਪੁਰ ਰਾਜਾ।
ਤਿਨ ਗੁਰੂ ਬੰਦ ਕੀਨ ਨਿੱਜ ਕਾਜਾ॥

ਭਾਵਅਰਥ:- ਜੇ ਗੁਰੂ ਧਾਰਨ ਕੀਤੇ ਬਿਨ੍ਹਾਂ ਜੇ ਨਾਮ ਜਾਪ ਦੀ ਮਾਲਾ ਫੇਰਦੇ ਹੋ, ਦਾਨ ਦਿੰਦੇ ਹੋ, ਉਹ ਦੋਨੋ ਬੇਅਰਥ ਹਨ। ਜੇ ਤੁਹਾਨੂੰ ਕੋਈ ਸ਼ੰਕਾਂ ਹੈ ਤਾਂ ਆਪਣੇ ਵੇਦਾਂ ਅਤੇ ਪੁਰਾਣਾਂ ਵਿੱਚ ਪ੍ਰਮਾਣ ਦੇਖੋ।

ਸ਼੍ਰੀਮਦ ਭਗਵਦ ਗੀਤਾ ਚਾਰਾਂ ਵੇਦਾਂ ਦਾ ਸਾਰਅੰਸ਼ ਹੈ। ਗੀਤਾ ਅਧਿਆਇ 2 ਸ਼ਲੋਕ 7 ਵਿੱਚ ਅਰਜੁਨ ਨੇ ਕਿਹਾ ਕਿ ਹੇ ਸ਼੍ਰੀ ਕ੍ਰਿਸ਼ਨ! ਮੈਂ ਆਪ ਜੀ ਦਾ ਸ਼ਿਸ਼ ਹਾਂ, ਆਪਦੀ ਸ਼ਰਣ ਵਿੱਚ ਹਾਂ। ਗੀਤਾ ਅਧਿਆਇ 4 ਸ਼ਲੋਕ 3 ਵਿੱਚ ਸ਼੍ਰੀ ਕ੍ਰਿਸ਼ਨ ਜੀ ਵਿੱਚ ਪ੍ਰਵੇਸ਼ ਕਰਕੇ ਕਾਲ ਬ੍ਰਹਮ ਨੇ ਅਰਜੁਨ ਨੂੰ ਕਿਹਾ ਤੂੰ ਮੇਰਾ ਭਗਤ ਹੈ। ਪੁਰਾਣਾਂ ਵਿੱਚ ਪ੍ਰਮਾਣ ਹੈ ਕਿ ਸ਼੍ਰੀ ਰਾਮਚੰਦਰ ਜੀ ਨੇ ਰਿਸ਼ੀ ਵਿਸ਼ਿਸ਼ਟ ਤੋਂ ਨਾਮ ਦੀਕਸ਼ਾ ਲਈ ਸੀ ਅਤੇ ਆਪਣੇ ਘਰ ਤੇ ਰਾਜ-ਕਾਜ ਵਿੱਚ ਗੁਰੂ ਵਿਸ਼ਿਸ਼ਟ ਜੀ ਦੀ ਆਗਿਆ ਲੈ ਕੇ ਕੰਮ ਕਰਦੇ ਸਨ। ਸ਼੍ਰੀ ਕ੍ਰਿਸ਼ਨ ਜੀ ਨੇ ਰਿਸ਼ੀ ਸੰਦੀਪਨੀ ਜੀ ਤੋਂ ਅੱਖਰ ਗਿਆਨ ਪ੍ਰਾਪਤ ਕੀਤਾ ਅਤੇ ਸ਼੍ਰੀ ਕ੍ਰਿਸ਼ਨ ਜੀ ਦੇ ਅਧਿਆਤਮਿਕ ਗੁਰੂ ਸ਼੍ਰੀ ਦੁਰਵਾਸ਼ਾ ਰਿਸ਼ੀ ਜੀ ਸਨ।

ਕਬੀਰ ਪਰਮੇਸ਼ਵਰ ਜੀ ਸਾਨੂੰ ਸਮਝਾਉਣਾ ਚਾਹੁੰਦੇ ਹਨ ਕਿ ਤੁਸੀਂ ਸ਼੍ਰੀ ਰਾਮ ਅਤੇ ਸ਼੍ਰੀ ਕ੍ਰਿਸ਼ਨ ਜੀ ਤੋਂ ਤਾਂ ਕਿਸੀ ਹੋਰ ਨੂੰ ਵੱਡਾ ਭਾਵ ਸਮਰੱਥ ਨਹੀਂ ਮੰਨਦੇ ਹੋ। ਉਹ ਤਿੰਨ ਲੋਕ ਦੇ ਮਾਲਕ ਸਨ, ਉਨ੍ਹਾਂ ਨੇ ਵੀ ਗੁਰੂ ਬਣਾ ਕੇ ਆਪਣੀ ਭਗਤੀ ਕੀਤੀ, ਜੀਵਨ ਸਫ਼ਲ ਬਣਾਇਆ। ਇਸ ਤੋਂ ਅਸਾਨੀ ਨਾਲ ਗਿਆਨ ਹੋ ਜਾਣਾ ਚਾਹੀਦਾ ਹੈ ਕਿ ਜੇਕਰ ਕੋਈ ਵਿਅਕਤੀ ਗੁਰੂ ਤੋਂ ਬਿਨ੍ਹਾਂ ਭਗਤੀ ਕਰਦਾ ਹੈ ਤਾਂ ਕਿੰਨਾ ਸਹੀ ਹੈ? ਭਾਵ ਵਿਅਰਥ ਹੈ। ਗੁਰੂ ਤੋਂ ਬਿਨ੍ਹਾਂ ਦੇਖਾ-ਦੇਖੀ ਕਹੀ-ਸੁਣੀ ਭਗਤੀ ਨੂੰ ਲੋਕਵੇਦ ਦੇ ਅਨੁਸਾਰ ਭਗਤੀ ਕਹਿੰਦੇ ਹਨ। ਲੋਕਵੇਦ ਦਾ ਅਰਥ ਹੈ, ਕਿਸੀ ਖੇਤਰ ਵਿੱਚ ਪ੍ਰਚਲਿਤ ਭਗਤੀ ਦਾ ਗਿਆਨ ਜੋ ਤੱਤਵਗਿਆਨ ਦੇ ਉਲਟ ਹੁੰਦਾ ਹੈ। ਲੋਕਵੇਦ ਦੇ ਅਧਾਰ ਉੱਤੇ ਇਹ ਦਾਸ (ਸੰਤ ਰਾਮਪਾਲ ਦਾਸ) ਸ਼੍ਰੀ ਹਨੂੰਮਾਨ ਜੀ, ਬਾਬਾ ਸ਼ਾਮ ਜੀ, ਸ਼੍ਰੀ ਰਾਮ, ਸ਼੍ਰੀ ਕ੍ਰਿਸ਼ਨ, ਸ਼੍ਰੀ ਸ਼ਿਵ ਜੀ ਅਤੇ ਦੇਵੀ-ਦੇਵਤਿਆਂ ਦੀ ਭਗਤੀ ਕਰਦਾ ਸੀ। ਹਨੂੰਮਾਨ ਜੀ ਦੀ ਭਗਤੀ ਵਿੱਚ ਮੰਗਲਵਾਰ ਦਾ ਵਰਤ, ਬੂੰਦੀ ਦਾ ਪ੍ਰਸ਼ਾਦ ਵੰਡਣਾ, ਖ਼ੁਦ ਦੇਸੀ ਘਿਉ ਦਾ ਗਿਚ ਚੂਰਮਾ ਖਾਂਦਾ ਸੀ, ਬਾਬਾ ਹਨੂੰਮਾਨ ਨੂੰ ਡਾਲਡਾ ਬਨਸਪਤੀ ਘਿਉ ਦਾ ਬਣਿਆ ਬੂੰਦੀ ਦਾ ਭੋਗ ਲਗਾਉਂਦਾ ਸੀ। ਹਰੇ ਰਾਮ, ਹਰੇਕ੍ਰਿਸ਼ਨ, ਕ੍ਰਿਸ਼ਨ-ਕ੍ਰਿਸ਼ਨ ਹਰੇ-ਹਰੇ ਦਾ ਮੰਤਰ ਜਾਪ ਕਰਦਾ ਸੀ। ਕਿਸੇ ਨੇ ਦੱਸ ਦਿੱਤਾ ਕਿ :-

ਓਮ ਨਾਮ ਸਭ ਸੇ ਬੜਾ, ਇਸ ਸੇ ਬੜਾ ਨਾਮ ਕੋਇ।
ਓਮ (ॐ) ਨਾਮ ਕਾ ਜਾਪ ਕਰੇ, ਤੋ ਸ਼ੁੱਧ ਆਤਮਾ ਹੋਇ॥

ਇਸ ਕਾਰਣ ਤੋਂ ਓਮ ਨਾਮ ਦਾ ਜਾਪ ਸ਼ੁਰੂ ਕਰ ਦਿੱਤਾ। ਓਮ ਨਮੋ ਸ਼ਿਵਾਯ, ਇਹ ਸ਼ਿਵ ਜੀ ਦਾ ਮੰਤਰ ਜਾਪ ਕਰਦਾ ਸੀ। ਓਮ ਨਮੋ ਭਗਵਤੇ ਵਾਸੁਦੇਵਾਯ: ਨਮ: ਇਹ ਵਿਸ਼ਨੂੰ ਜੀ ਦਾ ਜਾਪ ਕਰਦਾ ਸੀ। ਤੀਰਥਾਂ ਉੱਤੇ ਜਾਣਾ, ਦਾਨ ਕਰਨਾ, ਉੱਥੇ ਇਸ਼ਨਾਨ ਕਰਨਾ, ਇਹ ਵੀ ਲੋਕਵੇਦ ਦੇ ਅਧਾਰ ਉੱਤੇ ਕਰਨ ਜਾਂਦਾ ਸੀ।

ਜਿਵੇਂ ਘਰ ਵਿੱਚ ਸੁੱਖ ਹੁੰਦੇ ਸਨ ਤਾਂ ਮੈਂ ਮੰਨਦਾ ਸੀ ਕਿ ਇਹ ਮੇਰੀ ਉਪਰੋਕਤ ਭਗਤੀ ਦੇ ਕਾਰਣ ਹੋ ਰਹੇ ਹਨ। ਜਿਵੇਂ ਜਮਾਤ ਵਿੱਚ ਪਾਸ ਹੋਣਾ, ਵਿਆਹ ਹੋਣਾ, ਪੁੱਤਰ ਅਤੇ ਪੁੱਤਰੀਆਂ ਦਾ ਜਨਮ ਹੋਣਾ, ਨੌਕਰੀ ਲੱਗਣਾ। ਇਹ ਸਾਰੇ ਸੁੱਖ ਉਪਰੋਕਤ ਭਗਤੀ ਸਾਧਨਾ ਤੋਂ ਹੀ ਮੰਨਦਾ ਸੀ। ਕਬੀਰ ਪਰਮੇਸ਼ਵਰ ਜੀ ਨੇ ਸੂਖਸ਼ਮ ਵੇਦ ਵਿੱਚ ਕਿਹਾ ਹੈ:-

ਕਬੀਰ, ਪੀਛੇ ਲਾਗਿਆ ਜਾਊਂ ਥਾ, ਮੈਂ ਲੋਕ ਵੇਦ ਕੇ ਸਾਥ।
ਰਸਤੇ ਮੇਂ ਸਤਿਗੁਰੂ ਮਿਲੇ, ਦੀਪਕ ਦੀਨਹਾ ਹਾਥ॥

ਭਾਵ ਅਰਥ ਹੈ ਕਿ ਸਾਧਕ ਲੋਕਵੇਦ ਭਾਵ ਦੰਤ ਕਥਾ ਦੇ ਅਧਾਰ ਉੱਤੇ ਭਗਤੀ ਕਰ ਰਿਹਾ ਸੀ। ਉਸ ਸ਼ਾਸਤਰ ਵਿਰੁੱਧ ਸਾਧਨਾ ਦੇ ਮਾਰਗ ਉੱਤੇ ਚੱਲ ਰਿਹਾ ਸੀ। ਰਸਤੇ ਮੇਂ ਭਾਵ ਇੱਕ ਦਿਨ ਤੱਤਵਦਰਸ਼ੀ ਸੰਤ ਭਗਤੀ ਦੇ ਮਾਰਗ ਉੱਤੇ ਮਿਲ ਗਏ। ਉਨ੍ਹਾਂ ਨੇ ਸ਼ਾਸਤਰ ਵਿਧੀ ਅਨੁਸਾਰ ਸ਼ਾਸਤਰ ਪ੍ਰਮਾਣਿਤ ਸਾਧਨਾ ਰੂਪੀ ਦੀਪਕ ਦੇ ਦਿੱਤਾ ਭਾਵ ਸਤਿ ਸ਼ਾਸਤਰ ਅਨੁਕੂਲ ਸਾਧਨਾ ਦਾ ਗਿਆਨ ਕਰਾਇਆ ਤਾਂ ਜੀਵਨ ਨਸ਼ਟ ਹੋਣ ਤੋਂ ਬਚ ਗਿਆ। ਸਤਿਗੁਰੂ ਦੁਆਰਾ ਦੱਸੇ ਤੱਤਵਗਿਆਨ ਦੀ ਰੌਸ਼ਨੀ ਵਿੱਚ ਪਤਾ ਚੱਲਿਆ ਕਿ ਮੈਂ ਗਲਤ ਭਗਤੀ ਕਰ ਰਿਹਾ ਸੀ। ਸ਼੍ਰੀ ਮਦ ਭਗਵਤ ਗੀਤਾ ਅਧਿਆਇ 16 ਸ਼ਲੋਕ 23,24 ਵਿੱਚ ਕਿਹਾ ਹੈ ਕਿ ਸ਼ਾਸਤਰ ਵਿਧੀ ਨੂੰ ਤਿਆਗ ਕੇ ਜੋ ਸਾਧਕ ਮਨਮਾਨਾ ਆਸ਼ਰਣ ਕਰਦੇ ਹਨ, ਉਨ੍ਹਾਂ ਨੂੰ ਨਾ ਤਾਂ ਕੋਈ ਸੁੱਖ ਹੁੰਦਾ ਹੈ, ਨਾ ਸਿੱਧੀ ਪ੍ਰਾਪਤ ਹੁੰਦੀ ਹੈ ਅਤੇ ਨਾ ਹੀ ਗਤੀ ਭਾਵ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ ਭਾਵ ਵਿਅਰਥ ਸਾਧਨਾ ਹੈ। ਫਿਰ ਗੀਤਾ ਅਧਿਆਇ 16 ਸ਼ਲੋਕ 24 ਵਿੱਚ ਕਿਹਾ ਹੈ ਕਿ ਅਰਜੁਨ! ਇਸ ਤੋਂ ਤੇਰੇ ਲਈ ਕਰਤੱਵ ਅਤੇ ਅਕਰਤੱਵ ਦੀ ਵਿਵਸਥਾ ਵਿੱਚ ਸ਼ਾਸਤਰ ਹੀ ਪ੍ਰਮਾਣ ਹਨ।

ਜੋ ਉਪਰੋਕਤ ਸਾਧਨਾ ਇਹ ਦਾਸ (ਸੰਤ ਰਾਮਪਾਲ ਦਾਸ) ਅਤੇ ਪੂਰਾ ਹਿੰਦੂ ਸਮਾਜ ਕਰ ਰਿਹਾ ਹੈ,ਓਹ ਗੀਤਾ ਅਤੇ ਵੇਦਾਂ ਵਿੱਚ ਨਾ ਵਰਣਿਤ ਹੋਣ ਕਰਕੇ ਸ਼ਾਸਤਰ ਵਿਰੁੱਧ ਸਾਧਨਾ ਹੋਈ ਜੋ ਕਿ ਵਿਅਰਥ ਹੈ।

ਕਬੀਰ, ਗੁਰੂ ਬਿਨ ਕਾਹੂ ਨਾ ਪਾਇਆ ਗਿਆਨਾ, ਜਿਓਂ ਥੋਥਾ ਭੁੱਸ ਛੜੇ ਮੂਡ ਕਿਸਾਨਾ।
ਕਬੀਰ, ਗੁਰੂ ਬਿਨ ਵੇਦ ਪੜ੍ਹੇ ਜੋ ਪ੍ਰਾਣੀ, ਸਮਜੈ ਨਾ ਸਾਰ ਰਹੇ ਅਗਿਆਨੀ॥

ਇਸਲਈ ਗੁਰੂ ਜੀ ਤੋਂ ਸ਼ਾਸਤਰ ਗਿਆਨ ਲੈਣਾ ਚਾਹੀਦਾ ਹੈ, ਜਿਸ ਨਾਲ ਸਤ ਭਗਤੀ ਦੀ ਸ਼ਾਸਤਰ ਅਨੁਕੂਲ ਸਾਧਨਾ ਕਰਕੇ ਮਾਨਵ ਜੀਵਨ ਧੰਨ ਹੋ ਜਾਵੇ।

ਉਦਾਹਰਨ:- ਗੁਰੂ ਜੀ ਤੋਂ ਨਾਮ ਲੈਕੇ ਭਗਤੀ ਕਰਨਾ ਲਾਭਦਾਇਕ ਹੈ। ਬਿਨ੍ਹਾਂ ਗੁਰੂ ਦੇ ਭਗਤੀ ਨਾਲ ਕੋਈ ਲਾਭ ਨਹੀਂ ਹੁੰਦਾ।

ਉਦਾਹਰਨ:-

❖ ਇੱਕ ਰਾਜਾ ਦੀ ਰਾਣੀ ਬਹੁਤ ਧਾਰਮਿਕ ਸੀ। ਉਸਨੇ ਪਰਮਾਤਮਾ ਕਬੀਰ ਜੀ ਤੋਂ ਨਾਮ ਦੀਕਸ਼ਾ ਲਈ ਹੋਈ ਸੀ। ਉਹ ਪ੍ਰਤੀਦਿਨ ਗੁਰੂ-ਦਰਸ਼ਨ ਲਈ ਜਾਇਆ ਕਰਦੀ ਸੀ ਜੋ ਕਿ ਰਾਜਾ ਨੂੰ ਪਸੰਦ ਨਹੀਂ ਸੀ, ਪਰ ਰਾਜਾ ਆਪਣੀ ਪਤਨੀ ਨੂੰ ਗੁਰੂ ਕੋਲ ਜਾਣ ਤੋਂ ਰੋਕ ਨਹੀਂ ਪਾ ਰਿਹਾ ਸੀ। ਕਾਰਨ, ਇੱਕ ਤਾਂ ਉਹ ਬਹੁਤ ਸ਼ਕਤੀਸ਼ਾਲੀ ਰਾਜਾ ਦੀ ਲੜਕੀ ਸੀ, ਦੂਸਰਾ ਉਹ ਆਪਣੀ ਪਤਨੀ ਨੂੰ ਖੁਸ਼ ਦੇਖਣਾ ਚਾਹੁੰਦਾ ਸੀ।

ਇੱਕ ਦਿਨ ਰਾਜਾ ਨੇ ਆਪਣੀ ਪਤਨੀ ਨੂੰ ਕਿਹਾ ਕਿ ਜੇਕਰ ਤੁਸੀਂ ਨਾਰਾਜ਼ ਨਾ ਹੋਵੋ ਤਾਂ ਇੱਕ ਗੱਲ ਕਹਿਣੀ ਸੀ। ਰਾਣੀ ਨੇ ਕਿਹਾ ਦਸੋ। ਰਾਜਾ ਨੇ ਕਿਹਾ ਕਿ ਤੁਸੀਂ ਅਪਣੇ ਗੁਰੂ ਕੋਲ ਭਗਤੀ ਕਰਨ ਲਈ ਜਾਂਦੇ ਹੋ, ਪਰ ਭਗਤੀ ਤਾਂ ਗੁਰੂ ਬਿਨ੍ਹਾਂ ਵੀ ਹੋ ਸਕਦੀ ਹੈ। ਰਾਣੀ ਨੇ ਕਿਹਾ ਕਿ ਗੁਰੂ ਜੀ ਨੇ ਦੱਸਿਆ ਹੈ ਕਿ ਗੁਰੂ ਬਿਨ੍ਹਾਂ ਭਗਤੀ ਕਰਨਾ ਵਿਅਰਥ ਹੈ। ਰਾਜਾ ਨੇ ਕਿਹਾ ਕਿ ਕੱਲ੍ਹ ਮੈਂ ਤੇਰੇ ਗੁਰੂ ਨਾਲ ਮਿਲਾਂਗਾ ਅਤੇ ਇਹ ਗੱਲ ਸਪੱਸ਼ਟ ਕਰਾਂਗਾ ।

ਰਾਜਾ ਨੇ ਸੰਤ ਜੀ ਨੂੰ ਪ੍ਰਸ਼ਨ ਕੀਤਾ ਕਿ ਤੁਸੀਂ ਜਨਤਾ ਨੂੰ ਮੂਰਖ ਬਣਾ ਰਹੇ ਹੋ ਕਿ ਗੁਰੂ ਬਿਨ੍ਹਾਂ ਭਗਤੀ ਨਹੀਂ ਹੋ ਸਕਦੀ, ਕਿਉਂ ਨਹੀਂ ਹੁੰਦੀ ਭਗਤੀ ਸਫਲ? ਨਾਮ ਮੰਤਰ ਜਾਪ ਕਰਨੇ ਹੁੰਦੇ ਨੇ। ਇੱਕ ਦੂਜੇ ਤੋਂ ਪੁੱਛ ਕੇ ਕਰਲੋ ਜਾਪ ਬਸ ਬਹੁਤ ਹੈ। ਸੰਤ ਨੇ ਕਿਹਾ ਤੁਹਾਡੀ ਗੱਲ ਵਿੱਚ ਦਮ ਹੈ, ਮੈਂ ਤੁਹਾਡੇ ਰਾਜ ਦਰਬਾਰ ਵਿੱਚ ਆਵਾਂਗਾ। ਉੱਥੇ ਇਸ ਗੱਲ ਦਾ ਉੱਤਰ ਦੇਵਾਂਗਾ।

ਨਿਸ਼ਚਿਤ ਦਿਨ ਸੰਤ ਜੀ ਰਾਜਾ ਦੇ ਦਰਬਾਰ ਪਹੁੰਚ ਗਏ। ਰਾਜਾ ਰਾਜਗੱਦੀ ਤੇ ਬਿਰਾਜਮਾਨ ਸੀ, ਆਸੇ-ਪਾਸੇ ਸਿਪਾਹੀ ਖੜ੍ਹੇ ਸੀ। ਸੰਤ ਦੇ ਬੈਠਣ ਲਈ ਅਲੱਗ ਕੁਰਸੀ ਰੱਖੀ ਹੋਈ ਸੀ। ਸੰਤ ਨੇ ਆਲੇ-ਦੁਆਲੇ ਖੜ੍ਹੇ ਸਿਪਾਹੀਆਂ ਨੂੰ ਰਾਜਾ ਵੱਲ ਹੱਥ ਕਰਕੇ ਕਿਹਾ ਕਿ ਇਹਨੂੰ ਗਿਰਫਤਾਰ ਕਰ ਲਓ। ਸਿਪਾਹੀ ਟਸ ਤੋਂ ਮਸ ਨਹੀਂ ਹੋਏ। ਸੰਤ ਨੇ ਲਗਾਤਾਰ ਤਿੰਨ ਵਾਰੀ ਇਹ ਗੱਲ ਦੁਹਰਾਈ ਕਿ ਇਹਨੂੰ ਗਿਰਫਤਾਰ ਕਰ ਲਓ ਪਰ ਰਾਜਾ ਨੂੰ ਸਿਪਾਹੀਆਂ ਨੇ ਗਿਰਫਤਾਰ ਨਹੀਂ ਕੀਤਾ।

ਰਾਜਾ ਨੂੰ ਸੰਤ ਤੇ ਗੁੱਸਾ ਆਇਆ ਕਿ ਇਹ ਕਮਬਖ਼ਤ ਮੇਰੀ ਪਤਨੀ ਨੂੰ ਇਸ ਲਈ ਬਹਕਾ ਰਿਹਾ ਸੀ ਕਿ ਮੇਰੇ ਰਾਜ ਨੂੰ ਪ੍ਰਾਪਤ ਕਰ ਲਵੇ। ਰਾਜਾ ਨੇ ਇੱਕ ਵਾਰ ਸਿਪਾਹੀਆਂ ਨੂੰ ਕਿਹਾ ਕਿ ਸੰਤ ਨੂੰ ਗਿਰਫਤਾਰ ਕਰ ਲਉ। ਉਸ ਸਮੇਂ ਹੀ ਸਿਪਾਹੀਆਂ ਨੇ ਸੰਤ ਨੂੰ ਗਿਰਫਤਾਰ ਕਰ ਲਿਆ। ਸੰਤ ਨੇ ਕਿਹਾ ਕਿ ਹੇ! ਰਾਜਨ ਤੁਸੀ ਸੰਤ ਨੂੰ ਅਪਣੇ ਦਰਬਾਰ ਬੁਲਾ ਕੇ ਸੰਤ ਦਾ ਨਿਰਾਦਰ ਕਰ ਰਹੇ ਹੋ। ਇਹ ਚੰਗੀ ਗੱਲ ਨਹੀਂ ਹੈ। ਰਾਜੇ ਨੇ ਕਿਹਾ ਤੂੰ ਇਹ ਕੀ ਬਕਵਾਸ ਕਰ ਰਿਹਾ ਸੀ। ਮੈਨੂੰ ਗਿਰਫਤਾਰ ਕਰਨ ਦਾ ਆਦੇਸ਼ ਦੇ ਰਿਹਾ ਸੀ। ਸੰਤ ਨੇ ਕਿਹਾ ਮੈਂ ਤੁਹਾਡੇ ਪ੍ਰਸ਼ਨ ਦਾ ਉੱਤਰ ਦੇ ਰਿਹਾ ਸੀ ਕਿ ਗੁਰੂ ਤੋਂ ਨਾਮ ਦਿਕਸ਼ਾ ਲੈ ਕੇ ਭਗਤੀ ਕਰਨ ਕਿਉਂ ਲਾਭਦਾਇਕ ਹੈ? ਮੈਨੂੰ ਛੁਡਵਾਉ ਤਾਂ ਮੈਂ ਤੁਹਾਨੂੰ ਉੱਤਰ ਦੇਵਾਂ। ਰਾਜੇ ਨੇ ਸਿਪਾਹੀਆਂ ਨੂੰ ਕਿਹਾ ਛੱਡ ਦਿਉ। ਸਿਪਾਹੀਆਂ ਨੇ ਸੰਤ ਨੂੰ ਛੱਡ ਦਿੱਤਾ। ਸੰਤ ਨੇ ਕਿਹਾ ਹੇ ਰਾਜਾ ਜੀ! ਮੈਂ ਇਹੀ ਸ਼ਬਦ ਕਹੇ,"ਇਹਨੂੰ ਗਿਰਫਤਾਰ ਕਰ ਲਵੋ" ਸਿਪਾਹੀ ਟਸ ਤੇ ਮਸ ਨਹੀਂ ਹੋਏ। ਆਪ ਜੀ ਨੇ ਵੀ ਇਹੀ ਸ਼ਬਦ ਕਹੇ ਕਿ ਤੁਰੰਤ ਸਿਪਾਹੀਆਂ ਨੇ ਮੈਨੂੰ ਗਿਰਫਤਾਰ ਕਰ ਲਿਆ। ਆਪ ਜੀ ਦੇ ਵਚਨ ਵਿੱਚ ਰਾਜ ਦੀ ਸ਼ਕਤੀ ਹੈ। ਮੇਰੇ ਵਚਨ ਵਿੱਚ ਅਧਿਆਤਮਿਕ ਸ਼ਕਤੀ ਹੈ। ਆਪ ਜੀ ਉਸੇ ਨਾਮ ਜਾਪ ਦੇ ਲਈ ਕਿਸੇ ਨੂੰ ਭਗਤੀ ਦੇ ਲਈ ਕਹੋਗੇ ਤਾਂ ਉਹ ਮੰਤਰ ਕੰਮ ਨਹੀਂ ਕਰੇਗਾ। ਮੈਂ ਉਸੇ ਨਾਮ ਜਾਪ ਨੂੰ ਕਰਨ ਲਈ ਕਹਾਂਗਾ ਤਾਂ ਉਹ ਤੁਰੰਤ ਕੰਮ ਕਰੇਗਾ। ਇਸ ਲਈ ਪੂਰਨ ਸੰਤ ਤੋਂ ਨਾਮ ਲੈਣ ਨਾਲ ਸਾਧਕ ਵਿੱਚ ਤੁਰੰਤ ਅਧਿਆਤਮਿਕ ਪ੍ਰਕਿਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਉਸ ਦੀ ਆਤਮਾ ਵਿੱਚ ਭਗਤੀ ਦਾ ਅੰਕੁਰ ਨਿਕਲ ਆਉਂਦਾ ਹੈ। ਸੂਖਸ਼ਮ ਵੇਦ ਵਿੱਚ ਕਿਹਾ ਹੈ ਕਿ:-

ਸਤਿਗੁਰੂ ਪਸ਼ੂ ਮਾਨੁਸ਼ ਕਰਿ ਡਾਰੇ, ਸਿੱਧੀ ਦੇਅ ਕਰ ਬ੍ਰਹਮ ਵਿਚਾਰੇ।

ਭਾਵ ਅਰਥ:- ਸਤਿਗੁਰੂ ਪਹਿਲਾਂ ਜੀਵ ਨੂੰ ਸਤਿਸੰਗ ਸੁਣਾ ਸੁਣਾ ਕੇ ਨੇਕ ਇਨਸਾਨ ਬਣਾਉਂਦੇ ਹਨ, ਸਾਰੀਆਂ ਬੁਰਾਈਆਂ ਨੂੰ ਛੁਡਵਾਉਂਦੇ ਹਨ। ਫਿਰ ਆਪਣੀ ਭਗਤੀ ਦੀ ਸਿੱਧੀ ਮਤਲਬ ਸ਼ਕਤੀ ਸ਼ਿਸ਼ ਦੇ ਅੰਤਹਕਰਨ ਵਿੱਚ ਪ੍ਰਵੇਸ਼ ਕਰਕੇ ਬ੍ਰਹਮ ਯਾਨੀ ਪਰਮਾਤਮਾ ਦੀ ਸਾਧਨਾ ਕਰਨ ਦੇ ਵਿਚਾਰ ਉਤਪੰਨ ਕਰਦੇ ਹਨ ਜਿਸ ਨਾਲ ਸਾਧਕ ਦੀ ਰੁਚੀ ਭਗਤੀ ਵਿੱਚ ਦਿਨੋ ਦਿਨ ਵੱਧਦੀ ਹੈ। ਇਸ ਲਈ ਕਿਹਾ ਹੈ:-

ਕਬੀਰ ਗੁਰੂ ਬਿਨ ਮਾਲਾ ਫੇਰਤੇ, ਗੁਰੂ ਬਿਨ ਦੇਤੇ ਦਾਨ।
ਗੁਰੂ ਬਿਨ ਦੋਨਾਂ ਨਿਸ਼ਫਲ ਹੈ, ਚਾਹੇ ਪੂਛੋ ਵੇਦ ਪੁਰਾਨ॥
ਯੋਗ ਜੱਗ ਤਪ ਜਪ ਦਾਨ ਕਰਾਵੇ, ਗੁਰੂ ਵਿਮੁੱਖ ਫਲ ਕਭੀ ਨਹੀਂ ਪਾਵੇ।

ਭਾਵ ਅਰਥ:- ਗੁਰੂ ਬਿਨਾਂ ਨਾਮ ਜਾਪ ਦੀ ਮਾਲਾ ਫੇਰ ਦੇ ਹਨ ਜਾਂ ਦਾਨ ਦਿੰਦੇ ਹਨ, ਉਹ ਵਿਅਰਥ ਹੈ। ਇਹ ਵੇਦਾਂ ਅਤੇ ਪੁਰਾਣਾਂ ਵਿੱਚ ਵੀ ਪ੍ਰਮਾਣ ਹੈ। ਫਿਰ ਆਖਰੀ ਲਾਈਨ ਦਾ ਅਰਥ ਹੈ ਕਿ ਜੇਕਰ ਗੁਰੂ ਤੋਂ ਨਾਮ ਲੈ ਕੇ ਫਿਰ ਗੁਰੂ ਨੂੰ ਛੱਡ ਕੇ ਉਨ੍ਹਾਂ ਮੰਤਰਾਂ ਦਾ ਜਾਪ ਤੇ ਯੱਗ, ਹਵਨ, ਦਾਨ ਵੀ ਕਰਦੇ ਹਾਂ, ਤਾਂ ਉਹ ਵੀ ਵਿਅਰਥ ਹੈ। ਉਸ ਦਾ ਕੋਈ ਵੀ ਲਾਭ ਨਹੀਂ ਹੁੰਦਾ।

ਕਬੀਰ, ਤਾਤੇ ਸਤਿਗੁਰੂ ਸ਼ਰਨਾ ਲੀਜੇ, ਕਪਟ ਭਾਵ ਸਭ ਦੂਰ ਕਰੀਜੇ।

**ਹੋਰ ਪ੍ਰਮਾਣ:-**

ਕਬੀਰ, ਗਰਭ ਯੋਗੇਸ਼ਵਰ ਗੁਰੂ ਬਿਨ, ਕਰਤੇ ਹਰੀ ਕੀ ਸੇਵ।
ਕਹੇ ਕਬੀਰ ਬੈਕੁੰਠ ਸੇ, ਫੇਰ ਦੀਆ ਸੁਖਦੇਵ॥
ਰਾਜਾ ਜਨਕ ਗੁਰੂ ਕਿਆ, ਫਿਰ ਕੀਨੀ ਹਰ ਕੀ ਸੇਵ।
ਕਹੇ ਕਬੀਰ ਬੈਕੁੰਠ ਮੇ, ਚਲੇ ਗਏ ਸੁਖਦੇਵ॥

**ਭਾਵ ਅਰਥ:-** ਰਿਸ਼ੀ ਵੇਦਵਿਆਸ ਜੀ ਦੇ ਪੁੱਤਰ ਸੁਖਦੇਵ ਜੀ ਆਪਣੇ ਪੂਰਵ ਜਨਮ ਦੀ ਭਗਤੀ ਦੀ ਸ਼ਕਤੀ ਨਾਲ ਉੱਡ ਕੇ ਸਵਰਗ ਵਿੱਚ ਚਲੇ ਜਾਂਦੇ ਸਨ। ਇੱਕ ਦਿਨ ਉਹ ਸ਼੍ਰੀ ਵਿਸ਼ਨੂੰ ਜੀ ਦੇ ਲੋਕ ਵਿੱਚ ਬਣੇ ਸਵਰਗ ਵਿੱਚ ਦਾਖਲ ਹੋਣ ਲੱਗੇ, ਉੱਥੋਂ ਦੇ ਕਰਮਚਾਰੀਆਂ ਨੇ ਰਿਸ਼ੀ ਸੁਖਦੇਵ ਜੀ ਤੋਂ ਸਵਰਗ ਦੇ ਦਰਵਾਜ਼ੇ ਤੇ ਪੁੱਛਿਆ ਰਿਸ਼ੀ ਜੀ ਆਪਣੇ ਪੂਜਯ ਗੁਰੂ ਜੀ ਦਾ ਨਾਮ ਦੱਸੋ। ਸੁਖਦੇਵ ਜੀ ਨੇ ਕਿਹਾ ਗੁਰੂ ਦੀ ਕੀ ਜ਼ਰੂਰਤ ਹੈ? ਹੋਰ ਗੁਰੂ ਧਾਰਣ ਕਰਕੇ ਇਥੇ ਆਏ ਹਨ, ਮੇਰੇ ਵਿੱਚ ਖੁਦ ਇੰਨ੍ਹੀ ਸ਼ਕਤੀ ਹੈ ਕਿ ਮੈਂ ਬਿਨਾਂ ਗੁਰੂ ਦੇ ਆ ਗਿਆ ਹਾਂ। ਦਵਾਰਪਾਲਾਂ ਨੇ ਦੱਸਿਆ ਕਿ ਰਿਸ਼ੀ ਜੀ ਇਹ ਤੁਹਾਡੀ ਪਿੱਛਲੇ ਜਨਮ ਵਿੱਚ ਇਕੱਠੀ ਕੀਤੀ ਹੋਈ ਭਗਤੀ ਦੀ ਸ਼ਕਤੀ ਹੈ। ਜੇਕਰ ਫਿਰ ਤੋਂ ਗੁਰੂ ਧਾਰਨ ਕਰਕੇ ਭਗਤੀ ਨਹੀਂ ਕਰੋਗੇ ਤਾਂ ਪਿੱਛਲੇ ਸਮੇਂ ਦੀ ਭਗਤੀ ਵੀ ਕੁੱਝ ਦਿਨ ਹੀ ਚੱਲੇਗੀ। ਤੁਹਾਡਾ ਮਨੁੱਖ ਜੀਵਨ ਤਬਾਹ ਹੋ ਜਾਵੇਗਾ।

ਉਦਾਹਰਣ ਦੇ ਲਈ:- ਵਰਤਮਾਨ ਵਿੱਚ ਇੰਨਵਰਟਰ ਦੀ ਬੈਟਰੀ ਨੂੰ ਚਾਰਜਰ ਲਗਾ ਕੇ ਚਾਰਜ ਕਰ ਰੱਖਿਆ ਹੈ। ਜੇਕਰ ਚਾਰਜਰ ਹਟਾ ਦਿੱਤਾ ਜਾਵੇ ਤਾਂ ਵੀ ਚਾਰਜਰ ਅਪਣਾ ਕੰਮ ਕਰਦਾ ਰਹੇਗਾ, ਕਿਉਂਕਿ ਉਸ ਵਿੱਚ ਊਰਜਾ ਇਕੱਠੀ ਹੋ ਰੱਖੀ ਹੈ। ਕੁੱਝ ਸਮੇਂ ਬਾਅਦ ਉਹ ਸਾਰੇ ਕੰਮ ਕਰਨੇ ਬੰਦ ਕਰ ਦਿੰਦਾਂ ਹੈ, ਨਾਂ ਟਿਊਬ ਜਗੇਗੀ ਨਾਂ ਪੱਖਾ ਚੱਲੇਗਾ। ਉਸਨੂੰ ਦੁਬਾਰਾ ਤੋਂ ਚਾਰਜ ਕਰਨਾ ਜਰੂਰੀ ਹੈ। ਉਸ ਦੇ ਲਈ ਚਾਰਜਰ ਚਾਹੀਦਾ ਹੈ। ਚਾਰਜਰ ਨੂੰ ਗੁਰੂ ਜਾਣੋਂ ਤੇ ਬਿੱਜਲੀ ਨੂੰ ਪ੍ਰਮੇਸ਼ਵਰ ਜਾਣੋਂ।

ਰਿਸ਼ੀ ਸੁੱਖਦੇਵ ਨੂੰ ਆਪਣੀ ਸਿੱਧੀ ਦਾ ਹੰਕਾਂਰ ਸੀ ਉਹ ਨਹੀਂ ਮੰਨਿਆਂ। ਗੱਲ ਵਿਸ਼ਨੂੰ ਭਗਵਾਨ ਤੱਕ ਪਹੁੰਚ ਗਈ। ਸ਼੍ਰੀ ਵਿਸ਼ਨੂੰ ਭਗਵਾਨ ਨੇ ਵੀ ਇਹੀ ਗੱਲ ਕਹੀ ਕਿ ਰਿਸ਼ੀ ਜੀ ਪਹਿਲਾਂ ਤੁਸੀਂ ਗੁਰੂ ਬਣਾਓ ਫਿਰ ਇੱਥੇ ਆਓ। ਸੁੱਖਦੇਵ ਜੀ ਨੇ ਕਿਹਾ ਕਿ ਭਗਵਾਨ ਧਰਤੀ ਲੋਕ ਤੇ ਮੇਰੇ ਬਰਾਬਰ ਕੋਈ ਨਹੀਂ ਹੈ ਨਾਂ ਕੋਈ ਢੰਗ ਦਾ ਗੁਰੂ ਹੈ। ਤੁਸੀਂ ਹੀ ਦੱਸੋ ਮੈਂ ਕਿਸਨੂੰ ਗੁਰੂ ਬਣਾਵਾਂ? ਸ਼੍ਰੀ ਵਿਸ਼ਨੂੰ ਜੀ ਨੇ ਕਿਹਾ ਕਿ ਆਪ ਰਾਜਾ ਜਨਕ ਜੀ ਨੂੰ ਆਪਣਾ ਗੁਰੂ ਬਣਾਓ। ਇਹ ਕਹਿਕੇ ਵਿਸ਼ਨੂੰ ਜੀ ਅਪਣੇ ਮਹਿਲ ਵਿੱਚ ਚਲੇ ਗਏ। ਸੁੱਖਦੇਵ ਰਿਸ਼ੀ ਵਾਪਿਸ ਧਰਤੀ ਤੇ ਆਏ। ਰਾਜਾ ਜਨਕ ਤੋਂ ਦੀਖਿਆ ਲੈ ਕੇ ਉਨ੍ਹਾਂ ਦੇ ਦੁਆਰਾ ਦੱਸੇ ਭਗਤੀ ਮੰਤਰਾਂ ਦਾ ਜਾਪ ਕੀਤਾ, ਤਾਂ ਰਿਸ਼ੀ ਸੁਖਦੇਵ ਨੂੰ ਸਵਰਗ ਵਿੱਚ ਰਹਿਣ ਦਿੱਤਾ ਗਿਆ। ਇਸ ਲਈ ਗੁਰੂ ਬਣਾ ਕੇ ਭਗਤੀ ਕਰਨ ਨਾਲ ਹੀ ਸਫ਼ਲਤਾ ਮਿਲ ਸਕਦੀ ਹੈ। ਬਿਨਾਂ ਗੁਰੂ ਭਗਤੀ, ਦਾਨ ਆਦਿ-ਆਦਿ ਕਰਨਾ ਵਿਅਰਥ ਹੈ।

❖ ਗੁਰੂ ਪੂਰਾ ਹੋਵੇ, ਝੂਠੇ ਗੁਰੂ ਤੋਂ ਕੋਈ ਲਾਭ ਨਹੀਂ ਹੁੰਦਾਂ।

ਪ੍ਰਸ਼ਨ:- ਪੂਰੇ ਗੁਰੂ ਦੀ ਕੀ ਪਹਿਚਾਣ ਹੈ? ਅਸੀਂ ਤਾਂ ਜਿਹੜੇ ਵੀ ਸੰਤ ਤੋਂ ਗਿਆਨ ਸੁਣਦੇ ਹਾਂ ਉਹੀ ਪੂਰਨ ਸਤਿਗੁਰੂ ਲੱਗਦਾ ਹੈ।

ਉੱਤਰ:- ਸੂਖਸ਼ਮਵੇਦ ਵਿੱਚ ਗੁਰੂ ਦੇ ਲੱਛਣ ਦੱਸੇ ਗਏ ਹਨ:-

ਗਰੀਬ, ਸਤਿਗੁਰੂ ਕੇ ਲੱਛਣ ਕਹੂੰ, ਮਧੁਰੇ ਵੈਨ ਵਿਨੋਦ।
ਚਾਰ ਵੇਦ ਛ: ਸ਼ਾਸਤਰ, ਕਹਿ ਅਠਾਰਾਂ ਬੋਧ।

ਸੰਤ ਗਰੀਬ ਦਾਸ ਜੀ (ਪਿੰਡ-ਛੁਡਾਣੀ, ਜਿਲ੍ਹਾ-ਝੱਜਰ, ਹਰਿਆਣਾ) ਨੂੰ ਪ੍ਰਮੇਸ਼ਵਰ ਕਬੀਰ ਜੀ ਮਿਲੇ ਸਨ। ਉਹਨਾਂ ਦੀ ਆਤਮਾਂ ਨੂੰ ਉੱਪਰ ਆਪਣੇ ਸਤਲੋਕ (ਸਨਾਤਨ ਪਰਮ ਧਾਮ) ਵਿੱਚ ਲੈ ਕੇ ਗਏ ਸਨ। ਉੱਪਰ ਦੇ ਸਾਰੇ ਲੋਕਾਂ ਨੂੰ ਦਿਖਾਉਣ ਤੋਂ ਬਾਅਦ ਵਾਪਿਸ ਧਰਤੀ ਉੱਤੇ ਛੱਡਿਆ ਸੀ। ਉਹਨਾਂ ਨੂੰ ਸੰਪੂਰਨ ਅਧਿਆਤਮਿਕ ਗਿਆਨ ਦੱਸਿਆ ਸੀ। ਉਹਨਾਂ ਦਾ ਗਿਆਨਯੋਗ ਪ੍ਰਮੇਸ਼ਵਰ ਕਬੀਰ ਜੀ ਨੇ ਖੋਲਿਆ ਸੀ। ਇਸ ਦੇ ਆਧਾਰ ਸੰਤ ਗਰੀਬਦਾਸ ਜੀ ਨੇ ਗੁਰੂ ਦੀ ਪਹਿਚਾਣ ਦੱਸੀ ਹੈ ਕਿ ਜੋ ਸੱਚਾ ਗੁਰੂ ਅਰਥਾਤ ਸਤਿਗੁਰੂ ਹੋਵੇਗਾ, ਉਹ ਇਸ ਤਰ੍ਹਾਂ ਦਾ ਗਿਆਨ ਦੱਸਦਾ ਹੈ, ਕਿ ਉਸਦੇ ਵਚਨ ਆਤਮਾਂ ਨੂੰ ਖੁਸ਼ ਕਰ ਦਿੰਦੇ ਹਨ, ਬਹੁਤ ਮਿੱਠੇ ਲਗਦੇ ਹਨ ਕਿਉਂਕਿ ਉਹ ਸੱਚ ਤੇ ਅਧਾਰਿਤ ਹੁੰਦੇ ਹਨ। ਕਾਰਨ ਹੈ ਕਿ ਸਤਿਗੁਰੂ ਚਾਰ ਵੇਦ ਅਤੇ ਸਾਰੇ ਸਾਸ਼ਤਰਾਂ ਦੇ ਗਿਆਨ ਬਾਰੇ ਵਿਸਥਾਰਪੂਰਵਕ ਦੱਸਦਾ ਹੈ।

ਇਹ ਹੀ ਪ੍ਰਮਾਣ ਪ੍ਰਮੇਸ਼ਵਰ ਕਬੀਰ ਜੀ ਨੇ ਸੂਕਸ਼ਮਵੇਦ ਵਿੱਚ ਕਬੀਰ ਸਾਗਰ ਦੇ ਅਧਿਆਇ "ਜੀਵ ਧਰਮ ਬੋਧ" ਵਿੱਚ ਪ੍ਰਸ਼ਠ 1960 ਤੇ ਦਿੱਤਾ ਹੈ:-

ਗੁਰੂ ਕੇ ਲੱਛਣ ਚਾਰ ਬਖ਼ਾਨਾ, ਪ੍ਰਥਮ ਵੇਦ ਸ਼ਾਸਤਰ ਕੋ ਗਿਆਨਾ॥
ਦੂਜੇ ਹਰੀ ਭਗਤੀ ਮਨ ਕ੍ਰਮ ਬਾਣੀ, ਤੀਜ਼ੇ ਸਮਦ੍ਰਿਸ਼ਟੀ ਕਰਿ ਜਾਨੀ॥
ਚੌਥੇ ਵੇਦ ਵਿਧੀ ਸਭ ਕਰਮਾ, ਯੇ ਚਾਰੋਂ ਯੁੱਗ ਜਾਣੋਂ ਮਰਮਾ॥

ਸਰਲ ਅਰਥ:- ਕਬੀਰ ਪ੍ਰਮੇਸ਼ਵਰ ਨੇ ਕਿਹਾ ਹੈ ਜੋ ਸੱਚਾ ਗੁਰੂ ਹੋਵੇਗਾ, ਉਸਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਹੁੰਦੀਆਂ ਹਨ:-

1. ਸਾਰੇ ਵੇਦਾਂ ਤੇ ਸਾਸ਼ਤਰਾਂ ਨੂੰ ਉਹ ਠੀਕ ਤਰ੍ਹਾਂ ਨਾਲ ਜਾਣਦਾ ਹੈ।

2. ਦੂਸਰਾ ਉਹ ਖ਼ੁਦ ਵੀ ਭਗਤੀ ਮਨ ਕਰਮ ਵਚਨ ਨਾਲ ਕਰਦਾ ਹੈ, ਭਾਵ ਉਸਦੀ ਕਹਿਣੀ ਅਤੇ ਕਰਨੀ ਵਿੱਚ ਕੋਈ ਅੰਤਰ ਨਹੀਂ ਹੁੰਦਾ।

3. ਤੀਸਰੀ ਵਿਸ਼ੇਸਤਾ ਇਹ ਹੈ ਕਿ ਉਹ ਆਪਣੇ ਸਾਰੇ ਅਨੁਯਾਈਆਂ ਨਾਲ ਬਰਾਬਰ ਵਿਵਹਾਰ ਕਰਦਾ ਹੈ ਭੇਦਭਾਵ ਨਹੀਂ ਰੱਖਦਾ।

4. ਚੌਥੀ ਵਿਸ਼ੇਸਤਾ ਇਹ ਹੈ ਕਿ ਉਹ ਸਰਵ ਭਗਤੀ ਕਰਮ ਵੇਦਾਂ (ਚਾਰ ਵੇਦ ਤਾਂ ਸਭ ਜਾਣਦੇ ਹਨ 1. ਰਿਗਵੇਦ, 2. ਸਾਮਵੇਦ, 3. ਅਥਰਵੇਦ, 4. ਯਜੁਰਵੇਦ ਅਤੇ ਪੰਜਵਾਂ ਵੇਦ ਸੂਕਸ਼ਮਵੇਦ ਹੈ ਇਹ ਸਾਰੇ ਵੇਦ) ਦੇ ਅਨੁਸਾਰ ਕਰਦਾ ਤੇ ਕਰਾਉਂਦਾ ਹੈ।

❖ ਵੇਦ (ਚਾਰੇ ਵੇਦ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵੇਦ) ਵਿੱਚ ਕੇਵਲ ਓਮ (ॐ) ਇਹ ਇੱਕ ਨਾਮ ਹੈ ਜਾਪ ਕਰਨੇ ਦਾ।

ਪ੍ਰਮਾਣ:- ਯਜੁਰਵੇਦ ਅਧਿਆਇ 40 ਮੰਤਰ 15 ਅਤੇ 17 ਵਿੱਚ। ਮੰਤਰ 15 ਵਿੱਚ ਕਿਹਾ ਹੈ ਕਿ ਓਮ (ॐ) ਨਾਮ ਦਾ ਸਿਮਰਨ ਕੰਮ ਕਰਦੇ ਕਰਦੇ ਕਰੋ, ਵਿਸ਼ੇਸ਼ ਤੜਫ਼ ਨਾਲ ਕਰੋ, ਮਨੁੱਖ ਜਨਮ ਦਾ ਪਰਮ ਕਰਤੱਵ ਮੰਨ ਕੇ ਸਿਮਰਨ ਕਰੋ। ॐ ਦਾ ਜਾਪ ਮੌਤ ਤੱਕ ਕਰਨ ਨਾਲ ਇੰਨਾ ਅਯਰਤਵ ਪ੍ਰਾਪਤ ਹੋ ਜਾਏਗਾ, ਜਿਨ੍ਹਾਂ ॐ ਨਾਮ ਦੇ ਸਿਮਰਨ ਨਾਲ ਹੁੰਦਾ ਹੈ। (ਯਜੁਰਵੇਦ ਅਧਿਆਇ 40 ਮੰਤਰ 15)

❖ ਯਜੁਰਵੇਦ ਅਧਿਆਇ 40 ਮੰਤਰ 17 ਵਿੱਚ ਵੇਦ ਗਿਆਨ ਦਾਤਾ ਬ੍ਰਹਮ ਹੀ ਹੈ। ਕਿਹਾ ਹੈ ਕੇ ਜੋ ਪੂਰਨ ਪ੍ਰਮਾਤਮਾ ਹੈ ਉਹ ਤਾਂ ਪਰੋਕਸ਼ (ਅੱਖਾਂ ਤੋਂ ਪਰ੍ਹੇ) ਹੈ। ਉਹ ਸਭ ਦੀ ਦ੍ਰਿਸ਼ਟੀ ਵਿੱਚ ਨਹੀਂ ਆਉਂਦਾ। (ਉਸਦੀ ਜਾਣਕਾਰੀ ਯਜੁਰਵੇਦ ਅਧਿਆਇ 40 ਮੰਤਰ 10 ਵਿੱਚ ਦੱਸੀ ਹੈ ਕਿ ਉਸਦਾ ਸਹੀ ਗਿਆਨ ਤੱਤਵਦਰਸ਼ੀ ਸੰਤ ਹੀ ਜਾਣਦੇ ਹਨ ਉਨ੍ਹਾਂ ਤੋਂ ਸੁਣੋ।) ਫਿਰ ਯਜੁਰਵੇਦ ਅਧਿਆਇ 40 ਮੰਤਰ 17 ਵਿੱਚ ਅੱਗੇ ਕਿਹਾ ਹੈ ਕਿ ਮੈਂ ਬ੍ਰਹਮ ਹਾਂ। ਮੇਰਾ

ਓਮ ॐ ਨਾਮ ਹੈ। ਮੈਂ ਉੱਪਰ ਦਿਵਯ ਅਕਾਸ਼ ਰੂਪੀ ਬ੍ਰਹਮ ਲੋਕ ਵਿੱਚ ਰਹਿੰਦਾ ਹਾਂ। (ਯਜੁਰਵੇਦ ਅਧਿਆਇ 40 ਮੰਤਰ 17)

ਇਹੀ ਪ੍ਰਮਾਣ ਸ਼੍ਰੀ ਦੇਵੀ ਮਹਾਂਪੁਰਾਣ:- (ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ, ਸਚਿਤੱਰ ਮੋਟਾ ਟਾਈਪ ਸਿਰਫ਼ ਹਿੰਦੀ) ਦੇ ਸੱਤਵੇਂ ਸਕੰਦ ਦੇ ਪੰਨਾ 562-563 ਤੇ ਸ਼੍ਰੀ ਦੇਵੀ ਨੇ ਰਾਜਾ ਹਿਮਾਲਿਆ ਨੂੰ ਦੱਸਿਆ ਹੈ ਕਿ ਰਾਜਨ! ਤੁਸੀਂ ਜੇਕਰ ਆਪਣਾ ਕਲਿਆਣ ਚਾਹੁੰਦੇ ਹੋ ਤਾਂ ਮੇਰੀ ਭਗਤੀ ਸਹਿਤ ਸਾਰੀਆਂ ਗੱਲਾਂ ਨੂੰ ਛੱਡ ਦਿਓ, ਸਿਰਫ਼ ਇੱਕ ॐ ਮੰਤਰ ਦਾ ਜਾਪ ਕਰੋ, ਬ੍ਰਹਮ ਪ੍ਰਾਪਤੀ ਦਾ ਉਦੇਸ਼ ਰੱਖੋ। ਇਸ ਤੋਂ ਆਪ ਬ੍ਰਹਮ ਨੂੰ ਪ੍ਰਾਪਤ ਹੋ ਜਾਓਗੇ ਉਹ ਬ੍ਰਹਮ ਲੋਕ ਰੂਪੀ ਦਿਵਯ ਆਕਾਸ਼ ਵਿੱਚ ਰਹਿੰਦਾ ਹੈ। ਇਸ ਤੋਂ ਸਪੱਸ਼ਟ ਹੋਇਆ ਕਿ ਵੇਦਾਂ ਵਿੱਚ ਕੇਵਲ ਇੱਕ 'ਓਮ' ਨਾਮ ਹੀ ਜਾਪ ਦਾ ਹੈ। ਸ਼੍ਰੀਮਦ ਭਗਵਤ ਗੀਤਾ ਜੋ ਵੇਦਾਂ ਦਾ ਸਾਰਅੰਸ਼ ਹੈ, ਉਸਦੇ ਅਧਿਆਇ 8 ਸ਼ਲੋਕ 13 ਵਿੱਚ ਕਿਹਾ ਹੈ:-

ਓਮ ਇਤੀ ਏਕਸ਼ਰਮ ਬ੍ਰਮਹ ਵਿਹਾਰਨ ਮਾਮ ਅਨੁਸਿਮਰਨ।
ਯਿਹ ਪ੍ਰਆਤੀ ਤਜਨਦੇਹਮ ਸਹਿ ਯਾਤੀ ਪ੍ਰਮਾਮ ਗਤਿਮ॥

ਅਨੁਵਾਦ:- ਗੀਤਾ ਗਿਆਨ ਦਾਤਾ ਬ੍ਰਹਮ ਨੇ ਕਿਹਾ ਹੈ ਕਿ ਮੇਰਾ ਬ੍ਰਹਮ ਦਾ ਸਿਰਫ਼ ਇੱਕ ਓਮ ॐ ਇਹ ਅੱਖਰ ਹੈ ਇਸ ਦਾ ਉਚਾਰਣ ਸਿਮਰਨ ਕਰਦਾ ਹੋਇਆ ਜੋ ਸਾਧਕ ਸਰੀਰ ਤਿਆਗ ਕੇ ਜਾਂਦਾ ਹੈ, ਉਹ ਮਰਨ ਤੋਂ ਬਾਅਦ ਓਮ (ॐ) ਨਾਮ ਦੇ ਸਿਮਰਨ ਤੋਂ ਮਿਲਣ ਵਾਲੀ ਪਰਮ ਗਤਿ ਭਾਵ ਬ੍ਰਹਮ ਲੋਕ ਨੂੰ ਪ੍ਰਾਪਤ ਹੁੰਦਾ ਹੈ।

ਸ਼੍ਰੀ ਮਦ ਭਗਵਤ ਗੀਤਾ ਅਤੇ ਵੇਦਾਂ ਵਿੱਚ ਇਸ ਤੋਂ ਇਲਾਵਾ ਭਾਵ "ਓਮ"( ॐ) ਤੋਂ ਇਲਾਵਾ ਕੋਈ ਨਾਮ ਬ੍ਰਹਮ ਸਾਧਨਾ ਦਾ ਨਹੀਂ ਹੈ।

ਪ੍ਰਮਾਣਿਤ ਹੁੰਦਾ ਹੈ ਕਿ (ॐ) ਓਮ ਨਾਮ ਦਾ ਜਾਪ ਸ਼ਾਸਤਰ ਪ੍ਰਮਾਣਿਤ ਹੈ।

❖ ਗੀਤਾ ਗਿਆਨ ਦਾਤਾ ਨੇ ਸਪੱਸ਼ਟ ਕੀਤਾ ਹੈ ਕਿ ਅਰਜੁਨ! ਤੇਰੇ ਅਤੇ ਮੇਰੇ ਬਹੁਤ ਜਨਮ ਹੋ ਚੁੱਕੇ ਹਨ, ਅੱਗੇ ਵੀ ਹੋਣਗੇ। ਮੇਰੀ ਉਤਪੱਤੀ ਨੂੰ ਰਿਸ਼ੀ ਅਤੇ ਦੇਵਤਾਗਣ ਨਹੀਂ ਜਾਣਦੇ। (ਗੀਤਾ ਅਧਿਆਇ/ਸ਼ਲੋਕ 2:12, 4:5, 10:2)

ਇਸ ਤੋਂ ਸਿੱਧ ਹੁੰਦਾ ਹੈ ਕਿ ਗੀਤਾ ਗਿਆਨ ਦਾਤਾ ਬ੍ਰਹਮ ਨਾਸ਼ਵਾਨ ਹੈ ਭਾਵ ਜਨਮਦਾ-ਮਰਦਾ ਹੈ। ਇਸਦੇ ਪੁਜਾਰੀ ਵੀ ਜਨਮ-ਮਰਨ ਦੇ ਚੱਕਰ ਵਿੱਚ ਹੀ ਰਹਿਣਗੇ। ਇਸ ਲਈ ਗੀਤਾ ਅਧਿਆਇ 8 ਸ਼ਲੋਕ 16 ਵਿੱਚ ਕਿਹਾ ਹੈ ਕਿ ਬ੍ਰਹਮ ਲੋਕ ਵਿੱਚ ਗਏ ਸਾਧਕ ਵੀ ਪੁਨਰ ਜਨਮ ਵਿੱਚ ਰਹਿੰਦੇ ਹਨ। ਇਸ ਲਈ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 18 ਸ਼ਲੋਕ 62 ਵਿੱਚ ਕਿਹਾ ਹੈ ਕਿ ਹੇ ਭਾਰਤ! ਤੂੰ ਸਰਵ ਭਾਵ ਤੋਂ ਉਸ ਪਰਮੇਸ਼ਵਰ ਦੀ ਸ਼ਰਣ ਵਿੱਚ ਜਾ, ਉਸ ਪਰਮੇਸ਼ਵਰ ਦੀ ਕ੍ਰਿਪਾ ਨਾਲ ਹੀ ਤੂੰ ਪਰਮਸ਼ਾਂਤੀ ਭਾਵ ਸਨਾਤਨ ਪਰਮ ਧਾਮ ਭਾਵ ਸਤਲੋਕ ਨੂੰ ਪ੍ਰਾਪਤ ਹੋਵੇਗਾ।

❖ ਫਿਰ ਗੀਤਾ ਅਧਿਆਇ 15 ਸ਼ਲੋਕ 4 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਜਦੋਂ ਤੱਤਵਦਰਸ਼ੀ ਸੰਤ ਤੋਂ ਤੱਤਵ ਗਿਆਨ ਪ੍ਰਾਪਤ ਹੋ ਜਾਵੇ, ਉਸ ਦੇ ਦੱਸੇ ਅਨੁਸਾਰ ਸਾਧਨਾ ਕਰਕੇ ਉਸ ਤੋਂ ਪਿੱਛੋਂ ਪਰਮੇਸ਼ਵਰ ਦੇ ਉਸ ਪਰਮ ਪਦ ਦੀ ਖੋਜ ਕਰਨੀ ਚਾਹੀਦੀ ਹੈ ਜਿੱਥੇ ਜਾਣ ਤੋਂ ਪਿੱਛੋਂ ਸਾਧਕ ਫਿਰ ਮੁੜ ਕੇ ਸੰਸਾਰ ਵਿੱਚ ਕਦੇ ਨਹੀਂ ਆਉਂਦੇ। ਸਿਰਫ਼ ਉਸ ਪਰਮਾਤਮਾ ਦੀ ਪੂਜਾ ਕਰੋ।

ਗੀਤਾ ਅਧਿਆਇ 7 ਸ਼ਲੋਕ 29 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ:-

ਜਰਾ ਮਰਣ ਮੋਕਸ਼ਾਯ ਮਾਮ੍ ਆਸ਼ਰਿਤਯ ਯਤੰਤਿ ਯੇ।
ਤੇ ਤਤ੍ ਬ੍ਰਹਮ ਵਿਦੂ: ਕ੍ਰਿਤਸਨਮ੍ ਅਧਿਆਤਮਮ੍ ਕਰਮ ਚ ਅਖਿਲਮ੍॥

ਭਾਵ ਅਰਥ:- ਗੀਤਾ ਗਿਆਨ ਦਾਤਾ ਨੇ ਦੱਸਿਆ ਹੈ ਕਿ ਜੋ ਮੇਰੇ ਦੱਸੇ ਗਿਆਨ ਉੱਤੇ ਆਸ਼ਰਿਤ ਹੋ ਕੇ ਭਾਵ ਮੇਰੇ ਕਹੇ ਅਨੁਸਾਰ ਤੱਤਵਦਰਸ਼ੀ ਸੰਤਾਂ ਤੋਂ ਤੱਤਵ ਗਿਆਨ ਜਾਣ ਲੈਂਦੇ ਹਨ। ਜੋ ਜਰਾ ਭਾਵ ਬਿਰਧ ਅਵਸਥਾ ਅਤੇ ਮੌਤ ਦੇ ਕਸ਼ਟ ਤੋਂ ਮੋਕਸ਼ ਪ੍ਰਾਪਤ ਕਰਨ ਦੇ ਲਈ ਯਤਨ ਕਰਦੇ ਹਨ। ਸੰਸਾਰ ਦੀ ਕਿਸੇ ਕੀਮਤੀ ਵਸਤੂ ਦੀ ਇੱਛਾ ਭਗਤੀ ਦੇ ਪ੍ਰਤਿਫ਼ਲ ਵਿੱਚ ਨਹੀਂ ਕਰਦੇ ਹਨ। ਉਹ (ਤਤ੍ ਬ੍ਰਹਮ ਵਿਦੂ:) ਉਸ ਬ੍ਰਹਮ ਨੂੰ, ਸੰਪੂਰਨ ਅਧਿਆਤਮ ਨੂੰ ਅਤੇ ਸਰਵ ਕਰਮਾਂ ਨੂੰ ਜਾਣਦੇ ਹਨ।

❖ ਅਰਜੁਨ ਨੇ ਗੀਤਾ ਅਧਿਆਇ 8 ਸ਼ਲੋਕ 1 ਵਿੱਚ ਪੁੱਛਿਆ ਕਿ "ਤਤ੍ ਬ੍ਰਹਮ" ਕੀ ਹੈ? ਇਸਦਾ ਉੱਤਰ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 8 ਦੇ ਹੀ ਸ਼ਲੋਕ 3 ਵਿੱਚ ਦਿੱਤਾ ਹੈ। ਕਿਹਾ ਹੈ ਕਿ ਉਹ "ਪਰਮ ਅਕਸ਼ਰ ਬ੍ਰਹਮ" ਹੈ।

❖ ਗੀਤਾ ਅਧਿਆਇ 8 ਸ਼ਲੋਕ 5 ਅਤੇ 7 ਵਿੱਚ ਤਾਂ ਗੀਤਾ ਗਿਆਨ ਦਾਤਾ ਨੇ ਆਪਣੀ ਭਗਤੀ ਕਰਨ ਲਈ ਕਿਹਾ ਹੈ ਅਤੇ ਵਿਸ਼ਵਾਸ ਦਿਵਾਇਆ ਹੈ ਕਿ ਮੇਰੀ ਭਗਤੀ ਤੋਂ ਮੈਨੂੰ ਪ੍ਰਾਪਤ ਹੋਵੇਗਾ, ਮੇਰੀ ਭਗਤੀ ਤੋਂ ਜਨਮ-ਮਰਨ, ਕਰਮ ਚੱਕਰ ਬਣਿਆ ਰਹੇਗਾ, ਯੁੱਧ ਵੀ ਕਰਨਾ ਪਵੇਗਾ, ਪਰਮਸ਼ਾਂਤੀ ਨਹੀਂ ਹੋ ਸਕਦੀ।

❖ ਫਿਰ ਗੀਤਾ ਗਿਆਨ ਦਾਤਾ ਨੇ ਤੁਰੰਤ ਗੀਤਾ ਅਧਿਆਇ 8 ਸ਼ਲੋਕ 8, 9, 10 ਵਿੱਚ ਕਿਹਾ ਹੈ ਕਿ "ਤਤ੍ ਬ੍ਰਹਮ" ਭਾਵ "ਪਰਮ ਅਕਸ਼ਰ ਬ੍ਰਹਮ" ਦੀ ਭਗਤੀ ਕਰਨ ਵਾਲਾ ਉਸ ਸਚਿਦਾਨੰਦ ਘਨ ਬ੍ਰਹਮ ਭਾਵ ਮੇਰੇ ਤੋਂ ਦੂਸਰੇ ਦਿਵਯ ਪਰਮੇਸ਼ਵਰ ਨੂੰ ਪ੍ਰਾਪਤ ਹੋਵੇਗਾ।

❖ ਇਸ ਪ੍ਰਕਾਰ ਪਰਮ ਅਕਸ਼ਰ ਬ੍ਰਹਮ ਦੀ ਮਹਿਮਾ ਗੀਤਾ ਅਧਿਆਇ 15 ਸ਼ਲੋਕ 17 ਵਿੱਚ ਦੱਸੀ ਹੈ। ਗੀਤਾ ਅਧਿਆਇ 15 ਸ਼ਲੋਕ 16 ਵਿੱਚ ਦੋ ਪੁਰਸ਼ ਦੱਸੇ ਗਏ ਹਨ, ਇੱਕ ਸ਼ਰ ਪੁਰਸ਼। ਇਹ ਗੀਤਾ ਗਿਆਨ ਦਾਤਾ ਹੈ ਜਿਸਦਾ 21 ਬ੍ਰਹਿਮੰਡਾਂ ਦਾ ਖੇਤਰ ਹੈ। ਇਹ ਗੀਤਾ ਗਿਆਨ ਦਾਤਾ ਬ੍ਰਹਮ ਹੈ।

ਦੂਸਰਾ ਅਕਸ਼ਰ ਪੁਰਸ਼ ਦੱਸਿਆ ਹੈ ਜਿਸ ਦਾ 7 ਸੰਖ ਬ੍ਰਹਿਮੰਡਾਂ ਦਾ ਖੇਤਰ ਹੈ। ਇਹ ਦੋਨੋਂ ਨਾਸ਼ਵਾਨ ਦੱਸੇ ਗਏ ਹਨ। ਇਨ੍ਹਾਂ ਦੇ ਲੋਕਾਂ ਵਿੱਚ ਸਰਵ ਜੀਵ ਵੀ ਨਾਸ਼ਵਾਨ ਦੱਸੇ ਹਨ:-

ਗੀਤਾ ਅਧਿਆਇ 15 ਸ਼ਲੋਕ 17 ਵਿੱਚ ਦੱਸਿਆ ਹੈ ਕਿ:-

ਉੱਤਮ ਪੁਰਸ਼: ਤੂੰ ਅਨਯ:ਪਰਮਾਤਮਾ ਇਤਿ ਉਦਾਰਤ:
ਯ: ਲੋਕ ਤ੍ਰਾਯਮ੍ ਆਵਿਸ਼ਯ ਵਿਭਰਤਿ ਅਵਯਯ: ਈਸ਼ਵਰ:

ਅਨੁਵਾਦ:- ਉੱਤਮ ਪੁਰਸ਼ = ਪੁਰਸ਼ੋਤਮ ਭਾਵ ਪਰਮ ਅਕਸ਼ਰ ਬ੍ਰਹਮ ਤਾਂ ਉੱਪਰ ਵਰਣਿਤ ਸ਼ਰ ਪੁਰਸ਼ ਅਤੇ ਅਕਸ਼ਰ ਪੁਰਸ਼ ਤੋਂ ਹੋਰ ਹੈ ਜੋ ਪਰਮਾਤਮਾ ਕਿਹਾ ਜਾਂਦਾ ਹੈ ਜੋ ਤਿੰਨਾਂ ਲੋਕਾਂ {ਸ਼ਰ ਪੁਰਸ਼ ਦੇ 21 ਬ੍ਰਹਿਮੰਡਾਂ ਦੇ ਖੇਤਰ ਵਾਲਾ ਲੋਕ, ਦੂਸਰਾ ਅਕਸ਼ਰ ਪੁਰਸ਼ ਦੇ 7 ਸੰਖ ਬ੍ਰਹਿਮੰਡਾਂ ਵਾਲਾ ਲੋਕ, ਤੀਸਰਾ ਉੱਪਰ ਦੇ ਚਾਰ ਲੋਕਾਂ (ਸਤਿਲੋਕ, ਅਲਖ ਲੋਕ, ਅਗਮ ਲੋਕ ਅਤੇ ਅਨਾਮੀ ਲੋਕ) ਇਸ ਪ੍ਰਕਾਰ ਬਣੇ ਤਿੰਨਾਂ ਲੋਕਾਂ} ਵਿੱਚ ਪ੍ਰਵੇਸ਼ ਕਰਕੇ ਸਭ ਦਾ ਧਾਰਨ-ਪੋਸ਼ਣ ਕਰਦਾ ਹੈ, ਇਹ ਅਸਲ ਵਿੱਚ ਅਵਿਨਾਸ਼ੀ ਪਰਮੇਸ਼ਵਰ ਹੈ।

❖ ਗੀਤਾ ਅਧਿਆਇ 17 ਸ਼ਲੋਕ 23 ਵਿੱਚ ਇਸ ਪਰਮ ਅਕਸ਼ਰ ਬ੍ਰਹਮ ਦੀ ਪ੍ਰਾਪਤੀ ਦੇ ਮੰਤਰ ਦੱਸੇ ਹਨ:-

ਓਮ ਤਤ੍ ਸਤ੍ ਇਤਿ ਨਿਰਦੇਸ਼: ਬ੍ਰਾਹਮਣ: ਤ੍ਰਿਵਿਧ: ਸਿਮਰਤ:।
ਬ੍ਰਾਹਮਣਾ: ਤੀਨ ਵੇਦਾ: ਯਗਾ: ਚ ਵਿਹਿਤਾ ਪੁਰਾ॥

ਬ੍ਰਾਹਮਣ:- ਸਚਿਦਾਨੰਦ ਘਨ ਬ੍ਰਹਮ ਭਾਵ ਪਰਮ ਅਕਸ਼ਰ ਬ੍ਰਹਮ ਦੀ ਭਗਤੀ ਦੀ ਸਾਧਨਾ ਦੇ ਭਾਵ ਪਰਮੇਸ਼ਵਰ ਦੇ ਉਸ ਪਰਮ ਪਦ ਨੂੰ ਪ੍ਰਾਪਤ ਕਰਨ ਦੇ ਮੰਤਰ ਦੱਸੇ ਗਏ ਹਨ,

ਜਿੱਥੇ ਜਾਣ ਤੋਂ ਬਾਅਦ ਸਾਧਕ ਫਿਰ ਮੁੜ ਕੇ ਸੰਸਾਰ ਵਿੱਚ ਕਦੇ ਨਹੀਂ ਆਉਂਦੇ ਹਨ। ਜਿੱਥੇ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦੇ ਹਨ ਜੋ ਸਨਾਤਨ ਪਰਮ ਧਾਮ ਹੈ।

**ਓਮ= "ਬ੍ਰਹਮ" ਭਾਵ "ਸ਼ਰ ਪੁਰਸ਼" ਦਾ ਮੰਤਰ ਹੈ ਜੋ ਸਪੱਸ਼ਟ ਹੈ।**

**ਤਤ੍:- ਇਹ "ਅਕਸ਼ਰ ਪੁਰਸ਼" ਦਾ ਜਾਪ ਮੰਤਰ ਹੈ। ਇਹ ਮੰਤਰ ਸੰਕੇਤਿਕ ਹੈ, ਅਸਲ ਮੰਤਰ ਸੂਕਸ਼ਮਵੇਦ ਵਿੱਚ ਦੱਸਿਆ ਗਿਆ ਹੈ। ਇਹ ਮੰਤਰ ਦੀਕਸ਼ਾ ਦੇ ਸਮੇਂ ਦੀਕਸ਼ਾਰਥੀ (ਨਾਮ ਲੈਣ ਵਾਲੇ) ਨੂੰ ਸਰਵਜਨਕ ਕੀਤਾ ਜਾਂਦਾ ਹੈ, ਹੋਰ ਨੂੰ ਨਹੀਂ ਦੱਸਿਆ ਜਾਂਦਾ।**

**ਸਤ੍:- ਇਹ "ਪਰਮ ਅਕਸ਼ਰ ਪੁਰਸ਼" ਦੀ ਸਾਧਨਾ ਦਾ ਮੰਤਰ ਹੈ। ਇਹ ਵੀ ਸੰਕੇਤਿਕ ਹੈ। ਦੀਕਸ਼ਾਰਥੀ (ਨਾਮ ਲੈਣ ਵਾਲੇ) ਨੂੰ ਦੀਕਸ਼ਾ ਦੇ ਸਮੇਂ ਦੱਸਿਆ ਜਾਂਦਾ ਹੈ। ਯਥਾਰਥ (ਅਸਲ) ਮੰਤਰ ਸੂਕਸ਼ਮਵੇਦ ਵਿੱਚ ਲਿਖਿਆ ਹੈ। ਇਹੀ ਪ੍ਰਮਾਣ ਸਾਮਵੇਦ ਦੇ ਮੰਤਰ ਸੰਖਿਆ 822 ਵਿੱਚ ਵੀ ਲਿਖਿਆ ਹੈ ਕਿ ਤਿੰਨ ਨਾਮ ਦੇ ਜਾਪ ਤੋਂ ਪੂਰਣ ਮੋਕਸ਼ ਪ੍ਰਾਪਤ ਹੁੰਦਾ ਹੈ:-**

**ਸੰਖਿਆ ਨੰ. 822 ਸਾਮਵੇਦ ਉਤਾਰਚਿਕ ਅਧਿਆਇ 3 ਖੰਡ ਨੰ. 5 ਸ਼ਲੋਕ ਨੰ. 8 (ਸੰਤ ਰਾਮਪਾਲ ਦਾਸ ਦੁਆਰਾ ਅਨੁਵਾਦ):-**

ਮਨੀਸ਼ਿਭਿ: ਪਵਤੇ ਪੂਰਵਯ: ਕਵਿਰਨਰਭਿਰਯਤ: ਪਰਿ ਕੋਸ਼ਾਂ ਅਸਿਸ਼ਯਦਤ੍।
ਤ੍ਰਿਤਸਯ ਨਾਮ ਜਨਯਨਮਧੁ ਸ਼ਰਨਿੰਦਰਸਯ ਵਾਯੁ ਸਖਯਾਯ ਵਰਧਯਨ੍॥8॥
ਮਨੀਸ਼ਿਭਿ-ਪਵਤੇ-ਪੂਰਵਯ-ਕਵਿਰ੍-ਨਰਭਿ-ਯਤ-ਪਰਿ-ਕੋਸ਼ਾਨ੍ ਅਸਿਸ਼ਯਦਤ੍-ਤ੍ਰਿ-ਤਸਯ
ਨਾਮ ਜਯੰ-ਮਧੂ-ਕਸ਼ਰਨੀ-ਨ-ਇੰਦ੍ਰਯ-ਵਾਯੂ-ਸੰਖਯਾਯਵਰਧਯਨ।

ਸ਼ਬਦ ਅਰਥ:- (ਪੂਰਵੇ:) ਸਨਾਤਨ ਭਾਵ ਸਭ ਤੋਂ ਪ੍ਰਥਮ ਪ੍ਰਗਟ (ਕਵਿਰ ਨਿਭਿ:) ਕਬੀਰ ਪ੍ਰਮੇਸ਼ਵਰ ਮਾਨਵ ਰੂਪ ਧਾਰਨ ਕਰਕੇ ਭਾਵ ਗੁਰੂ ਰੂਪ ਵਿੱਚ ਪ੍ਰਗਟ ਹੋਕੇ (ਮਨੀਸ਼ਿਭਿ.) ਬੁੱਧੀਮਾਨ ਭਗਤ ਨੂੰ (ਤ੍ਰਿਤਯ) ਤਿੰਨ (ਨਾਮ) ਮੰਤਰ ਅਰਥਾਤ ਨਾਮ ਉਪਦੇਸ਼ ਦੇਕੇ (ਪਵਤੇ) ਪਾਪ ਰਹਿਤ ਯਾਨਿ ਪਵਿੱਤਰ ਕਰਕੇ (ਜਨਯਤ) ਜਨਮ ਵ (ਸ਼ਰਨ:) ਮ੍ਰਿਤੂ (ਨ) ਰਹਿਤ ਕਰਦਾ ਹੈ ਤੇ (ਤਸਯ) ਉਸਦੇ (ਵਾਯੂਮ) ਪ੍ਰਾਣ ਅਰਥਾਤ ਜੀਵਨ-ਸੁਵਾਂਸਾਂ ਨੂੰ ਜੋ ਸੰਸਕਾਰਵੰਸ਼ ਗਿਣਤੀ ਦੇ ਪਾਏ ਹੋਏ ਹੁੰਦੇ ਹਨ ਨੂੰ (ਕੋਸ਼ਾਨ) ਆਪਣੇ ਭੰਡਾਰੇ ਤੋਂ (ਸਖਾਯ) ਮਿੱਤਰਤਾ ਦੇ ਅਧਾਰ ਤੇ (ਪਰਿ) ਪੂਰਣ ਰੂਪ ਨਾਲ (ਵਰਧਯਨ) ਵਧਾਉਂਦਾ ਹੈ। (ਯਤ:) ਜਿਸ ਕਾਰਨ ਨਾਲ (ਇੰਦਰਸਯ) ਪ੍ਰਮੇਸ਼ਵਰ ਦੇ (ਮਧੁ) ਵਾਸਤਵਿਕ ਆਨੰਦ ਨੂੰ (ਅਸਿਸ਼ਯਦਤ) ਆਪਣੇ ਆਸ਼ੀਰਵਾਦ ਪ੍ਰਸਾਦ ਨਾਲ ਪ੍ਰਾਪਤ ਕਰਵਾਉਂਦਾ ਹੈ।

**ਭਾਵਅਰਥ:- ਇਸ ਮੰਤਰ ਵਿੱਚ ਸਪੱਸ਼ਟ ਕੀਤਾ ਹੈ ਕਿ ਪੂਰਣ ਪ੍ਰਮਾਤਮਾ ਕਵਿਰ ਅਰਥਾਤ ਕਬੀਰ ਮਾਨਵ ਸਰੀਰ ਵਿੱਚ ਗੁਰੂ ਰੂਪ ਵਿੱਚ ਪ੍ਰਗਟ ਹੋਕੇ ਤਿੰਨ ਅਧਿਆਇ ਨਾਮ ਦਾ ਜਾਪ ਦੇ ਕੇ ਸਤਿ ਭਗਤੀ ਕਰਾਉਂਦਾ ਹੈ ਤੇ ਉਸ ਮਿੱਤਰ ਭਗਤ ਨੂੰ ਪਵਿੱਤਰ ਕਰਕੇ ਆਪਣੇ ਆਸ਼ੀਰਵਾਦ ਨਾਲ ਪੂਰਣ ਪ੍ਰਮਾਤਮਾ ਪ੍ਰਾਪਤੀ ਕਰਕੇ ਪੂਰਣ ਸੁੱਖ ਪ੍ਰਾਪਤ ਕਰਾਉਂਦਾ ਹੈ। ਸਾਧਕ ਦੀ ਉਮਰ ਵਧਾਉਂਦਾ ਹੈ। ਇਹੀ ਪ੍ਰਮਾਣ ਗੀਤਾ 17 ਸ਼ਲੋਕ 23 ਵਿੱਚ ਹੈ ਕਿ ਓਮ-ਤੱਤ ਸਤਿ ਈਤੀ ਨਿਰਦੇਸ਼: ਬ੍ਰਹਮਣ: ਤ੍ਰਿਵਿਧੀ ਸਮਤ: ਭਾਵਅਰਥ ਹੈ ਕਿ ਪੂਰਣ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ (1) ਤਤ (2) ਸਤਿ (3) ਇਹ ਮੰਤਰ ਜਾਪ ਸਿਮਰਨ ਕਰਨ ਦਾ ਨਿਰਦੇਸ਼ ਹਨ। ਇਸ ਨਾਮ ਨੂੰ ਤੱਤਵਦਰਸ਼ੀ ਸੰਤ ਤੋਂ ਪ੍ਰਾਪਤ ਕਰੋ। ਤੱਤਵਦਰਸ਼ੀ ਸੰਤ ਦੇ ਵਿਸ਼ੇ ਵਿੱਚ ਗੀਤਾ ਅਧਿਆਇ 4 ਸ਼ਲੋਕ ਨੰ. 34 ਵਿੱਚ ਕਿਹਾ ਹੈ ਅਤੇ ਗੀਤਾ ਅਧਿਆਇ ਨੰ. 15 ਸਲੋਕ ਨੰ. 1 ਤੇ 4 'ਚ ਤੱਤਵਦਰਸ਼ੀ ਸੰਤ ਦੀ ਪਹਿਚਾਣ ਦੱਸੀ ਤੇ ਕਿਹਾ ਹੈ ਕਿ ਤੱਤਵਦਰਸੀ ਸੰਤ ਤੋਂ ਤੱਤਵਗਿਆਨ ਜਾਣਕੇ ਉਸਦੇ ਪਿੱਛੋਂ ਉਸ ਪਰਮਪਦ ਪ੍ਰਮੇਸ਼ਵਰ ਦੀ ਖੋਜ ਕਰਨੀ ਚਾਹੀਦੀ ਹੈ।**

ਜਿੱਥੇ ਜਾਣ ਤੋਂ ਬਾਅਦ ਸਾਧਕ ਵਾਪਸ ਸੰਸਾਰ ਵਿੱਚ ਨਹੀਂ ਆਉਂਦੇ ਅਰਥਾਤ ਪੂਰਨ ਮੁਕਤ ਹੋ ਜਾਂਦੇ ਹਨ। ਉਸੀ ਪੂਰਣ ਪ੍ਰਮਾਤਮਾ ਤੋਂ ਸੰਸਾਰ ਦੀ ਰਚਨਾ ਹੋਈ ਹੈ।

ਵਿਸ਼ੇਸ਼: ਉਪਰੋਕਤ ਵਿਵਰਣ ਤੋਂ ਸਪੱਸ਼ਟ ਹੋਇਆ ਕਿ ਪਵਿੱਤਰ ਚਾਰੇ ਵੇਦ ਵੀ ਗਵਾਹੀ ਭਰਦੇ ਹਨ ਕਿ ਪੂਰਨ ਪ੍ਰਮਾਤਮਾ ਹੀ ਪੂਜਾ ਦੇ ਯੋਗ ਹੈ, ਉਸਦਾ ਅਸਲ ਵਿੱਚ ਨਾਮ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਹੈ ਤੇ ਤਿੰਨ ਮੰਤਰ ਦਾ ਜਾਪ ਕਰਨ ਦੇ ਨਾਲ ਹੀ ਮੁਕਤੀ ਹੁੰਦੀ ਹੈ। ਪੂਰਣ ਜਿਸ ਨੂੰ ਪਰਮਾਤਮਾ ਤੋਂ ਸੰਸਾਰ ਦੀ ਰਚਨਾ ਹੋਈ ਹੈ। ਇਹ ਤਿੰਨ ਮੰਤਰ ਦਾ ਜਾਪ ਚਾਰਾਂ ਵੇਦਾਂ ਦੇ ਸਾਰਅੰਸ਼ ਸ਼੍ਰੀ ਮਦ ਭਗਵਤ ਗੀਤਾ ਵਿੱਚ ਪ੍ਰਮਾਣ ਹੈ ਕਿ ਇਸ ਨਾਲ ਉਹ ਸਥਾਨ ਪ੍ਰਾਪਤ ਹੁੰਦਾ ਹੈ, ਜਿੱਥੇ ਜਾਣ ਤੋਂ ਬਾਅਦ ਸਾਧਕ ਵਾਪਿਸ ਮੋੜ ਕੇ ਸੰਸਾਰ ਵਿੱਚ ਕਦੀ ਨਹੀਂ ਆਉਂਦੇ। ਜੋ ਸਨਾਤਨ ਪਰਮ ਧਾਮ ਹੈ, ਜਿੱਥੇ ਜਾਣ ਤੋਂ ਪਿੱਛੋਂ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਵੇਦਾਂ ਤੇ ਗੀਤਾ ਵਿੱਚ ਇਹ ਅਨਮੋਲ ਤਿੰਨ ਨਾਮ ਦਾ ਮੰਤਰ ਅਸਪੱਸ਼ਟ ਭਾਵ ਸੰਕੇਤਿਕ ਹੈ। ਇਸਲਈ ਚਾਰਾਂ ਵੇਦਾਂ ਤੇ ਗੀਤਾ ਅਨੁਸਾਰ ਸਾਧਨਾ ਕਰਨ ਨਾਲ ਉਹ ਸਥਾਨ ਪ੍ਰਮਾਤਮਾ ਪ੍ਰਾਪਤੀ ਨਹੀਂ ਹੋ ਸਕਦਾ। ਇਸਲਈ ਗੀਤਾ ਅਧਿਆਇ 4 ਸਲੋਕ 32 ਤੇ 34 ਵਿੱਚ ਗੀਤਾ ਗਿਆਨ ਦਾਤਾ ਨੇ ਸਪੱਸ਼ਟ ਕੀਤਾ ਹੈ ਕਿ ਯੱਗਾਂ ਅਰਥਾਤ ਧਾਰਮਿਕ ਅਨੁਸ਼ਠਾਨਾਂ ਦਾ ਯਥਾਰਥ ਗਿਆਨ (ਬ੍ਰਹਮ: ਮੁਖੇ) ਸੱਚਿਦਾਨੰਦ ਘਨ ਬ੍ਰਹਮ ਅਰਥਾਤ ਪਰਮ ਅਕਸ਼ਰ ਬ੍ਰਹਮ ਆਪਣੇ ਮੁੱਖ-ਕਮਲ ਤੋਂ ਬਾਣੀ ਬੋਲ ਕੇ ਦੱਸਦਾ ਹੈ, ਉਹ ਸੱਚਿਦਾਨੰਦ ਘਨ ਬ੍ਰਹਮ ਦੀ ਬਾਣੀ ਕਹੀ ਜਾਂਦੀ ਹੈ, ਉਸੇ ਤੱਤਵਗਿਆਨ ਤੇ ਸ਼ੂਕਸ਼ਮ ਵੇਦ ਵੀ ਕਹਿੰਦੇ ਹਨ। ਉਸਦੇ ਜਾਣਨ ਦੇ ਪਿੱਛੋਂ ਸਰਵ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਜਿਸ ਵਿੱਚ ਸੰਪੂਰਨ ਭਗਤੀ ਮੰਤਰ ਤੇ ਵਿਧੀ ਦੱਸੀ ਹੈ। (ਗੀਤਾ ਅਧਿਆਇ 4 ਸਲੋਕ 32)

❖ ਗੀਤਾ ਅਧਿਆਇ 4 ਸ਼ਲੋਕ 34:- ਉਸ ਤੱਤਵ ਗਿਆਨ ਨੂੰ ਤੂੰ ਤੱਤਵਦਰਸ਼ੀ ਸੰਤਾਂ ਕੋਲ ਜਾਕੇ ਸਮਝ, ਉਹਨਾਂ ਨੂੰ ਡੰਡਵਤ ਪ੍ਰਣਾਮ ਕਰਨ ਨਾਲ, ਕੱਪਟ ਛੱਡ ਕੇ ਨਿਮਰਤਾ ਪੂਰਵਕ ਸਵਾਲ ਕਰਨ ਨਾਲ ਉਹ ਪ੍ਰਮਾਤਮਾ ਤੱਤਵ ਨੂੰ ਭਲੀ-ਭਾਂਤੀ ਜਾਨਣ ਵਾਲੇ ਗਿਆਨੀ ਮਹਾਤਮਾ ਤੈਨੂੰ ਤੱਤਵ ਗਿਆਨ ਦਾ ਉਪਦੇਸ਼ ਕਰਨਗੇ। (ਗੀਤਾ ਅਧਿਆਇ 4 ਸ਼ੋਲਕ 34)

ਮਿੱਤਰੋ! ਉਹ ਤੱਤਵਦਰਸ਼ੀ ਸੰਤ ਇਹ ਦਾਸ (ਸੰਤ ਰਾਮਪਾਲ ਜੀ ਮਹਾਰਾਜ) ਹੈ। ਉਹ ਤੱਤਵ ਗਿਆਨ ਮੇਰੇ ਕੋਲ ਹੈ। ਮੇਰੇ ਇਲਾਵਾ ਵਰਤਮਾਨ ਵਿੱਚ ਇਹ ਗਿਆਨ ਕਿਸੇ ਕੋਲ ਵੀ ਨਹੀਂ ਹੈ। ਇਹਨਾਂ ਅਰਬਾਂ ਵਿਅਕਤੀਆਂ ਵਿੱਚ ਮੇਰੇ ਇਲਾਵਾ ਕੋਈ ਵੀ ਇਹ ਗਿਆਨ ਜਾਨਣ ਵਾਲਾ ਨਹੀਂ ਹੈ।

ਗੀਤਾ ਅਧਿਆਇ 7 ਸ਼ਲੋਕ 12 ਤੋਂ 15 ਤਕ ਗੀਤਾ ਗਿਆਨ ਦਾਤਾ ਨੇ ਤਿੰਨਾਂ ਗੁਣਾਂ (ਰਾਜਗੁਣ ਬ੍ਰਹਮਾ, ਸਤਗੁਣ ਵਿਸ਼ਨੂ ਅਤੇ ਤਮਗੁਣ ਸ਼ਿਵਜੀ) ਦੀ ਭਗਤੀ ਕਰਨ ਵਾਲਿਆਂ ਨੂੰ 1. ਰਾਖ਼ਸ਼ ਸੁਭਾਅ, 2. ਵਿਅਕਤੀਆਂ ਵਿੱਚ ਨੀਚ, 3. ਦੂਸ਼ਿਤ ਕਰਮ ਕਰਨ ਵਾਲੇ, 4.ਮੂਰਖ ਮੇਰੀ ਭਗਤੀ ਵੀ ਨਹੀਂ ਕਰਦੇ।

ਫਿਰ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 7 ਸ਼ਲੋਕ 16 ਤੋਂ 18 ਤਕ ਆਪਣੀ ਭਗਤੀ ਕਰਨ ਵਾਲਿਆਂ ਦੀ ਸਥਿਤੀ ਦੱਸੀ ਹੈ ਕਿ ਮੇਰੀ ਭਗਤੀ ਚਾਰ ਪ੍ਰਕਾਰ ਦੇ ( 1. ਆਰਤ, 2. ਅਥਾਰਥੀ, 3. ਜਿਗਿਆਸੂ, 4. ਗਿਆਨੀ) ਕਰਦੇ ਹਨ। ਇਹਨਾਂ ਵਿੱਚ ਕੇਵਲ ਗਿਆਨੀ ਸਾਧਕ ਚੰਗੇ ਦੱਸੇ ਗਏ ਹਨ, ਪਰ ਉਹ ਵੀ ਤੱਤਵ ਗਿਆਨ ਨਾ ਹੋਣ ਕਰਕੇ ਮੇਰੇ ਵਾਲੀ ਮਤਲਬ ਬ੍ਰਹਮ ਦੀ ਅਨੁਤਮ ਅਰਥਾਤ ਘਟੀਆ ਗਤੀ ਵਿੱਚ ਹੀ ਸਥਿਤ ਰਹਿ ਗਿਆ।

❖ ਗੀਤਾ ਅਧਿਆਇ 7 ਸ਼ਲੋਕ 19 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਮੇਰੀ ਪੂਜਾ ਵੀ ਜਨਮ-ਜਨਮਾਂਤਰਾਂ ਦੇ ਅੰਤ ਦੇ ਜਨਮ ਵਿੱਚ ਕੋਈ ਗਿਆਨੀ ਆਤਮਾ ਢੰਗ ਨਾਲ

ਕਰਦਾ ਹੈ। ਨਹੀਂ ਤਾਂ ਹੋਰ ਭਗਤੀ ਵਿੱਚ ਹੀ ਲੱਗੇ ਰਹਿੰਦੇ ਹਨ। ਇਹ ਦੱਸਣ ਵਾਲਾ ਮਹਾਤਮਾ ਤਾਂ ਬਹੁਤ ਦੁਰਲੱਭ ਹੈ ਕਿ ਕੇਵਲ ਵਾਸੂਦੇਵ ਅਰਥਾਤ ਸਰਵਗਤਮ ਬ੍ਰਹਮ ਹੀ ਸਭ ਕੁੱਝ ਹੈ। ਉਸਦੀ ਹੀ ਭਗਤੀ ਨਾਲ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਉਸਦੀ ਹੀ ਭਗਤੀ ਨਾਲ ਸਨਾਤਨ ਪਰਮ ਧਾਮ ਪ੍ਰਾਪਤ ਹੁੰਦਾ ਹੈ। ਉਸਦੀ ਭਗਤੀ ਨਾਲ ਹੀ ਪਰਮ ਪਦ ਪ੍ਰਾਪਤ ਹੁੰਦਾ ਹੈ, ਜਿੱਥੇ ਸਾਧਕ ਜਾਣ ਤੋਂ ਬਾਅਦ ਫਿਰ ਮੁੜ ਕੇ ਸੰਸਾਰ ਵਿੱਚ ਨਹੀਂ ਆਉਂਦਾ। ਉਹ ਪਰਮ ਅਕਸ਼ਰ ਬ੍ਰਹਮ ਸਰਵ ਦਾ ਉਤਪੱਤੀ ਕਰਨ ਵਾਲਾ ਹੈ, ਉਹੀ ਸੰਸਾਰ ਰੂਪੀ ਬ੍ਰਿਖ (ਰੁੱਖ) ਦੀ ਜੜ੍ਹ ਹੈ ਜੋ ਤਿੰਨਾਂ ਲੋਕਾਂ ਦੇ ਅੰਦਰ ਜਾਕੇ ਧਾਰਣ-ਪੋਸ਼ਣ ਕਰਦਾ ਹੈ, ਉਹੀ ਪਾਪਨਾਸ਼ਕ ਹੈ। ਉਹੀ ਪੂਰਨ ਮੋਕਸ਼ ਕਰਨ ਵਾਲਾ ਹੈ, ਉਸਦੀ ਹੀ ਭਗਤੀ ਕਰਨੀ ਚਾਹੀਦੀ ਹੈ।

ਪਿਆਰੇ ਪਾਠਕੋ! ਉਹ ਤੱਤਵਦਰਸ਼ੀ ਸੰਤ ਵਰਤਮਾਨ ਵਿੱਚ ਇਹ ਦਾਸ (ਸੰਤ ਰਾਮਪਾਲ ਦਾਸ ਹੈ)। ਮੇਰੇ ਕੋਲ ਸੰਪੂਰਨ ਵੇਦ - ਸ਼ਾਸ਼ਤਰਾਂ ਦਾ ਗਿਆਨ ਹੈ। ਵਾਸੂਦੇਵ ਭਗਵਾਨ ਦੀ ਭਗਤੀ ਦੇ ਸੰਪੂਰਨ ਮੰਤਰ ਹਨ। ਹੁਣ "ਵਾਸੁ" ਦੇਵ ਦੀ ਪੂਰੀ ਪਰਿਭਾਸ਼ਾ ਦਸਦੇ ਹਾਂ:-

## "ਵਾਸੂਦੇਵ ਦੀ ਪਰਿਭਾਸ਼ਾ"

ਗੀਤਾ ਅਧਿਆਇ 3 ਸ਼ਲੋਕ 14,15 ਵਿੱਚ ਕਿਹਾ ਹੈ ਕਿ ਸੰਪੂਰਨ ਪ੍ਰਾਣੀ ਅੰਨ ਨਾਲ ਉਤਪੰਨ ਹੁੰਦੇ ਹਨ। ਵਧੇਰੇ ਜਾਣਕਾਰੀ ਤੁਹਾਨੂੰ ਪਹਿਲਾਂ ਦਿੱਤੀ ਹੋਈ ਹੈ, ਉੱਥੋਂ ਪੜ੍ਹੋ। ਏਥੇ ਸਿਰਫ ਇਸ ਵਿਸ਼ੇ ਨੂੰ ਲੈਂਦੇ ਹਾਂ।

ਫਿਰ ਕਿਹਾ ਕਿ ਬ੍ਰਹਮ ਅਰਥਾਤ ਸ਼ਰ ਪੁਰਸ਼ ਦੀ ਉਤਪਤੀ ਅਵਿਨਾਸ਼ੀ ਪਰਮਾਤਮਾ ਤੋਂ ਹੋਈ ਜਿਸਦੇ ਵਿਸ਼ੇ ਵਿੱਚ ਗੀਤਾ ਅਧਿਆਇ 15 ਸ਼ਲੋਕ 17 ਵਿੱਚ ਕਿਹਾ ਹੈ। ਇਸ ਨਾਲ ਸਿੱਧ ਹੈ ਕਿ "ਸਰਵਗਤਮ ਬ੍ਰਹਮ" = ਸਰਵਵਿਆਪੀ ਪਰਮ ਅਕਸ਼ਰ ਬ੍ਰਹਮ ਭਾਵ ਵਾਸੂਦੇਵ ਸਦਾ ਹੀ ਯੱਗਾਂ ਵਿੱਚ ਪ੍ਰਤਿਸ਼ਠਿਤ (ਸਨਮਾਨਿਤ) ਹੈ।

ਵਿਚਾਰ ਕਰੋ:- ਸਰਵਗਤਮ੍ ਬ੍ਰਹਮ ਦਾ ਅਰਥ ਹੈ ਸਰਵਵਿਆਪੀ ਪਰਮ ਅਕਸ਼ਰ ਪਰਮਾਤਮਾ। (ਗੀਤਾ ਅਧਿਆਇ 3 ਸ਼ਲੋਕ 15)

1. ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂ ਜੀ ਅਤੇ ਸ਼੍ਰੀ ਸ਼ਿਵ ਜੀ ਤਿੰਨੋਂ ਦੇਵਤਾ ਇੱਕ ਬ੍ਰਹਿਮੰਡ ਵਿੱਚ ਬਣੇ ਤਿੰਨਾਂ ਲੋਕਾਂ (ਸਵਰਗ ਲੋਕ, ਪ੍ਰਿਥਵੀ ਲੋਕ, ਪਤਾਲ ਲੋਕ) ਵਿੱਚ ਸਿਰਫ਼ ਇੱਕ-ਇੱਕ ਵਿਭਾਗ ਭਾਵ ਗੁਣ ਦੇ ਪ੍ਰਧਾਨ ਹਨ। ਇਹ ਸਰਵਗਤਮ੍ ਬ੍ਰਹਮ ਭਾਵ ਵਾਸੂਦੇਵ ਭਾਵ ਸਰਵਵਿਆਪੀ ਪਰਮਾਤਮਾ = ਵਾਸੂਦੇਵ ਨਹੀਂ ਹਨ।

2. ਬ੍ਰਹਮ ਭਾਵ ਸ਼ਰ ਪੁਰਸ਼:- ਇਹ ਸਿਰਫ਼ 21 ਬ੍ਰਹਿਮੰਡਾਂ ਦਾ ਪ੍ਰਭੂ ਹੈ। ਇਹ ਵੀ ਸਰਵਵਿਆਪੀ ਭਾਵ ਵਾਸੂਦੇਵ ਨਹੀਂ ਹੈ।

3. ਅਕਸ਼ਰ ਪੁਰਸ਼:- ਇਹ ਸਿਰਫ਼ 7 ਸੰਖ ਬ੍ਰਹਿਮੰਡਾਂ ਦਾ ਪ੍ਰਭੂ ਹੈ, ਇਹ ਵੀ ਸਰਵਵਿਆਪੀ ਭਾਵ ਵਾਸੂਦੇਵ ਨਹੀਂ ਹੈ।

4. ਪਰਮ ਅਕਸ਼ਰ ਬ੍ਰਹਮ:- ਇਹ ਸਰਵ ਬ੍ਰਹਿਮੰਡਾਂ ਦਾ ਸਵਾਮੀ ਹੈ, ਸਭ ਦਾ ਧਾਰਨ-ਪੋਸ਼ਣ ਕਰਨ ਵਾਲਾ ਹੈ, ਇਹ ਵਾਸੂਦੇਵ ਹੈ।

ਵਿਸ਼ੇਸ਼:- ਜ਼ਿਆਦਾ ਜਾਣਕਾਰੀ ਦੇ ਲਈ ਪੜ੍ਹੋ ਇਸੀ ਕੀਤਾਬ ਦੇ "ਸ੍ਰਿਸ਼ਟੀ ਰਚਨਾ" ਅਧਿਆਇ ਵਿੱਚ।

❖ ਜਿਵੇਂ ਕਿ ਤੁਹਾਨੂੰ ਪਹਿਲਾਂ ਦੱਸਿਆ ਹੈ ਕਿ ਪਰਮ ਅਕਸ਼ਰ ਬ੍ਰਹਮ ਖ਼ੁਦ ਪ੍ਰਿਥਵੀ ਉੱਤੇ ਪ੍ਰਗਟ ਹੋ ਕੇ ਚੰਗੀਆਂ ਆਤਮਾਵਾਂ ਨੂੰ ਮਿਲਦੇ ਹਨ। ਉਨ੍ਹਾਂ ਨੂੰ ਤੱਤਵ ਗਿਆਨ ਦੱਸਦੇ ਹਨ। ਇਸ ਵਿਧਾਨ ਅਨੁਸਾਰ ਉਹੀ ਪਰਮਾਤਮਾ ਸੰਤ ਗਰੀਬਦਾਸ ਜੀ ਨੂੰ (ਪਿੰਡ- ਛੁਡਾਣੀ, ਜ਼ਿਲ੍ਹਾ-

ਝੱਜਰ, ਪ੍ਰਾਂਤ (ਰਾਜ)- ਹਰਿਆਣਾ) ਸੰਨ 1727 ਵਿੱਚ ਮਿਲੇ ਸਨ। ਇੱਕ ਜਿੰਦਾ ਮਹਾਤਮਾ ਦੀ ਵੇਸ਼ਭੂਸ਼ਾ ਵਿੱਚ ਸਨ। ਗਰੀਬਦਾਸ ਜੀ ਦੀ ਆਤਮਾ ਨੂੰ ਉਸ ਸਨਾਤਨ ਪਰਮ ਧਾਮ ਵਿੱਚ ਲੈ ਕੇ ਗਏ ਸਨ। ਫਿਰ ਉੱਪਰ ਦੇ ਸਾਰੇ ਬ੍ਰਹਿਮੰਡਾਂ ਭਾਵ ਪ੍ਰਭੂਆਂ ਦੀ ਸਥਿਤੀ ਦੱਸ ਕੇ ਤੱਤਵ ਗਿਆਨ ਤੋਂ ਜਾਣੂ ਕਰਾ ਕੇ ਵਾਪਸ ਸਰੀਰ ਵਿੱਚ ਛੱਡਿਆ ਸੀ। ਉਸ ਸਮੇਂ ਸੰਤ ਗਰੀਬਦਾਸ ਜੀ ਦੀ ਉਮਰ 10 ਸਾਲ ਸੀ। ਉਸ ਦਿਨ ਸੰਤ ਗਰੀਬਦਾਸ ਜੀ ਨੂੰ ਮਰਿਆ ਹੋਇਆ ਜਾਣ ਕੇ ਚਿਤਾ ਉੱਤੇ ਰੱਖ ਕੇ ਅੰਤਿਮ ਸੰਸਕਾਰ ਦੀ ਤਿਆਰੀ ਕਰ ਰਹੇ ਸਨ। ਉਸੇ ਸਮੇਂ ਉਨ੍ਹਾਂ ਦੀ ਆਤਮਾ ਨੂੰ ਸਰੀਰ ਵਿੱਚ ਪ੍ਰਵੇਸ਼ ਕਰਾ ਦਿੱਤਾ। ਜੀਵਿਤ ਹੋਣ ਉੱਤੇ ਸਭ ਕੁੱਲ ਦੇ ਲੋਕਾਂ ਦੀ ਖ਼ੁਸ਼ੀ ਦਾ ਠਿਕਾਣਾ ਨਹੀਂ ਰਿਹਾ। ਉਸ ਤੋਂ ਪਿੱਛੋਂ ਸੰਤ ਗਰੀਬਦਾਸ ਜੀ ਨੇ ਇੱਕ ਅਨਮੋਲ ਗ੍ਰੰਥ ਦੀ ਰਚਨਾ ਕੀਤੀ। ਉਸ ਵਿੱਚ ਅੱਖੀਂ ਦੇਖਿਆ ਅਤੇ ਖ਼ੁਦ ਪਰਮਾਤਮਾ ਦੁਆਰਾ ਦੱਸੇ ਗਿਆਨ ਨੂੰ ਦੱਸਿਆ ਜੋ ਇੱਕ ਗੋਪਾਲ ਦਾਸ ਨਾਮ ਦੇ ਦਾਦੂ ਪੰਥੀ ਸਾਧੂ ਨੇ ਲਿਖਿਆ ਸੀ। ਜੋ ਵਰਤਮਾਨ ਵਿੱਚ ਪ੍ਰਿੰਟ ਕਰਵਾਇਆ ਹੋਇਆ ਹੈ।

ਪੰਜਾਬ ਪ੍ਰਾਂਤ ਵਿੱਚ ਲੁਧਿਆਣਾ ਸ਼ਹਿਰ ਦੇ ਕੋਲ ਇੱਕ ਵਾਸੀਅਰ ਪਿੰਡ ਹੈ। ਉਸ ਵਿੱਚ ਇੱਕ ਪ੍ਰਭੂ ਪ੍ਰੇਮੀ ਵਿਅਕਤੀ ਰਾਮਰਾਏ ਉਰਫ਼ ਝੂਮਕਰਾ ਰਹਿੰਦਾ ਸੀ। ਉਸਨੇ ਸੰਤ ਗਰੀਬਦਾਸ ਜੀ ਦੀ ਮਹਿਮਾ ਸੁਣੀ ਤਾਂ ਦਰਸ਼ਨ ਲਈ ਪਿੰਡ ਛੁਡਾਣੀ ਵਿੱਚ ਚਲ ਆਇਆ। ਸੰਤ ਗਰੀਬਦਾਸ ਜੀ ਨੇ ਇਹ ਗਿਆਨ ਸੁਣਾਇਆ ਜੋ ਇਸ ਦਾਸ (ਸੰਤ ਰਾਮਪਾਲ ਦਾਸ) ਨੂੰ ਸੰਤ ਗਰੀਬਦਾਸ ਤੋਂ ਪ੍ਰਾਪਤ ਹੋਇਆ ਹੈ ਜੋ ਤੁਹਾਨੂੰ ਇਸ ਕੀਤਾਬ ਅਤੇ ਹੋਰ ਕੀਤਾਬਾਂ ਦੇ ਦੁਆਰਾ ਸੁਣਾਇਆ ਹੈ।

ਉਸ ਰਾਮ ਰਾਏ ਨੇ ਪ੍ਰਸ਼ਨ ਕੀਤਾ ਕਿ ਹੇ ਮਹਾਤਮਾ ਜੀ! ਇਹ ਗਿਆਨ ਤਾਂ ਅੱਜ ਤੱਕ ਕਿਸੀ ਨੇ ਨਹੀਂ ਦੱਸਿਆ। ਸੰਤ ਗਰੀਬਦਾਸ ਜੀ ਨੇ ਬਾਣੀ ਦੇ ਦੁਆਰਾ ਦੱਸਿਆ।

ਕੋਟਿਓ ਮੱਧ ਕੋਈ ਨਹੀਂ ਰਾਏ ਝੂਮਕਰਾ। ਅਰਬੋਂ ਮੇਂ ਕੋਈ ਗਰਕ ਸੁਣੋ ਰਾਏ ਝੂਮਕਰਾ।

ਅਨੁਵਾਦ ਅਤੇ ਭਾਵ ਅਰਥ:- ਗਰੀਬ ਦਾਸ ਜੀ ਨੇ ਦੱਸਿਆ ਹੈ ਕਿ ਇਹ ਗਿਆਨ ਕਰੋੜਾਂ ਵਿੱਚ ਕਿਸੇ ਕੋਲੋਂ ਵੀ ਨਹੀਂ ਮਿਲੇਗਾ, ਅਰਬਾਂ ਵਿੱਚੋਂ ਕਿਸੇ ਇੱਕ ਕੋਲ ਮਿਲੇਗਾ। ਉਹ ਸੰਤ ਪੂਰਾ ਗਿਆਨ ਯੁਕਤ ਅਤੇ ਸੰਪੂਰਨ ਸਾਧਨਾ ਦੇ ਮੰਤਰਾਂ ਤੋਂ ਜਾਣੂ ਅਰਥਾਤ ਪੂਰਾ ਗੁਰੂ ਹੁੰਦਾ ਹੈ। ਪਿਆਰੇ ਪਾਠਕੋ! ਉਹ ਸੰਤ ਵਰਤਮਾਨ ਵਿੱਚ ਬਰਵਾਲਾ ਜਿਲ੍ਹਾ- ਹਿਸਾਰ ਵਾਲਾ ਹੈ। ਗਿਆਨ ਸਮਜੋ ਅਤੇ ਲਾਭ ਉਠਾਓ।

ਪ੍ਰਸ਼ਨ:- ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਾਧਨਾ ਨੂੰ ਤੁਸੀਂ ਗਲਤ ਕਿਵੇਂ ਕਹਿ ਸਕਦੇ ਹੋ? ਜਿਵੇਂ ਤੱਪ ਸਾਰੇ ਰਿਸ਼ੀ ਲੋਕ ਕਰਦੇ ਸੀ, ਅਸੀਂ ਹਿੰਦੂ ਸਮਾਜ ਵਿੱਚ ਦੇਖ ਰਹੇ ਹਾਂ- ਸਭ ਹਰੇ ਕ੍ਰਿਸ਼ਨ, ਹਰੇ ਰਾਮ, ਰਾਧੇ-ਰਾਧੇ ਸ਼ਾਮ ਮਿਲਾਦੇ, ਓਮ ਨਮ: ਸ਼ਿਵਾਏ, ਓਮ ਨਮੋ ਭਗਵਤੇ ਵਾਸੁਦੇਵਾਏ: ਨਮ:, ਜੈ ਸੀਆ ਰਾਮ, ਰਾਧੇ ਸ਼ਾਮ,ਓਮ ਤੱਤ ਸਤ, ਵਿੱਚੋਂ ਕਿਸੇ ਇੱਕ ਮੰਤਰ ਦਾ ਜਾਪ ਕਰਦੇ ਆ ਰਹੇ ਹਨ। ਵਰਤਮਾਨ ਵਿੱਚ ਵੀ ਕਰ ਰਹੇ ਹਨ। ਸ਼੍ਰੀ ਰਾਮ ਚੰਦਰ ਅਤੇ ਸ਼੍ਰੀ ਕ੍ਰਿਸ਼ਨ ਨੂੰ ਅਸੀਂ ਪੂਰਨ ਪਰਮਾਤਮਾ ਮੰਨਦੇ ਹਾਂ, ਇਸਲਈ ਇਹਨਾਂ ਦਾ ਨਾਮ ਜਾਪ ਵੀ ਕਰਦੇ ਹਾਂ। ਤੁਸੀ ਇਹਨਾਂ ਜਾਪ ਮੰਤਰਾਂ ਨੂੰ ਵਿਅਰਥ ਜਾਪ ਦੱਸਦੇ ਹੋ, ਸਪਸ਼ਟੀਕਰਨ ਦਵੋ।

ਉੱਤਰ:- ਪ੍ਰਾਚੀਨ ਕਾਲ ਵਿੱਚ ਜੇਕਰ ਇਹ ਸਾਧਨਾ ਹੁੰਦੀ ਅਤੇ ਇਹ ਮੰਤਰ ਹੁੰਦੇ ਤਾਂ ਸ਼੍ਰੀ ਮਦਭਗਵਤ ਗੀਤਾ ਅਧਿਆਇ 4 ਸ਼ਲੋਕ 1,2 ਵਿੱਚ ਗੀਤਾ ਗਿਆਨ ਦਾਤਾ ਇਹ ਨਹੀਂ ਕਹਿੰਦਾ ਕਿ ਇਹ ਯੋਗ ਅਰਥਾਤ ਜੋ ਭਗਤੀ ਵਿਧੀ ਮੈਂ ਗੀਤਾ ਗਿਆਨ ਵਿੱਚ ਦੱਸ ਰਿਹਾ ਹਾਂ ਇਹ ਹੁਣ ਲੁਪਤ ਹੋ ਗਿਆ ਹੈ, ਨਸ਼ਟ ਹੋ ਗਿਆ ਹੈ। ਇਹ ਗਿਆਨ ਅਤੇ ਭਗਤੀ ਮੈਂ ਸੂਰਜ ਦੇਵ ਨੂੰ ਕਹੀ ਸੀ, ਫਿਰ ਮਨੂ ਨੂੰ ਸੂਰਜ ਨੇ, ਮੰਨੂ ਨੇ ਅਪਣੇ ਪੁੱਤਰ ਇਕਸ਼ਵਾਕੁ ਨੂੰ ਕਿਹਾ, ਫਿਰ

ਕੁਝ ਰਾਜ ਰਿਸ਼ੀਆਂ ਨੇ ਜਾਣਿਆ। ਹੁਣ ਬਹੁਤ ਸਮੇਂ ਤੋਂ ਭਾਵ ਦਵਾਪਰ ਤੋਂ ਬਹੁਤ ਸਮੇਂ ਪਹਿਲਾਂ ਤੋਂ ਹੀ ਲੁਪਤ ਸੀ ਅਤੇ ਮੰਨੂ, ਇਕ੍ਸ਼ਵਾਕੁ ਆਦਿ - ਆਦਿ ਸਾਰੇ ਸਤਯੁੱਗ ਦੇ ਪ੍ਰਥਮ ਸ਼ਰਣ ਵਿੱਚ ਹੋਏ ਸਨ। ਜੇਕਰ ਤੁਸੀਂ ਰਾਮਚੰਦਰ ਜੀ ਪੁੱਤਰ ਰਾਜਾ ਦਸ਼ਰਥ ਅਤੇ ਸ਼੍ਰੀ ਕ੍ਰਿਸ਼ਨ ਪੁੱਤਰ ਸ਼੍ਰੀ ਵਾਸੂਦੇਵ ਨੂੰ ਪੂਰਨ ਪਰਮਾਤਮਾ ਮੰਨਦੇ ਹੋ। ਇਸਲਈ ਇਹਨਾਂ ਦੇ ਨਾਮ ਜਾਪ ਜਿਵੇਂ ਹਰੇ ਰਾਮ, ਹਰੇ ਕ੍ਰਿਸ਼ਨ, ਆਦਿ-ਆਦਿ ਜਾਪ ਕਰਦੇ ਹੋ ਅਤੇ ਇਸਤੋਂ ਹੀ ਮੋਕਸ਼ ਮੰਨਦੇ ਹੋ ਤਾਂ ਸ਼੍ਰੀ ਮਦਭਗਵਤ ਗੀਤਾ ਵਿੱਚ ਵਰਣਿਤ ਯਥਾਰਥ ਪ੍ਰਾਚੀਨ ਯੋਗ ਅਰਥਾਤ ਭਗਤੀ ਦੀ ਵਿਧੀ ਦੇ ਉਲਟ ਹੋਣ ਨਾਲ ਵਿਅਰਥ ਹੈ। ਸ਼ਾਸਤਰ ਵਿਧੀ ਨੂੰ ਤਿਆਗ ਕੇ ਮਨਮਾਨੀ ਸਾਧਨਾ ਹੋਈ। ਜਿਸ ਕਾਰਨ ਉੱਪਰ ਲਿਖੇ ਸਾਰੇ ਮੰਤਰ ਵੀ ਸ਼ਾਸ਼ਤਰ ਵਿਰੁੱਧ ਹੀ ਹੋਏ। ਇਸਲਈ ਇਹਨਾਂ ਦਾ ਨਾਮ ਜਾਪ ਕਰਨਾ ਵਿਅਰਥ ਹੈ। ਗੀਤਾ ਅਧਿਆਇ 16 ਸ਼ਲੋਕ 23, 24 ਵਿੱਚ ਕਿਹਾ ਕਿ ਜੋ ਪੁਰਸ਼ ਸ਼ਾਸਤਰ ਵਿਧੀ ਨੂੰ ਤਿਆਗ ਕੇ ਮਨਮਾਨਾ ਆਸ਼ਰਨ ਕਰਦੇ ਹਨ ਓਹਨਾਂ ਨੂੰ ਨਾ ਤਾਂ ਸੁੱਖ ਮਿਲਦਾ ਹੈ ਨਾ ਸਿੱਧੀ ਅਤੇ ਨਾ ਹੀ ਮੋਕਸ਼ ਮਿਲਦਾ ਹੈ ਭਾਵ ਵਿਅਰਥ ਸਾਧਨਾ ਹੈ। (ਗੀਤਾ ਅਧਿਆਇ 16 ਸ਼ਲੋਕ 23)

❖ ਗੀਤਾ ਅਧਿਆਇ 16 ਸ਼ਲੋਕ 24 ਵਿੱਚ ਕਿਹਾ ਕਿ ਇਸਤੋਂ ਤੇਰੇ ਲਈ ਅਰਜੁਨ, ਕਰਤੱਵ ਅਤੇ ਅਕਰਤੱਵ ਦੀ ਵਿਵਸਥਾ ਵਿੱਚ ਸ਼ਾਸਤਰ ਹੀ ਪਰਮਾਣ ਹਨ। ਭਾਵਅਰਥ ਹੈ ਕਿ ਜੋ ਭਗਤੀ ਦੀ ਵਿਧੀ ਪਰਮਾਣਿਤ ਸ਼ਾਸਤਰਾਂ ਵਿੱਚ ( ਚਾਰਾਂ ਵੇਦਾਂ:- ਰਿਗਵੇਦ, ਯਜ਼ੁਰਵੇਦ, ਸਾਮਵੇਦ ਅਤੇ ਅਥਰਵੇਦ ਅਤੇ ਇਹਨਾਂ ਚਾਰਾਂ ਵੇਦਾਂ ਦਾ ਸਾਰੰਸ਼ ਸ਼੍ਰੀ ਮਦਭਗਵਤ ਗੀਤਾ ਅਤੇ ਸੂਕਸ਼ਮ ਵੇਦ- ਜੋ ਪਰਮਾਤਮਾ ਨੇ ਆਪ ਆਪਣੇ ਮੁੱਖ ਤੋਂ ਬੋਲਿਆ ਸੀ ਇਹ ਭਗਤੀ ਦੇ ਗਿਆਨ ਅਤੇ ਸਮਾਧਾਨ ਦੇ ਪਰਮਾਣਿਤ ਸ਼ਾਸ਼ਤਰ ਹਨ) ਵਰਣਿਤ ਨਹੀਂ ਹੈ, ਉਹ ਸ਼ਾਸਤਰ ਵਿਰੁੱਧ ਸਾਧਨਾ ਹੈ। ਇਸਲਈ ਭਗਤੀ ਦੇ ਕਿਹੜੇ ਕਰਮ ਕਰਨੇ ਚਾਹੀਦੇ ਹਨ ਅਤੇ ਕਿਹੜੇ ਨਹੀਂ ਕਰਨੇ ਚਾਹੀਦੇ, ਇਹਨਾਂ ਲਈ ਸ਼ਾਸਤਰ ਹੀ ਅਧਾਰ ਮੰਨੋ। ਸ਼ਾਸਤਰਾਂ ਵਿੱਚ ਭਗਤੀ ਵਿਧੀ ਨੂੰ ਅਪਣਾਓ ਹੋਰ ਸਭ ਤਿਆਗ ਦੋ।

❖ ਸ਼੍ਰੀ ਰਾਮ ਜੀ ਦਾ ਜਨਮ ਤ੍ਰੇਤਾ ਯੁੱਗ ਤੇ ਅੰਤਿਮ ਪੜਾਅ ਵਿੱਚ ਹੋਇਆ ਸੀ। ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਦੁਆਪਰ ਯੁੱਗ ਦੇ ਅੰਤਿਮ ਪੜਾਅ ਵਿੱਚ ਹੋਇਆ ਸੀ। ਸਤਿਯੁੱਗ ਤੋਂ ਹੀ ਮਾਨਵ ਭਗਤੀ ਕਰਦਾ ਆ ਰਿਹਾ ਹੈ। ਉਸ ਸਮੇਂ ਕੌਣ ਰਾਮ ਸਨ। ਤੁਸੀਂ ਕਹੋਗੇ ਕਿ ਸ਼੍ਰੀ ਵਿਸ਼ਨੂੰ ਜੀ ਤਾਂ ਸਤਿਯੁੱਗ ਤੋਂ ਵੀ ਪਹਿਲਾਂ ਦੇ ਹਨ ਅਤੇ ਸ਼੍ਰੀ ਰਾਮ, ਸ਼੍ਰੀ ਕ੍ਰਿਸ਼ਨ ਆਪ ਹੀ ਸ਼੍ਰੀ ਵਿਸ਼ਨੂੰ ਜੀ ਸਨ। ਸਤਿਯੁੱਗ ਵਿੱਚ ਪ੍ਰਮਾਣ ਹੈ ਕਿ ਮਹਾਂਰਿਸ਼ੀ ਬਾਲਮੀਕ ਜੀ ਰਾਮ-ਰਾਮ ਨਾਮ ਜੱਪਦੇ ਸਨ, ਉਹ ਵਿਸ਼ਨੂੰ-ਵਿਸ਼ਨੂੰ ਨਹੀਂ ਜੱਪਦੇ ਸਨ। ਇਸ ਤੋਂ ਸਿੱਧ ਹੋਇਆ ਕਿ ਸ਼੍ਰੀ ਵਿਸ਼ਨੂੰ, ਸ਼੍ਰੀ ਰਾਮ, ਸ਼੍ਰੀ ਕ੍ਰਿਸ਼ਨ ਜੀ ਤੋਂ ਅਲੱਗ ਕੋਈ “ਰਾਮ” ਅਰਥਾਤ “ਮਾਲਿਕ” ਹੈ। ਉਸ ਰਾਮ ਦਾ ਜਾਪ ਕਰਨਾ ਚਾਹੀਦਾ ਹੈ ਜੋ ਗੀਤਾ ਅਧਿਐਇ 7 ਸ਼ਲੋਕ 29 ਵਿੱਚ ਹੈ। ਇਸ ਦੇ ਬਾਰੇ ਕਿਹਾ ਜਾਂਦਾ ਹੈ ਕਿ “ਤੱਤ ਬ੍ਰਹਮ” ਨੂੰ ਜਾਣਨ ਵਾਲੇ ਸਿਰਫ਼ ਬੁਢਾਪੇ ਅਰਥਾਤ ਬ੍ਰਿਧ ਅਵੱਸਥਾ ਅਤੇ ਮੌਤ ਤੋਂ ਛੁੱਟਕਾਰਾ ਪਾਉਣ ਦੇ ਲਈ ਹੀ ਭਗਤੀ ਕਰਦੇ ਹਨ। ਅਰਜੁਨ ਨੇ ਗੀਤਾ ਅਧਿਆਇ 8 ਸ਼ਲੋਕ 1 ਵਿੱਚ ਪ੍ਰਸ਼ਨ ਕੀਤਾ ਕਿ ਉਹ “ਤੱਤ ਬ੍ਰਹਮ” ਕੀ ਹੈ?

ਗੀਤਾ ਗਿਆਨ ਦਾਤਾ ਨੇ ਗੀਤਾ ਅਧਿਐਇ 8 ਸ਼ਲੋਕ 3 ਵਿੱਚ ਉੱਤਰ ਦਿੱਤਾ ਕਿ ਉਹ “ਪਰਮ ਅਕਸ਼ਰ ਬ੍ਰਹਮ” ਹੈ। ਗੀਤਾ ਅਧਿਐਇ 8 ਦੇ ਹੀ ਸ਼ਲੋਕ 5 ਅਤੇ 7 ਵਿੱਚ ਗੀਤਾ ਗਿਆਨ ਦਾਤਾ ਨੇ ਆਪਣੀ ਭਗਤੀ ਕਰਨ ਨੂੰ ਕਿਹਾ ਹੈ, ਜਿਸ ਦਾ ਜਾਪ ਮੰਤਰ ਗੀਤਾ ਅਧਿਆਇ 8 ਦੇ ਹੀ ਸ਼ਲੋਕ 13 ਵਿੱਚ ਹੀ ਦੱਸਿਆ ਹੈ। (ਓਮ ਇਤੀ ਏਕਸ਼ਰਾਮ ਬ੍ਰਹਮ ਵਿਹਾਰਨ ਮਾਮ ਅਨੁਸਮਰਨ ......)

❖ ਗੀਤਾ ਅਧਿਆਇ 8 ਦੇ ਹੀ ਸ਼ਲੋਕ 8,9,10 ਵਿੱਚ ਗੀਤਾ ਗਿਆਨ ਦਾਤਾ ਨੇ ਆਪਣੇ ਤੋਂ ਹੋਰ ਉਸ ਤੱਤ ਬ੍ਰਹਮ ਅਰਥਾਤ ਪਰਮ ਅਕਸ਼ਰ ਬ੍ਰਹਮ ਦੀ ਭਗਤੀ ਕਰਨ ਨੂੰ ਕਿਹਾ ਹੈ। ਉਸ ਦੀ ਭਗਤੀ ਦਾ ਨਾਮ ਜਾਪੁ ਮੰਤਰ ਗੀਤਾ ਅਧਿਆਇ 17 ਦੇ ਸ਼ਲੋਕ 23 ਵਿੱਚ ਦੱਸਿਆ ਹੈ:-

ਓਮ ਤੱਤ ਸੱਤ ਇਤੀ ਨਿਰਦੇਸ਼ਮ ਬ੍ਰਹਮਣੇ ਤ੍ਰਿਵੇਦਹਿ ਸਿਮਰਤਹ।
ਬ੍ਰਾਹਮਣਾ ਤੇਨ ਵੇਦਾਂ'ਚ ਯੱਗਾਂ'ਚ ਵਹਿਤਾ ਪੁਰਾ॥

ਸਰਲਅਰਥ:- ਬ੍ਰਹਮਣੇ= ਸੱਚਿਦਾਨੰਦ ਘਨ ਬ੍ਰਹਮ ਅਰਥਾਤ ਪਰਮ ਅਕਸ਼ਰ ਬ੍ਰਹਮ ਦੀ ਭਗਤੀ ਦਾ ਓਮ, ਤੱਤ, ਸਤ ਮੰਤਰ ਦੇ ਸਿਮਰਨ ਦਾ (ਨਿਰਦੇਸ਼) ਆਦੇਸ਼ ਹੈ। ਜੋ (ਤ੍ਰਿਵਿਧੀ) ਤਿੰਨ ਪ੍ਰਕਾਰ ਨਾਲ (ਸਮ੍ਰਤ) ਸਿਮਰਨ ਕਰਨ ਦੇ ਲਈ ਕਿਹਾ ਹੈ (ਬ੍ਰਾਹਮਣਾ) ਵਿਧਾਨ ਅਰਥਾਤ ਤੱਤਵਦਰਸ਼ੀ ਸੰਤ (ਤੇਨ) ਉਸ (ਵੇਦਾਂ) ਦੇ ਗਿਆਨ ਦੇ ਆਧਾਰ ਤੇ ਭਗਤੀ ਕਰਦੇ ਸਨ (ਚ) ਅਤੇ (ਯੱਗਾਂ) ਧਾਰਮਿਕ ਯੱਗਾਂ ਦਾ ਅਨੁਸ਼ਠਾਨ (ਚ) ਅਤੇ ਹੋਰ ਭਗਤੀ ਕਰਮ (ਪੁਰਾ) ਸ੍ਰਿਸ਼ਟੀ ਦਾ ਆਦਿ ਅਰਥਾਤ ਸ੍ਰਿਸ਼ਟੀ ਦੇ ਆਰੰਭ ਵਿੱਚ (ਵਹਿਤਾ) ਕੀਤੇ ਜਾਂਦੇ ਸਨ।

ਸ਼੍ਰੀਮਦ ਭਗਵਤ ਗੀਤਾ ਤੋਂ ਸਿੱਧ ਹੋਇਆ ਕਿ ਗੀਤਾ ਗਿਆਨ ਦਾਤਾ ਤੋਂ ਕੋਈ ਹੋਰ ਪੂਰਨ ਪ੍ਰਮਾਤਮਾ ਹੈ ਜੋ ਸ਼੍ਰੀ ਵਿਸ਼ਨੂੰ ਜੀ, ਸ਼੍ਰੀ ਬ੍ਰਹਮਾ ਜੀ ਅਤੇ ਸ਼੍ਰੀ ਸ਼ਿਵਜੀ ਤੋਂ ਭਿੰਨ ਹੈ। ਜਿਸ ਦੇ ਬਾਰੇ ਵਿੱਚ ਗੀਤਾ ਅਧਿਆਇ 15 ਸ਼ਲੋਕ 1, 4, 17 ਵਿੱਚ ਅਤੇ ਗੀਤਾ ਅਧਿਆਇ 18 ਦੇ ਸ਼ਲੋਕ 62 ਵਿੱਚ ਅਤੇ ਅਨੇਕਾਂ ਸਥਾਨਾਂ ਦੇ ਉੱਤੇ ਗੀਤਾ ਜੀ ਵਿੱਚ ਕਿਹਾ ਗਿਆ ਹੈ, ਕਿ ਉਹ ਪੂਰਨ ਪ੍ਰਮਾਤਮਾ ਹੈ। ਗੀਤਾ ਅਧਿਐਇ 15 ਦੇ ਸ਼ਲੋਕ 16 ਵਿੱਚ ਦੋ ਪੁਰਸ਼ ਦੱਸੇ ਗਏ ਹਨ। ਦੋਨੋਂ ਨਾਸ਼ਵਾਨ ਵੀ ਦੱਸੇ ਗਏ ਹਨ। ਉਸਦੇ ਅੰਤਰਗਤ ਜਿੰਨੇ ਵੀ ਪ੍ਰਾਣੀ ਹਨ, ਉਹ ਵੀ ਨਾਸ਼ਵਾਨ ਹਨ। {(1) ਸ਼ਰ ਪੁਰਸ਼ ਹੈ, ਇਹ ਸਿਰਫ਼ 21 ਬ੍ਰਹਿਮੰਡਾਂ ਦਾ ਭਗਵਾਨ ਹੈ, (2) ਅਕਸ਼ਰ ਪੁਰਸ਼, ਇਹ ਸੱਤ ਸ਼ੰਖ ਬ੍ਰਹਿਮੰਡਾਂ ਦਾ ਭਗਵਾਨ ਹੈ। ਇਹ ਦੋਨੋ ਹੀ ਪੂਰਨ ਪ੍ਰਮਾਤਮਾ ਨਹੀਂ ਹਨ। (ਗੀਤਾ ਅਧਿਆਇ 15 ਦੇ ਸ਼ਲੋਕ 16)}

❖ ਗੀਤਾ ਅਧਿਆਇ 15 ਦੇ ਸ਼ਲੋਕ 17 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਉੱਤਮ: ਪੁਰਸ਼: ਤੂੰ: ਅਨਯਾ: ਅਰਥਾਤ ਪੁਰਸ਼ੋਤਮ ਤਾਂ ਕੋਈ ਹੋਰ ਉੱਪਰ ਵਰਣਿਤ ਦੋਨੋ ਪੁਰਸ਼ਾਂ (ਸਰ ਪੁਰਸ਼ ਤੇ ਅਕਸ਼ਰ ਪੁਰਸ਼) ਤੋਂ ਅਲੱਗ ਹੈ ਜਿਸਨੂੰ (ਪਰਮਾਤਮਾ ਇਤਿ ਉਦਾਹ੍ਰਤਹ) ਪਰਮਾਤਮਾ ਕਿਹਾ ਗਿਆ ਹੈ। (ਯ:ਲੋਕਤਾਯਮ) ਜੋ ਤਿੰਨਾਂ ਲੋਕਾਂ ਵਿੱਚ (ਆਵਿਸ਼ਯ ਵਿਭ੍ਰਤਿ) ਪ੍ਰਵੇਸ਼ ਕਰਕੇ ਧਾਰਨ-ਪੋਸ਼ਣ ਕਰਦਾ ਹੈ, (ਅਵਜਯਹ ਈਸ਼ਵਰਹ) ਅਵਿਨਾਸ਼ੀ ਪ੍ਰਮੇਸ਼ਵਰ ਹੈ। (ਗੀਤਾ ਅਧਿਆਇ 15 ਸ਼ਲੋਕ 17)

❖ ਪੂਰਨ ਪਰਮਾਤਮਾ ਪਰਮ ਅਕਸ਼ਰ ਬ੍ਰਹਮ ਹੈ ਇਹ ਸਿੱਧ ਹੋਇਆ। ਉਸਦੀ ਭਗਤੀ ਦਾ ਮੰਤਰ ॐ, ਤੱਤ, ਸਤ ਹੈ, ਇਹ ਵੀ ਸਿੱਧ ਹੋਇਆ। ॐ, ਤੱਤ, ਸਤ ਜੋ ਤਿੰਨ ਮੰਤਰ ਹਨ, ਇਹ ਤਿੰਨਾਂ ਪ੍ਰਭੂਆਂ (ॐ = ਸ਼ਰ ਪੁਰਸ਼ ਮਤਲਬ ਸ਼ਰ ਬ੍ਰਹਮ ਗੀਤਾ ਗਿਆਨ ਦਾਤਾ ਦਾ, ਤੱਤ ਇਹ ਸੰਕੇਤਕ ਹੈ ਜੋ ਇਸੀ ਪੁਸਤਕ ਵਿੱਚ ਲਿਖਿਆ ਹੈ। ਉਸ ਨੂੰ ਪੜ੍ਹੋ, ਇਹ ਤੱਤ ਨਾਮ ਜਾਪ = ਅਕਸਰ ਪੁਰਸ਼ ਦਾ ਹੈ) ਸਤ ਇਹ ਵੀ ਸੰਕੇਤਕ ਹੈ, ਜ਼ਿਆਦਾ ਜਾਣਕਾਰੀ ਲਈ ਪਹਿਲੇ ਪ੍ਰਕਰਣ ਇਸ ਪੁਸਤਕ ਵਿੱਚ ਪੜ੍ਹੋ। ਇਹ ਸਤ ਮੰਤਰ ਪਰਮ ਅਕਸ਼ਰ ਬ੍ਰਹਮ ਦਾ ਹੈ। ਸ਼੍ਰੀ ਮਦਭਗਵਤ ਗੀਤਾ ਵਿੱਚ ਇਹ ਮੰਤਰ ਪੂਰਨ ਮੋਕਸ਼ ਪ੍ਰਾਪਤੀ ਦੇ ਹਨ। ਜੋ ਅੱਜ ਤੱਕ( ਸਨ 2012 ਤੱਕ) ਕਿਸੀ ਨੇ ਵੀ ਸਪੱਸ਼ਟ ਨਹੀਂ ਕੀਤਾ। ਆਪ ਜੀ ਜੋ ਹਰਿ ਉਮ, ਤੱਤ, ਸਤ ਜਾਪ ਕਰਦੇ ਹੋ, ਉਹ ਵੀ ਵਿਅਰਥ ਹੈ ਕਿਉਂਕਿ ਆਪ ਜੀ ਨੂੰ ਤੱਤ ਤੇ ਸਤ ਦੇ ਵਾਸਤਵਿਕ ਮੰਤਰਾਂ ਦਾ ਗਿਆਨ ਨਹੀਂ ਹੈ।

ਉਦਾਹਰਨ:- ਇੱਕ ਅਮੀਰ ਵਿਅਕਤੀ ਨੇ ਆਪਣੇ ਧਨ ਨੂੰ ਆਪਣੇ ਘਰ ਵਿੱਚ ਟੋਆ ਪੁੱਟ ਕੇ ਉਸ ਵਿੱਚ ਦੱਬ ਦਿੱਤਾ। ਉਸ ਜਗ੍ਹਾ ਦਾ ਸਿਰਫ ਉਸ ਅਮੀਰ ਆਦਮੀ ਨੂੰ ਹੀ ਪਤਾ ਸੀ। ਉਸ ਆਦਮੀ ਨੇ ਇੱਕ ਕਾਪੀ ਵਿੱਚ ਸੰਕੇਤਕ ਸਥਾਨ ਲਿਖ ਦਿੱਤਾ। ਉਸ ਅਮੀਰ ਆਦਮੀ ਦੀ ਅਚਾਨਕ ਮੌਤ ਹੋ ਗਈ। ਪਿਤਾ ਦਾ ਸਸਕਾਰ ਕਰਕੇ ਪੁੱਤਰਾਂ ਨੇ ਉਹ ਪੈਡ ਚੁੱਕ ਕੇ ਜਿਸ ਵਿੱਚ ਪਿਤਾ ਜੀ ਨੇ ਧਨ ਕਿੱਥੇ ਰੱਖਿਆ ਹੈ ਇਹ ਲਿਖਿਆ ਹੈ। ਜਿਸ ਨੂੰ ਪਿਤਾ ਜੀ ਕਿਸੇ ਨੂੰ ਨਹੀਂ ਦਿਖਾਉਂਦੇ ਸਨ।

ਅਮੀਰ ਆਦਮੀ ਦੇ ਮਕਾਨ ਦੇ ਅੱਗੇ ਇੱਕ ਵਿਹੜਾ ਸੀ, ਉਸ ਵਿਹੜੇ ਦੇ ਕੋਨੇ ਵਿੱਚ ਇੱਕ ਮੰਦਿਰ ਸੀ। ਪੈਡ ਵਿੱਚ ਲਿਖਿਆ ਹੈ ਕਿ ਚਾਂਦਨੀ ਚੌਦਸ ਰਾਤ 2 ਵਜੇ ਸਾਰਾ ਧਨ ਮੰਦਿਰ ਦੇ ਗੁੰਮਜ ਵਿੱਚ ਦੱਬਿਆ ਹੋਇਆ ਹੈ। ਲੜਕੀਆਂ ਨੇ ਰਾਤ ਦੇ 2 ਵਜੇ ਮੰਦਿਰ ਦਾ ਗੁੰਮਜ ਤੋੜ ਕੇ ਧਨ ਲੱਭਿਆ ਤਾਂ ਕੁਝ ਨਹੀਂ ਮਿਲਿਆ, ਬੱਚਿਆਂ ਨੂੰ ਬੜਾ ਦੁੱਖ ਹੋਇਆ। ਇੱਕ ਦਿਨ ਪਿਤਾ ਜੀ ਦਾ ਦੋਸਤ ਦੂਜੇ ਪਿੰਡ ਤੋਂ ਸੋਗ ਕਰਨ ਆਇਆ, ਬੱਚਿਆ ਨੇ ਨਿਰਧਾਰਿਤ ਸਥਾਨ ਤੇ ਧਨ ਨਾ ਪ੍ਰਾਪਤ ਹੋਣ ਦੀ ਚਿੰਤਾ ਜਤਾਈ। ਪਿਤਾ ਦੇ ਦੋਸਤ ਨੇ ਬਹੀ ਮੰਗਵਾਈ ਤੇ ਪੜ੍ਹਿਆ ਤੇ ਕਿਹਾ ਕਿ ਮੰਦਿਰ ਦੇ ਗੁੰਮਜ ਦਾ ਪੁਨਰ ਨਿਰਵਾਣ ਕਰਵਾਉ। ਪਹਿਲਾ ਵਾਂਗ ਹੀ ਕਰਣਾਉਣਾ। ਮੈਂ ਫਿਰ ਕਿਸੇ ਦਿਨ ਆਵਾਂਗਾ। ਓਦੋਂ ਧਨ ਵਾਲੀ ਜਗ੍ਹਾ ਦੱਸਾਂਗਾ। ਉਹ ਵਿਅਕਤੀ ਫਿਰ ਚਾਂਦਨੀ ਚੌਦਸ ਨੂੰ ਵਾਪਸ ਆਇਆ, ਰਾਤ ਦੇ 2 ਵਜੇ ਉਸ ਸਥਾਨ ਦੀ ਖੁਦਾਈ ਕਰਵਾਈ ਜਿਸ ਸਥਾਨ ਤੇ ਮੰਦਿਰ ਦੇ ਗੁੰਮਜ ਦਾ ਪਰਛਾਵਾਂ ਪੈਂਦਾ ਸੀ। ਸਾਰਾ ਧਨ ਜੋ ਬਹੀ ਵਿੱਚ ਲਿਖਿਆ ਸੀ, ਉਹ ਮਿਲ ਗਿਆ। ਬੱਚੇ ਖੁਸ਼ ਤੇ ਧਨੀ ਹੋ ਗਏ।

ਆਪ ਜੋ ਹਰਿ, ਉਮ, ਤੱਤ, ਸਤ ਦਾ ਜਾਪ ਕਰਦੇ ਹੋ। ਤੁਸੀਂ ਮੰਦਿਰ ਦਾ ਗੁੰਮਜ ਖੋਦ ਰਹੇ ਹੋ, ਕੁਝ ਵੀ ਹੱਥ ਨਹੀਂ ਲੱਗਣਾ। ਨਿਰਧਾਰਿਤ ਸਥਾਨ ਵਾਸਤਵਿਕ ਮੰਤਰ ਮੇਰੇ (ਸੰਤ ਰਾਮਪਾਲ ਦਾਸ ਦੇ) ਕੋਲ ਹੈ। ਉਹਨਾਂ ਨੂੰ ਗ੍ਰਹਿਣ ਕਰਕੇ ਭਗਤੀ ਧਨੀ ਤੇ ਸੁੱਖੀ ਹੋਵੋ।

## "ਅਧਿਆਤਮਿਕ ਸ਼ੰਕਾ ਦਾ ਸਮਾਧਾਨ"

ਪ੍ਰਸ਼ਨ:- ਗੀਤਾ ਅਧਿਐਇ 15 ਸ਼ਲੋਕ 18 ਵਿੱਚ ਗੀਤਾ ਗਿਆਨ ਦਾਤਾ ਆਪਣੇ ਆਪ ਨੂੰ ਪੁਰਸ਼ੋਤਮ = ਉੱਤਮ ਪੁਰਸ਼ ਕਹਿੰਦਾ ਹੈ, ਆਪ ਗੀਤਾ ਗਿਆਨ ਦਾਤਾ ਤੋਂ ਵੱਖ "ਪੁਰਸ਼ੋਤਮ" ਅਰਥਾਤ ਸ੍ਰੇਸ਼ਠ ਪਰਮਾਤਮਾ ਦੱਸਦੇ ਹੋ। ਸਪਸ਼ਟ ਕਰੋ।

ਉੱਤਰ:- ਗੀਤਾ ਦੀ ਸ਼ੰਕਾ ਦਾ ਹੱਲ ਗੀਤਾ ਤੋਂ ਹੀ ਕਰਦੇ ਹਾਂ। ਜਿਵੇਂ ਗੀਤਾ ਅਧਿਆਇ 15 ਸ਼ਲੋਕ 16 ਵਿੱਚ ਗੀਤਾ ਗਿਆਨ ਦਾਤਾ ਨੇ ਦੋ ਪੁਰਸ਼ਾਂ (ਸ਼ਰ ਪੁਰਸ਼ ਅਤੇ ਅਕਸ਼ਰ ਪੁਰਸ਼) ਦੀ ਜਾਣਕਾਰੀ ਦਿੱਤੀ ਗਈ ਹੈ। ਕਿਹਾ ਹੈ ਕਿ ਇਹ ਦੋਵਾਂ ਪੁਰਸ਼ਾਂ ਅਤੇ ਇਹਨਾਂ ਦੇ ਅਧੀਨ ਜਿੰਨੇ ਸਰੀਰਧਾਰੀ ਪ੍ਰਾਣੀ ਹਨ, ਉਹ ਸਾਰੇ ਨਾਸ਼ਵਾਨ ਹਨ ਪਰੰਤੂ ਜੀਵਆਤਮਾ ਅਵਿਨਾਸ਼ੀ ਹੈ। ਗੀਤਾ ਗਿਆਨ ਦਾਤਾ ਸ਼ਰ ਪੁਰਸ਼ ਹੈ। ਇਸਨੇ ਗੀਤਾ ਅਧਿਆਇ 15 ਦੇ ਸ਼ਲੋਕ 17 ਵਿੱਚ ਤਾਂ ਸਪੱਸ਼ਟ ਕਰ ਹੀ ਦਿੱਤਾ ਹੈ ਕਿ ਉੱਤਮ ਪੁਰਸ਼ ਤਾਂ ਕੋਈ ਵੱਖ ਹੈ ਜੋ ਗਿਆਨ ਦਾਤਾ ਤੋਂ ਦੂਸਰਾ ਹੈ। ਉਹ ਵਾਸਤਵ ਵਿੱਚ ਅਵਿਨਾਸ਼ੀ ਹੈ, ਉਸ ਨੂੰ ਹੀ ਪਰਮਾਤਮਾ ਕਿਹਾ ਜਾਂਦਾ ਹੈ। ਓਹੀ ਤਿੰਨਾਂ ਲੋਕਾਂ ਵਿੱਚ ਪ੍ਰਵੇਸ਼ ਕਰਕੇ ਸਭ ਦਾ ਪਾਲਣ-ਪੋਸ਼ਣ ਕਰਦਾ ਹੈ। ਫਿਰ ਗੀਤਾ ਅਧਿਆਇ 15 ਸ਼ਲੋਕ 18 ਵਿੱਚ ਅਪਣੀ ਸਥਿਤੀ ਦੱਸੀ ਹੈ ਕਿ ਮੈਂ ਉਹਨਾਂ ਸਭ ਸਰੀਰਧਾਰੀ ਪ੍ਰਾਣੀਆਂ ਤੋਂ ਅਤੀਤ ਅਰਥਾਤ ਪਰੇ ਹਾਂ ਜੋ ਮੇਰੇ ਅਧੀਨ (ਇਕੀ ਬ੍ਰਹਮੰਡਾਂ ਵਿੱਚ ਹਨ)। ਜਿਸ ਕਾਰਨ ਮੈਂ ਲੋਕ ਵੇਦ ਅਰਥਾਤ ਸੁਣੀ-ਸੁਣਾਈਆਂ ਕਥਾਵਾਂ ਦੇ ਅਧਾਰ ਤੇ ਪੁਰਸ਼ੋਤਮ ਪ੍ਰਸਿੱਧ

ਹਾਂ। ਵਾਸਤਵ ਵਿੱਚ ਪੁਰਸ਼ੋਤਮ ਅਰਥਾਤ ਵਧੀਆ ਪੁਰਸ਼ ਤਾਂ ਗੀਤਾ ਅਧਿਆਇ 15 ਸ਼ਲੋਕ 17 ਵਿੱਚ ਦੱਸਿਆ ਕਿ ਉਹ ਅਵਿਨਾਸ਼ੀ ਹੈ, ਪਰਮਾਤਮਾ ਕਿਹਾ ਜਾਂਦਾ ਹੈ।

ਆਪਣੇ ਬਾਰੇ ਵਿੱਚ ਗੀਤਾ ਗਿਆਨ ਦਾਤਾ ਨੇ ਸਪੱਸ਼ਟ ਕੀਤਾ ਹੈ ਕਿ ਅਰਜੁਨ! ਮੇਰੇ ਤੇ ਤੇਰੇ ਬਹੁਤ ਜਨਮ ਹੋ ਚੁੱਕੇ ਹਨ ਤੂੰ ਨਹੀਂ ਜਾਣਦਾ ਮੈਂ ਜਾਣਦਾ ਹਾਂ। ਗੀਤਾ ਅਧਿਆਇ 4 ਸ਼ਲੋਕ 5 ਵਿੱਚ ਫਿਰ ਗੀਤਾ ਅਧਿਆਇ 2 ਸ਼ਲੋਕ 12 ਵਿੱਚ ਦੱਸਿਆ ਗਿਆ ਹੈ ਕਿ ਅਰਜੁਨ! ਤੂੰ ਤੇ ਮੈਂ ਅਤੇ ਇਹ ਸਭ ਰਾਜਾ ਲੋਕ ਪਹਿਲਾਂ ਵੀ ਜੰਮੇ ਸੀ ਅਤੇ ਅੱਗੇ ਵੀ ਜਮਾਂਗੇ। ਫਿਰ ਗੀਤਾ ਅਧਿਆਇ 10 ਸ਼ਲੋਕ 2 ਵਿੱਚ ਕਿਹਾ ਹੈ ਕਿ ਮੇਰੀ ਉਤਪੱਤੀ ਨੂੰ ਅਰਥਾਤ ਮੇਰੇ ਜਨਮ ਨੂੰ ਨਾ ਹੀ ਰਿਸ਼ੀਜਨ ਜਾਣਦੇ ਹਨ, ਨਾ ਹੀ ਦੇਵਤਾ ਲੋਕ ਕਿਉਂਕਿ ਸਭ ਮੇਰੇ ਤੋਂ ਪੈਦਾ ਹੋਏ ਹਨ।

ਵਿਚਾਰ ਕਰੋ:- ਦਾਦਾ ਜੀ ਪਿਤਾ ਜੀ ਦੀ ਜਨਮ ਮਿਤੀ ਦੱਸ ਸਕਦਾ ਹੈ (ਕਿਰਪਾ ਪੜ੍ਹੋ ਸ੍ਰਿਸ਼ਟੀ ਰਚਨਾ ਵਿੱਚ ਸ਼ਰ ਪੁਰਸ਼ ਦਾ ਪਿਤਾ ਅਤੇ ਦੇਵਤਿਆਂ ਦਾ ਪਿਤਾ ਅਤੇ ਦੇਵਤਿਆਂ ਦਾ ਦਾਦਾ ਕੌਣ ਹੈ? ਇਸੇ ਪੁਸਤਕ ਵਿੱਚ)

ਉਪਰੋਕਤ ਸਬੂਤਾਂ ਤੋਂ ਸਪੱਸ਼ਟ ਹੁੰਦਾ ਹੈ ਗੀਤਾ ਗਿਆਨ ਦਾਤਾ ਨੇ ਆਪਣੇ ਆਪ ਨੂੰ ਪੁਰਸ਼ੋਤਮ ਕਿਸ ਅਧਾਰ ਤੇ ਕਿਹਾ ਹੈ। ਇਹ ਵੀ ਸਪੱਸ਼ਟ ਹੋ ਗਿਆ ਕਿ ਇਹ ਅਵਿਨਾਸ਼ੀ ਨਹੀਂ ਹੈ, ਸਭਦਾ ਪਾਲਣ-ਪੋਸ਼ਣ ਕਰਨ ਵਾਲਾ ਵੀ ਨਹੀਂ ਹੈ ਅਤੇ ਨਾ ਹੀ ਇਹ "ਪਰਮਾਤਮਾ" ਹੈ। ਇਸਦੀ ਭਗਤੀ ਤੋਂ ਪਰਮ ਸ਼ਾਂਤੀ ਨਹੀਂ ਹੋ ਸਕਦੀ ਅਤੇ ਨਾ ਹੀ ਸਨਾਤਨ ਪਰਮ ਸਥਾਨ ਪ੍ਰਾਪਤ ਹੋ ਸਕਦਾ ਜੋ ਗੀਤਾ ਅਧਿਆਇ 18 ਸ਼ਲੋਕ 62 ਵਿੱਚ ਦੱਸਿਆ ਹੈ। ਇਸ ਸ਼ਲੋਕ ਵਿੱਚ ਗੀਤਾ ਗਿਆਨ ਦਾਤਾ ਨੇ ਉਸੇ ਉੱਤਮ ਪੁਰਸ਼ (ਪੁਰਸ਼ੋਤਮ) ਭਾਵ ਪਰਮ ਅਕਸ਼ਰ ਬ੍ਰਹਮ ਦੀ ਸ਼ਰਣ ਵਿੱਚ ਜਾਣ ਲਈ ਕਿਹਾ ਹੈ। ਕਿਹਾ ਹੈ ਕਿ ਉਸਦੀ ਕਿਰਪਾ ਨਾਲ ਪਰਨ ਸ਼ਾਂਤੀ ਪ੍ਰਾਪਤ ਹੋਵੇਗੀ ਅਰਥਾਤ ਸਨਾਤਨ ਧਾਮ ਅਰਥਾਤ ਸਤਲੋਕ ਨੂੰ ਪ੍ਰਾਪਤ ਹੋਵੇਂਗਾ।

ਗੀਤਾ ਗਿਆਨ ਦਾਤਾ ਦੀ ਭਗਤੀ ਨਾਲ ਇਹ ਪਰਮ ਪਦ ਪ੍ਰਾਪਤ ਨਹੀਂ ਹੋ ਸਕਦੇ ਜੋ ਗੀਤਾ ਅਧਿਆਇ 15 ਸ਼ਲੋਕ 4 ਵਿੱਚ ਦੱਸਿਆ ਗਿਆ ਹੈ "ਤੱਤਵਦਰਸ਼ੀ ਸੰਤ ਦੇ ਤੱਤਵ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਪਰਮੇਸ਼ਵਰ ਦੇ ਉਸ ਪਦ ਦੀ ਖੋਜ ਕਰਨੀ ਚਾਹੀਦੀ ਹੈ ਜਿਥੇ ਜਾਣ ਤੋਂ ਬਾਅਦ ਸਾਧਕ ਮੁੜ ਵਾਪਸ ਕਦੇ ਸੰਸਾਰ ਵਿੱਚ ਨਹੀਂ ਆਉਂਦੇ।" ਗੀਤਾ ਗਿਆਨ ਦਾਤਾ ਨੇ ਇਹ ਵੀ ਕਿਹਾ ਕਿ ਉਸੇ ਆਦਿ ਨਰਾਇਣ ਦੀ ਭਗਤੀ ਕਰੋ।

ਗੀਤਾ ਗਿਆਨ ਦਾਤਾ ਤਾਂ ਆਪ ਖੁਦ ਵੀ ਜਨਮਦਾ ਅਤੇ ਮਰਦਾ ਹੈ। ਇਸਦਾ ਸਥਾਨ ਤਾਂ ਸਨਾਤਨ ਪਰਮ ਧਾਮ ਹੈ ਹੀ ਨਹੀਂ। ਤਾਂ ਗੀਤਾ ਗਿਆਨ ਦਾਤਾ ਦੀ ਭਗਤੀ ਕਰਕੇ ਜੀਵ ਉਸ ਪਰਮ ਪਦ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿੱਥੇ ਜਾਣ ਤੋਂ ਬਾਅਦ ਸਾਧਕ ਮੁੜ ਇਸ ਸੰਸਾਰ ਵਿੱਚ ਨਹੀਂ ਆਉਂਦਾ ਅਰਥਾਤ ਕਦੇ ਜਨਮ - ਮਰਨ ਨਹੀਂ ਹੁੰਦਾ।

ਸਪੱਸ਼ਟ ਹੋਇਆ ਕਿ ਗੀਤਾ ਗਿਆਨ ਦਾਤਾ ਵਾਸਤਵ ਵਿੱਚ ਪੂਰਣ ਨਹੀਂ ਹੈ। ਇਹ ਤਾਂ ਲੋਕਵੇਦ ਅਰਥਾਤ ਸੁਣੇ - ਸੁਣਾਏ ਗਿਆਨ ਤੋਂ ਦੰਤ- ਕਥਾਵਾਂ ਨਾਲ ਪੂਰਨ ਪ੍ਰਸਿੱਧ ਹੈ।

ਪ੍ਰਸ਼ਨ:- ਰਾਧਾ ਜੀ ਪਿੰਡ ਬਰਸਾਨਾ( ਉੱਤਰ ਪ੍ਰਦੇਸ਼) ਨੇੜੇ ਵ੍ਰਿੰਦਾਵਨ ਦੀ ਰਹਿਣ ਵਾਲੀ ਸੀ। ਉਥੋਂ ਦੇ ਲੋਕ "ਰਾਧੇ-ਰਾਧੇ" ਨਾਮ ਜਪਦੇ ਸੀ। ਸਵੇਰੇ-ਸਵੇਰੇ ਜਾਂ ਕਦੇ-ਕਦੇ ਜਦੋਂ ਉਹ ਮਿਲਦੇ ਤਾਂ ਰਾਮ-ਰਾਮ ਨਹੀਂ ਬੁਲਾਉਂਦੇ। ਉਹ ਕਹਿੰਦੇ ਹਨ ਕਿ ਚਾਚਾ ਰਾਧੇ - ਰਾਧੇ। ਚਾਚਾ ਕਹਿੰਦਾ ਹੈ ਕਿ ਰਾਧੇ - ਰਾਧੇ। ਕੀ ਉਹ ਮੂਰਖ ਹਨ?

ਉੱਤਰ:- ਤੱਤਵਗਿਆਨ ਦੀ ਘਾਟ ਕਾਰਨ ਲੋਕਵੇਦ ਨੂੰ ਸਤਿ ਗਿਆਨ ਮਨ ਕੇ ਸ਼ਾਸਤਰ ਵਿਰੁੱਧ ਮੰਤਰਾਂ ਦਾ ਜਾਪ ਚੱਲ ਰਿਹਾ ਹੈ, ਵੈਸੇ ਤਾਂ ਤੁਹਾਨੂੰ ਪਹਿਲਾਂ ਸਪੱਸ਼ਟ ਕਰ ਹੀ ਦਿੱਤਾ ਹੈ ਕਿ ਗੀਤਾ ਅਧਿਆਇ 16 ਸ਼ਲੋਕ 23, 24 ਵਿੱਚ ਕਿਹਾ ਕਿ ਜੋ ਸਾਧਕ ਸ਼ਾਸਤਰ

ਵਿਧੀ ਨੂੰ ਤਿਆਗ ਕੇ ਮਨਮਾਨਾ ਆਸ਼ਰਨ ਕਰਦੇ ਹਨ ਭਾਵ ਜੋ ਮੰਤਰ ਸ਼ਾਸਤਰਾਂ ਵਿੱਚ ਨਹੀਂ ਹਨ, ਉਹਨਾਂ ਦਾ ਜਾਪ ਕਰਦੇ ਹਨ, ਉਸ ਸਾਧਕ ਨੂੰ ਨਾ ਤਾ ਸੁੱਖ ਪ੍ਰਾਪਤ ਹੁੰਦਾ ਹੈ, ਨਾ ਸਿੱਧੀ ਅਤੇ ਨਾ ਹੀ ਮੋਕਸ਼ ਪ੍ਰਾਪਤ ਹੁੰਦਾ ਹੈ ਮਤਲਬ ਇਹ ਸਾਰੀ ਸਾਧਨਾ ਵਿਅਰਥ ਹੈ। ਇਸਤੋਂ ਤੇਰੇ ਲਈ ਅਰਜੁਨ ਕਰਤੱਵ ਅਤੇ ਅਕਰਤੱਵ ਦੀ ਵਿਵਸਥਾ ਵਿੱਚ ਸ਼ਾਸਤਰ ਹੀ ਪ੍ਰਮਾਣ ਹਨ। ਇਹ ਪਹਿਲਾਂ ਦੱਸ ਚੁੱਕਿਆ ਹਾਂ। ਹੁਣ ਗੱਲ ਹੈ ਕਿ ਚਾਚਾ-ਭਤੀਜਾ ਰਾਧੇ-ਰਾਧੇ ਸ਼ਬਦ ਕਿਉਂ ਉਚਾਰਨ ਕਰਦੇ ਹਨ। ਤੁਸੀਂ ਜਾਣਦੇ ਹੋ ਕਿ ਰਾਧਾ ਜੀ ਕੌਣ ਸੀ? ਰਾਧਾ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਪ੍ਰੇਮਿਕਾ ਸੀ। ਉਸ ਸਮੇਂ ਬਰਸਾਨਾ ਪਿੰਡ ਦੇ ਲੋਕ ਰਾਧਾ ਜੀ ਨੂੰ ਕੁਲਟਾ, ਬੇਸ਼ਰਮ, ਬਦਚਲਣ ਆਦਿ-ਆਦਿ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦੇ ਸੀ। ਕਹਿੰਦੇ ਸੀ ਇਹ ਦੂਜੇ ਪਿੰਡ ਦੇ ਨੰਦ ਬਾਬਾ ਦੇ ਮੁੰਡੇ ਨਾਲ ਲੁਕ ਕੇ ਮਿਲਣ ਜਾਂਦੀ ਹੈ, ਇਸਨੂੰ ਆਪਣੇ ਘਰ ਵੀ ਨਾ ਆਉਣ ਦੇਣਾਂ। ਕੁੜੀਆਂ ਤੇ ਗਲਤ ਪ੍ਰਭਾਵ ਪਵੇਗਾ। ਸ਼੍ਰੀਮਾਨ ਜੀ! ਹੁਣ ਉਹੀ ਬਰਸਾਨਾ ਦੇ ਲੋਕ ਰਾਧਾ ਜੀ ਵਾਸਤੇ ਆਪ (ਮਹਿਲਾ-ਪੁਰਸ਼, ਮੁਟਿਆਰਾਂ) ਕਹਿੰਦੇ ਹਨ ਕਿ ਰਾਧੇ-ਰਾਧੇ ਸ਼ਾਮ ਮਿਲਾਦੇ, ਜਿਵੇਂ ਕਿ ਤੁਸੀਂ ਪਹਿਲਾਂ ਵਾਲੇ ਪ੍ਰਸ਼ਨ ਵਿੱਚ ਦੱਸਿਆ ਸੀ ਕਿ ਅਸੀਂ ਇਹ ਨਾਮ ਵੀ ਜਾਪ ਕਰਦੇ ਹਾਂ। ਹੁਣ ਨਾ ਤਾਂ ਰਾਧਾ ਜੀ ਹਨ ਅਤੇ ਨਾ ਹੀ ਕ੍ਰਿਸ਼ਨ ਜੀ। ਹੁਣ ਬੜਬੜਾ ਰਹੇ ਹਾਂ ਸਨਿਪਾਤ ਦੇ ਬੁਖਾਰ ਦੇ ਰੋਗੀ ਦੀ ਤਰ੍ਹਾਂ ਰਾਧੇ-ਰਾਧੇ ਸ਼ਾਮ ਮਿਲਾ ਦੇ। ਇਹ ਸਥਿਤੀ ਬਾਕੀ ਮੰਤਰਾਂ ਦੀ ਹੈ ਜੋ ਕਿ ਤੁਸੀਂ ਪਹਿਲਾਂ ਵਾਲੇ ਪ੍ਰਸ਼ਨ ਵਿੱਚ ਕਹੇ ਹਨ, ਉਹਨਾਂ ਦੀ ਜਾਣੋ। ਉਹ ਵੀ ਸ਼ਾਸ਼ਤਰ ਪ੍ਰਮਾਣਿਤ ਨਾ ਹੋਣ ਕਰਕੇ ਵਿਅਰਥ ਹਨ।

❖ ਹੁਣ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਦੱਸਦਾ ਹਾਂ ਕਿ ਚਾਚਾ ਵੀ ਕਹਿੰਦਾ ਹੈ ਰਾਧੇ-ਰਾਧੇ, ਭਤੀਜਾ ਵੀ ਕਹਿੰਦਾ ਹੈ ਰਾਧੇ-ਰਾਧੇ। ਤੁਹਾਨੂੰ ਵੀ ਪਤਾ ਹੈ ਕਿ ਰਾਧਾ ਜੀ ਕ੍ਰਿਸ਼ਨ ਦੀ ਪ੍ਰੇਮਿਕਾ ਸਨ। ਤੁਹਾਨੂੰ ਇਹ ਵੀ ਪਤਾ ਹੈ ਕਿ ਜਦ ਰੁਕਮਣੀ ਜੀ ਨੂੰ ਸ਼੍ਰੀ ਕ੍ਰਿਸ਼ਨ ਜੀ ਭਜਾ ਕੇ ਰੱਥ ਵਿੱਚ ਬੈਠਾ ਕੇ ਲਿਆਉਣ ਲਗੇ ਤਾਂ ਰੁਕਮਣੀ ਜੀ ਦਾ ਭਰਾ ਉਸਨੂੰ ਬਚਾਉਣ ਲਗਾ ਅਤੇ ਘੋੜੇ ਤੇ ਸਵਾਰ ਹੋਕੇ ਪਿੱਛੇ ਭੱਜਣ ਲਗਿਆ ਸੀ ਕ੍ਰਿਸ਼ਨ ਨੇ ਪਹਿਲਾ ਤਾਂ ਉਸਨੂੰ ਕੁੱਟਿਆ ਅਤੇ ਫਿਰ ਰੱਥ ਪਿੱਛੇ ਬੰਨ੍ਹ ਕੇ ਘਸੀਟਿਆ ਸੀ। ਰੁਕਮਣੀ ਜੀ ਵੀ ਸ਼੍ਰੀ ਕ੍ਰਿਸ਼ਨ ਦੀ ਪ੍ਰੇਮਿਕਾ ਸੀ। ਉਨ੍ਹਾਂ ਦੇ ਵਿਚਕਾਰ ਰੁਕਮਣੀ ਦਾ ਭਰਾ ਆਇਆ ਸੀ। ਉਸਦੀ ਕੀ ਹਾਲਤ ਕੀਤੀ ਸੀ! ਸ਼੍ਰੀ ਕ੍ਰਿਸ਼ਨ ਜੀ ਨੇ ਰੁਕਮਣੀ ਦੀ ਪ੍ਰਾਰਥਨਾ ਉੱਤੇ ਰੁਕਮਣੀ ਦੇ ਭਰਾ ਦੀ ਜਾਨ ਬਖ਼ਸ਼ੀ ਸੀ। ਜੇਕਰ ਅੱਜ ਭਗਵਾਨ ਕ੍ਰਿਸ਼ਨ ਵਰਤਮਾਨ ਵਿੱਚ ਹੁੰਦੇ, ਰਾਧਾ ਵੀ ਹੁੰਦੀ ਅਤੇ ਬਰਸਾਨਾ ਵਾਲੇ ਚਾਚਾ-ਭਤੀਜਾ ਆਪਸ ਵਿੱਚ ਇਹ ਸ਼ਬਦ ਬੋਲਦੇ ਕਿ 'ਰਾਧੇ-ਰਾਧੇ' ਤਾਂ ਕੀ ਸ਼੍ਰੀ ਕ੍ਰਿਸ਼ਨ ਜੀ ਪਸੰਦ ਕਰਦੇ? ਕਦੇ ਨਹੀਂ, ਚਾਚਾ-ਭਤੀਜਾ ਦੋਨਾਂ ਨੂੰ ਰੱਥ ਨਾਲ ਬੰਨ੍ਹ ਕੇ ਘਸੀਟਦੇ। ਜੇਕਰ ਤੁਸੀਂ ਕਿਸੀ ਦੀ ਪ੍ਰੇਮਿਕਾ ਦਾ ਨਾਮ ਲੈ ਕੇ ਬੁੜਬੁੜਾਉਗੇ ਤਾਂ ਪ੍ਰੇਮੀ ਦੇ ਉੱਪਰ ਕੈਸੀ ਗੁਜ਼ਰੇਗੀ? ਜੇਕਰ ਤਾਕਤਵਰ ਹੋਵੇਗਾ ਤਾਂ ਮੂੰਹ ਤੋੜ੍ਹ ਦੇਵੇਗਾ, ਕਮਜ਼ੋਰ ਹੋਵੇਗਾ ਤਾਂ ਰੋਏਗਾ। ਉਸਦੀ ਜਾਨ ਨੂੰ ਕੋਸੇਗਾ, ਕੀ ਉਹ ਖ਼ੁਸ਼ ਹੋਵੇਗਾ? ਨਹੀਂ। ਇਸ ਲਈ ਇਹ ਨਾਮ ਜੋ ਸ਼ਾਸਤਰ ਪ੍ਰਮਾਣਿਤ ਨਹੀਂ ਹਨ, ਉਸ ਦਾ ਜਾਪ ਵਿਅਰਥ ਹੈ। ਸ਼ਾਸਤਰ ਪ੍ਰਮਾਣਿਤ ਨਾਮ ਮੇਰੇ ਕੋਲ ਹੈ। ਆਉ ਅਤੇ ਆਪਣਾ ਕਲਿਆਣ ਕਰਵਾਉ।

ਪ੍ਰਸ਼ਨ:- ਤੁਸੀਂ ਪ੍ਰਸ਼ਨ(ਪੂਰੇ ਗੁਰੂ ਦੀ ਪਛਾਣ ਕੀ ਹੈ?) ਦੇ ਜਵਾਬ ਵਿੱਚ ਇੱਕ ਜਗ੍ਹਾ ਤੇ ਲਿਖਿਆ ਹੈ।

(ਪੰਨਾ 72 'ਤੇ) ਕਿ ਇਹ ਪ੍ਰਮਾਣਿਤ ਹੋਇਆ ਕਿ ਓਮ (ੳਮ) ਨਾਮ ਦਾ ਜਾਪ ਸ਼ਾਸਤਰ ਪ੍ਰਮਾਣਿਤ ਹੈ। ਤੁਸੀਂ ਸਵਾਲ 35 (ਕਾਲ ਬ੍ਰਹਮ ਦੀ ਪੂਜਾ ਹੈ ਕਰਨੀ ਚਾਹੀਦੀ ਜਾਂ ਨਹੀਂ?ਦੇ ਉੱਤਰ ਵਿੱਚ ਬਹੁਤ ਸਾਰੇ ਰਿਸ਼ੀਆਂ ਪੂਜਾ ਨੂੰ

ਸ਼ਾਸਤਰਵਿਧੀਤਿਆਗ ਕੇ ਮਨਮਾਨਾ ਆਚਰਣ ਕਿਹਾ ਹੈ । ਜੋ ਕਿ ਓਮ (ॐ) ਨਾਮ ਦਾ ਜਾਪ ਕਰਦੇ ਸੀ।

ਉੱਤਰ:- ਉਹ ਰਿਸ਼ੀ ਓਮ (ॐ) ਨਾਮ ਦਾ ਜਾਪ ਦੇ ਨਾਲ ਹਠ ਕਰਕੇ ਘੋਰ ਤੱਪ ਵੀ ਕਰਦੇ ਸੀ।

ਜਿਸ ਕਾਰਨ ਉਸ ਦੀ ਸਾਧਨਾ ਨੂੰ ਸ਼ਾਸਤਰ ਦੇ ਵਿਰੁੱਧ ਕਿਹਾ ਗਿਆ ਹੈ। ਓਮ(ॐ) ਨਾਮ ਜਾਪ ਸ਼ਾਸਤਰ ਪ੍ਰਮਾਣਿਤ ਤਾਂ ਹੈ, ਪਰ ਮੁਕਤੀ ਦਾਇਕ ਨਹੀਂ ਹੈ, ਜਿਸ ਨਾਲ

ਅਨੁਤਮ ਗਤਿ (ਮੁਕਤੀ) ਪ੍ਰਾਪਤ ਹੁੰਦੀ ਹੈ। ਇਸ ਲਈ ਉਨ੍ਹਾਂ ਰਿਸ਼ੀਆਂ ਦੀ ਪੂਜਾ ਸ਼ਾਸਤਰ ਵਿਧੀ ਵਿਰੁੱਧ ਹੈ। ਵੇਦਾਂ ਅਤੇ ਗੀਤਾ ਵਿੱਚ ਉਸ ਪੂਰਨ ਪ੍ਰਮਾਤਮਾ ਦੀ ਭਗਤੀ ਕਰਨ ਲਈ ਕਿਹਾ ਗਿਆ ਹੈ। ਉਸ ਦੀ ਪੂਜਾ ਨਾ ਕਰਨ ਕਰਕੇ ਮਨਮਾਨੀ ਪੂਜਾ ਕਰਨਾ ਸ਼ਾਸਤਰ ਵਿਰੁੱਧ ਹੈ।

ਪ੍ਰਸ਼ਨ:- ਮਹਾਰਿਸ਼ੀ ਬਾਲਮੀਕੀ ਜੀ ਤਾਂ ਸੱਤਯੁੱਗ ਵਿੱਚ ਹੋਏ ਸੀ, ਉਹ ਵੀ ਰਾਮ-ਰਾਮ ਜਪਦੇ ਸੀ। ਕੀ ਇਹ ਮੰਤਰ ਵੀ ਸ਼ਾਸਤਰ ਪ੍ਰਮਾਣਿਤ ਨਹੀਂ ਹੈ?

ਉੱਤਰ:- ਪਹਿਲਾਂ ਦੱਸਿਆ ਗਿਆ ਹੈ ਕਿ ਗੀਤਾ ਗਿਆਨ ਦਾਤਾ ਨੇ ਦੱਸਿਆ ਹੈ ਕਿ ਇਹ ਗਿਆਨ ਮੈਂ ਸੂਰਜ ਨੂੰ ਸੁਣਾਇਆ ਸੀ। ਉਸਨੇ ਆਪਣੇ ਪੁੱਤਰ ਮਨੂ ਜੀ ਨੂੰ ਸੁਣਾਇਆ। ਫਿਰ ਕੁਝ ਕੁ ਰਾਜਰਿਸ਼ੀਆਂ ਨੂੰ ਪ੍ਰਾਪਤ ਹੋਇਆ। ਸਤਯੁੱਗ ਦੇ ਆਰੰਭ ਵਿੱਚ ਹੀ ਇਹ ਸਭ ਸੂਰਜ, ਮਨੂ ਤੇ ਰਾਜਰਿਸ਼ੀ ਹੋਏ ਹਨ। ਉਸ ਤੋਂ ਬਾਅਦ ਇਹ ਗਿਆਨ ਨਸ਼ਟ ਹੋ ਗਿਆ ਸੀ। ਮਹਾਰਿਸ਼ੀ ਬਾਲਮੀਕੀ ਜੀ ਨੂੰ ਸਪਤ ਰਿਸ਼ੀ ਮਿਲੇ ਸਨ। ਉਨ੍ਹਾਂ ਨੇ ਤਪੱਸਿਆ ਕਰਕੇ ਸਿੱਧੀਆਂ ਪ੍ਰਾਪਤ ਕੀਤੀਆਂ ਸਨ। ਉਹੀ ਵਿਧੀ ਮਹਾਰਿਸ਼ੀ ਬਾਲਮੀਕੀ ਜੀ ਨੂੰ ਉਨ੍ਹਾਂ ਨੇ ਦੱਸੀ ਸੀ। ਜਿਸ ਹੱਠ ਯੋਗ ਤਪ ਨੂੰ ਮਹਾਰਿਸ਼ੀ ਬਾਲਮੀਕੀ ਜੀ ਨੇ ਤਨ-ਮਨ ਨਾਲ ਸ਼ਰਧਾ ਨਾਲ ਕੀਤਾ। ਕੁਝ ਸਮੇਂ ਬਾਅਦ ਸਰੀਰ ਦੇ ਉੱਪਰ ਦੇ ਭਾਗ (ਸਿਰ) ਵਿੱਚ ਅਵਾਜ਼ ਸੁਣਾਈ ਦਿੱਤੀ ਸੀ। ਉਹ ਸੀ “ਰਾਮ-ਰਾਮ”। ਉਸੀ ਸ਼ਬਦ ਦਾ ਉਚਾਰਣ ਮਹਾਰਿਸ਼ੀ ਬਾਲਮੀਕੀ ਜੀ ਤਪੱਸਿਆ ਦੇ ਦੌਰਾਨ ਕਰਨ ਲੱਗੇ। ਸੁਣਨ ਵਾਲੇ ਨੂੰ ਇੰਝ ਲੱਗਦਾ ਹੈ ਜਿਵੇਂ ਇਹ ਮਰਾ, ਮਰਾ ਬੋਲ ਰਹੇ ਹਨ, ਅਸਲ ਵਿੱਚ ਰਾਮ-ਰਾਮ ਦਾ ਹੀ ਉਚਾਰਣ ਕਰਦੇ ਸੀ। ਉਨ੍ਹਾਂ ਨੂੰ ਤਪੱਸਿਆ ਦਾ ਪਰਿਮਾਣ ਮਿਲਿਆ, ਉਨ੍ਹਾਂ ਵਿੱਚ ਸਿੱਧੀਆਂ ਪ੍ਰਵੇਸ਼ ਹੋ ਗਈਆਂ। ਉਨ੍ਹਾਂ ਦੀ ਦਿਵਯ ਦ੍ਰਿਸ਼ਟੀ ਖੁੱਲ ਗਈ। ਜਿਸ ਕਰਕੇ ਉਨ੍ਹਾਂ ਨੇ ਸ਼੍ਰੀ ਰਾਮ ਚੰਦਰ ਜੀ ਦੇ ਜਨਮ ਤੋਂ ਹਜ਼ਾਰਾਂ ਸਾਲ ਪਹਿਲਾਂ ਹੀ ਰਮਾਇਣ ਭਾਵ ਸ਼੍ਰੀ ਰਾਮ ਚੰਦਰ ਜੀ ਦੇ ਜਨਮ ਦੀ ਜੀਵਨ ਦੀ ਸਭ ਘਟਨਾਵਾਂ ਲਿਖ ਦਿੱਤੀਆਂ ਸੀ, ਗ੍ਰੰਥ ਦਾ ਨਾਮ ਹੈ “ਬਾਲਮੀਕੀ ਰਮਾਇਣ” ਜੋ ਸੰਸਕ੍ਰਿਤ ਭਾਸ਼ਾ ਵਿੱਚ ਲਿਖੀ ਗਈ ਸੀ। ਰਾਮ-ਰਾਮ ਦੇ ਜਾਪ ਤੋਂ ਕੋਈ ਅਧਿਆਤਮਿਕ ਲਾਭ ਨਹੀਂ ਹੁੰਦਾ। ਪਰੰਤੂ ਪਰਮਾਤਮਾ ਦਾ ਬੋਧਕ ਸ਼ਬਦ ਹੋਣ ਤੋਂ ਉਚਾਰਣ ਕਰਨ ਨਾਲ ਪਰਮਾਤਮਾ ਦੀ ਭੁੱਲ ਨਹੀਂ ਪੈਂਦੀ। ਇਸ ਲਈ ਰਾਮ-ਰਾਮ ਦੇ ਉਚਾਰਣ ਦਾ ਪ੍ਰਚਲਨ ਹਿੰਦੂ ਧਰਮ ਵਿੱਚ ਪ੍ਰਾਚੀਨ ਸਮੇਂ ਤੋਂ ਹੈ। ਜਿਵੇਂ ਸਵਾਮੀ ਰਾਮਾਨੰਦ ਜੀ ਰਾਮ-ਰਾਮ ਸ਼ਬਦ ਤੋਂ ਸੰਬੋਧਿਤ ਕਰਦੇ ਸਨ। ਉਸ ਦੇ ਸ਼ਿਸ਼ਯ ਵੀ ਇੱਕ-ਦੂਸਰੇ ਨੂੰ ਰਾਮ-ਰਾਮ ਨਾਲ ਸੰਬੋਧਿਤ ਕਰਦੇ ਸਨ, ਪਰੰਤੂ ਜਾਪ ਮੰਤਰ “ॐ” (ਓਮ) ਸੀ। ਇਸ ਪ੍ਰਕਾਰ ਅਸੀਂ ਕਬੀਰ ਪੰਥੀ “ਸਤਿ ਸਾਹਿਬ” ਬੁਲਾਉਂਦੇ ਹਾਂ। ਸਾਡਾ ਜਾਪ ਮੰਤਰ ਹੋਰ ਹੈ। ਸਤਿ ਸਾਧਨਾ ਪਹਿਲਾਂ ਵੀ ਇਸ ਪੁਸਤਕ ਵਿੱਚ ਦੱਸੀ ਗਈ ਹੈ। ਉਸੀ ਭਗਤੀ ਨਾਲ ਭਗਵਾਨ ਤੱਕ ਜਾਇਆ ਜਾਂਦਾ ਹੈ। ਸੂਖਸ਼ਮ ਵੇਦ ਵਿੱਚ ਕਿਹਾ ਹੈ:-

ਸਤਿਗੁਰੂ ਮਿਲੇ ਤੋ ਇੱਛਾ ਮੇਟੇ, ਪਦ ਮਿਲ ਪਦੈ ਸਮਾਨਾ।
ਚਲ ਹੰਸਾ ਉਸ ਲੋਕ ਪਠਾਊ, ਜੋ ਅਜਰ ਅਮਰ ਅਸਥਾਨਾ।

ਚਾਰ ਮੁਕਤਿ ਜਹਾਂ ਚੰਪੀ ਕਰਤੀ, ਮਾਇਆ ਹੋ ਰਹੀ ਦਾਸੀ।
ਦਾਸ ਗਰੀਬ ਅਭੈ ਪਦ ਪਰਸੈ, ਮਿਲੇ ਰਾਮ ਅਵਿਨਾਸ਼ੀ॥

❖ ਪ੍ਰਸ਼ਨ 1:- ਇੱਕ ਬ੍ਰਹਮਾ ਕੁਮਾਰੀ ਪੰਥ ਹੈ, ਉਸਨੂੰ ਓਮ ਸ਼ਾਂਤੀ ਪੰਥ ਵੀ ਕਹਿੰਦੇ ਹਨ। ਉਹਨਾ ਦਾ ਵਿਧਾਨ ਹੈ ਕਿ ਔਰਤ ਹਮੇਸ਼ਾ ਔਰਤ ਰਹੇਗੀ ਚਾਹੇ ਜਿੰਨੇ ਵੀ ਜਨਮ ਹੋਣ ਅਤੇ ਪੁਰਸ਼ ਹਮੇਸ਼ਾ ਪੁਰਸ਼ ਹੀ ਰਹੇਗਾ, ਜਨਮ ਅਨੇਕਾਂ ਹੋਣਗੇ। ਉਹਨਾ ਦਾ ਇਹ ਵੀ ਸਿਧਾਂਤ ਹੈ ਕਿ 5 ਹਜ਼ਾਰ ਸਾਲਾਂ ਦਾ ਇੱਕ ਕਲਪ ਹੁੰਦਾ ਹੈ। ਉਸ ਵਿੱਚ ਚਾਰ ਯੁੱਗ ਹੁੰਦੇ ਹਨ:- ਸਤਯੁੱਗ, ਤ੍ਰੇਤਾਯੁੱਗ, ਦੁਆਪਰਯੁੱਗ ਅਤੇ ਕੱਲਯੁਗ। ਹਰੇਕ ਯੁੱਗ ਦਾ ਸਮਾਂ 1250 ਸਾਲ ਹੈ। ਇਸ ਪੰਥ ਵਾਲੇ ਇੱਕ ਪੰਜਵਾਂ ਯੁੱਗ ਵੀ ਦਸਦੇ ਹਨ ਉਸਦਾ ਨਾਮ ਸ਼ਾਇਦ "ਦਿਵਯ ਯੁੱਗ" ਹੈ। ਇਹ ਕਹਿੰਦੇ ਹਨ ਕਿ ਸਾਰੇ ਪ੍ਰਾਣੀ 5 ਹਜ਼ਾਰ ਸਾਲ ਬਾਅਦ ਨਸ਼ਟ ਹੋਕੇ ਦੁਬਾਰਾ ਜਨਮ ਲੈਣਗੇ ਅਤੇ ਜੋ ਉਹਨਾਂ ਦਾ ਸਤਯੁੱਗ ਵਿੱਚ ਸਥਾਨ, ਪਿੰਡ ਦਾ ਨਾਮ, ਆਪਣਾ ਨਾਮ, ਪਿਤਾ ਦਾ ਨਾਮ, ਦੇਸ਼-ਪ੍ਰਦੇਸ਼ ਉਹੀ ਹੋਵੇਗਾ, ਵਰਤਮਾਨ ਵਿੱਚ ਉਹ ਕਹਿੰਦੇ ਹਨ ਕਿ ਸਤਯੁੱਗ ਚਲ ਰਿਹਾ ਹੈ,ਪਸ਼ੂ-ਪਸ਼ੂ ਹੀ ਰਹਿਣਗੇ ਅਤੇ ਪੰਛੀ-ਪੰਛੀ ਹੀ ਰਹਿਣਗੇ, ਬਾਕੀ ਜੀਵ ਵੀ ਜਾਤੀ ਵਿੱਚ ਜਨਮਦੇ ਰਹਿਣਗੇ। ਤੁਸੀਂ ਇਸ ਵਿਧਾਨ ਨੂੰ ਸੱਚ ਮੰਨਦੇ ਹੋ ਜਾ ਨਹੀਂ?

ਉੱਤਰ:- ਪਹਿਲਾਂ ਤਾਂ ਵਿਚਾਰ ਕਰਦੇ ਹਾਂ ਕਿ ਬ੍ਰਹਮਾ ਕੁਮਾਰੀ ਪੰਥ ਵਾਲੇ ਚਾਰ ਯੁੱਗ ਦਸਦੇ ਹਨ, ਉਹਨਾਂ ਦਾ ਸਮਾਂ ਵੀ ਦੱਸ ਦਿੱਤਾ। 1250 ਸਾਲ ਹਰੇਕ ਦਾ ਅਤੇ ਚਾਰਾਂ ਦਾ ਕੁਲ ਜੋੜ 5000 ਸਾਲ। ਫਿਰ ਪੰਜਵਾ ਯੁੱਗ ਜਿਸਨੂੰ ਦਿਵਯ ਯੁੱਗ ਦਸਿਆ ਉਸਦਾ ਤਾਂ ਸਮਾਂ ਬਾਕੀ ਰਿਹਾ ਹੀ ਨਹੀਂ। ਇਹਨਾਂ ਦਾ ਇੱਕ ਸਿਧਾਂਤ ਗਲਤ ਸਿੱਧ ਹੋਇਆ।

2. ਬ੍ਰਹਮਾ ਕੁਮਾਰੀ ਵਾਲੇ ਮੰਨਦੇ ਹਨ ਕਿ ਅੱਜ ਅਰਥਾਤ ਵਰਤਮਾਨ ਵਿੱਚ ਜਿਸਦਾ ਜੋ ਨਾਮ ,ਪਿਤਾ ਦਾ ਨਾਮ, ਪਿੰਡ ਅਤੇ ਦੇਸ਼ ਦਾ ਨਾਮ ਅਤੇ ਜਿਸਦਾ ਜਿਵੇਂ ਸਰੀਰ ਹੋਏਗਾ ਬੋਲ਼ਾ, ਕਾਣਾ, ਅੰਨ੍ਹਾ, ਗੂੰਗਾ, ਲੰਗੜਾ, ਅਧਰੰਗ ਰੋਗੀ, ਗੰਜਾ, ਕਾਲਾ-ਗੋਰਾ, ਸਵਸਥ ਉਸਦਾ ਉਹੀ ਸਰੀਰ, ਪਿੰਡ, ਨਾਮ ਹੋਏਗਾ 5 ਹਜ਼ਾਰ ਸਾਲ ਬਾਅਦ। ਵਿਚਾਰ ਕਰੋ ਕਿ ਫਿਰ ਭਗਤੀ ਦੀ ਕਿ ਲੋੜ ਬਾਕੀ ਰਹਿ ਗਈ? ਇਹਨਾਂ ਦਾ ਇਹ ਦੂਜਾ ਸਿਧਾਂਤ ਵੀ ਗਲ਼ਤ ਸਿੱਧ ਹੁੰਦਾ ਹੈ।

3. ਜੇਕਰ ਪਸ਼ੂ - ਪਸ਼ੂ ਹੀ ਰਹਿਣਗੇ ਅਤੇ ਮਨੁੱਖ - ਮਨੁੱਖ ਹੀ ਰਹਿਣਗੇ ਤਾਂ ਮਨੁੱਖਾਂ ਨੂੰ ਰੋਗਾਂ ਤੋਂ ਅੰਗ - ਭੰਗ ਤੋਂ, ਗਰੀਬੀ ਤੋਂ ਬਚਾਅ ਹੀ ਨਾ ਹੋਇਆ ਤਾਂ ਉਸ ਭਗਤੀ ਦਾ ਕੀ ਲਾਭ? ਇਹ ਇਹਨਾਂ ਦਾ ਤੀਜਾ ਸਿਧਾਂਤ ਗਲ਼ਤ ਸਿੱਧ ਹੋਇਆ।

☛ ਮੈਂ (ਲੇਖਕ ਨੇ) ਸਾਰੇ ਪੰਥਾਂ ਦੇ ਇਤਿਹਾਸ ਨੂੰ ਗਹਿਨਤਾ ਨਾਲ ਪੜ੍ਹਿਆ, ਸਮਝਿਆ ਅਤੇ ਸਤਗਰੰਥਾ ਤੋਂ ਜਾਂਚ ਕੀਤੀ ਹੈ। ਇਸ ਅਧਾਰ ਤੇ ਹੀ ਤੁਹਾਨੂੰ ਬ੍ਰਹਮਾ ਕੁਮਾਰੀ ਪੰਥ ਦਾ ਨਿਰਾਰਥਕ ਅਤੇ ਨਿਰਾਧਾਰ ਸਿਧਾਂਤ ਦੱਸਦਾ ਹਾਂ। ਏਥੇ ਸੰਖੇਪ ਵਿੱਚ ਦਸਾਂਗਾ, ਵਿਸਥਾਰ ਵਿੱਚ ਤੁਸੀਂ ਪੁਸਤਕ "ਪਰਮੇਸ਼ਵਰ ਦਾ ਸਾਰ ਸੰਦੇਸ਼" ਵਿੱਚ ਪੜ੍ਹੋ ਜੋ ਕਿ ਸਾਡੀ ਵੈਬਸਾਈਟ (**website**) ਤੇ ਉਪਲਬਧ ਹੈ। ਨਾਮ ਹੈ:-**www.jagatgururampalji.org** .

❖ ਬ੍ਰਹਮਾ ਕੁਮਾਰੀ ਪੰਥ ਦੇ ਮੁਖੀ ਸ਼੍ਰੀ ਲੇਖਰਾਜ ਜੀ ਸ਼ਰਾਫ ਸਨ। ਉਹ ਮੁੰਬਈ ਵਿੱਚ ਸੁਨਾਰ ਦਾ ਕੰਮ ਕਰਦੇ ਸੀ। ਜਦੋਂ ਉਹ 60 ਸਾਲਾਂ ਦੇ ਹੋਏ ਤਾਂ ਇੱਕ ਦਿਨ ਉਹਨਾ ਦੇ ਚਾਚਾ ਦੇ ਘਰ ਸਤਸੰਗ ਹੋ ਰਿਹਾ ਸੀ। ਉਹ ਵੀ ਉੱਥੇ ਚਲੇ ਗਏ। ਕੁਝ ਦੇਰ ਬਾਅਦ ਉਹ ਬੇਹੋਸ਼ ਹੋ ਗਏ। ਜਦੋਂ ਹੋਸ਼ ਵਿੱਚ ਆਏ ਤਾਂ ਉਹਨਾ ਦੀਆਂ ਅੱਖਾਂ ਲਾਲ ਅੰਗਾਰੇ ਵਰਗੀਆਂ ਸੀ ਅਤੇ ਇਹ ਸ਼ਬਦ ਬੋਲਣ ਲਗੇ:-

ਸ਼ਿਵੋ ਅਹਿਮ, ਅਹਿਮ ਬ੍ਰਹਮਾ ਅਸਮੀ। ਮੈਂ ਸ਼ਿਵ ਹਾਂ। ਮੈਂ ਬ੍ਰਹਮ ਹਾਂ।

ਇਸ ਸ਼੍ਰੀ ਲੇਖਰਾਜ ਵਿੱਚ ਕੋਈ ਪ੍ਰੇਤ ਆਤਮਾ ਬੋਲ ਰਹੀ ਸੀ ਜੋ ਕਦੇ ਬ੍ਰਹਮਾ ਅਤੇ ਸ਼ਿਵ ਦੇ ਸਥਾਨ ਤੇ ਰਹੀ ਹੋਵੇਗੀ। ਵਰਤਮਾਨ ਵਿੱਚ ਪ੍ਰੇਤ ਜੂਨੀ ਭੋਗ ਰਹੀ ਹੈ। ਪ੍ਰੇਤ ਅਤੇ ਪਿੱਤਰ ਜੂਨੀਆਂ ਨੂੰ ਪ੍ਰਾਪਤ ਪ੍ਰਾਣੀਆਂ ਦੀ ਉਮਰ ਅੱਜ ਵੀ ਹਜ਼ਾਰਾਂ ਸਾਲ ਹੁੰਦੀ ਹੈ। ਉਹੀ ਪ੍ਰੇਤ ਆਤਮਾ ਸ਼੍ਰੀ ਲੇਖਰਾਜ ਵਿੱਚ ਪਰਵੇਸ਼ ਕਰਕੇ ਆਪਣਾ ਸੰਵਿਧਾਨ ਬਣਾਉਂਦੀ ਹੈ। ਜਿਸ ਨੂੰ ਇਸ ਪੰਥ ਦੇ ਲੋਕ ਸ਼ਿਵ ਬਾਬਾ ਕਹਿੰਦੇ ਹਨ। ਇਹ ਸ਼ਰਧਾਲੂ ਇਹ ਵੀ ਮੰਨਦੇ ਹਨ ਕਿ ਸ਼ਿਵ ਬਾਬਾ ਨੇ ਹੀ ਗੀਤਾ ਦਾ ਗਿਆਨ ਕਿਹਾ ਸੀ। ਇਹ ਕਹਿੰਦੇ ਹਨ ਕਿ ਗੀਤਾ ਇਹਨਾਂ ਨੇ ਸਤਯੁੱਗ ਵਿੱਚ ਕਹੀ ਸੀ। ਹਰੇਕ ਸਤਯੁੱਗ ਵਿੱਚ ਯਾਨੀ 5 ਹਜ਼ਾਰ ਸਾਲ ਬਾਅਦ ਸ਼ਿਵ ਬਾਬਾ ਗੀਤਾ ਗਿਆਨ ਕਿਸੇ ਵ੍ਰਿਧ ਦੇ ਸ਼ਰੀਰ ਵਿੱਚ ਪ੍ਰਵੇਸ਼ ਕਰਕੇ ਬੋਲਦੇ ਹਨ। ਵਰਤਮਾਨ ਵਿੱਚ ਵੀ ਸ਼ਿਵ ਬਾਬਾ ਇਹੀ ਗੀਤਾ ਦਾ ਗਿਆਨ ਕਿਸੇ ਵਿਅਕਤੀ ਦੇ ਸ਼ਰੀਰ ਵਿੱਚ ਪ੍ਰਵੇਸ਼ ਕਰਕੇ ਬੋਲ ਰਹੇ ਹਨ ਜਿਸਨੂੰ ਇਹ ਪੰਥੀ "ਮੁਰਲੀ" ਕਹਿੰਦੇ ਹਨ। ਜਿਸਦਾ ਇੱਕ ਸ਼ਬਦ ਵੀ ਵਾਸਤਵਿਕ ਗੀਤਾ ਨਾਲ ਮੇਲ ਨਹੀਂ ਖਾਂਦਾ। ਇਹ ਬ੍ਰਹਮਾ ਕੁਮਾਰੀ ਵਾਲੇ ਸ਼ਰਧਾਲੂ ਕੋਈ ਵੀ ਮੰਤਰ ਜਾਪ ਨਹੀਂ ਕਰਦੇ, ਇਹ ਕਹਿੰਦੇ ਹਨ ਕਿ ਬੱਸ ਬਾਬਾ ਜੀ ਤੋਂ ਮੁਰਲੀ ਸੁਣੋ ਅਤੇ ਇਸਦਾ ਹੀ ਪਾਠ ਕਰੋ, ਇਹ ਹੀ ਭਗਤੀ ਹੈ।

ਵਿਚਾਰ ਕਰੋ:- ਜੇਕਰ ਇਹਨਾਂ ਦੀ ਗੱਲ ਮੰਨੀਏ ਕਿ ਇਹਨਾਂ ਦਾ ਇਸ਼ਟ ਦੇਵ ਬਾਬਾ ਸ਼ਿਵ ਹੈ। ਬਾਬਾ ਸ਼ਿਵ ਉਹ ਹਨ ਜਿਸਨੇ ਗੀਤਾ ਦਾ ਗਿਆਨ ਦਿੱਤਾ। ਉਹ ਤਾਂ ਕਾਲ ਬ੍ਰਹਮ ਹੈ। ਜਿਸਦੀ ਜਾਣਕਾਰੀ ਤੁਹਾਨੂੰ ਪਿੱਛੇ ਇਸ ਪੁਸਤਕ ਵਿੱਚ ਦੱਸੀ ਹੈ ਅਤੇ "ਸ੍ਰਿਸ਼ਟੀ ਰਚਨਾ" ਅਧਿਆਇ ਵਿੱਚ ਵੀ ਵਿਸਥਾਰ ਨਾਲ ਲਿਖਿਆ ਹੈ।

ਬ੍ਰਹਮਾ ਕੁਮਾਰੀ ਵਾਲੇ ਕੇਵਲ "ਓਮ ਸ਼ਾਂਤੀ" ਬੋਲਦੇ ਹਨ, ਇੱਕ - ਦੂਸਰੇ ਨੂੰ। ਇਹ ਕਿਸੇ ਨਾਮ (ਮੰਤਰ) ਦਾ ( ਓਮ ਆਦਿ-ਆਦਿ ਦਾ) ਜਾਪ ਨਹੀਂ ਕਰਦੇ। ਫਿਰ ਵੀ ਓਮ ਅਤੇ ਸ਼ਾਂਤੀ ਦਾ ਕੋਈ ਮੇਲ ਹੀ ਨਹੀਂ। ਜਿਵੇਂ ਕੰਪਾਸ ਦੇ ਇੱਕ ਦਿਸ਼ਾ ਵਾਲੇ ਸਿਰੇ ਭਾਵ (**North Pole**) ਆਪਸ ਵਿੱਚ ਮਿਲਦੇ ਨਹੀਂ, ਦੂਰ ਭੱਜਦੇ ਹਨ। ਕੰਪਾਸ ਦੇ **North Pole (ਉੱਤਰੀ ਧਰੁੱਵ)** ਤੇ **N** ਲਿਖਿਆ ਹੁੰਦਾ ਹੈ ਅਤੇ **South Pole** ਦੱਖਣੀ ਧਰੁੱਵ ਤੇ **S** ਲਿਖਿਆ ਹੁੰਦਾ ਹੈ। ਜੇਕਰ **N** ਵਾਲੇ ਸਿਰੇ ਨੂੰ ਦੂਸਰੇ ਕੰਪਾਸ ਦੇ **N** ਵਾਲੇ ਸਿਰੇ ਦੇ ਕੋਲ ਲਿਆਉਂਦਾ ਹਾਂ ਤਾਂ ਦੋਨੋਂ ਦੂਰ ਭੱਜਦੇ ਹਨ ਇਹ ਦੋਨੋ ਇਕੱਠੇ ਨਹੀਂ ਟਿਕ ਸਕਦੇ। ਇਸ ਤਰ੍ਹਾਂ (ਓਮ) ਸ਼ਬਦ ਤੋਂ ਸ਼ਾਂਤੀ ਹੋ ਹੀ ਨਹੀਂ ਸਕਦੀ।

ਪ੍ਰਮਾਣ:- ਗੀਤਾ ਅਧਿਆਇ 18 ਸ਼ਲੋਕ 62 ਵਿੱਚ ਗੀਤਾ ਗਿਆਨ ਦਾਤਾ ਜਿਸਨੂੰ ਬ੍ਰਹਮਾ ਕੁਮਾਰੀ ਵਾਲੇ ਬਾਬਾ ਸ਼ਿਵ ਕਹਿੰਦੇ ਹਨ। ਉਸਨੇ ਕਿਹਾ ਹੈ ਕਿ ਹੇ! ਅਰਜੁਨ ਤੂੰ ਸਰਵਭਾਵ ਨਾਲ ਉਸ ਪਰਮੇਸ਼ਵਰ ਦੀ ਸ਼ਰਣ ਵਿੱਚ ਜਾ, ਉਸ ਪਰਮੇਸ਼ਵਰ ਦੀ ਕਿਰਪਾ ਨਾਲ ਹੀ ਤੂੰ ਪਰਮ ਸ਼ਾਂਤੀ ਅਤੇ ਸਨਾਤਨ ਪਰਮ ਧਾਮ ਨੂੰ ਪ੍ਰਾਪਤ ਹੋਵੇਂਗਾ। ਉਹ ਪਰਮੇਸ਼ਵਰ ਗੀਤਾ ਗਿਆਨ ਦਾਤਾ ਤੋਂ ਅਲੱਗ ਹੈ। ਉਹ ਪਰਮ ਅਕਸ਼ਰ ਬ੍ਰਹਮ ਹੈ ਜਿਸਤੋਂ ਪਰਮ ਸ਼ਾਂਤੀ ਪ੍ਰਾਪਤ ਹੋਵੇਗੀ।

ਪ੍ਰਮਾਣ:- ਗੀਤਾ ਅਧਿਆਇ 8 ਸ਼ਲੋਕ 13 ਵਿੱਚ ਗੀਤਾ ਗਿਆਨ ਦਾਤਾ ਨੇ ਕਿਹਾ ਹੈ ਕਿ ਮੇਰਾ ਬ੍ਰਹਮ ਦਾ ਇਕ ਓਮ (ॐ) ਇਹ ਇੱਕ ਅਕਸ਼ਰ ਹੈ। ਇਸਦਾ ਜਾਪ ਕਰਕੇ ਮੇਰੇ ਤੋਂ ਮਿਲਣ ਵਾਲੀ ਪਰਮਗਤੀ ਨੂੰ ਪ੍ਰਾਪਤ ਹੋ ਜਾਏਗਾ। ਗੀਤਾ ਗਿਆਨ ਦਾਤਾ ਨੇ ਆਪਣੀ ਸਾਧਨਾ ਨੂੰ ਗੀਤਾ ਅਧਿਆਇ 8 ਸ਼ਲੋਕ 18 ਵਿੱਚ ਅਨੁਤਮ ਅਰਥਾਤ ਘਟੀਆ ਦੱਸਿਆ ਹੈ। ਫਿਰ ਗੀਤਾ ਗਿਆਨ ਦਾਤਾ ਨੇ ਗੀਤਾ ਅਧਿਆਇ 8 ਸ਼ਲੋਕ 5 ਅਤੇ 7 ਵਿੱਚ ਕਿਹਾ ਹੈ ਕਿ ਮੇਰੀ ਭਗਤੀ ਕਰ। ਪਰ ਯੁੱਧ ਵੀ ਕਰਨਾ ਪਵੇਗਾ। ਵਿਚਾਰ ਕਰੋ ਸ਼੍ਰੀਮਾਨ ਜੀ ਜਿੱਥੇ ਯੁੱਧ ਹੋ ਰਿਹਾ ਹੋਵੇ, ਉੱਥੇ ਸ਼ਾਂਤੀ ਕਿਵੇਂ ਹੋ ਸਕਦੀ ਹ? ਸ਼ਾਂਤੀ ਲਈ ਤਾਂ ਗੀਤਾ ਗਿਆਨ ਦਾਤਾ ਅਰਥਾਤ

ਬ੍ਰਹਮਾ ਕੁਮਾਰੀ ਵਾਲਿਆਂ ਦੀ ਮੰਨੀਏ ਤਾਂ ਉਹਨਾਂ ਦੇ ਸ਼ਿਵ ਬਾਬਾ ਨੇ ਆਪਣੇ ਤੋਂ ਕਿਸੇ ਹੋਰ ਦੀ ਸ਼ਰਣ ਵਿੱਚ ਜਾਣ ਲਈ ਕਿਹਾ ਹੈ।

ਬ੍ਰਹਮਾ ਕੁਮਾਰੀ ਪੰਥ ਵਾਲੇ ਓਮ ਸ਼ਾਂਤੀ ਬੋਲਦੇ ਹਨ ਤਾਂ ਦੋਨਾਂ N ਨੂੰ ਮਿਲਾਉਣ ਦਾ ਕੋਝਾ ਯਤਨ ਕਰਦੇ ਹਨ। ਉਹਨਾਂ ਲਈ ਕਿਹਾ ਕਿ "ਉਹ ਅਗਿਆਨ ਦੇ ਅਧਾਰ ਤੋਂ ਇਹੋ ਜਿਹਾ ਊਟ-ਪਟਾਂਗ ਦਾ ਗਿਆਨ ਕਿਹਾ ਕਰਦੇ ਹਨ।" "ਪੰਥ ਬਣਾਕਰ ਬਤਾਵੇਂ ਨੁਕਤਾ, ਸਭ ਪੰਥ ਉਵਾ - ਬਾਈ ਬਕਤਾ।" ਸਨਿਨਪਾਤ ਦੇ ਬੁਖਾਰ ਦਾ ਰੋਗੀ ਵਿਅਰਥ ਗੱਲਾਂ ਬੁੜਬੁੜਾਉਂਦਾ ਰਹਿੰਦਾ ਹੈ, ਉਸੇ ਤਰ੍ਹਾਂ ਬ੍ਰਹਮਾ ਕੁਮਾਰੀ ਪੰਥ ਦੇ ਭੋਲੇ ਸਰਧਾਲੂ ਗਿਆਨ ਦੱਸ ਰਹੇ ਹਨ। ਜਿਵੇਂ ਕਿਸੀ ਨੂੰ ਨੀਂਦ ਵਿੱਚ ਉੱਠ ਕੇ ਚੱਲਣ ਤੇ ਬੋਲਣ ਦੀ ਬਿਮਾਰੀ ਹੁੰਦੀ ਹੈ।

ਤੁਸੀਂ ਪਹਿਲਾ ਪੜ੍ਹਿਆ ਹੈ ਕਿ ਬ੍ਰਹਮਾ ਜੀ ਦੀ ਮੌਤ 100 ਦਿਵਯ ਸਾਲ ਬਾਅਦ ਹੁੰਦੀ ਹੈ। ਇੱਕ ਦਿਵਯ ਸਾਲ ਦਾ ਸਮਾ = ਬ੍ਰਹਮਾ ਜੀ ਦਾ ਇੱਕ ਦਿਨ 1008 ਚਤੁਰਜੁੱਗ ਦਾ ਹੁੰਦਾ ਹੈ। {ਇੱਕ ਚਤੁਰਯੱਗ ਵਿੱਚ ਸਤਯੁੱਗ ਜੋ 17 ਲੱਖ 28 ਹਜ਼ਾਰ ਸਾਲ ਦਾ ਹੁੰਦਾ ਹੈ, ਤ੍ਰੇਤਾਯੁੱਗ ਜੋ 12 ਲੱਖ 96 ਹਜ਼ਾਰ ਸਾਲ ਦਾ ਹੁੰਦਾ ਹੈ, ਦੁਆਪਰਯੁੱਗ ਜੋ 8 ਲੱਖ 64 ਹਜ਼ਾਰ ਮਨੁੱਖਾਂ ਦੇ ਸਾਲਾਂ ਦਾ ਹੁੰਦਾ, ਕਲਯੁੱਗ ਜੋ 4 ਲੱਖ 32 ਹਜ਼ਾਰ ਮਨੁੱਖਾਂ ਦੇ ਸਾਲਾਂ ਦਾ ਹੁੰਦਾ। ਚਾਰੇ ਯੁੱਗ ਮਿਲਾਕੇ ਇੱਕ ਚਤੁਰਯੁੱਗ ਬਣਦਾ ਹੈ। {ਬ੍ਰਹਮਾ ਜੀ ਦਾ ਇੱਕ ਦਿਨ ਇਵੇਂ ਦੇ 1008 ਚਤੁਰਯੁੱਗ ਦਾ ਬਣਦਾ ਹੈ}

ਇੰਨੇ ਸਮੇਂ (1008) ਚਤੁਰਯੁੱਗ ਦੀ ਰਾਤ ਬ੍ਰਹਮਾ ਜੀ ਦੀ। ਇਸੇ ਤਰ੍ਹਾਂ 30 ਦਿਨ ਰਾਤ ਬ੍ਰਹਮਾ ਜੀ ਦਾ ਇੱਕ ਮਹੀਨਾ ਬਣਦਾ ਹੈ ਤੇ 12 ਮਹੀਨਿਆਂ ਦਾ ਇੱਕ ਸਾਲ ਇੱਦਾਂ 100 ਸਾਲ ਦੀ ਬ੍ਰਹਮਾ ਜੀ ਦੀ ਉਮਰ ਹੈ। ਇਸ ਤੋਂ ਬਾਅਦ ਬ੍ਰਹਮਾ ਜੀ ਦੇ ਪਦ ਵਾਲੀ ਜੀਵ ਆਤਮਾ ਦੀ ਮੌਤ ਹੁੰਦੀ ਹੈ। ਜੋ ਬ੍ਰਹਮਾ ਜੀ ਦੇ ਪਦ ਤੋਂ ਬਾਅਦ ਹਰੇਕ ਜੂਨੀ ਵਿੱਚ ਭਟਕ ਦਾ ਹੈ ਉਹ ਪਿੰਡ ਦੇ ਸਰਪੰਚ ਵਾਂਗ ਹੁੰਦਾ ਹੈ ਜਿਸ ਨੂੰ ਪਦ ਤੋਂ ਹਟਾ ਦਿੱਤਾ ਜਾਂਦਾ ਹੈ, ਤੇ ਹੋਰ ਨੂੰ ਪਦ ਤੇ ਬਿਠਾ ਦਿੱਤਾ ਜਾਂਦਾ ਹੈ। ਪਿੰਡ ਦੇ ਲੋਕ ਉਸ ਪਦ ਤੋਂ ਹਟੇ ਸਰਪੰਚ ਨੂੰ ਖੁਸ਼ ਕਰਨ ਲਈ ਉਸ ਦੀ ਮਹਿਮਾ ਕਰਦੇ ਹਨ, ਉਸ ਤੋਂ ਕੁਝ ਨਾਂ ਕੁਝ ਉਧਾਰ ਲੈਣ ਲਈ ਉਸ ਨੂੰ ਪੰਪ ਦਿੰਦੇ ਹਨ, ਉਸ ਨੂੰ ਸਰਪੰਚ ਸਾਹਿਬ ਕਹਿੰਦੇ ਹਨ। ਫਿਰ ਉਹ ਕਹਿੰਦਾ ਹੈ ਕਿ ਜਾ ਮੇਰਾ ਨਾਮ ਲੈ ਦੇ ਠੇਕੇ ਤੇ ਜਾ ਕੇ ਕਹਿ ਸਰਪੰਚ ਸਾਹਿਬ ਨੇ ਬੋਤਲ ਮੰਗਵਾਈ। ਭਾਵ ਅਰਥ ਹੈ ਕਿ ਇਸੇ ਤਰ੍ਹਾਂ ਬ੍ਰਹਮਾ ਪਦ ਤੋਂ ਮੁਕਤ ਵਰਤਮਾਨ ਪ੍ਰੇਤ ਪੰਥ ਬ੍ਰਹਮਾ ਕੁਮਾਰੀ ਪੰਥ ਦੀ ਸ਼ੁਰੂਆਤ ਕਰਕੇ ਬਖੇੜਾ ਖੜ੍ਹਾ ਕਰ ਰਿਹਾ ਹੈ। ਜਿਵੇਂ ਬ੍ਰਹਮਾ ਜੀ ਦੀ ਮੌਤ ਹੁੰਦੀ ਹੈ, ਵੈਸੇ ਹੀ ਵਿਸ਼ਨੂੰ ਜੀ ਦੀ ਮੌਤ ਹੁੰਦੀ ਹੈ। 7 ਬ੍ਰਹਮਾ ਜੀ ਦੀ ਮੌਤ ਤੋਂ ਬਾਅਦ ਇੱਕ ਵਿਸ਼ਨੂੰ ਜੀ ਦੀ ਮੌਤ ਹੁੰਦੀ ਹੈ। 7 ਵਿਸ਼ਨੂੰ ਜੀ ਦੀ ਮੌਤ ਤੋਂ ਬਾਅਦ 1 ਸ਼ਿਵ ਜੀ ਮਰਦਾ ਹੈ। ਇਹ ਸਭ ਤੋਂ ਬਾਅਦ ਇਹ ਪ੍ਰੇਤ ਜੂਨੀ ਜਾ ਹੋਰ ਜੂਨੀਆਂ ਪ੍ਰਾਪਤ ਕਰਦੇ ਹਨ। ਨਵੇਂ ਵਿਸ਼ਨੂੰ ਤੇ ਸ਼ਿਵ ਜੀ ਪਦ ਪ੍ਰਾਪਤ ਕਰਦੇ ਹਨ।

❖ ਬ੍ਰਹਮ ਕੁਮਾਰੀ ਪੰਥ ਦਾ ਸਾਰਾ ਸਿਧਾਂਤ ਗਲਤ ਹੈ। ਇਹ ਇੱਕ ਪ੍ਰੇਤ ਦਾ ਬਣਾਇਆ ਹੋਇਆ ਹੈ ਇਹ ਕਿਸੀ ਸ਼ਾਸਤਰ ਨਾਲ ਮੇਲ ਨਹੀਂ ਖਾਂਦਾ।

❖ ਚਾਰਾਂਯੁੱਗਾਂ ਦਾ ਸਮਾਂ ਮੇਰੇ ਦੁਆਰਾ ਉੱਪਰ ਦੱਸਿਆ ਗਿਆ ਹੈ, ਇਹ ਸਹੀ ਹੈ ਤੇ ਸ਼ਾਸਤਰਾਂ ਵਿੱਚ ਪ੍ਰਮਾਣਿਤ ਹੈ।

❖ ਜੋ ਸਿਧਾਂਤ ਬ੍ਰਹਮ ਕੁਮਾਰੀ ਪੰਥ ਵਾਲਿਆਂ ਨੇ ਦੱਸਿਆ ਹੈ ਕਿ ਔਰਤ ਦੀ ਆਤਮਾ ਸਦਾ ਔਰਤ ਦੀ ਰਹਿੰਦੀ ਹੈ। ਤੇ ਪੁਰਸ਼ ਦੀ ਆਤਮਾ ਸਦਾ ਪੁਰਸ਼ ਦੀ ਹੀ ਰਹਿੰਦੀ ਹੈ। ਇਹ ਔਰਤ - ਪੁਰਸ਼ ਦੀ ਆਤਮਾ ਹੋਰ ਪ੍ਰਾਣੀਆਂ ਦੇ ਸਰੀਰ ਪ੍ਰਾਪਤ ਨਹੀਂ ਕਰਦੀ। ਇਹ ਪੂਰਨ ਰੂਪ ਵਿੱਚ ਅਣਉਚਿਤ ਹੈ।

ਪ੍ਰਮਾਣ:- ਮਹਾਂਭਾਰਤ ਵਿੱਚ ਪ੍ਰਕਰਣ ਆਉਂਦਾ ਹੈ ਕਿ ਇੱਕ ਸ਼ਿਕੰਡੀ ਨਾਮ ਪੁਰਸ਼ ਸੀ ਉਹ ਪੂਰਬ ਜਨਮ ਵਿੱਚ ਇਸਤਰੀ ਸੀ।

❖ ਹੋਰ ਪ੍ਰਮਾਣ:- ਸ਼ਿਵ ਪੁਰਾਣ ਵਿੱਚ ਵਰਣਨ ਹੈ। ਇੱਕ ਸਮੇਂ ਭਗਵਾਨ ਸ਼ਿਵ ਆਪਣੀ ਪਤਨੀ ਪਾਰਵਤੀ ਨਾਲ ਮਿਲਨ ਕਰ ਰਹੇ ਸਨ । ਉਸ ਸਮੇਂ ਕੁਝ ਰਿਸ਼ੀ ਅਚਾਨਕ ਸ਼ਿਵ ਜੀ ਨੂੰ ਮਿਲਣ ਉੱਥੇ ਪਹੁੰਚ ਗਏ। ਦੂਰ ਤੋਂ ਦੇਖ ਕੇ ਰਿਸ਼ੀ ਵਾਪਸ ਚਲੇ ਗਏ। ਪਾਰਵਤੀ ਦੀ ਨਜ਼ਰ ਉਨ੍ਹਾਂ ਉੱਤੇ ਪਈ।ਫਿਰ ਸ਼ੰਕਰ ਭਗਵਾਨ ਨੇ ਵੀ ਉਹਨਾਂ ਨੂੰ ਦੇਖਿਆ। ਪਾਰਵਤੀ ਸ਼ਰਮ ਦੇ ਮਾਰੇ ਬਹੁਤ ਦੁੱਖੀ ਹੋਈ। ਭਗਵਾਨ ਸ਼ੰਕਰ ਨੇ ਕਿਹਾ ਕਿ ਚਿੰਤਾਂ ਨਾ ਕਰ, ਅੱਗੇ ਤੋਂ ਇਸ ਤਰ੍ਹਾਂ ਨਹੀਂ ਹੋਵੇਗਾ। ਮੈਂ ਕੁੱਝ ਖੇਤਰ ਨੂੰ ਸ਼ਰਾਪ ਦੇ ਦਿੰਦਾ ਹਾਂ ਕਿ ਜੋ ਵੀ ਮਰਦ ਇਸ ਖੇਤਰ ਵਿੱਚ ਪ੍ਰਵੇਸ਼ ਕਰੇਗਾ, ਉਹ ਔਰਤ ਬਣ ਜਾਵੇਗਾ। ਇੱਕ ਦਿਨ ਇੱਕ ਰਾਜਾ ਘੁੰਮਦਾ-ਘੁੰਮਦਾ ਉਸ ਖੇਤਰ ਵਿੱਚ ਚਲਿਆ ਗਿਆ। ਉਹ ਔਰਤ ਬਣ ਗਿਆ। ਉਸਦਾ ਵਿਆਹ ਇੱਕ ਰਾਜਾ ਨਾਲ ਹੋਇਆ, ਸੰਤਾਨ ਹੋਈ।

❖ ਹੋਰ ਉਦਾਹਰਣ:- ਇੱਕ ਸਮੇਂ ਨਾਰਦ ਮੁਨੀ ਜੀ ਨੂੰ ਹੰਕਾਰ ਹੋ ਗਿਆ ਕਿ ਮੈਂ ਮਾਇਆ ਜਿੱਤ ਲਈ। ਭਗਵਾਨ ਵਿਸ਼ਨੂੰ ਨੇ ਕਿਹਾ ਕਿ ਨਾਰਦ ਬੇਟਾ! ਇਸ ਦਰਿਆ ਤੋਂ ਪਾਣੀ ਲੈ ਆ, ਬਹੁਤ ਪਿਆਸ ਲੱਗੀ ਹੈ। ਪਹਿਲਾਂ ਇਸ਼ਨਾਨ ਕਰਨਾ ਫਿਰ ਪਾਣੀ ਲਿਆਉਣਾ।ਇਸ਼ਨਾਨ ਦੇ ਲਈ ਨਾਰਦ ਜੀ ਨੇ ਨਦੀ ਵਿੱਚ ਗੋਤਾ ਲਗਾਇਆ। ਬਾਹਰ ਨਿਕਲੇ ਤਾਂ ਜਵਾਨ ਇਸਤਰੀ ਬਣ ਗਏ। ਇੱਕ ਰਾਜਾ ਨੇ ਉਸ ਨਾਲ ਵਿਆਹ ਕਰ ਲਿਆ। ਉਸ ਇਸਤਰੀ ਨੇ 72 ਸੰਤਾਨਾਂ ਨੂੰ ਜਨਮ ਦਿੱਤਾ।

ਹੋਰ ਪ੍ਰਮਾਣ:- ਜੈਨ ਧਰਮ ਗ੍ਰੰਥ "ਆਓ ਜੈਨ ਧਰਮ ਨੂੰ ਜਾਣੋ" ਪੁਸਤਕ ਵਿੱਚ ਲਿਖਿਆ ਹੈ ਕਿ ਮਹਾਂਵੀਰ ਜੈਨ ਜੀ ਦਾ ਜੀਵ ਪਹਿਲਾਂ ਮਾਰੀਚ ਸੀ। ਮਾਰੀਚ ਭਰਤ ਦਾ ਪੁੱਤਰ ਅਤੇ ਰਾਜਾ ਰੰਸ਼ਬ ਦੇਵ ਦਾ ਪੋਤਾ ਸੀ। ਮਹਾਂਵੀਰ ਦੇ ਜਨਮ ਤੱਕ ਪਹੁੰਚਣ ਤੋਂ ਪਹਿਲਾਂ ਅਨੇਕਾਂ ਜਨਮ ਹੋਏ। ਜਿਸ ਵਿੱਚ 60 ਕਰੋੜ ਵਾਰ ਗਧੇ ਦੇ ਜੀਵਨ, 30 ਕਰੋੜ ਕੁੱਤੇ ਦੇ, 60 ਲੱਖ ਵਾਰ ਇਸਤਰੀ, ਸੈਂਕੜੇ ਜਨਮ ਰਾਜਾ ਪੁਰਸ਼ਾਂ ਦੇ, ਲੱਖਾਂ ਜਨਮ ਦੇਵਤਿਆਂ ਦੇ, ਹਜ਼ਾਰਾਂ ਜਨਮ ਪੇੜ-ਪੌਦਿਆਂ ਦੇ, ਹਜਾਰਾਂ ਨਪੁੰਸਕਾਂ (ਖੁਸਰਿਆਂ) ਦੇ ਜਨਮ ਧਾਰਣ ਕਰਕੇ ਫਿਰ ਤੀਰਥੰਕਰ ਹੋਏ।

❖ ਬ੍ਰਹਮਾ ਕੁਮਾਰੀ ਵਾਲੇ ਕਹਿੰਦੇ ਹਨ ਕਿ ਮਾਨਵ (ਇਸਤਰੀ-ਪੁਰਸ਼) ਮਾਨਵ ਹੀ ਰਹਿੰਦਾਂ ਹੈ। ਉਹ ਪਸ਼ੂ-ਪੰਛੀ ਆਦਿ-ਆਦਿ ਦੇ ਸ਼ਰੀਰ ਨੂੰ ਪ੍ਰਾਪਤ ਨਹੀਂ ਕਰਦਾ। ਇਹ ਸਿਧਾਂਤ ਵੀ ਪੂਰੀ ਤਰ੍ਹਾਂ ਗ਼ਲਤ ਹੈ।

ਪ੍ਰਮਾਣ:- ਮਹਾਂਭਾਰਤ ਗ੍ਰੰਥ ਵਿੱਚ ਪ੍ਰਕਰਣ ਆਉਂਦਾ ਹੈ ਕਿ ਇੱਕ ਜੜ੍ਹ ਭਰਤ ਨਾਂ ਦਾ ਭਗਤ ਜੰਗ ਵਿੱਚ ਭਗਤੀ ਕਰ ਰਿਹਾ ਸੀ। ਇੱਕ ਦਿਨ ਇੱਕ ਗਰਭਵਤੀ ਹਿਰਣੀ ਸ਼ੇਰ ਦੇ ਡਰ ਤੋਂ ਦੌੜੀ ਜਾ ਰਹੀ ਸੀ। ਜੜ੍ਹ ਭਰਤ ਦੇ ਸਾਹਮਣੇ ਉਸਦਾ ਬੱਚਾ ਗਰਭ ਤੋਂ ਨਿਕਲ ਗਿਆ। ਹਿਰਣੀ ਡਰ ਦੇ ਮਾਰੇ ਭੱਜ ਗਈ। ਉਸ ਹਿਰਣੀ ਦੇ ਬੱਚੇ ਤੇ ਭਰਤ ਸਾਧਕ ਨੂੰ ਰਹਿਮ ਆ ਗਿਆ। ਉਸਨੂੰ ਪਾਲਿਆ ਪੋਸ਼ਿਆ। ਉਸਦੇ ਨਾਲ ਖੇਲ੍ਹਣ ਲੱਗਿਆ। ਕਦੇ-ਕਦੇ ਹਿਰਣ ਦਾ ਬੱਚਾ ਨਹੀਂ ਆਉਂਦਾ ਤਾਂ ਨਿਰਾਸ਼ ਹੋ ਜਾਂਦਾ, ਭੋਜਨ ਵੀ ਨਹੀਂ ਖਾਂਦਾ ਸੀ। ਜਦ ਹਿਰਣ ਦਾ ਬੱਚਾ ਦਿਖਾਈ ਦਿੰਦਾਂ ਸੀ ਤਾਂ ਖੁਸ਼ ਹੋ ਜਾਂਦਾ। ਉਸ ਹਿਰਣ ਦੇ ਬੱਚੇ ਦੇ ਮੋਹ ਵਿੱਚ ਪੈ ਗਿਆ। ਜਿਸ ਕਾਰਨ ਕਰਕੇ ਜੜ੍ਹਭਰਤ ਮਨੁੱਖ ਸ਼ਰੀਰ ਛੱਡਕੇ ਹਿਰਣੀ ਤੋਂ ਜਨਮ ਲੈ ਕੇ ਹਿਰਣ ਜੂਨੀ ਵਿੱਚ ਗਿਆ। ਫਿਰ ਹਿਰਣ ਦਾ ਸ਼ਰੀਰ ਪੂਰਾ ਭੋਗ ਕੇ ਫਿਰ ਮਨੁੱਖ ਜਨਮ ਪਾਇਆ ਅਤੇ ਫਿਰ ਭਗਤੀ ਕੀਤੀ।

ਹੋਰ ਪ੍ਰਮਾਣ:- ਪੁਰਾਣਾਂ ਵਿੱਚ ਕਥਾ ਹੈ ਕਿ ਇੱਕ ਸਮੇਂ ਨਲ ਅਤੇ ਕੁਬਰ ਜੋ ਕੁਬੇਰ ਦੇਵਤਾ ਦੇ ਪੁੱਤਰ ਹਨ, ਗੰਗਾਂ ਨਦੀ ਦੇ ਕਿਨਾਰੇ ਸ਼ਰਾਬ ਪੀ ਕਿ ਨੰਗੇਂ ਨੱਚ ਰਹੇ ਸਨ। ਉਸ ਨਦੀ ਪਾਰ ਦੇਵਾਂਗਨਾਵਾਂ (ਦੇਵਤਿਆਂ ਦੀਆਂ ਪਤਨੀਆਂ) ਵੀ ਕੱਪੜੇ ਆਦਿ ਸਾਫ਼ ਕਰ ਰਹੀਆਂ ਸਨ। ਰਿਸ਼ੀ ਨਾਰਦ ਕਿਤੇ ਜਾ ਰਿਹਾ ਸੀ। ਨਲ ਅਤੇ ਕੁਬਰ ਨੇ ਨਾਰਦ ਰਿਸ਼ੀ ਦੀ ਵੀ ਸ਼ਰਮ ਨਹੀਂ ਕੀਤੀ, ਉਸੀ ਤਰ੍ਹਾਂ ਉਤਪਾਤ ਕਰਦੇ ਰਹੇ। ਨਾਰਦ ਜੀ ਨੇ ਨਲ ਅਤੇ ਕੁਬਰ ਨੂੰ ਸ਼ਰਾਪ ਦੇ ਦਿੱਤਾ ਕਿ ਤੁਸੀਂ ਸਵਰਗ ਲੋਕ ਵਿੱਚ ਨਿੰਦਾਯੋਗ ਕੰਮ ਕੀਤਾ ਹੈ, ਤੁਸੀਂ ਦੋਨੋ ਕਾਲੀਦੇਹ ਝੀਲ ਦੇ ਕਿਨਾਰੇ ਰੁੱਖ ਜੂਨੀ ਨੂੰ ਪ੍ਰਾਪਤ ਹੋ, ਇਸੇ ਤਰ੍ਹਾਂ ਹੋਇਆ। ਉਨ੍ਹਾਂ ਦੇ ਪਿਤਾ ਕੁਬੇਰ ਨੇ ਨਾਰਦ ਜੀ ਤੋਂ ਮਾਫ਼ੀ ਮੰਗੀਂ। ਤੱਦ ਇਹ ਦੱਸਿਆ ਗਿਆ ਕਿ ਦੁਆਪਰ ਯੁੱਗ ਵਿੱਚ, ਭਗਵਾਨ ਵਿਸ਼ਨੂੰ ਅਵਤਾਰ ਸ਼੍ਰੀ ਕ੍ਰਿਸ਼ਨ ਦੇ ਨਾਮ ਨਾਲ ਧਰਤੀ ਤੇ ਜਾਣਗੇ। ਫਿਰ ਉਸ ਦੇ ਪੈਰਾਂ ਨੂੰ ਛੂਹਣ ਨਾਲ, ਦੋਵੇਂ ਦਰੱਖਤ ਨਸ਼ਟ ਹੋ ਜਾਣਗੇ ਅਤੇ ਤੁਹਾਡੇ ਦੋਵੇਂ ਪੁੱਤਰ ਦੁਬਾਰਾ ਦੇਵਤਾ ਸਰੀਰ ਨੂੰ ਪ੍ਰਾਪਤ ਕਰਨਗੇ ਅਤੇ ਸਵਰਗ ਵਿੱਚ ਆਉਣਗੇ। ਇਸੇ ਤਰ੍ਹਾਂ ਹੋਇਆ। ਆਪਣੇ ਪ੍ਰਮਾਣਿਤ ਗ੍ਰੰਥਾਂ ਵਿੱਚ ਪ੍ਰਮਾਣ ਹਨ।

ਹੋਰ ਸਬੂਤ:- ਹਾਹਾ ਅਤੇ ਹੂਹੂ ਨਾਮ ਦੇ ਤਪੱਸਵੀ ਸਨ। ਉਹਨਾਂ ਨੂੰ ਮਤੰਗ ਰਿਸ਼ੀ ਨੇ ਕਿਸੇ ਕਾਰਨ ਕਰਕੇ ਸਰਾਪ ਦਿੱਤਾ ਸੀ। ਜਿਸ ਕਾਰਨ ਇੱਕ ਹਾਥੀ ਅਤੇ ਇੱਕ ਮਗਰਮੱਛ ਦੀ ਜੂਨੀ ਮਿਲੀ। ਉਹ ਆਪਸ ਵਿੱਚ ਦਸ ਹਜ਼ਾਰ ਸਾਲ ਲੜਦੇ ਰਹੇ। ਤਦ ਪਰਮਾਤਮਾ ਨੇ ਉਹਨਾਂ ਦੀ ਉਸ ਜੂਨੀ ਤੋਂ ਛੁਟਕਾਰਾ ਕਰਵਾਇਆ। ਫਿਰ ਉਨ੍ਹਾਂ ਦੋਵਾਂ ਨੂੰ ਫਿਰ ਦੇਵਤਾ ਸਰੀਰ ਮਿਲਿਆ। ਆਪਣੀ ਗਲਤੀ ਲਈ ਮੁਆਫੀ ਮੰਗੀ।

ਸ਼੍ਰੀ ਮਾਨ ਜੀ! ਬੁੱਧੀਮਾਨਾਂ ਲਈ ਇੱਕ ਇਸ਼ਾਰਾ ਕਾਫ਼ੀ ਹੈ। ਪਰ ਤੁਹਾਨੂੰ ਪ੍ਰਮਾਣਾਂ ਦੇ ਗਾਡਰ ਦਾ ਸਹਾਰਾ ਦੇ ਕੇ, ਇਹ ਸਾਬਤ ਕਰ ਦਿੱਤਾ ਕਿ ਬ੍ਰਹਮਾ ਕੁਮਾਰੀ ਸੰਪਰਦਾਇ ਦੇ ਸਾਰੇ ਸਿਧਾਂਤ ਬੇਬੁਨਿਆਦ ਅਤੇ ਕੱਟੜ ਹਨ।

ਉਨ੍ਹਾਂ ਦੀ ਭਗਤੀ ਵਿਧੀ ਧਰਮ ਗ੍ਰੰਥਾਂ ਦਾ ਤਿਆਗ ਕਰਕੇ ਮਨਮਾਨੀ ਵਿਹਾਰ ਹੈ। ਜਿਨ੍ਹਾਂ ਬਾਰੇ ਸ਼੍ਰੀਮਦ ਭਾਗਵਦ ਗੀਤਾ ਅਧਿਆਇ 16 ਸ਼ਲੋਕ 23,24 ਵਿੱਚ ਕਿਹਾ ਗਿਆ ਹੈ ਕਿ ਜੋ ਲੋਕ ਸ਼ਾਸਤਰ ਵਿਧੀ ਨੂੰ ਛੱਡ ਕੇ ਮਨਮਾਨਾ ਆਸ਼ਰਣ ਕਰਦੇ ਹਨ, ਉਨ੍ਹਾਂ ਨੂੰ ਨਾ ਸੁੱਖ ਹੁੰਦਾ ਹੈ, ਨਾ ਤਾਂ ਉਨ੍ਹਾਂ ਨੂੰ ਸਿੱਧੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਗਤੀ ਹੁੰਦੀ, ਭਾਵ ਉਨ੍ਹਾਂ ਨੂੰ ਮੁਕਤੀ ਵੀ ਨਹੀਂ ਪ੍ਰਾਪਤ ਹੁੰਦੀ।

## ਫੋਟੋਕਾਪੀ ਵੇਖੋ ਵੇਦ ਮੰਤਰਾਂ ਦੀ

इन्दुः पुनानो अति गाहते मृधो विश्वानि कृण्वन्त्सुपथानि यज्यवे ।
गाः कृण्वानो निर्णिजं हर्यतः कविरत्यो न क्रीळन्परि वारमर्षति ॥२६॥

पदार्थः—(यज्यवे) यज्ञ करने वाले यजमानों के लिये परमात्मा (विश्वानि सुपथानि) सब रास्तों को (कृण्वन्) सुगम करता हुआ (मृधः) उनके विघ्नों को (अतिगाहते) मर्द्दन करता है। और (पुनानः) उनको पवित्र करता हुआ और (निर्णिजं) अपने रूप को (गाः कृण्वानः) सरल करता हुआ (हर्य्यतः) वह कान्तिमय परमात्मा (कविः) सर्वज्ञ (अत्यो न) विद्युत् के समान (क्रीळन्) क्रीड़ा करता हुआ (वारं) वरणीय पुरुष को (पर्य्यर्षति) प्राप्त होता है ॥२६॥

(ਸਬੂਤ ਰਿਗਵੇਦ ਮੰਡਲ ਨੰ. 9 ਸੁਕਤ 86 ਮੰਤਰ 26-27)

ਵਿਆਖਿਆ:- ਇਹ ਫੋਟੋਕਾਪੀ ਰਿਗਵੇਦ ਮੰਡਲ 9 ਸੁਕਤ 86 ਮੰਤਰ 26 ਦੀ ਹੈ ਜਿਸਦਾ ਅਨੁਵਾਦ ਆਰੀਆ ਸਮਾਜ ਦੇ ਆਚਾਰੀਆ ਅਤੇ ਮਹਰਿਸ਼ੀ ਦਯਾਨੰਦ ਦੇ ਚੇਲਿਆਂ ਦੁਆਰਾ ਕੀਤਾ ਗਿਆ ਹੈ, ਜਿਸ ਵਿੱਚ ਇਹ ਸਪੱਸ਼ਟ ਹੈ ਕਿ ਪ੍ਰਮਾਤਮਾ ਯੱਗ ਕਰਨ ਵਾਲਿਆਂ ਭਾਵ ਧਾਰਮਿਕ ਅਨੁਸ਼ਠਾਨ ਕਰਨ ਵਾਲੇ ਜਜਮਾਨਾਂ ਲਈ ਯਾਨੀ ਕਿ, ਭਗਤਾਂ ਲਈ ਪਰਮਾਤਮਾ ਸਾਰੇ ਰਸਤੇ ਸੌਖੇ ਕਰ ਦਿੰਦਾ ਹੈ ਜੀਵਨ ਦੇ ਸਫ਼ਰ ਦੇ ਰਾਹ ਨੂੰ ਦੁੱਖ ਤੋਂ ਮੁਕਤ ਕਰਦਾ ਹੈ ਅਤੇ ਇਸਨੂੰ ਸੌਖਾ ਬਣਾਉਦਾ ਹੈ। ਇਹ ਉਨ੍ਹਾਂ ਦੀਆਂ ਰੁਕਾਵਟਾਂ ਨੂੰ ਖਤਮ ਕਰ ਦਿੰਦਾ ਹੈ ਭਾਵ ਮੁਸੀਬਤਾਂ, ਅੰਤ ਕਰਦਾ ਹੈ ਅਰਥਾਤ ਮੁਸੀਬਤਾਂ ਦਾ ਅੰਤ ਕਰ ਦਿੰਦਾ ਹੈ।

ਭਗਤ ਪਵਿੱਤਰ ਅਰਥਾਤ ਪਾਪਮੁਕਤ, ਵਿਕਾਰ ਤੋਂ ਰਹਿਤ ।ਜਿਵੇਂ ਕਿ ਅਗਲੇ ਮੰਤਰ 27 ਵਿੱਚ ਇਹ ਕਿਹਾ ਗਿਆ ਹੈ ਕਿ "ਉਹ ਪ੍ਰਮਾਤਮਾ ਜੋ ਸਤਲੋਕ ਦੇ ਤੀਜੇ ਪ੍ਰਸ਼ਠ ਤੇ ਬੈਠਾ ਹੈ, ਉੱਥੇ ਪ੍ਰਮਾਤਮਾ ਦੇ ਸਰੀਰ ਦਾ ਪ੍ਰਕਾਸ਼ ਬਹੁਤ ਜਿਆਦਾ ਹੈ। "ਉਦਾਹਰਣ ਵਜੋਂ, ਪ੍ਰਮਾਤਮਾ ਦੇ ਇੱਕ ਰੋਮ (ਸਰੀਰ ਦੇ ਵਾਲ = ਜਿਸ ਨੂੰ ਰੋਮ ਕਹਿੰਦੇ ਹਨ) ਦੀ ਰੌਸ਼ਨੀ ਕਰੋੜਾਂ ਸੂਰਜਾਂ ਅਤੇ ਚੰਦਾਂ ਦੀ ਬਰਾਬਰ ਗਿਣਤੀ ਦੇ ਇਕੱਠੇ ਪ੍ਰਕਾਸ਼ ਨਾਲੋਂ ਵਧੇਰੇ ਹੈ। ਜੇ ਉਹ ਪ੍ਰਮਾਤਮਾ ਉਸੇ ਚਮਕਦਾਰ ਸਰੀਰ ਨਾਲ ਧਰਤੀ ਤੇ ਪ੍ਰਗਟ ਹੁੰਦਾ ਹੈ, ਤਾਂ ਸਾਡੀ ਅੱਖ ਉਸਨੂੰ ਨਹੀਂ ਵੇਖ ਸਕਦੀ। ਜਿਵੇਂ ਉੱਲੂ ਪੰਛੀ ਧੁੱਪ ਕਾਰਨ ਦਿਨ ਵਿੱਚ ਕੁਝ ਵੀ ਨਹੀਂ ਵੇਖ ਸਕਦਾ। ਇਹ ਮਨੁੱਖਾਂ ਦੀ ਸਥਿਤੀ ਹੋ ਜਾਵੇਗੀ। ਇਸ ਲਈ, ਉਹ ਪ੍ਰਮਾਤਮਾ, ਆਪਣੇ ਰੂਪ ਯਾਨੀ ਸਰੀਰ ਦੀ ਰੌਸ਼ਨੀ ਨੂੰ ਸਰਲ ਕਰਦਾ ਹੋਇਆ, ਉਸ ਜਗ੍ਹਾ ਤੋਂ ਚਲਦਾ ਹੈ ਜਿਥੇ ਸਰਵਉੱਚ ਸਥਾਨ ਤੇ ਰਹਿੰਦਾ ਹੈ, ਉੱਥੋਂ ਗਤੀ ਕਰਕੇ ਬਿਜਲੀ ਵਾਂਗ ਕ੍ਰੀੜਾ ਕਰਦਾ ਭਾਵ ਲੀਲਾ ਕਰਦੇ ਹੋਏ ਚੱਲ ਕੇ ਆਉਂਦੇ ਹਨ, ਉੱਤਮ ਮਨੁੱਖਾਂ ਨੂੰ ਮਿਲਦਾ ਹੈ। ਇਹ ਵੀ ਸਪੱਸ਼ਟ ਹੈ ਕਿ ਤੁਸੀਂ ਕਵੀ ਹੋ, ਅਰਥਾਤ ਕਵੀਰਦੇਵ ਹੋ। ਅਸੀਂ ਉਹਨਾ ਨੂੰ ਕਬੀਰ ਸਾਹਿਬ ਕਹਿੰਦੇ ਹਾਂ।

असश्चतः शतधारा अभिश्रियो हरिं नवन्तेऽव ता उदन्युवः।
क्षिपो मृजन्ति परि गोभिरावृतं तृतीये पृष्ठे अधि रोचने दिवः ॥२७॥

पदार्थः—( उदन्युवः ) प्रेम की ( ताः ) वे ( शतधाराः ) सैंकड़ों धाराए ( असश्चतः ) जो नानारूपों में ( अभिश्रियः ) स्थिति को लाभ कर रही हैं। वे ( हरिं ) परमात्मा को ( अवनवन्ते ) प्राप्त होती हैं। ( गोभिरावृतं ) प्रकाशपुञ्ज परमात्मा को ( क्षिपः ) बुद्धिवृत्तियां ( मृजन्ति ) विषय करती हैं। जो परमात्मा ( दिवस्तृतीये पृष्ठे ) द्युलोक के तीसरे पृष्ठ पर विराजमान है और ( रोचने ) प्रकाशस्वरूप है उसको बुद्धिवृत्तियाँ प्रकाशित करती हैं ॥२७॥

ਵਿਆਖਿਆ:- ਇਹ ਫੋਟੋ ਕਾਪੀ ਰਿਗਵੇਦ ਮੰਡਲ 9 ਸੁਕਤ 86 ਦੇ ਮੰਤਰ 27 ਦੀ ਹੈ। ਇਸ ਵਿੱਚ ਇਹ ਸਪੱਸ਼ਟ ਹੈ ਕਿ ਉਹ ਪ੍ਰਮਾਤਮਾ ਜੋ ਸਤਲੋਕ ਦੇ ਤੀਜੇ ਪ੍ਰਸ਼ਠ ਤੇ ਬੈਠਾ ਹੈ ਭਾਵ ਅਮਰਲੋਕ ਦੇ ਤੀਸਰੇ ਪ੍ਰਸ਼ਠ ਭਾਵ ਭਾਗ ਵਿੱਚ ਬਿਰਾਜਮਾਨ ਹੈ। ਸੱਤਿਆਲੋਕ (ਸਤਲੋਕ) ਵਿੱਚ ਤਿੰਨ ਭਾਗ ਹਨ (ਗੀਤਾ ਅਧਿਆਇ 18 ਸ਼ਲੋਕ 62)। ਇੱਕ ਹਿੱਸੇ ਵਿੱਚ ਜੰਗਲ-ਪਹਾੜ-ਝਰਨੇ, ਬਾਗ਼-ਬਗੀਚੇ ਆਦਿ ਹਨ। ਇਹ ਬਾਹਰੀ ਹਿੱਸਾ ਹੈ, ਭਾਵ, ਬਾਹਰਲਾ ਹਿੱਸਾ। (ਜਿਵੇਂ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਵੀ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਬਾਹਰੀ ਦਿੱਲੀ

ਜਿਸ ਵਿੱਚ ਪਿੰਡ ਖੇਤ ਅਤੇ ਨਹਿਰਾਂ ਹਨ, ਦੂਸਰੇ ਬਜ਼ਾਰ ਬਣਿਆ ਹੈ। ਤੀਸਰਾ ਸੰਸਦ ਦੀ ਇਮਾਰਤ ਅਤੇ ਦਫਤਰ ਹਨ।)

ਇਸ ਤੋਂ ਬਾਅਦ ਦੂ ਲੋਕ ਵਿੱਚ ਬਸਤੀਆਂ ਹਨ। ਜਿਨ੍ਹਾਂ ਨੇ ਸਾਰੇ ਪਰਿਵਾਰ ਸਮੇਤ ਮੁਕਤੀ ਪ੍ਰਾਪਤ ਕੀਤੀ ਹੰਸ ਆਤਮਾ ਰਹਿੰਦੀਂ ਹਨ। (ਜਿਵੇਂ ਕਿ ਸ਼ਰਧਾਲੂਆਂ ਨੂੰ ਧਰਤੀ ਉੱਤੇ ਭਗਤ ਆਤਮਾਵਾਂ ਕਿਹਾ ਜਾਂਦਾ ਹੈ, ਇਸੇ ਤਰ੍ਹਾਂ ਸਤਲੋਕ ਵਿੱਚ ਉਨ੍ਹਾਂ ਨੂੰ ਹੰਸ ਆਤਮਾ ਕਿਹਾ ਜਾਂਦਾ ਹੈ।) ਤੀਜੇ ਹਿੱਸੇ ਵਿੱਚ, ਸਭ ਤੋਂ ਉੱਪਰ ਸਰਵ ਸ਼ਕਤੀਮਾਨ ਪਰਮਾਤਮਾ ਦਾ ਤਖ਼ਤ ਹੈ। ਸਿਰਫ ਪੁਰਸ਼ ਆਤਮਾਵਾਂ ਉਸਦੇ ਆਲੇ ਦੁਆਲੇ ਰਹਿੰਦੀਆਂ ਹਨ, ਉੱਥੇ ਮਰਦ ਅਤੇ ਔਰਤ ਦੀ ਕੋਈ ਜੋੜੀ ਨਹੀਂ ਹੈ। ਜੇ ਉਹ ਆਪਣਾ ਪਰਿਵਾਰ ਚਾਹੁੰਦੇ ਹਨ, ਤਾਂ ਸ਼ਬਦ (ਵਚਨ) ਦੁਆਰਾ ਉਹ ਪੁੱਤਰ ਪੈਦਾ ਕਰ ਲੈਂਦੇ ਹਨ। ਇਸ ਤਰ੍ਹਾਂ ਸਤਲੋਕ ਨੂੰ ਪ੍ਰਮਾਤਮਾ ਨੇ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ। ਇੱਥੇ ਕੋਈ ਬੁਢਾਪਾ ਨਹੀਂ, ਮੌਤ ਨਹੀਂ ਹੈ ਇਸ ਲਈ ਹੀ ਗੀਤਾ ਅਧਿਆਇ 7 ਸ਼ਲੋਕ 29 ਵਿੱਚ ਕਿਹਾ ਗਿਆ ਹੈ ਕਿ ਜਿਹੜਾ ਵੀ ਅਰਥਾਤ ਬਿਰਧ ਅਵਸਥਾ ਤੇ ਮਰਣ ਅਰਥਾਤ ਮੌਤ ਤੋਂ ਛੁੱਟਣ ਦਾ ਯਤਨ ਕਰਦੇ ਹਨ, ਉਹ ਤੱਤ ਬ੍ਰਹਮ ਭਾਵ ਪਰਮ ਅਕਸ਼ਰ ਪੁਰਸ਼ ਨੂੰ ਜਾਣਦੇ ਹਨ। ਸਤਲੋਕ ਵਿੱਚ ਸਤਪੁਰਸ਼ ਰਹਿੰਦਾ ਹੈ, ਉੱਥੇ ਜਨਮ-ਮਰਨ ਨਹੀਂ ਹੈ, ਬੱਚੇ ਹਮੇਸ਼ਾ ਜਵਾਨ ਰਹਿੰਦੇ ਹਨ।

(ਪ੍ਰਮਾਣ ਰਿਗਵੇਦ ਮੰਡਲ ਨੰ. 9 ਸੁਕਤ 82 ਮੰਤਰ 1-2)

(प्रमाण ऋग्वेद मण्डल नं. 9 सुक्त 82 मन्त्र 1-2)

असावि सोमो अरुषो वृषा हरी राजेव दस्मो अभि गा अचिक्रदत् ।
पुनानो वारं पर्येत्यव्ययं श्येनो न योनिं घृतवन्तमासदम् ॥१॥

**पदार्थः**—(**सोमः**) जो सर्वोत्पादक प्रभु(**अरुषः**) प्रकाशस्वरूप (**वृषा**) सद्गुणों की वृष्टि करने वाला (**हरिः**) पापों के हरण करने वाला है, वह (**राजेव**) राजा के समान (**दस्मः**) दर्शनीय है। और वह (**गाः**) पृथिव्यादि लोक-लोकान्तरों के चारों ओर (**अभि अचिक्रदत्**) शब्दायमान हो रहा है। वह (**वारं**) वरणीय पुरुष को जो (**अव्ययं**) दृढ़भक्त है उसको (**पुनानः**) पवित्र करता हुआ (**पर्य्येति**) प्राप्त होता है। (**न**) जिस प्रकार (**श्येनः**) विद्युत् (**घृतवन्तं**) स्नेहवाले (**आसदं**) स्थानों को (**योनिं**) आधार बनाकर प्राप्त होता है। इसी प्रकार उक्त गुण वाले परमात्मा ने (**असावि**) इस ब्रह्माण्ड को उत्पन्न किया ॥१॥

कविर्वेधस्या पर्येषि माहिनमत्यो न मृष्टो अभि वाजमर्षसि ।
अपसेधन्दुरिता सोम मृळय घृतं वसानः परि यासि निर्णिजम् ॥२॥

**पदार्थः**—हे परमात्मन्! (**वेधस्या**) उपदेश करने की इच्छा से आप (**माहिनं**) महापुरुषों को (**पर्येषि**) प्राप्त होते हो। और आप (**अत्यः**) अत्यन्त गतिशील पदार्थ के (**न**) समान (**अभिवाजं**) हमारे आध्यात्मिक यज्ञ को (**अभ्यर्षसि**) प्राप्त होते हैं। आप (**कविः**) सर्वज्ञ हैं (**मृष्टः**) शुद्ध स्वरूप हैं (**दुरिता**) हमारे पापों को (**अपसेधन्**) दूर करके (**सोम**) हे सोम! (**मृळय**) आप हमको सुख दें। और (**घृतं वसानः**) प्रेम-भाव को उत्पन्न करते हुए (**निर्निजं**) पवित्रता को (**परियासि**) उत्पन्न करें ॥२॥

ਵਿਵੇਚਨ:- ਉੱਪਰ ਰਿਗਵੇਦ ਮੰਡਲ 9 ਸੁਕਤ 82 ਮੰਤਰ 1,2 ਦੀ ਫੋਟੋ ਕਾਪੀ ਹੈ, ਇਹ ਅਨੁਵਾਦ ਮਹਾਰਿਸ਼ੀ ਦਯਾਨੰਦ ਜੀ ਦੇ ਦਿਸ਼ਾ ਨਿਰਦੇਸ਼ ਨਾਲ ਉਹਨਾਂ ਦੇ ਚੇਲਿਆਂ ਨੇ ਕੀਤਾ ਹੈ ਤੇ ਸਰਵਦੇਸ਼ਿਕ ਆਰੀਆ ਪ੍ਰਤਿਨਿਧੀ ਸਭਾ ਦਿੱਲੀ ਤੋਂ ਪ੍ਰਕਾਸ਼ਿਤ ਹੈ।

ਇਸ ਵਿੱਚ ਸਪੱਸ਼ਟ ਹੈ ਕਿ:- ਮੰਤਰ 1 ਵਿੱਚ ਕਿਹਾ ਹੈ ਕਿ "ਸਭ ਦੀ ਉੱਤਪੱਤੀ ਕਰਨ ਵਾਲਾ ਪਰਮਾਤਮਾ ਤੇਜੋਮਈ ਸਰੀਰ ਵਾਲਾ ਹੈ, ਪਾਪਾ ਦਾ ਨਾਸ਼ ਕਰਨ ਵਾਲਾ ਤੇ ਸੁੱਖਾਂ ਦੀ ਵਾਰਿਸ਼ ਕਰਨ ਵਾਲਾ ਤੇ ਸੁੱਖਾਂ ਦੀਆਂ ਝੜੀ ਲਗਾਉਣ ਵਾਲਾ ਹੈ, ਉਹ ਉੱਪਰ ਸਤਲੋਕ ਵਿੱਚ ਸਿੰਘਾਸਣ ਤੇ ਬੈਠਾ ਹੈ ਜੋ ਦੇਖਣ ਵਿੱਚ ਰਾਜਾ ਦੇ ਸਮਾਨ ਹੈ।

ਇਹੀ ਪ੍ਰਮਾਣ ਸੂਕਸ਼ਮ ਵੇਦ ਵਿੱਚ ਹੈ:-

ਅਰਸ਼ ਕੁਰਸ਼ ਪਰ ਸਫੇਦ ਗੁਮਟ ਹੈ, ਯਹਾ ਪ੍ਰਮੇਸ਼ਵਰ ਕਾ ਡੇਰਾ।
ਸ਼ਵੇਤ ਛਤਰ ਸਿਰ ਮੁਕਟ ਵਿਰਾਜੇ, ਦੇਖਤ ਨਾ ਉਸ ਚੇਹਰੇ ਨੂੰ।

ਇਹੀ ਪ੍ਰਮਾਣ ਬਾਈਬਲ ਗ੍ਰੰਥ ਤੇ ਕੁਰਾਨ ਸ਼ਰੀਫ ਵਿੱਚ ਹਨ ਕਿ ਪਰਮਾਤਮਾ ਨੇ 6 ਦਿਨ ਵਿੱਚ ਸ਼੍ਰਿਸਟੀ ਰਚੀ ਤੇ 7 ਵੇ ਦਿਨ ਉੱਪਰ ਅਕਾਸ਼ ਵਿੱਚ ਤਖਤ ਭਾਵ ਸਿੰਘਾਸਣ ਉੱਤੇ ਜਾ ਵਿਰਾਜਿਆ। (ਬਾਈਬਲ ਦੇ ਉੱਤਪੱਤੀ ਗ੍ਰੰਥ 2/26-30 ਤੇ ਕੁਰਾਨ ਸ਼ਰੀਫ ਦੀ "ਸੂਰਤ ਫੁਰਕਾਨੀ 25 ਆਇਤ 52 ਤੋਂ 59 ਵਿੱਚ ਹੈ)।

ਉਹ ਪਰਮਾਤਮਾ ਅਪਣੇ ਅਮਰ ਲੋਕ ਤੋਂ ਚਲ ਕੇ ਪ੍ਰਿਥਵੀ ਉੱਤੇ ਸ਼ਬਦ ਬਾਣੀ ਨਾਲ ਗਿਆਨ ਸੁਣਾਉਂਦੇ ਹਨ। ਉਹ ਵਰਣਿਯ ਭਾਵ ਆਦਰਯੋਗ ਸ਼੍ਰੇਸ਼ਠ ਵਿਆਕਤੀਆਂ ਨੂੰ ਪ੍ਰਾਪਤ ਹੁੰਦਾ, ਉਹਨਾਂ ਨੂੰ ਮਿਲਦਾ ਹੈ। {ਜਿਵੇਂ 1. ਸੰਤ ਧਰਮ ਦਾਸ ਜੀ ਬਾਂਧਵਗੜ੍ਹ (ਮੱਧ ਪ੍ਰਦੇਸ਼ ਵਾਲੇ ਨੂੰ ਮਿਲੇ) 2. ਮਲੂਕ ਦਾਸ ਜੀ ਨੂੰ ਮਿਲੇ 3. ਸੰਤ ਦਾਦੂ ਦਾਸ ਜੀ ਆਮੇਰ (ਰਾਜਸਥਾਨ) ਵਿੱਚ ਮਿਲੇ 4. ਸੰਤ ਨਾਨਕ ਦੇਵ ਜੀ ਨੂੰ ਮਿਲੇ 5. ਸੰਤ ਗਰੀਬ ਦਾਸ ਜੀ ਪਿੰਡ ਛੁਡਾਣੀ ਜ਼ਿਲਾ ਝੱਜਰ ਹਰਿਆਣਾ ਵਾਲਿਆਂ ਨੂੰ ਮਿਲੇ 6. ਸੰਤ ਘੀਸਾ ਦਾਸ ਜੀ ਪਿੰਡ ਖੇਖੜਾ ਜ਼ਿਲ੍ਹਾ ਬਾਗਪਤ (ਉੱਤਰ ਪ੍ਰਦੇਸ਼) ਵਾਲਿਆਂ ਨੂੰ ਮਿਲੇ 7. ਸੰਤ ਜੰਮਭੇਸ਼ਵਰ ਜੀ (ਵਿਸ਼ਨੋਈ ਧਰਮ ਦੇ ਪ੍ਰਵਰਤਕ) ਨੂੰ ਪਿੰਡ ਸਮਰਾਥਲ ਰਾਜਸਥਾਨ ਵਾਲਿਆ ਨੂੰ ਮਿਲੇ}

ਉਹ ਪਰਮਾਤਮਾ ਚੰਗੀਆਂ ਆਤਮਾਵਾਂ ਨੂੰ ਮਿਲਦੇ ਹਨ। ਜੋ ਪਰਮਾਤਮਾ ਦੇ ਦ੍ਰਿੜ ਭਗਤ ਹੁੰਦੇ ਹਨ ਉਹਨਾ ਤੇ ਪ੍ਰਮਾਤਮਾ ਦੀ ਵਿਸ਼ੇਸ਼ ਕ੍ਰਿਪਾ ਹੁੰਦੀ ਹੈ। ਉਦਾਹਰਨ ਹੈ ਕਿ ਜਿਵੇਂ ਅਕਾਸ਼ ਦੀ ਬਿਜਲੀ ਸਨੇਹ ਵਾਲੀ ਜਗ੍ਹਾ ਨੂੰ ਨਿਸ਼ਾਨਾ ਬਣਾ ਕੇ ਡਿੱਗਦੀ ਹੈ। ਜਿਵੇਂ ਕਾਂਸੀ ਧਾਤ ਤੇ ਬਿਜਲੀ ਡਿੱਗਦੀ ਹੈ, ਪਹਿਲਾਂ ਕਾਂਸੀ ਦੇ ਕਟੋਰੇ, ਗਲਾਸ, ਥਾਲੀ, ਪਰਾਤ ਆਦਿ ਹੁੰਦੇ ਸਨ। ਵਰਖਾ ਦੇ ਸਮੇਂ ਇਹਨਾਂ ਨੂੰ ਅੰਦਰ ਲੁਕਾ ਕੇ ਰੱਖ ਦਿੰਦੇ ਸਨ। ਸਿਆਣੇ ਕਹਿੰਦੇ ਸਨ ਕਿ ਕਾਂਸੀ ਤੇ ਬਿਜਲੀ ਬਹੁਤ ਜਲਦੀ ਡਿੱਗਦੀ ਹੈ, ਇਸੇ ਤਰ੍ਹਾਂ ਪਰਮਾਤਮਾ ਅਪਣੇ ਪਿਆਰੇ ਭਗਤਾਂ ਉੱਪਰ ਦਿਆਲ ਹੋ ਕੇ ਮਿਲਦੇ ਹਨ।

ਮੰਤਰ ਨੰ. 2 ਵਿੱਚ ਇਹ ਵੀ ਕਿਹਾ ਹੈ ਕਿ ਚੰਗੀਆਂ ਆਤਮਾਵਾਂ ਨੂੰ ਉਪਦੇਸ਼ ਦੇਣ ਦੀ ਇੱਛਾ ਕਾਰਨ ਖ਼ੁਦ ਮਹਾਂਪੁਰਸ਼ਾਂ ਨੂੰ ਮਿਲਦੇ ਹਨ। ਉਪਦੇਸ਼ ਦਾ ਭਾਵ ਅਰਥ ਹੈ ਕਿ ਪਰਮਾਤਮਾ ਤੱਤਵਗਿਆਨ ਦੱਸ ਕੇ ਨਾਮ ਉਪਦੇਸ਼ ਦਿੰਦੇ ਹਨ। ਉਹਨਾਂ ਦੇ ਸਤਿਗੁਰ ਵੀ ਆਪ ਭਗਵਾਨ ਹੁੰਦੇ ਹਨ। ਇਹ ਵੀ ਸਪੱਸ਼ਟ ਹੈ ਕਿ ਪਰਮਾਤਮਾ ਬਹੁਤ ਗਤੀਸ਼ੀਲ ਪਦਾਰਥ ਮਤਲਬ ਬਿਜਲੀ ਵਾਂਗ ਤੇਜ ਗਤੀ ਨਾਲ ਸਾਡੇ ਧਾਰਮਿਕ ਅਨੁਸ਼ਠਾਨਾਂ ਵਿੱਚ ਆਪ ਪਹੁੰਚਦੇ ਹਨ। ਅੱਗੇ ਪੜ੍ਹੋਗੇ ਕਿ ਸੰਤ ਧਰਮਦਾਸ ਜੀ ਨੂੰ ਪਰਮਾਤਮਾ ਨੇ ਇਹੀ ਕਿਹਾ ਸੀ ਕਿ ਮੈਂ ਉਸ ਜਗ੍ਹਾ ਜ਼ਰੂਰ ਪਹੁੰਚਦਾ ਹਾਂ ਜਿੱਥੇ ਧਾਰਮਿਕ ਅਨੁਸ਼ਠਾਨ ਹੁੰਦੇ ਹਨ, ਕਿਉਂਕਿ ਮੇਰੀ ਗ਼ੈਰਹਾਜ਼ਰੀ ਵਿੱਚ ਕਾਲ ਕੋਈ ਨਾ ਕੋਈ ਦੁਰਘਟਨਾ ਜ਼ਰੂਰ ਕਰਦਾ ਹੈ ਜਿਸ ਨਾਲ ਭਗਤਾ ਦੀ ਆਸਥਾ ਪ੍ਰਮਾਤਮਾ ਨਾਲੋਂ ਟੁੱਟ ਜਾਂਦੀ ਹੈ।

ਮੇਰੇ ਰਹਿੰਦੇ ਉਹ ਕੋਈ ਗੜਬੜ ਨਹੀਂ ਕਰ ਸਕਦਾ। ਇਸ ਲਈ ਗੀਤਾ ਅਧਿਆਇ 3 ਸ਼ਲੋਕ 15 ਵਿੱਚ ਕਿਹਾ ਹੈ ਕਿ ਉਹ ਅਵਿਨਾਸ਼ੀ ਪਰਮਾਤਮਾ ਜਿਸ ਨੇ ਬ੍ਰਹਮ ਦੀ ਉਤਪੱਤੀ ਕੀਤੀ, ਸਦਾ ਹੀ ਯੱਗਾਂ ਵਿੱਚ ਪ੍ਰਤੀਸ਼ਠ ਹੈ ਤੇ ਧਾਰਮਿਕ ਅਨੁਸ਼ਠਾਨਾਂ ਵਿੱਚ ਉਸ ਨੂੰ ਹੀ ਇਸ਼ਟ ਰੂਪ ਮੰਨ ਕੇ ਆਰਤੀ ਸਤੂਤੀ ਕਰਨੀ ਚਾਹੀਦੀ ਹੈ।

ਇਸ ਰਿਗਵੇਦ ਮੰਡਲ 9 ਸੁਕਤ 82 ਮੰਤਰ 2 ਵਿੱਚ ਵੀ ਸਪੱਸ਼ਟ ਹੈ ਕਿ ਆਪ (ਕਵੀਯਵੇਧਸਯ) ਕਵਿਰਦੇਵ ਹੈ, ਜੋ ਸਭ ਨੂੰ ਉਪਦੇਸ਼ ਦੇਣ ਦੀ ਇੱਛਾ ਨਾਲ ਆਉਂਦੇ ਹਨ ਆਪ ਪਵਿੱਤਰ ਪਰਮਾਤਮਾ ਹੋ। ਸਾਡੇ ਪਾਪਾ ਨੂੰ ਛੁੱਡਵਾ ਕੇ ਭਾਵ ਨਾਸ਼ ਕਰਕੇ ਹੇ ਅਮਰ ਪਰਮਾਤਮਾ! ਤੁਸੀਂ ਸਾਨੂੰ ਸੁੱਖ ਦੇਵੋ ਅਤੇ (ਦਯੁਤਮ ਵਸਾਨਹ ਨਿਰਨਿਜ਼ਮ ਪਰਿਯਾਸਿ) ਅਸੀਂ ਤੁਹਾਡੀ ਸੰਤਾਨ ਹਾਂ। ਸਾਡੇ ਪ੍ਰਤੀ ਉਹ ਲਗਾਵ ਵਾਲਾ ਪ੍ਰੇਮ ਭਾਵ ਪੈਦਾ ਕਰਦੇ ਹੋਏ ਉਸੀ (ਨਿਰਨੀਜਮ) ਖੂਬਸੂਰਤ ਰੂਪ ਨੂੰ (ਪਰੀਯਾਸੀ) ਪੈਦਾ ਕਰੇਂ ਭਾਵ ਸਾਨੂੰ ਆਪਣੇ ਬੱਚੇ ਜਾਣ ਕੇ ਜਿਸ ਤਰ੍ਹਾਂ ਪਹਿਲਾਂ ਅਤੇ ਜਦ ਚਾਹੇ ਤਦ ਤੁਸੀਂ ਆਪਣੀ ਪਿਆਰੀ ਆਤਮਾਂ ਨੂੰ ਪ੍ਰਗਟ ਹੋ ਕਿ ਮਿਲਦੇ ਹੋ,ਉਸੇ ਤਰ੍ਹਾਂ ਸਾਨੂੰ ਵੀ ਦਰਸ਼ਨ ਦਿਓ।

ਪ੍ਰਮਾਣ (ਰਿਗਵੇਦ ਮੰਡਲ 9 ਸੁਕਤ 96 ਮੰਤਰ 16 ਤੋਂ 20)

स्वायुधः सोतृभिः पूयमानोऽभ्यर्ष गुह्यं चारु नाम ।
अभि वाजं सप्तिरिव श्रवस्याभि वायुमभि गा देव सोम ।।१६।।

पदार्थः—हे परमात्मन् ! ( गुह्यम् ) सर्वोपरि रहस्य ( चारु ) श्रेष्ठ (नाम) जो तुम्हारी संज्ञा है। ( अभ्यर्ष ) उसका ज्ञान करायें। आप ( सोतृभिः, पूयमानः ) उपासक लोगों से स्तूयमान हैं। ( स्वायुधः ) स्वाभाविक शक्ति से युक्त हैं और ( सप्तिरिव ) विद्युत् के समान ( श्रवस्याभि ) ऐश्वर्य के सम्मुख प्राप्त कराइये और ( वायुमभि ) हमको प्राणों की विद्या का वेत्ता बनाइये। ( देव ) हे सर्वशक्ति-सम्पन्न परमेश्वर ! हमको ( गाः ) इन्द्रियों के ( अभिगमय ) नियमन का ज्ञाता बनाइये ।।१६।।

ਇਹ ਰਿਗਵੇਦ ਮੰਡਲ 9 ਸੂਕਤ 96 ਮੰਤਰ 16 ਦੀ ਫੋਟੋ ਕਾਪੀ ਹੈ ਜੋ ਮਹਾਰਿਸ਼ੀ ਦਯਾਨੰਦ ਦੇ ਚੇਲਿਆਂ ਦੁਆਰਾ ਅਨੁਵਾਦ ਕੀਤਾ ਗਿਆ ਹੈ। ਇਸ ਵਿੱਚ ਵੇਦਾਂ ਦੇ ਗਿਆਨ ਦਾਤਾ ਬ੍ਰਹਮ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਹੈਕਿ ਆਪ ਉਹ ਗੁਪਤ ਨਾਮ ਮੰਤਰ ਦੱਸੋਂ ਜਸ ਤੋਂ ਤੁਹਾਡੀ ਪ੍ਰਾਪਤੀ ਹੁੰਦੀ ਹੈ। ਜੋ ਤੁਹਾਡਾ ਅਸਲ ਨਾਮ ਹੈ। ਉਸ ਨਾਮ ਦਾਂ ਗਆਨ ਮੰਤਰ 17 ਵਿੱਚ ਕਰਵਾਇਆ ਹੈ।

शिशुं जज्ञानं हर्यतं मृजन्ति शुम्भन्ति वह्निं मरुतो गणेन ।
कविर्गीर्भिः काव्येना कविः सन्त्सोमः पवित्रमत्येति रेभन् ।१७॥

**पदार्थः**—( **शिशुम्** ) "श्यति सूक्ष्मं करोति प्रलयकाले जगदिति शिशुः परमात्मा" उस परमात्मा को ( **जज्ञानम्** ) जो सदा प्रकट है, ( **हर्यतः** ) जो अत्यन्त कमनीय है, उसको उपासक लोग ( **मृजन्ति** ) बुद्धिविषय करते हैं और ( **शुंभन्ति** ) उसकी स्तुति द्वारा उसके गुणों का वर्णन करते हैं और ( **मरुतः** ) विद्वान् लोग ( **वह्निम्** ) उस गतिशील परमात्मा का ( **गणेन** ) गुणों के गणों द्वारा वर्णन करते हैं और ( **कविः** ) कवि लोग ( **गीर्भिः** ) वाणी द्वारा और ( **काव्येन** ) कवित्व से उसकी स्तुति करते हैं । ( **सोमः** ) सोमस्वरूप ( **पवित्रम्** ) पवित्र वह परमात्मा कारणावस्था में अतिसूक्ष्म प्रकृति को ( **रेभन्, सन्** ) गर्जता हुआ ( **अत्येति**) अतिक्रमण करता है ॥१७॥

ਇਹ ਰਿਗਵੇਦ ਮੰਡਲ 9 ਸੂਕਤ 96 ਮੰਤਰ 17 ਦੀ ਫੋਟੋ ਕਾਪੀ ਹੈ ਜਿਸਦਾ ਅਨੁਵਾਦ ਮਹਾਰਿਸ਼ੀ ਦਯਾਨੰਦ ਦੇ ਚੇਲਿਆਂ ਦੁਆਰਾ ਕੀਤਾ ਗਿਆ ਹੈ। ਇਸ ਵਿੱਚ ਕੁੱਝ ਸ਼ਬਦਾਂ ਦਾ ਅਰਥ ਨਹੀਂ ਕੀਤਾ ਗਿਆ ਹੈ। ਇਸ ਮੰਤਰ ਦੇ ਮੂਲ ਪਾਠ ਵਿੱਚ ਦੋ ਵਾਰ ਕਵਿ ਸ਼ਬਦ ਹੈ। ਇੱਕ ਦਾ ਅਰਥ ਹੀ ਨਹੀਂ ਕੀਤਾ ਗਿਆ ਹੈ। ਜਿਸ ਕਰਕੇ ਅਨੁਵਾਦ ਅਧੂਰਾ ਹੈ। ਇਸ ਦੇ ਨਾਲ ਨਾਲ ਠੀਕ ਅਨੁਵਾਦ ਨਾ ਕਰਕੇ ਅੜੰਗਾ ਕੀਤਾ ਹੈ। ਕਿਰਪਾ ਕਰਕੇ ਪੜ੍ਹੋ ਯਥਾਰਥ ਅਨੁਵਾਦ ਜੋ ਲੇਖਕ ਦੁਆਰਾ ਕੀਤਾ ਗਿਆ ਹੈ ।

ਸਿਰਫ਼ ਹਿੰਦੀ :- (ਸ਼ਿਸ਼ੂਮ ਜਗਿਆਨਮ ਹਰਿਅੰਤ) ਪ੍ਰਮੇਸ਼ਵਰ ਜਾਣ-ਬੁੱਝ ਕੇ ਤੱਤਵਗਿਆਨ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ਿਸ਼ੂ ਰੂਪ ਵਿੱਚ ਪ੍ਰਗਟ ਹੁੰਦਾ ਹੈ, ਉਹਨਾਂ ਦੇ ਗਿਆਨ ਨੂੰ ਸੁਣਕੇ (ਮਰੁਤੋ ਗਣੇਂਨ) ਭਗਤਾਂ ਦਾ ਬਹੁਤ ਵੱਡਾ ਸਮੂਹ ਉਸ ਪ੍ਰਮਾਤਮਾ ਦਾ ਅਨੁਯਾਈ ਬਣ ਜਾਂਦਾ ਹੈ। (ਮਿਰਜੰਤੀ ਸ਼ੁਮਯੰਤੀ ਵਹੀਨ)

ਉਹ ਗਿਆਨ ਬੁੱਧੀਮਾਨ ਲੋਕਾਂ ਨੂੰ ਸਮਝ ਆਉਂਦਾ ਹੈ, ਉਹ ਉਸ ਪ੍ਰਮਾਤਮਾ ਦੀ ਸਤੂਤੀ ਭਗਤੀ ਤੱਤਵਗਿਆਨ ਦੇ ਅਧਾਰ ਤੋਂ ਕਰਦੇ ਹਨ, ਉਹ ਭਗਤੀ (ਵਹੀਨ) ਛੇਤੀ ਲਾਭ ਦੇਣ ਵਾਲੀ ਹੁੰਦੀ ਹੈ। ਉਹ ਪ੍ਰਮਾਤਮਾ ਆਪਣੇ ਤੱਤਵਗਿਆਨ ਨੂੰ (ਕਾਵਯੀਨਾ) ਕਵੀਤਵ ਅਰਥਾਤ ਕਵੀਆਂ ਦੀ ਤਰਾਂ ਦੋਹਿਆਂ, ਸ਼ਬਦਾਂ, ਲੋਕੋਕਤੀਆਂ, ਚੌਪਾਈਆਂ ਦੁਆਰਾ (ਕਬੀਰ ਗਿਰਭੀਹ) ਕਵਿਰ ਬਾਣੀ ਅਰਥਾਤ ਕਬੀਰ ਬਾਣੀ ਦੁਆਰਾ (ਪਾਵਿਤ੍ਰਮ ਅਤਿਰੇਮਨ) ਸ਼ੁੱਧ ਗਿਆਨ ਨੂੰ ਉੱਚੇ ਸੂਰ

ऋषिमना य ऋषिकृत्स्वर्षाः सहस्रणीथः पदवीः कवीनाम् ।
तृतीयं धाम महिषः सिषासन्त्सोमो विराजमनु राजति ष्टुप् ॥१८॥

**पदार्थः**—( **सोमः** ) सोमस्वरूप परमात्मा ( **सिषासन्** ) पालन की इच्छा करता हुआ ( **महिषः** ) जो महान् है वह परमात्मा ( **तृतीयं, धाम** ) देवयान और पितृयान इन दोनों से पृथक तीसरा जो मुक्तिधाम है । उसमें ( **विराजम्** ) विराजमान जो ज्ञानयोगी है उसको ( **अनुराजति** ) प्रकाश करने वाला है और ( **स्तुप** ) स्तूयमान है । ( **कवीनाम्, पदवीः** ) जो क्रान्तदर्शियों की पदवी अर्थात् मुख्य स्थान है और ( **सहस्रनीथः** ) अनन्त प्रकार से स्तवनीय है, ( **ऋषिमनाः** ) सर्वज्ञान के साधनरूप मनवाला वह परमात्मा ( **यः** ) जो ( **ऋषिकृत** ) सब ज्ञानों का प्रदाता ( **स्वर्षाः** ) सूर्यादिकों को प्रकाशक है । वह जिज्ञासु के लिए उपासनीय है ॥१८॥

ਵਿੱਚ ਗ਼ਰਜ਼-ਗ਼ਰਜ਼ ਕੇ ਬੋਲਦੇ ਹਨ। ਉਹ (ਕਵਿ:) ਕਵੀ ਦੀ ਤਰ੍ਹਾਂ ਵਰਤਾਉ ਕਰਨ ਵਾਲਾ ਕਵਿਰਦੇਵ ਸੰਤ ਰੂਪ ਵਿੱਚ ਪ੍ਰਗਟ (ਸੋਮ) ਅਮਰ ਪ੍ਰਮਾਤਮਾ ਹੁੰਦਾ ਹੈ। (ਰਿਗਵੇਦ ਮੰਡਲ 9 ਸੁਕਤ 96 ਮੰਤਰ 17) ਵਿਸ਼ੇਸ਼:- ਇਸ ਮੰਤਰ ਦੇ ਮੂਲ ਪਾਠ ਵਿੱਚ ਦੋ ਵਾਰ "ਕਵਿ:" ਸ਼ਬਦ ਹੈ, ਆਰੀਆ ਸਮਾਜ ਦੇ ਅਨੁਵਾਦ ਕਰਤਾਵਾਂ ਨੇ ਇੱਕ "ਕਵਿ:" ਦਾ ਅਰਥ ਹੀ ਨਹੀਂ ਕੀਤਾ ਹੈ।

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 96 ਮੰਤਰ 18 ਤੇ ਵਿਚਾਰ ਕਰਦੇ ਹਾਂ। ਇਸ ਦੇ ਅਨੁਵਾਦ ਵਿੱਚ ਵੀ ਬਹੁਤ ਸਾਰੀਆਂ ਗ਼ਲਤੀਆਂ ਹਨ। ਅਸੀਂ ਸੰਸਕ੍ਰਿਤ ਵੀ ਸਮਝ ਸਕਦੇ ਹਾਂ ਮੈਂ ਸਮਝਾਉਂਦਾ ਹਾਂ ਅਤੇ ਸਹੀ ਅਨੁਵਾਦ ਅਤੇ ਭਾਵਅਰਥ ਸ਼ਪੱਸਟ ਕਰਦਾ ਹਾਂ। ਮੰਤਰ 17 ਵਿੱਚ ਕਿਹਾ ਹੈ ਕਿ ਰਿਸ਼ੀ ਰੂਪ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਅੰਮ੍ਰਿਤਬਾਣੀ ਆਪਣੇ ਮੂੰਹੋਂ ਬੋਲਦਾ ਹੈ ਅਤੇ ਉਸ ਗਿਆਨ ਨੂੰ ਸਮਝਕੇ ਅਨੇਕਾਂ ਅਨੁਯਾਈਆਂ ਦਾ ਸਮੂਹ ਬਣ ਜਾਂਦਾ ਹੈ। (ਯ) ਇਹ ਜੋ ਬਾਣੀ ਪ੍ਰਮਾਤਮਾ ਤੱਤਵਗਿਆਨ ਦੀ ਸੁਣਾਉਂਦਾ ਹੈ, ਉਹ (ਰਿਸ਼ੀਕ੍ਰਿਤ) ਰਿਸ਼ੀ ਰੂਪ ਵਿੱਚ ਪ੍ਰਗਟ ਪ੍ਰਮਾਤਮਾ ਕ੍ਰਿਤ (ਸਹਿਰੰਤਰਨੀਆ) ਹਜ਼ਾਰਾਂ ਬਾਣੀਆਂ ਭਾਵ ਕਬੀਰ ਬਾਣੀਆਂ (ਰਿਸ਼ੀਮਨਾ) ਰਿਸ਼ੀ ਸੁਭਾਵ ਵਾਲੇ ਭਗਤਾਂ ਦੇ ਲਈ (ਸਵਰਸ਼ਾ) ਅਨੰਦਾਇਕ ਹੁੰਦੀ ਹੈ। (ਕਵਿਨਾਮ ਪਦਵੀ) ਕਾਵਿਤਵ ਦੇ ਦੋਹੇ, ਚੋਪਾਈਆਂ ਵਿੱਚ ਬਾਣੀ ਬੋਲੇ ਜਾਣ ਦੇ ਕਾਰਨ ਉਹ ਪ੍ਰਮਾਤਮਾ ਪ੍ਰਸਿੱਧ ਕਵੀ ਦੀ ਪਦਵੀ ਪ੍ਰਾਪਤ ਕਰਦਾ ਹੈ। ਉਹ (ਸੋਮ) ਅਮਰ ਪ੍ਰਮਾਤਮਾ (ਸਿਵਾਸਾਂਨ) ਸਰਵ ਦੇ ਪਾਲਣ ਦੀ ਇੱਛਾ ਕਰਦਾ ਹੋਇਆ ਪਹਿਲੀ ਸਥਿਤੀ ਵਿੱਚ (ਮਹਿਵ) ਬੜੀ ਧਰਤੀ ਭਾਵ ਉੱਪਰ ਦੇ ਲੋਕਾਂ ਵਿੱਚ (ਤ੍ਰਿਤੀਮ ਧਾਮ) ਤੀਸਰੇ ਧਾਮ ਭਾਵ ਸਤਲੋਕ ਦੇ ਤੀਸਰੇ ਸਥਾਨ ਤੇ (ਅਨੁਰਾਜਿਤ) ਤੇਜੋਮਯ ਸਰੀਰ ਯੁਕਤ (ਸਤੁਪ) ਗੁਬੰਦ ਵਿੱਚ (ਵਿਰਾਜਮ) ਵਿਰਾਜਮਾਨ ਹੈ, ਉੱਥੇ ਬੈਠਾ ਹੈ। ਇਹ ਹੀ ਪ੍ਰਮਾਣ ਰਿਗਵੇਦ ਮੰਡਲ 9 ਸੁਕਤ 54 ਮੰਤਰ 3 ਵਿੱਚ ਹੈ ਕਿ ਪ੍ਰਮਾਤਮਾ ਸਾਰੇ ਲੋਕਾਂ ਦੇ ਉੱਪਰ ਦੇ ਲੋਕਾਂ ਵਿੱਚ ਵਿਰਾਜਮਾਨ ਹੈ (ਤ੍ਰਿਸ਼ਠੰਤੀ)
ਬੈਠਾ ਹੈ।

चमूषच्छ्येनः शकुनो विभृत्वा गोविन्दुर्द्रप्स आयुधानि बिभ्रत् ।
अपामूर्मिं सचमानः समुद्रं तुरीयं धाम महिषो विवक्ति ।।१९।

पदार्थः—( अपामूर्मिम् ) प्रकृति की सूक्ष्म से सूक्ष्म शक्तियों के साथ ( सचमानः ) जो संगत है और ( समुद्रम् ) "सम्यक् द्रवन्ति भूतानि यस्मात् स समुद्रः" जिससे सब भूतों की उत्पत्ति, स्थिति और प्रलय होता है। वह ( तुरीयम् ) चौथा ( धाम ) परमपद परमात्मा है। उसको ( महिषः ) मह्यते इति महिषः महिष इति महन्नामसु पठितम् नि० ३—१३। महापुरुष उक्त तुरीय परमात्मा का ( विवक्ति ) वर्णन करता है। वह परमात्मा ( चमूसत् ) जो प्रत्येक बल में स्थित है ( श्येनः ) सर्वोपरि प्रशंसनीय है और ( शकुनः ) सर्वशक्तिमान् है। ( गोविन्दुः ) यजमानों को तृप्त करके जो ( द्रप्सः ) शीघ्रगति वाला है ( आयुधानि, बिभ्रत् ) अनन्त शक्तियों को धारण करता हुआ इस सम्पूर्ण संसार का उत्पादक है ।।१९।।

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 96 ਮੰਤਰ 19 ਦਾ ਵੀ ਆਰੀਆ ਸਮਾਜ ਦੇ ਵਿਦਵਾਨਾਂ ਨੇ ਅਨੁਵਾਦ ਕੀਤਾ ਹੈ। ਇਸ ਵਿੱਚ ਵੀ ਬਹੁਤ ਸਾਰੀਆਂ ਗਲ਼ਤੀਆਂ ਹਨ। ਕੀਤਾਬ ਵਿਸਤਾਰ ਦੇ ਕਾਰਣ ਸਿਰਫ਼ ਆਪਣੇ ਮਤਲਬ ਦੀ ਜਾਣਕਾਰੀ ਪ੍ਰਾਪਤ ਕਰਦੇ ਹਾਂ। ਇਸ ਮੰਤਰ

ਵਿੱਚ ਚੌਥੇ ਧਾਮ ਦਾ ਵਰਣਨ ਹੈ ਜੋ ਆਪ ਜੀ ਸ੍ਰਿਸ਼ਟੀ ਰਚਨਾ ਵਿੱਚ ਪੜ੍ਹੋਗੇ, ਉਸ ਨਾਲ ਪੂਰਣ ਜਾਣਕਾਰੀ ਹੋਵੇਗੀ। ਪੜ੍ਹੋ ਇਸੀ ਕੀਤਾਬ ਦੇ ਪੰਨਾ ਨੰ. 107 ਉੱਤੇ।

ਪਰਮਾਤਮਾ ਨੇ ਉੱਪਰ ਦੇ ਚਾਰ ਲੋਕ ਅਜਰ-ਅਮਰ ਰਚੇ ਹਨ। 1. ਅਨਾਮੀ ਲੋਕ ਜੋ ਸਭ ਤੋਂ ਉੱਪਰ ਹੈ। 2. ਅਗਮ ਲੋਕ 3. ਅਲਖ ਲੋਕ 4. ਸਤਲੋਕ। ਅਸੀਂ ਪ੍ਰਿਥਵੀ ਲੋਕ ਉੱਤੇ ਹਾਂ, ਇਸ ਤੋਂ ਉੱਪਰ ਦੇ ਲੋਕਾਂ ਦੀ ਗਿਣਤੀ ਕਰਾਂਗੇ ਤਾਂ 1. ਸਤਲੋਕ 2. ਅਲਖ ਲੋਕ 3. ਅਗਮ ਲੋਕ ਅਤੇ 4. ਅਨਾਮੀ ਲੋਕ ਉਸ ਚੌਥੇ ਧਾਮ ਵਿੱਚ ਬੈਠ ਕੇ ਪਰਮਾਤਮਾ ਨੇ ਸਭ ਬ੍ਰਹਿਮੰਡਾਂ ਤੇ ਲੋਕਾਂ ਦੀ ਰਚਨਾ ਕੀਤੀ। ਬਾਕੀ ਰਚਨਾ ਸਤਲੋਕ ਵਿੱਚ ਬੈਠ ਕੇ ਕੀਤੀ ਸੀ। ਆਰੀਆ ਸਮਾਜ ਦੇ ਅਨੁਵਾਦਕਾਂ ਨੇ ਤੁਰੀਆ ਪਰਮਾਤਮਾ ਭਾਵ ਚੌਥੇ ਪਰਮਾਤਮਾ ਦਾ ਵਰਣਨ ਕੀਤਾ ਹੈ। ਇਹ ਚੌਥਾ ਧਾਮ ਹੈ। ਉਸ ਵਿੱਚ ਮੂਲ ਪਾਠ ਮੰਤਰ 19 ਦਾ ਭਾਵ ਅਰਥ ਹੈ ਕਿ ਤੱਤਵਦਰਸ਼ੀ ਸੰਤ ਚੌਥੇ ਧਾਮ ਅਤੇ ਚੌਥੇ ਪਰਮਾਤਮਾ ਦਾ (ਵਿਵਕਿਤਿ) ਵੱਖ-ਵੱਖ ਵਰਣਨ ਕਰਦਾ ਹੈ।

ਵਿਚਾਰ ਕਰੋ:- (ਤੁਰੀਆ) ਚੌਥੇ ਪਰਮਾਤਮਾ ਦਾ ਵਰਣਨ ਮਹਾਂਪੁਰਸ਼ ਕਰਦਾ ਹੈ। ਚੌਥੇ ਪਰਮਾਤਮਾ ਦਾ ਵਰਣਨ ਨਾ ਤਾਂ ਮਹਰਿਸ਼ੀ ਦਯਾਨੰਦ ਜੀ ਨੇ ਕੀਤਾ, ਨਾ ਆਰੀਆ ਸਮਾਜੀਆ ਨੂੰ ਗਿਆਨ। ਇਸ ਤੋਂ ਸਪੱਸ਼ਟ ਹੋਇਆ ਕਿ ਮਹਰਿਸ਼ੀ ਦਯਾਨੰਦ ਮਹਾਂਪੁਰਸ਼ ਨਹੀਂ ਸੀ। ਜਾਣੀ ਤੱਤਵਦਰਸ਼ੀ ਸੰਤ ਨਹੀਂ ਸਨ। ਕਿਉਂਕਿ ਉਹ ਸਿਰਫ ਇੱਕ ਬ੍ਰਹਮ ਪਰਮਾਤਮਾ ਦਾ ਹੀ 'ਗਿਆਨ' ਰੱਖਦੇ ਸੀ।

ਪਾਠਕ ਜਨ ਕ੍ਰਿਪਾ ਪੜ੍ਹੋ ਸ੍ਰਿਸ਼ਟੀ ਰਚਨਾ ਇਸੀ ਕੀਤਾਬ ਦੇ ਪੰਨਾ ਨੰ. 101 ਉੱਤੇ ਜਿਸ ਤੋਂ ਆਪ ਜੀ ਨੂੰ ਗਿਆਨ ਹੋਵੇਗਾ ਕਿ ਲੇਖਕ (ਸੰਤ ਰਾਮਪਾਲ ਦਾਸ) ਹੀ ਉਹ ਤੱਤਵਦਰਸ਼ੀ ਸੰਤ ਹੈ ਜੋ ਤੱਤਵਗਿਆਨ ਤੋਂ ਪਰੀਚਿਤ (ਜਾਣੂ) ਹੈ।

मर्यो न शुभ्रस्तन्वं मृजानोऽत्यो न सृत्वा सनये धनानाम् ।
वृषेव यूथा परि कोशमर्षन्कनिक्रदच्चम्वोरा विवेश ॥२०॥

पदार्थः—वह परमात्मा ( यूथा, वृषेव ) जिस प्रकार एक संघ को उसका सेनापति प्राप्त होता है, इसी प्रकार (कोशम् ) इस ब्रह्माण्डरूपी कोश को (अर्षन्) प्राप्त होकर ( कनिक्रदत् ) उच्च स्वर से गर्जता हुआ ( चम्वोः ) इस ब्रह्माण्ड रूपी विस्तृत प्रकृति-खण्ड में ( पर्याविवेश ) भली-भांति प्रविष्ट होता है और ( न ) जैसे कि ( मर्यः ) मनुष्य ( शुभ्रस्तन्वं, मृजानः ) शुभ्र शरीर को धारण करता हुआ ( अत्योन ) अत्यन्त गतिशील पदार्थों के समान ( सनये ) प्राप्ति के लिए ( सृत्वा) गतिशील होता हुआ (धनानाम्) धनों के लिए कटिबद्ध होता है; इसी प्रकार प्रकृति-रूपी ऐश्वर्यं को धारण करने के लिए परमात्मा सदैव उद्यत है ॥२०॥

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 96 ਮੰਤਰ 20 ਦਾ ਯਥਾਰਥ ਗਿਆਨ ਜਾਣਦੇ ਹਾਂ:- ਇਸ ਮੰਤਰ ਦਾ ਅਨੁਵਾਦ ਮਹਰਿਸ਼ੀ ਦਯਾਨੰਦ ਦੇ ਚੇਲਿਆਂ ਦੁਆਰਾ ਕੀਤਾ ਗਿਆ ਹੈ, ਇਨ੍ਹਾਂ ਦਾ ਦ੍ਰਿਸ਼ਟੀਕੋਣ ਇਹ ਰਿਹਾ ਹੈ ਕਿ ਪਰਮਾਤਮਾ ਨਿਰਾਕਾਰ ਹੈ ਕਿਉਂਕਿ ਮਹਰਿਸ਼ੀ ਦਯਾਨੰਦ ਜੀ ਨੇ ਇਹ ਗੱਲ ਦ੍ਰਿੜ ਕੀਤੀ ਹੈ ਕਿ ਪਰਮਾਤਮਾ ਨਿਰਾਕਾਰ ਹੈ। ਇਸ ਲਈ ਅਨੁਵਾਦਕ ਨੇ ਸਿੱਧੇ ਮੰਤਰ ਦਾ ਅਨੁਵਾਦ ਘੁੰਮਾ-ਫਿਰਾ ਕੇ ਕੀਤਾ ਹੈ। ਜਿਵੇਂ ਮੂਲ ਪਾਠ ਵਿੱਚ ਲਿਖਿਆ ਹੈ:-

ਮਰਯ ਨ ਸ਼ਭਰ: ਤਨਵਾ ਮ੍ਰਿਜਾਨ: ਅਤਯ: ਨ ਸ੍ਰਿਤਵਾ ਸਨਯ ਧਨਾਨਾਮ੍।
ਵ੍ਰਿਸ਼ਵ ਯੂਥਾ ਪਰਿ ਕੋਸ਼ਮ ਅਰਸ਼ਨ੍ ਕਨਿਕਰਦਤ੍ ਚੰਵੋ: ਆਵਿਵੇਸ਼॥

ਅਨੁਵਾਦ:- (ਨ) ਜਿਵੇਂ (ਮਰਯ:) ਮਨੁੱਖ ਸੁੰਦਰ ਵਸਤਰ (ਕੱਪੜੇ) ਧਾਰਨ (ਪਹਿਨਦਾ) ਕਰਦਾ ਹੈ, ਇਸ ਤਰ੍ਹਾਂ ਪਰਮਾਤਮਾ (ਸ਼ੁਭਰ: ਤਨਵ) ਸੁੰਦਰ ਸਰੀਰ (ਮ੍ਰਿਜਾਨ:) ਧਾਰਨ ਕਰਕੇ (ਅਤਯ:) ਅਤਿਅੰਤ ਗਤਿ ਨਾਲ ਚੱਲਦਾ ਹੋਇਆ (ਸਨਤ ਧਨਾਨਾਮ੍) ਭਗਤੀ ਧਨ ਦੇ ਧਨੀਆਂ ਭਾਵ ਪੁੰਨ ਆਤਮਾਵਾਂ ਨੂੰ (ਸਨਯ) ਪ੍ਰਾਪਤੀ ਦੇ ਲਈ ਆਉਂਦਾ ਹੈ। (ਯੂਥਾ ਵ੍ਰਿਸ਼ੇਵ) ਜਿਵੇਂ ਇੱਕ ਸਮੁਦਾਇ ਨੂੰ ਉਨ੍ਹਾਂ ਦਾ ਸੈਨਾਪਤੀ ਪ੍ਰਾਪਤ ਹੁੰਦਾ ਹੈ, ਇਸ ਤਰ੍ਹਾਂ ਉਹ ਪਰਮਾਤਮਾ ਸੰਤ ਤੇ ਰਿਸ਼ੀ ਰੂਪ ਵਿੱਚ ਪ੍ਰਗਟ ਹੁੰਦਾ ਹੈ ਤਾਂ ਉਸ ਦੇ ਬਹੁਤ ਸੰਖਿਆ ਵਿੱਚ ਅਨੁਆਈ ਬਣ ਜਾਂਦੇ ਹਨ ਅਤੇ ਪਰਮਾਤਮਾ ਉਨ੍ਹਾਂ ਦਾ ਗੁਰੂ ਰੂਪ ਵਿੱਚ ਮੁਖੀਆ ਹੁੰਦਾ ਹੈ। ਉਹ ਪਰਮਾਤਮਾ (ਕੋਸ਼ਮ੍) ਭਾਵ (ਪਰਿ ਕੋਸ਼ਮ੍) ਪ੍ਰਥਮ (ਪਹਿਲੇ) ਬ੍ਰਹਿਮੰਡ ਵਿੱਚ (ਅਰਸ਼ਨ੍) ਪ੍ਰਾਪਤ ਹੋ ਕੇ ਭਾਵ ਆ ਕੇ (ਕਰਿਕਰਦਤ੍) ਉੱਚੀ ਅਵਾਜ਼ ਵਿੱਚ ਸਤਿ ਗਿਆਨ ਉਚਾਰਣ ਕਰਦਾ ਹੋਇਆ (ਚੰਵੋ:) ਪ੍ਰਿਥਵੀ ਖੰਡ ਵਿੱਚ (ਅਵਿਵੇਸ਼) ਪ੍ਰਵਿਸ਼ਟ ਹੁੰਦਾ ਹੈ।

ਭਾਵ ਅਰਥ:- ਜਿਵੇਂ ਪਹਿਲਾਂ ਵੇਦ ਮੰਤਰਾਂ ਵਿੱਚ ਕਿਹਾ ਗਿਆ ਹੈ ਕਿ ਪਰਮਾਤਮਾ ਉੱਪਰ ਦੇ ਲੋਕ ਵਿੱਚ ਰਹਿੰਦਾ ਹੈ, ਉੱਥੇ ਤੋਂ ਗਤੀ ਕਰਕੇ ਧਰਤੀ ਉੱਤੇ ਆਉਂਦਾ ਹੈ, ਆਪਣੇ ਰੂਪ ਨੂੰ ਭਾਵ ਸਰੀਰ ਦੇ ਤੇਜ਼ ਨੂੰ ਸਰਲ ਕਰਕੇ ਆਉਂਦਾ ਹੈ। ਇਸ ਰਿਗਵੇਦ ਮੰਡਲ 9 ਸੁਕਤ 96 ਮੰਤਰ 20 ਵਿੱਚ ਉਸ ਦੀ ਹੀ ਪੁਸ਼ਟੀ ਕੀਤੀ ਹੈ। ਕਿਹਾ ਹੈ ਕਿ ਪਰਮਾਤਮਾ ਇਸ ਤਰ੍ਹਾਂ ਦੇ ਹੋਰ ਸਰੀਰ ਧਾਰਨ ਕਰਕੇ ਪ੍ਰਿਥਵੀ (ਧਰਤੀ) ਉੱਤੇ ਆਉਂਦਾ ਹੈ ਜਿਸ ਤਰ੍ਹਾਂ ਮਨੁੱਖ ਕੱਪੜੇ ਧਾਰਨ ਕਰਦਾ ਹੈ ਅਤੇ (ਧਨਾਨਾਮ੍) ਦ੍ਰਿੜ ਭਗਤਾਂ ਨੂੰ (ਚੰਗੀਆਂ ਪੁੰਨ ਆਤਮਾਵਾਂ) ਨੂੰ ਪ੍ਰਾਪਤ ਹੁੰਦਾ ਹੈ, ਉਨ੍ਹਾਂ ਨੂੰ ਬਾਣੀ ਉਚਾਰਣ ਕਰਕੇ ਤੱਤਵਗਿਆਨ ਸੁਣਾਉਂਦਾ ਹੈ।

ਵਿਵੇਚਨ:- ਇਹ ਰਿਗਵੇਦ ਮੰਡਲ 9 ਸੁਕਤ 96 ਮੰਤਰ 16 ਤੋਂ 20 ਦੀਆਂ ਫ਼ੋਟੋਕਾਪੀਆਂ ਹਨ, ਜਿਨ੍ਹਾਂ ਦਾ ਹਿੰਦੀ ਅਨੁਵਾਦ ਮਹਾਰਿਸ਼ੀ ਦਯਾਨੰਦ ਸਰਸਵਤੀ ਆਰੀਆ ਸਮਾਜ ਪਰਿਵਰਤਕ ਦੇ ਦਿਸ਼ਾ-ਨਿਰਦੇਸ਼ ਤੋਂ ਉਨ੍ਹਾਂ ਦੇ ਆਰੀਆ ਸਮਾਜੀ ਚੇਲਿਆਂ ਨੇ ਕੀਤਾ ਹੈ। ਇਹ ਅਨੁਵਾਦ ਕੁੱਝ-ਕੁੱਝ ਠੀਕ ਹੈ, ਜ਼ਿਆਦਾ ਗਲਤ ਹੈ। ਪਹਿਲਾਂ ਜ਼ਿਆਦਾ ਠੀਕ ਜਾਂ ਕੁੱਝ-ਕੁੱਝ ਗਲਤ ਸੀ ਜੋ ਮੇਰੇ ਦੁਆਰਾ ਸ਼ੁੱਧ ਕਰਕੇ ਵਿਵੇਚਨ ਵਿੱਚ ਲਿਖ ਦਿੱਤਾ ਗਿਆ ਹੈ। ਹੁਣ ਜ਼ਿਆਦਾ ਗਲਤ ਨੂੰ ਸ਼ੁੱਧ (ਸਹੀ) ਕਰਕੇ ਲਿਖਦਾ ਹਾਂ।


ਰਿਗਵੇਦ ਮੰਡਲ 9 ਸੁਕਤ 96 ਮੰਤਰ 16 ਵਿੱਚ ਕਿਹਾ ਹੈ ਕਿ:-

ਹੇ ਪਰਮਾਤਮਾ! ਆਪ ਦਾ ਜੋ ਗੁਪਤ ਵਾਸਤਵਿਕ (ਚਾਰੂ) ਸ਼੍ਰੇਸ਼ਟ (ਨਾਮ) ਨਾਮ ਹੈ, ਉਸ ਦਾ ਗਿਆਨ ਕਰਵਾਉ। ਪਿਆਰੇ ਪਾਠਕੋ! ਜਿਵੇਂ ਭਾਰਤ ਦੇ ਰਾਜਾ ਨੂੰ ਪ੍ਰਧਾਨਮੰਤਰੀ ਕਹਿੰਦੇ ਹਨ, ਇਹ ਉਨ੍ਹਾਂ ਦੀ ਪਦਵੀ ਦਾ ਪ੍ਰਤੀਕ ਹੈ। ਉਨ੍ਹਾਂ ਦਾ ਅਸਲ ਨਾਮ ਕੋਈ ਹੋਰ ਹੀ ਹੁੰਦਾ ਹੈ। ਜਿਵੇਂ ਪਹਿਲੇ ਪ੍ਰਧਾਨਮੰਤਰੀ ਜੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਸਨ। "ਜਵਾਹਰ ਲਾਲ" ਉਨ੍ਹਾਂ ਦਾ ਵਾਸਤਵਿਕ (ਅਸਲ) ਨਾਮ ਹੈ ਉਹ (ਸੋਤ੍ਰਿਮਿ:) ਉਪਾਸਨਾ ਕਰਨ ਦਾ (ਸਵ ਆਯੁਧ:) ਸਵੈ-ਚਾਲਿਤ ਸ਼ਸਤਰ ਦੇ ਸਮਾਨ (ਪੂਯਮਾਨ:) ਅਗਿਆਨ ਰੂਪੀ ਗੰਦ ਨੂੰ ਨਾਸ਼ ਕਰਕੇ ਪਾਪਨਾਸ਼ਕ ਹੈ। ਤੁਸੀਂ ਆਪਣੇ ਉਸ ਸਤਿ ਮੰਤਰ ਦਾ ਸਾਨੂੰ ਗਿਆਨ ਕਰਵਾਉ। (ਦੇਵ ਸੋਮ) ਹੇ ਅਮਰ ਪਰਮਾਤਮਾ! ਆਪ ਦਾ ਉਹ ਮੰਤਰ ਸਾਹਾਂ ਦੁਆਰਾ ਨੱਕ ਆਦਿ (ਗਾ:) ਇੰਦਰੀਆਂ ਤੋਂ (ਵਾਸੁਮ੍ ਅਭਿ) ਸਵਾਂਸ- ਉਸਵਾਂਸ ਤੋਂ ਜਪਣ ਤੋਂ (ਸਪਤਿਰਿਵ= ਸਪਤਿ: ਇਵ) ਵਿਧੁਤ (ਬਿਜਲੀ) ਵਰਗੀ ਗਤੀ ਤੋਂ ਭਾਵ ਸ਼ੀਘਰਤਾ (ਛੇਤੀ) ਨਾਲ (ਅਭਿਵਾਜੰ) ਭਗਤੀ ਧੰਨ ਤੋਂ ਪਰਿਪੂਰਣ ਕਰਕੇ (ਸ਼੍ਰਵਸਯਾਮੀ ਈਸ਼ਵਰਯ) ਖੁਸ਼ਹਾਲੀ ਨੂੰ ਅਤੇ ਮੋਕਸ਼ ਨੂੰ ਪ੍ਰਾਪਤ ਕਰਵਾਉ।

ਪਿਆਰੇ ਪਾਠਕਾਂ ਨੂੰ ਨਿਵੇਦਨ ਹੈ ਕਿ ਇਸ ਰਿਗਵੇਦ ਮੰਡਲ 9 ਸੁਕਤ 96 ਮੰਤਰ 16 ਦੇ ਅਨੁਵਾਦ ਵਿੱਚ ਬਹੁਤ ਸਾਰੀਆਂ ਗਲਤੀਆਂ ਸਨ ਜੋ ਸ਼ੁੱਧ (ਸਹੀ) ਕਰ ਦਿੱਤੀਆਂ ਗਈਆਂ ਹਨ। ਪ੍ਰਮਾਣ ਦੇ ਲਈ ਮੂਲ ਪਾਠ ਵਿੱਚ "ਵਾਜੰ ਅਭੀ" ਸ਼ਬਦ ਹੈ ਇਸਦਾ ਅਨੁਵਾਦ ਨਹੀਂ ਕੀਤਾ ਗਿਆ ਹੈ। ਇਸ ਦੀ ਜਗ੍ਹਾ ਉੱਤੇ "ਅਭਿਗਮਯ" ਸ਼ਬਦ ਦਾ ਭਾਵ ਜੋੜਿਆ ਗਿਆ ਹੈ ਜੋ ਮੂਲ ਪਾਠ ਵਿੱਚ ਨਹੀਂ ਹੈ।

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 96 ਮੰਤਰ 17 ਦੇ ਅਨੁਵਾਦ ਵਿੱਚ ਵੀ ਬਹੁਤ ਗਲਤੀਆਂ ਹਨ ਜੋ ਆਰੀਆ ਸਮਾਜੀਆਂ ਦੁਆਰਾ ਅਨੁਵਾਦਿਤ ਹੈ। ਹੁਣ ਸ਼ੁੱਧ (ਸਹੀ) ਕਰਕੇ ਲਿਖਦਾ ਹਾਂ:-

ਜਿਵੇਂ ਕਿ ਪਹਿਲਾਂ ਰਿਗਵੇਦ ਮੰਡਲ 9 ਸੁਕਤ 86 ਅਤੇ 82 ਦੇ ਮੰਤਰਾਂ ਵਿੱਚ ਪ੍ਰਮਾਣ ਹੈ ਕਿ ਪਰਮਾਤਮਾ ਆਪਣੇ ਸ਼ਾਸ਼ਵਤ ਸਥਾਨ ਤੋਂ ਜੋ ਧੂ-ਲੋਕ ਦੇ ਤੀਸਰੇ ਸਥਾਨ ਉੱਤੇ ਵਿਰਾਜਮਾਨ ਹੈ, ਉੱਥੇ ਤੋਂ ਚੱਲ ਕੇ ਧਰਤੀ ਉੱਤੇ ਜਾਣ-ਬੁੱਝ ਕੇ ਕਿਸੇ ਖਾਸ ਉਦੇਸ਼ ਤੋਂ ਪ੍ਰਗਟ ਹੁੰਦਾ ਹੈ। ਪਰਮਾਤਮਾ ਸਭ ਬ੍ਰਹਿਮੰਡਾਂ ਵਿੱਚ ਵਸੇ ਪ੍ਰਾਣੀਆਂ ਦੀ ਪਰਵਰਿਸ਼ ਤਿੰਨ ਸਥਿਤੀਆਂ ਵਿੱਚ ਕਰਦਾ ਹੈ। 1. ਪਰਮਾਤਮਾ ਉੱਪਰ ਸਤਲੋਕ ਭਾਵ ਅਵਿਨਾਸ਼ੀ ਧਾਮ ਵਿੱਚ ਸਿੰਘਾਸਨ (ਤਖ਼ਤ) ਉੱਤੇ ਬੈਠਿਆ ਹੋਇਆ ਸਭ ਬ੍ਰਹਿਮੰਡਾਂ ਦਾ ਸੰਚਾਲਨ ਕਰਦਾ ਹੈ। 2. ਜਦੋਂ ਚਾਹੁਣ ਸਾਧੂ-ਸੰਤ ਦੇ ਰੂਪ ਵਿੱਚ ਆਪਣੇ ਸਰੀਰ ਦਾ ਤੇਜ਼ ਸਰਲ ਕਰਕੇ ਚੰਗੀਆਂ ਆਤਮਾਵਾਂ ਨੂੰ ਮਿਲਦੇ ਹਨ। 3. ਹਰ ਯੁੱਗ ਵਿੱਚ ਕਿਸੇ ਜਲਾਸ਼ਯ ਵਿੱਚ ਖਿੜੇ ਕਮਲ ਦੇ ਫੁੱਲ ਉੱਤੇ ਨਵਜਾਤ ਸ਼ਿਸ਼ੂ (ਬੱਚੇ) ਦਾ ਰੂਪ ਬਣਾ ਕੇ ਪ੍ਰਗਟ ਹੁੰਦੇ ਹਨ, ਉੱਥੇ ਤੋਂ ਨਿਰ-ਸੰਤਾਨ ਦਮਪੱਤੀ (ਜੋੜਾ) ਆਪਣੇ ਘਰ ਲੈ ਜਾਂਦੇ ਹਨ। ਬਚਪਨ ਤੋਂ ਹੀ ਉਹ ਪਰਮਾਤਮਾ ਆਪਣਾ ਵਾਸਤਵਿਕ (ਅਸਲ) ਭਗਤੀ ਗਿਆਨ ਜਿਸ ਨੂੰ ਤੱਤਵ ਗਿਆਨ ਵੀ ਕਹਿੰਦੇ ਹਨ, ਚੌਪਾਈਆਂ, ਦੋਹਿਆਂ, ਸਾਖੀਆਂ ਤੇ ਕਵਿਤਾਵਾਂ ਦੇ ਰੂਪ ਵਿੱਚ ਸੁਣਾਉਂਦੇ ਹਨ। ਜਿਵੇਂ ਸੰਨ 1398 ਵਿ.ਸੰ. 1455 ਵਿੱਚ ਪਰਮਾਤਮਾ ਆਪਣੇ ਨਿੱਜ ਸਥਾਨ ਤੋਂ ਚੱਲ ਕੇ ਭਾਰਤਵਰਸ਼ ਦੇ ਕਾਸ਼ੀ ਸ਼ਹਿਰ ਦੇ ਬਾਹਰ ਲਹਿਰਤਾਰਾ ਨਾਮਕ ਜਲਾਸ਼ਯ (ਤਲਾਬ) ਵਿੱਚ ਕਮਲ ਦੇ ਫੁੱਲ ਉੱਤੇ ਸ਼ਿਸ਼ੂ ਰੂਪ ਧਾਰਨ ਕਰਕੇ ਪ੍ਰਗਟ ਹੋਏ ਸਨ। ਉੱਥੇ ਤੋਂ ਨੀਰੂ-ਨੀਮਾ ਜੁਲਾਹਾ ਦਮਪੱਤੀ ਆਪਣੇ ਘਰ ਲੈ ਗਏ ਸੀ। ਹੌਲੀ-ਹੌਲੀ ਪਰਮਾਤਮਾ ਵੱਡੇ ਹੋਏ। ਕਬੀਰ ਬਾਣੀ ਬੋਲ ਕੇ ਗਿਆਨ ਸੁਣਾਇਆ ਸੀ। ਪ੍ਰਮਾਣ ਰਿਗਵੇਦ ਮੰਡਲ 9 ਸੁਕਤ 1 ਮੰਤਰ 9 ਵਿੱਚ ਹੈ ਜੋ ਆਰੀਆ ਸਮਾਜ ਦੇ ਆਚਾਰੀਆਂ ਦੁਆਰਾ ਅਨੁਵਾਦਿਤ ਹੈ। ਉਸ ਵਿੱਚ ਵੀ ਕੁੱਝ ਗਲਤੀ ਹੈ, ਜ਼ਿਆਦਾ ਨਹੀਂ। ਕ੍ਰਿਪਾ ਪੜ੍ਹੋ ਇਹ ਰਿਗਵੇਦ ਮੰਡਲ 9 ਸੁਕਤ 1 ਮੰਤਰ 9 ਦੀ ਫੋਟੋਕਾਪੀ:-


अभी इममघ्न्या उत श्रीणन्ति धेनवः शिशुम् ।
सोममिन्द्राय पातवे ॥९॥

पदार्थः—( इमं ) उस ( सोमं ) सौम्यस्वभाव वाले श्रद्धालु पुरुष को ( शिशुं ) कुमारावस्था में ही ( अभि ) सब प्रकार से ( अघ्न्याः ) अहिंसनीय ( धेनवः ) गौवें ( श्रीणन्ति ) तृप्त करती हैं ( इन्द्राय ) ऐश्वर्य्यं की ( पातवे ) वृद्धि के लिये । ( उत ) अथवा उक्त श्रद्धालु पुरुष को अहिंसनीय वाणियें ऐश्वर्य्य की प्राप्ति के लिये संस्कृत करती हैं ॥९॥

ਵਿਵੇਣਨ:- ਇਹ ਫੋਟੋਕਾਪੀ ਰਿਗਵੇਦ ਮੰਡਲ 9 ਸੁਕਤ 1 ਮੰਤਰ 9 ਦੀ ਹੈ ਇਸ ਵਿੱਚ ਸਪੱਸ਼ਟ ਹੈ ਕਿ (ਸੋਮ) ਅਮਰ ਪਰਮਾਤਮਾ ਜਦੋਂ ਸ਼ਿਸ਼ੂ ਰੂਪ ਵਿੱਚ ਪ੍ਰਗਟ ਹੁੰਦਾ ਹੈ ਤਾਂ ਉਸ

ਦੀ ਪਰਵਰਿਸ਼ ਦੀ ਲੀਲਾ ਕੰਵਾਰੀ ਗਊਆਂ (ਅਭਿ ਅਧਨਯਾ ਧੇਨੁਵ:) ਦੁਆਰਾ ਹੁੰਦੀ ਹੈ। ਇਹੀ ਪ੍ਰਮਾਣ ਕਬੀਰ ਸਾਗਰ ਦੇ ਅਧਿਆਇ "ਗਿਆਨ ਪ੍ਰਕਾਸ਼" ਵਿੱਚ ਹੈ ਕਿ ਜਿਸ ਪਰਮੇਸ਼ਵਰ ਕਬੀਰ ਜੀ ਨੂੰ ਨੀਰੂ-ਨੀਮਾ ਆਪਣੇ ਘਰ ਲੈ ਗਏ। ਤਦ ਸ਼ਿਸ਼ੂ ਰੂਪਧਾਰੀ ਪਰਮਾਤਮਾ ਨੇ ਨਾ ਅੰਨ ਖਾਦਾ, ਨਾ ਦੁੱਧ ਪੀਤਾ। ਫਿਰ ਸਵਾਮੀ ਰਾਮਾਨੰਦ ਜੀ ਦੇ ਦੱਸਣ ਉੱਤੇ ਇੱਕ ਕੰਵਾਰੀ ਗਊ ਭਾਵ ਇੱਕ ਵੱਛੀ ਨੀਰੂ ਲੈ ਆਇਆ, ਉਸ ਨੇ ਤਤਕਾਲ (ਛੇਤੀ ਹੀ) ਦੁੱਧ ਦੇ ਦਿੱਤਾ। ਉਸ ਕੰਵਾਰੀ ਗਊ ਦੇ ਦੁੱਧ ਤੋਂ ਪਰਮੇਸ਼ਵਰ ਦੀ ਪਰਵਰਿਸ਼ ਦੀ ਲੀਲਾ ਹੋਈ ਸੀ। ਕਬੀਰ ਸਾਗਰ ਲਗਭਗ 600 (ਛੇ: ਸੌ) ਸਾਲ ਪਹਿਲਾਂ ਦਾ ਲਿਖਿਆ ਹੋਇਆ ਹੈ।

ਰਿਗਵੇਦ ਮੰਡਲ 9 ਸੁਕਤ 1 ਮੰਤਰ 9 ਦੇ ਅਨੁਵਾਦ ਵਿੱਚ ਕੁਝ ਗਲਤੀ ਕੀਤੀ ਹੈ। ਜਿਵੇਂ (ਅਭਿਅਧਨਯਾ) ਦਾ ਅਰਥ ਅਹਿੰਸਕ ਕਰ ਦਿੱਤਾ ਹੈ ਜੋ ਗਲਤ ਹੈ। ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਰੋਹਤਕ ਵਿੱਚ ਪਿੰਡ ਧਨਾਨਾ ਵਿੱਚ ਲੇਖਕ ਦਾ ਜਨਮ ਹੋਇਆ ਜੋ ਅਸਲ ਵਿੱਚ ਜ਼ਿਲ੍ਹਾ ਸੋਨੀਪਤ ਵਿੱਚ ਹੈ। ਇਸ ਖੇਤਰ ਵਿੱਚ ਜਿਸ ਗਊ ਨੇ ਗਰਭ ਧਾਰਨ ਨਾ ਕੀਤਾ ਹੋਵੇ ਤਾਂ ਕਹਿੰਦੇ ਹਨ ਕਿ ਇਹ ਧਨਾਈ ਨਹੀਂ ਹੈ, ਇਹ ਬਿਨ੍ਹਾਂ ਧਨਾਈ ਹੈ। ਇਹ ਅਭ੍ਰੰਸ਼ ਸ਼ਬਦ ਹੈ ਜੋ "ਅਧਨਯ" ਦਾ ਅਰਥ ਹੈ ਪੂਰਣ ਰੂਪ ਤੋਂ ਬਿਨ੍ਹਾਂ ਧਨਾਈ ਭਾਵ ਕੰਵਾਰੀ ਗਊ ਭਾਵ ਵੱਛੀ।

ਹੁਣ ਰਿਗਵੇਦ ਮੰਡਲ 9 ਸੁਕਤ 96 ਮੰਤਰ 17 ਦਾ ਸ਼ੁੱਧ (ਸਹੀ) ਅਨੁਵਾਦ ਕਰਦਾ ਹਾਂ:-

ਸਿਰਫ਼ ਹਿੰਦੀ:- (ਸ਼ਿਸ਼ਮ੍ ਜਗਿਆਨਮ੍ ਹਰਯੰਤਮ੍) ਪਰਮੇਸ਼ਵਰ ਜਾਨ-ਬੁੱਝ ਕੇ ਤੱਤਵ ਗਿਆਨ ਦੱਸਣ ਦੇ ਉਦੇਸ਼ ਤੋਂ ਸ਼ਿਸ਼ੂ ਰੂਪ ਵਿੱਚ ਪ੍ਰਗਟ ਹੁੰਦਾ ਹੈ, ਉਨ੍ਹਾਂ ਦੇ ਗਿਆਨ ਨੂੰ ਸੁਣ ਕੇ (ਮਰੂਤੋ ਗਣੇਨ) ਭਗਤਾਂ ਦਾ ਬਹੁਤ ਵੱਡਾ ਸਮੂਹ ਉਸ ਪਰਮਾਤਮਾ ਦਾ ਅਨੁਯਾਈ ਬਣ ਜਾਂਦਾ ਹੈ। (ਮ੍ਰਿਜੰਤਿ ਸ਼ੁਮਯਿੰਤਿ ਵਹਿਨ੍)

ਉਹ ਗਿਆਨ ਬੁੱਧੀਜੀਵੀ ਲੋਕਾਂ ਨੂੰ ਸਮਝ ਆਉਂਦਾ ਹੈ। ਉਹ ਉਸ ਪਰਮੇਸ਼ਵਰ ਦੀ ਸਤੁਤੀ-ਭਗਤੀ ਤੱਤਵ ਗਿਆਨ ਦੇ ਅਧਾਰ ਤੋਂ ਕਰਦੇ ਹਨ, ਉਹ ਭਗਤੀ (ਵਹਿਨ੍) ਛੇਤੀ ਲਾਭ ਦੇਣ ਵਾਲੀ ਹੁੰਦੀ ਹੈ। ਉਹ ਪਰਮਾਤਮਾ ਆਪਣੇ ਤੱਤਵ ਗਿਆਨ ਨੂੰ (ਕਾਵਯੇਨਾ) ਕਵੀਤਵ ਤੋਂ ਭਾਵ ਕਵੀਆਂ ਦੀ ਤਰ੍ਹਾਂ ਦੋਹਿਆਂ, ਸ਼ਬਦਾਂ, ਅਖਾਉਤਾਂ ਦੁਆਰਾ (ਕਵਿਰ੍ ਗਿਰਭਿ:) ਕਵਿਰ ਬਾਣੀ ਦੁਆਰਾ ਭਾਵ ਕਬੀਰ ਬਾਣੀ ਦੁਆਰਾ (ਪਵਿਤਰਾਮ੍ ਅਤਿਰੇਮਨ੍) ਸ਼ੁੱਧ ਗਿਆਨ ਨੂੰ ਉੱਚੇ ਸੂਰ ਵਿੱਚ ਗਰਜ-ਗਰਜ ਕੇ ਬੋਲਦੇ ਹਨ। ਉਹ (ਕਵਿ:) ਕਵੀ ਦੀ ਤਰ੍ਹਾਂ ਆਸ਼ਰਣ ਕਰਨ ਵਾਲਾ ਕਵਿਰ ਦੇਵ (ਸੰਤ੍ਰ) ਸੰਤ ਰੂਪ ਵਿੱਚ ਪ੍ਰਗਟ (ਸੋਮ) ਅਮਰ ਪਰਮਾਤਮਾ ਹੁੰਦਾ ਹੈ। (ਰਿਗਵੇਦ ਮੰਡਲ 9 ਸੁਕਤ 96 ਮੰਤਰ 17)

ਵਿਸ਼ੇਸ਼:- ਇਸ ਮੰਤਰ ਦੇ ਮੂਲ ਪਾਠ ਵਿੱਚ ਦੋ ਵਾਰ "ਕਵਿ:" ਸ਼ਬਦ ਆਇਆ ਹੈ, ਆਰੀਆ ਸਮਾਜ ਦੇ ਅਨੁਵਾਦ ਕਰਤਾਵਾਂ ਨੇ ਇੱਕ (ਕਵਿ:) ਦਾ ਅਰਥ ਹੀ ਨਹੀਂ ਕੀਤਾ ਹੈ।

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 96 ਮੰਤਰ 18 ਉੱਤੇ ਵਿਵੇਚਨ ਕਰਦੇ ਹਾਂ। ਇਸ ਦੇ ਅਨੁਵਾਦ ਵਿੱਚ ਵੀ ਬਹੁਤ ਸਾਰੀਆਂ ਗਲਤੀਆਂ ਹਨ। ਅਸੀਂ ਸੰਸਕ੍ਰਿਤ ਵੀ ਸਮਝ ਸਕਦੇ ਹਾਂ। ਵਿਵੇਚਨ ਕਰਦਾ ਹਾਂ ਅਤੇ ਯਥਾਰਥ (ਸਹੀ) ਅਨੁਵਾਦ ਤੇ ਭਾਵ ਅਰਥ ਸਪੱਸ਼ਟ ਕਰਦਾ ਹਾਂ। ਮੰਤਰ 17 ਵਿੱਚ ਕਿਹਾ ਹੈ ਕਿ ਰਿਸ਼ੀ ਜਾਂ ਸੰਤ ਰੂਪ ਵਿੱਚ ਪ੍ਰਗਟ ਹੋ ਕੇ ਪਰਮਾਤਮਾ ਅਮ੍ਰਿੰਤ ਬਾਣੀ ਆਪਣੇ ਮੁੱਖ ਕਮਲ ਤੋਂ ਬੋਲਦਾ ਹੈ ਅਤੇ ਉਸ ਗਿਆਨ ਨੂੰ ਸਮਝ ਕੇ ਅਨੇਕਾਂ ਅਨੁਯਾਈਆਂ ਦਾ ਸਮੂਹ ਬਣ ਜਾਂਦਾ ਹੈ। (ਯ) ਜੋ ਬਾਣੀ ਪਰਮਾਤਮਾ ਤੱਤਵ ਗਿਆਨ ਨੂੰ ਸਣਾਉਂਦਾ ਹੈ। ਉਹ (ਰਿਸ਼ੀਕ੍ਰਿਤ) ਰਿਸ਼ੀ ਰੂਪ ਵਿੱਚ ਪ੍ਰਗਟ ਹੋ ਕੇ ਪਰਮਾਤਮਾ ਕ੍ਰਿਤ (ਸਹਸਤ੍ਰਣੀਯ:) ਹਜ਼ਾਰਾਂ ਬਾਣੀਆਂ ਭਾਵ ਕਬੀਰ ਬਾਣੀਆਂ (ਰਿਸ਼ੀਮਨਾ) ਰਿਸ਼ੀ ਸੁਭਾਅ ਵਾਲੇ

ਭਗਤਾਂ ਦੇ ਲਈ (ਸਵਰਸ਼ਾ:) ਆਨੰਦਮਈ ਹੁੰਦੀ ਹੈ। (ਕਵਿਨਾਮ ਪਦਵੀ:) ਕਵੀਤਵ ਤੋਂ ਦੋਹਿਆਂ, ਚੌਪਾਈਆਂ ਵਿੱਚ ਬਾਣੀ ਬੋਲਣ ਦੇ ਕਾਰਨ ਉਹ ਪਰਮਾਤਮਾ ਪ੍ਰਸਿੱਧ ਕਵੀ ਦੀ ਵੀ ਪਦਵੀ ਪ੍ਰਾਪਤ ਕਰਦਾ ਹੈ। ਉਹ (ਸੋਮ) ਅਮਰ ਪ੍ਰਮਾਤਮਾ (ਸਿਵਾਸਾਂਨ) ਸਾਰਿਆਂ ਦੇ ਪਾਲਣ ਦੀ ਇੱਛਾ ਕਰਦਾ ਹੋਇਆ ਪਹਿਲੀ ਸਥਿਤੀ ਵਿੱਚ (ਮਹਿਵ) ਵੱਡੀ ਧਰਤੀ ਅਰਥਾਤ ਉੱਪਰ ਦੇ ਲੋਕਾਂ ਵਿੱਚ (ਤ੍ਰਿਤੀਏ ਧਾਮ) ਤੀਜੇ ਧਾਮ ਅਰਥਾਤ ਸਤਲੋਕ ਦੇ ਤੀਜੇ ਪ੍ਰਸ਼ਠ ਤੇ (ਅਨੁਰਾਜਿਤ) ਤੇਜੋਮਈ ਸ਼ਰੀਰ ਯੁਕਤ (ਸਤੁਪ) ਗੁੰਬਜ ਵਿੱਚ (ਵਿਰਾਜਮ) ਵਿਰਾਜਮਾਨ ਹੈ, ਉੱਥੇ ਬੈਠਾ ਹੈ। ਇਹੀ ਪ੍ਰਮਾਣ ਰਿਗਵੇਦ ਮੰਡਲ 9 ਸੁਕਤ 54 ਮੰਤਰ ਤਿੰਨ ਵਿੱਚ ਹੈ ਕਿ ਪ੍ਰਮਾਤਮਾ ਸਰਵ ਲੋਕਾਂ ਦੇ ਉੱਪਰ ਦੇ ਲੋਕ ਵਿੱਚ ਵਿਰਾਜਮਾਨ ਹੈ ਭਾਵ (ਤਿਸ਼ਠਤੀ) ਬੈਠਾ ਹੈ।

ਵਿਆਖਿਆ:- ਰਿਗਵੇਦ ਮੰਡਲ 9 ਸੁਕਤ 96 ਮੰਤਰ 19 ਦਾ ਵੀ ਆਰੀਆ ਸਮਾਜ ਦੇ ਵਿਦਵਾਨਾਂ ਨੇ ਅਨੁਵਾਦ ਕੀਤਾ ਹੈ। ਇਸ ਵਿੱਚ ਬਹੁਤ ਸਾਰੀਆਂ ਗਲਤੀਆਂ ਹਨ। ਪੁਸਤਕ ਵਿਸਤਾਰ ਦੇ ਕਾਰਣ ਸਿਰਫ ਆਪਣੇ ਮਤਲਬ ਜੀ ਜਾਣਕਾਰੀ ਹਾਸਿਲ ਕਰਦੇ ਹਾਂ।

ਇਸ ਮੰਤਰ ਵਿੱਚ ਚੌਥੇ ਧਾਮ ਦਾ ਵਰਣਨ ਹੈ ਤੁਸੀਂ ਸ੍ਰਿਸ਼ਟੀ ਰਚਨਾ ਵਿੱਚ ਪੜ੍ਹੋਗੇ ਉਸ ਤੋਂ ਪੂਰੀ ਜਾਣਕਾਰੀ ਹੋਵੇਗੀ। ਪੜ੍ਹੋ ਇਸੇ ਕਿਤਾਬ ਦੇ ਪੰਨਾ ਨੰ 107 ਤੇ।

ਪ੍ਰਮਾਤਮਾ ਨੇ ਉੱਪਰ ਦੇ ਚਾਰ ਲੋਕ ਅਜਰੋ ਅਮਰ ਬਣਾਏ ਹਨ। 1. ਅਨਾਮੀ ਲੋਕ ਜੋ ਸਭ ਤੋਂ ਉੱਪਰ ਹੈ 2. ਅਗਮ ਲੋਕ 3. ਅਲਖ ਲੋਕ 4. ਸਤਲੋਕ।

ਅਸੀਂ ਪ੍ਰਿਥਵੀ ਲੋਕ ਤੇ ਹਾਂ ਇਸ ਤੋਂ ਉੱਪਰ ਦੇ ਲੋਕਾਂ ਦੀ ਗਿਣਤੀ ਕਰਾਂਗੇ ਤਾਂ 1. ਸਤਲੋਕ 2. ਅਲਖ ਲੋਕ 3. ਅਗਮ ਲੋਕ 4. ਅਨਾਮੀ ਲੋਕ ਉਸ ਚੌਥੇ ਧਾਮ ਵਿਚ ਬੈਠ ਕੇ ਪ੍ਰਮਾਤਮਾ ਨੇ ਸਾਰੇ ਬ੍ਰਹਿਮੰਡਾਂ ਅਤੇ ਲੋਕਾਂ ਦੀ ਰਚਨਾ ਕੀਤੀ। ਬਾਕੀ ਰਚਨਾ ਸਤਲੋਕ ਵਿੱਚ ਬੈਠ ਕੇ ਕੀਤੀ ਸੀ। ਆਰੀਆ ਸਮਾਜ ਦੇ ਅਨੁਵਾਦਕਾਂ ਨੇ ਤੁਰੀਆ ਪ੍ਰਮਾਤਮਾ ਅਰਥਾਤ ਚੌਥੇ ਪ੍ਰਮਾਤਮਾ ਦਾ ਵਰਨਣ ਕੀਤਾ ਹੈ। ਇਹ ਚੌਥਾ ਧਾਮ ਹੈ ਇਸਦੇ ਮੂਲ ਪਾਠ ਮੰਤਰ 19 ਦਾ ਅਰਥ ਹੈ ਕਿ ਤੱਤਵਦਰਸ਼ੀ ਸੰਤ ਚੌਥੇ ਧਾਮ ਅਤੇ ਚੌਥੇ ਪ੍ਰਮਾਤਮਾ ਦਾ (ਵਿਵਕਿਤ) ਭਿੰਨ-ਭਿੰਨ ਵਰਨਣ ਕਰਦਾ ਹੈ। ਪਾਠਕਜਨ ਕ੍ਰਿਪਾ ਪੜ੍ਹੋ ਸ਼੍ਰਿਸਟੀ ਰਚਨਾ ਇਸੇ ਕਿਤਾਬ ਦੇ ਪੰਨਾ 107 ਤੇ ਜਿਸ ਤੋਂ ਆਪ ਨੂੰ ਗਿਆਨ ਹੋਵੇਗਾ ਕਿ ਲੇਖਕ (ਸੰਤ ਰਾਮਪਾਲ ਦਾਸ) ਹੀ ਉਹ ਤੱਤਵਦਰਸ਼ੀ ਸੰਤ ਹੈ ਜੋ ਤੱਤਵਗਿਆਨ ਨੂੰ ਜਾਣਦਾ ਹੈ।

ਵਿਆਖਿਆ:- ਰਿਗਵੇਦ ਮੰਡਲ 9 ਸੁਕਤ 96 ਮੰਤਰ 20 ਦੀ ਅਸਲੀਅਤ ਜਾਣਦੇ ਹਾਂ:-

ਇਸ ਮੰਤਰ ਦਾ ਅਨੁਵਾਦ ਮਹਾਂਰਿਸ਼ੀ ਦਯਾਨੰਦ ਦੇ ਚੇਲਿਆਂ ਦੁਆਰਾ ਕੀਤਾ ਗਿਆ ਹੈ। ਇਹਨਾਂ ਦਾ ਵਿਚਾਰ ਇਹ ਰਿਹਾ ਹੈ ਕਿ ਪ੍ਰਮਾਤਮਾਂ ਨਿਰਾਕਾਰ ਹੈ ਕਿਉਂਕਿ ਮਹਾਂਰਿਸ਼ੀ ਦਯਾਨੰਦ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਪ੍ਰਮਾਤਮਾ ਨਿਰਾਕਾਰ ਹੈ। ਇਸ ਲਈ ਅਨੁਵਾਦਕ ਨੇ ਸਿੱਧੇ ਮੰਤਰ ਦਾ ਅਨੁਵਾਦ ਘੁਮਾ-ਫਿਰਾ ਕੇ ਕੀਤਾ ਹੈ। ਜਿਸ ਤਰ੍ਹਾਂ ਮੂਲ ਪਾਠ ਵਿੱਚ ਲਿਖਿਆ ਹੈ:-

ਮਰਯਾ ਨਾ ਸਭਰ ਤਨਵਾ ਮਰਿਜਨਾਹ ਆਤਯੇਹ ਨਾਂ ਸਰਤਵਾ ਸਨਯੇ ਧਨਾਨਾਮ ।
ਵਰਸੇਵ ਯੂਥਾਂ ਪਰੀ ਕੋਸਮ ਅਰਸ਼ਨ ਕਾਨੀਕਰਦ ਚਮਵੋਹ ਅਵਾਵੇਸ਼।

ਅਨੁਵਾਦ:- ਜਿਵੇਂ ਮਨੁੱਖ ਸੁੰਦਰ ਕੱਪੜੇ ਪਾਉਂਦਾ ਹੈ, ਉਵੇਂ ਪ੍ਰਮਾਤਮਾ (ਸਭਰ ਤਨਵਾ) ਸੁੰਦਰ ਸ਼ਰੀਰ (ਮਰਿਜਨਾਹ) ਧਾਰਨ ਕਰਕੇ (ਆਤਯੇਹ) ਬੜੀ ਤੇਜੀ ਨਾਲ ਚਲਦਾ ਹੋਇਆ (ਸਨਏ ਧਨਾਨਾਮ) ਭਗਤੀ ਦੇ ਧਨੀਆਂ ਨੂੰ ਅਰਥਾਤ ਪੁੰਨ ਆਤਮਾਵਾਂ ਨੂੰ (ਸਨਏ) ਪ੍ਰਾਪਤੀ ਦੇ ਲਈ ਆਉਂਦਾ ਹੈ (ਵਰਸੇਵ ਯੂਥਾਂ) ਜਿਸ ਤਰ੍ਹਾਂ ਇੱਕ ਸਮੂਹ ਨੂੰ ਉਸਦਾ ਸੈਨਾਪਤੀ ਪ੍ਰਾਪਤ ਹੁੰਦਾ

ਹੈ। ਇਸ ਤਰ੍ਹਾਂ ਉਹ ਪ੍ਰਮਾਤਮਾ ਸੰਤ ਅਤੇ ਰਿਸ਼ੀ ਰੂਪ ਵਿੱਚ ਪ੍ਰਗਟ ਹੁੰਦਾ ਹੈ ਤਾਂ ਉਸਦੇ ਬਹੁਤ ਜ਼ਿਆਦਾ ਸ਼ਿਸ਼ ਬਣ ਜਾਂਦੇ ਹਨ ਅਤੇ ਪ੍ਰਮਾਤਮਾ ਉਹਨਾਂ ਦਾ ਗੁਰੂ ਰੂਪ ਵਿੱਚ ਮੁਖੀਆ ਹੁੰਦਾ ਹੈ। ਉਹ ਪ੍ਰਮਾਤਮਾ (ਕੌਸ਼ਮ) ਅਰਥਾਤ (ਪਰੀ ਕੋਸ਼ਮ) ਪਹਿਲੇ ਬ੍ਰਹਿਮੰਡ ਵਿੱਚ (ਅਰਸ਼ਨ) ਪ੍ਰਾਪਤ ਹੋ ਕੇ ਅਰਥਾਤ ਆ ਕੇ (ਕਨਿਕਰਦਤ) ਉੱਚੇ ਬੋਲ ਵਿੱਚ ਸਤਗਿਆਨ ਉਚਾਰਣ ਕਰਦਾ ਹੋਇਆ (ਚਮਵੈ) ਧਰਤੀ ਦੇ ਹਿੱਸੇ ਵਿੱਚ (ਅਵਿਵੇਸ਼) ਦਰਜ਼ ਹੁੰਦਾ ਹੈ।

ਭਾਵਅਰਥ:- ਜਿਸ ਤਰ੍ਹਾਂ ਪਿਛਲੇ ਸਮੇਂ ਵਿੱਚ ਵੇਦ ਮੰਤਰਾਂ ਵਿੱਚ ਕਿਹਾ ਹੈ, ਕਿ ਪ੍ਰਮਾਤਮਾ ਉੱਪਰ ਦੇ ਲੋਕ ਵਿੱਚ ਰਹਿੰਦਾ ਹੈ, ਉੱਥੋਂ ਚੱਲ ਕੇ ਧਰਤੀ ਤੇ ਆਉਂਦਾ ਹੈ, ਆਪਣੇ ਰੂਪ ਨੂੰ ਅਰਥਾਤ ਸਰੀਰ ਤੇਜ਼ ਨੂੰ ਸਰਲ ਕਰਕੇ ਆਉਂਦਾ ਹੈ। ਇਸ ਰਿਗਵੇਦ ਮੰਡਲ 9 ਸੁਕਤ 96 ਮੰਤਰ 20 ਵਿੱਚ ਉਸਦੀ ਪੁਸ਼ਟੀ ਕੀਤੀ ਹੈ। ਕਿਹਾ ਹੈ ਕਿ ਪ੍ਰਮਾਤਮਾ ਇਸ ਤਰ੍ਹਾਂ ਦੇ ਹੋਰ ਸਰੀਰ ਧਾਰ ਕੇ ਧਰਤੀ ਤੇ ਆਉਂਦਾ ਹੈ। ਜਿਸ ਤਰ੍ਹਾਂ ਮਨੁੱਖ ਕੱਪੜੇ ਪਾਉਂਦਾ ਹੈ ਅਤੇ (ਧਨਾਨਾਂਮ) ਪੱਕੇ ਭਗਤਾਂ (ਚੰਗੀਆਂ ਪੁੰਨਆਤਮਾਵਾਂ) ਨੂੰ ਪ੍ਰਾਪਤ ਹੁੰਦਾ ਹੈ, ਉਹਨਾਂ ਨੂੰ ਬਾਣੀ ਉਚਾਰਣ ਕਰਕੇ ਤੱਤਵਗਿਆਨ ਸੁਣਾਉਂਦਾ ਹੈ।

ਪ੍ਰਮਾਣ:- (ਰਿਗਵੇਦ ਮੰਡਲ 9 ਸੁਕਤ 95 ਮੰਤਰ 2)

हरिः सृजानः पथ्यांमृतस्येयंर्ति वाचंमरितेव नावम् ।
देवो देवानां गुह्यांनि नामाविष्कृणोति बर्हिषिं प्रवाचे ॥२॥

पदार्थः—( हरिः ) वह पूर्वोक्त परमात्मा ( सृजानः ) साक्षात्कार को प्राप्त हुआ ( ऋतस्य पथ्यां ) वाक् द्वारा मुक्ति मार्ग की ( इर्यति ) प्रेरणा करता है। ( अरितेव नावम् ) जैसा कि नौका के पार लगाने के समय में नाविक प्रेरणा करता है और ( देवानां देवः ) सब देवों का देव ( गुह्यानि ) गुप्त ( नामाविष्कृणोति ) संज्ञाओं को प्रकट करता है ( बर्हिषि प्रवाचे ) वाणीरूप यज्ञ के लिए ॥२॥

ਰਿਗਵੇਦ ਮੰਡਲ 9 ਸੁਕਤ 95 ਮੰਤਰ 2 ਦਾ ਅਨੁਵਾਦ ਮਹਰਿਸ਼ੀ ਦਯਾਨੰਦ ਦੇ ਚੇਲਿਆਂ ਨੇ ਕੀਤਾ ਹੈ ਜੋ ਬਹੁਤਾ ਠੀਕ ਹੈ।

ਇਸ ਦਾ ਭਾਵਅਰਥ ਹੈ ਕਿ ਉਪਰੋਕਤ ਪ੍ਰਮਾਤਮਾ ਅਰਥਾਤ ਜਿਸ ਪ੍ਰਮਾਤਮਾ ਦੇ ਬਾਰੇ ਵਿੱਚ ਪਹਿਲਾਂ ਉੱਪਰ ਕਿਹਾ ਗਿਆ ਹੈ, ਉਹ (ਸਿਰਜਣ:) ਆਪਣਾ ਸਰੀਰ ਧਾਰ ਕਰਕੇ (ਰਿਤਸਜ੍ ਪਸਯਾਮ) ਸਤਭਗਤੀ ਦਾ ਰਸਤਾ ਭਾਵ ਯਥਾਰਥ ਅਧਿਆਤਮਿਕ ਗਿਆਨ ਆਪਣੀ ਅੰਮ੍ਰਿਤਮਈ ਵਾਕ ਭਾਵ ਅੰਮ੍ਰਿਤਮਈ ਬਾਣੀ ਦੁਆਰਾ ਮੁਕਤੀ ਮਾਰਗ ਦੀ ਪ੍ਰੇਰਣਾ ਕਰਦਾ ਹੈ।

ਉਹ ਮੰਤਰ ਇਸ ਤਰ੍ਹਾਂ ਹੈ ਜਿਵੇਂ (ਅਤੀਤੇਵ ਨਾਵਮ) ਮਲਾਹ ਕਿਸ਼ਤੀ ਵਿੱਚ ਬੈਠਾ ਕੇ ਪਾਰ ਕਰ ਦਿੰਦਾ ਹੈ ਇਸੇ ਤਰ੍ਹਾਂ ਪ੍ਰਮਾਤਮਾਂ ਦਾ ਸਤ ਭਗਤੀ ਮਾਰਗ ਸਾਧਕ ਨੂੰ ਸੰਸਾਰ ਰੂਪੀ ਦਰਿਆ ਤੋਂ ਪਾਰ ਕਰਦਾ ਹੈ। ਉਹ (ਦੇਵਾਨਾਮ ਦੇਵ:) ਸਾਰੇ ਦੇਵਤਿਆਂ ਦਾ ਦੇਵਤਾ ਭਾਵ ਸਾਰੇ ਪ੍ਰਭੂਆਂ ਦਾ ਪ੍ਰਭੂ ਪ੍ਰਮੇਸ਼ਵਰ (ਵਾਰਿਸ਼ੀ ਪ੍ਰਵਾਚੇ) ਬਾਣੀ ਰੂਪੀ ਯੱਗ ਦੇ ਲਈ (ਗੁਹਾਨੀ) ਗੁਪਤ (ਨਾਮਾ ਅਵਿਸ਼ਕੁਰੋਨਤੇ) ਨਾਵਾਂ ਦੀ ਖ਼ੋਜ ਕਰਦਾ ਹੈ ਭਾਵ ਜਿਸ ਤਰ੍ਹਾਂ ਗੀਤਾ ਅਧਿਆਇ 17 ਦੇ ਸ਼ਲੋਕ 23 ਵਿੱਚ "ਓਮ, ਤਤ, ਸਤ" ਦੇ ਗੁਪਤ ਮੰਤਰ ਹਨ, ਜੋ ਉਸੀ ਪ੍ਰਮੇਸ਼ਵਰ ਨੇ ਮੈਨੂੰ (ਸੰਤ ਰਾਮਪਾਲ ਦਾਸ) ਨੂੰ ਦੱਸੇ ਹਨ।ਉਨ੍ਹਾਂ ਨਾਲ ਹੀ ਪੂਰਨ ਕਲਿਆਣ ਸੰਭਵ ਹੈ।

ਸੂਕਸ਼ਮ ਵੇਦ ਵਿੱਚ ਪ੍ਰਮਾਤਮਾ ਨੇ ਕਿਹਾ ਹੈ ਕਿ:-

"ਸੋਹੰ' ਸ਼ਬਦ ਹਮ ਜੱਗ ਮੇ ਲਾਏ, ਸਾਰ ਸ਼ਬਦ ਹਮ ਗੁਪਤ ਛੁਪਾਏ।

ਭਾਵਅਰਥ:- ਪ੍ਰਮਾਤਮਾ ਨੇ ਖ਼ੁਦ "ਸੋਹੰ" ਸ਼ਬਦ ਭਗਤੀ ਦੇ ਲਈ ਕਿਹਾ ਹੈ। ਇਹ ਸੋਹੰ ਮੰਤਰ ਕਿਸੇ ਵੀ ਪ੍ਰਾਚੀਨ ਗ੍ਰੰਥ (ਵੇਦ, ਗੀਤਾ, ਕੁਰਾਨ, ਪੁਰਾਣ ਅਤੇ ਬਾਈਬਲ) ਵਿੱਚ ਨਹੀਂ ਹੈ। ਫਿਰ ਸੂਕਸ਼ਮ ਵੇਦ ਵਿੱਚ ਕਿਹਾ ਹੈ ਕਿ:-

"ਸੋਹੰ" ਊਪਰ ਔਰ ਹੈ, ਸਤਿ ਸੁਕ੍ਰਿਤ ਏਕ ਨਾਮ ।
ਸਭ ਹੰਸੋਂ ਕਾ ਜਹਾਂ ਵਾਸ ਹੈ ਬਸਤੀ ਹੈ ਬਿਨ ਠਾਮ॥

ਭਾਵਅਰਥ:- ਸੋਹੰ ਨਾਮ ਤਾਂ ਪਰਮਾਤਮਾ ਨੇ ਪ੍ਰਗਟ ਕਰ ਦਿੱਤਾ, ਆਵਿਸ਼ਕਾਰ ਕਰ ਦਿੱਤਾ ਪਰੰਤੂ ਸਾਰ ਸ਼ਬਦ ਤਾਂ ਗੁਪਤ ਰੱਖਿਆ ਸੀ। ਹੁਣ ਮੈਨੂੰ (ਲੇਖਕ ਸੰਤ ਰਾਮਪਾਲ ਨੂੰ) ਦੱਸਿਆ ਹੈ ਜੋ ਸਾਧਕਾਂ ਨੂੰ ਦੀਕਸ਼ਾ ਦੇ ਸਮੇਂ ਦੱਸਿਆ ਜਾਂਦਾ ਹੈ। ਇਸ ਦਾ ਗੀਤਾ ਅਧਿਆਇ 17 ਸ਼ਲੋਕ 23 ਵਿੱਚ ਕਹੇ ਗਏ "ਓਮ ਤਤ੍ ਸਤ੍" ਨਾਲ ਸੰਬੰਧ ਹੈ।

(ਪ੍ਰਮਾਣ ਰਿਗਵੇਦ ਮੰਡਲ ਨੰ. 9 ਸੁਕਤ 94 ਮੰਤਰ 1)

अधि यदस्मिन्वाजिनीव शुभः स्पर्धन्ते धियः सूर्ये न विशः ।
अपो वृणानः पवते कवीयन्व्रजं न पशुवर्धनाय मन्म ॥१॥

**पदार्थः**—( **सूर्य्ये** ) सूर्य के विषय में ( **न** ) जैसे ( **विशः** ) रश्मियां प्रकाशित करती हैं । उसी प्रकार ( **धियः** ) मनुष्यों की बुद्धियें ( **स्पर्धन्ते** ) अपनी-अपनी उत्कट शक्ति से विषय करती हैं । ( **अस्मिन् अधि** ) जिस परमात्मा में ( **वाजिनीव** ) सर्वोपरि बलों के समान ( **शुभः** ) शुभ बल है वह परमात्मा ( **अपोवृणानः** ) कर्मों का अध्यक्ष होता हुआ ( **पवते** ) सबको पवित्र करता हैं । ( **कवीयन्** ) कवियों की तरह आचरण करता हुआ ( **पशुवर्धनाय** ) सर्वद्रष्टृत्व पद के लिए ( **व्रजं, न** ) इन्द्रियों के अधिकरण मन के समान 'व्रजन्ति इन्द्रियाणि यस्मिन् तद्व्रजम्' ( **मन्म** ) जो अधिकरणरूप है वही श्रेय का धाम है ॥१॥

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 94 ਮੰਤਰ 1 ਦਾ ਅਨੁਵਾਦ ਵੀ ਆਰੀਆ ਸਮਾਜ ਦੇ ਵਿਦਵਾਨਾਂ ਦੁਆਰਾ ਕੀਤਾ ਗਿਆ ਹੈ।

ਵਿਵੇਚਨ :- ਪੁਸਤਕ ਵਿਸਤਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੇ ਹੀ ਅਨੁਵਾਦ ਤੋਂ ਆਪਣਾ ਮੱਤ ਸਿੱਧ ਕਰਦੇ ਹਾਂ। ਜਿਵੇਂ ਪਹਿਲਾਂ ਲਿਖੇ ਵੇਦ ਮੰਤਰਾਂ ਵਿੱਚ ਦੱਸਿਆ ਗਿਆ ਹੈ ਕਿ ਪਰਮਾਤਮਾ ਆਪਣੇ ਮੁੱਖ ਕਮਲ ਤੋਂ ਬਾਣੀ ਉਚਾਰਣ ਕਰਕੇ ਤੱਤਵ ਗਿਆਨ ਬੋਲਦਾ ਹੈ, ਅਖਾਉਤਾਂ ਦੇ ਮਾਧਿਅਮ ਤੋਂ, ਕਵੀਤਵ ਦੇ ਦੋਹਿਆਂ, ਸ਼ਬਦਾਂ, ਸਾਖੀਆਂ, ਚੌਪਾਈਆਂ ਦੇ ਦੁਆਰਾ ਬੋਲਣ ਤੋਂ ਪ੍ਰਸਿੱਧ ਕਵੀਆਂ ਵਿੱਚੋਂ ਵੀ ਇੱਕ ਕਵੀ ਦੀ ਉਪਾਧੀ ਪ੍ਰਾਪਤ ਕਰਦਾ ਹੈ। ਉਸ ਦਾ ਨਾਮ ਕਵਿਰ ਦੇਵ ਭਾਵ ਕਬੀਰ ਸਾਹਿਬ ਹੈ।

ਇਸ ਰਿਗਵੇਦ ਮੰਡਲ 9 ਸੁਕਤ 94 ਮੰਤਰ 1 ਵਿੱਚ ਵੀ ਇਹੀ ਕਿਹਾ ਹੈ ਕਿ ਜੋ ਸਰਵ ਸ਼ਕਤੀਮਾਨ ਪਰਮੇਸ਼ਵਰ ਹੈ, ਉਹ (ਕਵਿਯਨ੍ ਵ੍ਰਜਮ੍ ਨ) ਕਵੀਆਂ ਦੀ ਤਰ੍ਹਾਂ ਆਚਰਣ ਕਰਦਾ ਹੋਇਆ ਪ੍ਰਿਥਵੀ (ਧਰਤੀ) ਉੱਪਰ ਵਿਚਰਣ ਕਰਦਾ ਹੈ।

(ਪ੍ਰਮਾਣ ਰਿਗਵੇਦ ਮੰਡਲ 9 ਸੁਕਤ 20 ਮੰਤਰ 1)

प्र कविर्देववीतयेऽव्यो वारेभिरर्षति ।
साह्वान्विश्वा अभि स्पृधः ॥१॥

पदार्थः—वह परमात्मा ( **कविः** ) मेधावी है और ( **अव्यः** ) सबका रक्षक है ( **देववीतये** ) विद्वानों की तृप्ति के लिये ( **अर्षति** ) ज्ञान देता है ( **साह्वान्** ) सहनशील है ( **विश्वाः, स्पृधः** ) सम्पूर्ण दुष्टों को संग्रामों में ( **अभि** ) तिरस्कृत करता है ॥१॥

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 20 ਮੰਤਰ 1 ਦਾ ਅਨੁਵਾਦ ਵੀ ਆਰੀਆ ਸਮਾਜ ਦੇ ਵਿਦਵਾਨਾਂ ਨੇ ਕੀਤਾ ਹੈ। ਇਸ ਦਾ ਅਨੁਵਾਦ ਸਹੀ ਘੱਟ, ਗਲਤ ਜ਼ਿਆਦਾ ਹੈ। ਇਸ ਵਿੱਚ ਮੂਲ ਪਾਠ ਵਿੱਚ ਲਿਖਿਆ ਹੈ:-

"ਪ੍ਰ ਕਵਿਰਦੇਵ ਵੀਤਯੇ ਅਵਯ: ਵਾਰੇਭਿ: ਅਸ਼ਰਿਤ ਸਾਹਨਾਨ੍ ਬਿਸ਼ਵਾ: ਅਭਿ ਸਪਰਿਸਧ:"

ਸਰਲ ਅਰਥ:- (ਪ੍ਰ) ਵੇਦ ਗਿਆਨ ਦਾਤਾ ਤੋਂ ਜੋ ਦੂਸਰਾ (ਕਵਿਰਦੇਵ) ਕਵਿਰਦੇਵ ਕਬੀਰ ਪਰਮੇਸ਼ਵਰ ਹੈ, ਉਹ ਵਿਦਵਾਨਾਂ ਭਾਵ ਜਿਗਿਆਸੂਆਂ ਨੂੰ, (ਵੀਤਯੇ) ਗਿਆਨ ਧਨ ਦੀ ਪ੍ਰਾਪਤੀ ਦੇ ਲਈ (ਵਾਰੇਭਿ:) ਸ਼੍ਰੇਸ਼ਟ ਆਤਮਾਵਾਂ ਨੂੰ (ਅਸ਼ਰਿਤ) ਗਿਆਨ ਦਿੰਦਾ ਹੈ। ਉਹ (ਅਵਯ:) ਅਵਿਨਾਸ਼ੀ ਹੈ, ਰੱਖਿਅਕ ਹੈ, (ਸਾਹਨਾਨ੍) ਸਹਿਣਸ਼ੀਲ (ਵਿਸ਼ਵਾ:) ਤੱਤਵ ਗਿਆਨਹੀਣ ਸਾਰੇ ਦੁਸ਼ਟਾਂ ਨੂੰ (ਸਪਰਿਧ:) ਅਧਿਆਤਮ ਗਿਆਨ ਦੀ ਕ੍ਰਿਪਾ ਸਪਰਿਧਾ ਭਾਵ ਗਿਆਨ ਗੋਸ਼ਟੀ ਰੂਪੀ ਵਾਕ੍ ਯੁੱਧ ਵਿੱਚ (ਅਭਿ) ਪੂਰਣ ਰੂਪ ਤੋਂ ਤਿਰਸਕ੍ਰਿਤ ਕਰਦਾ ਹੈ (ਹਰਾਉਂਦਾ ਹੈ), ਉਨ੍ਹਾਂ ਨੂੰ ਫਿੱਟੇ ਮੂੰਹ ਕਰ ਦਿੰਦਾ ਹੈ।

ਵਿਸ਼ੇਸ਼:- (ਕ) ਇਸ ਮੰਤਰ ਦੇ ਅਨੁਵਾਦ ਵਿੱਚ ਤੁਸੀਂ ਫੋਟੋਕਾਪੀ ਵਿੱਚ ਦੇਖੋਗੇ ਤਾਂ ਪਤਾ ਚੱਲੇਗਾ ਕਿ ਕਈ ਸ਼ਬਦਾਂ ਦੇ ਅਰਥ ਆਰੀਆ ਵਿਦਵਾਨਾਂ ਨੇ ਛੱਡ ਰੱਖੇ ਹਨ ਜਿਵੇਂ = "ਪ੍ਰ" "ਵਾਰੇਭਿ:" ਜਿਸ ਕਾਰਨ ਵੇਦਾਂ ਦਾ ਯਥਾਰਥ (ਸਹੀ) ਅਰਥ ਸਾਹਮਣੇ ਨਹੀਂ ਆ ਸਕਿਆ।

(ਖ) ਮੇਰੇ ਅਨੁਵਾਦ ਤੋਂ ਸਪੱਸ਼ਟ ਹੈ ਕਿ ਉਹ ਪਰਮਾਤਮਾ ਚੰਗੀਆਂ ਆਤਮਾਵਾਂ (ਦ੍ਰਿੜ੍ਹ ਭਗਤਾਂ) ਨੂੰ ਗਿਆਨ ਦਿੰਦਾ ਹੈ, ਉਸ ਦਾ ਨਾਮ ਵੀ ਲਿਖਿਆ ਹੈ "ਕਵਿਰ ਦੇਵ", ਅਸੀਂ ਕਬੀਰ ਪਰਮੇਸ਼ਵਰ ਕਹਿੰਦੇ ਹਾਂ।

(ਪ੍ਰਮਾਣ ਰਿਗਵੇਦ ਮੰਡਲ ਨੰ. 9 ਸੁਕਤ 54 ਮੰਤਰ 3)

अयं विश्वानि तिष्ठति पुनानो भुवनोपरि ।
सोमो देवो न सूर्यः ॥३॥

पदार्थः—( सूर्यः, न ) सूर्य के समान जगत्प्रेरक ( अयम् ) यह परमात्मा ( सोमः, देवः ) सौम्य स्वभाव वाला और जगत्प्रकाशक है और (विश्वानि, पुनानः) सब लोकों को पवित्र करता हुआ ( भुवनोपरि, तिष्ठति ) सम्पूर्ण ब्रह्माण्डों के ऊर्ध्व भाग में भी वर्तमान है ॥३॥

ਵਿਵੇਚਨ:- ਰਿਗਵੇਦ ਮੰਡਲ 9 ਸੁਕਤ 54 ਮੰਤਰ 3 ਦੀ ਫੋਟੋਕਾਪੀ ਵਿੱਚ ਤੁਸੀਂ ਦੇਖੋ, ਇਸ ਦਾ ਅਨੁਵਾਦ ਆਰੀਆ ਸਮਾਜ ਦੇ ਵਿਦਵਾਨਾਂ ਨੇ ਕੀਤਾ ਹੈ। ਉਨ੍ਹਾਂ ਦੇ ਅਨੁਵਾਦ ਵਿੱਚ ਵੀ ਸਪੱਸ਼ਟ ਹੈ ਕਿ ਉਹ ਪਰਮਾਤਮਾ (ਭੁਵਨੋਪਰਿ) ਸੰਪੂਰਣ ਬ੍ਰਹਿਮੰਡਾਂ ਦੇ ਊਰਧਵ ਭਾਵ ਉੱਪਰ (ਤਿਸ਼ਠਤਿ) ਵਿਰਾਜਮਾਨ ਹੈ, ਉੱਪਰ ਬੈਠਾ ਹੈ:-

ਇਸ ਦਾ ਸਹੀ ਅਨੁਵਾਦ ਇਸ ਪ੍ਰਕਾਰ ਹੈ :-

(ਅਯੰ) ਇਹ (ਸੋਮ: ਦੇਵ) ਅਮਰ ਪਰਮੇਸ਼ਵਰ (ਸੂਰਯ:) ਸੂਰਜ ਦੇ (ਨ) ਸਮਾਨ (ਵਿਸ਼ਵਾਨਿ) ਸਭ ਨੂੰ (ਪੁਨਾਨ:) ਪਵਿੱਤਰ ਕਰਦਾ ਹੋਇਆ (ਭੁਵਨੋਪਰਿ) ਸਭ ਬ੍ਰਹਿਮੰਡਾਂ ਦੇ ਊਰਧਵ ਭਾਵ ਉੱਪਰ (ਤਿਸ਼ਠਤਿ) ਬੈਠਿਆ ਹੈ।

ਭਾਵ ਅਰਥ:- ਜਿਵੇਂ ਸੂਰਜ ਉੱਪਰ ਹੈ ਅਤੇ ਆਪਣੇ ਪ੍ਰਕਾਸ਼ ਅਤੇ ਊਸ਼ਣਤਾ (ਤਪਿਸ਼) ਤੋਂ ਸਭ ਨੂੰ ਲਾਭ ਦੇ ਰਿਹਾ ਹੈ। ਇਸੀ ਪ੍ਰਕਾਰ ਇਹ ਅਮਰ ਪਰਮੇਸ਼ਵਰ ਜਿਸ ਦਾ ਉੱਪਰ ਦੇ ਮੰਤਰਾਂ ਵਿੱਚ ਵਰਣਨ ਕੀਤਾ ਹੈ। ਸਾਰੇ ਬ੍ਰਹਿਮੰਡਾਂ ਦੇ ਉੱਪਰ ਬੈਠ ਕੇ ਆਪਣੀ ਨਿਰਾਕਾਰ ਸ਼ਕਤੀ ਤੋਂ ਸਾਰੇ ਪ੍ਰਾਣੀਆਂ ਨੂੰ ਲਾਭ ਦੇ ਰਿਹਾ ਹੈ ਅਤੇ ਸਾਰੇ ਬ੍ਰਹਿਮੰਡਾਂ ਦਾ ਸੰਚਾਲਨ ਕਰ ਰਿਹਾ ਹੈ।

ਦਲੀਲ:- ਮਹਰਿਸ਼ੀ ਦਯਾਨੰਦ ਅਰਥਾਤ ਆਰੀਆ ਸਮਾਜ ਵਾਲਿਆਂ ਦੀ ਰਾਏ ਹੈ ਕਿ ਪ੍ਰਮਾਤਮਾ ਕਿਸੇ ਇੱਕ ਸਥਾਨ ਤੇ ਕਿਸੇ ਵਿਸ਼ੇਸ਼ ਲੋਕ ਵਿੱਚ ਨਹੀਂ ਰਹਿੰਦਾ। ਪ੍ਰਮਾਣ:- ਸਤਿਆਰਥ ਪ੍ਰਕਾਸ਼ ਸੰਮੁਲਾਸ (**Chapter**) ਨੰ:- 7 ਪੰਨਾਂ ਨੰ 148 ਤੇ (ਆਰੀਆ ਸਾਹਿਤ ਪ੍ਰਚਾਰ ਟਰੱਸਟ 427 ਗਲੀ ਮੰਦਿਰ ਵਾਲੀ ਨਵਾਂ ਬਾਂਸ ਦਿੱਲ੍ਹੀ- 78 ਵਾਂ ਸੰਸਕਰਣ)

ਕਿਸੇ ਨੇ ਪ੍ਰਸ਼ਨ ਕੀਤਾ:- ਕੀ ਪ੍ਰਮਾਤਮਾ ਵਿਆਪਕ ਹੈ ਜਾਂ ਕਿਸੇ ਵਿਸ਼ੇਸ਼ ਦੇਸ਼ ਵਿੱਚ ਰਹਿੰਦਾ ਹੈ?

ਉੱਤਰ (ਮਹਰਿਸ਼ੀ ਦਯਾਨੰਦ ਜੀ ਦਾ):- ਵਿਆਪਕ ਹੈ ਕਿਉਂਕਿ ਜੋ ਇੱਕ ਦੇਸ਼ ਵਿੱਚ ਰਹਿੰਦਾ ਤਾਂ ਉਹ ਸਾਰੇ ਅੰਤਰਯਾਮੀ, ਸ੍ਰਵੱਗ, ਸਰਵਸ਼ਕਤੀਮਾਨ, ਸਭ ਦਾ ਸਿਰਜਣਹਾਰ ਅਤੇ ਵਿਨਾਸ਼ਕਰਤਾ ਨਹੀਂ ਹੋ ਸਕਦਾ। ਕਿਸੇ ਅਣਚਾਹੇ ਦੇਸ਼ ਵਿੱਚ ਕਰਤਾ ਦਾ ਕੰਮ ਕਰਨਾ ਅਸੰਭਵ ਹੈ। (ਸਤਿਆਰਥ ਪ੍ਰਕਾਸ਼ ਤੋਂ ਲੇਖ ਸਮਾਪਤ)

ਮਹਰਿਸ਼ੀ ਦਯਾਨੰਦ ਨਹੀਂ ਮੰਨਦੇ ਸਨ ਕਿ ਪ੍ਰਮਾਤਮਾ ਕਿਸੇ ਦੇਸ਼ ਭਾਵ ਵਿਸ਼ੇਸ਼ ਸਥਾਨ ਤੇ ਰਹਿੰਦਾ ਹੈ। ਮਹਰਿਸ਼ੀ ਦਯਾਨੰਦ ਵੇਦ ਗਿਆਨ ਨੂੰ ਸੱਚ ਮੰਨਦੇ ਸਨ। ਆਪ ਜੀ ਨੇ ਉੱਪਰ

ਅਨੇਕਾਂ ਵੇਦ ਮੰਤਰਾਂ ਵਿੱਚ ਆਪਣੀਆਂ ਅੱਖਾਂ ਨਾਲ ਪੜ੍ਹਿਆ ਕਿ ਪ੍ਰਮਾਤਮਾ ਉੱਪਰ ਇੱਕ ਸਥਾਨ ਤੇ ਰਹਿੰਦਾ ਹੈ। ਉਥੋਂ ਗਤੀ ਕਰਕੇ ਚੱਲ ਕੇ ਇੱਥੇ ਵੀ ਪ੍ਰਗਟ ਹੁੰਦਾ ਹੈ। ਮਹਰਿਸ਼ੀ ਦਯਾਨੰਦ ਅਤੇ ਆਰੀਆ ਸਮਾਜੀ ਪ੍ਰਮਾਤਮਾ ਨੂੰ ਨਿਰਾਕਾਰ ਮੰਨਦੇ ਹਨ।

ਪ੍ਰਮਾਣ:- ਸਤਿਆਰਥ ਪ੍ਰਕਾਸ਼ ਦੇ ਸਮੁੱਲਾਸ ਨੰ. 9 ਪੰਨਾਂ ਨੰ. 176, ਸੰਮੁਲਾਸ ਨੰ. 7 ਪੰਨਾਂ ਨੰ. 149 ਸੰਮੁਲਾਸ ਨੰ. 11 ਪੰਨਾ ਨੰ. 251 ਤੇ ਕਿਹਾ ਹੈ ਕਿ ਪ੍ਰਮਾਤਮਾ ਨਿਰਾਕਾਰ ਹੈ। ਪਿਆਰੇ ਪਾਠਕਾਂ ਨੇ ਅਨੇਕਾਂ ਵੇਦ ਮੰਤਰਾਂ ਵਿੱਚ ਪੜ੍ਹਿਆ ਕਿ ਪ੍ਰਮਾਤਮਾ ਸਾਕਾਰ ਹੈ, ਉਹ ਮਨੁੱਖ ਜਿਹਾ ਹੈ। ਉੱਪਰ ਦੇ ਲੋਕ ਵਿੱਚ ਰਹਿੰਦਾ ਹੈ, ਉੱਥੋਂ ਗਤੀ ਕਰਕੇ ਚੱਲ ਕੇ ਆਉਂਦਾ ਹੈ, ਪ੍ਰਗਟ ਹੁੰਦਾ ਹੈ। ਚੰਗੀਆਂ ਆਤਮਾਵਾਂ ਜੋ ਦ੍ਰਿੜ੍ਹ ਭਗਤ ਹੁੰਦੇ ਹਨ, ਉਨ੍ਹਾਂ ਨੂੰ ਮਿਲਦਾ ਹੈ। ਉਨ੍ਹਾਂ ਨੂੰ ਤੱਤਵਗਿਆਨ ਆਪਣੇ ਮੁੱਖ ਤੋਂ ਬੋਲ ਕੇ ਸੁਣਾਉਂਦਾ ਹੈ, ਕਵੀਆਂ ਦੀ ਤਰ੍ਹਾਂ ਵਿਵਹਾਰ ਕਰਦਾ ਹੈ। ਪ੍ਰਿਥਵੀ ਤੇ ਵਿਚਰਣ ਕਰਕੇ ਅਧਿਆਤਮ ਗਿਆਨ ਉੱਚੇ ਆਵਾਜ਼ ਵਿੱਚ ਬੋਲ ਕੇ ਸੁਣਾਉਂਦਾ ਹੈ।

ਗੀਤਾ ਅਧਿਆਇ 4 ਸ਼ਲੋਕ 32 ਵਿੱਚ ਵੀ ਇਹ ਹੀ ਪ੍ਰਮਾਣ ਹੈ।

ਪਿਆਰੇ ਪਾਠਕਜਨੋ! ਤੁਸੀਂ ਆਪ ਫ਼ੈਸਲਾ ਕਰੋ ਕਿਸ ਨੂੰ ਕਿੰਨਾਂ ਅਧਿਆਤਮ ਗਿਆਨ ਸੀ।

ਵਿਸ਼ੇਸ਼:- ਹੈਰਾਨੀ ਇਹ ਹੈ ਕਿ ਵੇਦ ਮੰਤਰਾਂ ਦਾ ਅਨੁਵਾਦ ਵੀ ਮਹਰਿਸ਼ੀ ਦਯਾਨੰਦ ਜੀ ਅਤੇ ਉਨ੍ਹਾਂ ਦੇ ਚੇਲੇ ਆਰੀਆ ਸਮਾਜੀਆਂ ਨੇ ਕੀਤਾ ਹੋਇਆ ਹੈ। ਜਿਸ ਵਿੱਚ ਉਨ੍ਹਾਂ ਦੀ ਰਾਇ ਦਾ ਵਿਰੋਧ ਕੀਤਾ ਹੈ।

ਬੇਨਤੀ:- ਵੇਦ ਮੰਤਰਾਂ ਦੀਆਂ ਫੋਟੋਕਾਪੀਆਂ ਲਗਾਉਣ ਦਾ ਉਦੇਸ਼ ਇਹ ਹੈ ਕਿ ਜੇਕਰ ਮੈਂ (ਲੇਖਕ) ਅਨੁਵਾਦ ਕਰਕੇ ਪੁਸਤਕ ਵਿੱਚ ਲਗਾਉਂਦਾ ਤਾਂ ਹੋਰ ਵਿਅਕਤੀ ਇਹ ਕਹਿ ਦਿੰਦੇ ਕਿ ਸੰਤ ਰਾਮਪਾਲ ਜੀ ਮਹਾਰਾਜ ਨੂੰ ਸੰਸਕ੍ਰਿਤ ਦਾ ਗਿਆਨ ਨਹੀਂ ਹੈ। ਇਸ ਲਈ ਇਨ੍ਹਾਂ ਦੇ ਅਨੁਵਾਦ ਦਾ ਵਿਸਵਾਸ਼ ਨਹੀਂ ਕੀਤਾ ਜਾ ਸਕਦਾ। ਹੁਣ ਇਹ ਸ਼ੰਕਾ ਉਤਪੰਨ ਨਹੀਂ ਹੋ ਸਕਦੀ। ਹੁਣ ਇਸ ਗੱਲ ਦਾ ਵਿਸ਼ਵਾਸ ਹੋਵੇਗਾ ਕਿ ਸੰਤ ਰਾਮਪਾਲ ਜੀ ਨੇ ਜੋ ਵੇਦਾਂ ਮੰਤਰਾਂ ਦਾ ਅਨੁਵਾਦ ਕੀਤਾ ਹੈ, ਉਹ ਸਹੀ ਹੈ।

# "ਸ੍ਰਿਸ਼ਟੀ ਰਚਨਾ"

(ਸੂਖਸ਼ਮ ਵੇਦ ਤੋਂ ਨਿਸ਼ਕਰਸ਼ ਰੂਪ ਸ੍ਰਿਸ਼ਟੀ ਰਚਨਾ ਦਾ ਵਰਣਨ)

ਪ੍ਰਭੂ ਪ੍ਰੇਮੀ ਆਤਮਾਵਾਂ ਪ੍ਰਥਮਵਾਰ ਇਹ ਨਿਮਨ ਸ੍ਰਿਸ਼ਟੀ ਦੀ ਰਚਨਾ ਨੂੰ ਪੜ੍ਹਨਗੇ ਤਾਂ ਐਸਾ ਲੱਗੇਗਾ ਕਿ ਇਹ ਜਿਵੇਂ ਕੋਈ ਦੰਤ ਕਥਾ ਹੈ, ਪ੍ਰੰਤੂ ਸਰਵ ਪਵਿੱਤਰ ਸਦਗ੍ਰੰਥਾਂ ਦੇ ਪ੍ਰਮਾਣਾਂ ਨੂੰ ਪੜ੍ਹਕੇ ਦੰਦਾ ਥੱਲੇ ਉਂਗਲੀ ਦਬਾਉਂਗੇ ਕਿ ਇਹ ਵਾਸਤਵਿਕ ਅੰਮ੍ਰਿਤ ਗਿਆਨ ਕਿੱਥੇ ਛੁੱਪਿਆ ਸੀ? ਕਿਰਪਾ ਕਰਕੇ ਧੀਰਜ਼ ਦੇ ਨਾਲ ਪੜ੍ਹਦੇ ਰਹੋ ਅਤੇ ਇਸ ਅੰਮ੍ਰਿਤ ਗਿਆਨ ਨੂੰ ਸੁਰੱਖਿਅਤ ਰੱਖਣਾ। ਆਪ ਦੀ ਇੱਕ ਸੋ ਇੱਕ ਪੀੜ੍ਹੀ ਤੱਕ ਕੰਮ ਆਵੇਗਾ। ਪਵਿੱਤਰ ਆਤਮਾਵਾਂ ਕਿਰਪਾ ਕਰਕੇ ਸਤਿਨਰਾਇਣ (ਅਵਿਨਾਸ਼ੀਪ੍ਰਭੂ / ਸਤਿਪੁਰਸ਼) ਦੁਆਰਾ ਰਚੀ ਸ੍ਰਿਸ਼ਟੀ ਰਚਨਾਂ ਦਾ ਵਾਸਤਵਿਕ ਗਿਆਨ ਪੜ੍ਹੋ।

1. ਪੂਰਣ ਬ੍ਰਹਮ:- ਇਹ ਸ੍ਰਿਸ਼ਟੀ ਰਚਨਾ ਵਿੱਚ ਸਤਿਪੁਰਸ਼-ਸਤਿਲੋਕ ਦਾ ਸਵਾਮੀ (ਪ੍ਰਭੂ), ਅਲਖ ਪੁਰਸ਼-ਅਲਖ ਲੋਕ ਦਾ ਸਵਾਮੀ (ਪ੍ਰਭੂ), ਅਗਮ ਪੁਰਸ਼-ਅਗਮ ਲੋਕ ਦਾ ਸਵਾਮੀ (ਪ੍ਰਭੂ), ਅਤੇ ਅਨਾਮੀ ਪੁਰਸ਼-ਅਨਾਮੀ ਅਕਿਹ ਲੋਕ ਦਾ ਸਵਾਮੀ (ਪ੍ਰਭੂ) ਤਾਂ ਇੱਕ ਹੀ ਪੂਰਨ ਬ੍ਰਹਮ ਹੈ, ਜੋ ਵਾਸਤਵ ਵਿੱਚ ਅਵਿਨਾਸ਼ੀ ਪ੍ਰਭੂ ਹੈ ਜੋ ਭਿੰਨ-2 ਰੂਪ ਧਾਰਨ ਕਰਕੇ ਆਪਣੇ ਚਾਰੋਂ ਲੋਕਾਂ ਵਿੱਚ ਰਹਿੰਦਾ ਹੈ। ਜਿਸਦੇ ਅੰਤਰਗਤ ਅਸੰਖ ਬ੍ਰਹਿਮੰਡ ਆਉਂਦੇ ਹਨ।

2. ਪਰਬ੍ਰਹਮ:- ਇਹ ਕੇਵਲ ਸੱਤ ਸੰਖ ਬ੍ਰਹਿਮੰਡ ਦਾ ਸਵਾਮੀ (ਪ੍ਰਭੂ) ਹੈ। ਇਹ ਅਕਸ਼ਰ ਪੁਰਸ਼ ਵੀ ਕਹਾਉਂਦਾ ਹੈ। ਪ੍ਰੰਤੂ ਇਹ ਅਤੇ ਇਸਦੇ ਬ੍ਰਹਿਮੰਡ ਵੀ ਵਾਸਤਵ ਵਿੱਚ ਅਵਿਨਾਸ਼ੀ ਨਹੀਂ ਹਨ।

3. ਬ੍ਰਹਮ:- ਇਹ ਕੇਵਲ ਇੱਕੀ ਬ੍ਰਹਿਮੰਡਾਂ ਦਾ ਸਵਾਮੀ (ਪ੍ਰਭੂ) ਹੈ। ਇਸਨੂੰ ਸ਼ਰ ਪੁਰਸ਼, ਜੋਤੀ ਨਿਰੰਜਨ, ਕਾਲ ਆਦਿ ਉਪਮਾ ਨਾਲ ਜਾਣਿਆ ਜਾਂਦਾ ਹੈ। ਇਹ ਅਤੇ ਇਸਦੇ ਸਰਵ ਬ੍ਰਹਿਮੰਡ ਵੀ ਨਾਸ਼ਵਾਨ ਹਨ। (ਉਪਰੋਕਤ ਤਿੰਨੋਂ ਪੁਰਸ਼ਾਂ (ਪ੍ਰਭੂਆਂ) ਦਾ ਪ੍ਰਮਾਣ ਪਵਿੱਤਰ ਸ਼੍ਰੀਮਦ ਭਗਵਤ ਗੀਤਾ ਅ: 15 ਸਲੋਕ 16-17 ਵਿੱਚ ਵੀ ਹੈ।

4. ਬ੍ਰਹਮਾਂ:- ਬ੍ਰਹਮਾਂ ਇਸੇ ਬ੍ਰਹਮ ਦਾ ਜੇਠਾ ਪੁੱਤਰ ਹੈ, ਵਿਸ਼ਣੂ ਵਿਚਕਾਰਲਾ ਵਾਲਾ ਪੁੱਤਰ ਹੈ ਅਤੇ ਸ਼ਿਵ ਅੰਤਿਮ ਤੀਸਰਾ ਪੁੱਤਰ ਹੈ। ਇਹ ਤਿੰਨੋਂ ਬ੍ਰਹਮ ਦੇ ਪੁੱਤਰ ਕੇਵਲ ਇੱਕ ਬ੍ਰਹਿਮੰਡ ਵਿੱਚ ਇੱਕ ਵਿਭਾਗ (ਗੁਣ) ਦੇ ਸਵਾਮੀ (ਪ੍ਰਭੂ) ਹਨ। ਵਿਸਤ੍ਰਿਤ ਵਰਣਨ ਦੇ ਲਈ ਕਿਰਪਾ ਕਰਕੇ ਪੜ੍ਹੋ ਨਿਮਨ ਲਿਖਤ ਸ੍ਰਿਸ਼ਟੀ ਰਚਨਾ:

(ਕਵਿਰਦੇਵ (ਕਬੀਰ ਪ੍ਰਮੇਸ਼ਵਰ) ਨੇ ਸੂਕਸ਼ਮ ਵੇਦ ਅਰਥਾਤ ਕਬੀਰਬਾਣੀ ਵਿੱਚ ਆਪਣੇ ਦੁਆਰਾ ਰਚੀ ਸ੍ਰਿਸ਼ਟੀ ਦਾ ਗਿਆਨ ਆਪ ਹੀ ਦੱਸਿਆ ਹੈ ਜੋ ਨਿਮਨਲਿਖਤ ਹੈ):-


ਸਭ ਤੋਂ ਪਹਿਲਾਂ ਕੇਵਲ ਇੱਕ ਸਥਾਨ "ਅਨਾਮੀ (ਅਨਾਮਯ) ਲੋਕ ਸੀ। ਜਿਸ ਨੂੰ ਅਕਿਹ ਲੋਕ ਵੀ ਕਿਹਾ ਜਾਂਦਾ ਹੈ, ਪੂਰਣ ਪ੍ਰਮਾਤਮਾ ਉਸ ਅਨਾਮੀ ਲੋਕ ਵਿੱਚ ਇਕੱਲਾ ਰਹਿੰਦਾ ਸੀ। ਉਸ ਪ੍ਰਮਾਤਮਾ ਦਾ ਵਾਸਤਵਿਕ ਨਾਮ ਕਵਿਰਦੇਵ ਅਰਥਾਤ ਕਬੀਰ ਪ੍ਰਮੇਸ਼ਵਰ ਹੈ। ਸਭ ਆਤਮਾਵਾਂ ਉਸ ਪੂਰਣ ਧਨੀ ਦੇ ਸਰੀਰ ਵਿੱਚ ਸਮਾਈਆਂ ਹੋਈਆਂ ਸਨ। ਇਸੇ ਕਵਿਰਦੇਵ ਦਾ ਉਪਮਾਤਮਕ (ਪਦਵੀ ਦਾ) ਨਾਮ ਅਨਾਮੀ ਪੁਰਸ਼ ਹੈ (ਪੁਰਸ਼ ਦਾ ਅਰਥ ਪ੍ਰਭੂ ਹੁੰਦਾ ਹੈ, ਪ੍ਰਭੂ ਨੇ ਮਨੁੱਖ ਨੂੰ ਆਪਣੇ ਹੀ ਸਵਰੂਪ ਵਿੱਚ ਬਣਾਇਆ ਹੈ, ਇਸਲਈ ਮਾਨਵ ਦਾ ਨਾਮ ਵੀ ਪੁਰਸ਼ ਹੀ ਪਿਆ ਹੈ।) ਅਨਾਮੀ ਪੁਰਸ਼ ਦੇ ਇੱਕ ਰੋਮ ਕੂਪ ਦਾ ਪ੍ਰਕਾਸ ਸੰਖ ਸੂਰਜਾਂ ਦੀ ਰੌਸ਼ਨੀ ਤੋਂ ਵੀ ਜਿਆਦਾ ਹੈ ।

# ਪ੍ਰਮੇਸ਼ਵਰ ਕਬੀਰ ਸਾਹਿਬ ਦੇ ਅਸੰਖ ਬ੍ਰਹਿਮੰਡਾਂ ਦਾ ਲਘੂ ਚਿੱਤਰ

ਅਨਾਮੀ ਲੋਕ : ਇਸ ਲੋਕ ਵਿੱਚ ਆਤਮਾ ਅਤੇ ਪ੍ਰਮਾਤਮਾ ਇੱਕ ਰੂਪ ਹੋਕੇ ਕਬੀਰ ਸਾਹਿਬ ਹੀ ਅਨਾਮੀ ਰੂਪ ਵਿੱਚ ਹਨ। ਜਿਵੇਂ ਮਿੱਟੀ ਦੇ ਡਲੇ (ਛੋਟੇ-ਛੋਟੇ ਟੁੱਕੜੇ) ਹੋ ਜਾਂਦੇ ਹਨ। ਫਿਰ ਵਰਖਾ ਹੋਣ 'ਤੇ ਇੱਕ ਪ੍ਰਿਥਵੀ ਬਣ ਜਾਂਦੀ ਹੈ, ਅਲੱਗ ਆਸਤਿਤਵ ਨਹੀਂ ਰਹਿੰਦਾ।

ਅਗਮ ਲੋਕ: ਇਸ ਲੋਕ ਵਿੱਚ ਵੀ ਕਬੀਰ ਸਾਹਿਬ ਅਗਮ ਪੁਰਸ਼ ਰੂਪ ਵਿੱਚ ਰਹਿੰਦੇ ਹਨ।

## ਅਲਖ ਲੋਕ: ਇਸ ਲੋਕ ਵਿੱਚ ਵੀ ਕਬੀਰ ਸਾਹਿਬ ਅਲਖ ਪੁਰਸ਼ ਰੂਪ ਵਿੱਚ ਰਹਿੰਦੇ ਹਨ।



ਵਿਸ਼ੇਸ਼:- ਜਿਵੇਂ ਕਿਸੇ ਦੇਸ਼ ਦੇ ਆਦਰਣੀਏਂ ਪ੍ਰਧਾਨ ਮੰਤਰੀ ਜੀ ਦਾ ਸਰੀਰ ਦਾ ਨਾਮ ਕੋਈ ਹੋਰ ਹੁੰਦਾ ਹੈ ਅਤੇ ਪਦ ਦਾ ਉਪਮਾਤਮਿਕ (ਪਦਵੀ ਦਾ) ਦਾ ਨਾਮ ਪ੍ਰਧਾਨ ਮੰਤਰੀ ਹੁੰਦਾ ਹੈ। ਕਈ ਵਾਰ ਪ੍ਰਧਾਨ ਮੰਤਰੀ ਜੀ ਆਪਣੇ ਕੋਲ ਕੋਈ ਵਿਭਾਗ ਰੱਖ ਲੈਂਦੇ ਹਨ। ਫਿਰ ਜਿਸ ਵੀ ਵਿਭਾਗ ਦੇ ਦਸਤਾਵੇਜ਼ਾਂ ਉੱਤੇ ਦਸਤਖ਼ਤ ਕਰਦੇ ਹਨ ਤਾਂ ਉਸ ਸਮੇਂ ਉਸੀ ਅਹੁਦੇ ਨੂੰ ਲਿਖਦੇ ਹਨ। ਜਿਵੇਂ ਗ੍ਰਿਹਿਮੰਤ੍ਰਾਲੇ ਦੇ ਦਸਤਾਵੇਜ਼ਾਂ ਉੱਤੇ ਦਸਤਖ਼ਤ ਕਰਨਗੇ ਤਾਂ ਆਪਣੇ ਨੂੰ ਗ੍ਰਿਹ ਮੰਤਰੀ ਲਿਖਣਗੇ। ਉੱਥੇ ਉਸੀ ਵਿਅਕਤੀ ਦੇ ਦਸਤਖ਼ਤ ਦੀ ਸ਼ਕਤੀ ਘੱਟ ਹੁੰਦੀ ਹੈ। ਇਸੇ ਪ੍ਰਕਾਰ ਕਬੀਰ ਪ੍ਰਮੇਸ਼ਵਰ (ਕਿਵਰ ਦੇਵ) ਦੀ ਰੌਸ਼ਨੀ ਵਿੱਚ ਅੰਤਰ ਭਿੰਨ-2 ਲੋਕਾਂ ਵਿੱਚ ਹੁੰਦਾ ਜਾਂਦਾ ਹੈ।

ਠੀਕ ਇਸੇ ਪ੍ਰਕਾਰ ਪੂਰਨ ਪ੍ਰਮਾਤਮਾਂ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਨੇ ਨੀਚੇ ਦੇ ਤਿੰਨ ਹੋਰ ਲੋਕਾਂ (ਅਗਮਲੋਕ, ਉਪਮਾਤਮਿਕ (ਪਦਵੀ ਦਾ) ਨਾਮ ਅਗਮ ਪੁਰਸ਼ ਅਰਥਾਤ ਅਗਮ ਪ੍ਰਭੂ ਹੈ। ਇਸੇ ਅਗਮ ਪ੍ਰਭੂ ਦਾ ਮਾਨਵ ਸੁਦ੍ਰਿਸ਼ ਸਰੀਰ ਹੈ ਬਹੁਤ ਤੇਜ਼ਮਈ ਹੈ ਜਿਸਦੇ ਇੱਕ ਰੋਮਕੂਪ ਦੀ ਰੌਸ਼ਨੀ ਖ਼ਰਬ ਸੂਰਜਾਂ ਦੀ ਰੌਸ਼ਨੀ ਤੋਂ ਵੀ ਜ਼ਿਆਦਾ ਹੈ ।

ਇਹ ਪੂਰਣ ਪ੍ਰਮਾਤਮਾ ਕਵਿਰਦੇਵ (ਕਵਿਰ ਦੇਵ=ਕਬੀਰ ਪ੍ਰਮੇਸ਼ਵਰ) ਅਲਖ਼ ਲੋਕ ਵਿੱਚ ਪ੍ਰਗਟ ਹੋਇਆ ਅਤੇ ਖੁਦ ਹੀ ਅਲਖ਼ ਲੋਕ ਦਾ ਵੀ ਸਵਾਮੀ ਹੈ ਅਤੇ ਅਲਖਲੋਕ, ਸਤਲੋਕ) ਦੀ ਰਚਨਾ ਸ਼ਬਦ (ਵਚਨ) ਨਾਲ ਕੀਤੀ। ਇਹੀ ਪੂਰਨ ਬ੍ਰਹਮ ਪ੍ਰਮਾਤਮਾ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਹੀ ਅਗਮਲੋਕ ਵਿੱਚ ਪ੍ਰਗਟ ਹੋਇਆ ਅਤੇ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਅਗਮਲੋਕ ਦਾ ਵੀ ਸਵਾਮੀ ਹੈ ਅਤੇ ਉੱਥੇ ਇਨ੍ਹਾਂ ਦਾ ਉਪਮਾਤਮਿਕ (ਪਦਵੀ ਦਾ) ਨਾਮ ਅਲਖ਼ ਪੁਰਸ਼ ਵੀ ਇਸੇ ਪ੍ਰਮੇਸ਼ਵਰ ਦਾ ਹੈ ਅਤੇ ਇਸ ਪੂਰਣ ਪ੍ਰਭੂ ਦਾ ਮਾਨਵ ਸੁਦ੍ਰਿਸ਼ ਸਰੀਰ ਤੇਜੋਮਈ (ਸਵਜਯੋਤੀ) ਸਵੈਂ ਪ੍ਰਕਾਸ਼ਿਤ ਹੈ। ਇੱਕ ਰੋਮ ਕੂਪ ਦੀ ਰੌਸ਼ਨੀ ਅਰਬ ਸੂਰਜਾਂ ਦੇ ਪ੍ਰਕਾਸ਼ ਤੋਂ ਵੀ ਜ਼ਿਆਦਾ ਹੈ।

ਇਹੀ ਪੂਰਣ ਪ੍ਰਭੂ ਸਤਲੋਕ ਵਿੱਚ ਪ੍ਰਗਟ ਹੋਇਆ ਅਤੇ ਸਤਲੋਕ ਦਾ ਵੀ ਅਧਿਪਤੀ (ਮਾਲਿਕ) ਇਹੀ ਹੈ ।ਇਸ ਲਈ ਇਸਦਾ ਉਪਮਾਤਮਿਕ (ਪਦਵੀ ਦਾ) ਨਾਮ ਸਤਿਪੁਰਸ਼ (ਅਵਿਨਾਸ਼ੀ ਪ੍ਰਭੂ) ਹੈ। ਇਸਦਾ ਨਾਮ ਅਕਾਲ ਮੂਰਤ - ਸ਼ਬਦ ਸਰੂਪੀ ਰਾਮ - ਪੂਰਣ ਬ੍ਰਹਮ- ਪਰਮ ਅਕਸ਼ਰ ਬ੍ਰਹਮ ਆਦਿ ਹਨ। ਇਸੇ ਸਤਿਪੁਰਸ਼ ਕਵਿਰਦੇਵ (ਕਬੀਰ ਪ੍ਰਭੂ) ਦਾ ਮਾਨਵ ਸੁਦ੍ਰਿਸ਼ ਸਰੀਰ ਤੇਜ਼ੋਮੇਈ ਹੈ। ਜਿਸਦੇ ਇੱਕ ਰੋਮ ਕੂਪ ਦਾ ਪ੍ਰਕਾਸ਼ ਕਰੋੜਾਂ ਸੂਰਜਾਂ ਅਤੇ ਇੰਨੇ ਹੀ ਚੰਦਰਮਾਂਵਾਂ ਦੇ ਪ੍ਰਕਾਸ਼ ਤੋਂ ਵੀ ਜ਼ਿਆਦਾ ਹੈ।

ਇਸ ਕਵਿਰਦੇਵ (ਕਬੀਰ ਪ੍ਰਭੂ) ਨੇ ਸਤਿਪੁਰਸ਼ ਰੂਪ ਵਿੱਚ ਪ੍ਰਗਟ ਹੋਕੇ ਸਤਲੋਕ ਵਿੱਚ ਵਿਰਾਜਮਾਨ ਹੋਕੇ ਪ੍ਰਥਮ ਸਤਲੋਕ ਵਿੱਚ ਹੋਰ ਰਚਨਾ ਕੀਤੀ।

ਇੱਕ ਸ਼ਬਦ (ਵਚਨ) ਨਾਲ ਸੋਲ੍ਹਾਂ ਦੀਪਾਂ ਦੀ ਰਚਨਾ ਕੀਤੀ। ਫਿਰ ਸੋਲ੍ਹਾਂ ਸ਼ਬਦਾਂ ਤੋਂ ਸੋਲ੍ਹਾਂ ਪੁੱਤਰਾਂ ਦੀ ਉਤਪੱਤੀ ਕੀਤੀ। ਇੱਕ ਮਾਨਸਰੋਵਰ ਦੀ ਰਚਨਾ ਕੀਤੀ ਜਿਸ ਵਿੱਚ ਅੰਮ੍ਰਿਤ ਭਰਿਆ। ਸੋਲ੍ਹਾਂ ਪੁੱਤਰਾਂ ਦੇ ਨਾਮ ਹਨ:- (1) "ਕੂਰਮ", (2) "ਗਿਆਨੀ", (3) "ਵਿਵੇਕ", (4) "ਤੇਜ", (5) "ਸਹਿਜ", (6) "ਸੰਤੋਸ਼", (7) "ਸੁਰਤਿ", (8) "ਆਨੰਦ", (9) "ਛਿਮਾ", (10) "ਨਿਸ਼ਕਾਮ", (11) "ਜਲਰੰਗੀ", (12) "ਅਚਿੰਤ", (13) "ਪ੍ਰੇਮ", (14) "ਦਿਆਲ", (15) "ਪੈਰਿਯਾ", (16) "ਯੋਗ ਸੰਤਾਇਨ" ਅਰਥਾਤ "ਯੋਗਜੀਤ"।

ਸਤਿਪੁਰਸ਼ ਕਵਿਰਦੇਵ ਨੇ ਆਪਣੇ ਪੁੱਤਰ ਅਚਿੰਤ ਨੂੰ ਸਤਿਲੋਕ ਦੀ ਹੋਰ ਰਚਨਾਂ ਕਰਨ ਦਾ ਭਾਰ ਸੌਂਪਿਆ ਅਤੇ ਸ਼ਕਤੀ ਪ੍ਰਦਾਨ ਕੀਤੀ। ਅਚਿੰਤ ਨੇ ਅਕਸ਼ਰ ਪੁਰਸ਼ (ਪਰਬ੍ਰਹਮ) ਦੀ ਸ਼ਬਦ ਤੋਂ ਉਤਪੱਤੀ ਕੀਤੀ ਅਤੇ ਕਿਹਾ ਕਿ ਮੇਰੀ ਮਦਦ ਕਰਨਾ। ਅਕਸ਼ਰ ਪੁਰਸ਼ ਇਸ਼ਨਾਨ

ਕਰਨ ਮਾਨਸਰੋਵਰ ਉੱਤੇ ਗਿਆ, ਉੱਥੇ ਆਨੰਦ ਆਇਆ ਅਤੇ ਸੌਂ ਗਿਆ। ਲੰਬੇ ਸਮੇਂ ਤੱਕ ਬਾਹਰ ਨਹੀਂ ਆਇਆ। ਤਦ ਅਚਿੰਤ ਦੀ ਪ੍ਰਾਥਨਾ ਉੱਤੇ ਅਕਸ਼ਰ ਪੁਰਸ਼ ਨੂੰ ਨੀਂਦ ਤੋਂ ਜਗਾਉਣ ਦੇ ਲਈ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਨੇ ਉਸੀ ਮਾਨਸਰੋਵਰ ਤੋਂ ਕੁਝ ਅੰਮ੍ਰਿਤ ਜਲ ਲੈਕੇ ਇੱਕ ਅੰਡਾ ਬਣਾਇਆ ਅਤੇ ਉਸ ਅੰਡੇ ਵਿੱਚ ਇੱਕ ਆਤਮਾ ਪ੍ਰਵੇਸ਼ ਕਰ ਦਿੱਤੀ ਅਤੇ ਅੰਡੇ ਨੂੰ ਮਾਨਸਰੋਵਰ ਦੇ ਅੰਮ੍ਰਿਤ ਜਲ ਵਿੱਚ ਛੱਡਿਆ। ਅੰਡੇ ਦੀ ਗੜਗੜਾਹਟ ਨਾਲ ਅਕਸ਼ਰ ਪੁਰਸ਼ ਦੀ ਨੀਂਦਰਾ ਭੰਗ ਹੋਈ। ਉਸਨੇ ਅੰਡੇ ਨੂੰ ਕ੍ਰੋਧ ਨਾਲ ਦੇਖਿਆ ਜਿਸ ਕਾਰਨ ਕਰਕੇ ਅੰਡੇ ਦੇ ਦੋ ਭਾਗ ਹੋ ਗਏ। ਉਸ ਵਿੱਚੋਂ ਜੋਤੀ ਨਿਰੰਜਨ (ਸ਼ਰ ਪੁਰਸ਼) ਨਿੱਕਿਲਆ ਜੋ ਅੱਗੇ ਚੱਲਕੇ "ਕਾਲ" ਕਹਾਇਆ। ਇਸਦਾ ਵਾਸਤਵਿਕ ਨਾਮ "ਕੈਲ" ਹੈ। ਉਸ ਵਕਤ ਸਤਿਪੁਰਸ਼ (ਕਬੀਰ ਦੇਵ) ਨੇ ਆਕਾਸ਼ਬਾਣੀ ਕੀਤੀ ਕਿ ਆਪ ਦੋਨ੍ਹੋਂ ਬਾਹਰ ਆਓ ਅਤੇ ਅਚਿੰਤ ਦੇ ਦੀਪ ਵਿੱਚ ਰਹੋ। ਆਗਿਆ ਪਾ ਕੇ ਅਕਸ਼ਰ ਪੁਰਸ਼ ਅਤੇ ਸ਼ਰਪੁਰਸ਼ (ਕੈਲ) ਦੋਨ੍ਹੋਂ ਅਚਿੰਤ ਦੇ ਦੀਪ ਵਿੱਚ ਰਹਿਣ ਲੱਗੇ (ਬੱਚਿਆ ਦੀ ਨਲਾਇਕਿ ਉਨ੍ਹਾਂ ਨੂੰ ਹੀ ਦਿਖਾਈ ਕਿ ਕਿਤੇ ਫਿਰ ਪ੍ਰਭੂਤਾ ਦੀ ਤੜਫ਼ ਨਾ ਬਣ ਜਾਵੇ, ਕਿਉਂਕਿ ਸਮਰੱਥ ਬਿਨਾਂ ਕਾਰਜ ਸਫਲ ਨਹੀਂ ਹੁੰਦਾ) ਫਿਰ ਪੂਰਣ ਧਨੀ ਕਵਿਰਦੇਵ ਨੇ ਸਰਵ ਰਚਨਾ ਸਵੈਂ ਕੀਤੀ। ਆਪਣੀ ਸ਼ਬਦ ਸ਼ਕਤੀ ਨਾਲ ਰਾਜੇਸ਼ਵਰੀ (ਰਾਸ਼ਟਰੀ) ਸ਼ਕਤੀ ਉਤਪੰਨ ਕੀਤੀ, ਜਿਸ ਤੋਂ ਸਰਵ ਬ੍ਰਹਿਮੰਡ ਨੂੰ ਸਥਾਪਿਤ ਕੀਤਾ। ਇਸਨੂੰ ਪਰਾਸ਼ਕਤੀ ਪਰਾਨੰਦਨੀ ਵੀ ਕਹਿੰਦੇ ਹਨ। ਪੂਰਣ ਬ੍ਰਹਮ ਨੇ ਸਰਵ ਆਤਮਾਵਾਂ ਨੂੰ ਆਪਣੇ ਹੀ ਅੰਦਰ ਤੋਂ ਆਪਣੀ ਵਚਨ ਸ਼ਕਤੀ ਨਾਲ ਆਪਣੇ ਮਾਨਵ ਸਰੀਰ ਸੁਦ੍ਰਿਸ਼ ਉਤਪੰਨ ਕੀਤਾ। ਪ੍ਰਤੇਕ ਹੰਸ ਆਤਮਾ ਦਾ ਪ੍ਰਮਾਤਮਾ ਜੈਸਾ ਸਰੀਰ ਰਚਿਆ ਜਿਸਦਾ ਤੇਜ 16 (ਸੋਲ੍ਹਾਂ) ਸੂਰਜਾਂ ਵਰਗਾ ਮਾਨਵ ਸੁਦ੍ਰਿਸ਼ ਹੀ ਹੈ। ਪ੍ਰੰਤੂ ਪ੍ਰਮੇਸ਼ਵਰ ਦੇ ਸਰੀਰ ਦੇ ਇੱਕ ਰੋਮਕੂਪ ਦਾ ਪ੍ਰਕਾਸ਼ ਕਰੋੜਾਂ ਸੂਰਜਾਂ ਤੋਂ ਵੀ ਜ਼ਿਆਦਾ ਹੈ। ਬਹੁਤ ਸਮੇਂ ਬਾਅਦ ਸ਼ਰਪੁਰਸ਼ (ਜੋਤੀ ਨਿਰੰਜਨ) ਨੇ ਸੋਚਿਆ ਕਿ ਅਸੀਂ ਤਿੰਨੋਂ (ਅਚਿੰਤ, ਅਕਸ਼ਰ ਪੁਰਸ਼, ਸ਼ਰ ਪੁਰਸ਼) ਇੱਕ ਹੀ ਦੀਪ ਵਿੱਚ ਰਹਿ ਰਹੇ ਹਾਂ ਤੇ ਹੋਰ ਇੱਕ-ਇੱਕ ਦੀਪ ਵਿੱਚ ਰਹਿ ਰਹੇ ਹਨ। ਮੈਂ ਵੀ ਸਾਧਨਾ (ਪੂਜਾ) ਕਰਕੇ ਅਲੱਗ ਦੀਪ ਪ੍ਰਾਪਤ ਕਰੂੰਗਾ। ਉਸਨੇ ਐਸਾ ਵਿਚਾਰ ਕਰਕੇ ਇੱਕ ਪੈਰ ਉੱਤੇ ਖੜ੍ਹਾ ਹੋਕੇ 70 (ਸੱਤਰ) ਯੁੱਗ ਤਪ ਕੀਤਾ।

## "ਆਤਮਾਂ ਕਾਲ ਦੇ ਜਾਲ ਵਿੱਚ ਕਿਵੇਂ ਫਸੀਆਂ?"

**ਵਿਸ਼ੇਸ਼:- ਜਦ ਬ੍ਰਹਮ (ਜੋਤੀ ਨਿਰੰਜਨ) ਤਪ ਕਰ ਰਿਹਾ ਸੀ ਤਾਂ ਅਸੀਂ ਸਭ ਆਤਮਾਵਾਂ, ਜੋ ਅੱਜ ਜੋਤੀ ਨਿਰੰਜਨ ਦੇ ਇੱਕੀ (21) ਬ੍ਰਹਿਮੰਡਾਂ ਵਿੱਚ ਰਹਿੰਦੇ ਹਨ, ਇਸਦੀ ਸਾਧਨਾਂ ਉੱਤੇ ਆਸੱਕਤ ਹੋ ਗਏ ਅਤੇ ਅੰਤਰਆਤਮਾ ਤੋਂ ਇਸਨੂੰ ਚਾਹੁਣ ਲੱਗੇ। ਆਪਣੇ ਸੁੱਖਦਾਈ ਪ੍ਰਭੂ ਸਤਿਪੁਰਸ਼ ਤੋਂ ਬੇਮੁੱਖ ਹੋ ਗਏ, ਜਿਸ ਕਾਰਨ ਅਸੀਂ ਪਤੀਵਰਤਾ ਪਦ ਤੋਂ ਗਿਰ ਗਏ। ਪੂਰਣ ਪ੍ਰਭੂ ਨੇ ਵਾਰ-ਵਾਰ ਸਾਵਧਾਨ ਕਰਨ ਉੱਤੇ ਵੀ ਸਾਡੀ ਆਸਥਾ ਸ਼ਰ ਪੁਰਸ਼ ਤੋਂ ਨਹੀਂ ਹਟੀ।** (ਇਹੀ ਪ੍ਰਭਾਵ ਅੱਜ ਵੀ ਕਾਲ ਦੀ ਸ੍ਰਿਸ਼ਟੀ ਵਿੱਚ ਮੌਜੂਦ ਹੈ। ਜਿਵੇਂ ਨੌਜਵਾਨ ਬੱਚੇ ਫਿਲਮ ਸਟਾਰਾਂ (ਅਭਿਨੇਤਾਵਾਂ ਅਤੇ ਅਭਿਨੇਤ੍ਰੀਆਂ) ਦੀਆਂ ਬਨਾਵਟੀ ਅਦਾਵਾਂ ਅਤੇ ਆਪਣੇ ਰੋਜ਼ਗਾਰ ਉਦੇਸ਼ ਲਈ ਕਰ ਰਹੇ ਭੂਮਿਕਾ ਉੱਤੇ ਆਸੱਕਤ ਹੋ ਜਾਂਦੇ ਹਨ, ਰੋਕਣ ਉੱਤੇ ਨਹੀਂ ਰੁਕਦੇ। ਜੇਕਰ ਕੋਈ ਅਭਿਨੇਤਾ ਜਾਂ ਅਭਿਨੇਤ੍ਰੀ ਨਿੱਕਟਵਰਤੀ ਸ਼ਹਿਰ ਵਿੱਚ ਆ ਜਾਵੇ ਤਾਂ ਦੇਖੋ ਉਨ੍ਹਾਂ ਨਾਦਾਨ ਬੱਚਿਆਂ ਦੀ ਭੀੜ ਕੇਵਲ ਦਰਸ਼ਨ ਕਰਨ ਦੇ ਲਈ ਬਹੁ ਸੰਖਿਆ ਵਿੱਚ ਇਕੱਤਰ ਹੋ ਜਾਂਦੀ ਹੈ। "ਲੈਣਾ ਇੱਕ ਨਾ ਦੇਣੇ ਦੋ" ਰੋਜ਼ੀ ਰੋਟੀ ਅਭਿਨੇਤਾ ਕਮਾ ਰਹੇ ਹਨ, ਨੌਜਵਾਨ ਬੱਚੇ ਲੁੱਟ ਹੋ ਰਹੇ ਹਨ। ਮਾਤਾ-ਪਿਤਾ ਕਿੰਨ੍ਹਾ ਵੀ ਸਮਝਾਉਣ ਪਰ ਬੱਚੇ ਨਹੀਂ ਮੰਨਦੇ, ਕਿਤੇ ਨਾ ਕਿਤੇ, ਕਦੀ ਨਾ ਕਦੀ ਲੁੱਕ-ਛੁਪਕੇ ਜਾਂਦੇ ਰਹਿੰਦੇ ਹਨ।)

ਪੂਰਣ ਬ੍ਰਹਮ ਕਵਿਰਦੇਵ (ਕਬੀਰ ਪ੍ਰਭੂ) ਨੇ ਸ਼ਰ ਪੁਰਸ਼ ਤੋਂ ਪੁੱਛਿਆ ਕਿ ਬੋਲੋ ਕੀ ਚਾਹੁੰਦੇ ਹੋ? ਉਸਨੇ ਕਿਹਾ ਕਿ ਪਿਤਾ ਜੀ ਇਹ ਸਥਾਨ ਮੇਰੇ ਲਈ ਘੱਟ ਹੈ, ਮੈਨੂੰ ਅਲੱਗ ਤੋਂ ਦੀਪ ਪ੍ਰਦਾਨ ਕਰਨ ਦੀ ਕ੍ਰਿਪਾ ਕਰੋ। ਹੱਕਾ ਕਬੀਰ (ਸਤਿਕਬੀਰ) ਨੇ ਉਸਨੂੰ 21 (ਇੱਕੀ) ਬ੍ਰਹਿਮੰਡ ਪ੍ਰਦਾਨ ਕਰ ਦਿੱਤੇ। ਕੁਝ ਸਮੇਂ ਉਪਰੰਤ ਜੋਤੀ ਨਿਰੰਜਨ ਨੇ ਸੋਚਿਆ ਕਿ ਇਸ ਵਿੱਚ ਕੁੱਝ ਰਚਨਾ ਕਰਨੀ ਚਾਹੀਦੀ ਹੈ। ਖਾਲੀ ਬ੍ਰਹਿਮੰਡ (ਪਲਾਟ) ਕਿਸ ਕੰਮ ਦੇ! ਇਹ ਵਿਚਾਰ ਕਰਕੇ ਫਿਰ ਉਸਨੇ 70 ਯੁੱਗ ਤੱਪ ਕਰਕੇ ਪੂਰਣ ਪ੍ਰਮਾਤਮਾ ਕਵਿਰਦੇਵ (ਕਬੀਰ ਪ੍ਰਭੂ) ਤੋਂ ਰਚਨਾ ਦੀ ਸਮੱਗਰੀ ਦੀ ਪ੍ਰਾਰਥਨਾ ਕੀਤੀ। ਸਤਿਪੁਰਸ਼ ਨੇ ਉਸਨੂੰ ਤਿੰਨ ਗੁਣ ਅਤੇ ਪੰਜ ਤੱਤ ਪ੍ਰਦਾਨ ਕਰ ਦਿੱਤੇ, ਜਿਸ ਵਿੱਚ ਬ੍ਰਹਮ (ਜੋਤੀ ਨਿਰੰਜਨ) ਨੇ ਆਪਣੇ ਬ੍ਰਹਿਮੰਡਾਂ ਵਿੱਚ ਕੁੱਝ ਰਚਨਾ ਕੀਤੀ। ਫਿਰ ਸੋਚਿਆ ਕਿ ਇਸ ਵਿੱਚ ਜੀਵ ਵੀ ਹੋਣੇ ਚਾਹੀਦੇ ਹਨ, ਇਕੱਲੇ ਦਾ ਦਿਲ ਨਹੀਂ ਲੱਗਦਾ। ਇਹ ਵਿਚਾਰ ਕਰਕੇ 64 (ਚੋਂਹਠ) ਯੁੱਗ ਤੱਕ ਫਿਰ ਤਪ ਕੀਤਾ। ਪੂਰਨ ਪ੍ਰਮਾਤਮਾ ਕਵਿਰਦੇਵ ਦੇ ਪੁੱਛਣ ਉੱਤੇ ਦੱਸਿਆ ਕਿ ਮੈਨੂੰ ਕੁਝ ਆਤਮਾਵਾਂ ਦੇ ਦਿਉ, ਮੇਰਾ ਇੱਕਲੇ ਦਾ ਦਿੱਲ ਨਹੀਂ ਲੱਗ ਰਿਹਾ। ਤਦ ਸਤਿਪੁਰਸ਼ ਕਵਿਰਅਗਿਨੀ (ਕਬੀਰ ਪ੍ਰਮੇਸ਼ਵਰ) ਨੇ ਕਿਹਾ ਕਿ ਬ੍ਰਹਮ ਤੇਰੇ ਤਪ ਦੇ ਬਦਲੇ ਮੈਂ ਤੈਨੂੰ ਹੋਰ ਬ੍ਰਹਿਮੰਡ ਦੇ ਸਕਦਾ ਹਾਂ, ਪਰ ਆਪਣੀਆਂ ਆਤਮਾਵਾਂ ਨੂੰ ਕਿਸੇ ਵੀ ਜਪ-ਤਪ ਸਾਧਨਾ ਦੇ ਫ਼ਲਰੂਪ ਵਿੱਚ ਨਹੀਂ ਦੇ ਸਕਦਾ। ਹਾਂ, ਜੇਕਰ ਕੋਈ ਆਤਮਾ ਸਵੈਇੱਛਾ ਨਾਲ ਤੇਰੇ ਨਾਲ ਜਾਣਾ ਚਾਹੇ ਤਾਂ ਉਹ ਜਾ ਸਕਦਾ ਹੈ। ਯੁਵਾ ਕਵਿਰ (ਸਮਰੱਥ ਕਬੀਰ) ਦੇ ਵਚਨ ਸੁਣਕੇ ਜੋਤੀ ਨਿਰੰਜਨ ਸਾਡੇ ਕੋਲ ਆਇਆ। ਅਸੀਂ ਸਭ ਹੰਸ ਆਤਮਾਵਾਂ ਪਹਿਲਾ ਤੋਂ ਹੀ ਉਸ ਉੱਤੇ ਆਸੱਕਤ ਸੀ। ਅਸੀਂ ਉਸਨੂੰ ਚਾਰੋਂ ਤਰਫ਼ ਤੋਂ ਘੇਰ ਕੇ ਖੜੇ ਹੋ ਗਏ। ਜੋਤੀ ਨਿਰੰਜਨ ਨੇ ਕਿਹਾ ਕਿ ਮੈਂ ਪਿਤਾਜੀ ਤੋਂ ਅਲੱਗ ਇੱਕੀ ਬ੍ਰਹਿਮੰਡ ਪ੍ਰਾਪਤ ਕੀਤੇ ਹਨ। ਉੱਥੇ ਅਨੇਕਾਂ ਪ੍ਰਕਾਰ ਦੇ ਰਮਣੀਕ ਸਥਾਨ ਬਣਾਏ ਹਨ, ਕਿ ਆਪ ਮੇਰੇ ਨਾਲ ਚੱਲੋਗੇ? ਅਸੀਂ ਸਾਰੇ ਹੰਸਾਂ ਨੇ ਜੋ ਅੱਜ 21 ਬ੍ਰਹਿਮੰਡਾਂ ਵਿੱਚ ਪ੍ਰੇਸ਼ਾਨ ਹਾਂ, ਕਿਹਾ ਕਿ ਅਸੀਂ ਤਿਆਰ ਹਾਂ ਜੇਕਰ ਪਿਤਾ ਜੀ ਆਗਿਆ ਦੇ ਦੇਣ ਤਦ ਸ਼ਰਪੁਰਸ਼ ਪੂਰਣ ਬ੍ਰਹਮ ਮਹਾਨ ਕਵਿਰ (ਸਮਰੱਥ ਕਬੀਰ ਪ੍ਰਭੂ) ਦੇ ਕੋਲ ਗਿਆ ਅਤੇ ਸਾਰੀ ਵਾਰਤਾ ਕਿਹਾ। ਤਦ ਕਵਿਰਅਗਿਨੀ (ਕਬੀਰ ਪ੍ਰਮੇਸ਼ਵਰ ਨੇ ਕਿਹਾ ਕਿ ਮੇਰੇ ਸਾਹਮਣੇ ਸਵੀਕ੍ਰਿਤੀ ਦੇਣ ਵਾਲੇ ਨੂੰ ਮੈਂ ਆਗਿਆ ਦੇਵਾਂਗਾ। ਸ਼ਰ ਪੁਰਸ਼ ਅਤੇ ਪਰਮ ਅਕਸ਼ਰ ਪੁਰਸ਼ (ਕਬੀਰ ਅਮਿਤੌਂਜਾ) ਦੋਨੋਂ ਸਾਡੇ ਸਭ ਹੰਸ ਆਤਮਾਂਵਾਂ ਦੇ ਪਾਸ ਆਏ। ਸਤਿ ਕਵਿਰ ਦੇਵ ਨੇ ਕਿਹਾ ਜੋ ਹੰਸ ਆਤਮਾ ਬ੍ਰਹਮ ਦੇ ਨਾਲ ਜਾਣਾ ਚਾਹੁੰਦੀ ਹੈ ਆਪਣਾ ਹੱਥ ਉੱਪਰ ਕਰਕੇ ਸਵੀਕ੍ਰਿਤੀ ਦੇਵੇ। ਆਪਣੇ ਪਿਤਾ ਦੇ ਸਾਹਮਣੇ ਕਿਸੇ ਦੀ ਹਿੰਮਤ ਨਾ ਹੋਈ। ਕਿਸੀ ਨੇ ਸਵੀਕ੍ਰਿਤੀ ਨਹੀਂ ਦਿੱਤੀ। ਬਹੁਤ ਸਮੇਂ ਤੱਕ ਸੰਨਾਟਾ ਛਾਇਆ ਰਿਹਾ। ਤਦ ਪਿੱਛੋਂ ਇੱਕ ਹੰਸ ਆਤਮਾ ਨੇ ਹਿੰਮਤ ਕੀਤੀ ਅਤੇ ਕਿਹਾ ਕਿ ਪਿਤਾ ਜੀ ਮੈਂ ਜਾਣਾ ਚਾਹੁੰਦਾ ਹਾਂ। ਫਿਰ ਤਾਂ ਉਸਦੀ ਦੇਖਾ-ਦੇਖੀ (ਜੋ ਅੱਜ ਕਾਲ (ਬ੍ਰਹਮ) ਦੇ 21 ਬ੍ਰਹਿਮੰਡਾਂ ਵਿੱਚ ਫਸੀਆਂ ਹਨ) ਅਸੀਂ ਸਭ ਆਤਮਾਂਵਾਂ ਨੇ ਸਵੀਕ੍ਰਿਤੀ ਦੇ ਦਿੱਤੀ। ਪ੍ਰਮੇਸ਼ਵਰ ਕਬੀਰ ਜੀ ਨੇ ਜੋਤੀ ਨਿਰੰਜਨ ਨੂੰ ਕਿਹਾ ਕਿ ਆਪ ਆਪਣੇ ਸਥਾਨ ਉੱਤੇ ਜਾਓ। ਜਿਨ੍ਹਾਂ ਨੇ ਤੇਰੇ ਨਾਲ ਜਾਣ ਦੀ ਸਵੀਕ੍ਰਿਤੀ ਦਿੱਤੀ ਹੈ ਮੈਂ ਉਨ੍ਹਾਂ ਸਰਵ ਹੰਸ ਆਤਮਾਵਾਂ ਨੂੰ ਆਪਦੇ ਪਾਸ ਭੇਜ ਦੇਵਾਂਗਾ। ਜੋਤੀ ਨਿਰੰਜਨ ਆਪਣੇ 21 ਬ੍ਰਹਿਮੰਡਾਂ ਵਿੱਚ ਚਲਾ ਗਿਆ। ਉਸ ਸਮੇਂ ਤੱਕ ਇਹ ਇੱਕਿ ਬ੍ਰਹਿਮੰਡ ਸਤਿਲੋਕ ਵਿੱਚ ਹੀ ਸਨ।

ਉਸ ਤੋਂ ਬਾਅਦ ਪੂਰਣ ਬ੍ਰਹਮ ਨੇ ਸਭ ਤੋਂ ਪਹਿਲਾਂ ਸਵੀਕ੍ਰਿਤੀ ਦੇਣ ਵਾਲੇ ਹੰਸ ਨੂੰ ਲੜਕੀ ਦਾ ਰੂਪ ਦਿੱਤਾ ਪ੍ਰੰਤੂ ਇਸਤਰੀ ਇੰਦਰੀ ਨਹੀਂ ਰਚੀ ਅਤੇ ਸਰਵ ਆਤਮਾਂਵਾਂ ਨੂੰ (ਜਿਨ੍ਹਾਂ ਨੇ ਜੋਤੀ ਨਿਰੰਜਨ (ਬ੍ਰਹਮ) ਦੇ ਨਾਲ ਜਾਣ ਦੀ ਸਵੀਕ੍ਰਿਤੀ ਦਿੱਤੀ ਸੀ) ਉਸ ਲੜਕੀ ਦੇ ਸਰੀਰ ਵਿੱਚ ਪ੍ਰਵੇਸ਼ ਕਰ ਦਿੱਤਾ ਅਤੇ ਉਸਦਾ ਨਾਮ ਆਸ਼ਟੰਗੀ (ਆਦਿ ਮਾਇਆ/ਪ੍ਰਕ੍ਰਿਤੀ ਦੇਵੀ/ਦੁਰਗਾ)

ਪਿਆ ਅਤੇ ਸਤਿਪੁਰਸ਼ ਨੇ ਕਿਹਾ ਕਿ ਪੁੱਤਰੀ ਮੈਂ ਤੈਨੂੰ ਸ਼ਬਦ ਸ਼ਕਤੀ ਪ੍ਰਦਾਨ ਕਰ ਦਿੱਤੀ ਹੈ ਜਿੰਨੇ ਜੀਵ ਬ੍ਰਹਮ ਕਹੇ ਆਪ ਉਤਪੰਨ ਕਰ ਦੇਣਾ। ਪੂਰਣ ਬ੍ਰਹਮ ਕਵਿਰਦੇਵ (ਕਬੀਰ ਸਾਹਿਬ) ਆਪਣੇ ਪੁੱਤਰ ਸਹਿਜ ਦਾਸ ਦੇ ਦੁਆਰਾ ਪ੍ਰਕ੍ਰਿਤੀ ਨੂੰ ਸ਼ਰਪੁਰਸ਼ ਦੇ ਕੋਲ ਭੇਜ ਦਿੱਤਾ। ਸਹਿਜ ਦਾਸ ਜੀ ਨੇ ਜੋਤੀ ਨਿਰੰਜਨ ਨੂੰ ਦੱਸਿਆ ਕਿ ਪਿਤਾ ਜੀ ਨੇ ਇਸ ਭੈਣ ਦੇ ਸਰੀਰ ਵਿੱਚ ਉਨ੍ਹਾਂ ਸਰਵ ਆਤਮਾਵਾਂ ਨੂੰ ਪ੍ਰਵੇਸ਼ ਕਰ ਦਿੱਤਾ ਹੈ ਜਿਨ੍ਹਾਂ ਨੇ ਤੇਰੇ ਨਾਲ ਜਾਣ ਦੀ ਸਹਿਮਤੀ ਵਿਅਕਤ ਕੀਤੀ ਸੀ ਅਤੇ ਇਸਨੂੰ ਵਚਨ ਸ਼ਕਤੀ ਪ੍ਰਦਾਨ ਕੀਤੀ ਹੈ, ਆਪ ਜਿੰਨੇ ਜੀਵ ਚਾਹੋਗੇ ਪ੍ਰਕ੍ਰਿਤੀ ਆਪਣੇ ਸ਼ਬਦ ਨਾਲ ਉਤਪੰਨ ਕਰ ਦੇਵੇਗੀ। ਇਹ ਕਹਿ ਕੇ ਸਹਿਜ ਦਾਸ ਵਾਪਸ ਆਪਣੇ ਦੀਪ ਵਿੱਚ ਆ ਗਿਆ।

ਜਵਾਨ ਹੋਣ ਦੇ ਕਾਰਣ ਲੜਕੀ ਦਾ ਰੰਗ ਰੂਪ ਨਿੱਖਰਿਆ ਹੋਇਆ ਸੀ। ਬ੍ਰਹਮ ਦੇ ਅੰਦਰ ਵਿਸ਼ੇ-ਵਾਸਨਾ ਪੈਦਾ ਹੋ ਗਈ ਅਤੇ ਪ੍ਰਕ੍ਰਿਤੀ ਦੇ ਨਾਲ ਅਭੱਦਰ ਗਤੀਵਿਧੀ ਆਰੰਭ ਕੀਤੀ। ਤਦ ਦੁਰਗਾ ਨੇ ਕਿਹਾ ਕਿ ਜੋਤੀ ਨਿਰੰਜਨ ਮੇਰੇ ਪਾਸ ਪਿਤਾ ਜੀ ਦੀ ਪ੍ਰਦਾਨ ਕੀਤੀ ਹੋਈ ਸ਼ਬਦ ਸ਼ਕਤੀ ਹੈ। ਆਪ ਜਿੰਨੇ ਜੀਵ ਕਹੋਗੇ ਮੈਂ ਉਤਪੰਨ ਕਰ ਦੇਵਾਂਗੀ। ਆਪ ਮੈਥੁਨ ਪ੍ਰੰਪਰਾ ਸ਼ੁਰੂ ਨਾ ਕਰੋ। ਆਪ ਵੀ ਉਸੀ ਪਿਤਾ ਦੇ ਸ਼ਬਦ ਨਾਲ ਅੰਡੇ ਤੋਂ ਉਤਪੰਨ ਹੋਏ ਹੋ ਅਤੇ ਮੈਂ ਵੀ ਉਸੇ ਪਰਮ ਪਿਤਾ ਦੇ ਵਚਨ ਨਾਲ ਹੀ ਬਾਅਦ ਵਿੱਚ ਉਤਪੰਨ ਹੋਈ ਹਾਂ। ਆਪ ਮੇਰੇ ਵੱਡੇ ਭਾਈ ਹੋ, ਭੈਣ-ਭਾਈ ਦਾ ਇਹ ਯੋਗ ਮਹਾਂਪਾਪ ਦਾ ਕਾਰਨ ਬਣੇਗਾ। ਪ੍ਰੰਤੂ ਜੋਤੀ ਨਿਰੰਜਨ ਨੇ ਪ੍ਰਕ੍ਰਿਤੀ ਦੇਵੀ ਦੀ ਇੱਕ ਵੀ ਪ੍ਰਾਰਥਨਾਂ ਨਹੀਂ ਸੁਣੀ ਅਤੇ ਆਪਣੀ ਸ਼ਬਦ ਸ਼ਕਤੀ ਨਾਲ ਨਾਖੁਨਾ (ਨਹੁੰਆਂ) ਨਾਲ ਇਸਤਰੀ ਇੰਦਰੀ (ਭਗ) ਪ੍ਰਕ੍ਰਿਤੀ ਨੂੰ ਲਗਾ ਦਿੱਤੀ ਅਤੇ ਬਲਾਤਕਾਰ ਕਰਨ ਦੀ ਠਾਨੀ। ਉਸ ਸਮੇਂ ਦੁਰਗਾ ਨੇ ਆਪਣੀ ਇੱਜ਼ਤ ਰੱਖਿਆ ਦੇ ਲਈ ਕੋਈ ਹੋਰ ਚਾਰਾ ਨਾ ਦੇਖ ਸੂਖਸ਼ਮ ਰੂਪ ਬਣਾਇਆ ਅਤੇ ਜੋਤੀ ਨਿਰੰਜਨ ਦੇ ਖੁੱਲ੍ਹੇ ਮੁੱਖ ਦੁਆਰਾ ਉਸਦੇ ਪੇਟ ਵਿੱਚ ਪ੍ਰਵੇਸ਼ ਕਰਕੇ ਅਤੇ ਪੂਰਣ ਬ੍ਰਹਮ ਕਵਿਰਦੇਵ ਤੋਂ ਆਪਣੀ ਰੱਖਿਆ ਲਈ ਪ੍ਰਾਥਨਾ ਕੀਤੀ। ਉਸੀ ਸਮੇਂ ਕਵਿਰਦੇਵ ਆਪਣੇ ਪੁੱਤਰ ਯੋਗ-ਸੰਤਾਯਨ ਅਰਥਾਤ ਯੋਗਜੀਤ ਦਾ ਰੂਪ ਬਣਾ ਕੇ ਉੱਥੇ ਪ੍ਰਗਟ ਹੋਏ ਅਤੇ ਕੰਨਿਆ ਨੂੰ ਬ੍ਰਹਮ ਦੇ ਉਦਰ ਵਿੱਚੋਂ ਕੱਢਿਆ ਅਤੇ ਕਿਹਾ ਕਿ ਜੋਤੀ ਨਿਰੰਜਨ ਅੱਜ ਤੋਂ ਤੇਰਾ ਨਾਮ ਕਾਲ ਹੋਵੇਗਾ। ਤੇਰੇ ਜਨਮ-ਮ੍ਰਿਤੂ ਹੁੰਦੇ ਰਹਿਣਗੇ । ਇਸ ਲਈ ਤੇਰਾ ਨਾਮ ਸ਼ਰਪੁਰਸ਼ ਹੋਵੇਗਾ ਅਤੇ ਇੱਕ ਲੱਖ ਮਾਨਵ ਸ਼ਰੀਰ ਧਾਰੀ ਪ੍ਰਾਣੀਆਂ ਨੂੰ ਪ੍ਰਤੀਦਿਨ ਖਾਇਆ ਕਰੇਂਗਾ ਅਤੇ ਸਵਾ ਲੱਖ ਨੂੰ ਉਤਪੰਨ ਕਰਿਆ ਕਰੇਂਗਾ। ਆਪ ਦੋਨ੍ਹਾਂ ਨੂੰ 21 ਬ੍ਰਹਿਮੰਡਾਂ ਸਹਿਤ ਨਿਸ਼ਕਾਸ਼ਿਤ ਕੀਤਾ ਜਾਂਦਾ ਹੈ। ਇੰਨਾਂ ਕਹਿੰਦੇ ਹੀ 21 ਬ੍ਰਹਿਮੰਡ ਵਿਮਾਨ ਦੀ ਤਰ੍ਹਾਂ ਚੱਲ ਪਏ। ਸਹਿਜ ਦਾਸ ਦੇ ਦੀਪ ਦੇ ਕੋਲੋਂ ਹੁੰਦੇ ਹੋਏ ਸਤਲੋਕ ਤੋਂ ਸੋਲ੍ਹਾਂ (16) ਸੰਖ ਕੋਸ (ਇੱਕ ਕੋਸ ਲਗਭਗ 3 ਕਿ:ਮੀ: ਦਾ ਹੁੰਦਾ ਹੈ) ਦੀ ਦੂਰੀ ਉੱਤੇ ਜਾਕੇ ਰੁਕ ਗਏ।


ਵਿਸ਼ੇਸ਼ ਵਿਵਰਣ - ਹੁਣ ਤੱਕ ਤਿੰਨ ਸ਼ਕਤੀਆਂ ਦਾ ਵਿਵਰਣ ਆਇਆ ਹੈ।

1. ਪੂਰਣ ਬ੍ਰਹਮ ਜਿਸਨੂੰ ਹੋਰ ਉਪਮਾਤਮਿਕ ਨਾਂਵਾ ਨਾਲ ਵੀ ਜਾਣਿਆ ਜਾਂਦਾ ਹੈ, ਜਿਵੇਂ ਸਤਿਪੁਰਸ਼, ਅਕਾਲਪੁਰਸ਼, ਸ਼ਬਦਸਰੂਪੀ ਰਾਮ, ਪਰਮ ਅਕਸ਼ਰ ਬ੍ਰਹਮ/ਪੁਰਸ਼ ਆਦਿ। ਇਹ ਪੂਰਣ ਬ੍ਰਹਮ ਅਸੰਖ ਬ੍ਰਹਿਮੰਡਾਂ ਦਾ ਸਵਾਮੀ ਹੈ ਅਤੇ ਵਾਸਤਵ ਵਿੱਚ ਅਵਿਨਾਸ਼ੀ ਹੈ।

2. ਪਰਬ੍ਰਹਮ ਜਿਸਨੂੰ ਅਕਸ਼ਰ ਪੁਰਸ਼ ਵੀ ਕਿਹਾ ਜਾਂਦਾ ਹੈ । ਇਹ ਵਾਸਤਵ ਵਿੱਚ ਅਵਿਨਾਸ਼ੀ ਨਹੀਂ ਹੈ। ਇਹ ਸੱਤ ਸੰਖ ਬ੍ਰਹਿਮੰਡ ਦਾ ਸਵਾਮੀ ਹੈ।

3. ਬ੍ਰਹਮ ਜਿਸਨੂੰ ਜੋਤੀ ਨਿਰੰਜਨ, ਕਾਲ, ਕੈਲ, ਸ਼ਰ ਪੁਰਸ਼ ਅਤੇ ਧਰਮਰਾਏ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜੋ ਕੇਵਲ ਇੱਕੀ ਬ੍ਰਹਿਮੰਡਾਂ ਦਾ ਸਵਾਮੀ ਹੈ ।ਹੁਣ ਅੱਗੇ ਇਸੀ

# ਇੱਕ ਬ੍ਰਹਿਮੰਡ ਦਾ ਲਘੂ ਚਿੱਤਰ



ਬ੍ਰਹਮ (ਕਾਲ) ਦੀ ਸ੍ਰਿਸ਼ਟੀ ਦੇ ਇੱਕ ਬਹਿਮੰਡ ਦਾ ਪ੍ਰੀਚੈ ਦਿੱਤਾ ਜਾਵੇਗਾ, ਜਿਸ'ਚ ਤਿੰਨ ਹੋਰ ਨਾਮ ਆਪ ਜੀ ਦੇ ਪੜ੍ਹਨ ਵਿੱਚ ਆਉਣਗੇ :- ਬ੍ਰਹਮਾ, ਵਿਸ਼ਨੂ ਅਤੇ ਸ਼ਿਵ।

ਬ੍ਰਹਮ ਅਤੇ ਬ੍ਰਹਮਾ ਵਿੱਚ ਭੇਦ- ਇੱਕ ਬ੍ਰਹਿਮੰਡ ਵਿੱਚ ਬਣੇ ਸਰਵਉਪਰ ਸਥਾਨ ਉੱਤੇ ਬ੍ਰਹਮ (ਸ਼ਰ ਪੁਰਸ਼) ਸਵੈ ਤਿੰਨ ਗੁਪਤ ਸਥਾਨਾਂ ਦੀ ਰਚਨਾ ਕਰਕੇ ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਰੂਪ ਵਿੱਚ ਰਹਿੰਦਾ ਹੈ ਅਤੇ ਆਪਣੀ ਪਤਨੀ ਪ੍ਰਕ੍ਰਿਤੀ (ਦੁਰਗਾ) ਦੇ ਸਹਿਯੋਗ ਨਾਲ ਤਿੰਨ ਪੁੱਤਰਾਂ ਦੀ ਉਤਪੱਤੀ ਕਰਦਾ ਹੈ। ਉਨ੍ਹਾਂ ਦੇ ਨਾਮ ਵੀ ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਰੱਖਦਾ ਹੈ। ਜੋ ਬ੍ਰਹਮ ਦਾ ਪੁੱਤਰ ਬ੍ਰਹਮਾ ਹੈ ਉਹ ਇੱਕ ਬ੍ਰਹਿਮੰਡ ਵਿੱਚ ਸਿਰਫ ਤਿੰਨ ਲੋਕਾਂ ਪ੍ਰਿਥਵੀ ਲੋਕ, ਸਵਰਗ ਲੋਕ ਅਤੇ ਪਾਤਾਲ ਲੋਕ) ਵਿੱਚ ਇੱਕ ਰਜਗੁਣ ਵਿਭਾਗ ਦਾ ਮੰਤਰੀ (ਸਵਾਮੀ) ਹੈ। ਇਸਨੂੰ ਤ੍ਰਿਲੋਕੀ ਬ੍ਰਹਮਾ ਕਿਹਾ ਹੈ ਅਤੇ ਬ੍ਰਹਮ ਜੋ ਬ੍ਰਹਮਲੋਕ ਵਿੱਚ ਬ੍ਰਹਮਾ ਰੂਪ ਵਿੱਚ ਰਹਿੰਦਾ ਹੈ ਉਸਨੂੰ ਮਹਾਂਬ੍ਰਹਮਾ ਅਤੇ ਬ੍ਰਹਮ ਲੋਕੀਏ ਦਾ ਬ੍ਰਹਮਾ ਕਿਹਾ। ਇਸੀ ਬ੍ਰਹਮ (ਕਾਲ) ਨੂੰ ਸਦਾਸ਼ਿਵ, ਮਹਾਂਸ਼ਿਵ, ਮਹਾਂਵਿਸ਼ਨੂ ਵੀ ਕਿਹਾ ਹੈ।

ਸ਼੍ਰੀ ਵਿਸ਼ਨੂ ਪੁਰਾਣ ਵਿੱਚ ਪ੍ਰਮਾਣ:- ਚਤੁਰਥ ਅੰਸ਼ ਅਧਿ:1 ਪ੍ਰਸ਼ਠ 230-231 ਉੱਤੇ ਸ੍ਰੀ ਬ੍ਰਹਮਾ ਜੀ ਨੇ ਕਿਹਾ:- ਜਿਸ ਅਜੰਨਮਾ, ਸਰਵਮਯ ਵਿਧਾਤਾ ਪ੍ਰਮੇਸ਼ਵਰ ਦਾ ਆਦਿ, ਮੱਧ, ਅੰਤ, ਸਵਰੂਪ, ਸੁਭਾਅ ਅਤੇ ਸਾਰ ਅਸੀਂ ਨਹੀਂ ਜਾਣ ਪਾਉਂਦੇ (ਸਲੋਕ 83)

ਜੋ ਮੇਰਾ ਰੂਪ ਧਾਰਣ ਕਰ ਸੰਸਾਰ ਦੀ ਰਚਨਾ ਕਰਦਾ ਹੈ, ਸਥਿਤੀ ਦੇ ਸਮੇਂ ਜੋ ਪੁਰਸ਼ ਰੂਪ ਹੈ ਅਤੇ ਜੋ ਰੁਦਰ ਰੂਪ ਨਾਲ ਵਿਸ਼ਵ ਦਾ ਗ੍ਰਾਸ ਕਰ ਜਾਂਦਾ ਹੈ, ਅਨੰਤ ਰੂਪ ਨਾਲ ਸੰਪੂਰਣ ਜਗਤ ਨੂੰ ਧਾਰਣ ਕਰਦਾ ਹੈ। (ਸਲੋਕ 86)

## "ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਨੂ ਜੀ ਤੇ ਸ਼੍ਰੀ ਸ਼ਿਵਜੀ ਦੇ ਮਾਤਾ ਪਿਤਾ ਕੌਣ ਹਨ"

ਕਾਲ (ਬ੍ਰਹਮ) ਨੇ ਪ੍ਰਕ੍ਰਿਤੀ (ਦੁਰਗਾ) ਨੂੰ ਕਿਹਾ ਕਿ ਹੁਣ ਮੇਰਾ ਕੌਣ ਕੀ ਵਿਗਾੜੇਗਾ? ਮਨਮਾਨੀ ਕਰਾਂਗਾਂ ਪ੍ਰਕ੍ਰਿਤੀ ਨੇ ਫਿਰ ਪ੍ਰਾਰਥਨਾ ਕੀਤੀ ਕਿ ਆਪ ਕੁਝ ਸ਼ਰਮ ਕਰੋ। ਪ੍ਰਥਮ ਤਾਂ ਆਪ ਮੇਰੇ ਵੱਡੇ ਭਾਈ ਹੋ, ਕਿਉਂਕਿ ਉਸੇ ਪੂਰਣ ਪ੍ਰਮਾਤਮਾ (ਕਵਿਰਦੇਵ) ਦੀ ਵਚਨ ਸ਼ਕਤੀ ਤੋਂ ਤੁਹਾਡੀ (ਬ੍ਰਹਮ ਦੀ) ਅੰਡੇ ਤੋਂ ਉਤਪੱਤੀ ਹੋਈ ਅਤੇ ਬਾਅਦ ਵਿੱਚ ਮੇਰੀ ਉਤਪੱਤੀ ਉਸੀ ਪ੍ਰਮੇਸ਼ਵਰ ਦੇ ਵਚਨ ਤੋਂ ਹੋਈ ਹੈ। ਦੂਸਰਾ ਮੈਂ ਆਪਦੇ ਪੇਟ ਤੋਂ ਬਾਹਰ ਨਿਕਲੀ ਹਾਂ, ਮੈਂ ਤੁਹਾਡੀ ਬੇਟੀ ਹੋਈ ਅਰਥਾਤ ਆਪ ਮੇਰੇ ਪਿਤਾ ਹੋਏ। ਇਸ ਪਵਿੱਤਰ ਨਾਤੇ ਵਿੱਚ ਵਿਗਾੜ ਕਰਨਾ ਮਹਾਂਪਾਪ ਹੋਵੇਗਾ। ਮੇਰੇ ਪਾਸ ਪਿਤਾ ਜੀ ਦੀ ਪ੍ਰਦਾਨ ਕੀਤੀ ਹੋਈ ਸ਼ਬਦ ਸ਼ਕਤੀ ਹੈ, ਜਿੰਨੇ ਪ੍ਰਾਣੀ ਕਹੋਗੇ ਮੈਂ ਵਚਨ ਤੋਂ ਉਤਪੰਨ ਕਰ ਦੇਵਾਂਗੀ। ਜੋਤੀ ਨਿਰੰਜਨ ਨੇ ਦੁਰਗਾ ਦੀ ਇੱਕ ਵੀ ਬਿਨੈ ਨਹੀਂ ਸੁਣੀ ਅਤੇ ਕਿਹਾ ਮੈਨੂੰ ਜੋ ਸਜ਼ਾ ਮਿਲਣੀ ਸੀ ਮਿਲ ਗਈ, ਮੈਨੂੰ ਸਤਲੋਕ ਤੋਂ ਨਿਸ਼ਕਾਸ਼ਿਤ ਕਰ ਦਿੱਤਾ। ਹੁਣ ਮੈਂ ਮਨਮਾਨੀ ਕਰਾਂਗਾ। ਇਹ ਕਹਿਕੇ ਕਾਲ ਪੁਰਸ਼ (ਸ਼ਰਪੁਰਸ਼) ਨੇ ਪ੍ਰਕ੍ਰਿਤੀ ਨਾਲ ਜਬਰਦਸਤੀ ਸ਼ਾਦੀ ਕੀਤੀ ਅਤੇ ਤਿੰਨ ਪੁੱਤਰਾਂ (ਰਜਗੁਣ ਯੁਕਤ-ਬ੍ਰਹਮਾ ਜੀ, ਸਤਗੁਣ ਯੁਕਤ-ਵਿਸ਼ਨੂ ਜੀ, ਤਮਗੁਣ ਯੁਕਤ-ਸ਼ਿਵ ਸ਼ੰਕਰ ਜੀ) ਦੀ ਉਤਪੱਤੀ ਕੀਤੀ। ਜਵਾਨ ਹੋਣ ਤੱਕ ਤਿੰਨੋਂ ਪੁੱਤਰਾਂ ਨੂੰ ਦੁਰਗਾ ਦੇ ਦੁਆਰਾ ਅਚੇਤ ਕਰਵਾ ਦਿੰਦਾ ਹੈ, ਫਿਰ ਜਵਾਨ ਹੋਣ ਉੱਤੇ ਸ਼੍ਰੀ ਬ੍ਰਹਮਾ ਜੀ ਨੂੰ ਕਮਲ ਦੇ ਫੁੱਲ ਉੱਤੇ, ਸ੍ਰੀ ਵਿਸ਼ਨੂ ਜੀ ਨੂੰ ਸ਼ੇਸ਼ਨਾਗ ਜੀ ਦੀ ਸੇਜ ਉੱਤੇ ਅਤੇ ਸ੍ਰੀ ਸ਼ਿਵਜੀ ਨੂੰ ਕੈਲਾਸ਼ ਪਰਵਤ ਉੱਤੇ ਸਚੇਤ ਕਰਕੇ ਇੱਕਠੇ ਕਰ ਦਿੰਦਾ ਹੈ। ਤਦ ਪਿੱਛੋਂ ਪ੍ਰਕ੍ਰਿਤੀ (ਦੁਰਗਾ) ਦੇ ਦੁਆਰਾ ਇਨ੍ਹਾਂ ਤਿੰਨਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਅਤੇ ਇੱਕ

ਬ੍ਰਹਿਮੰਡ ਵਿੱਚ ਤਿੰਨ ਲੋਕਾਂ (ਸਵਰਗ ਲੋਕ, ਪ੍ਰਿਥਵੀ ਲੋਕ ਅਤੇ ਪਾਤਾਲ ਲੋਕ) ਵਿੱਚ ਇੱਕ-ਇੱਕ ਵਿਭਾਗ ਵਿੱਚ ਮੰਤਰੀ (ਪ੍ਰਭੂ) ਨਿਯੁਕਤ ਕਰ ਦਿੰਦਾ ਹੈ। ਜਿਵੇਂ ਸ੍ਰੀ ਬ੍ਰਹਮਾ ਜੀ ਨੂੰ ਰਜੋਗੁਣ ਵਿਭਾਗ ਦਾ ਅਤੇ ਸ੍ਰੀ ਵਿਸ਼ਣੂ ਜੀ ਨੂੰ ਸਤੋਗੁਣ ਵਿਭਾਗ ਦਾ ਅਤੇ ਸ੍ਰੀ ਸ਼ਿਵਜੀ ਨੂੰ ਤਮੋਗੁਣ ਵਿਭਾਗ ਦਾ ਅਤੇ ਆਪ ਗੁਪਤ (ਮਹਾਂਬ੍ਰਹਮਾ - ਮਹਾਂਵਿਸ਼ਣੂ- ਮਹਾਂਸ਼ਿਵ) ਰੂਪ ਵਿੱਚ ਮੁੱਖ ਮੰਤਰੀ ਪਦ ਨੂੰ ਸੰਭਾਲਦਾ ਹੈ । ਇੱਕ ਬ੍ਰਹਿਮੰਡ ਵਿੱਚ ਇੱਕ ਬ੍ਰਹਮਲੋਕ ਦੀ ਰਚਨਾ ਕੀਤੀ ਹੈ। ਉਸੇ ਵਿੱਚ ਤਿੰਨ ਗੁਪਤ ਸਥਾਨ ਬਣਾਏ ਹਨ। ਇੱਕ ਰਜੋਗੁਣ ਪ੍ਰਧਾਨ ਸਥਾਨ ਹੈ ਜਿੱਥੇ ਇਹ ਬ੍ਰਹਮ (ਕਾਲ) ਆਪ ਮਹਾਂਬ੍ਰਹਮਾ (ਮੁੱਖਮੰਤਰੀ) ਰੂਪ ਵਿੱਚ ਰਹਿੰਦਾ ਹੈ ਅਤੇ ਆਪਣੀ ਪਤਨੀ ਨੂੰ ਮਹਾਂਸਾਵਿਤਰੀ ਰੂਪ ਵਿੱਚ ਰੱਖਦਾ ਹੈ। ਇਨ੍ਹਾਂ ਦੋਨਾਂ ਦੇ ਸੰਯੋਗ ਨਾਲ ਜੋ ਪੁੱਤਰ ਇਸ ਸਥਾਨ ਉੱਤੇ ਉਤਪੰਨ ਹੁੰਦਾ ਹੈ ਉਹ ਆਪ ਹੀ ਰਜੋਗੁਣੀ ਬਣ ਜਾਂਦਾ ਹੈ। ਦੂਸਰਾ ਸਥਾਨ ਸਤੋਗੁਣ ਪ੍ਰਧਾਨ ਬਣਾਇਆ ਗਿਆ ਹੈ। ਉੱਥੇ ਸ਼ਰ ਪੁਰਸ਼ ਆਪ ਮਹਾਂਵਿਸ਼ਣੂ ਰੂਪ ਵਿੱਚ ਰਹਿੰਦਾ ਹੈ ਅਤੇ ਆਪਣੀ ਪਤਨੀ ਦੁਰਗਾ ਨੂੰ ਮਹਾਂਲਕਸ਼ਮੀ ਰੂਪ ਵਿੱਚ ਰੱਖਕੇ ਜੋ ਪੁੱਤਰ ਉਤਪੰਨ ਕਰਦਾ ਹੈ ਉਸਦਾ ਨਾਮ ਵਿਸ਼ਣੂ ਰੱਖਦਾ ਹੈ, ਇਹ ਬਾਲਕ ਸਤੋਗੁਣੀ ਹੁੰਦਾ ਹੈ ਅਤੇ ਤੀਸਰਾ ਇਸੀ ਕਾਲ ਨੇ ਉੱਥੇ ਹੀ ਇੱਕ ਤਮੋਗੁਣ ਪ੍ਰਧਾਨ ਖੇਤਰ ਬਣਾਇਆ ਹੈ। ਉਸ ਵਿੱਚ ਉਹ ਆਪ ਸਦਾਸ਼ਿਵ ਰੂਪ ਬਣਾਕੇ ਰਹਿੰਦਾ ਹੈ ਅਤੇ ਆਪਣੀ ਪਤਨੀ ਦੁਰਗਾ ਨੂੰ ਮਹਾਂਪਾਰਵਤੀ ਰੂਪ ਵਿੱਚ ਰੱਖਦਾ ਹੈ। ਇਨ੍ਹਾਂ ਦੋਹਾਂ ਦੇ ਪਤੀ-ਪਤਨੀ ਵਿਵਹਾਰ ਨਾਲ ਜੋ ਪੁੱਤਰ ਉਤਪੰਨ ਹੁੰਦਾ ਹੈ ਉਸਦਾ ਨਾਮ ਸ਼ਿਵ ਰੱਖ ਦਿੰਦੇ ਹਨ ਅਤੇ ਤਮੋਗੁਣ ਯੁਕਤ ਕਰ ਦਿੰਦੇ ਹਨ। (ਪ੍ਰਮਾਣ ਲਈ ਦੇਖੋ ਪਵਿੱਤਰ ਸ਼੍ਰੀ ਸ਼ਿਵ ਮਹਾਂਪੁਰਾਣ, ਵਿਧਵੇਸ਼ਵਰ ਰੁਦਰ ਸੰਹਿਤਾ ਪ੍ਰਸ਼ਠ 24-26 ਜਿਸ ਵਿੱਚ ਬ੍ਰਹਮਾ, ਵਿਸ਼ਣੂ, ਰੁਦਰ ਅਤੇ ਮਹੇਸ਼ਵਰ ਤੋਂ ਹੋਰ ਸਦਾਸ਼ਿਵ ਹੈ ਅਤੇ ਰੁਦਰ ਸੰਹਿਤਾ ਅ: 6 ਅਤੇ 7, 9 ਪ੍ਰਸ਼ਟ ਨੰ. 100 ਤੋਂ,105 ਅਤੇ 110 ਉੱਤੇ ਅਨੁਵਾਦ ਕਰਤਾ ਸ੍ਰੀ ਹਨੂੰਮਾਨ ਪ੍ਰਸ਼ਾਦ ਪੌਦਾਰ, ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ ਅਤੇ ਪਵਿੱਤਰ ਸ਼੍ਰੀ ਮੱਦਦੇਵੀ ਮਹਾਂਪੁਰਾਣ ਤੀਸਰਾ ਸਕੰਦ ਸਫਾ ਨੰ.114 ਤੋਂ 123 ਤੱਕ, ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ, ਜਿਸਦਾ ਅਨੁਵਾਦ ਕਰਤਾ ਸ਼੍ਰੀ ਹਨੂੰਮਾਨ ਪ੍ਰਸ਼ਾਦ ਪੌਦਾਰ ਚਿਮਨ ਲਾਲ ਗੋਸਵਾਮੀ) ਫਿਰ ਇਨ੍ਹਾਂ ਨੂੰ ਧੋਖੇ ਵਿੱਚ ਰੱਖਕੇ ਆਪਣੇ ਖਾਣ ਦੇ ਲਈ ਜੀਵਾਂ ਦੀ ਉਤਪੱਤੀ ਸ਼੍ਰੀ ਬ੍ਰਹਮਾ ਜੀ ਦੁਆਰਾ ਅਤੇ ਸਥਿਤੀ (ਇੱਕ ਦੂਸਰੇ ਨਾਲ ਮੋਹ ਮਮਤਾ ਵਿੱਚ ਰੱਖਕੇ ਕਾਲ ਜਾਲ ਵਿੱਚ ਰੱਖਣਾ) ਸ਼੍ਰੀ ਵਿਸ਼ਣੂ ਜੀ ਤੋਂ ਅਤੇ ਸੰਹਾਰ (ਕਿਉਂਕਿ ਕਾਲ ਪੁਰਸ਼ ਨੂੰ ਸ਼੍ਰਾਪ ਕਾਰਨ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਦੇ ਸ਼ੂਖਸ਼ਮ ਸਰੀਰ ਵਿੱਚੋਂ ਮੈਲ ਕੱਢਕੇ ਖਾਣਾ ਹੁੰਦਾ ਹੈ, ਉਸਦੇ ਲਈ ਇੱਕਿਵੇਂ ਬ੍ਰਹਿਮੰਡ ਵਿੱਚ ਇੱਕ ਤਪਤਸ਼ਿਲਾ ਹੈ ਜੋ ਹਮੇਸ਼ਾਂ ਗਰਮ ਰਹਿੰਦੀ ਹੈ, ਉਸ ਉੱਤੇ ਮਨੁੱਖਾਂ ਨੂੰ ਗਰਮ ਕਰਕੇ ਮੈਲ ਪਿਘਲਾ ਕੇ ਖਾਂਦਾ ਹੈ, ਜੀਵ ਮਰਦੇ ਨਹੀਂ ਪਰ ਕਸ਼ਟ ਅਸਹਿ ਹੁੰਦਾ ਹੈ, ਫਿਰ ਪ੍ਰਾਣੀਆਂ ਨੂੰ ਕਰਮ ਆਧਾਰ ਉੱਤੇ ਸਰੀਰ ਦਿੰਦਾ ਹੈ) ਸ੍ਰੀ ਸ਼ਿਵਜੀ ਦੁਆਰਾ ਕਰਵਾਉਂਦਾ ਹੈ। ਜਿਵੇਂ ਕਿਸੇ ਮਕਾਨ ਦੇ ਤਿੰਨ ਕਮਰੇ ਬਣੇ ਹੋਣ। ਇੱਕ ਕਮਰੇ ਵਿੱਚ ਅਸ਼ਲੀਲ ਚਿੱਤਰ ਲੱਗੇ ਹੋਣ, ਉਸ ਕਮਰੇ ਵਿੱਚ ਜਾਂਦੇ ਹੀ ਮਨ ਵਿੱਚ ਮਲੀਨ ਵਿਚਾਰ ਉਤਪੰਨ ਹੋ ਜਾਂਦੇ ਹਨ। ਦੂਸਰੇ ਕਮਰੇ ਵਿੱਚ ਸਾਧੂਆਂ-ਸੰਤਾਂ, ਭਗਤਾਂ ਦੇ ਚਿੱਤਰ ਲੱਗੇ ਹੋਣ ਤਾਂ ਮਨ ਵਿੱਚ ਚੰਗੇ ਵਿਚਾਰ, ਪ੍ਰਭੂ ਦਾ ਚਿੰਤਨ ਹੀ ਬਣਿਆ ਰਹਿੰਦਾ ਹੈ। ਤੀਸਰੇ ਕਮਰੇ ਵਿੱਚ ਦੇਸ਼ ਭਗਤਾਂ ਤੇ ਸ਼ਹੀਦਾਂ ਦੇ ਚਿੱਤਰ ਲੱਗੇ ਹੋਣ ਤਾਂ ਮਨ ਵਿੱਚ ਵੈਸੇ ਹੀ ਜੋਸ਼ੀਲੇ ਵਿਚਾਰ ਉਤਪੰਨ ਹੋ ਜਾਂਦੇ ਹਨ। ਠੀਕ ਇਸੇ ਤਰ੍ਹਾਂ ਬ੍ਰਹਮ (ਕਾਲ) ਨੇ ਆਪਣੀ ਸੂਝ-ਬੂਝ ਨਾਲ ਇਹ ਤਿੰਨੇ ਗੁਣ ਪ੍ਰਧਾਨ ਸਥਾਨਾਂ ਦੀ ਰਚਨਾ ਕੀਤੀ ਹੋਈ ਹੈ।

## “ਤਿੰਨੋਂ ਗੁਣ ਹੀ ਸ੍ਰੀ ਬ੍ਰਹਮਾ, ਸ੍ਰੀ ਵਿਸ਼ਨੂ ਅਤੇ ਸ੍ਰੀ ਸ਼ਿਵ ਜੀ ਹੈ”

“ਤਿੰਨੋਂ ਗੁਣ ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂ ਜੀ, ਤਮਗੁਣ ਸ਼ਿਵਜੀ ਹਨ। ਬ੍ਰਹਮ (ਕਾਲ) ਅਤੇ ਪ੍ਰਕ੍ਰਿਤੀ (ਦੁਰਗਾ) ਤੋਂ ਉਤਪੰਨ ਹੋਏ ਹਨ ਅਤੇ ਤਿੰਨੋਂ ਨਾਸ਼ਵਾਨ ਹਨ।

ਪ੍ਰਮਾਣ:- ਗੀਤਾ ਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ ਸ੍ਰੀ ਸ਼ਿਵ ਮਹਾਂਪੁਰਾਣ ਜਿਸਦੇ ਸੰਪਾਦਕ ਹਨ ਸ੍ਰੀ ਹਨੂੰਮਾਨ ਪ੍ਰਸ਼ਾਦ ਪੌਦਾਰ ਸਫਾ ਨੰ. 24-26 ਵਿਧਵੇਸ਼ਵਰ ਸੰਹਿਤਾ ਅਤੇ ਪ੍ਰਸ਼ਠ 110 ਅ: 9 ਰੁਦਰ ਸੰਹਿਤਾ “ਇਸ ਤਰ੍ਹਾਂ ਬ੍ਰਹਮਾ-ਵਿਸ਼ਨੂ ਅਤੇ ਸ਼ਿਵ ਤਿੰਨੋਂ ਦੇਵਤਾਵਾਂ ’ਚ ਗੁਣ ਹਨ, ਪ੍ਰੰਤੂ ਸ਼ਿਵ (ਬ੍ਰਹਮ-ਕਾਲ) ਗੁਣਾਤੀਤ ਕਿਹਾ ਗਿਆ ਹੈ।”

ਦੂਸਰਾ ਪ੍ਰਮਾਣ:-ਗੀਤਾਪ੍ਰੈਸ ਗੋਰਖਪੁਰ ਤੋਂ ਪ੍ਰਕਾਸ਼ਿਤ ਸ੍ਰੀਮਦ ਦੇਵੀਭਾਗਵਤ ਪੁਰਾਣ ਜਿਸਦੇ ਸੰਪਾਦਕ ਹਨ ਸ੍ਰੀ ਹਨੂੰਮਾਨ ਪ੍ਰਸ਼ਾਦ ਪੌਦਾਰ ਚਿਮਨ ਲਾਲ ਗੋਸਵਾਮੀ, ਤੀਸਰਾ ਸਕੰਦ, ਅ: 5 ਪ੍ਰਸ਼ਠ 123:- ਭਗਵਾਨ ਵਿਸ਼ਨੂ ਨੇ ਦੁਰਗਾ ਦੀ ਉਸਤੁਤੀ ਕੀਤੀ ਕਿਹਾ ਕਿ ਮੈਂ (ਵਿਸ਼ਨੂ), ਬ੍ਰਹਮਾ ਅਤੇ ਸ਼ੰਕਰ ਤੁਹਾਡੀ ਕਿਰਪਾ ਨਾਲ ਹੀ ਵਿਦਮਾਨ ਹਾਂ। ਸਾਡਾ ਤਾਂ ਆਭਿਰਭਾਵ (ਜਨਮ) ਅਤੇ ਤਿਰੋਭਾਵ (ਮ੍ਰਿਤੂ) ਹੁੰਦੀ ਹੈ। ਅਸੀਂ ਅਮਰ (ਅਵਿਨਾਸ਼ੀ) ਨਹੀਂ ਹਾਂ। ਆਪ ਹੀ ਨਿੱਤਯ ਹੋ, ਜਗਤ ਜਨਨੀ ਹੋ, ਪ੍ਰਕ੍ਰਿਤੀ ਅਤੇ ਸਨਾਤਨੀ ਦੇਵੀ ਹੋ। ਭਗਵਾਨ ਸ਼ੰਕਰ ਨੇ ਕਿਹਾ ਜੇ ਭਗਵਾਨ ਬ੍ਰਹਮਾ ਅਤੇ ਭਗਵਾਨ ਵਿਸ਼ਨੂ ਆਪਦੇ ਤੋਂ ਉਤਪੰਨ ਹੋਏ ਹਨ ਤਾਂ ਉਸਤੋਂ ਬਾਅਦ ਉਤਪੰਨ ਹੋਣ ਵਾਲਾ ਮੈਂ ਤਮੋਗੁਣੀ ਲੀਲਾ ਕਰਨ ਵਾਲਾ ਸ਼ੰਕਰ ਕਿ ਆਪਦੀ ਸੰਤਾਨ ਨਹੀਂ ਹੋਇਆ? ਅਰਥਾਤ ਮੈਨੂੰ ਉਤਪੰਨ ਕਰਨ ਵਾਲੀ ਆਪ ਹੀ ਹੋ। ਇਸ ਸੰਸਾਰ ਦੀ ਸ੍ਰਿਸ਼ਟੀ-ਸਥਿਤੀ-ਸੰਹਾਰ ਵਿੱਚ ਤੁਹਾਡੇ ਗੁਣ ਸਦਾ ਸਰਵਦਾ ਹਨ। ਇਹਨਾਂ ਤਿੰਨੋਂ ਗੁਣਾਂ ਤੋਂ ਉਤਪੰਨ ਹੋਏ ਅਸੀਂ, ਬ੍ਰਹਮਾ-ਵਿਸ਼ਨੂ ਤੇ ਸ਼ੰਕਰ ਨਿਯਮ ਅਨੁਸਾਰ ਕਾਰਜ ਕਰਨ ਲਈ ਤੱਤਪਰ ਰਹਿੰਦੇ ਹਾਂ।

ਉਪਰੋਕਤ ਇਹ ਵਿਵਰਨ ਕੇਵਲ ਅਨੁਵਾਦਿਤ ਸ੍ਰੀ ਦੇਵੀ ਮਹਾਂਪੁਰਣ ਵਿੱਚ ਹੈ, ਜਿਸ ਵਿੱਚ ਕੁਝ ਤੱਥਾਂ ਨੂੰ ਛੁਪਾਇਆ ਗਿਆ ਹੈ। ਇਸ ਲਈ ਇਹੀ ਪ੍ਰਮਾਣ ਦੇਖੋ ਸ੍ਰੀ ਮਦ ਦੇਵੀ ਭਾਗਵਤ ਮਹਾਂਪੁਰਾਣ ਸਭਾਸ਼ਟਿਕਮ ਸਮਾਹਾਤਯਮ, ਖੇਮਰਾਜ ਸ੍ਰੀ ਕ੍ਰਿਸ਼ਨ ਦਾਸ ਪ੍ਰਕਾਸ਼ਨ ਮੁੰਬਈ, ਇਸ ਵਿੱਚ ਸੰਸਕ੍ਰਿਤ ਸਹਿਤ ਹਿੰਦੀ ਅਨੁਵਾਦ ਕੀਤਾ ਹੈ। ਤੀਸਰਾ ਸਕੰਦ ਅ: 4 ਪ੍ਰਸ਼ਠ 10, ਸਲੋਕ 42:-

ਬ੍ਰਹਮਾਂ-ਅਹਿਮ ਇਸ਼ਵ੍ਰਹ ਫਿਲ ਤੇ ਪ੍ਰਭਾਵਾਤਸ੍ਰਵੇ ਵਿਯੰ ਜਾਨਿ ਯੂਤਾ ਨ ਯਦਾ ਤੂ ਨਿਤਿਆਹ ਕੇ ਅਨੰਯੇ ਸੁਰਾਹ ਸ਼ਤਸਖ ਪ੍ਰਮੁੱਖਾਹ ਚ ਨਿਤਿਆ ਨਿਤਿਆ ਤਵਮੇਵ ਜਨਨੀ ਪ੍ਰਕ੍ਰਿਤੀਹ ਪੁਰਾਣਾ। (42)

ਪੰਜਾਬੀ ਅਨੁਵਾਦ:- ਹੇ ਮਾਤਾ! ਬ੍ਰਹਮਾ, ਮੈਂ ਅਤੇ ਸ਼ਿਵ ਤੇਰੇ ਪ੍ਰਭਾਵ ਤੋਂ ਹੀ ਜਨਮਵਾਨ ਹਾਂ, ਨਿੱਤ ਨਹੀਂ ਹਾਂ, ਅਰਥਾਤ ਅਸੀਂ ਅਵਿਨਾਸ਼ੀ ਨਹੀ ਹਾਂ, ਫਿਰ ਦੂਜੇ ਇੰਦਰ ਆਦਿ ਦੇਵਤਾ ਕਿਸ ਤਰ੍ਹਾਂ ਨਿੱਤ ਹੋ ਸਕਦੇ ਹਨ। ਆਪ ਹੀ ਅਵਿਨਾਸ਼ੀ ਹੋ, ਪ੍ਰਕ੍ਰਿਤੀ ਅਤੇ ਸਨਾਤਨੀ ਦੇਵੀ ਹੋ। (42)

ਪ੍ਰਸ਼ਠ 11-12, ਅਧਿਆਇ 5, ਸਲੋਕ 8:- ਯਦਿ ਦਿਯਾਦ੍ਰਮਨਾਂ ਨ ਸਦਾਂ ਬਿਕੇ ਕਥਮਹੰ ਵਿਹਿਤਹ ਚ ਤਮੋਗੁਣਹ ਕਮਲਜਸ਼ਚ ਰਜੋਗਣਸੰਭਵਹ ਸੁਵਿਹਿਤਹ ਕਿਮੁ ਸਤਵਗੁਣੋਂ ਹਰਿਹ। (8)

ਅਨੁਵਾਦ:- ਭਗਵਾਨ ਸ਼ੰਕਰ ਬੋਲੇ:-ਹੇ ਮਾਤਾ! ਜੇ ਆਪ ਸਾਡੇ ਉੱਪਰ ਆਪ ਦਯਾ ਯੁਕਤ ਹੋ ਤਾਂ ਮੈਨੂੰ ਤਮਗੁਣ ਕਿਉਂ ਬਣਾਇਆ, ਕਮਲ ਤੋਂ ਉਤਪੰਨ ਬ੍ਰਹਮਾ ਨੂੰ ਰਜੋਗੁਣ ਕਿਸ

ਲਈ ਬਣਾਇਆ ਅਤੇ ਵਿਸ਼ਣੂ ਨੂੰ ਸਤੋਗੁਣ ਕਿਉਂ ਬਣਾਇਆ? ਅਰਥਾਤ ਜੀਵਾਂ ਦੇ ਜਨਮ-ਮਰਣ ਰੂਪੀ ਦੁਸ਼ਕਰਮ ਵਿੱਚ ਕਿਉਂ ਲਗਾਇਆ?

ਸਲੋਕ 12:-ਰਮਯਸੇ ਸਵਪਤਿੰ ਪੁਰਸ਼ਿੰ ਸਦਾ ਤਵ ਗਤਿੰ ਨ ਹਿ ਵਿਹ ਵਦਮ ਸ਼ਿਵੇ (12)

ਹਿੰਦੀ:- ਆਪਣੇ ਪਤੀ ਪੁਰਸ਼ ਅਰਥਾਤ ਕਾਲ ਭਗਵਾਨ ਦੇ ਨਾਲ ਸਦਾ ਭੋਗ-ਵਿਲਾਸ ਕਰਦੀ ਰਹਿੰਦੀ ਹੋ। ਤੁਹਾਡੀ ਗਤੀ ਕੋਈ ਨਹੀਂ ਜਾਣਦਾ।

ਨਿਸ਼ਕ੍ਰਸ਼:- ਉਪਰੋਕਤ ਪ੍ਰਮਾਣਾਂ ਤੋਂ ਪ੍ਰਮਾਣਿਤ ਹੋਇਆ ਕਿ ਰਜਗੁਣ-ਬ੍ਰਹਮਾ, ਸਤਗੁਣ-ਵਿਸ਼ਣੂ, ਅਤੇ ਤਮਗੁਣ-ਸ਼ਿਵ ਹੈ ਇਹ ਤਿੰਨੋਂ ਨਾਸ਼ਵਾਨ ਹਨ। ਦੁਰਗਾ ਦਾ ਪਤੀ ਬ੍ਰਹਮ (ਕਾਲ) ਹੈ, ਇਹ ਉਸ ਨਾਲ ਭੋਗ ਵਿਲਾਸ ਕਰਦਾ ਹੈ।

## "ਬ੍ਰਹਮ (ਕਾਲ) ਦੀ ਅਵਿਅਕਤ ਰਹਿਣ ਦੀ ਪ੍ਰਤਿੱਗਆ"

### ਸੂਖਸ਼ਮ ਵੇਦ ਤੋਂ ਸ਼ੇਸ਼ ਸ੍ਰਿਸ਼ਟੀ ਰਚਨਾ-----

ਤਿੰਨੋਂ ਪੁੱਤਰਾਂ ਦੀ ਉਤਪੱਤੀ ਤੋਂ ਪਿੱਛੋਂ ਬ੍ਰਹਮ ਨੇ ਆਪਣੀ ਪਤਨੀ ਦੁਰਗਾ (ਪ੍ਰਕੀਤੀ) ਨੂੰ ਕਿਹਾ ਕਿ ਭਵਿੱਖ ਵਿੱਚ ਮੈਂ ਪ੍ਰਤਿੱਗਿਆ ਕਰਦਾ ਹਾਂ ਕਿ ਭਵਿੱਖ ਵਿੱਚ ਮੈਂ ਕਿਸੇ ਨੂੰ ਆਪਣੇ ਵਾਸਤਵਿਕ ਰੂਪ ਵਿੱਚ ਦਰਸ਼ਨ ਨਹੀਂ ਦੇਵਾਂਗਾ। ਜਿਸ ਕਾਰਨ ਤੋਂ ਮੈਂ ਅਵਿਅਕਤ ਮੰਨਿਆ ਜਾਂਵਾਂਗਾ। ਦੁਰਗਾ ਨੂੰ ਕਿਹਾ ਕਿ ਆਪ ਮੇਰਾ ਭੇਦ ਕਿਸੇ ਨੂੰ ਨਾ ਦੇਣਾ। ਮੈਂ ਗੁਪਤ ਰਹਾਂਗਾਂ । ਦੁਰਗਾ ਨੇ ਪੁੱਛਿਆ ਕਿ ਕਿ ਆਪ ਆਪਣੇ ਪੁੱਤਰਾਂ ਨੂੰ ਵੀ ਦਰਸ਼ਨ ਨਹੀਂ ਦੇਵੋਗੇ? ਬ੍ਰਹਮ ਨੇ ਕਿਹਾ ਮੈਂ ਆਪਣੇ ਪੁੱਤਰਾਂ ਨੂੰ ਅਤੇ ਹੋਰ ਨੂੰ ਕਿਸੇ ਵੀ ਸਾਧਨਾਂ ਤੋਂ ਦਰਸ਼ਨ ਨਹੀਂ ਦੇਵਾਂਗਾ, ਇਹ ਮੇਰਾ ਅਟਲ ਨਿਯਮ ਹੈ। ਦੁਰਗਾ ਨੇ ਕਿਹਾ ਕਿ ਇਹ ਆਪਦਾ ਉੱਤਮ ਨਿਯਮ ਨਹੀਂ ਹੈ ਜੋ ਆਪ ਆਪਣੀ ਸੰਤਾਨ ਤੋਂ ਵੀ ਛੁਪੇ ਰਹੋਂਗੇ। ਤਦ ਕਾਲ ਨੇ ਕਿਹਾ ਦੁਰਗਾ ਮੇਰੀ ਬੇਵੱਸੀ ਹੈ। ਮੈਨੂੰ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਦਾ ਆਹਾਰ ਕਰਨ ਦਾ ਸ਼ਰਾਪ ਲੱਗਿਆ ਹੈ। ਜੇ ਮੇਰੇ ਪੁੱਤਰਾਂ (ਬ੍ਰਹਮਾ, ਵਿਸ਼ਣੂ, ਸ਼ਿਵ) ਨੂੰ ਪਤਾ ਲੱਗ ਗਿਆ ਤਾਂ ਇਹ ਉਤਪੱਤੀ, ਸਥਿਤੀ ਅਤੇ ਸੰਹਾਰ ਦਾ ਕਾਰਜ ਨਹੀਂ ਕਰਨਗੇ। ਇਸ ਲਈ ਇਹ ਮੇਰਾ ਅਣ ਉੱਤਮ ਨਿਯਮ ਸਦਾ ਰਹੇਗਾ। ਜਦੋਂ ਇਹ ਤਿੰਨੋਂ ਕੁਝ ਵੱਡੇ ਹੋ ਜਾਣ ਤਾਂ ਇਨ੍ਹਾਂ ਨੂੰ ਅਚੇਤ ਕਰ ਦੇਣਾ। ਮੇਰੇ ਵਿਸ਼ੇ ਵਿੱਚ ਕੁਝ ਨਾ ਦੱਸੀਂ, ਨਹੀਂ ਤਾਂ ਮੈਂ ਤੈਨੂੰ ਵੀ ਦੰਡ ਦੇਵਾਂਗਾ। ਦੁਰਗਾ ਇਸ ਡਰ ਦੇ ਮਾਰੇ ਸੱਚਾਈ ਨਹੀਂ ਦੱਸਦੀ। ਇਸ ਲਈ ਗੀਤਾ ਅਧਿ: 7 ਸਲੋਕ 24 ਵਿੱਚ ਕਿਹਾ ਹੈ ਕਿ ਇਹ ਬੁੱਧੀਹੀਣ ਜਨ ਸਮੁਦਾਇ ਮੇਰੇ ਅਣਉੱਤਮ ਨਿਯਮ ਤੋਂ ਆਪ੍ਰਿਚਤ ਹਨ ਕਿ ਕਦੀ ਵੀ ਕਿਸੇ ਦੇ ਸਾਹਮਣੇ ਪ੍ਰਗਟ ਨਹੀਂ ਹੁੰਦਾ ਆਪਣੀ ਯੋਗਮਾਇਆ ਨਾਲ ਛੁਪਿਆ ਰਹਿੰਦਾ ਹਾਂ। ਇਸਲਈ ਮੈਨੂੰ ਅਵਿਅਕਤ ਨੂੰ ਮਨੁੱਖ ਰੂਪ ਵਿੱਚ ਆਇਆ ਹੋਇਆ ਅਰਥਾਤ ਕ੍ਰਿਸ਼ਨ ਮੰਨਦੇ ਹਨ।

(ਅਬੁੱਧਮਹ:) ਬੁੱਧੀਹੀਣ (ਮਮ) ਮੇਰੇ (ਅਨੁਉਤਮ) ਅਰਥਾਤ ਘਟੀਆ (ਅਵਯਯਮ) ਅਵਿਨਾਸ਼ੀ (ਪਰਮ ਭਾਵਮ) ਵਿਸ਼ੇਸ਼ ਭਾਵ ਨੂੰ (ਅਜਾਨੰਤਰ) ਨਾ ਜਾਣਦੇ ਹੋਏ (ਮਾਮ ਅਵਯਕਤਮ) ਮੁਝ ਅਵਿਅਕਤ ਨੂੰ (ਵਿਅਕਤਮ) ਮਨੁੱਖ ਰੂਪ ਵਿੱਚ (ਆਪੰਨਮ) ਆਇਆ (ਮੰਨਯੰਤੇ) ਮੰਨਦੇ ਹਨ, ਅਰਥਾਤ ਮੈਂ ਕ੍ਰਿਸ਼ਨ ਨਹੀਂ ਹਾਂ। (ਗੀਤਾ ਅਧਿਆਇ 7 ਸਲੋਕ 24)

ਗੀਤਾ ਅਧਿਆਇ 11 ਸਲੋਕ 47 ਅਤੇ 48 ਵਿੱਚ ਕਿਹਾ ਹੈ ਕਿ ਇਹ ਮੇਰਾ ਵਾਸਤਵ ਕਾਲ ਰੂਪ ਹੈ। ਇਸਦੇ ਦਰਸ਼ਨ ਅਰਥਾਤ ਬ੍ਰਹਮ ਪ੍ਰਾਪਤੀ ਨਾ ਵੇਦਾਂ ਵਿੱਚ ਵਰਣਿਤ ਵਿਧੀ ਤੋਂ, ਨਾ ਜਪ ਤੋਂ, ਨਾ ਤਪ ਤੋਂ ਅਤੇ ਨਾ ਕਿਸੀ ਕਿਰਿਆ ਤੋਂ ਹੋ ਸਕਦੀ ਹੈ।

ਜਦੋਂ ਤਿੰਨੋਂ ਬੱਚੇ ਜਵਾਨ ਹੋ ਗਏ ਤਾਂ ਮਾਤਾ ਭਵਾਨੀ (ਪ੍ਰਕ੍ਰਿਤੀ, ਅਸ਼ਟੰਗੀ) ਨੇ ਕਿਹਾ ਕਿ ਆਪ ਜਾਕੇ ਸਾਗਰ ਮੰਥਨ ਕਰੋ। ਪਹਿਲੀ ਵਾਰ ਸਾਗਰ ਮੰਥਨ ਕੀਤਾ ਤਾਂ (ਜੋਤੀ ਨਿਰੰਜਨ ਨੇ ਆਪਣੇ ਸਵਾਂਸ ਦੁਆਰਾ ਚਾਰ ਵੇਦ ਉਤਪੰਨ ਕੀਤੇ। ਉਨ੍ਹਾਂ ਨੂੰ ਗੁਪਤਬਾਣੀ ਦੁਆਰਾ ਆਗਿਆ ਦਿੱਤੀ ਕਿ ਸਾਗਰ ਵਿੱਚ ਨਿਵਾਸ ਕਰੋ) ਚਾਰੋਂ ਵੇਦ ਨਿਕਲੇ ਉਹ ਬ੍ਰਹਮਾ ਨੇ ਲਏ। ਵਸਤੂ ਲੈਕੇ ਤਿੰਨੋਂ ਬੱਚੇ ਮਾਤਾ ਦੇ ਪਾਸ ਆਏ ਤਾਂ ਮਾਤਾ ਨੇ ਕਿਹਾ ਕਿ ਚਾਰੋਂ ਵੇਦਾਂ ਨੂੰ ਬ੍ਰਹਮਾ ਰੱਖੇ ਤੇ ਪੜ੍ਹੇ।

ਨੋਟ:- ਵਾਸਤਵ ਵਿੱਚ ਪੂਰਣ ਬ੍ਰਹਮ ਨੇ, ਬ੍ਰਹਮ ਅਰਥਾਤ ਕਾਲ ਨੂੰ ਪੰਜ ਵੇਦ ਪ੍ਰਦਾਨ ਕੀਤੇ ਸਨ। ਪ੍ਰਤੂੰ ਬ੍ਰਹਮ ਨੇ ਕੇਵਲ ਚਾਰ ਵੇਦਾਂ ਨੂੰ ਪ੍ਰਗਟ ਕੀਤਾ। ਪੰਜਵਾਂ ਵੇਦ ਛੁਪਾ ਦਿੱਤਾ। ਜੋ ਪੂਰਣ ਪ੍ਰਮਾਤਮਾ ਨੇ ਆਪ ਪ੍ਰਗਟ ਹੋਕੇ ਕਵਿਰਗ੍ਰਿਭੀਹ ਅਰਥਾਤ (ਕਬੀਰ ਬਾਣੀ) ਦੁਆਰਾ ਲਕੋਕਤੀਆਂ ਤੇ ਦੋਹਿਆਂ ਦੇ ਮਾਧਿਅਮ ਨਾਲ ਪ੍ਰਗਟ ਕੀਤਾ।

ਦੂਸਰੀ ਵਾਰ ਸਾਗਰ ਮੰਥਨ ਕੀਤਾ ਤਾਂ ਤਿੰਨ ਕੰਨਿਆਂ ਮਿਲੀਆਂ। ਮਾਤਾ ਨੇ ਤਿੰਨਾਂ ਨੂੰ ਵੰਡ ਦਿੱਤਾ। ਪ੍ਰਕ੍ਰਿਤੀ (ਦੁਰਗਾ) ਨੇ ਆਪਣੇ ਹੀ ਹੋਰ ਤਿੰਨ ਰੂਪ (ਸਾਵਿਤਰੀ, ਲਕਸ਼ਮੀ ਅਤੇ ਪਾਰਵਤੀ) ਧਾਰਨ ਕਿਤੇ ਅਤੇ ਸਮੁੰਦਰ ਵਿੱਚ ਛੁਪਾ ਦਿੱਤੀਆਂ ਅਤੇ ਸਾਗਰ ਮੰਥਨ ਦੇ ਸਮੇਂ ਬਾਹਰ ਆ ਗਈਆਂ। ਉਹੀ ਪ੍ਰਕ੍ਰਿਤੀ ਤਿੰਨ ਰੂਪ ਹੋਈ ਅਤੇ ਭਗਵਾਨ ਬ੍ਰਹਮਾ ਨੂੰ ਸਵਿੱਤਰੀ, ਭਗਵਾਨ ਵਿਸ਼ਣੂ ਨੂੰ ਲੱਛਮੀ, ਸ਼ੰਕਰ ਨੂੰ ਪਾਰਵਤੀ ਪਤਨੀ ਰੂਪ ਵਿੱਚ ਦੇ ਦਿੱਤੀਆਂ। ਤਿੰਨਾਂ ਨੇ ਭੋਗ ਵਿਲਾਸ ਕੀਤਾ, ਸੁਰ ਅਤੇ ਅਸੁਰ ਦੋਨੋਂ ਪੈਦਾ ਹੋਏ।

(ਜਦ ਤੀਸਰੀ ਵਾਰ ਸਾਗਰ ਮੰਥਨ ਕੀਤਾ ਤਾਂ ਚੌਦਾਂ ਰਤਨ ਬ੍ਰਹਮਾ ਨੂੰ ਅਤੇ ਅੰਮ੍ਰਿਤ ਵਿਸ਼ਣੂ ਅਤੇ ਦੇਵਤਾਂਵਾਂ ਨੂੰ, ਮਦ (ਸ਼ਰਾਬ) ਅਸੁਰਾਂ ਨੂੰ ਅਤੇ ਜ਼ਹਿਰ ਪ੍ਰਮਾਰਥ ਸ਼ਿਵ ਨੇ ਆਪਣੇ ਕੰਠ ਵਿੱਚ ਠਹਿਰਾਇਆ। ਇਹ ਤਾਂ ਬਹੁਤ ਬਾਅਦ ਦੀ ਗੱਲ ਹੈ।) ਜਦ ਬ੍ਰਹਮਾ ਵੇਦ ਪੜ੍ਹਨ ਲੱਗੇ ਤਾਂ ਪਤਾ ਚੱਲਿਆ ਕਿ ਕੋਈ ਸਾਰੇ ਬ੍ਰਹਿਮੰਡਾਂ ਦੀ ਰਚਨਾ ਕਰਨ ਵਾਲਾ ਕੁੱਲ ਦਾ ਮਾਲਿਕ ਪੁਰਸ਼ (ਪ੍ਰਭੂ) ਹੋਰ ਹੈ। ਤਦ ਬ੍ਰਹਮਾ ਜੀ ਨੇ ਵਿਸ਼ਣੂ ਜੀ ਨੂੰ ਅਤੇ ਸ਼ੰਕਰ ਜੀ ਨੂੰ ਦੱਸਿਆ ਕਿ ਵੇਦਾਂ ਵਿੱਚ ਵਰਣਨ ਹੈ ਕਿ ਸਿਰਜਨਹਾਰ ਕੋਈ ਹੋਰ ਪ੍ਰਭੂ ਹੈ ਪ੍ਰੰਤੂ ਵੇਦ ਕਹਿੰਦੇ ਹਨ ਕਿ ਅਸੀਂ ਵੀ ਨਹੀਂ ਜਾਣਦੇ , ਇਸਦੇ ਲਈ ਸੰਕੇਤ ਹੈ ਕਿਸੀ ਤੱਤਵਦਰਸ਼ੀ ਸੰਤ ਤੋਂ ਪੁੱਛੋ। ਤਦ ਬ੍ਰਹਮਾ ਮਾਤਾ ਦੇ ਕੋਲ ਗਿਆ ਅਤੇ ਸਭ ਵਿਰਤਾਂਤ ਕਿਹ ਸੁਣਾਇਆ। ਮਾਤਾ ਕਿਹਾ ਕਰਦੀ ਸੀ ਕਿ ਮੇਰੇ ਤੋਂ ਅਤਿਰਕਤ ਹੋਰ ਕੋਈ ਨਹੀਂ ਹੈ। ਮੈਂ ਹੀ ਕਰਤਾ ਹਾਂ। ਮੈਂ ਹੀ ਸਰਵ ਸ਼ਕਤੀਮਾਨ ਹਾਂ ਪ੍ਰਤੂੰ ਬ੍ਰਹਮਾ ਨੇ ਕਿਹਾ ਕਿ ਵੇਦ ਈਸ਼ਵਰ ਕਿਰਤ ਹਨ ਇਹ ਝੂਠ ਨਹੀਂ ਹੋ ਸਕਦੇ। ਦੁਰਗਾ ਨੇ ਕਿਹਾ ਕਿ ਤੇਰਾ ਪਿਤਾ ਤੈਨੂੰ ਦਰਸ਼ਨ ਨਹੀਂ ਦੇਵੇਗਾ, ਉਸਨੇ ਪ੍ਰਤਿੱਗਿਆ ਕੀਤੀ ਹੋਈ ਹੈ। ਫਿਰ ਬ੍ਰਹਮਾ ਨੇ ਕਿਹਾ ਕਿ ਹੁਣ ਆਪਦੀ ਗੱਲ ਉੱਤੇ ਅਵਿਸ਼ਵਾਸ਼ ਹੋ ਗਿਆ ਹੈ। ਮੈਂ ਉਸ ਪੁਰਸ਼ (ਪ੍ਰਭੂ) ਦਾ ਪਤਾ ਲਗਾ ਕੇ ਹੀ ਰਹਾਂਗਾ ਦੁਰਗਾ ਨੇ ਕਿਹਾ ਕਿ ਜੇ ਉਨ੍ਹਾਂ ਨੇ ਤੈਨੂੰ ਦਰਸ਼ਨ ਨਹੀਂ ਦੇਵੇਗਾ ਤਾਂ ਤੂੰ ਕਿ ਕਰੇਂਗਾ? ਬ੍ਰਹਮਾ ਨੇ ਕਿਹਾ ਕਿ ਮੈਂ ਆਪਨੂੰ ਸ਼ਕਲ ਨਹੀਂ ਦਿਖਾਂਵਾਂਗਾ। ਦੂਜੇ ਪਾਸੇ ਜੋਤੀ ਨਿਰੰਜਨ ਨੇ ਕਸਮ ਖਾਧੀ ਹੈ ਕਿ ਮੈਂ ਅਵਿਅਕਤ ਰਹਾਂਗਾ ਕਿਸੀ ਨੂੰ ਦਰਸ਼ਨ ਨਹੀਂ ਦੇਵਾਂਗਾ ਅਰਥਾਤ 21 ਬ੍ਰਹਿਮੰਡ ਵਿੱਚ ਮੈਂ ਕਦੇ ਆਪਣੇ ਵਾਸਤਵਿਕ ਕਾਲ ਰੂਪ ਵਿੱਚ ਆਕਾਰ ਵਿੱਚ ਨਹੀਂ ਆਵਾਂਗਾ।

ਗੀਤਾ ਅਧਿਆਇ ਨੰ. 7 ਦਾ ਸਲੋਕ ਨੰ. 24

ਅਯਕਤਮ, ਵਯਕਤਮ, ਆਪੰਨਮ, ਮਨਯਤਮੇ, ਮਾਮ, ਅਬੱਧਯਹ॥
ਪਰਮ, ਭਾਵਮ, ਅਜਾਨੰਤਰ, ਮਮ, ਅਵਯਮ, ਅਨਉਤਮਮ॥24॥

ਅਨੁਵਾਦਯ:- (ਅਬੁੱਧਮਹ) ਬੁੱਧੀਹੀਨ ਲੋਕ, (ਮਮ) ਮੇਰੇ (ਅਨੁਉਤਮ) ਆਸ਼੍ਰੇਸ਼ਟ (ਅਵਯਯਮ) ਅਟੱਲ (ਪਰਮ) ਪਰਮ (ਭਾਵਮ) ਭਾਵ ਨੂੰ (ਅਜਾਨੰਤਹ) ਨਾ ਜਾਣਦੇ ਹੋਏ

(ਅਵਯਕਤਮ) ਅਦ੍ਰਿਸ਼ਮਾਨ (ਮਾਮ) ਮੁਝ ਕਾਲ ਨੂੰ (ਵਿਅਕਤਮ) ਆਕਾਰ ਵਿੱਚ ਕ੍ਰਿਸ਼ਨ ਅਵਤਾਰ (ਆਪੰਨਮ) ਪ੍ਰਾਪਤ ਹੋਇਆ (ਮਨਯੰਤੇ) ਮੰਨਦੇ ਹਨ।

**ਗੀਤਾ ਅਧਿਆਇ ਨੰ. 7 ਦਾ ਸਲੋਕ ਨੰ. 25**

ਨ, ਅਹਮ ਪ੍ਰਕਾਹ ਸਰਵਸਯ ਯੋਗ ਮਾਯਾ ਸਮਆਹ।
ਮੁੜ੍ਹ, ਅਮ, ਨ, ਅਭਿਜਾਨਾਤਿ ਲੋਕਹ, ਮਾਮ ਅਜਮ, ਅਵਯਮ॥

ਅਨੁਵਾਦ:- (ਅਹਮ) ਮੈਂ (ਯੋਗਮਾਇਆ ਸਮਾਵ੍ਰਮ) ਯੋਗਮਾਯਾ ਨਾਲ ਛਿਪਿਆ ਹੋਇਆ (ਵਸਯ) ਸਭ ਦੇ (ਪ੍ਰਕਾਸ਼) ਪ੍ਰਤੱਖ (ਨ) ਨਹੀਂ ਹੁੰਦਾ ਅਰਥਾਤ ਅਦ੍ਰਿਸ਼ਯ ਅਰਥਾਤ ਅਵਿਅਕਤ ਰਹਿੰਦਾ ਹਾਂ ਇਸਲਈ (ਅਜਮ) ਜਨਮ ਨ ਲੈਣ ਵਾਲੇ (ਅਵਿਯਯਮ) ਅਵਿਨਾਸ਼ੀ ਅਟਲ ਭਾਵ ਨੂੰ (ਅਯਮ) ਇਹ(ਮੁਹ) ਅਗਿਆਨੀ (ਲੋਕਹ) ਲੋਕ ਜਨਸਮੁਦਾਏ ਸੰਸਾਰ (ਮਾਮ) ਮੈਨੂੰ (ਨ) ਨਹੀਂ (ਅਭਿਜਾਨਾਤਿ) ਜਾਣਦਾ ਅਰਥਾਤ, ਮੈਨੂੰ ਅਵਤਾਰ ਰੂਪ ਵਿੱਚ ਆਇਆ ਹੋਇਆ ਸਮਝਦਾ ਹੈ। ਕਿਉਂਕਿ ਬ੍ਰਹਮ ਆਪਣੀ ਸ਼ਬਦ ਸ਼ਕਤੀ ਨਾਲ ਆਪਣੇ ਨਾਨਾ ਰੂਪ ਬਣਾ ਲੈਂਦਾ ਹੈ, ਇਹ ਦੁਰਗਾ ਦਾ ਪਤੀ ਹੈ ਇਸਲਈ ਇਸ ਮੰਤਰ ਵਿੱਚ ਕਿਹਾ ਹੈ ਕਿ ਮੈਂ ਸ਼੍ਰੀ ਕ੍ਰਿਸ਼ਨ ਆਦਿ ਦੀ ਤਰ੍ਹਾਂ ਦੁਰਗਾ ਤੋਂ ਜਨਮ ਨਹੀਂ ਲੈਂਦਾ।

## "ਬ੍ਰਹਮਾ ਦਾ ਆਪਣੇ ਪਿਤਾ (ਕਾਲ / ਬ੍ਰਹਮ) ਦੀ ਪ੍ਰਾਪਤੀ ਲਈ ਪ੍ਰਯਤਨ"

ਤਦ ਦੁਰਗਾ ਨੇ ਬ੍ਰਹਮਾ ਜੀ ਨੂੰ ਕਿਹਾ ਕਿ ਅਲਖ ਨਿਰੰਜਨ ਆਪਦਾ ਪਿਤਾ ਹੈ ਪ੍ਰੰਤੂ ਉਹ ਆਪਨੂੰ ਦਰਸ਼ਨ ਨਹੀਂ ਦੇਵੇਗਾ। ਬ੍ਰਹਮਾ ਨੇ ਕਿਹਾ ਕਿ ਮੈਂ ਦਰਸ਼ਨ ਕਰਕੇ ਹੀ ਆਵਾਂਗਾ। ਮਾਤਾ ਨੇ ਪੁੱਛਿਆ ਕਿ ਜੇ ਤੈਨੂੰ ਦਰਸ਼ਨ ਨਹੀਂ ਹੋਏ ਤਾਂ ਕਿ ਕਰੇਂਗਾ? ਬ੍ਰਹਮਾ ਨੇ ਕਿਹਾ ਕਿ ਮੈਂ ਪ੍ਰਤਿੱਗਿਆ ਕਰਦਾਂ ਹਾਂ। ਜੇ ਪਿਤਾ ਦੇ ਦਰਸ਼ਨ ਨਾ ਹੋਏ ਤਾਂ ਮੈਂ ਆਪਦੇ ਸਾਹਮਣੇ ਨਹੀਂ ਆਵਾਂਗਾ। ਇਹ ਕਹਿਕੇ ਬ੍ਰਹਮਾ ਜੀ ਵਿਆਕੁਲ ਹੋ ਕਿ ਉੱਤਰ ਦਿਸ਼ਾ ਵੱਲ ਚੱਲ ਪਿਆ ਜਿੱਥੇ ਹਨ੍ਹੇਰਾ ਹੀ ਹਨ੍ਹੇਰਾ ਸੀ। ਉੱਥੇ ਬ੍ਰਹਮਾ ਨੇ ਚਾਰ ਯੁੱਗ ਤੱਕ ਧਿਆਨ ਲਗਾਇਆ ਪਰ ਕੁਝ ਪ੍ਰਾਪਤ ਨਹੀਂ ਹੋਇਆ। ਕਾਲ ਨੇ ਆਕਾਸ਼ਬਾਣੀ ਕੀਤੀ ਕਿ ਦੁਰਗਾ ਸ੍ਰਿਸ਼ਟੀ ਰਚਨਾ ਕਿਉਂ ਨਹੀਂ ਕੀਤੀ? ਭਵਾਨੀ ਨੇ ਕਿਹਾ ਕਿ ਆਪ ਦਾ ਜੇਠਾ ਪੁੱਤਰ ਬ੍ਰਹਮਾ ਜਿੱਦ ਕਰਕੇ ਆਪਦੀ ਤਲਾਸ਼ ਵਿੱਚ ਗਿਆ ਹੈ। ਬ੍ਰਹਮ (ਕਾਲ) ਨੇ ਕਿਹਾ ਉਸਨੂੰ ਵਾਪਸ ਬੁਲਾ ਲਉ। ਮੈਂ ਉਸਨੂੰ ਦਰਸ਼ਨ ਨਹੀਂ ਦੇਵਾਂਗਾ। ਬ੍ਰਹਮਾਂ ਦੇ ਬਿਨ੍ਹਾਂ ਜੀਵ ਉਤਪੱਤੀ ਦਾ ਕਾਰਜ ਸਭ ਕਾਰਜ ਅਸੰਭਵ ਹਨ। ਫਿਰ ਦੁਰਗਾ (ਪ੍ਰਕ੍ਰਿਤੀ) ਨੇ ਆਪਣੀ ਸ਼ਬਦ ਸ਼ਕਤੀ ਨਾਲ ਗਾਇਤਰੀ ਨਾਮ ਦੀ ਲੜਕੀ ਉਤਪੰਨ ਕੀਤੀ ਅਤੇ ਉਸਨੂੰ ਬ੍ਰਹਮਾ ਨੂੰ ਵਾਪਸ ਲਿਆਉਣ ਨੂੰ ਕਿਹਾ। ਗਾਇਤਰੀ ਬ੍ਰਹਮਾ ਜੀ ਦੇ ਕੋਲ ਗਈ ਪਰ ਬ੍ਰਹਮਾ ਜੀ ਸਮਾਧੀ ਲਗਾਏ ਹੋਏ ਸੀ ਉਨ੍ਹਾਂ ਨੂੰ ਕੁਝ ਅਭਾਸ ਹੀ ਨਹੀਂ ਸੀ ਕਿ ਕੋਈ ਆਇਆ ਹੈ। ਤਦ ਆਦਿ ਕੁਮਾਰੀ (ਪ੍ਰਕ੍ਰਿਤੀ) ਨੇ ਗਾਇਤਰੀ ਨੂੰ ਧਿਆਨ ਦੁਆਰਾ ਦੱਸਿਆ ਕਿ ਇਸਦੇ ਚਰਨ ਸ਼ਪਰਸ਼ ਕਰ। ਤਦ ਗਾਇਤਰੀ ਨੇ ਅਜਿਹਾ ਹੀ ਕੀਤਾ। ਬ੍ਰਹਮਾ ਜੀ ਦਾ ਧਿਆਨ ਭੰਗ ਹੋਇਆ ਤਾਂ ਗੁੱਸੇ ਨਾਲ ਬੋਲੇ ਕਿ ਕੌਣ ਪਾਪਣ ਹੈ ਜਿਸਨੇ ਮੇਰਾ ਧਿਆਨ ਭੰਗ ਕੀਤਾ ਹੈ। ਮੈਂ ਤੈਨੂੰ ਸ਼ਰਾਪ ਦੇਵਾਂਗਾ। ਗਾਇਤਰੀ ਨੇ ਕਿਹਾ ਕਿ ਮੇਰਾ ਦੋਸ਼ ਨਹੀਂ ਹੈ ਪਹਿਲਾਂ ਮੇਰੀ ਗੱਲ ਸੁਣੋ ਫਿਰ ਸ਼ਰਾਪ ਦੇਣਾ। ਮੈਨੂੰ ਮਾਤਾ ਜੀ ਨੇ ਆਪਨੂੰ ਵਾਪਸ ਲਿਆਉਣ ਲਈ ਕਿਹਾ ਹੈ ਕਿਉਂਕਿ ਆਪਦੇ ਬਿਨ੍ਹਾਂ ਜੀਵ ਉਤਪੱਤੀ ਨਹੀਂ ਹੋ ਸਕਦੀ। ਬ੍ਰਹਮਾ ਨੇ ਕਿਹਾ ਮੈਂ ਕਿਵੇਂ ਜਾਵਾਂ? ਪਿਤਾ ਜੀ ਦੇ ਦਰਸ਼ਨ

ਨਹੀਂ ਹੋਏ, ਇਸ ਤਰਾਂ ਜਾਵਾਂਗਾ ਤਾਂ ਮੇਰਾ ਮਜ਼ਾਕ ਹੋਵੇਗਾ। ਜੇ ਆਪ ਮਾਤਾ ਜੀ ਦੇ ਸਾਹਮਣੇ ਇਹ ਕਹਿ ਦਿਉ ਕਿ ਬ੍ਰਹਮਾ ਨੇ ਪਿਤਾ (ਜੋਤੀ ਨਿਰੰਜਨ) ਦੇ ਦਰਸ਼ਨ ਕੀਤੇ ਹਨ, ਮੈਂ ਆਪਣੀ ਅੱਖਾਂ ਨਾਲ ਦੇਖਿਆ ਹੈ, ਤਾਂ ਮੈਂ ਆਪਦੇ ਨਾਲ ਚੱਲਾਂਗਾ। ਤੱਦ ਗਾਇਤਰੀ ਨੇ ਕਿਹਾ ਜੇ ਆਪ ਮੇਰੇ ਨਾਲ ਸੰਭੋਗ (ਸੈਕਸ) ਕਰੋਗੇ ਤਾਂ ਮੈਂ ਝੂਠੀ ਗਵਾਹੀ ਭਰਾਂਗੀ। ਤਦ ਬ੍ਰਹਮਾ ਨੇ ਸੋਚਿਆ ਕਿ ਪਿਤਾ ਦੇ ਦਰਸ਼ਨ ਨਹੀਂ ਹੋਏ, ਇਸ ਤਰ੍ਹਾਂ ਜਾਵਾਂਗਾ ਤਾਂ ਮਾਤਾ ਪਾਸ ਜਾਂਦੇ ਮੈਨੂੰ ਸ਼ਰਮ ਆਵੇਗੀ ਹੋਰ ਕੋਈ ਚਾਰਾ ਨਹੀਂ ਦਿਖਾਈ ਦਿੱਤਾ, ਫਿਰ ਗਾਇਤਰੀ ਨਾਲ ਰਤੀ ਕਿਰਿਆ (ਸੰਭੋਗ) ਕੀਤੀ।

ਤਦ ਗਾਇਤਰੀ ਨੇ ਕਿਹਾ ਕਿ ਕਿਉਂ ਨਾ ਇੱਕ ਗਵਾਹ ਹੋਰ ਤਿਆਰ ਕੀਤਾ ਜਾਵੇ। ਬ੍ਰਹਮਾ ਨੇ ਕਿਹਾ ਕਿ ਬਹੁਤ ਹੀ ਚੰਗਾ ਹੈ। ਫਿਰ ਗਾਇਤਰੀ ਨੇ ਸ਼ਬਦ ਸ਼ਕਤੀ ਨਾਲ ਇੱਕ ਲੜਕੀ (ਪੋਹਪਵਤੀ ਨਾਮ ਦੀ) ਪੈਦਾ ਕੀਤੀ ਅਤੇ ਉਸਨੂੰ ਦੋਨ੍ਹਾਂ ਨੇ ਕਿਹਾ ਕਿ ਆਪ ਗਵਾਹੀ ਦੇਣਾ ਕਿ ਬ੍ਰਹਮਾ ਜੀ ਨੇ ਪਿਤਾ ਦੇ ਦਰਸ਼ਨ ਕੀਤੇ ਹਨ। ਤਦ ਪੋਹਪਵਤੀ ਨੇ ਕਿਹਾ ਕਿ ਮੈਂ ਝੂਠੀ ਗਵਾਹੀ ਕਿਉਂ ਦੇਵਾਂ? ਹਾਂ ਜੇ ਬ੍ਰਹਮਾ ਜੀ ਮੇਰੇ ਨਾਲ ਰਤੀ ਕ੍ਰਿਆ (ਸੰਭੋਗ) ਕਰੇ ਤਾਂ ਮੈਂ ਗਵਾਹੀ ਦੇ ਸਕਦੀ ਹਾਂ। ਗਾਇਤਰੀ ਨੇ ਬ੍ਰਹਮਾਂ ਨੂੰ ਸਮਝਾਇਆ (ਉਕਸਾਇਆ) ਕਿ ਹੋਰ ਕੋਈ ਰਾਸਤਾ ਨਹੀਂ ਹੈ ਤਦ ਬ੍ਰਹਮਾ ਨੇ ਪੋਹਪਵਤੀ ਨਾਲ ਸੰਭੋਗ ਕੀਤਾ ਤੇ ਤਿੰਨੋਂ ਮਿਲਕੇ ਆਦਿ ਮਾਇਆ (ਪ੍ਰਕ੍ਰਿਤੀ) ਦੇ ਪਾਸ ਆਏ। ਦੋਨੋਂ ਦੇਵੀਆਂ ਨੇ ਉਪਰੋਕਤ ਸ਼ਰਤ ਇਸ ਲਈ ਰੱਖੀ ਸੀ ਕਿਉਂਕਿ ਜੇ ਬ੍ਰਹਮਾ ਮਾਤਾ ਦੇ ਸਾਹਮਣੇ ਸਾਡੀ ਝੂਠੀ ਗਵਾਹੀ ਨੂੰ ਦੱਸ ਦੇਵੇਗਾ ਤਾਂ ਮਾਤਾ ਸਾਨੂੰ ਸ਼ਰਾਪ ਦੇ ਦੇਵੇਗੀ, ਇਸਲਈ ਉਸਨੂੰ ਵੀ ਦੋਸ਼ੀ ਬਣਾ ਲਿਆ।

(ਇੱਥੇ ਮਹਾਰਾਜ ਗਰੀਬ ਦਾਸ ਜੀ ਕਹਿੰਦੇ ਹਨ ਕਿ- "ਦਾਸ ਗਰੀਬ ਯੇਹ ਚੂਕ ਧੂਰੋਂ ਧੂਰ)

## "ਮਾਤਾ (ਦੁਰਗਾ) ਦੁਆਰਾ ਬ੍ਰਹਮਾ ਨੂੰ ਸ਼ਰਾਪ ਦੇਣਾ"

ਤਦ ਮਾਤਾ ਨੇ ਬ੍ਰਹਮਾ ਤੋਂ ਪੁੱਛਿਆ ਕਿ ਤੈਨੂੰ ਆਪਣੇ ਪਿਤਾ ਦੇ ਦਰਸ਼ਨ ਹੋਏ? ਬ੍ਰਹਮਾ ਨੇ ਕਿਹਾ ਹਾਂ ਮੈਨੂੰ ਪਿਤਾ ਦੇ ਦਰਸ਼ਨ ਹੋਏ ਹਨ। ਦੁਰਗਾ ਨੇ ਕਿਹਾ ਸ਼ਾਕਸ਼ੀ ਦੱਸ। ਤਦ ਬ੍ਰਹਮਾ ਨੇ ਕਿਹਾ ਕਿ ਇਨ੍ਹਾਂ ਦੋਨਾਂ ਦੇ ਸਾਹਮਣੇ ਸ਼ਾਖਸ਼ਾਤਕਾਰ ਹੋਇਆ ਹੈ। ਦੇਵੀ ਨੇ ਉਨ੍ਹਾਂ ਦੋਨਾਂ ਲੜਕੀਆਂ ਤੋਂ ਪੁੱਛਿਆ ਕਿ ਤੁਹਾਡੇ ਸਾਹਮਣੇ ਬ੍ਰਹਮ ਦਾ ਸ਼ਾਕਸ਼ਾਤਕਾਰ ਹੋਇਆ ਹੈ ਤਦ ਦੋਨ੍ਹਾਂ ਨੇ ਕਿਹਾ ਕਿ ਹਾਂ, ਅਸੀਂ ਆਪਣੀ ਅੱਖਾਂ ਨਾਲ ਦੇਖਿਆ ਹੈ। ਫਿਰ ਭਵਾਨੀ (ਪ੍ਰਕ੍ਰਿਤੀ) ਨੂੰ ਸ਼ੱਕ ਹੋਇਆ ਕਿ ਮੈਨੂੰ ਬ੍ਰਹਮ ਨੇ ਕਿਹਾ ਸੀ ਕਿ ਮੈਂ ਕਿਸੇ ਨੂੰ ਦਰਸ਼ਨ ਨਹੀਂ ਦੇਵਾਂਗਾ, ਪ੍ਰੰਤੂ ਇਹ ਕਹਿੰਦੇ ਹਨ ਕਿ ਦਰਸ਼ਨ ਹੋਏ ਹਨ। ਫਿਰ ਅਸ਼ਟੰਗੀ ਨੇ ਧਿਆਨ ਲਗਾਇਆ ਅਤੇ ਕਾਲ (ਜੋਤੀ ਨਿਰੰਜਨ) ਤੋਂ ਪੁੱਛਿਆ ਕਿ ਕਹਾਣੀ ਹੈ? ਜੋਤੀ ਨਿਰੰਜਨ ਨੇ ਕਿਹਾ ਕਿ ਇਹ ਤਿੰਨੋਂ ਝੂਠ ਬੋਲ ਰਹੇ ਹਨ, ਫਿਰ ਮਾਤਾ ਨੇ ਕਿਹਾ ਕਿ ਆਪ ਝੂਠ ਬੋਲ ਰਹੇ ਹੋ। ਆਕਾਸ਼ਵਾਣੀ ਹੋਈ ਹੈ ਕਿ ਇਨ੍ਹਾਂ ਨੂੰ ਕੋਈ ਦਰਸ਼ਨ ਨਹੀਂ ਹੋਏ। ਇਹ ਗੱਲ ਸੁਣਕੇ ਬ੍ਰਹਮਾ ਨੇ ਕਿਹਾ ਕਿ ਮਾਤਾ ਜੀ ਮੈਂ ਸਹੁੰ ਖਾਕੇ ਪਿਤਾ ਦੀ ਤਲਾਸ਼ ਕਰਨ ਗਿਆ ਸੀ। ਪਰ ਪਿਤਾ (ਬ੍ਰਹਮ) ਦੇ ਦਰਸ਼ਨ ਹੋਏ ਨਹੀਂ। ਮੈਨੂੰ ਆਪਦੇ ਸਾਹਮਣੇ ਆਉਂਦੇ ਸ਼ਰਮ ਆ ਰਹੀ ਸੀ। ਇਸਲਈ ਅਸੀਂ ਝੂਠ ਬੋਲ ਦਿੱਤਾ। ਤਦ ਮਾਤਾ (ਦੁਰਗਾ) ਨੇ ਕਿਹਾ ਕਿ ਹੁਣ ਮੈਂ ਆਪ ਨੂੰ ਸ਼ਰਾਪ ਦਿੰਦੀ ਹਾਂ।

ਬ੍ਰਹਮਾ ਨੂੰ ਸ਼ਰਾਪ:- ਤੇਰੀ ਪੂਜਾ ਯੱਗ ਵਿੱਚ ਨਹੀਂ ਹੋਵੇਗੀ ਅੱਗੇ ਤੇਰੇ ਵੰਸ਼ਜ਼ ਹੋਣਗੇ ਉਹ ਬਹੁਤ ਪਖੰਡ ਕਰਨਗੇ। ਝੂਠੀ ਗੱਲਾਂ ਬਣਾਕੇ ਯੱਗ ਨੂੰ ਠੱਗਣਗੇ। ਉੱਪਰ ਤੋਂ ਤਾਂ ਕਰਮ ਕਾਂਡ ਕਰਦੇ ਦਿਖਣਗੇ ਅੰਦਰੋਂ ਵਿਕਾਰ ਕਰਨਗੇ। ਕਥਾ ਪੁਰਾਣਾਂ ਨੂੰ ਪੜ੍ਹਕੇ ਸੁਣਾਇਆ ਕਰਨਗੇ, ਆਪ ਨੂੰ ਗਿਆਨ ਨਹੀਂ ਹੋਵੇਗਾ ਕਿ ਸਦਗ੍ਰੰਥਾਂ ਵਿੱਚ ਅਸਲੀਅਤ ਕੀ ਹੈ, ਫਿਰ ਵੀ ਮਾਣ ਵੱਸ਼ ਅਤੇ

ਧਨ ਪ੍ਰਾਪਤੀ ਲਈ ਗੁਰੂ ਬਣਕੇ ਆਪਣੇ ਚੇਲਿਆਂ ਨੂੰ ਲੋਕਵੇਦ (ਸ਼ਾਸ਼ਤਰ ਵਿਰੁੱਧ ਦੰਤ ਕਥਾ) ਸੁਣਾਇਆ ਕਰਨਗੇ। ਦੇਵੀ-ਦੇਵਤੇ ਦੀ ਪੂਜਾ ਕਰਕੇ ਅਤੇ ਕਰਵਾਕੇ, ਦੂਸਰਿਆਂ ਦੀ ਨਿੰਦਾ ਕਰਕੇ ਕਸ਼ਟ ਉਠਾਉਣਗੇ। ਜੋ ਉਨ੍ਹਾਂ ਦੇ ਅਨੁਆਈ ਹੋਣਗੇ ਉਨ੍ਹਾਂ ਨੂੰ ਪਰਮਾਰਥ ਨਹੀਂ ਦੱਸਣਗੇ। ਦਕਿਸ਼ਣਾਂ ਲਈ ਜਗਤ ਨੂੰ ਗੁੰਮਰਾਹ ਕਰਦੇ ਰਹਿਣਗੇ। ਆਪਣੇ ਆਪਨੂੰ ਸਭ ਤੋਂ ਚੰਗਾ ਮੰਨਣਗੇ, ਦੂਸਰਿਆਂ ਨੂੰ ਨੀਚਾ ਸਮਝਣਗੇ। ਜਦ ਮਾਤਾ ਦੇ ਮੁੱਖ ਤੋਂ ਇਹ ਸੁਣਿਆ ਤਾਂ ਬ੍ਰਹਮਾ ਮੂਰਸ਼ਿਤ ਹੋਕੇ ਜ਼ਮੀਨ ਉੱਤੇ ਡਿੱਗ ਪਿਆ। ਬਹੁਤ ਸਮੇਂ ਬਾਅਦ ਹੋਸ਼ ਵਿੱਚ ਆਇਆ।

ਗਾਇਤਰੀ ਨੂੰ ਸ਼ਰਾਪ:- ਤੇਰੇ ਕਈ ਸਾਂਡ ਪਤੀ ਹੋਣਗੇ। ਤੂੰ ਮਿਤ੍ਰਲੋਕ ਵਿੱਚ ਗਾਂ ਬਣੇਗੀ।

ਪ੍ਰੋਪਵਤੀ ਨੂੰ ਸ਼ਰਾਪ:- ਤੇਰੀ ਜਗ੍ਹਾ ਗੰਦਗੀ ਵਿੱਚ ਹੋਵੇਗੀ। ਤੇਰੇ ਫੁੱਲਾਂ ਨੂੰ ਕੋਈ ਪੂਜਾ ਵਿੱਚ ਨਹੀਂ ਲਾਏਗਾ। ਇਸ ਝੂਠੀ ਗਵਾਹੀ ਕਾਰਨ ਤੈਨੂੰ ਇਹ ਨਰਕ ਭੋਗਣਾ ਪਵੇਗਾ। ਤੇਰਾ ਨਾਮ ਕੇਵੜਾ ਕੇਤਕੀ ਹੋਵੇਗਾ। ਹਰਿਆਣਾ ਵਿੱਚ ਕੁਸੌਂਧੀ ਕਹਿੰਦੇ ਹਨ। ਇਹ ਗੰਦਗੀ (ਕੁਰੜੀਆਂ) ਵਾਲੀ ਜਗ੍ਹਾ ਉੱਤੇ ਹੁੰਦੀ ਹੈ।)

ਇਸ ਤਰ੍ਹਾਂ ਤਿੰਨਾਂ ਨੂੰ ਸ਼ਰਾਪ ਦੇ ਕੇ ਮਾਤਾ ਭਵਾਨੀ ਬਹੁਤ ਪਛਤਾਈ। (ਇਸ ਪ੍ਰਕਾਰ ਪਹਿਲਾਂ ਤਾਂ ਜੀਵ ਬਿਨ੍ਹਾਂ ਸੋਚੇ ਮਨ (ਕਾਲ ਨਿਰੰਜਨ) ਦੇ ਪ੍ਰਭਾਵ ਤੋਂ ਗਲਤ ਕਾਰਜ ਕਰ ਦਿੰਦਾ ਹੈ ਪ੍ਰੰਤੂ ਜਦੋਂ ਆਤਮਾ (ਸਤਿਪੁਰਸ਼ ਅੰਸ਼) ਦੇ ਪ੍ਰਭਾਵ ਤੋਂ ਉਸਨੂੰ ਗਿਆਨ ਹੁੰਦਾ ਹੈ ਤਾਂ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ। ਜਿਸ ਤਰ੍ਹਾਂ ਮਾਤਾ-ਪਿਤਾ ਆਪਣੇ ਬੱਚੇ ਨੂੰ ਛੋਟੀ ਜਿਹੀ ਗਲਤੀ ਦੇ ਕਾਰਨ ਝਿੜਕਦੇ ਹਨ (ਗੁੱਸੇ ਵਿੱਚ) ਪ੍ਰੰਤੂ ਬਾਅਦ ਵਿੱਚ ਪਛਤਾਉਂਦੇ ਹਨ। ਇਹੀ ਕਿਰਿਆ ਮਨ (ਕਾਲ ਨਿਰੰਜਨ) ਦੇ ਪ੍ਰਭਾਵ ਨਾਲ ਸਰਵ ਜੀਵਾਂ ਵਿੱਚ ਕਿਰਿਆਵਾਨ ਹੋ ਰਹੀ ਹੈ।) ਹਾਂ, ਇਥੇ ਇੱਕ ਗੱਲ ਵਿਸ਼ੇਸ਼ ਹੈ ਕਿ ਨਿਰੰਜਨ (ਕਾਲ ਬ੍ਰਹਮ) ਨੇ ਵੀ ਆਪਣਾ ਕਾਨੂੰਨ ਬਣਾ ਰੱਖਿਆ ਹੈ ਜੇ ਕੋਈ ਜੀਵ ਕਿਸੇ ਦੁਰਬਲ ਜੀਵ ਨੂੰ ਸਤਾਵੇਗਾ ਤਾਂ ਉਸਨੂੰ ਉਸਦਾ ਬਦਲਾ ਦੇਣਾ ਪਵੇਗਾ। ਜਦ ਆਦਿ ਭਵਾਨੀ (ਪ੍ਰਕ੍ਰਿਤੀ, ਅਸ਼ਟੰਗੀ) ਨੇ ਬ੍ਰਹਮਾ, ਗਾਇਤਰੀ ਅਤੇ ਪੋਹਪਵਤੀ ਨੂੰ ਸ਼ਰਾਪ ਦਿੱਤਾ ਤਾਂ ਅਲਖ ਨਿਰੰਜਨ (ਬ੍ਰਹਮ-ਕਾਲ) ਨੇ ਕਿਹਾ ਕਿ ਹੇ ਭਵਾਨੀ (ਪ੍ਰਕ੍ਰਿਤੀ/ਅਸ਼ਟੰਗੀ) ਇਹ ਆਪਨੇ ਚੰਗਾ ਨਹੀਂ ਕੀਤਾ। ਹੁਣ ਮੈਂ (ਨਿਰੰਜਨ) ਤੈਨੂੰ ਸ਼ਰਾਪ ਦਿੰਦਾ ਹਾਂ ਕਿ ਦੁਆਪਰ ਯੁੱਗ ਵਿੱਚ ਤੇਰੇ ਪੰਜ ਪਤੀ ਹੋਣਗੇ। ਦਰੋਪਦੀ ਹੀ ਆਦਿ ਮਾਇਆ ਦਾ ਅਵਤਾਰ ਹੋਈ ਹੈ।) ਜਦ ਇਹ ਆਕਾਸ਼ਬਾਣੀ ਸੁਣੀ ਤਾਂ ਆਦਿ ਮਾਇਆ ਨੇ ਕਿਹਾ ਕਿ ਹੇ ਜੋਤੀ ਨਿਰੰਜਨ (ਕਾਲ) ਮੈਂ ਤੇਰੇ ਵੱਸ ਪਈ ਹਾਂ ਤੂੰ ਜੋ ਚਾਹੇ ਸੋ ਕਰ ਲੈ।

{ਸ੍ਰਿਸ਼ਟੀ ਰਚਨਾਂ ਵਿੱਚ ਦੁਰਗਾ ਜੋ ਕੇ ਹੋਰ ਨਾਵਾਂ ਦਾ ਵਾਰ ਵਾਰ ਲਿਖਣ ਦਾ ਉਦੇਸ਼ ਹੈ ਕਿ ਪੁਰਾਣਾਂ, ਗੀਤਾ ਤੇ ਵੇਦਾਂ ਵਿੱਚ ਪ੍ਰਮਾਣ ਦੇਖਦੇ ਸਮੇਂ ਭ੍ਰਮ ਉਤਪੰਨ ਨਹੀਂ ਹੋਵੇਗਾ। ਜਿਵੇਂ ਗੀਤਾ ਅਧਿਆਇ 14 ਸਲੋਕ 3-4 ਵਿੱਚ ਕਾਲ ਬ੍ਰਹਮ ਨੇ ਕਿਹਾ ਹੈ ਕਿ ਪ੍ਰਕ੍ਰਿਤੀ ਤਾਂ ਗਰਭ ਧਾਰਣ ਕਰਨ ਵਾਲੀ ਸਭ ਜੀਵਾਂ ਦੀ ਮਾਤਾ ਹੈ। ਮੈਂ ਉਸਦੇ ਗਰਭ ਵਿੱਚ ਬੀਜ਼ ਸਥਾਪਿਤ ਕਰਨ ਵਾਲਾ ਪਿਤਾ ਹਾਂ।ਸਲੋਕ 4 ਵਿੱਚ ਕਿਹਾ ਹੈ ਕਿ ਪ੍ਰਾਕ੍ਰਿਤੀ ਤੋਂ ਉਤਪੰਨ ਤਿੰਨੋਂ ਜੀਵ ਆਤਮਾ ਨੂੰ ਕਰਮਾਂ ਦੇ ਬੰਧਨਾਂ ਵਿੱਚ ਬੰਨ੍ਹਦੇ ਹਨ।- (ਲੇਖ ਸਮਾਪਤ) ਇਸ ਪ੍ਰਕਰਣ ਵਿੱਚ ਪ੍ਰਾਕ੍ਰਿਤੀ ਤਾਂ ਦੁਰਗਾ ਹੈ ਤੇ ਤਿੰਨੋਂ ਦੇਵਤਾ ਜਾਣੀ ਰਜਗੁਣ ਬ੍ਰਹਮਾ, ਸਤਗੁਣ ਵਿਸ਼ਣੂ ਤੇ ਤਮਗੁਣ ਸ਼ਿਵ ਦੇ ਸੰਕੇਤਿਕ ਨਾਮ ਹਨ।}

## "ਵਿਸ਼ਨੂ ਦਾ ਆਪਣੇ ਪਿਤਾ ਕਾਲ / ਬ੍ਰਹਮ ਦੀ ਪ੍ਰਾਪਤੀ ਦੇ ਲਈ ਪ੍ਰਸਥਾਨ ਤੇ ਮਾਤਾ ਦਾ ਆਸ਼ੀਰਵਾਦ ਪਾਉਣਾ"

ਇਸਤੋਂ ਬਾਅਦ ਵਿਸ਼ਨੂ ਨੂੰ ਪ੍ਰਕ੍ਰਿਤੀ ਨੇ ਕਿਹਾ ਕਿ ਪੁੱਤਰ ਤੂੰ ਵੀ ਆਪਣੇ ਪਿਤਾ ਦਾ ਪਤਾ ਲਗਾ ਲੈ। ਤਦ ਵਿਸ਼ਨੂ ਆਪਣੇ ਪਿਤਾ ਜੀ ਕਾਲ (ਬ੍ਰਹਮ) ਦਾ ਪਤਾ ਕਰਦੇ -2 ਪਾਤਾਲ ਲੋਕ ਵਿੱਚ ਚਲੇ ਗਏ, ਜਿੱਥੇ ਸ਼ੇਸ਼ਨਾਗ ਸੀ। ਉਸਨੇ ਵਿਸ਼ਨੂ ਨੂੰ ਆਪਣੀ ਸੀਮਾ ਵਿੱਚ ਪਵੇਸ਼ ਹੁੰਦੇ ਦੇਖਕੇ ਕ੍ਰੋਧਿਤ ਹੋਕੇ ਜ਼ਹਿਰ ਭਰਿਆ ਫੁੰਕਾਰਾ ਮਾਰਿਆ। ਉਸਦੇ ਜ਼ਹਿਰ ਦੇ ਪ੍ਰਭਾਵ ਨਾਲ ਵਿਸ਼ਨੂ ਜੀ ਦਾ ਰੰਗ ਸਾਂਵਲਾ ਹੋ ਗਿਆ, ਜਿਵੇਂ ਸਪ੍ਰੇ ਪੇਂਟ ਹੋ ਜਾਂਦਾ ਹੈ। ਤਦ ਵਿਸ਼ਨੂ ਨੇ ਚਾਹਿਆ ਕਿ ਇਸ ਨਾਗ ਨੂੰ ਮਜ਼ਾ ਚਖਾਉਣਾ ਚਾਹੀਦਾ ਹੈ। ਤਦ ਜੋਤੀ ਨਿਰੰਜਨ (ਕਾਲ) ਨੇ ਦੇਖਿਆ ਕਿ ਹੁਣ ਵਿਸ਼ਨੂ ਨੂੰ ਸ਼ਾਂਤ ਕਰਨਾ ਚਾਹੀਦਾ ਹੈ। ਤਦ ਆਕਾਸ਼ਬਾਣੀ ਹੋਈ ਕਿ ਵਿਸ਼ਨੂ ਹੁਣ ਤੂੰ ਆਪਣੀ ਮਾਤਾ ਜੀ ਦੇ ਕੋਲ ਜਾ ਤੇ ਸੱਚ-ਸੱਚ ਸਾਰਾ ਵਿਵਰਣ ਦੱਸ ਦੇਣਾ ਤੇ ਜੋ ਕਸ਼ਟ ਆਪ ਨੂੰ ਸ਼ੇਸ਼ਨਾਗ ਤੋਂ ਹੋਇਆ ਹੈ, ਇਸਦਾ ਪ੍ਰਤੀਸ਼ੋਧ ਦੁਆਪਰ ਯੁੱਗ ਵਿੱਚ ਲੈਣਾ। ਦੁਆਪਰ ਯੁੱਗ ਵਿੱਚ ਆਪ (ਵਿਸ਼ਨੂ) ਤਾਂ ਕ੍ਰਿਸ਼ਨ ਅਵਤਾਰ ਧਾਰਣ ਕਰੋਗੇ ਅਤੇ ਕਾਲੀਦਹ ਵਿੱਚ ਕਾਲਇੰਦਰੀ ਨਾਮਕ ਨਾਗ, ਸ਼ੇਸ਼ਨਾਗ ਦਾ ਅਵਤਾਰ ਹੋਵੇਗਾ।

ਊਚ ਹੋਈ ਕੇ ਨੀਚ ਸਤਾਵੈ, ਤਾਕਰ ਔਲ (ਬਦਲਾ) ਮੋਹੀ ਸੋਂ ਪਾਵੈ॥
ਜੋ ਜੀਵ ਦੇਈ ਪੀਰ ਪੁਨੀ ਕਹੁ, ਹਮ ਪੁਨੀ ਔਲ ਦਿਵਾਵੇਂ ਤਾਹੁ ॥

ਤਦ ਵਿਸ਼ਨੂ ਜੀ ਮਾਤਾ ਜੀ ਦੇ ਕੋਲ ਆਏ ਅਤੇ ਸੱਚ-2 ਕਹਿ ਦਿੱਤਾ ਕਿ ਮੈਨੂੰ ਪਿਤਾ ਦੇ ਦਰਸ਼ਨ ਨਹੀਂ ਹੋਏ। ਇਹ ਗੱਲ ਨਾਲ ਮਾਤਾ (ਪ੍ਰਕ੍ਰਿਤੀ) ਬਹੁਤ ਪ੍ਰਸ਼ੰਨ ਹੋਈ ਅਤੇ ਕਿਹਾ ਕਿ ਪੁੱਤਰ ਤੂੰ ਸਤਵਾਦੀ ਹੈ। ਹੁਣ ਮੈਂ ਆਪਣੀ ਸ਼ਕਤੀ ਨਾਲ ਤੇਰੇ ਪਿਤਾ ਨਾਲ ਮਿਲਵਾਉਂਦੀ ਹਾਂ ਤੱਥਾ ਤੇਰੇ ਮਨ ਦਾ ਸ਼ੀਸ਼ੇ ਖਤਮ ਕਰਦੀ ਹਾਂ।

ਕਬੀਰ ਦੇਖ ਪੁੱਤਰ ਤੋਹਿ ਪਿਤਾ ਭੀਟਾਉਂ, ਤੌਰੇ ਮਨ ਕਾ ਧੋਖਾ ਮਿਟਾਉਂ।
ਮਨ ਸਵਰੂਪ ਕ੍ਰਤਾ ਕਿਹ ਜਾਨੋਂ, ਮਨ ਤੇ ਦੂਜਾ ਔਰ ਨਾ ਮਾਨੋ ॥
ਸਵਰਗ ਪਾਤਾਲ ਦੌਰ ਮਨ ਕੇਰਾ, ਮਨ ਅਸਥੀਰ ਮਨ ਹੈ ਅਨੇਰਾ।
ਨਿਰੰਕਾਰ ਮਨ ਹੀ ਕੋ ਕਿਹਏ, ਮਨ ਕਿ ਆਸ ਨਿਸ਼ ਦਿਨ ਰਹੀਏ।
ਦੇਖ ਹੀ ਪਲਟਿ ਸੁਨਯ ਮਹ ਜਯੋਤੀ, ਜਹਾਂ ਪਰ ਝਿਲਮਿਲ ਝਾਲਰ ਹੋਤੀ ॥

ਇਸ ਤਰ੍ਹਾਂ ਮਾਤਾ (ਅਸ਼ਟੰਗੀ, ਪ੍ਰਕ੍ਰਿਤੀ) ਨੇ ਵਿਸ਼ਨੂ ਨੂੰ ਕਿਹਾ ਕਿ ਮਨ ਹੀ ਜਗ ਦਾ ਕਰਤਾ ਇਹੀ ਜੋਤੀ ਨਿਰੰਜਨ ਹੈ। ਧਿਆਨ ਵਿੱਚ ਜੋ ਇੱਕ ਹਜ਼ਾਰ ਜੋਤੀਆਂ ਨਜ਼ਰ ਆਉਂਦੀਆਂ ਹਨ ਇਹੀ ਉਸਦਾ ਰੂਪ ਹੈ। ਜੋ ਸ਼ੰਖ, ਘੰਟਾ ਆਦਿ ਦੀਆਂ ਵਾਜ਼ਾ ਸੁਣਿਆ, ਇਹ ਮਹਾਂਸਵਰਗ ਵਿੱਚ ਨਿਰੰਜਨ ਦਾ ਹੀ ਵੱਜ ਰਹੀਆਂ ਹਨ। ਤਦ ਮਾਤਾ (ਅਸ਼ਟੰਗੀ, ਦੁਰਗਾ) ਨੇ ਕਿਹਾ ਕਿ ਹੇ ਪੁੱਤਰ ਤੂੰ ਸਾਰੇ ਦੇਵਾਂ ਦਾ ਸਰਤਾਜ ਹੋ ਅਤੇ ਤੇਰੀ ਹਰ ਕਾਮਨਾ ਅਤੇ ਕਾਰਜ ਮੈਂ ਪੂਰੇ ਕਰਾਂਗੀ। ਤੇਰੀ ਪੂਜਾ ਸਰਵ ਯੱਗ ਵਿੱਚ ਹੋਵੇਗੀ। ਆਪ ਨੇ ਮੈਨੂੰ ਸੱਚ-ਸੱਚ ਦੱਸਿਆ ਹੈ। ਕਾਲ ਦੇ ਇੱਕੀ ਬ੍ਰਹਿਮੰਡਾਂ ਦੇ ਪ੍ਰਾਣੀਆਂ ਦੀ ਵਿਸ਼ੇਸ਼ ਆਦਤ ਹੈ ਕਿ ਆਪਣੀ ਵਿਅਰਥ ਮਹਿਮਾ ਬਣਾਉਂਦਾ ਹੈ। ਜਿਵੇਂ ਦੁਰਗਾ ਜੀ ਸ਼੍ਰੀ ਵਿਸ਼ਨੂ ਜੀ ਨੂੰ ਕਿਹ ਰਹੀ ਹੈ ਕਿ ਤੇਰੀ ਪੂਜਾ ਜੱਗ ਵਿੱਚ ਹੋਵੇਗੀ। ਮੈਂ ਤੈਨੂੰ ਤੇਰੇ ਪਿਤਾ ਦੇ ਦਰਸ਼ਨ ਕਰਵਾ ਦਿੱਤੇ। ਦੁਰਗਾ ਨੇ ਕੇਵਲ ਪ੍ਰਕਾਸ਼ ਦਿਖਾ ਕੇ ਵਿਸ਼ਨੂ ਨੂੰ ਬਹਿਕਾ ਦਿੱਤਾ। ਸ਼੍ਰੀ ਵਿਸ਼ਨੂ ਜੀ ਭੀ ਪ੍ਰਭੂ ਦੀ ਇਹੀ ਸਥਿਤੀ ਆਪਣੇ ਚੇਲਿਆਂ ਨੂੰ ਸਮਝਾਣ ਲੱਗੇ ਕਿ ਪ੍ਰਮਾਤਮਾ ਦੀ ਕੇਵਲ ਪ੍ਰਕਾਸ਼ ਦਿਖਾਈ ਦਿੰਦੀ ਹੈ। ਪ੍ਰਮਾਤਮਾ ਨਿਰਾਕਾਰ ਹੈ। ਇਸਦੇ ਬਾਅਦ ਆਦਿ ਭਵਾਨੀ ਰੁਦਰ (ਮਹੇਸ਼ ਜੀ) ਦੇ ਕੋਲ ਗਈ ਅਤੇ ਕਿਹਾ ਕਿ ਮਹੇਸ਼ ਨੂੰ ਵੀ ਕਰ

ਲੈ ਆਪਣੇ ਪਿਤਾ ਦੀ ਖੋਜ ਤੇਰੇ ਦੋਨੋਂ ਭਾਈਆਂ ਨੂੰ ਤਾਂ ਆਪਦੇ ਪਿਤਾ ਦੇ ਦਰਸ਼ਨ ਨਹੀਂ ਹੋਏ ਉਨ੍ਹਾਂ ਨੂੰ ਜੋ ਦੇਣਾ ਸੀ ਉਹ ਪ੍ਰਦਾਨ ਕਰ ਦਿੱਤਾ ਹੈ ਹੁਣ ਆਪ ਮੰਗੋ ਜੋ ਮੰਗਣਾ ਹੈ। ਤਦ ਮਹੇਸ਼ ਨੇ ਕਿਹਾ ਕਿ ਹੇ ਜਨਨੀ! ਮੇਰੇ ਦੋਨੋਂ ਵੱਡੇ ਭਾਈਆਂ ਨੂੰ ਪਿਤਾ ਦੇ ਦਰਸ਼ਨ ਨਹੀਂ ਹੋਏ ਫਿਰ ਯਤਨ ਕਰਨਾ ਵਿਅਰਥ ਹੈ। ਕਿਰਪਾ ਕਰਕੇ ਮੈਨੂੰ ਅਜਿਹਾ ਵਰ ਦਿਉ ਕਿ ਮੈਂ ਅਮਰ (ਮਿਤੂੰਜਯ) ਹੋ ਜਾਵਾਂ। ਤਦ ਮਾਤਾ ਨੇ ਕਿਹਾ ਕਿ ਇਹ ਮੈਂ ਨਹੀਂ ਕਰ ਸਕਦੀ। ਹਾਂ ਯੁਕਤੀ ਦੱਸ ਸਕਦੀ ਹਾਂ, ਜਿਸ ਨਾਲ ਤੇਰੀ ਉਮਰ ਸਭ ਤੋਂ ਲੰਬੀ ਹੋ ਜਾਵੇਗੀ। ਵਿਧੀ ਯੋਗ ਸਮਾਧੀ ਹੈ (ਇਸਲਈ ਮਹਾਂਦੇਵ ਜੀ ਜ਼ਿਆਦਾ ਤਰ ਸਮਾਧੀ ਵਿੱਚ ਹੀ ਰਹਿੰਦੇ ਹਨ)। ਇਸਤਰ੍ਹਾਂ ਮਾਤਾ (ਅਸ਼ਟੰਗੀ, ਪ੍ਰਕ੍ਰਿਤੀ) ਨੇ ਤਿੰਨੇ ਪੁੱਤਰਾਂ ਨੂੰ ਵਿਭਾਗ ਵੰਡ ਦਿੱਤੇ।

ਭਗਵਾਨ ਬ੍ਰਹਮਾ ਜੀ ਨੂੰ ਕਾਲ ਲੋਕ ਦੇ ਲੱਖ ਚੌਰਾਸੀ ਦੇ ਚੌਲੇ (ਸਰੀਰ) ਰਚਨੇ (ਬਣਾਉਣੇ) ਦਾ ਅਰਥਾਤ ਰਜੋਗੁਣ ਪ੍ਰਭਾਵਿਤ ਕਰਕੇ ਸੰਤਾਨ ਉਤਪੱਤੀ ਦੇ ਲਈ ਬੇ-ਵੱਸ਼ ਕਰਕੇ ਜੀਵ ਉਤਪੰਨ ਕਰਾਉਣ ਦਾ ਵਿਭਾਗ ਪ੍ਰਦਾਨ ਕੀਤਾ।

ਭਗਵਾਨ ਵਿਸ਼ਨੂ ਜੀ ਨੂੰ ਇਨ੍ਹਾਂ ਜੀਵਾਂ ਦੇ ਪਾਲਣ ਪੋਸ਼ਣ (ਕਰਮ ਅਨੁਸਾਰ) ਕਰਨੇ, ਅਤੇ ਮੋਹ-ਮਮਤਾ ਉਤਪੰਨ ਕਰਕੇ ਸਥਿਤੀ ਬਣਾਈ ਰੱਖਣ ਦਾ ਵਿਭਾਗ ਦਿੱਤਾ।

ਭਗਵਾਨ ਸ਼ਿਵ ਸ਼ੰਕਰ (ਮਹਾਂਦੇਵ) ਨੂੰ ਸੰਹਾਰ ਕਰਨ ਦਾ ਵਿਭਾਗ ਪ੍ਰਦਾਨ ਕੀਤਾ। ਕਿਉਂਕਿ ਇਨ੍ਹਾਂ ਦੇ ਪਿਤਾ ਨਿਰੰਜਨ ਨੂੰ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀ ਪ੍ਰਤੀਦਿਨ ਖਾਣੇ ਪੈਂਦੇ ਹਨ।

ਇੱਥੇ ਮਨ ਵਿੱਚ ਇੱਕ ਪ੍ਰਸ਼ਨ ਉਤਪੰਨ ਹੁੰਦਾ ਹੋਵੇਗਾ ਕਿ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਜੀ ਤੋਂ ਉਤਪੱਤੀ, ਸਥਿਤੀ ਅਤੇ ਸੰਹਾਰ ਕਿਵੇਂ ਹੁੰਦਾ ਹੈ। ਇਹ ਤਿੰਨੋਂ ਆਪਣੇ-2 ਲੋਕ ਵਿੱਚ ਰਹਿੰਦੇ ਹਨ। ਜਿਵੇਂ ਅੱਜ ਕੱਲ ਸੰਚਾਰ ਪ੍ਰਣਾਲੀ ਨੂੰ ਚਲਾਉਣ ਲਈ ਉਪਗ੍ਰਹਿ ਨੂੰ ਉੱਪਰ ਅਸਮਾਨ ਵਿੱਚ ਛੱਡਿਆ ਜਾਂਦਾ ਹੈ ਅਤੇ ਉਹ ਨੀਚੇ ਪ੍ਰਿਥਵੀ ਉੱਤੇ ਸੰਚਾਰ ਪ੍ਰਣਾਲੀ ਨੂੰ ਚਲਾਉਂਦੇ ਹਨ। ਠੀਕ ਇਸੇ ਤਰ੍ਹਾਂ ਇਹ ਤਿੰਨੋਂ ਦੇਵ ਜਿੱਥੇ ਵੀ ਰਹਿੰਦੇ ਹਨ ਇਨ੍ਹਾਂ ਦੇ ਸਰੀਰ ਤੋਂ ਨਿਕਲਣ ਵਾਲੇ ਸੂਖਸ਼ਮ ਗੁਣਾਂ ਦੀਆਂ ਤਰੰਗਾਂ ਤਿੰਨੇ ਲੋਕਾਂ ਵਿੱਚ ਆਪਣੇ ਆਪ ਹੀ ਹਰ ਪ੍ਰਾਣੀ ਉੱਤੇ ਪ੍ਰਭਾਵ ਪਾਈ ਰੱਖਦੀਆਂ ਹਨ।


ਉਪਰੋਕਤ ਵਿਵਰਣ ਇੱਕ ਬ੍ਰਹਿਮੰਡ ਵਿੱਚ ਬ੍ਰਹਮ (ਕਾਲ) ਦੀ ਰਚਨਾ ਦਾ ਹੈ। ਐਸੇ-ਐਸੇ ਸ਼ਰ ਪੁਰਸ਼ (ਕਾਲ) ਦੇ ਇੱਕੀ ਬ੍ਰਹਿਮੰਡ ਹਨ।

ਪ੍ਰੰਤੂ ਸ਼ਰ ਪੁਰਸ਼ (ਕਾਲ) ਆਪ ਆਪਣੇ ਵਾਸਤਵਿਕ ਸਰੀਰਕ ਰੂਪ ਵਿੱਚ ਕਿਸੇ ਦੇ ਸਾਹਮਣੇ ਨਹੀਂ ਆਉਂਦਾ। ਉਸਨੂੰ ਪ੍ਰਾਪਤ ਕਰਨ ਲਈ ਤਿੰਨੋਂ ਦੇਵਾਂ (ਬ੍ਰਹਮਾ ਜੀ, ਵਿਸ਼ਨੂ ਜੀ ਅਤੇ ਸ਼ਿਵ ਜੀ) ਨੂੰ ਵੇਦਾਂ ਵਿੱਚ ਵਰਣਿਤ ਵਿਧੀ ਅਨੁਸਾਰ ਕਰੜੀ ਸਾਧਨਾਂ ਕਰਕੇ ਵੀ ਬ੍ਰਹਮ (ਕਾਲ) ਦੇ ਦਰਸ਼ਨ ਨਹੀਂ ਹੋਏ। ਬਾਅਦ ਵਿੱਚ ਰਿਸ਼ੀਆ ਨੇ ਵੀ ਵੇਦਾਂ ਨੂੰ ਪੜ੍ਹਿਆ। ਉਸ ਵਿੱਚ ਲਿਖਿਆ ਹੈ ਕਿ "ਅਗਨੇਹ ਤਨੂਰ ਅਸਿ" (ਪਵਿੱਤਰ ਯਜੁਰਵੇਦ ਅ. 1 ਮੰਤਰ 15) ਪ੍ਰਮੇਸ਼ਵਰ ਸਹਿਸਰੀਰ ਹੈ ਅਤੇ ਪਵਿੱਤਰ ਯਜੁਰਵੇਦ ਦੇ ਅ:5 ਮੰਤਰ 1 ਵਿੱਚ ਲਿਖਿਆ ਹੈ ਕਿ "ਅਗਨੇਹ ਤਨੁਰ ਅਸਿ ਵਿਸ਼ਣਵੇ ਤਵਾ ਸੋਮਸਯ ਤਨੁਰ ਅਸਿ"। ਇਸ ਮੰਤਰ ਵਿੱਚ ਦੋ ਵਾਰ ਵੇਦ ਗਵਾਹੀ ਦੇ ਰਹੇ ਹਨ ਕਿ ਸਰਵਵਿਆਪਕ, ਸਰਵਪਾਲਨ ਕਰਤਾ ਸਤਿਪੁਰਸ਼ ਸਹਿਸਰੀਰ ਹੈ। ਪਵਿੱਤਰ ਯਜੁਰਵੇਦ ਅਧਿ: 40 ਮੰਤ੍ਰ 8 ਵਿੱਚ ਕਿਹਾ ਹੈ ਕਿ (ਕਵਿਰ ਮਨੀਸ਼ੀ) ਜਿਸ ਪ੍ਰਮੇਸ਼ਵਰ ਦੀ ਸਰਵ ਪ੍ਰਾਣੀਆਂ ਨੂੰ ਚਾਹ ਹੈ, ਉਹ ਕਵਿਰ ਅਰਥਾਤ ਕਬੀਰ ਹੈ। ਉਸਦਾ ਸਰੀਰ ਬਿਨ੍ਹਾਂ ਨਾੜੀ (ਅਸਨਾਵਿਰਮ) ਦਾ ਹੈ, (ਸ਼ੁਕਰਮ) ਵੀਰਜ਼ ਤੋਂ ਬਣੀ ਪੰਜ ਤੱਤ ਤੋਂ ਬਣੀ ਭੌਤਿਕ (ਅਕਾਇਮ) ਕਾਇਆ ਰਹਿਤ ਹੈ। ਉਹ ਸਭ ਦਾ ਮਾਲਿਕ ਸਰਵਉੱਤਮ ਸਤਲੋਕ ਵਿੱਚ ਵਿਰਾਜਮਾਨ ਹੈ, ਉਸ


ਪ੍ਰਮੇਸ਼ਵਰ ਦਾ ਤੇਜ਼ਪੁੰਜ ਦਾ (ਸਵਰਜੋਤੀ) ਸਵੈਂ ਪ੍ਰਕਾਸ਼ਿਤ ਸਰੀਰ ਹੈ ਅਤੇ ਜੋ ਸ਼ਬਦ ਰੂਪ ਅਰਥਾਤ ਅਵਿਨਾਸ਼ੀ ਹੈ। ਉਹੀ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਹੈ ਜੋ ਸਰਵ ਬ੍ਰਹਿਮੰਡਾਂ ਦੀ ਰਚਨਾ ਕਰਨ ਵਾਲਾ (ਵਯਦਧਾਤਾ) ਸਰਵ ਬ੍ਰਹਿਮੰਡਾਂ ਦਾ ਰਚਨਹਾਰ (ਸਵੈਭੂਹ) ਖੁਦ ਪ੍ਰਗਟ ਹੋਣ ਵਾਲਾ (ਯਥਾ ਤਥਯ ਅਰਥਾਤ) ਵਾਸਤਵ ਵਿੱਚ (ਸ਼ਾਸ਼ਵਤ) ਅਵਿਨਾਸ਼ੀ ਹੈ (ਗੀਤਾ ਅਧਿ: 15 ਸਲੋਕ 17 ਵਿੱਚ ਵੀ ਪ੍ਰਮਾਣ ਹੈ।) ਭਾਵਅਰਥ ਹੈ ਕਿ ਪੂਰਣ ਬ੍ਰਹਮ ਦਾ ਸਰੀਰ ਦਾ ਨਾਮ ਕਬੀਰ (ਕਵਿਰਦੇਵ) ਹੈ। ਉਸ ਪ੍ਰਮੇਸ਼ਵਰ ਦਾ ਸਰੀਰ ਨੂਰ ਤੱਤਵ ਤੋਂ ਬਣਿਆ ਹੈ। ਪ੍ਰਮਾਤਮਾ ਦਾ ਸਰੀਰ ਅਤਿ ਸੂਕਸ਼ਮ ਹੈ ਜੋ ਉਸ ਸਾਧਕ ਨੂੰ ਦਿਖਾਈ ਦਿੰਦਾ ਹੈ ਜਿਸਦੀ ਦਿਵਯ ਦ੍ਰਿਸ਼ਟੀ ਖੁੱਲ੍ਹ ਚੁੱਕੀ ਹੈ। ਇਸ ਤਰ੍ਹਾਂ ਜੀਵ ਦਾ ਵੀ ਸੂਕਸ਼ਮ ਸਰੀਰ ਹੈ ਜਿਸਦੇ ਉੱਪਰ ਇਹ ਪੰਜ ਤੱਤਵ ਦਾ ਖੋਲ੍ਹ (ਕਵਰ) ਅਰਥਾਤ ਪੰਜ ਤੱਤਵ ਦੀ ਕਾਇਆ ਚੜੀ ਹੁੰਦੀ ਹੈ ਜੋ ਮਾਤਾ-ਪਿਤਾ ਦੇ ਸੰਜੋਗ ਨਾਲ (ਕਰਮ) ਵੀਰਜ਼ ਤੋਂ ਬਣੀ ਹੈ। ਸਰੀਰ ਤਿਆਗਣ ਦੇ ਪਿੱਛੋਂ ਵੀ ਜੀਵ ਦਾ ਸੂਕਸ਼ਮ ਸਰੀਰ ਨਾਲ ਰਹਿੰਦਾ ਹੈ। ਉਹ ਸਰੀਰ ਉਸੀ ਸਾਧਕ ਨੂੰ ਦਿਖਦਾ ਹੈ ਜਿਸਦੀ ਦਿਵਯ ਦ੍ਰਿਸ਼ਟੀ ਖੁੱਲ੍ਹ ਚੁੱਕੀ ਹੈ। ਇਸ ਤਰ੍ਹਾਂ ਪ੍ਰਮਾਤਮਾ ਅਤੇ ਜੀਵਾਂ ਦੀ ਸਥਿਤੀ ਨੂੰ ਸਮਝੋ। ਵੇਦਾਂ ਵਿੱਚ ਓਮ ਨਾਮ ਦੇ ਸਿਮਰਨ ਦਾ ਪ੍ਰਮਾਣ ਹੈ ਜੋ ਕੇਵਲ ਬ੍ਰਹਮ ਸਾਧਨਾ ਹੈ। ਇਸ ਉਦੇਸ਼ ਨਾਲ ਓਮ ਨਾਮ ਦੇ ਜਾਪ ਨੂੰ ਪੂਰਣ ਬ੍ਰਹਮ ਦਾ ਮੰਨ ਕੇ ਰਿਸ਼ੀਆਂ ਨੇ ਵੀ ਹਜ਼ਾਰਾਂ ਸਾਲ ਹਠਯੋਗ (ਸਮਾਧੀ ਲਾਕੇ) ਕਰਕੇ ਪ੍ਰਭੂ ਪ੍ਰਾਪਤੀ ਦੀ ਕੋਸ਼ਿਸ ਕੀਤੀ, ਪਰ ਪ੍ਰਭੂ ਦੇ ਦਰਸ਼ਨ ਨਹੀਂ ਹੋਏ, ਸਿੱਧੀਆਂ ਪ੍ਰਾਪਤ ਹੋ ਗਈਆਂ। ਉਨ੍ਹਾਂ ਸਿੱਧੀਆਂ ਰੂਪੀ ਖਿਡੌਣੇ ਨਾਲ ਖੇਡ ਕੇ ਰਿਸ਼ੀ ਵੀ ਜਨਮ-ਮਰਨ ਦੇ ਚੱਕਰ ਵਿੱਚ ਹੀ ਰਹਿ ਗਏ ਅਤੇ ਆਪਣੇ ਅਨੁਭਵ ਨਾਲ ਸ਼ਾਸਤਰ ਵਿੱਚ ਪ੍ਰਮਾਤਮਾ ਨੂੰ ਨਿਰਾਕਾਰ ਲਿਖ ਦਿੱਤਾ। ਬ੍ਰਹਮ (ਕਾਲ) ਨੇ ਕਸਮ ਖਾਦੀ ਹੈ ਕਿ ਮੈਂ ਆਪਣੇ ਵਾਸਤਵ ਰੂਪ ਵਿੱਚ ਕਿਸੀ ਨੂੰ ਦਰਸ਼ਨ ਨਹੀਂ ਦੇਵਾਂਗਾ। ਮੈਨੂੰ ਅਵਿਅਕਤ ਮੰਨਿਆ ਕਰਨਗੇ (ਅਵਿਅਕਤ ਦਾ ਭਾਵਅਰਥ ਹੈ ਕਿ ਕੋਈ ਆਕਾਰ ਵਿੱਚ ਹੈ ਪ੍ਰੰਤੂ ਅਵਿਅਕਿਗਤ ਰੂਪ ਨਾਲ ਸਥੂਲ ਰੂਪ ਵਿੱਚ ਦਰਸ਼ਨ ਨਹੀਂ ਦਿੰਦਾ। ਜਿਵੇਂ ਆਕਾਸ਼ ਵਿੱਚ ਬੱਦਲ ਛਾਅ ਜਾਣ ਉੱਤੇ ਸੂਰਜ ਅਦ੍ਰਿਸ਼ ਹੋ ਜਾਂਦਾ ਹੈ। ਉਹ ਦ੍ਰਿਸ਼ਮਾਨ ਨਹੀਂ ਹੈ, ਪ੍ਰੰਤੂ ਵਾਸਤਵ ਵਿੱਚ ਬੱਦਲਾਂ ਦੇ ਪਾਰ ਜਿਉਂ ਦਾ ਤਿਉਂ ਹੈ, ਇਸ ਅਵਸਥਾ ਨੂੰ ਅਵਿਅਕਤ ਕਹਿੰਦੇ ਹਨ)। (ਪ੍ਰਮਾਣ ਦੇ ਲਈ ਗੀਤਾ ਅ:7 ਸਲੋਕ 24-25, ਅ:11 ਸਲੋਕ 48 ਤੇ 32 ਦੇਖੋ)

ਪਵਿੱਤਰ ਗੀਤਾ ਜੀ ਬੋਲਣ ਵਾਲਾ ਬ੍ਰਹਮ (ਕਾਲ) ਸ਼੍ਰੀ ਕ੍ਰਿਸ਼ਨ ਜੀ ਦੇ ਸਰੀਰ ਵਿੱਚ ਪ੍ਰੇਤਵੱਸ਼ ਪ੍ਰਵੇਸ਼ ਕਰਕੇ ਕਿਹਾ ਹੈ ਕਿ ਹੇ ਅਰਜੁਨ ਮੈਂ ਵਧਿਆ ਹੋਇਆ ਕਾਲ ਹਾਂ ਅਤੇ ਸਰਵ ਨੂੰ ਖਾਣ ਦੇ ਲਈ ਆਇਆ ਹਾਂ। (ਗੀਤਾ ਅਧਿ:11 ਦਾ ਸਲੋਕ ਨੰ. 32) ਇਹ ਮੇਰਾ ਵਾਸਤਵਿਕ ਰੂਪ ਹੈ, ਇਸਨੂੰ ਤੇਰੇ ਤੋਂ ਇਲਾਵਾ ਨਾ ਤਾਂ ਕੋਈ ਪਹਿਲਾਂ ਦੇਖ ਸਕਿਆ ਅਤੇ ਨਾਂ ਹੀ ਕੋਈ ਦੇਖ ਸਕਦਾ ਹੈ ਅਰਥਾਤ ਵੇਦਾਂ ਵਿੱਚ ਵਰਣਿਤ ਯੱਗ-ਜੱਪ-ਤੱਪ ਅਤੇ ਓਮ ਨਾਮ ਆਦਿ ਦੀ ਵਿਧੀ ਨਾਲ ਮੇਰੇ ਵਾਸਤਵਿਕ ਰੂਪ ਦੇ ਦਰਸ਼ਨ ਨਹੀਂ ਹੋ ਸਕਦੇ। (ਗੀਤਾ ਅਧਿ:11 ਸਲੋਕ ਨੰ.48) ਮੈਂ ਕ੍ਰਿਸ਼ਨ ਨਹੀਂ ਹਾਂ, ਇਹ ਮੂਰਖ ਲੋਕ ਕ੍ਰਿਸ਼ਨ ਰੂਪ ਵਿੱਚ ਮੈਨੂੰ ਅਵਿਅਕਤ ਨੂੰ ਵਿਅਕਤ (ਮਨੁੱਖ ਰੂਪ) ਮੰਨ ਰਹੇ ਹਨ। ਕਿਉਂਕਿ ਇਹ ਮੇਰੇ ਘਟੀਆ ਨਿਯਮ ਤੋਂ ਅਪ੍ਰੀਚਿਤ ਹਨ ਕਿ ਮੈਂ ਕਦੇ ਵਾਸਤਵਿਕ ਇਸ ਕਾਲ ਰੂਪ ਵਿੱਚ ਸਭ ਦੇ ਸਾਹਮਣੇ ਨਹੀਂ ਆਉਂਦਾ। ਆਪਣੀ ਯੋਗ ਮਾਇਆ ਨਾਲ ਛੁਪਿਆ ਰਹਿੰਦਾ ਹਾਂ (ਗੀਤਾ ਅ:7 ਸਲੋਕ ਨੰ.24-25) ਵਿਚਾਰ ਕਰੋ:- ਆਪਣੇ ਛੁਪੇ ਰਹਿਣ ਵਾਲੇ ਵਿਧਾਨ ਨੂੰ ਸਵੈ ਅਸ਼੍ਰੇਸ਼ਟ (ਅਣਉਤਮ) ਕਿਉਂ ਕਿਹ ਰਿਹਾ ਹੈ?

# ਬ੍ਰਹਮ ਲੋਕ ਦਾ ਲਘੂ ਚਿੱਤਰ



# ਜੋਤੀ ਨਿਰੰਜਨ (ਕਾਲ) ਬ੍ਰਹਮ ਦੇ ਲੋਕ (21 ਬ੍ਰਹਿਮੰਡ) ਦਾ ਲਘੂ ਚਿੱਤਰ



ਜੇ ਪਿਤਾ ਆਪਣੀ ਸੰਤਾਨ ਨੂੰ ਵੀ ਦਰਸ਼ਨ ਨਹੀਂ ਦਿੰਦਾ ਤਾਂ ਉਸ ਵਿੱਚ ਕੋਈ ਕਮੀ ਹੈ ਜਿਸ ਕਾਰਨ ਲੁੱਕਿਆ ਹੈ ਅਤੇ ਸੁਵਿਧਾਵਾਂ ਵੀ ਕਰ ਰਿਹਾ ਹੈ। ਕਾਲ (ਬ੍ਰਹਮ) ਨੂੰ ਸ਼ਰਾਪ ਦੇ ਕਾਰਨ ਇੱਕ ਲੱਖ ਮਨੁੱਖ ਸਰੀਰ ਧਾਰੀ ਪ੍ਰਾਣੀਆਂ ਦਾ ਆਹਾਰ ਕਰਨਾ ਪੈਂਦਾ ਹੈ ਤੇ 25 ਪ੍ਰਤਿਸ਼ਤ ਪ੍ਰਤੀਦਿਨ ਜੋ ਜ਼ਿਆਦਾ ਉਤਪੰਨ ਹੁੰਦੇ ਹਨ ਅਤੇ ਉਨ੍ਹਾਂ ਨੂੰ ਠਿਕਾਣੇ ਲਗਾਉਣ ਲਈ ਅਤੇ ਕਰਮ ਭੋਗ ਦਾ ਦੰਡ ਦੇਣ ਲਈ ਚੌਰਾਸੀ ਲੱਖ ਜੂਨੀਆਂ ਦੀ ਰਚਨਾ ਕੀਤੀ ਹੋਈ ਹੈ। ਜੇਕਰ ਸਭ ਦੇ ਸਾਹਮਣੇ ਬੈਠ ਕੇ ਕਿਸੇ ਦੀ ਬੇਟੀ, ਕਿਸੇ ਦੀ ਪਤਨੀ, ਕਿਸੇ ਦਾ ਪੁੱਤਰ, ਮਾਤਾ-ਪਿਤਾ ਨੂੰ ਖਾਵੇ ਤਾਂ ਸਰਵ ਨੂੰ ਬ੍ਰਹਮ ਤੋਂ ਘ੍ਰਿਣਾ ਹੋ ਜਾਵੇ ਅਤੇ ਜਦ ਵੀ ਕਦੇ ਪੂਰਣ ਪ੍ਰਮਾਤਮਾ ਕਵਿਰਅਗਿਨ (ਕਬੀਰ ਪ੍ਰਮੇਸ਼ਵਰ) ਖੁਦ ਆਵੇ ਜਾਂ ਆਪਣਾ ਕੋਈ ਆਪਣਾ ਸੰਦੇਸ਼ਵਾਹਕ ਦੂਤ) ਭੇਜਣ ਤਾਂ ਸਾਰੇ ਪ੍ਰਾਣੀ ਸਤਿਭਗਤੀ ਕਰਕੇ ਕਾਲ ਦੇ ਜਾਲ ਤੋਂ ਨਿਕਲ ਜਾਂਣ। ਇਸ ਲਈ ਇਹ ਧੋਖਾ ਦੇਕੇ ਰੱਖਦਾ ਹੈ ਅਤੇ ਪਵਿੱਤਰ ਗੀਤਾ ਅ:7 ਸਲੋਕ 18,24,25 ਮੁਕਤੀ (ਗਤੀ) ਨੂੰ ਵੀ (ਅਨਉਤਮਾਮ) ਅਤਿ ਅਸ਼੍ਰੇਸ਼ਟ ਕਿਹਾ ਹੈ ਅਤੇ ਆਪਣੇ ਵਿਧਾਨ (ਨਿਯਮ) ਨੂੰ ਵੀ (ਅਨੁਤਮ) ਅਸ਼੍ਰੇਸ਼ਟ ਕਿਹਾ ਹੈ।

ਹਰੇਕ ਬ੍ਰਹਿਮੰਡ ਵਿੱਚ ਬਣੇ ਬ੍ਰਹਮਲੋਕ ਵਿੱਚ ਇੱਕ ਮਹਾਂਸਵਰਗ ਬਣਾਇਆ ਹੈ। ਮਹਾਂਸਵਰਗ ਵਿੱਚ ਇੱਕ ਸਥਾਨ ਉੱਤੇ ਨਕਲੀ ਸਤਲੋਕ-ਨਕਲੀ ਅਲਖ ਲੋਕ-ਨਕਲੀ ਅਗਮ ਲੋਕ ਅਤੇ ਨਕਲੀ ਅਨਾਮੀ ਲੋਕ ਦੀ ਰਚਨਾ ਪ੍ਰਾਣੀਆਂ ਨੂੰ ਧੋਖਾ ਦੇਣ ਲਈ ਪ੍ਰਕ੍ਰਿਤੀ (ਦੁਰਗਾ/ਆਦਿ ਮਾਇਆ) ਤੋਂ ਕਰਵਾ ਰੱਖਿਆ ਹੈ। ਕਬੀਰ ਸਾਹਿਬ ਦਾ ਇੱਕ ਸ਼ਬਦ ਹੈ 'ਕਰ ਨੈਣੋਂ ਦੀਦਾਰ ਮਹਿਲ ਮੇਂ ਪਿਆਰਾ ਹੈ ਵਿੱਚ ਬਾਣੀ ਹੈ ਕਿ "ਕਾਇਆ ਭੇਦ ਕਿਆ ਨਿਰਵਾਰਾ, ਯਹ ਸਭ ਰਚਨਾ ਪਿੰਡ ਮੰਝਾਰਾ ਹੈ। ਮਾਇਆ ਅਵਿਗਤ ਜਾਲ ਪਸਾਰਾ, ਸੋ ਕਾਰੀਗਰ ਭਾਰਾ ਹੈ। ਆਦਿ ਮਾਇਆ ਕਿਨ੍ਹੀ ਚਤੁਰਾਈ, ਝੂਠੀ ਬਾਜੀ ਪਿੰਡ ਦਿਖਾਈ, ਅਵਿਗਤ ਰਚਨਾ ਰਚੀ ਅੰਡ ਮਾਹਿ, ਵਾਕਾ ਪ੍ਰੀਤਿਬੰਬ ਡਾਰਾ ਹੈ।"

ਇੱਕ ਬ੍ਰਹਿਮੰਡ ਵਿੱਚ ਹੋਰ ਲੋਕਾਂ ਦੀ ਵੀ ਰਚਨਾ ਹੈ ਜਿਵੇਂ ਕਿ ਬ੍ਰਹਮਾ ਜੀ ਦਾ ਲੋਕ, ਸ਼੍ਰੀ ਵਿਸ਼ਣੂ ਜੀ ਦਾ ਲੋਕ, ਸ਼੍ਰੀ ਸ਼ਿਵ ਜੀ ਦਾ ਲੋਕ। ਜਿੱਥੇ ਬੈਠਕੇ ਤਿੰਨੋਂ ਪ੍ਰਭੂ ਨੀਚੇ ਦੇ ਤਿੰਨ ਲੋਕ (ਸਵਰਗ ਲੋਕ ਅਰਥਾਤ ਇੰਦਰ ਦਾ ਲੋਕ-ਪ੍ਰਿਥਵੀ ਲੋਕ ਅਤੇ ਪਾਤਾਲ ਲੋਕ) ਉੱਤੇ ਇੱਕ-ਇੱਕ ਵਿਭਾਗ ਦੇ ਮਾਲਿਕ ਬਣਕੇ ਪ੍ਰਭੁਤਾ ਕਰਦੇ ਹਨ ਅਤੇ ਆਪਣੇ ਪਿਤਾ ਕਾਲ ਦੇ ਖਾਣ ਦੇ ਲਈ ਪ੍ਰਾਣੀਆਂ ਦੀ ਉਤਪੱਤੀ, ਸਥਿਤੀ ਅਤੇ ਸੰਹਾਰ ਦਾ ਕਾਰਜਭਾਗ ਸੰਭਾਲਦੇ ਹਨ। ਤਿੰਨਾਂ ਪ੍ਰਭੂਆਂ ਦੀ ਜਨਮ ਅਤੇ ਮ੍ਰਿਤੂ ਹੁੰਦੀ ਹੈ। ਤਦ ਕਾਲ ਇਨ੍ਹਾਂ ਨੂੰ ਵੀ ਖਾਂਦਾ ਹੈ। ਇਸੇ ਬ੍ਰਹਿਮੰਡ (ਇਸਨੂੰ ਅੰਡ ਵੀ ਕਹਿੰਦੇ ਹਨ ਕਿਉਂਕਿ ਬ੍ਰਹਿਮੰਡ ਦੀ ਬਨਾਵਟ ਅੰਡਾਕਾਰ ਹੈ, ਇਸਨੂੰ ਪਿੰਡ ਵੀ ਕਹਿੰਦੇ ਹਨ ਕਿਉਂਕਿ ਸਰੀਰ (ਪਿੰਡ) ਵਿੱਚ ਇੱਕ ਬ੍ਰਹਿਮੰਡ ਦੀ ਰਚਨਾ ਕਮਲਾਂ ਵਿੱਚ ਟੀ:ਵੀ: ਦੀ ਤਰ੍ਹਾਂ ਦੇਖ ਜਾਂਦੀ ਹੈ) ਵਿੱਚ ਇੱਕ ਮਾਨਸਰੋਵਰ ਅਤੇ ਧਰਮਰਾਜ (ਨਿਆਏਧੀਸ਼) ਦਾ ਵੀ ਲੋਕ ਹੈ ਅਤੇ ਇੱਕ ਗੁਪਤ ਸਥਾਨ ਉੱਤੇ ਪੂਰਣ ਪ੍ਰਮਾਤਾਮਾ ਹੋਰ ਰੂਪ ਧਾਰਨ ਕਰਕੇ ਰਹਿੰਦਾ ਹੈ ਜਿਵੇਂ ਹਰੇਕ ਦੇਸ਼ ਦਾ ਰਾਜਦੂਤ ਭਵਨ ਹੁੰਦਾ ਹੈ। ਉਸ ਜਗ੍ਹਾ ਕੋਈ ਨਹੀਂ ਜਾ ਸਕਦਾ। ਉੱਥੇ ਉਹ ਆਤਮਾਂ ਰਹਿੰਦੀਆਂ ਹਨ ਜਿਨ੍ਹਾਂ ਦੀ ਸਤਲੋਕ ਦੀ ਭਗਤੀ ਅਧੂਰੀ ਰਹਿੰਦੀ ਹੈ। ਜਦ ਭਗਤੀ ਯੁੱਗ ਆਉਂਦਾ ਹੈ ਤਾਂ ਉਸ ਸਮੇਂ ਇਨ੍ਹਾਂ ਪੁੰਨ ਆਤਮਾਂਵਾਂ ਨੂੰ ਪ੍ਰਿਥਵੀ ਉੱਤੇ ਮਾਨਵ ਸਰੀਰ ਪ੍ਰਾਪਤ ਹੁੰਦਾ ਹੈ ਅਤੇ ਇਹ ਜਲਦ ਹੀ ਸਤਿਭਗਤੀ ਵੱਲ ਲੱਗ ਜਾਂਦੇ ਹਨ ਅਤੇ ਪੂਰਣ ਮੋਕਸ਼ ਪ੍ਰਾਪਤ ਕਰ ਜਾਂਦੇ ਹਨ। ਉਸ ਸਥਾਨ ਉੱਤੇ ਰਹਿਣ ਵਾਲੇ ਹੰਸ ਆਤਾਮਾਂਵਾਂ ਦੀ ਨਿੱਜੀ ਭਗਤੀ ਕਮਾਈ ਖਰਚ ਨਹੀਂ ਹੁੰਦੀ। ਪ੍ਰਮਾਤਮਾ ਦੇ ਭੰਡਾਰ ਤੋਂ ਸਰਵ ਸੁਵਿਧਾਵਾਂ ਪ੍ਰਾਪਤ ਹੁੰਦੀਆਂ ਹਨ। ਬ੍ਰਹਮ (ਕਾਲ) ਦੇ ਉਪਾਸਕਾਂ ਦੀ ਭਗਤੀ ਕਮਾਈ ਸਵਰਗ-ਨਰਕ ਵਿੱਚ ਹੀ ਸਮਾਪਤ ਹੋ ਜਾਂਦੀ ਹੈ ਕਿਉਂਕਿ ਇਸ

ਕਾਲ ਲੋਕ (ਬ੍ਰਹਮ ਲੋਕ) ਅਤੇ ਪਰਬ੍ਰਹਮ ਲੋਕ ਵਿੱਚ ਪ੍ਰਾਣੀਆਂ ਨੂੰ ਆਪਣਾ ਕੀਤਾ ਹੋਇਆ ਹੀ ਕਰਮਫ਼ਲ ਮਿਲਦਾ ਹੈ।

ਸ਼ਰ ਪੁਰਸ਼ (ਬ੍ਰਹਮ) ਨੇ ਆਪਣੇ 20 ਬ੍ਰਹਿਮੰਡਾਂ ਨੂੰ ਚਾਰ ਮਹਾਂਬ੍ਰਹਿਮੰਡਾਂ ਵਿੱਚ ਵਿਭਾਜਿਤ ਕੀਤਾ ਹੋਇਆ ਹੈ। ਇੱਕ ਮਹਾਂਬ੍ਰਹਿਮੰਡ ਵਿੱਚ ਪੰਜ ਬ੍ਰਹਿਮੰਡਾਂ ਦਾ ਸਮੂਹ ਬਣਾਇਆ ਹੈ ਅਤੇ ਚਾਰੇ ਪਾਸਿਉਂ ਅੰਡਾਕਾਰ ਗੋਲਾਈ (ਪ੍ਰੀਧੀ) ਵਿੱਚ ਰੋਕਿਆ ਹੋਇਆ ਹੈ ਅਤੇ ਚਾਰੋਂ ਮਹਾਂਬ੍ਰਹਿਮੰਡਾਂ ਨੂੰ ਵੀ ਫਿਰ ਅੰਡਾਕਾਰ ਗੋਲਾਈ (ਪ੍ਰੀਧੀ) ਵਿੱਚ ਰੋਕਿਆ ਹੋਇਆ ਹੈ। ਇੱਕੀਵੇਂ ਬ੍ਰਹਿਮੰਡ ਦੀ ਰਚਨਾ ਇੱਕ ਮਹਾਂਬ੍ਰਹਿਮੰਡ ਜਿੰਨਾਂ ਸਥਾਨ ਲੈ ਕੇ ਕੀਤੀ ਹੈ। ਇੱਕੀਵੇਂ ਬ੍ਰਹਿਮੰਡ ਵਿੱਚ ਪ੍ਰਵੇਸ਼ ਹੁੰਦੇ ਹੀ ਤਿੰਨ ਰਾਸਤੇ ਬਣਾਏ ਹਨ। ਇੱਕੀਵੇਂ ਬ੍ਰਹਿਮੰਡ ਦੇ ਖੱਬੇ ਪਾਸੇ ਨਕਲੀ ਸਤਲੋਕ, ਨਕਲੀ ਅਲਖ ਲੋਕ, ਨਕਲੀ ਅਗਮ ਲੋਕ, ਨਕਲੀ ਅਨਾਮੀ ਲੋਕ ਦੀ ਰਚਨਾ ਪ੍ਰਾਣੀਆਂ ਨੂੰ ਧੋਖੇ ਦੇਣ ਵਿੱਚ ਰੱਖਣ ਦੇ ਲਈ ਆਦਿ ਮਾਇਆ (ਦੁਰਗਾ) ਤੋਂ ਕਰਵਾਈ ਹੈ ਅਤੇ ਸੱਜੇ ਪਾਸੇ ਬਾਰ੍ਹਾਂ ਸਭ ਤੋਂ ਸ੍ਰੇਸ਼ਟ ਬ੍ਰਹਮ ਸਾਧਕਾਂ (ਭਗਤਾਂ) ਨੂੰ ਰੱਖਦਾ ਹੈ। ਫਿਰ ਹਰ ਯੁੱਗ ਵਿੱਚ ਉਨ੍ਹਾਂ ਨੂੰ ਆਪਣਾ ਸੰਦੇਸ਼ ਵਾਹਕ (ਸੰਤ ਸਤਿਗੁਰੂ) ਬਣਾਕੇ ਪ੍ਰਿਥਵੀ ਉੱਤੇ ਭੇਜਦਾ ਹੈ, ਜੋ ਸ਼ਾਸਤਰ ਵਿਧੀ ਰਹਿਤ ਸਾਧਨਾ ਅਤੇ ਗਿਆਨ ਦੱਸਦੇ ਹਨ ਅਤੇ ਆਪਵੀ ਭਗਤੀ ਹੀਣ ਹੋ ਜਾਂਦੇ ਹਨ ਅਤੇ ਸਾਧਕਾਂ ਨੂੰ ਵੀ ਕਾਲ-ਜਾਲ ਵਿੱਚ ਫਸਾ ਜਾਂਦੇ ਹਨ। ਫਿਰ ਉਹ ਗੁਰੂ ਜੀ ਅਤੇ ਅਨੁਆਈ ਦੋਨੋਂ ਹੀ ਨਰਕ ਵਿੱਚ ਜਾਂਦੇ ਹਨ। ਫਿਰ ਸਾਹਮਣੇ ਇੱਕ ਤਾਲਾ (ਕੁਲਫ਼) ਲਗਾ ਰੱਖਿਆ ਹੈ। ਉਹ ਰਾਸਤਾ ਕਾਲ (ਬ੍ਰਹਮ) ਦੇ ਨਿੱਜ ਲੋਕ ਵਿੱਚ ਜਾਂਦਾ ਹੈ। ਜਿੱਥੇ ਇਹ ਬ੍ਰਹਮ (ਕਾਲ) ਆਪਣੇ ਵਾਸਤਵਿਕ ਮਾਨਵ ਸ਼ੁਦ੍ਰਿਸ਼ ਕਾਲ ਰੂਪ ਵਿੱਚ ਰਹਿੰਦਾ ਹੈ। ਇਸੇ ਸਥਾਨ ਉੱਤੇ ਇੱਕ ਪੱਥਰ ਦੀ ਟੁਕੜੀ ਤਵੇ ਦੇ ਆਕਾਰ ਦੀ (ਚਪਾਤੀ ਪਕਾਉਣ ਦੀ ਲੋਹੇ ਦੀ ਗੋਲ ਜਿਹੀ ਪਲੇਟ ਹੁੰਦੀ) ਸਵਤ੍ਹ ਗਰਮ ਰਹਿੰਦੀ ਹੈ। ਜਿਸ ਉੱਤੇ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਦੇ ਸੂਖਸ਼ਮ ਸਰੀਰਾਂ ਨੂੰ ਭੁੰਨ ਕੇ ਉਸ ਵਿੱਚੋਂ ਗੰਦਗੀ ਕੱਢਕੇ ਖਾਂਦਾ ਹੈ। ਉਸ ਸਮੇਂ ਸਰਵ ਪ੍ਰਾਣੀ ਬਹੁਤ ਪੀੜ੍ਹਾ ਅਨੁਭਵ ਕਰਦੇ ਹਨ ਅਤੇ ਹਾਹਾਕਾਰ ਮੱਚ ਜਾਂਦੀ ਹੈ। ਫਿਰ ਕੁਝ ਸਮੇਂ ਪਿੱਛੋਂ ਉਹ ਬੇਹੋਸ਼ ਹੋ ਜਾਂਦੇ ਹਨ। ਜੀਵ ਮਰਦੇ ਨਹੀਂ। ਫਿਰ ਧਰਮਰਾਏ ਦੇ ਲੋਕ ਵਿੱਚ ਜਾਕੇ ਆਪਣੇ ਕਰਮ ਅਧਾਰ ਕਰਕੇ ਹੋਰ ਜਨਮ ਪ੍ਰਾਪਤ ਕਰਦੇ ਹਨ ਅਤੇ ਜਨਮ-ਮਰਣ ਦਾ ਚੱਕਰ ਬਣਿਆ ਰਹਿੰਦਾ ਹੈ। ਉਪਰੋਕਤ ਸਾਹਮਣੇ ਲੱਗਿਆ ਤਾਲਾ ਬ੍ਰਹਮ (ਕਾਲ) ਕੇਵਲ ਆਪਣੇ ਖਾਣ ਵਾਲੇ ਪ੍ਰਾਣੀਆਂ ਲਈ ਕੁਝ ਸਮੇਂ ਲਈ ਖੋਲਦਾ ਹੈ। ਪੂਰਣ ਪ੍ਰਮਾਤਮਾ ਦੇ ਸਤਿਨਾਮ ਅਤੇ ਸਾਰਨਾਮ ਨਾਲ ਇਹ ਤਾਲਾ ਆਪਹੀ ਖੁੱਲ੍ਹ ਜਾਂਦਾ ਹੈ। ਇਸਤਰ੍ਹਾਂ ਕਾਲ ਦਾ ਜਾਲ ਪੂਰਣ ਪਰਮਾਤਮਾ ਕਵਿਰਦੇਵ (ਕਬੀਰ ਸਾਹਿਬ) ਨੇ ਆਪ ਹੀ ਆਪਣੇ ਨਿੱਜੀ ਭਗਤ ਧਰਮਦਾਸ ਜੀ ਨੂੰ ਸਮਝਾਇਆ।

## "ਪਰਬ੍ਰਹਮ ਦੇ ਸੱਤ ਸੰਖ ਬ੍ਰਹਿਮੰਡਾਂ ਦੀ ਸਥਾਪਨਾ"

ਕਬੀਰ ਪ੍ਰਮੇਸ਼ਵਰ (ਕਵਿਰਦੇਵ) ਜੀ ਨੇ ਅੱਗੇ ਦੱਸਿਆ ਕਿ ਪ੍ਰਬਹਮ (ਅਕਸ਼ਰ ਪੁਰਸ਼) ਨੇ ਆਪਣੇ ਕੰਮ ਵਿੱਚ ਗਲਤੀ ਕੀਤੀ ਕਿਉਂਕਿ ਉਹ ਮਾਨਸਰੋਵਰ ਵਿੱਚ ਸੌਂ ਗਿਆ ਅਤੇ ਜਦੋਂ ਪ੍ਰਮੇਸ਼ਵਰ (ਮੈਂ ਅਰਥਾਤ ਕਬੀਰ ਪ੍ਰਮੇਸ਼ਵਰ ਨੇ) ਉਸ ਸਰੋਵਰ ਵਿੱਚ ਅੰਡਾ ਛੱਡਿਆ ਤਾਂ ਅਕਸ਼ਰ ਪੁਰਸ਼ (ਪਰਮ) ਨੇ ਉਸਨੂੰ ਗੁੱਸੇ ਨਾਲ ਦੇਖਿਆ ਸੀ। ਇਨ੍ਹਾਂ ਦੋਵੇਂ ਅਪਰਾਧਾਂ ਕਾਰਨ ਵੀ ਉਸਨੂੰ ਸੱਤ ਸੰਖ ਬ੍ਰਹਿਮੰਡਾਂ ਸਮੇਤ ਸਤਲੋਕ ਤੋਂ ਬਾਹਰ ਕੱਢ ਦਿੱਤਾ। ਦੂਸਰਾ ਕਾਰਨ ਅਕਸ਼ਰ ਪੁਰਸ਼ (ਬ੍ਰਹਮ) ਆਪਣੇ ਸਾਥੀ ਬ੍ਰਹਮ (ਸ਼ਰ ਪੁਰਸ਼) ਦੀ ਵਿਦਾਈ ਵਿੱਚ ਵਿਆਕੁਲ ਹੋਕੇ ਪਰਮਪਿਤਾ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਜੀ ਨੂੰ ਭੁੱਲਕੇ ਉਸੇ ਨੂੰ ਯਾਦ ਕਰਨ ਲੱਗਾ ਅਤੇ ਸੋਚਿਆ ਕਿ ਸ਼ਰਪੁਰਸ਼ (ਬ੍ਰਹਮ) ਤਾਂ ਬਹੁਤ ਆਨੰਦ ਮਾਣ ਰਿਹਾ ਹੋਵੇਗਾ, ਮੈਂ ਪਿੱਛੇ ਰਹਿ ਗਿਆ ਅਤੇ ਕੁਝ

ਹੋਰ ਆਤਮਾਂਵਾਂ ਜੋ ਪਰਬ੍ਰਹਮ ਦੇ ਨਾਲ ਸੱਤ ਸੰਖ ਬ੍ਰਹਿਮੰਡ ਵਿੱਚ ਜਨਮ-ਮਰਨ ਦਾ ਕਰਮਦੰਡ ਭੋਗ ਰਹੀਆਂ ਹਨ, ਉਨ੍ਹਾਂ ਹੰਸ ਆਤਮਾਂਵਾਂ ਦੀ ਵਿਦਾਈ ਦੀ ਯਾਦ ਵਿੱਚ ਖੋ ਗਈਆਂ ਜੋ ਬ੍ਰਹਮ (ਕਾਲ) ਦੇ ਨਾਲ ਇੱਕੀ ਬ੍ਰਹਿਮੰਡਾਂ ਵਿੱਚ ਫਸੀਆਂ ਹਨ ਅਤੇ ਪੂਰਣ ਪ੍ਰਮਾਤਮਾ, ਸੁਖਦਾਈ ਕਵਿਰਦੇਵ ਜੀ ਦੀ ਯਾਦ ਭੁਲਾ ਦਿੱਤੀ। ਪ੍ਰਮੇਸ਼ਵਰ ਕਵਿਰਦੇਵ ਦੇ ਵਾਰ-ਵਾਰ ਸਮਝਾਉਣ ਉੱਤੇ ਵੀ ਆਸਥਾ ਘੱਟ ਨਹੀਂ ਹੋਈ। ਪਰਬ੍ਰਹਮ (ਅਕਸ਼ਰ ਪੁਰਸ਼) ਨੇ ਸੋਚਿਆ ਕਿ ਮੈਂ ਵੀ ਅਲੱਗ ਸਥਾਨ ਪ੍ਰਾਪਤ ਕਰਾਂ ਤਾਂ ਚੰਗਾ ਰਹੇ। ਇਹ ਸੋਚਕੇ ਰਾਜ ਪ੍ਰਾਪਤੀ ਦੀ ਇੱਛਾ ਨਾਲ ਸਾਰਨਾਮ ਦਾ ਜਾਪ ਆਰੰਭ ਦਿੱਤਾ। ਇਸੀ ਤਰ੍ਹਾਂ ਹੋਰ ਆਤਮਾਂਵਾਂ ਨੇ (ਜੋ ਪ੍ਰਬ੍ਰਹਮ ਦੇ ਸੱਤ ਸੰਖ ਬ੍ਰਹਿਮੰਡਾਂ ਵਿੱਚ ਫਸੀਆਂ ਹਨ) ਨੇ ਸੋਚਿਆ ਕਿ ਜੋ ਬ੍ਰਹਮ ਦੇ ਨਾਲ ਆਤਮਾਂਵਾਂ ਗਈਆਂ ਹਨ ਉਹ ਤਾਂ ਮੌਜ਼-ਮਸਤੀ ਮਨਾਉਣਗੇ, ਅਸੀਂ ਪਿੱਛੇ ਰਹਿ ਗਏ। ਪਰਬ੍ਰਹਮ ਦੇ ਮਨ ਵਿੱਚ ਇਹ ਧਾਰਨਾ ਬਣੀ ਕਿ ਸ਼ਰ ਪੁਰਸ਼ ਅਲੱਗ ਹੋਕੇ ਬਹੁਤ ਸੁੱਖ ਹੋਵੇਗਾ। ਇਹ ਵਿਚਾਰ ਕਰਕੇ ਅੰਤਰਆਤਮਾ ਤੋਂ ਭਿੰਨ ਸਥਾਨ ਪ੍ਰਾਪਤੀ ਦੀ ਠਾਨ ਲਈ। ਪਰਬ੍ਰਹਮ (ਅਕਸ਼ਰ ਪੁਰਸ਼) ਨੇ ਹੱਠਯੋਗ ਨਹੀਂ ਕੀਤਾ, ਪ੍ਰੰਤੂ ਕੇਵਲ ਅਲੱਗ ਰਾਜ ਪ੍ਰਾਪਤੀ ਕਰਨ ਲਈ ਸਹਿਜ ਧਿਆਨਯੋਗ ਵਿਸ਼ੇਸ਼ ਕਸਕ ਦੇ ਨਾਲ ਕਰਦਾ ਰਿਹਾ। ਅਲੱਗ ਸਥਾਨ ਪ੍ਰਾਪਤ ਕਰਨ ਦੇ ਲਈ ਪਾਗਲਾਂ ਦੀ ਤਰ੍ਹਾਂ ਆਸ਼ੱਕਤ ਹੋ ਕੇ ਉਸਨੂੰ ਚਾਹੁਣ ਲੱਗੀ। ਪੂਰਣ ਪ੍ਰਭੂ ਦੇ ਪੁੱਛਣ ਉੱਤੇ ਪਰਬ੍ਰਹਮ ਨੇ ਅਲੱਗ ਸਥਾਨ ਮੰਗਿਆ ਅਤੇ ਕੁਝ ਆਤਮਾਂਵਾਂ ਦੇ ਲਈ ਵੀ ਯਾਚਨਾ ਕੀਤੀ। ਤਦ ਕਵਿਰਦੇਵ ਨੇ ਕਿਹਾ ਕਿ ਜੋ ਆਤਮਾਂਵਾਂ ਆਪਦੇ ਨਾਲ ਸਵੈਇੱਛਾ ਨਾਲ ਜਾਣਾ ਚਾਹੇ ਉਨ੍ਹਾਂ ਨੂੰ ਭੇਜ ਦਿੰਦਾ ਹਾਂ। ਪੂਰਣ ਪ੍ਰਭੂ ਨੇ ਪੁੱਛਿਆ ਕਿ ਕੌਣ ਹੰਸ ਆਤਮਾ ਪਰਬ੍ਰਹਮ ਦੇ ਨਾਲ ਜਾਣਾ ਚਾਹੁੰਦਾ ਹੈ, ਸਹਿਮਤੀ ਵਿਅਕਤ ਕਰੇ। ਬਹੁਤ ਸਮੇਂ ਬਾਅਦ ਇੱਕ ਹੰਸ ਆਤਮਾ ਨੇ ਸਵੀਕ੍ਰਿਤੀ ਦਿੱਤੀ, ਫਿਰ ਦੇਖਾ-ਦੇਖੀ ਉਨ੍ਹਾਂ ਸਰਵ ਆਤਮਾਂਵਾਂ ਨੂੰ ਸਹਿਮਤੀ ਵਿਅਕਤ ਕਰ ਦਿੱਤੀ। ਸਭ ਤੋਂ ਪਹਿਲਾਂ ਸਹਿਮਤੀ ਦੇਣ ਵਾਲੇ ਹੰਸ ਨੂੰ ਇਸਤਰੀ ਰੂਪ ਬਣਾਇਆ, ਉਸਦਾ ਨਾਮ ਈਸ਼ਵਰੀ ਮਾਇਆ (ਪ੍ਰਕ੍ਰਿਤੀ ਸੁਰਤੀ) ਰੱਖਿਆ ਅਤੇ ਹੋਰ ਆਤਮਾਂਵਾਂ ਨੂੰ ਉਸ ਈਸ਼ਵਰੀ ਮਾਇਆ ਵਿੱਚ ਪ੍ਰਵੇਸ਼ ਕਰ ਕੇ ਅਚਿੰਤ ਦੁਆਰਾ ਅਕਸ਼ਰ ਪੁਰਸ਼ (ਪਰਬ੍ਰਹਮ) ਦੇ ਕੋਲ ਭੇਜਿਆ। (ਪਤੀਵਰਤਾ ਪਦ ਤੋਂ ਗਿਰਣ ਦੀ ਸਜਾ ਪਾਈ) ਕਈ ਯੁੱਗਾਂ ਤੱਕ ਦੋਨੋਂ ਸੱਤ ਸੰਖ ਬ੍ਰਹਿਮੰਡਾਂ ਵਿੱਚ ਰਹੇ, ਪ੍ਰੰਤੂ ਪਰਬ੍ਰਹਮ ਨੇ ਦੁਰਵਿਵਹਾਰ ਨਹੀਂ ਕੀਤਾ। ਈਸ਼ਵਰੀ ਮਾਇਆ ਦੀ ਸਵੈ ਇੱਛਾ ਨਾਲ ਅੰਗੀਕਾਰ ਕੀਤਾ ਅਤੇ ਆਪਣੀ ਸ਼ਬਦ ਸ਼ਕਤੀ ਨਾਲ ਨਾਖੁਨਾ ਨਾਲ ਇਸਤਰੀ ਇੰਦੀ (ਯੋਨੀ) ਬਣਾਈ। ਈਸ਼ਵਰੀ ਦੇਵੀ ਦੀ ਸਹਿਮਤੀ ਨਾਲ ਸੰਤਾਨ ਉਤਪੰਨ ਕੀਤੀ। ਇਸ ਲਈ ਪਰਬ੍ਰਹਮ ਦੇ ਲੋਕ (ਸੱਤ ਸੰਖ ਬ੍ਰਹਿਮੰਡਾਂ) ਵਿੱਚ ਪ੍ਰਾਣੀਆਂ ਨੂੰ ਤਪਤਸ਼ਿਲਾ ਦਾ ਕਸ਼ਟ ਨਹੀਂ ਹੈ ਅਤੇ ਉੱਥੇ ਪਸ਼ੂ-ਪੰਛੀ ਵੀ ਬ੍ਰਹਮ ਲੋਕ ਦੇ ਦੇਵਾਂ ਤੋਂ ਵੀ ਚੰਗੇ ਚਰਿੱਤਰ ਯੁਕਤ ਹਨ। ਉਮਰ ਵੀ ਬਹੁਤ ਲੰਬੀ ਹੈ, ਪ੍ਰੰਤੂ ਜਨਮ-ਮਰਨ ਕਰਮ ਆਧਾਰ ਉੱਤੇ ਕਰਮਦੰਡ ਅਤੇ ਮਿਹਨਤ ਕਰਕੇ ਹੀ ਉਦਰਪੂਰਤੀ ਹੁੰਦੀ ਹੈ। ਸਵਰਗ ਅਤੇ ਨਰਕ ਵੀ ਐਸੇ ਹੀ ਬਣੇ ਹਨ। ਪਰਬ੍ਰਹਮ (ਅਕਸ਼ਰ ਪੁਰਸ਼) ਨੂੰ ਸੱਤ ਸੰਖ ਬ੍ਰਹਿਮੰਡ ਉਸਦੇ ਇੱਛਾ ਰੂਪੀ ਭਗਤੀ ਧਿਆਨ ਅਰਥਾਤ ਸਹਿਜ ਸਮਾਧੀ ਵਿਧੀ ਨਾਲ ਉਸਦੀ ਕਮਾਈ ਦੇ ਪ੍ਰਤੀਫ਼ਲ ਵਿੱਚ ਪ੍ਰਦਾਨ ਕਿਤੇ ਅਤੇ ਸਲੋਕ ਤੋਂ ਭਿੰਨ ਸਥਾਨ ਉੱਤੇ ਗੋਲਾਕਾਰ ਪਰਿਧੀ ਵਿੱਚ ਬੰਦ ਕਰਕੇ ਸੱਤ ਸੰਖ ਬ੍ਰਹਿਮੰਡਾਂ ਸਹਿਤ ਅਕਸ਼ਰ ਬ੍ਰਹਮ ਅਤੇ ਈਸ਼ਵਰੀ ਮਾਇਆ ਨੂੰ ਨਿਸ਼ਕਾਸ਼ਿਤ ਕਰ ਦਿੱਤਾ।

ਪੂਰਣ ਬ੍ਰਹਮ (ਸਤਿਪੁਰਸ਼) ਅਸੰਖ ਬ੍ਰਹਿਮੰਡਾਂ ਜੋ ਸਤਿਲੋਕ ਆਦਿ ਵਿੱਚ ਹਨ ਅਤੇ ਬ੍ਰਹਮ ਦੇ ਇੱਕਿ ਬ੍ਰਹਿਮੰਡਾਂ ਅਤੇ ਪਰਬ੍ਰਹਮ ਦੇ ਸੱਤ ਸੰਖ ਬ੍ਰਹਿਮੰਡਾਂ ਦਾ ਵੀ ਮਾਲਿਕ (ਪ੍ਰਭੂ) ਹੈ ਅਰਥਾਤ ਪ੍ਰਮੇਸ਼ਵਰ ਕਵਿਰਦੇਵ ਕੁੱਲ ਦਾ ਮਾਲਿਕ ਹੈ।

**ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ ਅਤੇ ਸ਼੍ਰੀ ਸ਼ਿਵ ਜੀ ਆਦਿ ਨੂੰ ਚਾਰ-2 ਭੁਜਾਵਾਂ ਅਤੇ 16 ਕਲਾਂਵਾਂ ਹਨ ਅਤੇ ਪ੍ਰਕ੍ਰਿਤੀ ਦੇਵੀ (ਦੁਰਗਾ) ਦੀਆਂ ਅੱਠ ਭੁਜਾਵਾਂ ਅਤੇ 64 ਕਲਾਂਵਾਂ ਹਨ। ਬ੍ਰਹਮ (ਸ਼ਰ ਪੁਰਸ਼) ਦੀ ਇੱਕ ਹਜ਼ਾਰ ਭੁਜਾਵਾਂ ਹਨ ਅਤੇ ਇੱਕ ਹਜ਼ਾਰ ਕਲਾਂਵਾਂ ਹਨ ਅਤੇ ਇੱਕੀ ਬ੍ਰਹਿਮੰਡਾਂ ਦਾ ਪ੍ਰਭੂ ਹੈ। ਪਰਬ੍ਰਹਮ (ਅਕਸ਼ਰ ਪੁਰਸ਼) ਦੀ ਦਸ ਹਜ਼ਾਰ ਭੁਜਾਵਾਂ ਹਨ ਅਤੇ ਦਸ ਹਜ਼ਾਰ ਕਲਾਵਾਂ ਹਨ ਅਤੇ ਸੱਤ ਸੰਖ ਬ੍ਰਹਿਮੰਡਾਂ ਦਾ ਪ੍ਰਭੂ ਹੈ। ਪੂਰਣ ਬ੍ਰਹਮ (ਪਰਮ ਅਕਸ਼ਰ ਪੁਰਸ਼ ਅਰਥਾਤ ਸਤਿਪੁਰਸ਼) ਦੀਆਂ ਅਸੰਖ ਭੁਜਾਵਾਂ ਅਤੇ ਅਸੰਖ ਕਲਾਂਵਾਂ ਅਤੇ ਬ੍ਰਹਮ ਦੇ ਇੱਕੀ ਬ੍ਰਹਿਮੰਡ ਅਤੇ ਪਰਬ੍ਰਹਮ ਦੇ ਸੱਤ ਸੰਖ ਬ੍ਰਹਿਮੰਡਾਂ ਸਹਿਤ ਅਸੰਖ ਬ੍ਰਹਿਮੰਡਾਂ ਦਾ ਪ੍ਰਭੂ ਹੈ। ਹਰ ਪ੍ਰਭੂ ਆਪਣੀਆਂ ਸਭ ਭੁਜਾਵਾਂ ਨੂੰ ਸਮੇਟ ਕੇ ਕੇਵਲ ਦੋ ਭੁਜਾਵਾਂ ਵਿੱਚ ਵੀ ਰੱਖ ਸਕਦੇ ਹਨ ਅਤੇ ਜਦੋਂ ਚਾਹੁਣ ਸਭ ਭੁਜਾਵਾਂ ਵੀ ਪ੍ਰਗਟ ਕਰ ਸਕਦੇ ਹਨ। ਪੂਰਣ ਪ੍ਰਮਾਤਮਾ ਪਰਬ੍ਰਹਮ ਦੇ ਪ੍ਰਤੇਕ ਬ੍ਰਹਿਮੰਡ ਵਿੱਚ ਵੀ ਅਲੱਗ ਰੂਪ ਬਣਾ ਕੇ ਗੁਪਤ ਰਹਿੰਦਾ ਹੈ। ਇੰਝ ਸਮਝੋ ਜਿਵੇਂ ਕਿ ਇੱਕ ਘੁੰਮਣ ਵਾਲਾ ਕੈਮਰਾ ਬਾਹਰ ਲਗਾ ਦਿੰਦੇ ਹਨ ਅਤੇ ਅੰਦਰ ਟੀ:ਵੀ: ਟੈਲੀਵੀਜ਼ਨ ਰੱਖ ਦਿੰਦੇ ਹਨ। ਟੀ:ਵੀ: ਉੱਤੇ ਬਾਹਰ ਦਾ ਸਭ ਕੁਝ ਨਜ਼ਰ ਆਉਂਦਾ ਹੈ ਅਤੇ ਦੂਸਰਾ ਟੀ:ਵੀ: ਬਾਹਰ ਰੱਖ ਕੇ ਅੰਦਰ ਦਾ ਕੈਮਰਾ ਸਥਾਈ ਕਰਕੇ ਰੱਖ ਦਿੱਤਾ ਜਾਵੇ, ਉਸ ਵਿੱਚ ਸਿਰਫ ਅੰਦਰ ਬੈਠੇ ਦੇ ਚਿੱਤਰ ਦਿਖਾਈ ਦਿੰਦਾ ਹੈ। ਜਿਸ ਨਾਲ ਸਭ ਕਰਮਚਾਰੀ ਸਾਵਧਾਨ ਰਹਿੰਦੇ ਹਨ।**

**ਇਸ ਤਰ੍ਹਾਂ ਪੂਰਣ ਪ੍ਰਮਾਤਮਾ ਆਪਣੇ ਸਤਲੋਕ ਵਿੱਚ ਬੈਠਕੇ ਸਰਵ ਨੂੰ ਨਿਯੰਤ੍ਰਿਤ ਕਰਦੇ ਹੈਂ ਅਤੇ ਪ੍ਰਤੇਕ ਬ੍ਰਹਿਮੰਡ ਵਿੱਚ ਵੀ ਸਤਿਗੁਰੂ ਕਵਿਰਦੇਵ ਵਿਰਾਜਮਾਨ ਰਹਿੰਦੇ ਹਨ ਜਿਵੇਂ ਸੂਰਜ ਦੂਰ ਹੁੰਦੇ ਹੋਏ ਵੀ ਆਪਣਾ ਪ੍ਰਭਾਵ ਹੋਰ ਲੋਕਾਂ ਉੱਤੇ ਬਣਾਈ ਰੱਖਦਾ ਹੈ।**

## "ਪਵਿੱਤਰ ਅੱਥਰਵਵੇਦ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

**ਕਾਂਡ ਨੰ. 4: ਅਨੁਵਾਕ ਨੰ. 1: ਮੰਤਰ ਨੰ. 1:-**

ਬ੍ਰਹਮ ਜਗਿਆਨੰ ਪ੍ਰਥਮਮ ਪ੍ਰੁਰਸਤਾਦ ਵਿ ਸੀਮਤਹ ਸੂਰਚੋ ਵੇਨ ਆਵਹ।
ਸ ਬੁੰਧਯਾਉਪਮਾਂ ਅਸਯ ਵਿਸ਼ਠਾਹ ਸਤਸ਼ਚ ਯੋਨਿਮਸਤਸ਼ਚ ਵਿ ਵਹ॥1॥

ਬ੍ਰਹਮ-ਜ-ਗਿਆਨਮ-ਪ੍ਰਥਮਮ-ਪੁਰਸਤਾਤ-ਵਿਸਮਤਹ-ਸੁਰੂਚਹ-ਵੇ- ਆਵਹ- ਸਹ-ਬੁਧਿਨਯਾਹ-ਉਪਮਾ-ਅਸਯ-ਵਿਸ਼ਠਾਹ ਸਤਹ--ਚ- ਯੋਨਿਮ- ਅਸਤਹ- ਚ- ਵਿ ਵਹ

ਅਨੁਵਾਦ:- (ਪ੍ਰਥਮਮ) ਪ੍ਰਾਚੀਨ ਅਥਾਤ ਸਨਾਤਨ (ਬ੍ਰਹਮ) ਪ੍ਰਮਾਤਮਾ ਨੇ (ਜ) ਪ੍ਰਗਟ ਹੋਕੇ (ਗਿਆਨਮ) ਆਪਣੀ ਸੂਝ-ਬੂਝ ਨਾਲ (ਪੁਰਸਤਾਤ) ਸ਼ਿਖਰ ਵਿੱਚ ਅਰਥਾਤ ਸਤਿਲੋਕ ਆਦਿ ਨੂੰ (ਸੁਰੂਚਹ) ਸਵੈਇੱਛਾ ਤੋਂ ਬਹੁਤ ਚਾਵ ਨਾਲ ਸਵ ਪ੍ਰਕਾਸ਼ਿਤ (ਵਿਸਮਤਹ) ਸੀਮਾ ਰਹਿਤ ਅਰਥਾਤ ਵਿਸ਼ਾਲ ਸੀਮਾ ਵਾਲੇ ਭਿੰਨ ਲੋਕਾਂ ਨੂੰ ਉਸ (ਦੇਹ) ਜੁਲਾਹੇ ਨੇ ਤਾਣੇ ਅਰਥਾਤ ਕੱਪੜੇ ਦੀ ਤਰ੍ਹਾਂ ਬੁਣਕੇ (ਆਵਹ) ਸੁਰਿਖਅਤ ਕੀਤਾ (ਚ) ਅਤੇ (ਸਚ) ਉਹ ਪੂਰਨ ਬ੍ਰਹਮ ਹੀ ਸਰਵ ਰਚਨਾ ਕਰਦਾ ਹੈ ਇਸ ਲਈ ਉਸ ਮੂਲ ਮਾਲਿਕ ਨੇ ਮੂਲ ਸਥਾਨ ਸਤਿਲੋਕ ਦੀ ਰਚਨਾ ਕੀਤੀ ਹੈ (ਅਸਯ) ਇਸਦੇ ਲਈ ਉਸੀ (ਉਪਮਾ) ਸੁਦ੍ਰਿਸ਼ ਅਰਥਾਤ ਮਿਲਦੇ ਜੁਲਦੇ (ਸਤਹ) ਅੱਕਸ਼ਰ ਪੁਰਸ਼ ਅਰਥਾਤ ਪਰਮ ਦੇ ਲੋਕ ਕੁਝ ਸਥਾਈ (ਚ) ਅਤੇ (ਅਸਤਹ) ਸ਼ਰ ਪੁਰੁਸ਼ ਦੇ ਅਸਥਾਈ ਲੋਕ ਆਦਿ (ਵਿ ਵਹ) ਆਵਾਸ ਸਥਾਨ ਭਿੰਨ (ਵਿਸ਼ਠਾਹ) ਸਥਾਪਿਤ ਕਿਤੇ।

**ਭਾਵਅਰਥ- ਪਵਿੱਤਰ ਵੇਦਾਂ ਨੂੰ ਬੋਲਣ ਵਾਲਾ ਬ੍ਰਹਮ (ਕਾਲ) ਕਿਹ ਰਿਹਾ ਹੈ ਕਿ ਸਨਾਤਨ ਪ੍ਰਮੇਸ਼ਵਰ ਨੇ ਆਪ ਹੀ ਅਨਾਮਯ (ਅਨਾਮੀ) ਲੋਕ ਤੋਂ ਸਤਲੋਕ ਵਿੱਚ ਪ੍ਰਗਟ ਹੋਕੇ ਆਪਣੀ ਸੂਝ-ਬੂਝ ਨਾਲ ਕੱਪੜੇ ਦੀ ਤਰ੍ਹਾਂ ਰਚਨਾ ਕਰਕੇ ਉੱਪਰ ਦੇ ਸਤਲੋਕ ਆਦਿ ਨੂੰ ਸੀਮਾ ਰਹਿਤ ਸਵੈਂ ਪ੍ਰਕਾਸ਼ਿਤ ਅਜ਼ਰ-ਅਮਰ ਅਰਥਾਤ ਅਵਿਨਾਸ਼ੀ ਠਹਿਰਾਏ ਅਤੇ ਨੀਚੇ ਦੇ ਪਰਬ੍ਰਹਮ**

**ਦੇ ਸੱਤ ਸੰਖ ਬ੍ਰਹਿਮੰਡ ਅਤੇ ਬ੍ਰਹਮ ਦੇ 21 ਬ੍ਰਹਿਮੰਡ ਤੇ ਇਨ੍ਹਾਂ ਵਿੱਚ ਛੋਟੀ ਤੋਂ ਛੋਟੀ ਰਚਨਾ ਵੀ ਉਸੀ ਪ੍ਰਮਾਤਾਮਾ ਨੇ ਅਸਥਾਈ ਕੀਤੀ ਹੈ।**

ਕਾਂਡ ਨੰ: 4 ਅਨੁਵਾਕ ਨੰ: 1 ਮੰਤਰ ਨੰ: 2 :

ਇਯੰ ਪਿਤਰਯਾ ਰਾਸ਼ਟਰੀ ਚੇਤਵਗ੍ਰੇ ਪ੍ਰਥਮਾਯ ਜਨੁਸ਼ੇ ਭੁਵਨੇਸ਼ਠਾਹ।
ਤਸਮਾ, ਏਤੰ ਸੁਰੂਚੰ ਹਾਰਮਹੰ ਧਰਮਮ ਸ਼੍ਰੀਣੰਤੂ ਪ੍ਰਥਮਾਯ ਧਾਸਯਵੇ॥2॥

ਇਯਮ-ਪਿਤਰਯਾ-ਰਾਸ਼ਟਰੀ-ਏਤੁ-ਅਗ੍ਰੇ-ਪ੍ਰਥਮਾਯ-ਜਨੂਸ਼ੇ-ਭੁਵਨੇਸ਼ਠਾਹ-ਤਸਮਾ-ਏਤਮ-ਸੁਰੂਚਮ-ਹਵਾਰਮਹਾਮ-ਧਰਮਮ-ਸ਼ੀਣੰਤੂ-ਪ੍ਰਥਮਾਯ-ਧਾਸਯਵੇ।

ਅਨੁਵਾਦ:- (ਇਯਮ) ਇਸੇ (ਪਿਤ੍ਰਯਾ) ਜਗਤਪਿਤਾ ਪ੍ਰਮੇਸ਼ਵਰ ਨੇ (ਏਤੂ) ਇਸ (ਆਗ੍ਰੇ) ਸ੍ਰਵੋਤਮ (ਪ੍ਰਥਮਾਯ) ਸਭਤੋਂ ਪਹਿਲੀ ਮਾਇਆ ਪ੍ਰਾਨੰਦਨੀ (ਰਾਸ਼ਟਰੀ) ਰਾਜੇਸ਼ਵਰੀ ਸ਼ਕਤੀ ਅਥਾਤ ਸ਼ਕਤੀ ਜਿਸਨੂੰ ਅਕਰਸ਼ਣ ਸ਼ਕਤੀ ਵੀ ਕਿਹੰਦੇ ਹਨ, ਨੂੰ (ਜਨੂਸ਼ੇ) ਉਤਪੰਨ ਕਰਕੇ (ਭੁਵਨੇਸ਼ਠਾਹ) ਲੋਕ ਸਥਾਪਨਾ ਕੀਤੀ (ਤਸਮਾਂ) ਉਸੀ ਪ੍ਰਮੇਸ਼ਵਰ ਨੇ (ਸੁਰੂਚਮ) ਬਹੁਤ ਚਾਅ ਦੇ ਨਾਲ ਸਵੈਇੱਛਾ ਨਾਲ (ਏਤਮ) ਇਸ (ਪ੍ਰਥਮਾਯ) ਪ੍ਰਥਮ ਉਤਪਤਿਤ ਦੀ ਸ਼ਕਤੀ ਅਰਥਾਤ ਸ਼ਕਤੀ ਦੇ ਦੁਆਰਾ (ਹਾਰਮਹਾਮ) ਇੱਕ ਦੂਸਰੇ ਦੇ ਵਿਯੋਗ ਨੂੰ ਰੋਕਣ ਅਰਥਾਤ ਆਕਰਸ਼ਣ ਸ਼ਕਤੀ ਦੇ (ਸ਼੍ਰੀਣਾਨੰਤੂ) ਗੁਰੂਤਵ ਆਕਰਸ਼ਣ ਨੂੰ ਪ੍ਰਮਾਤਮਾ ਨੇ ਅਦੇਸ਼ ਦਿੱਤਾ ਸਦਾ ਰਹੋ ਉਸ ਕਦੇ ਸਮਾਪਤ ਨ ਹੋਣ ਵਾਲੇ (ਧ੍ਰਮਮ) ਸੁਭਾਅ ਤੋਂ (ਧਾਸਯਵੇ) ਧਾਰਨ ਕਰਕੇ ਤਾਣੇ ਅਰਥਾਤ ਕੱਪੜੇ ਦੀ ਤਰ੍ਹਾਂ ਬੁਣਕੇ ਰੋਕੇ ਹੋਏ ਹਨ।

**ਭਾਵਅਰਥ- ਜਗਤਪਿਤਾ ਪ੍ਰਮੇਸ਼ਵਰ ਨੇ ਆਪਣੀ ਸ਼ਬਦਸ਼ਕਤੀ ਨਾਲ ਰਾਸ਼ਟਰੀ ਅਰਥਾਤ ਸਭ ਤੋਂ ਪਹਿਲੀ ਮਾਇਆ ਰਾਜੇਸ਼ਵਰੀ ਉਤਪੰਨ ਕੀਤੀ ਅਤੇ ਉਸੀ ਪਰਾਸ਼ਕਤੀ ਦੇ ਦੁਆਰਾ ਇੱਕ-ਦੂਸਰੇ ਨੂੰ ਆਕਰਸ਼ਣ ਸ਼ਕਤੀ ਨਾਲ ਰੋਕਣ ਵਾਲੀ ਕਦੇ ਨਾ ਸਮਾਪਤ ਹੋਣ ਵਾਲੇ ਗੁਣ ਤੋਂ ਉਪਰੋਕਤ ਸਰਵ ਬ੍ਰਹਿਮੰਡਾਂ ਨੂੰ ਸਥਾਪਿਤ ਕੀਤਾ।**

ਕਾਂਡ ਨੰ: 4 ਅਨੁਵਾਕ ਨੰ: 1 ਮੰਤਰ ਨੰ: 3:

ਪ੍ਰ ਯੋ ਜਗੇ ਵਿਦਵਾਨ ਸਯ ਬੰਧੁਵ੍ਰਿਸਵਾ ਦੇਵਾਨੰਮ ਜਨਿਮਾ ਵਿਵਕਿਤ।
ਬ੍ਰਹਮ ਬ੍ਰਹੁਮਣ ਉਜਜਭਾਰ ਮਧਯਾਨੀਚੈਰੂਚਚੈ: ਸਵਧਾ ਅਭਿ ਪ੍ਰ ਤਸਥੌ॥3॥

ਪ੍ਰ-ਯਹ-ਜ-ਵਦਵਾਨੱਸਯ-ਬੰਧੂਹ - ਵਿਸ਼ਵਾ - ਦੇਵਾਨਾਮ - ਜਨਿਮਾ - ਵਿਵਕਿਤ - ਬ੍ਰਹਮਣਹ -ਬ੍ਰਹਮਹ- ਉਜਜਭਾਰ- ਮਧਿਆਤ-ਨਿਚੈਹ-ਉਚਚੈਹ-ਸਵਧਾ-ਅਭਿਹ-ਪ੍ਰ ਤਮਥ।

ਅਨੁਵਾਦ:- (ਪ੍ਰ) ਸਰਵ ਪ੍ਰਥਮ (ਦੇਵਾਨਾਮ) ਦੇਵਤਾਵਾਂ ਵ ਬ੍ਰਿਹਮੰਡਾਂ ਦੀ (ਜਗੇ) ਉਤਪੱਤੀ ਦੇ ਗਿਆਨ ਨੂੰ (ਵਦਵਾਨੱਸਯੇ) ਜਿਗਿਆਸੂ ਭਗਤ ਦਾ (ਯਹ) ਜੋ (ਬੰਧੂਹ) ਵਾਸਤਵਿਕ ਸਾਥੀ ਅਰਥਾਤ ਪੂਰਨ ਪ੍ਰਮਾਤਮਾ ਹੀ ਆਪਣੇ ਨਿੱਜ ਸੇਵਕ ਨੂੰ (ਜਨਿਮਾ) ਆਪਣੇ ਦੁਆਰਾ ਸਿਰਜਨ ਕਿਤੇ ਹੋਏ ਨੂੰ (ਵਿਵਕਿਤ) ਸਵੈ (ਖੁਦ) ਹੀ ਠੀਕ-ਠਾਕ ਵਿਸਤਾਰ ਪੂਰਵਕ ਦੱਸਿਆ ਹੈ ਕਿ (ਬ੍ਰਹਮਣਹ) ਪੂਰਨ ਪ੍ਰਮਾਤਮਾ ਨੇ (ਮਧਿਆਤ) ਆਪਣੇ ਮੱਧ ਤੋਂ ਅਰਥਾਤ ਸ਼ਬਦ ਸ਼ਕਤੀ ਤੋਂ (ਬ੍ਰਹਮਣਹ) ਬ੍ਰਹਮ-ਸ਼ਰ ਪੁਰਸ਼ ਅਰਥਾਤ ਕਾਲ ਨੂੰ (ਉਜਜਭਾਰ) ਉਤਪੰਨ ਕਰਕੇ (ਵਿਸ਼ਵਾ) ਸਾਰੇ ਸੰਸਾਰ ਨੂੰ ਅਰਥਾਤ ਸਰਵ ਲੋਕਾਂ ਨੂੰ (ਉਚਚੈਹ) ਉਪੱਰ ਸਤਲੋਕ ਆਦਿ (ਨਿਚੈਹ) ਨੀਚੇ ਪ੍ਰਬ੍ਰਹਮ ਵ ਬ੍ਰਹਮ ਦੇ ਸਰਵ ਬ੍ਰਹਿਮੰਡ (ਸਵਧਾ) ਆਪਣੀ ਧਾਰਨ ਕਰਨ ਵਾਲੀ (ਅਭਿਹ) ਅਕਰਸ਼ਣ ਸ਼ਕਤੀ ਤੋਂ (ਪ੍ਰ ਤਮਥੌ) ਦੋਨਾਂ ਨੂੰ ਅੱਛੀ ਪ੍ਰਕਾਰ ਸਥਿਤ ਕੀਤਾ।

ਭਾਵਅਰਥ- ਪੂਰਣ ਪ੍ਰਮਾਤਾਮਾ ਆਪਣੇ ਦੁਆਰਾ ਰਚੀ ਸ੍ਰਿਸ਼ਟੀ ਦਾ ਗਿਆਨ ਅਤੇ ਸਰਵ ਆਤਮਾਂ ਦੀ ਉਤਪੱਤੀ ਦਾ ਗਿਆਨ ਆਪਣੇ ਨਿੱਜੀ ਦਾਸ ਨੂੰ ਸਵੈਂ ਹੀ ਸਹੀ ਦੱਸਦਾ ਹੈ ਕਿ ਪੂਰਣ ਪ੍ਰਮਾਤਮਾ ਨੇ ਆਪਣੇ ਮੱਧ ਅਰਥਾਤ ਆਪਣੇ ਸਰੀਰ ਤੋਂ ਆਪਣੀ ਸ਼ਬਦ ਸ਼ਕਤੀ ਦੇ ਦੁਆਰਾ

ਬ੍ਰਹਮ (ਸ਼ਰ ਪੁਰਸ਼/ ਕਾਲ) ਦੀ ਉਤਪੱਤੀ ਕੀਤੀ ਅਤੇ ਸਰਵ ਬ੍ਰਹਿਮੰਡਾਂ ਨੂੰ ਉੱਪਰ ਸਤਲੋਕ, ਅਲਖ ਲੋਕ, ਅਗਮ ਲੋਕ, ਅਨਾਮੀ ਲੋਕ ਆਦਿ ਅਤੇ ਨੀਚੇ ਪ੍ਰਬ੍ਰਹਮ ਦੇ ਸੱਤ ਸੰਖ ਬ੍ਰਹਿਮੰਡ ਅਤੇ ਬ੍ਰਹਮ ਦੇ 21 ਬ੍ਰਹਿਮੰਡਾਂ ਨੂੰ ਆਪਣੀ ਧਾਰਣ ਕਰਨ ਵਾਲੀ ਆਕਰਸ਼ਣ ਸ਼ਕਤੀ ਨਾਲ ਠਹਿਰਾਇਆ ਹੋਇਆ ਹੈ।

**ਜਿਵੇਂ ਪੂਰਨ ਪ੍ਰਮਾਤਮਾ ਕਬੀਰ ਪ੍ਰਮੇਸ਼ਵਰ (ਕਵਿਰਦੇਵ) ਨੇ ਆਪਣੀ ਨਿੱਜੀ ਸੇਵਕ ਅਰਥਾਤ ਸ਼ਖਾ ਸ਼੍ਰੀ ਧਰਮਦਾਸ ਜੀ, ਆਦਰਣੀਏ ਗਰੀਬਦਾਸ ਜੀ ਆਦਿ ਨੂੰ ਆਪਣੇ ਦੁਆਰਾ ਰਚੀ ਸ੍ਰਿਸ਼ਟੀ ਦਾ ਗਿਆਨ ਖੁਦ ਹੀ ਦੱਸਿਆ। ਉਪਰੋਕਤ ਵੇਦ ਮੰਤਰ ਵੀ ਇਹੀ ਸਮਰਥਨ ਕਰ ਰਿਹਾ ਹੈ।**

ਕਾਂਡ ਨੰ: 4 ਅਨੁਵਾਕ ਨੰ: 1 ਮੰਤਰ ਨੰ: 4:

ਸ ਹਿ ਦਿਵਹ ਸ ਪ੍ਰਥਿਵਯਾ ਰਿਤਸਥਾ ਮਹੀ ਕਸ਼ੇਮੰ ਰੋਦਸੀ ਅਸਕਭਾਯਤ।
ਮਹਾਨ ਹੀ ਅਸਕਭਾਯਦ ਵਿ ਜਾਤੋ ਧਾਂ ਸਦਮ ਪਾਰਥਿਵਮ ਚ ਰਜਹ॥4॥

ਸ:ਹਿ-ਦਿਵਹ-ਸ-ਪ੍ਰਥਿਵਾਯਾ-ਰਿਤਸਥਾ-ਮਹਾਨ-ਮਹੀ-ਕਸ਼ੇਮਮ-ਰੋਦਸ-ਅਕਸਭਾਯਤ-ਮਹਾਨ-ਮਹੀ-ਅਸਕਭਾਯਦ-ਵਿਜਾਤਹ-ਧਾਮ-ਸਦਮ-ਪਾਰਥਿਵਮ-ਚ-ਰਜਹ

ਅਨੁਵਾਦ:- (ਸ) ਉਸ ਸਰਵ ਸ਼ਕਤੀਮਾਨ ਪ੍ਰਮਾਤਮਾ ਨੇ (ਹਿ) ਨਿਰਸੰਦੇਹ (ਦਿਵਹ) ਉਪੱਰ ਦੇ ਚਾਰਾਂ ਦਿਵਯ ਲੋਕ ਜਿਵੇਂ ਸਤਲੋਕ, ਅਲਖ ਲੋਕ, ਅਗਮ ਲੋਕ ਤੇ ਅਨਾਮੀ ਲੋਕ ਅਰਥਾਤ ਅਕਿਹ ਲੋਕ ਅਰਥਾਤ ਦਿਭਯ ਗੁਣਾਂ ਯੁਕਤ ਲੋਕਾਂ ਨੂੰ (ਰਿਤਸਥਾ) ਸਤ ਸਥਿਰ ਅਰਥਾਤ ਅਜਰ-ਅਮਰ ਰੂਪ ਤੋਂ ਸਥਿਰ ਕਿਤੇ (ਸ) ਉਨ੍ਹਾਂ ਦੇ ਸਮਾਨ(ਪ੍ਰਥਿਵਯਾ) ਨੀਚੇ ਦੇ ਪ੍ਰਿਥਵੀ ਵਾਲੇ ਲੋਕਾਂ ਜਿਵੇਂ ਪਰਬ੍ਰਹਮ ਦੇ ਸੱਤ ਸ਼ੰਖ ਤੇ ਬ੍ਰਹਮ/ ਕਾਲ ਦੇ ਇੱਕੀ ਬ੍ਰਹਿਮੰਡ (ਮਹੀ) ਪ੍ਰਿਥਵੀ ਤੱਤਵ ਤੋਂ (ਕਸ਼ੇਮਮ) ਸੁਰੱਖਿਆ ਦੇ ਨਾਲ (ਅਸਕਭਾਯਤ) ਠਹਿਰਾਇਯਾ (ਰੋਦਸੀ) ਆਕਾਸ਼ ਤੱਤਵ ਤੇ ਪ੍ਰਿਥਵੀ ਦੋਨ੍ਹੋਂ ਤੋਂ ਉਪੱਰ ਨੀਚੇ ਦੇ ਬ੍ਰਹਿਮੰਡਾਂ ਨੂੰ ਜਿਵੇਂ ਇੱਕ ਸੂਕਸ਼ਮ ਤੱਤ ਹੈ, ਆਕਾਸ਼ ਦਾ ਗੁਣ ਸ਼ਬਦ ਹੈ, ਪੂਰਨ ਪ੍ਰਮਾਤਮਾ ਨੇ ਉਪੱਰ ਦੇ ਲੋਕ ਸ਼ਬਦ ਰੂਪ ਰਚੇ ਜੋ ਤੇਜ਼ਪੁੰਜ ਦੇ ਬਣਾਏ ਹਨ ਤੇ ਨੀਚੇ ਦੇ ਪ੍ਰਬ੍ਰਹਮ (ਅਕਸ਼ਰ ਪੁਰਸ਼) ਦੇ ਸੱਤ ਸੰਖ ਬ੍ਰਹਿਮੰਡ ਤੇ ਬ੍ਰਹਮ/ ਸ਼ਰ ਪੁਰਸ਼ ਦੇ ਇੱਕਿ ਬ੍ਰਹਿਮੰਡਾਂ ਨੂੰ ਪ੍ਰਿਥਵੀ ਤੱਤਵ ਤੋਂ ਅਸਥਾਈ ਰਚਿਆ (ਮਹਾਨ) ਪੂਰਨ ਪ੍ਰਮਾਤਮਾ ਨੇ (ਪਾਥ੍ਰਿਵਮ) ਪ੍ਰਿਥਵੀ ਵਾਲੇ (ਵਿ) ਭਿੰਨ-ਭਿੰਨ (ਧਾਮ) ਲੋਕ (ਚ) ਤੇ (ਸਦਮ) ਆਵਾਸ ਸਥਾਨ (ਮਹੀ) ਪ੍ਰਿਥਵੀ ਤੱਤਵ ਤੋਂ (ਰਜਹ) ਪ੍ਰਤੇਕ ਬ੍ਰਹਿਮੰਡ ਵਿੱਚ ਛੋਟੇ-ਛੋਟੇ ਲੋਕਾਂ ਦੀ (ਜਾਤਹ) ਰਚਨਾ ਕਰਕੇ (ਅਸਕਭਾਯਤ) ਸਥਿਰ ਕੀਤਾ।

**ਭਾਵਅਰਥ:- ਉਪੱਰ ਦੇ ਚਾਰੋਂ ਲੋਕ ਸਤਲੋਕ, ਅਲਖਲੋਕ, ਅਗਮਲੋਕ, ਅਨਾਮੀਲੋਕ ਇਹ ਤਾਂ ਅਜਰ ਅਮਰ ਅਰਥਾਤ ਅਵਿਨਾਸ਼ੀ ਰਚੇ ਹਨ ਤੇ ਨੀਚੇ ਦੀ ਬ੍ਰਹਮ ਅਤੇ ਪਰਬ੍ਰਹਮ ਦੇ ਲੋਕਾਂ ਦੀ ਅਸਥਾਈ ਰਚਨਾ ਕਰਕੇ ਅਤੇ ਹੋਰ ਛੋਟੇ-2 ਲੋਕ ਵੀ ਉਸੇ ਪ੍ਰਮੇਸ਼ਵਰ ਨੇ ਰਚਕੇ ਸਥਿਰ ਕਿਤੇ ਹਨ।**

ਕਾਂਡ ਨੰ: 4 ਅਨੁਵਾਕ ਨੰ: 1 ਦਾ ਮੰਤਰ ਨੰ: 5:

ਸ: ਬੁਧੰਨਯਾਦ੍ਰਸ਼ਟ ਜੂਸ਼ੋਝਭਯਗ੍ਰੰ ਬ੍ਰਹਮਸਤਿਦ੍ਰੇਵਤਾ ਤਸਯਸਮ੍ਰਾਟ॥
ਅਹਯ੍ਰਜਛੂਕੰ ਜੋਤਿਸ਼ੋ ਜਨਸ਼ਿਟਾਥ ਘ੍ਰਮੰਨਤੋ ਵਿ ਵਸੰਤੂ ਵਿਪ੍ਰਾ॥5॥

ਸ਼:-ਬੂਧੰਨਯਾਤ-ਆਸ਼ਟਰ-ਜਨੂਸੇਆਂ-ਅਭਿ- ਅਗ੍ਰਮ-ਬ੍ਰਿਹਸਪਤਿ: -ਦੇਵਤਾ-ਤਸਯ-ਸਮ੍ਰਾਟ-ਅਤ-ਸ਼ੂਕ੍ਰਮ-ਜਯੋਤਿਸ਼ਹ-ਜਨਿਸ਼ਟ-ਅਥ-ਘ੍ਰਮੰਤ:-ਵਿ-ਬਮੰਤੂ-ਵਿਪ੍ਰਆਹ .

ਅਨੁਵਾਦ:- (ਸ:) ਉਸ (ਬੁਧੰਨਯਾਤ) ਮੂਲ ਮਾਲਿਕ ਤੋਂ (ਅਭਿ-ਅਗ੍ਰਮ) ਸਰਵ ਪ੍ਰਥਮ ਸਥਾਨ ਉੱਤੇ (ਆਸ਼ਟ੍ਰ) ਅਸ਼ਟਅੰਗੀ ਮਾਇਆ-ਦੁਰਗਾ ਅਰਥਾਤ ਪ੍ਰਕ੍ਰਿਤੀ ਦੇਵੀ (ਜਨੂਸੇਹ)

ਉਤਪੰਨ ਹੋਈ ਕਿਉਂਕਿ ਨੀਚੇ ਦੇ ਪ੍ਰਬ੍ਰਹਮ ਵ ਬ੍ਰਹਮ ਦੇ ਲੋਕਾਂ ਦਾ ਪ੍ਰਥਮ ਸਥਾਨ ਸਤਲੋਕ ਹੈ ਇਹ ਤੀਸਰਾ ਧਾਮ ਵੀ ਕਹਾਉਂਦਾ ਹੈ (ਤਮਯ) ਇਸ ਦੁਰਗਾ ਦੇ ਵੀ ਮਾਲਿਕ ਇਹੀ (ਸਮ੍ਰਾਟ) ਰਾਜਾਧ੍ਰਿਾਜ (ਬ੍ਰਿਹਸਪਤੀ) ਸਭਤੋਂ ਵੱਡਾ ਪਤੀ ਵ ਜਗਤਗੁਰੂ (ਦੇਵਤਾ) ਪਮ੍ਰੇਸ਼ਵਰ ਹੈ (ਯਤ) ਜਿਸਤੋਂ (ਅਹੁ) ਸਭਦਾ ਵਿਯੋਗ ਹੋਇਆ (ਅਥ) ਇਸਦੇ ਬਾਅਦ (ਜਯੋਤਿਸ਼ੁ) ਜਯੋਤੀ ਰੂਪ ਨਿਰੰਜਨ ਅਰਥਾਤ ਕਾਲ ਦੇ (ਸ਼ਕ੍ਰਮ) ਵੀਰਯ ਅਰਥਾਤ ਬੀਜ ਸ਼ਕਤੀ ਤੋਂ (ਜਨੀਸ਼ਟ) ਦੁਰਗਾ ਦੇ ਉਦਰ ਤੋਂ ਉਤਪੰਨ ਹੋਕੇ (ਬਿਪ੍ਰਾਹ) ਭਗਤ ਆਤਮਾਵਾਂ (ਵਿ) ਅਲੱਗ ਤੋਂ (ਘੂਮੰਨਤਹ) ਮਨੁੱਖ ਲੋਕ ਤੇ ਸਵਰਗ ਲੋਕ ਵਿੱਚ ਜੋਤੀ ਨਿਰੰਜਨ ਦੇ ਆਦੇਸ਼ ਨਾਲ ਦੁਰਗਾ ਨੇ ਕਿਹਾ (ਵਸੰਤੁ) ਨਿਵਾਸ ਕਰੋ, ਅਰਥਾਤ ਉਹ ਨਿਵਾਸ ਕਰਨ ਲੱਗੀ।

**ਭਾਵਅਰਥ- ਪੂਰਣ ਪ੍ਰਮਾਤਮਾ ਨੇ ਉੱਪਰ ਦੇ ਚਾਰੋਂ ਲੋਕਾਂ ਵਿੱਚ ਜੋ ਨੀਚੇ ਤੋਂ ਸਭ ਤੋਂ ਪਹਿਲਾਂ ਅਰਥਾਤ ਸਤਲੋਕ ਵਿੱਚ ਆਸ਼ਟਰਾ ਅਰਥਾਤ ਅਸ਼ਟੰਗੀ (ਪ੍ਰਕ੍ਰਿਤੀ ਦੇਵੀ ਦੁਰਗਾ) ਦੀ ਉਤਪੱਤੀ ਕੀਤੀ। ਇਹੀ ਰਾਜਧਿਰਾਜ, ਜਗਤਗੁਰੂ, ਪੂਰਣ ਪ੍ਰਮੇਸ਼ਵਰ (ਸਤਿਪੁਰਸ਼) ਹੈ ਜਿਸਤੋਂ ਸਭ ਦਾ ਵਿਯੋਗ ਹੋਇਆ ਹੈ। ਫਿਰ ਸਰਵ ਪ੍ਰਾਣੀ ਜੋਤੀ ਨਿਰੰਜਨ (ਕਾਲ) ਦੇ (ਵੀਰਜ਼) ਬੀਜ ਤੋਂ ਦੁਰਗਾ (ਆਸ਼ਟ੍ਰਾ) ਦੇ ਗਰਭ ਦੁਆਰਾ ਉਤਪੰਨ ਹੋਕੇ ਸ਼ਵਰਗ ਲੋਕ ਵ ਪ੍ਰਿਥਵੀ ਲੋਕ ਉੱਤੇ ਨਿਵਾਸ ਕਰਨ ਲੱਗੇ।**

ਕਾਂਡ ਨੰ: 4 ਅਨੁਵਾਕ ਨੰ: 1 ਦਾ ਮੰਤਰ ਨੰ: 6

ਨੂਨੰ ਤਦਸਯ ਕਾਵਯੋ ਹਿਨੋਤੀ ਮਹੋ ਦੇਵੱਸਯ ਪੂਰਵਸਯ ਧਾਮ ॥
ਏਸ਼ ਜਗੈ ਬਹੂਭਿਹ ਸਾਕਿਮਅਤੇ ਪੂਰਵੇ ਅਰਧੇ ਵਿਸ਼ਤੇ ਸ਼ਮਨ ਨੂ॥6॥

ਨੂਨਮ-ਤਤ-ਅਸਯ-ਕਾਵਯਾਂ-ਮਹਹ-ਦੇਵਸਯ-ਪੂਰਵਸਯ-ਧਾਮ-ਹਿਨੋਤਿ- ਪੂਰਵੈ- ਵਿਸ਼ੀਤੇ -ਏਸ਼-ਜਗੈ-ਬਹੂਭਿਹ-ਸਾਕਮ-ਈਅਤੇ-ਅਰਧੇ-ਸਸਨ-ਨੂ।


ਅਨੁਵਾਦ:- (ਨੂਨਮ) ਨਿਰਸੰਦੇਹ (ਤਤ) ਉਹ ਪੂਰਨ ਪ੍ਰਮੇਸ਼ਵਰ ਅਰਥਾਤ ਤੱਤ ਬ੍ਰਹਮ ਹੀ (ਅਸਯ) ਇਸ (ਕਾਵਯਹ) ਭਗਤ ਆਤਮਾਂ ਜੋ ਪੂਰਨ ਦੀ ਭਗਤੀ ਵਿਧੀਵੱਤ ਕਰਦਾ ਹੈ ਨੂੰ ਵਾਪਿਸ (ਮਹਹ) ਸਰਵ ਸ਼ਕਤੀਮਾਨ (ਦੇਵਸਯ) ਪ੍ਰਮੇਸ਼ਵਰ ਦੇ (ਪੂਰਨਯਸਯ) ਪਹਿਲੇ ਦੇ (ਧਾਮ) ਲੋਕ ਵਿੱਚ ਅਰਥਾਤ ਸਤਲੋਕ ਵਿੱਚ (ਹਿਨੋਤੀ) ਭੇਜਦਾ ਹੈ।

(ਪੂਰਵੇ) ਪਹਿਲੇ ਵਾਲੇ (ਵਿਸ਼ੀਤੇ) ਵਿਸ਼ੇਸ਼ ਚਾਹੇ ਹੋਏ (ਏਸ਼) ਇਸ ਪ੍ਰਮੇਸ਼ਵਰ ਨੂੰ ਵੀ (ਜਗੈ) ਸ੍ਰਿਸ਼ਟੀ ਉਤਪੱਤੀ ਦੇ ਗਿਆਨ ਨੂੰ ਜਾਨਕੇ (ਬਹੂਭੀਹ) ਬਹੁਤ ਆਨੰਦ (ਸਾਕਮ) ਦੇ ਨਾਲ (ਅਧੇ) ਅੱਧਾ (ਸਸਨ) ਸੁੱਤਾ ਹੋਇਆ (ਈਥਾ) ਵਿੱਧੀਵੱਧ ਇਸ ਪ੍ਰਕਾਰ (ਨੂ) ਸੱਚੀ ਆਤਮਾਂ ਨਾਲ ਸਤੂਤੀ ਕਰਦਾ ਹੈ।

**ਭਾਵਅਰਥ- ਉਹੀ ਪੂਰਣ ਪ੍ਰਮੇਸ਼ਵਰ ਸਤਿਸਾਧਨਾ ਕਰਨ ਵਾਲੇ ਸਾਧਕ ਨੂੰ ਉਸੇ ਪਹਿਲੇ ਵਾਲੇ ਸਥਾਨ (ਸਤਲੋਕ) ਵਿੱਚ ਲੈ ਜਾਂਦਾ ਹੈ, ਜਿੱਥੋਂ ਵਿਛੜਕੇ ਆਏ ਸੀ। ਉੱਥੇ ਉਸ ਵਾਸਤਵਿਕ ਸੁਖ ਦਾਈ ਪ੍ਰਭੂ ਨੂੰ ਪ੍ਰਾਪਤ ਕਰਕੇ ਖੁਸ਼ੀ ਨਾਲ ਆਤਮ ਵਿਭੋਰ ਹੋਕੇ ਮਸਤੀ ਨਾਲ ਸਤੁਤੀ ਕਰਦਾ ਹੈ ਕਿ ਹੇ ਪ੍ਰਮੇਸ਼ਵਰ ਅਸੰਖ ਜਨਮਾਂ ਦੇ ਭੁੱਲੇ -ਭਟਕਿਆਂ ਨੂੰ ਵਾਸਤਵਿਕ ਠਿਕਾਣਾ ਮਿਲ ਗਿਆ। ਇਸਦਾ ਪ੍ਰਮਾਣ ਰਿਗਵੇਦ ਮੰਡ.10 ਸੁਕਤ 90 ਮੰਤਰ 16 ਵਿੱਚ ਵੀ ਹੈ।**

**ਆਦਰਣੀਏਂ ਗਰੀਬਦਾਸ ਜੀ ਨੂੰ ਇਸੀ ਤਰ੍ਹਾਂ ਪੂਰਣ ਪ੍ਰਮਾਤਮਾ ਕਵਰ ਦੇਵ (ਕਬੀਰ ਪ੍ਰਮੇਸ਼ਵਰ) ਸਵੈ ਸਤਿਭਗਤੀ ਪ੍ਰਦਾਨ ਕਰਕੇ ਸਤਲੋਕ ਲੈਕੇ ਗਏ ਸੀ, ਤਦ ਆਪਣੀ ਅੰਮ੍ਰਿਤਬਾਣੀ ਵਿੱਚ ਆਦਰਣੀਏਂ ਗਰੀਬਦਾਸ ਜੀ ਮਹਾਰਾਜ ਨੇ ਅੱਖੀਂ ਦੇਖਕੇ ਕਿਹਾ:-**

ਗਰੀਬ, ਅਜਬ ਨਗਰ ਮੇਂ ਲੇ ਗਏ, ਹਮਕੂੰ ਸਤਿਗੁਰੂ ਆਨ।
ਝਿਲਕੇ ਬਿੰਬ ਅਗਾਧ ਗਤਿ, ਸੂਤੇ ਚਾਦਰ ਤਾਨ॥




ਉੱਪਰ ਜੜ੍ਹ ਨੀਚੇ ਸ਼ਾਖਾ ਵਾਲਾ ਉਲਟਾ ਲਟਕਿਆ
ਹੋਇਆ ਸੰਸਾਰ ਰੂਪੀ ਬ੍ਰਿਖ ਦਾ ਚਿੱਤਰ

ਕਾਂਡ ਨੰ: 4 ਅਨੁਵਾਕ ਨੰ: 1 ਮੰਤਰ 7:-

ਯੋਵਥਵਰਣੰ ਪਿਤਰੰ ਦੇਵਬੰਧੂ ਬ੍ਰਹਸਪਤਿੰ ਨਮਸਾਵ ਚ ਗਚਛਾਤ।
ਤਵੰ ਵਿਸ਼ਵੇਸ਼ਾਂ ਜਨਿਤਾ ਯਥਾਸਹ ਕਵੀਰਦੇਵ ਨ ਦਭਾਯਤ ਸਵਧਾਵਾਨ॥7॥

ਯ: - ਅਥਵਰਣਮ - ਪਿਤਰਮ - ਦੇਵਬੰਧੂਮ - ਬ੍ਰਹਸਪਤਿਮ - ਨਮਸਾ - ਅਵ - ਚ - ਗਚਛਾਮ - ਤਵਮ - ਵਿਸ਼ਵਸ਼ਾਮ - ਜਨਿਤਾ - ਯਥਾ - ਸਹ - ਕਵੀਰਦੇਵਹ - ਨ - ਦਭਾਯਤ - ਸਵਧਾਵਨ

ਅਨੁਵਾਦ:- (ਯ:) ਜੋ (ਅਥਵ੍ਰਣਮ) ਅਚੱਲ ਅਰਥਾਤ ਅਵਿਨਾਸ਼ੀ (ਪ੍ਰਿਤਮ) ਜਗਤਪਿਤਾ (ਦੇਵਬੰਧੂਮ) ਭਗਤਾਂ ਦਾ ਵਾਸਤਵਿਕ ਸਾਥੀ ਅਰਥਾਤ ਆਤਮਾਂ ਦਾ ਆਧਾਰ (ਬ੍ਰਿਹਸਪਤਿਮ) ਜਗਤਗੁਰੂ (ਚ) ਅਤੇ (ਨਮਸਾ) ਬਿਨਮਰ ਪੁਜਾਰੀ ਅਰਥਾਤ ਵਿਧੀਵੱਧ ਸਾਧਕ ਨੂੰ (ਅ) ਸੁਰੱਖਿਆ ਦੇ ਨਾਲ (ਗਚਛਾਤ) ਸਤਲੋਕ ਗਏ ਹੋਇਆ ਨੂੰ ਸਤਲੋਕ ਲੈ ਜਾਣ ਵਾਲਾ (ਵਿਸ਼ਵੇਸ਼ਾਮ) ਸਰਵ ਬ੍ਰਹਿਮੰਡਾਂ ਦੀ (ਜਨਿਤਾ) ਰਚਨਾ ਕਰਨ ਵਾਲਾ ਜਗਦੰਬਾ ਅਰਥਾਤ ਮਾਤਾ ਵਾਲੇ ਗੁਣਾ ਨਾਲ ਵੀ ਯੁਕਤ (ਨ ਦਭਾਯਤ) ਕਾਲ ਦੀ ਤਰ੍ਹਾਂ ਧੋਖਾ ਨ ਦੇਣ ਵਾਲੇ (ਸਵਧਾਵਾਨ) ਸੁਭਾਅ ਅਰਥਾਤ ਗੁਣਾਂ ਵਾਲਾ (ਯਥਾ) ਜਿਉਂ ਦਾ ਤਿਉਂ ਅਰਥਾਤ ਵੈਸਾ ਹੀ (ਸਹ) ਉਹ (ਤਵਮ) ਆਪ (ਕਵਿਰਦੇਵ/ ਕਵੀਰ ਦੇਵਹ) ਕਿਵਰ ਦੇਵ ਹੈ ਅਰਥਾਤ ਭਾਸ਼ਾ ਭਿੰਨ ਇਸੇ ਨੂੰ ਕਬੀਰ ਪ੍ਰਮੇਸ਼ਵਰ ਵੀ ਕਿਹੰਦੇ ਹਨ।

**ਭਾਵਅਰਥ- ਇਸ ਮੰਤ੍ਰ ਵਿੱਚ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਉਸ ਪ੍ਰਮੇਸ਼ਵਰ ਦਾ ਨਾਮ ਕਵਿਰਦੇਵ ਅਰਥਾਤ ਕਬੀਰ ਪ੍ਰਮੇਸ਼ਵਰ ਹੈ, ਜਿਸਨੇ ਸਰਵ ਰਚਨਾ ਕੀਤੀ ਹੈ।**

**ਜੋ ਪ੍ਰਮੇਸ਼ਵਰ ਅਚਲ ਅਰਥਾਤ ਵਾਸਤ ਅਵਿਨਾਸ਼ੀ (ਗੀਤਾ ਅਧਿ:15 ਸਲੋਕ 16-17 ਵਿੱਚ ਵੀ ਪ੍ਰਮਾਣ ਹੈ) ਜਗਤ ਗੁਰੂ, ਆਤਮਅਧਾਰ, ਜੋ ਪੂਰਣ ਮੁਕਤ ਹੋਕੇ ਸਤਲੋਕ ਗਏ ਹਨ ਉਨਾਂ ਨੂੰ ਸਤਲੋਕ ਲੈ ਜਾਣ ਵਾਲਾ, ਸਰਵ ਬ੍ਰਹਿਮੰਡ ਦਾ ਰਚਨਹਾਰ, ਕਾਲ (ਬ੍ਰਹਮ) ਦੀ ਤਰ੍ਹਾਂ ਧੋਖਾ ਨਾ ਦੇਣ ਵਾਲਾ ਜਿਉਂ ਦਾ ਤਿਉਂ ਉਹ ਸਵੈ ਕਿਵ ਦੇਵ ਅਰਥਾਤ ਕਬੀਰ ਪ੍ਰਭੂ ਹੈ। ਇਹੀ ਪ੍ਰਮੇਸ਼ਵਰ ਸਰਵ ਬ੍ਰਹਿਮੰਡਾਂ ਅਤੇ ਪ੍ਰਾਣੀਆਂ ਨੂੰ ਆਪਣੀ ਸ਼ਬਦਸ਼ਕਤੀ ਨਾਲ ਉਤਪੰਨ ਕਰਨੇ ਦਾ ਕਾਰਨ (ਜਨਿਤਾ) ਮਾਤਾ ਵੀ ਕਹਾਉਂਦਾ ਹੈ ਅਤੇ (ਪਿੱਤਰਮ) ਪਿਤਾ ਅਤੇ (ਬੰਧੂ) ਭਾਈ ਵੀ ਵਾਸਤਵ ਵਿੱਚ ਇਹੀ ਹੈ ਅਤੇ (ਦੇਵ) ਪ੍ਰਮੇਸ਼ਵਰ ਵੀ ਇਹੀ ਹੈ। ਇਸ ਲਈ ਇਸੇ ਕਵਿਰ ਦੇ ਵ (ਕਬੀਰ ਪ੍ਰਮੇਸ਼ਵਰ) ਉਸਤੁਤੀ ਕਿਰਆ ਕਰਦੇ ਹਨ। ਤੁਮੇਵ ਮਾਤਾ ਚ ਪਿਤਾ ਤੁਮੇਵ, ਤੁਮੇਵ ਬੰਧੂ ਚ ਸਖਾ ਤੁਮੇਵ, ਤੁਮੇਵ ਵਿਦਿਆ ਚ ਦਰਵਿਣਮ ਤੁਮੇਵ, ਤੁਮੇਵ ਸਰਵ ਮਮ ਦੇਵ ਦੇਵ। ਇਸੇ ਪ੍ਰਮੇਸ਼ਵਰ ਦੀ ਮਹਿਮਾ ਦਾ ਪਵਿੱਤਰ ਰਿੱਗਵੇਦ ਮੰਡਲ ਨੰ:1 ਸੁਕਤ ਨੰ:24 ਵਿੱਚ ਵਿਸਤਿਰਤ ਵਰਣਨ ਹੈ।**

## "ਪਵਿੱਤਰ ਰਿਗਵੇਦ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

ਮੰਡਲ 10 ਸੁਕਤ 90 ਮੰਤਰ 1:-

ਸਹਸ੍ਰਤਸ਼੍ਰਿਸ਼ ਪੁਰੁਸ਼ਹ ਸਹਸਤ੍ਰਾਕਸ਼ਹ ਸਹਸਤ੍ਰਾਪਾਤ।
ਸ ਭੂਮਿਮ ਵਿਸ਼ਵਤੋ ਵ੍ਰਤਵਾਯਤਿਸ਼ਠਦਸ਼ਾਙਹ ਗੂਲਮ॥1॥

ਸਹਸਤ੍ਰਸ਼ਿਰਸ਼-ਪੁਰੂਸ਼ਹ-ਸਹਸਤਰ੍ਹਾਕਸ਼-ਸਹਸਤ੍ਰਾਪਾਤ-ਸ-ਭੂਮਿਮ- ਵਿਸ਼ਵਤੋਹ ਵਰਤਵਾ-ਅਤਯਾਤਿਸ਼ਠਤ- ਦਸ਼ੰਗੂਲਮ।

ਅਨੁਵਾਦ:- (ਪੁਰੂਸ਼ਹ) ਵਿਰਾਟ ਰੂਪ ਕਾਲ ਭਗਵਾਨ ਅਰਥਾਤ ਸ਼ਰਪੁਰਸ਼ (ਸਹਸਤ੍ਰਸ਼੍ਰਿਸ਼) ਹਜ਼ਾਰ ਸਿਰਾਂ ਵਾਲਾ (ਸਹਸਤ੍ਰਾਕਸ਼) ਹਜ਼ਾਰ ਅੱਖਾਂ ਵਾਲਾ (ਸਹਸਤ੍ਰਾਪਾਤ)

ਹਜ਼ਾਰ ਪੈਰਾਂ ਵਾਲਾ (ਸ) ਉਹ ਕਾਲ (ਭੂਮਿਮ) ਪ੍ਰਿਥਵੀ ਵਾਲੇ ਇੱਕਿ ਬ੍ਰਹਿਮੰਡਾਂ ਨੂੰ (ਸ਼ਿਵ) ਸਭ ਤਰਫੋਂ (ਦਸੰਗੂਲਮ) ਦਸਾਂ ਉੱਗਲਾਂ ਨਾਲ ਅਰਥਾਤ ਪੂਰਨ ਰੂਪ ਨਾਲ ਕਾਬੂ ਕਰੇ ਹੋਏ (ਵਰਤਵਾ) ਗੋਲਾਕਾਰ ਘੇਰੇ ਵਿੱਚ ਘੇਰਕੇ (ਅਤਯਾਤਿਸ਼ਠਤ) ਇਸਤੋਂ ਵੱਧਕੇ ਅਰਥਾਤ ਆਪਣੇ ਕਾਲ ਲੋਕ ਵਿੱਚ ਸਭਤੋਂ ਨਿਆਰਾ ਵੀ ਇੱਕਿਵੇਂ ਬ੍ਰਹਿਮੰਡ ਵਿੱਚ ਠਹਿਰਿਆ ਹੈ ਅਰਥਾਤ ਰਹਿੰਦਾ ਹੈ।

**ਭਾਵਅਰਥ- ਇਸ ਮੰਤ੍ਰ ਵਿੱਚ ਵਿਰਾਟ (ਕਾਲ-ਬ੍ਰਹਮ) ਦਾ ਵਰਣਨ ਹੈ। ਗੀਤਾ ਅਧਿ:10-11 ਵਿੱਚ ਵੀ ਇਸੇ ਕਾਲ-ਬ੍ਰਹਮ ਦਾ ਅਜਿਹਾ ਹੀ ਵਰਣਨ ਹੈ ਅ:11 ਮੰਤ੍ਰ ਨੰ:46 ਵਿੱਚ ਅਰਜੁਨ ਨੇ ਕਿਹਾ ਹੈ ਕਿ ਹੇ ਸਹਿੰਸਰਬਾਹੂ ਅਰਥਾਤ ਹਜ਼ਾਰ ਭੂਜ਼ਾ ਵਾਲਾ ਆਪ ਆਪਣੇ ਚਤੁਰਭੁਜ ਰੂਪ ਵਿੱਚ ਦਰਸ਼ਨ ਦਿਉ)**

**ਜਿਸਦੇ ਹਜ਼ਾਰਾਂ ਹੱਥ, ਪੈਰ, ਹਜ਼ਾਰ ਅੱਖਾਂ ਕੰਨ ਆਦਿ ਹਨ ਇਹ ਵਿਰਾਟ ਰੂਪ ਕਾਲ ਪ੍ਰਭੂ ਆਪਣੇ ਅੀਦਨ ਸਾਰੇ ਪ੍ਰਾਣੀਆਂ ਨੂੰ ਪੂਰਨ ਕਾਬੂ ਕਰਕੇ ਅਰਥਾਤ 20 ਬ੍ਰਹਿਮੰਡਾਂ ਨੂੰ ਗੋਲਆਕਾਰ ਰੂਪ ਵਿੱਚ ਰੋਕਕੇ ਆਪ ਇਸ ਤੋਂ ਉੱਪਰ (ਅਲੱਗ) ਇੱਕਿਵੇਂ ਬ੍ਰਹਿਮੰਡ ਵਿੱਚ ਬੈਠਾ ਹੈ।**

ਮੰਡਲ 10 ਸੁਕਤ 90 ਮੰਤਰ 2:-

ਪੁਰੂਸ਼ ਏਵਦੰ ਸਰਵੰ ਯਦਭੂਤੰ ਯਚਚ ਭਾਵਯਮ ।
ਉਤਾਮ੍ਰਤਤਵਸਯਸ਼ਾਨੋਂ ਯਦਅਨੰਨੇਨਾਤਿਰੋਹਤਿ॥2॥

ਪੁਰੂਸ਼-ਏਵ-ਏਦਮ-ਸਰਵਮ-ਯਤ-ਭੂਤਮ-ਯਤ-ਚ-ਭਾਵਯਮ-ਉਤ- ਅਮ੍ਰਿਤਤਵਸਯ -ਈਸ਼ਾਨਹ-ਯਤ-ਅਨੰਨੇਨ-ਅਤਿਰੋਹਿਤ।

ਅਨੁਵਾਦ:- (ਏਵ) ਇਸ ਪ੍ਰਕਾਰ ਕੁਝ ਸਹੀ ਤੌਰ ਤੇ (ਪੁਰਸ਼) ਭਗਵਾਨ ਹੈ ਉਹ ਅਕਸ਼ਰ ਪੁਰਸ਼ ਅਰਥਾਤ ਪਰਬ੍ਰਹੂਮ ਹੈ (ਚ) ਅਤੇ (ਈਦਸ) ਇਹ (ਯਤ) ਜੋ (ਭੂਤਮ) ਉਤਪੰਨ ਹੋਇਆ ਹੈ (ਯਤ) ਜੋ (ਭਾਵਯਮ) ਭਵਿਸ਼ਯ ਵਿੱਚ ਹੋਵੇਗਾ (ਸਰਵਮ) ਸਭ (ਯਤ) ਯਤਨ ਨਾਲ ਅਥਾਤ ਮਹਿਨਤ ਦੁਆਰਾ (ਅੰਨੇਨਨ) ਅੰਨ ਨਾਲ (ਅਹਿਤ) ਵਿਕਿਸਤ ਹੁੰਦਾ ਹੈ। ਉਹ ਅਕਸਰ ਪੁਰਸ਼ (ਉਤ) ਸੰਦੇਹ ਯੁਕਤ (ਅੰਮ੍ਰਿਤਤਵਸਯ) ਮੋਕਸ਼ ਦਾ (ਈਸ਼ਾਨਹ) ਸਵਾਮੀ ਹੈ। ਅਰਥਾਤ ਭਗਵਾਨ ਤਾਂ ਅਕਸ਼ਰ ਪੁਰਸ਼ ਵੀ ਕੁਝ ਸਹੀ ਹੈ ਪ੍ਰੰਤੂ ਪੂਰਨ ਮੋਕਸ਼ ਦਾਇਕ ਨਹੀਂ ਹੈ।

**ਭਾਵਅਰਥ- ਇਸ ਮੰਤ੍ਰ ਵਿੱਚ ਪਰਬ੍ਰਹਮ (ਅਕਸ਼ਰ ਪੁਰਸ਼) ਦਾ ਵਿਵਰਣ ਹੈ ਜੋ ਕੁਝ ਭਗਵਾਨ ਵਾਲੇ ਗੁਣਾ ਸਹਿਤ ਹੈ, ਪ੍ਰੰਤੂ ਇਸਦੀ ਭਗਤੀ ਨਾਲ ਵੀ ਪੂਰਣ ਮੋਕਸ਼ ਨਹੀਂ ਹੁੰਦਾ, ਇਸਲਈ ਇਸਨੂੰ ਸੰਦੇਹ ਯੁਕਤ ਮੁਕਤੀਦਾਤਾ ਕਿਹਾ ਜਾਂਦਾ ਹੈ। ਇਸਨੂੰ ਕੁਝ ਪ੍ਰਭੂ ਦੇ ਗੁਣਾਂ ਯੁਕਤ ਇਸਲਈ ਕਿਹਾ ਜਾਂਦਾ ਹੈ ਕਿ ਇਹ ਕਾਲ ਦੀ ਤਰ੍ਹਾਂ ਤਪਤਸ਼ਿਲਾ ਉੱਤੇ ਭੰਨਕੇ ਨੂੰ ਨਹੀਂ ਖਾਂਦਾ। ਪ੍ਰੰਤੂ ਇਸ ਪਰਬ੍ਰਹਮ ਦੇ ਲੋਕ ਵਿੱਚ ਵੀ ਪ੍ਰਾਣੀਆਂ ਨੂੰ ਮਿਹਨਤ ਕਰਕੇ ਕਰਮਆਧੱਾਰ ਉੱਤੇ ਹੀ ਫਲ ਪ੍ਰਾਪਤ ਹੁੰਦਾ ਹੈ ਅਤੇ ਅੰਨ ਨਾਲ ਹੀ ਸਰਵ ਪ੍ਰਾਣੀਆਂ ਦੇ ਸਰੀਰ ਵਿਕਿਸਤ ਹੁੰਦੇ ਹਨ, ਜਨਮ ਅਤੇ ਮ੍ਰਿਤੂ ਦਾ ਸਮੇਂ ਬੇਸ਼ੱਕ ਹੀ ਕਾਲ (ਸ਼ਰਪੁਰਸ਼) ਤੋਂ ਜਿਆਦਾ ਹੈ, ਪ੍ਰੰਤੂ ਫਿਰ ਵੀ ਉਤਪੱਤੀ ਵਿਨਾਸ਼ ਅਤੇ ਚੌਰਾਸੀ ਲੱਖ ਜੂਨੀਆਂ ਦੀ ਯਾਤਨਾਂ ਬਣੀ ਰਹਿੰਦੀ ਹੈ।**

ਮੰਡਲ 10 ਸੁਕਤ 90 ਮੰਤਰ 3:-

ਏਤਾਵਾਨਸਯ ਮਹਿਮਾਤੋ ਜਯਾਯੰਸਚ ਪੁਰੁਸ਼ਹ।
ਪਾਦੋ ਸਯ ਵਿਸ਼ਵਾ ਭੂਤਾਨਿ ਤ੍ਰਿਪਾਦਸਯਾਮ੍ਰਤੰ ਦਿਵਿ ॥3॥

ਏ ਤਾਵਾਨ - ਅਸਯ - ਮਹਿਮਾ-ਅਤਹ-ਜਯਾਯਾਨ - ਚ - ਪੁਰੁਸ਼ਹ- ਪਾਦਹ - ਅਸਯ- ਵਿਸ਼ਵਾ-ਭੂਤਾਨਿ- ਤਰਿ- ਪਾਦ- ਅਸਯ-ਅਮ੍ਰਿਤਮ-ਦਿਵਿ

ਅਨੁਵਾਦ:- (ਅਸਯ) ਇਸ ਅਕਸ਼ਰ ਪੁਰਸ਼ ਅਰਥਾਤ ਪਰਬ੍ਰਹਮ ਦੀ ਤਾਂ (ਏਤਾਵਾਨ) ਇੰਨੀ ਹੀ (ਮਹਿਮਾ) ਪ੍ਰਭੂਤਾ ਹੈ। (ਚ) ਅਤੇ (ਪੁਰਸ਼ਹ) ਉਹ ਪਰਮ ਅਕਸ਼ਰ ਬ੍ਰਹਮ ਅਰਥਾਤ ਪੂਰਨ ਬ੍ਰਹਮ ਪ੍ਰਮੇਸ਼ਵਰ ਤਾਂ (ਅਤਹ) ਇਸਤੋਂ ਵੀ (ਜਯਾਯਾਨ) ਵਧਿਆ ਹੈ (ਵਿਸ਼ਵਾ) ਸਮਸਤ (ਭੂਤਾਨਿ) ਸ਼ਰ ਪੁਰਸ਼ ਤੇ ਅਕਸ਼ਰ ਪੁਰਸ਼ ਤੇ ਇਨ੍ਹਾਂ ਦੇ ਲੋਕਾਂ ਵਿੱਚ ਤੇ ਸਤਲੋਕ ਤੇ ਇਨ੍ਹਾਂ ਲੋਕਾਂ ਵਿੱਚ ਜਿੰਨੇ ਵੀ ਪ੍ਰਾਣੀ ਹਨ (ਅਸਯ) ਇਸ ਪੂਰਨ ਪਰਮ ਅਕਸ਼ਰ ਪੁਰਸ਼ ਦਾ (ਪਾਦਹ) ਇੱਕ ਪੈਰ ਹੈ ਅਰਥਾਤ ਇੱਕ ਅੰਸ਼ ਮਾਤਰ ਹੈ। (ਅਸਯ) ਇਸ ਪ੍ਰਮੇਸ਼ਵਰ ਦੇ (ਤ੍ਰਿ) ਤਿੰਨ (ਦਿਵਿ) ਦਿਵਯਲੋਕ ਜਿਵੇਂ ਸਤਲੋਕ-ਅਲਖ ਲੋਕ-ਅਗਮ ਲੋਕ (ਅਮ੍ਰਿਤਮ) ਅਵਿਨਾਸ਼ੀ (ਪਾਦ) ਦੂਸਰਾ ਪੈਰ ਹੈ ਅਰਥਾਤ ਜੋ ਵੀ ਸਰਵ ਬ੍ਰਹਿਮੰਡਾਂ ਵਿੱਚ ਉਤਪੰਨ ਹੈ ਉਹ ਸਤਿਪੁਰਸ਼ ਪੂਰਨ ਪ੍ਰਮਾਤਮਾਂ ਦਾ ਹੀ ਅੰਸ਼ ਯਾ ਅੰਗ ਹੈ।

**ਭਾਵਅਰਥ- ਇਸ ਉੱਪਰ ਦੇ ਮੰਤ੍ਰ 2 ਵਿੱਚ ਵਰਣਿਤ ਅਕਸ਼ਰ ਪੁਰਸ਼ (ਪਰਬ੍ਰਹਮ) ਦੀ ਤਾਂ ਇੰਨੀ ਹੀ ਮਹਿਮਾ ਹੈ ਅਤੇ ਉਹ ਪੂਰਣ ਪੁਰਸ਼ ਕਵਿਰਦੇਵ ਤਾਂ ਇਸਤੋਂ ਵੀ ਵੱਡਾ ਹੈ ਅਰਥਾਤ ਸਰਵ ਸ਼ਕਤੀਮਾਨ ਹੈ ਅਤੇ ਸਰਵ ਬ੍ਰਹਿਮੰਡ ਉਸੀ ਦਾ ਅੰਸ਼ ਮਾਤਰ ਉੱਤੇ ਠਹਿਰੇ ਹਨ। ਇਸ ਮੰਤ੍ਰ ਵਿੱਚ ਤਿੰਨੇ ਲੋਕਾਂ ਦਾ ਵਰਣਨ ਇਸ ਲਈ ਹੈ ਕਿਉਂਕਿ ਚੌਥਾ ਅਨਾਮੀ (ਅਨਾਯਮ) ਲੋਕ ਹੋਰ ਰਚਨਾ ਤੋਂ ਪਹਿਲਾਂ ਦਾ ਹੈ। ਇਹੀ ਤਿੰਨ ਪ੍ਰਭੂਆਂ (ਸ਼ਰ ਪੁਰਸ਼-ਅਕਸ਼ਰ ਪੁਰਸ਼ ਅਤੇ ਇਨ੍ਹਾਂ ਦੋਨਾਂ ਤੋਂ ਹੋਰ ਪਰਮ ਅਕਸ਼ਰ ਪੁਰਸ਼) ਦਾ ਵਿਵਰਣ ਸ਼੍ਰੀਮਦ ਭਗਵਤ ਗੀਤਾ ਅ:15 ਸੰ:16-17 ਵਿੱਚ ਹੈ ਇਸੀ ਦਾ ਪ੍ਰਮਾਣ ਆਦਰਣੀਏਂ ਗਰੀਬਦਾਸ ਜੀ ਕਹਿੰਦੇ ਹਨ ਕਿ:-**
**ਗਰੀਬ, ਜਾ ਕੇ ਅ੍ਰਧ ਰੂਮ ਪਰ ਸਕਲ ਪਸਾਰਾ, ਏਸਾ ਪੂਰਨ ਬ੍ਰਹਮ ਹਮਾਰਾ॥**

ਗਰੀਬ, ਅਨੰਤ ਕੋਟ ਬ੍ਰਹਿਮੰਡ ਕਾ, ਏਕ ਰਤਿ ਨਹੀਂ ਭਾਰ।
ਸਤਿਗੁਰੂ ਪੁਰਸ਼ ਕਬੀਰ ਹੈਂ, ਕੁੱਲਕੇ ਸਿਰਜਨਹਾਰ॥

**ਇਸੇ ਦਾ ਪ੍ਰਮਾਣ ਆਦਰਣੀ ਦਾਦੂ ਸਾਹਿਬ ਜੀ ਕਿਹ ਰਹੇ ਹਨ ਕਿ:-**

ਜਿਨ ਮੋਕੂ ਨਿਜ ਨਾਮ ਦਿਆ, ਸੋਇ ਸਤਿਗੁਰੂ ਹਮਾਰ।
ਦਾਦੂ ਦੂਸਰਾ ਕੋਈ ਨਹੀਂ, ਕਬੀਰ ਸਿਰਜਨਹਾਰ॥

**ਇਸ ਦਾ ਪ੍ਰਮਾਣ ਆਦਰਣੀਏਂ ਨਾਨਕ ਸਾਹਿਬ ਜੀ ਦਿੰਦੇ ਹਨ ਕਿ:-**

ਯਕ ਅਰਜ ਗੁਫਤਮ ਪੇਸ਼ ਹੋ ਦਰ ਕੂਨ ਕਰਤਾਰ।
ਹੱਕਾ ਕਬੀਰ ਕਰੀਮ ਤੂੰ, ਬੇਐਬ ਪਰਵਰਦੀਗਾਰ॥

**(ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਸ਼ਠ ਨੰ. 721, ਮਹੱਲਾ 1, ਰਾਗ ਤਿਲੰਗ)**

**ਕੂਨ ਕਰਤਾਰ ਦਾ ਅਰਥ ਹੁੰਦਾ ਹੈ ਸਰਵ ਦਾ ਰਚਨਹਾਰ, ਅਥਾਤ ਸ਼ਬਦਸ਼ਕਤੀ ਨਾਲ ਰਚਨਾ ਕਰਨ ਵਾਲਾ ਸ਼ਬਦ ਸਵਰੂਪੀ ਪ੍ਰਭੂ ਹੱਕਾ ਕਬੀਰ ਦਾ ਅਰਥ ਹੈ ਸਤਿ ਕਬੀਰ, ਕਰੀਮ ਦਾ ਅਰਥ ਹੈ ਦਿਆਲੂ, ਪਰਵਰਦੀਗਾਰ ਦਾ ਅਰਥ ਪ੍ਰਮਾਤਮਾ ਹੈ।**

ਮੰਡਲ 10 ਸੁਕਤ 90 ਮੰਤਰ 4:

ਤ੍ਰਿਪਾਦੂਧਰ ਉਦੈਤਪੁਰੂਸ਼ਤ ਪਾਦੋ ਸਯੇਹਾਭਵਤਪੁਨਹ।
ਤਤੋ ਵਿਸ਼ਵ ਭੰਵਯਕ੍ਰਾਮਤਸਾਸ਼ਨਾਨਸ਼ਨੋ ਅਭਿ ॥4॥

ਤ੍ਰਿ-ਪਾਦ-ਉਧਰਵਹ-ਉਦੈਤ-ਪੁਰੂਸ਼ਹ-ਪਾਦਹ-ਅਸਯ-ਇਹ-ਅਭਵਤ-ਪੂਨਹ-ਤਤਹ-ਵਿਸ਼ਵਡਾ-ਵਯਕ੍ਰਾਮਤ-ਸਹ-ਅਸ਼ਨਾਨਸ਼ਨੇ-ਅਭਿ।

ਅਨੁਵਾਦ:- (ਪੁਰੁਸ਼ਹ) ਇਹ ਪਰਮ ਅਕਸ਼ਰ ਬ੍ਰਹਮ ਅ੍ਰਥਾਤ ਅਵਿਨਾਸ਼ੀ ਪਰਮਾਤਮਾ (ਉਧਵਰਹ) ਉੱਪਰ (ਤ੍ਰਿ) ਤਿੰਨ ਲੋਕ ਜਿਹੇ ਸਤਲੋਕ-ਅਲਖ ਲੋਕ-ਅਗਮ ਲੋਕ ਰੂਪ (ਪਾਦਹ) ਪੈਰ ਅਰਥਾਤ ਉਪੱਰ ਦੇ ਹਿੱਸੇ ਵਿੱਚ (ਉਦੈਤ) ਪ੍ਰਗਟ ਹੁੰਦਾ ਹੈ ਅਰਥਾਤ ਵਿਰਾਜਮਾਨ ਹੈ

(ਅਸਯ) ਇਸ ਪ੍ਰਮੇਸ਼ਵਰ ਪੂਰਨ ਬ੍ਰਹਮ ਦਾ (ਪਾਦਹ) ਇੱਕ ਪੈਰ ਅਰਥਾਤ ਇੱਕ ਹਿੱਸਾ ਜਗਤ ਰੂਪ (ਪੁਨਰ) ਫਿਰ (ਇਹ) ਇੱਥੇ (ਅਭਵਤ) ਪ੍ਰਗਟ ਹੁੰਦਾ ਹੈ (ਤਤਹ) ਇਸ ਲਈ (ਸਹ) ਉਹ ਅਵਿਨਾਸ਼ੀ ਪੂਰਨ ਪ੍ਰਮਾਤਮਾ (ਅਸ਼ਨਾਨਸ਼ਨੇ) ਖਾਣ ਵਾਲੇ ਕਾਲ ਸ਼ਰ ਪੁਰਸ਼ ਤੇ ਨਾ ਖਾਣ ਵਾਲੇ ਬ੍ਰਹਮ ਅਰਥਾਤ ਅਕਸ਼ਰ ਪੁਰਸ਼ ਦੇ ਵੀ (ਅਭੀ) ਉੱਪਰ (ਵਿਸ਼ਵਡੰਹ) ਸਰਵਤਰ (ਵਿਯਕ੍ਰਾਮਤ) ਵਿਯਾਪਤ ਹੈ ਅਰਥਾਤ ਉਸਦੀ ਪ੍ਰਭੂਤਾ ਸਰਵ ਬ੍ਰਹਿਮੰਡਾਂ ਵ ਸਰਵ ਪ੍ਰਭੂਆਂ ਉੱਪਰ ਹੈ। ਉਹ ਕੁੱਲ ਦਾ ਮਾਲਿਕ ਹੈ। ਜਿਸਨੇ ਆਪਣੀ ਸ਼ਕਤੀ ਨੂੰ ਸਰਵ ਦੇ ਉਪੱਰ ਫੈਲਾਇਆ ਹੈ।

**ਭਾਵਅਰਥ:- ਇਹ ਸਰਵ ਸ੍ਰਿਸ਼ਟੀ ਰਚਨਹਾਰ ਪ੍ਰਭੂ ਆਪਣੀ ਰਚਨਾ ਤੋਂ ਉੱਪਰ ਦੇ ਹਿੱਸੇ ਤਿੰਨੇ ਸਥਾਨਾਂ (ਸਤਲੋਕ, ਅਲਖਲੋਕ, ਅਮਲੋਕ) ਵਿੱਚ ਤਿੰਨ ਰੂਪ ਵਿੱਚ ਖੁਦ ਪ੍ਰਗਟ ਹੁੰਦਾ ਹੈ ਅਰਥਾਤ ਸਵੇਂ ਹੀ ਵਿਰਾਜਮਾਨ ਹੈ। ਇੱਥੇ ਅਨਾਮੀ ਲੋਕ ਦਾ ਵਰਣਨ ਇਸਲਈ ਨਹੀਂ ਕੀਤਾ ਕਿਉਂਕਿ ਅਨਾਮੀ ਲੋਕ ਵਿੱਚ ਰਚਨਾ ਨਹੀਂ ਹੈ ਅਤੇ ਅਕਿਹ (ਅਨਾਮਯ) ਲੋਕ ਸ਼ੇਸ਼ ਰਚਨਾ ਤੋਂ ਪੂਰਵ ਦਾ ਹੈ ਫਿਰ ਕਿਹਾ ਹੈ ਕਿ ਉਸੀ ਪ੍ਰਮਾਤਮਾ ਦੇ ਸਤਲੋਕ ਤੋਂ ਵਿਛੜ ਕੇ ਨੀਚੇ ਦੇ ਬ੍ਰਹਮ ਅਤੇ ਪਰਬ੍ਰਹਮ ਦੇ ਲੋਕ ਉਤਪੰਨ ਹੁੰਦੇ ਹਨ ਅਤੇ ਉਹ ਪੂਰਣ ਪ੍ਰਮਾਤਮਾ ਖਾਣ ਵਾਲੇ ਬ੍ਰਹਮ ਅਰਥਾਤ ਕਾਲ ਤੋਂ (ਕਿਉਂਕਿ ਬ੍ਰਹਮ/ ਕਾਲ ਵਿਰਾਟ ਸ਼ਰਾਪਵੱਸ਼ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਨੂੰ ਖਾਂਦਾ ਹੈ) ਅਤੇ ਨਾ ਖਾਣ ਵਾਲੇ ਪਰਬ੍ਰਹਮ ਅਰਥਾਤ ਅਕਸ਼ਰ ਪੁਰਸ਼ ਤੋਂ ਪਰਬ੍ਰਹਮ ਪ੍ਰਾਣੀਆਂ ਨੂੰ ਨਹੀਂ ਖਾਂਦਾ, ਪ੍ਰੰਤੂ ਜਨਮ-ਮ੍ਰਿਤੂ, ਕਰਮਦੰਡ ਜਿਉਂ ਦਾ ਤਿਉਂ ਬਣਿਆ ਰਹਿੰਦਾ ਹੈ) ਵੀ ਉੱਤੇ ਸਰਵੱਤਰ ਵਿਆਪਕ ਹੈ ਅਰਥਾਤ ਇਸ ਪੂਰਣ ਪ੍ਰਮਾਤਮਾ ਦੀ ਪ੍ਰਭੂਤਾ ਸਭਦੇ ਉੱਪਰ ਹੈ, ਕਬੀਰ ਪ੍ਰਮੇਸ਼ਵਰ ਹੀ ਕੁੱਲ ਦਾ ਮਾਲਿਕ ਹੈ, ਜਿਸਨੇ ਆਪਣੀ ਸ਼ਕਤੀ ਨੂੰ ਸਰਵ ਦੇ ਉੱਪਰ ਫ਼ੈਲਾਇਆ ਹੈ ਜਿਵੇਂ ਸੂਰਜ ਆਪਣੇ ਪ੍ਰਕਾਸ਼ ਸਰਵ ਦੇ ਉੱਪਰ ਫੈਲਾਅ ਕੇ ਪ੍ਰਭਾਵਿਤ ਕਰਦਾ ਹੈ, ਐਸੇ ਪੂਰਣ ਪ੍ਰਮਾਤਮਾ ਨੇ ਆਪਣੀ ਸ਼ਕਤੀ ਰੂਪੀ ਰੇਂਜ (ਸ਼ਮਤਾ) ਨਾਲ ਸਰਵ ਬ੍ਰਹਿਮੰਡਾਂ ਨੂੰ ਨਿਯੰਤਰਿਤ ਰੱਖਣ ਦੇ ਲਈ ਛੱਡਿਆ ਹੋਇਆ ਹੈ ਜਿਵੇਂ ਮੋਬਾਇਲ ਫੋਨ ਦਾ ਟਾਵਰ ਇੱਕ ਦੇਸ਼ੀਆ ਹੁੰਦੇ ਹੋਏ ਆਪਣੀ ਸ਼ਕਤੀ ਅਰਥਾਤ ਮੋਬਾਇਲ ਫ਼ੋਨ ਦੀ ਰੇਂਜ਼ (ਸ਼ਮਤਾ) ਚਾਰੋਂ ਪਾਸੇ ਫੈਲਾਏ ਰਹਿੰਦਾ ਹੈ। ਇਸੀ ਪ੍ਰਕਾਰ ਪੂਰਣ ਪ੍ਰਭੂ ਨੇ ਆਪਣੀ ਨਿਰਾਕਾਰ ਸ਼ਕਤੀ ਸਰਵਵਿਆਪਕ ਕੀਤੀ ਹੈ ਜਿਸ ਨਾਲ ਪੂਰਣ ਪ੍ਰਮਾਤਮਾ ਸਰਵ ਬ੍ਰਹਿਮੰਡਾਂ ਨੂੰ ਇੱਕ ਸਥਾਨ ਉੱਤੇ ਬੈਠਕੇ ਨਿਯੰਤਰਿਤ ਰੱਖਦਾ ਹੈ ।**

**ਇਸੀ ਦਾ ਪ੍ਰਮਾਣ ਆਦਰਣੀਏਂ ਗਰੀਬਦਾਸ ਜੀ ਮਹਾਰਾਜ ਦੇ ਰਹੇ ਹਨ।**

**(ਅੰਮ੍ਰਿਤਵਾਣੀ ਰਾਗ ਕਲਿਆਣ):-**

ਤੀਨ ਸ਼ਰਣ ਚਿੰਤਾਮਣੀ ਸਾਹਿਬ, ਸ਼ੇਸ਼ ਬਦਨ ਪਰ ਛਾਏ ॥
ਮਾਤਾ, ਪਿਤਾ, ਕੁਲ ਨਾ ਬੰਧੂ, ਨਾ ਕਿਨਹੇ ਜਨਨੀ ਜਾਏ ॥

ਮੰਡਲ 10 ਸੁਕਤ 90 ਮੰਤਰ 5:-

ਤਸਮਾਦਿਵਰਾਵ੍ਵਜਾਯਤ ਵਿਰਾਜੋ ਅਧਿ ਪੂਰੁਸ਼ਹ।
ਸ ਜਾਤੋ ਅਤਿਯਾਰਿਚਯਤ ਪਸ਼ਚਾਦਭੂਮੀਮਥੋ ਪੂਰਹ॥5॥

ਤਸਮਾਤ-ਵਿਰਾਟ - ਅਜਾਯਤ-ਵਿਰਾਜਹ- ਅਧਿ-ਪੁਰੂਸ਼ਹ - ਸ - ਜਾਤਹ-ਅੱਤਘਰਿਚਯਤ-ਪਛਚਾਤ-ਭੂਮੀਮ-ਅਥਹ-ਪੂਰਹ।

ਅਨੁਵਾਦ:- (ਤਸਮਾਤ) ਉਸਦੇ ਪਿਛੋਂ ਉਸ ਪ੍ਰਮੇਸ਼ਵਰ ਸਤਿਪੁਰਸ਼ ਦੀ ਸ਼ਬਦ ਸ਼ਕਤੀ ਨਾਲ (ਵਿਰਾਜ਼) ਵਿਰਾਟ ਅਰਥਾਤ ਬ੍ਰਹਮ, ਜਿਸਨੂੰ ਸ਼ਰ ਪੁਰਸ਼ ਤੇ ਕਾਲ ਵੀ ਕਹਿੰਦੇ ਹਨ (ਅਜਾਯਤ) ਉਤਪੰਨ ਹੋਇਆ ਹੈ (ਪਛਚਾਤ) ਇਸਦੇ ਬਾਅਦ (ਵਿਰਾਜਹ) ਵਿਰਾਟ ਪੁਰਸ਼ ਅਰਥਾਤ ਕਾਲ ਭਗਵਾਨ ਤੋਂ (ਅਧਿ) ਵੱਡੇ (ਪੁਰਸ਼ਹ) ਪ੍ਰਮੇਸ਼ਵਰ ਨੇ (ਭੂਮੀਮ) ਪ੍ਰਿਥਵੀ ਵਾਲੇ

ਲੋਕ, ਕਾਲ ਬ੍ਰਹਮ ਅਤੇ ਪਰਬ੍ਰਹਮ ਦੇ ਲੋਕ ਨੂੰ (ਅਤਿਯਰਿਚਯਤ) ਅੱਛੀ ਤਰ੍ਹਾਂ ਰਚਿਆ (ਅਥਹ) ਫਿਰ (ਪੁਰਹ) ਹੋਰ ਛੋਟੇ-ਛੋਟੇ ਲੋਕ (ਸ) ਉਸ ਪੂਰਨ ਪ੍ਰਮੇਸ਼ਵਰ ਨੇ ਹੀ (ਜਾਤਹ) ਉਤਪੰਨ ਕੀਤਾ ਅਰਥਾਤ ਸਥਾਪਿਤ ਕੀਤਾ।

**ਭਾਵਅਰਥ:- ਉਪਰੋਕਤ ਮੰਤਰ 4 ਵਿੱਚ ਵਰਣਿਤ ਤਿੰਨੋਂ ਲੋਕਾਂ (ਅਗਮਲੋਕ, ਅਲਖ ਲੋਕ ਅਤੇ ਸਤਲੋਕ) ਦੀ ਰਚਨਾ ਦੇ ਬਾਅਦ ਪੂਰਣ ਪ੍ਰਮਾਤਮਾ ਨੇ ਜੋਤੀ ਨਿਰੰਜਨ (ਬ੍ਰਹਮ) ਦੀ ਉਤਪੱਤੀ ਕੀਤੀ ਅਰਥਾਤ ਉਸੀ ਸਰਵ ਸ਼ਕਤੀਮਾਨ ਪ੍ਰਮਾਤਮਾ ਪੂਰਣ ਬ੍ਰਹਮ ਕਵਿਰਦੇਵ (ਕਬੀਰ ਪ੍ਰਭੂ) ਤੋਂ ਹੀ ਵਿਰਾਟ ਅਰਥਾਤ ਬ੍ਰਹਮ (ਕਾਲ) ਦੀ ਉਤਪੱਤੀ ਹੋਈ। ਇਹੀ ਪ੍ਰਮਾਣ ਗੀਤਾ ਅਧਿ: 3 ਮੰਤਰ 15 ਵਿੱਚ ਹੈ ਕਿ ਅਕਸ਼ਰ ਪੁਰਸ਼ ਅਰਥਾਤ ਅਵਿਨਾਸ਼ੀ ਪ੍ਰਭੂ ਤੋਂ ਬ੍ਰਹਮ ਉਤਪੰਨ ਹੋਇਆ ਇਹ ਪ੍ਰਮਾਣ ਅੱਥਰ ਵੇਦ ਕਾਂਡ 4 ਅਨੁਵਾਕ 1 ਸੁਕਤ 3 ਵਿੱਚ ਹੈ ਕਿ ਪੂਰਣ ਬ੍ਰਹਮ ਤੋਂ ਬ੍ਰਹਮ ਦੀ ਉਤਪੱਤੀ ਹੋਈ ਉਸੇ ਪੂਰਣ ਬ੍ਰਹਮ ਨੇ (ਭੂਮਿਮ) ਭੂਮੀ ਆਦਿ ਛੋਟੇ-ਵੱਡੇ ਸਰਵ ਲੋਕਾਂ ਦੀ ਰਚਨਾ ਕੀਤੀ। ਉਹ ਪੂਰਣ ਬ੍ਰਹਮ ਇਸ ਵਿਰਾਟ ਭਗਵਾਨ ਅਰਥਾਤ ਬ੍ਰਹਮ ਤੋਂ ਵੀ ਵੱਡਾ ਹੈ ਅਰਥਾਤ ਇਸਦਾ ਵੀ ਮਾਲਿਕ ਹੈ।**

ਮੰਡਲ 10 ਸੁਕਤ 90 ਮੰਤਰ 15:

ਸਪਤਾਸਯਾਸੰਪਰਿਧਯਮਿਤਰਹ ਸਪਤ ਸਮਿਧਹ ਕ੍ਰਤਾਹ।
ਦੇਵਾ ਯਗਿਮੰ ਤੰਵਾਨਾਹ ਅਬੰਧਨਪੁਰਸ਼ੰ ਪਸ਼ੂਮ॥5॥

ਸਪਤ- ਅਸਯ - ਆਸਨ - ਪਰਿਧਯਹ - ਤਿਰਸਪਤ - ਸਮੀਧਹ - ਕ੍ਰਤਾਹ: ਦੇਵਾ-ਯਤ-ਯਗਿਮ-ਤੰਨਵਾਨਾਹ-ਅਬਧੰਨ-ਪੁਰੂਸ਼ਮ-ਪਸ਼ੂਮ।

ਅਨੁਵਾਦ:- (ਸਪਤ) ਸਾਤ ਸੰਖ ਬ੍ਰਹਿਮੰਡ ਤਾਂ ਪਰਬ੍ਰਹਮ ਦੇ ਅਤੇ (ਤਿਰਸਪਤ) ਇੱਕਿ ਬ੍ਰਹਿਮੰਡ ਕਾਲ ਬ੍ਰਹਮ ਦੇ (ਸਮਿਧਹ) ਕਰਮਦੰਡ ਦੁੱਖ ਰੂਪੀ ਅੱਗ ਤੋਂ ਦੁੰਖ (ਕ੍ਰਿਤਾ) ਕਰਨੇ ਵਾਲੇ (ਪਰਿਧਯਹ) ਗਲੋਕਾਰ ਘੇਰਾ ਰੂਪ ਸੀਮਾ ਵਿੱਚ (ਆਸਨ) ਬਿਧਮਾਨ ਹਨ (ਯਤ) ਜੋ (ਪੁਰੂਸ਼ਮ) ਪੂਰਨ ਪ੍ਰਮਾਤਮਾਂ ਦੀ (ਯਗਿਮ) ਵਿਧਿਵਤ ਧਾਰਮਿਕ ਕਰਮ ਅਰਥਾਤ ਪੂਜਾ ਕਰਦਾ ਹੈ (ਪਸ਼ੂਮ) ਬਲੀ ਦੇ ਪਸ਼ੂ ਰੂਪੀ ਕਾਲ ਦੇ ਜਾਲ ਵਿੱਚ ਕਰਮ ਬੰਧਨ ਵਿੱਚ ਬੰਨ੍ਹੇ (ਦੇਵਾ) ਭਗਤ ਆਤਮਾਵਾਂ ਨੂੰ (ਤੰਵਾਨਾਹ) ਕਾਲ ਦੇ ਦੁਆਰਾ ਰਚੇ ਅਰਥਾਤ ਫੈਲਾਏ ਪਾਪ ਕਰਮ ਬੰਧਨ ਜਾਲ ਨਾਲ (ਅਬੰਧਨਨ) ਬੰਧਨ ਰਹਿਤ ਕਰਦਾ ਹੈ ਅਰਥਾਤ ਬੰਦੀ ਛੁਡਵਾਉਣ ਵਾਲਾ ਬੰਦੀ ਛੋੜ ਹੈ।

**ਭਾਵਅਰਥ:- ਸਾਤ ਸੰਖ ਬ੍ਰਹਿਮੰਡ ਪਰਬ੍ਰਹਮ ਦੇ ਅਤੇ ਇੱਕਿ ਬ੍ਰਹਿਮੰਡ ਕਾਲ ਬ੍ਰਹਮ ਦੇ ਜਿੰਨ੍ਹਾਂ ਵਿੱਚ ਗੋਲਾਕਾਰ ਸੀਮਾ ਵਿੱਚ ਬੰਦ ਕਰਮਾਂ ਦੀ ਅੱਗ ਵਿੱਚ ਜਲ ਰਹੇ ਪ੍ਰਾਣੀਆਂ ਨੂੰ ਵਾਸਤਵਿਕ ਪੂਜਾ ਵਿਧੀ ਦੱਸਕੇ ਸਹੀ ਉਪਾਸਨਾ ਕਰਾਉਂਦਾ ਹੈ ਜਿਸ ਕਾਰਨ ਨਾਲ ਬਲੀ ਦਿੱਤੇ ਜਾਣ ਵਾਲੇ ਪਸ਼ੂ ਦੀ ਤਰ੍ਹਾਂ ਜਨਮ-ਮ੍ਰਿਤੂ ਦੇ ਕਾਲ (ਬ੍ਰਹਮ) ਦੇ ਖਾਣ ਦੇ ਲਈ ਤਪਤਸ਼ਿਲਾ ਦੇ ਕਸ਼ਟ ਪੀੜਤ ਭਗਤਆਤਮਾਵਾਂ ਨੂੰ ਕਾਲ ਦੇ ਕ੍ਰਮਬੰਧਨ ਦੇ ਫੈਲਾਏ ਜਾਲ ਨੂੰ ਤੋੜਕੇ ਬੰਧਨ ਰਹਿਤ ਕਰਦਾ ਹੈ ਅਰਥਾਤ ਬੰਧਨ ਛੁਡਵਾਉਨ ਵਾਲਾ ਬੰਦੀ ਛੋੜ ਹੈ। ਇਸੀ ਦਾ ਪ੍ਰਮਾਣ ਪਵਿੱਤਰ ਯਜੁਰਵੇਦ ਅਧਿ: 5 ਮੰਤ੍ਰ 32 ਵਿੱਚ ਹੈ ਕਿ** ਕਵਿਰੰਘਾਰਿਸਿ (ਕਵਿਰ) ਕਬੀਰ ਪ੍ਰਮੇਸ਼ਵਰ ਪਾਪ ਦਾ (ਅਰਿ) ਸ਼ੱਤਰੂ (ਅਸਿ) ਹੈ ਅਰਥਾਤ ਪਾਪ ਵਿਨਾਸ਼ਕ ਕਬੀਰ ਹੈ। ਬੰਭਾਰੀਅਸੀ (ਬੰਭਾਰੀ) ਬੰਧਨਾ ਦਾ ਸ਼ੱਤਰੂ ਅਰਥਾਤ ਬੰਦੀਛੋੜ ਕਬੀਰ ਪ੍ਰਮੇਸ਼ਵਰ (ਅਸਿ) ਹੈ।

**ਮੰਡਲ 10 ਸੁਕਤ 90 ਮੰਤਰ 16:**

ਯਗਿਨ ਯਗਿਮਯਜੰਤ ਦੇਵਾਸਤਾਨਿ ਧਰਮਾਇ ਪ੍ਰਥਮਾਯੰਸਨ।
ਤੇ ਹ ਨਾਕੰ ਮਹਿਮਾਨਹ ਸਚੰਤ ਯਤਰ ਪੂਰਵੇ ਸਾਧਯਾਹ ਸੰਤਿ ਦੇਵਾਹ॥16॥

ਯਗਿਨ-ਯਗਮ-ਅ-ਯਜੰਤ-ਦੇਵਾਹ-ਤਾਨਿ-ਧਰਮਾਣਿ-ਪ੍ਰਥਮਾਨਿ-ਆਸਨ-ਤੇ-ਨਾਕਮ-ਮਹਿਮਾਨਹ-ਸਚੰਤ-ਯਤਰ-ਪੂਰਵੇ-ਸਾਧਯਾਹ-ਸੰਤਿ ਦੇਵਾਹ।

ਅਨੁਵਾਦ:- ਜੋ (ਦੇਵਾਹ) ਨਿਰਵਿਕਾਰ ਦੇਵ ਸਵਰੁਪ ਭਗਤਆਤਮਾਵਾਂ (ਅਯੁੱਗਮ) ਅਧੂਰੀ ਗਲਤ ਧਾਰਮਿਕ ਪੂਜਾ ਦੇ ਸਥਾਨ ਉੱਤੇ (ਯਗੇਨ) ਸਤਿ ਭਗਤੀ ਧਾਰਮਿਕ ਕਰਮ ਦੇ ਆਧਾਰ ਉੱਤੇ (ਯਜੰਤ) ਪੂਜਾ ਕਰਦੇ ਹਨ (ਤਾਨ) ਵੇ (ਧਰਮਣਿ) ਧਾਰਮਿਕ ਸ਼ਕਤੀ ਸੰਪੰਨ (ਪ੍ਰਥਮਾਨਿ) ਮੁੱਖ ਅਰਥਾਤ ਉਤਮ (ਆਸਨ) ਹਨ (ਤੇ ਹ) ਉਹੀ ਵਾਸਤਵ ਵਿੱਚ (ਮਹਿਮਾਨਹ) ਮਹਾਨ ਭਗਤੀ ਸ਼ਕਤੀ ਯੁੱਕਤ ਹੋਕੇ (ਸਾਧਿਯਾਹ) ਸਫ਼ਲ ਭਗਤ ਜਨ (ਨਾਮ) ਪੂਰਨ ਸੁੱਖਦਾਇਕ ਪ੍ਰਮੇਸ਼ਵਰ ਨੂੰ (ਸਚੰਤ) ਭਗਤੀ ਨਿਮਿਤ ਕਾਰਨ ਅਰਥਾਤ ਸਤਭਗਤੀ ਦੀ ਕਮਾਈ ਤੋਂ ਪ੍ਰਾਪਤ ਹੁੰਦੇ ਹਨ, ਉਹ ਉੱਥੇ ਚਲੇ ਜਾਂਦੇ ਹਨ। (ਯਾਤਰ) ਜਿੱਥੇ (ਪਰਵੇ) ਪਹਿਲੇ ਵਾਲੀ ਸ੍ਰਿਸ਼ਟੀ ਦੇ (ਦੇਵਾਹ) ਪਾਪਰਹਿਤ ਦੇਵ ਸਵਰੂਪ ਭਗਤ ਆਤਮਾਏਂ (ਸੰਤਿ) ਰਹਿੰਦੀਆਂ ਹਨ।

**ਭਾਵਅਰਥ:- ਜੋ ਨਿਰਵਿਕਾਰ (ਜਿਨ੍ਹਾਂ ਨੇ ਸ਼ਰਾਬ, ਮਾਸ, ਤੰਬਾਕੂ ਸੇਵਨ ਤਿਆਗ ਦਿੱਤਾ ਹੈ ਅਤੇ ਹੋਰ ਬੁਰਾਈਆਂ ਤੋਂ ਰਹਿਤ ਹੈ) ਦੇਵ ਸਵਰੂਪ ਭਗਤ ਆਤਮਾਵਾਂ ਸ਼ਾਸਤਵਿਧੀ ਰਹਿਤ ਪੂਜਾ ਨੂੰ ਤਿਆਗ ਕੇ ਸ਼ਾਸਤਰ ਅਨੁਕੂਲ ਸਾਧਨਾਂ ਕਰਦੇ ਹਨ ਉਹ ਭਗਤੀ ਦੀ ਕਮਾਈ ਦੇ ਧਨੀ ਹੋਕੇ ਕਾਲ ਦੇ ਰਿਣ ਤੋਂ ਮੁਕਤ ਹੋਕੇ ਆਪਣੀ ਸਤ ਭਗਤੀ ਦੀ ਕਮਾਈ ਕਾਰਨ ਉਸ ਸਰਵ ਸੁਖਦਾਈ ਪ੍ਰਮਾਤਮਾ ਨੂੰ ਪ੍ਰਾਪਤ ਕਰਦੇ ਹਨ ਅਰਥਾਤ ਸਤਲੋਕ ਵਿੱਚ ਚਲੇ ਜਾਂਦੇ ਹਨ ਜਿੱਥੇ ਸਰਵ ਪ੍ਰਥਮ ਰਚੀ ਸ੍ਰਿਸ਼ਟੀ ਦੇ ਦੇਵ ਸਵਰੂਪ ਅਰਥਾਤ ਪਾਪ ਰਹਿਤ ਹੰਸ ਆਤਮਾਂ ਰਹਿੰਦੀਆਂ ਹਨ।**

**ਜਿਵੇਂ ਕੁਝ ਆਤਮਾਵਾਂ ਤਾਂ ਕਾਲ (ਬ੍ਰਹਮ) ਦੇ ਜਾਲ ਵਿੱਚ ਫਸਕੇ ਇੱਥੇ ਆ ਗਈਆਂ, ਕੁਝ ਪਰਬ੍ਰਹਮ ਦੇ ਨਾਲ ਸੱਤਸੰਖ ਬ੍ਰਹਿਮੰਡ ਵਿੱਚ ਆ ਗਈਆਂ, ਫਿਰ ਵੀ ਅਸੰਖ ਆਤਮਾਵਾਂ ਜਿਨ੍ਹਾਂ ਦਾ ਵਿਸ਼ਵਾਸ਼ ਪੂਰਣ ਪ੍ਰਮਾਤਮਾ ਵਿੱਚ ਅਟੱਲ ਰਿਹਾ, ਜੋ ਆਪਣੇ ਪਤੀਵਰਤਾ ਪਦ ਤੋਂ ਨਹੀਂ ਗਿਰੀਆਂ ਉਹ ਰਹਿ ਗਈਆਂ, ਇਸਲਈ ਇੱਥੇ ਉਹੀ ਵਰਣਨ ਪਵਿੱਤਰ ਵੇਦਾਂ ਨੇ ਵੀ ਸੱਚ ਦੱਸਿਆ ਹੈ। ਇਹੀ ਪ੍ਰਮਾਣ ਗੀਤਾ ਅਧਿਆਇ 8 ਦੇ ਸਲੋਕ 8 ਤੋਂ 10 ਵਿੱਚ ਵਰਣਨ ਹੈ ਕਿ ਜੋ ਸਾਧਕ ਪੂਰਣ ਪ੍ਰਮਾਤਮਾ ਦੀ ਸਤਸਾਧਨਾ ਸ਼ਾਸਤਰਵਿਧੀ ਅਨੁਸਾਰ ਕਰਦਾ ਹੈ ਉਹ ਭਗਤ ਦੀ ਕਮਾਈ ਦੇ ਬਲ ਨਾਲ ਉਸ ਪੂਰਣ ਪ੍ਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ ਅਰਥਾਤ ਉਸ ਦੇ ਕੋਲ ਚਲਾ ਜਾਂਦਾ ਹੈ। ਇਸਤੋਂ ਸਿੱਧ ਹੁੰਦਾ ਹੈ ਕਿ ਤਿੰਨ ਪ੍ਰਭੂ ਹਨ ਬ੍ਰਹਮ-ਪ੍ਰਬ੍ਰਹਮ-ਪੂਰਣ ਬ੍ਰਹਮ। ਇਨ੍ਹਾਂ ਨੂੰ 1. ਬ੍ਰਹਮ-ਈਸ਼-ਸ਼ਰ ਪੁਰਸ਼ 2. ਪਰਮ-ਅਕਸ਼ਰ ਪੁਰਸ਼/ ਅਕਸ਼ਰ ਬ੍ਰਹਮ 3. ਪੂਰਣ ਬ੍ਰਹਮ - ਪਰਮ ਅਕਸ਼ਰ ਬ੍ਰਹਮ - ਪ੍ਰਮੇਸ਼ਵਰ - ਸਤਿਪੁਰਸ਼ ਆਦਿ ਪ੍ਰਾਯਵਾਚੀ ਸ਼ਬਦਾਂ ਨਾਲ ਜਾਣਿਆਂ ਜਾਂਦਾ ਹੈ।**

ਇਹੀ ਪ੍ਰਮਾਣ ਰਿਗਵੇਦ ਮੰਡਲ 9 ਦੇ ਸੁਕਤ 96 ਮੰਤਰ 17 ਤੋਂ 20 ਵਿੱਚ ਸਪੱਸ਼ਟ ਹੈ ਕਿ ਪੂਰਣ ਪ੍ਰਮਾਤਮਾ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਸ਼ਿਸ਼ੂ ਰੂਪ ਧਾਰਣ ਕਰਕੇ ਪ੍ਰਗਟ ਹੁੰਦੇ ਹਨ ਤੇ ਆਪਣਾ ਨਿਰਮਲ ਗਿਆਨ ਅਰਥਾਤ ਤੱਤਵਗਿਆਨ (ਕਿਵਗੀਰਭਿਹ) ਕਬੀਰਬਾਣੀ ਦੇ ਦੁਆਰਾ ਆਪਣੇ ਭਗਤਾਂ ਨੂੰ ਬੋਲ-ਬੋਲ ਕੇ ਵਰਣਨ ਕਰਦੇ ਹਨ। ਉਹ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਬ੍ਰਹਮ (ਸ਼ਰਪੁਰਸ਼) ਦੇ ਧਾਮ ਅਤੇ ਪਰਬ੍ਰਹਮ (ਅਕਸ਼ਰ ਪਰਸ਼) ਦੇ ਧਾਮ ਤੋਂ ਭਿੰਨ ਜੋ ਪੂਰਣ ਬ੍ਰਹਮ (ਪਰਮ ਅਕਸ਼ਰ ਪੁਰਸ਼) ਦਾ ਤੀਸਰਾ ਰਿੱਤਧਾਮ (ਸਤਲੋਕ) ਹੈ, ਉਸ ਵਿੱਚ ਆਕਾਰ ਵਿੱਚ ਵਿਰਾਜਮਾਨ ਹਨ ਅਤੇ ਸਤਲੋਕ ਤੋਂ ਚੌਥਾ ਅਨਾਮੀ ਲੋਕ ਹੈ, ਉਸ ਵਿੱਚ ਵੀ ਇਹੀ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਅਨਾਮੀ ਪੁਰਸ਼ ਰੂਪ ਵਿੱਚ ਮਨੁੱਖ ਸੁਦ੍ਰਿਸ਼ ਆਕਾਰ ਵਿੱਚ ਵਿਰਾਜਮਾਨ ਹੈ।

## "ਪਵਿੱਤਰ ਸ਼੍ਰੀਮਦਦੇਵੀ ਮਹਾਂਪੁਰਾਣ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

"ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਦੇ ਮਾਤਾ-ਪਿਤਾ"

(ਦੁਰਗਾ ਅਤੇ ਬ੍ਰਹਮ ਦੇ ਯੋਗ ਤੋਂ ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਦਾ ਜਨਮ)

ਪਵਿੱਤਰ ਸ਼੍ਰੀਮਦਦੇਵੀ ਮਹਾਂਪੁਰਾਣ ਤੀਸਰਾ ਸਕੰਦ (ਗੀਤਾ;ਪ੍ਰੈੱਸ ਗੋਰਖਪੁਰ ਤੋਂ ਪ੍ਰਕਾਸ਼ਿਤ, ਅਨੁਵਾਦਕਰਤਾ ਸ਼੍ਰੀ ਹਨੂੰਮਾਨਪ੍ਰਸ਼ਾਦ ਪੋਦਾਰ ਅਤੇ ਚਿਮਨ ਲਾਲ ਗੋਸਵਾਮੀ, ਪ੍ਰਸ਼ਠ ਨੰ: 114 ਤੋਂ)

ਪ੍ਰਸ਼ਠ ਨੰ: 114 ਤੋਂ 118 ਤੱਕ ਵਿਵਰਣ ਹੈ ਕਿ ਕਿੰਨੇ ਹੀ ਅਚਾਰੀਆ ਭਵਾਨੀ ਨੂੰ ਸੰਪੂਰਣ ਮਨੋਰਥ ਪੂਰਣ ਕਰਨ ਵਾਲੀ ਦੱਸਦੇ ਹਨ। ਉਹ ਪ੍ਰਕੀਤੀ ਕਹਾਉਂਦੀ ਹੈ ਅਤੇ ਬ੍ਰਹਮ ਨਾਲ ਅਭੇਦ ਸੰਬੰਧ ਹੈ ਜਿਵੇਂ ਪਤਨੀ ਨੂੰ ਅਰਧਾਗਨੀ ਕਹਿੰਦੇ ਹਨ ਅਰਥਾਤ ਦੂਰਗਾ ਬ੍ਰਹਮ (ਕਾਲ) ਦੀ ਪਤਨੀ ਹੈ। ਇੱਕ ਬ੍ਰਹਿਮੰਡ ਦੀ ਸ੍ਰਿਸ਼ਟੀ ਰਚਨਾਂ ਦੇ ਵਿਸ਼ੇ ਵਿੱਚ ਰਾਜਾ ਸ਼੍ਰੀ ਪਰੀਕਿਸ਼ਤ ਦੇ ਪੁੱਛਣ ਉੱਤੇ ਸ਼੍ਰੀ ਵਿਆਸ ਜੀ ਨੇ ਦੱਸਿਆ ਕਿ ਮੈਂ ਸ਼੍ਰੀ ਨਾਰਦ ਜੀ ਤੋਂ ਪੁੱਛਿਆ ਸੀ ਕਿ ਹੇ ਦੇਵਰਿਸ਼ੇ ਇਸ ਬ੍ਰਹਿਮੰਡ ਦੀ ਰਚਨਾਂ ਕਿਵੇਂ ਹੋਈ? ਮੇਰੇ ਇਸ ਪ੍ਰਸ਼ਨ ਦੇ ਉਤੱਰ ਵਿੱਚ ਸ਼੍ਰੀ ਨਾਰਦ ਜੀ ਨੇ ਕਿਹਾ ਕਿ ਮੈਂ ਆਪਣੇ ਪਿਤਾ ਸ਼੍ਰੀ ਬ੍ਰਹਮਾ ਜੀ ਨੂੰ ਪੁੱਛਿਆ ਕਿ ਹੇ ਪਿਤਾ ਸ਼੍ਰੀ ਇਸ ਬ੍ਰਹਿਮੰਡ ਦੀ ਰਚਨਾ ਆਪਨੇ ਕੀਤੀ ਜਾਂ ਸ਼੍ਰੀ ਵਿਸ਼ਣੁ ਜੀ ਇਸਦੇ ਰਚਾਇਤਾ ਹਨ ਜਾਂ ਸ਼ਿਵ ਜੀ ਨੇ ਰਚਿਆ ਹੈ? ਸੱਚ-ਸੱਚ ਦੱਸਣ ਦੀ ਕ੍ਰਿਪਾ ਕਰੋ। ਤਦ ਮੇਰੇ ਪੂਜਯ ਪਿਤਾ ਸ਼੍ਰੀ ਬ੍ਰਹਮਾ ਜੀ ਨੇ ਦੱਸਿਆ ਕਿ ਬੇਟਾ ਨਾਰਦ, ਮੈਂ ਆਪਣੇ ਆਪਨੂੰ ਕਮਲ ਦੇ ਫੁੱਲ ਉੱਤੇ ਬੈਠਾ ਪਾਇਆ ਸੀ, ਮੈਨੂੰ ਨਹੀਂ ਪਤਾ ਇਸ ਅਗਾਧ ਜਲ ਵਿੱਚ ਮੈਂ ਕਿੱਥੋਂ ਉਤਪੰਨ ਹੋਗਿਆ। ਇੱਕ ਹਜ਼ਾਰ ਸਾਲ ਤੱਕ ਪ੍ਰਿਥਵੀ ਦੀ ਭਾਲ ਕਰਦਾ ਰਿਹਾ, ਕਿਤੇ ਜਲ ਦਾ ਜ਼ੋਰ-ਸ਼ੋਰ ਨਹੀਂ ਪਾਇਆ। ਫਿਰ ਆਕਾਸ਼ਬਾਣੀ ਹੋਈ ਕਿ ਤਪ ਕਰੋ। ਇੱਕ ਹਜ਼ਾਰ ਸਾਲ ਤੱਕ ਤਪ ਕੀਤਾ। ਫਿਰ ਸ੍ਰਿਸ਼ਟੀ ਕਰਨ ਦੀ ਆਕਾਸ਼ਬਾਣੀ ਹੋਈ। ਇੰਨੇ ਨੂੰ ਮਧੂ ਅਤੇ ਕੈਟਭ ਨਾਮ ਦੇ ਦੋ ਰਾਕਸ਼ ਆਏ, ਉਨ੍ਹਾਂ ਦੇ ਭੈਅ ਕਾਰਨ ਮੈਂ ਕਮਲ ਦਾ ਡੰਡਲ ਫੜ੍ਹ ਕੇ ਨੀਚੇ ਉੱਤਰਿਆ। ਉੱਥੇ ਭਗਵਾਨ ਵਿਸ਼ਨੂ ਸ਼ੇਸ਼ਨਾਗ ਦੀ ਸ਼ੈਯਾ ਉੱਤੇ ਅਚੇਤ ਪਏ ਸਨ। ਉਨ੍ਹਾਂ ਵਿੱਚੋਂ ਇੱਕ ਔਰਤ (ਪ੍ਰੇਤਵਤ ਪ੍ਰਵੇਸ਼ ਦੁਰਗਾ) ਨਿਕਲੀ। ਉਹ ਆਕਾਸ਼ ਵਿੱਚ ਆਭੂਸ਼ਣ ਪਹਿਨੇ ਦਿਖਾਈ ਦੇਣ ਲੱਗੀ। ਤਦ ਭਗਵਾਨ ਵਿਸ਼ਨੂ ਹੋਸ਼ ਵਿੱਚ ਆਏ। ਹੁਣ ਮੈਂ ਅਤੇ ਵਿਸ਼ਨੂ ਜੀ ਦੋ ਸੀ। ਇੰਨੇ ਨੂੰ ਭਗਵਾਨ ਸ਼ੰਕਰ ਵੀ ਆ ਗਏ। ਦੇਵੀ ਨੇ ਸਾਨੂੰ ਵਿਮਾਨ ਵਿੱਚ ਬੈਠਾਇਆ ਅਤੇ ਬ੍ਰਹਮਲੋਕ ਵਿੱਚ ਲੈ ਗਈ। ਉੱਥੇ ਇੱਕ ਬ੍ਰਹਮਾਂ, ਇੱਕ ਵਿਸ਼ਨੂ ਅਤੇ ਇੱਕ ਸ਼ਿਵ ਹੋਰ ਦੇਖਿਆ ਫਿਰ ਇੱਕ ਦੇਵੀ ਦੇਖੀ, ਉਸਨੂੰ ਦੇਖਕੇ ਵਿਸ਼ਨੂ ਜੀ ਨੇ ਵਿਵੇਕਪੂਰਵਕ ਨੇ ਨਿਮਨ ਵਰਨਣ ਕੀਤਾ (ਬ੍ਰਹਮ-ਕਾਲ ਨੇ ਭਗਵਾਨ ਵਿਸ਼ਨੂ ਨੂੰ ਚੇਤਨਾ ਪ੍ਰਦਾਨ ਕਰ ਦਿੱਤੀ, ਉਸਨੂੰ ਆਪਣੇ ਬਚਪਨ ਦੀ ਯਾਦ ਆਈ ਤਦ ਬਚਪਨ ਦੀ ਕਹਾਣੀ ਸੁਣਾਈ)।

ਪ੍ਰਸ਼ਠ 119-120 ਉੱਤੇ ਭਗਵਾਨ ਵਿਸ਼ਨੂ ਜੀ ਨੇ ਸ਼੍ਰੀ ਬ੍ਰਹਮਾ ਜੀ ਅਤੇ ਸ਼੍ਰੀ ਸ਼ਿਵ ਜੀ ਨੂੰ ਕਿਹਾ ਕਿ ਇਹ ਤਿੰਨਾਂ ਦੀ ਮਾਤਾ ਹੈ, ਇਹੀ ਜਗਤ ਜਨਨੀ ਪ੍ਰਕ੍ਰਿਤੀ ਦੇਵੀ ਹੈ। ਮੈਂ ਇਸ ਦੇਵੀ ਨੂੰ ਤਦ ਦੇਖਿਆ ਸੀ ਜਦ ਮੈਂ ਛੋਟਾ ਬਾਲਕ ਸੀ, ਇਹ ਮੈਨੂੰ ਪਾਲਣੇ ਵਿੱਚ ਝੁਲਾਅ ਰਹੀ ਸੀ।

ਤੀਸਰਾ ਸਕੰਦ ਸਫਾ ਨੰ. 123 ਉੱਤੇ ਸ਼੍ਰੀ ਵਿਸ਼ਨੂ ਜੀ ਨੇ ਸ਼੍ਰੀ ਦੁਰਗਾ ਜੀ ਦੀ ਉਸਤੁਤੀ ਕਰਦੇ ਹੋਏ ਕਿਹਾ-ਆਪ ਸ਼ੁੱਧ ਸਰੂਪਾ ਹੋ, ਇਹ ਸਾਰਾ ਸੰਸਾਰ ਆਪਦੇ ਤੋਂ ਉਦਭਾਸਿਤ ਹੋ ਰਿਹਾ ਹੈ, ਮੈਂ (ਵਿਸ਼ਣੂ), ਬ੍ਰਹਮਾ ਅਤੇ ਸ਼ੰਕਰ ਅਸੀਂ ਸਭ ਆਪਦੀ ਕ੍ਰਿਪਾ ਨਾਲ ਹੀ ਵਿਦਮਾਨ ਹਾਂ। ਸਾਡਾ ਆਵਿਰਭਾਵ (ਜਨਮ) ਅਤੇ ਤਿਰੋਭਾਵ (ਮ੍ਰਿਤੂ) ਹੋਇਆ ਕਰਦਾ ਹੈ ਅਰਥਾਤ ਅਸੀਂ ਤਿੰਨੋਂ

ਦੇਵ ਨਾਸ਼ਵਾਨ ਹਾਂ, ਕੇਵਲ ਆਪਹੀ ਨਿੱਤਯ (ਅਵਿਨਾਸ਼ੀ) ਹੋ, ਜਗਤ ਜਨਨੀ ਹੋ, ਪ੍ਰਕ੍ਰਿਤੀ ਦੇਵੀ ਹੋ।

ਭਗਵਾਨ ਸ਼ੰਕਰ ਬੋਲੇ :- ਦੇਵੀ ਜੇ ਮਹਾਂਭਾਗ ਵਿਸ਼ਣੁ ਆਪ ਤੋਂ ਪ੍ਰਗਟ (ਉਤਪੰਨ) ਹੋਏ ਹਨ ਤਾਂ ਉਨ੍ਹਾਂ ਤੋਂ ਬਾਅਦ ਉਤਪੰਨ ਹੋਣ ਵਾਲੇ ਬ੍ਰਹਮਾ ਵੀ ਆਪਦੇ ਹੀ ਬਾਲਕ ਹੋਏ। ਫਿਰ ਮੈਂ ਤਮੋਗੁਣੀ ਲੀਲ੍ਹਾ ਕਰਨ ਵਾਲਾ ਸ਼ੰਕਰ ਕਿ ਆਪਦੀ ਸੰਤਾਨ ਨਹੀਂ ਹੋਇਆ ਅਰਥਾਤ ਮੈਨੂੰ ਵੀ ਉਤਪੰਨ ਕਰਨ ਵਾਲੀ ਆਪ ਹੀ ਹੋ।

ਵਿਚਾਰ ਕਰੋ:- ਉਪਰੋਕਤ ਵਰਣਨ ਤੋਂ ਸਿੱਧ ਹੋਇਆ ਕਿ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ, ਸ਼੍ਰੀ ਸ਼ਿਵਜੀ ਨਾਸ਼ਵਾਨ ਹਨ। ਮ੍ਰਿਤੂੰਜਯ (ਅਜਰ-ਅਮਰ) ਤੇ ਸ਼ਰਵੇਸ਼ਵਰ ਨਹੀਂ ਹਨ ਅਤੇ ਦੁਰਗਾ (ਪ੍ਰਕ੍ਰਿਤੀ) ਦੇ ਪੁੱਤਰ ਹਨ ਅਤੇ ਬ੍ਰਹਮ (ਕਾਲ-ਸਦਾਸ਼ਿਵ) ਇਨ੍ਹਾਂ ਦਾ ਪਿਤਾ ਹੈ।

ਤੀਸਰਾ ਸਕੰਦ ਸਫਾ ਨੰ. 125 ਉੱਤੇ ਬ੍ਰਹਮਾ ਜੀ ਦੇ ਪੁੱਛਣ ਉੱਤੇ ਕਿ ਹੇ ਮਾਤਾ! ਵੇਦਾਂ ਵਿੱਚ ਜੋ ਬ੍ਰਹਮ ਕਿਹਾ ਹੈ ਉਹ ਆਪਹੀ ਹੋ ਜਾਂ ਕੋਈ ਹੋਰ ਪ੍ਰਭੂ ਹੈ? ਇਸਦੇ ਉਤੱਰ ਵਿੱਚ ਦੁਰਗਾ ਕਿਹ ਰਹੀ ਹੈ ਕਿ ਮੈਂ ਅਤੇ ਬ੍ਰਹਮ ਇੱਕ ਹੀ ਹਾਂ। ਫਿਰ ਇਸੀ ਸਕੰਦ ਦੇ ਪ੍ਰਸ਼ਠ ਨੰ.129 ਉੱਤੇ ਕਿਹਾ ਹੈ ਕਿ ਹੁਣ ਮੇਰਾ ਕਾਰਜ ਸਿੱਧ ਕਰਨ ਦੇ ਲਈ ਵਿਮਾਨ ਉੱਤੇ ਬੈਠਕੇ ਆਪ ਲੋਗ ਜਲਦੀ ਪਧਾਰੋ (ਜਾਓ)। ਕੋਈ ਕਠਿਨ ਕਾਰਜ ਹੋਣ ਉੱਤੇ ਜਦ ਆਪ ਮੈਨੂੰ ਯਾਦ ਕਰੋਗੇ, ਤਾਂ ਮੈਂ ਸਾਹਮਣੇ ਆ ਜਾਵਾਂਗੀ। ਦੇਵਤਾਓਂ ਮੇਰਾ (ਦੁਰਗਾ ਦਾ) ਅਤੇ ਬ੍ਰਹਮ ਦਾ ਧਿਆਨ ਆਪ ਨੂੰ ਸਦਾ ਕਰਦੇ ਰਹਿਣਾ ਚਾਹੀਦਾ ਹੈ। ਸਾਡਾ ਦੋਨਾਂ ਦਾ ਸਿਮਰਨ ਕਰਦੇ ਰਹੋਗੇ ਤਾਂ ਆਪਦੇ ਕਾਰਜ ਸਿੱਧ ਹੋਣ ਵਿੱਚ ਕੋਈ ਵੀ ਸੰਦੇਹ ਨਹੀਂ ਹੈ।

ਉਪਰੋਕਤ ਵਿਆਖਿਆ ਤੋਂ ਸਾਫ਼ ਸਿੱਧ ਹੈ ਕਿ ਦੁਰਗਾ (ਪ੍ਰਕ੍ਰਿਤੀ) ਅਤੇ ਬ੍ਰਹਮ (ਕਾਲ) ਹੀ ਤਿੰਨੋਂ ਦੇਵਤਾਵਾਂ ਦੇ ਮਾਤਾ-ਪਿਤਾ ਹਨ ਅਤੇ ਬ੍ਰਹਮਾ, ਵਿਸ਼ਣੂ ਅਤੇ ਸ਼ਿਵਜੀ ਨਾਸ਼ਵਾਨ ਹਨ ਤੇ ਪੂਰਨ ਸ਼ਕਤੀ ਯੁੱਕਤ ਨਹੀਂ ਹਨ।

ਤਿੰਨੋਂ ਦੇਵਤਾਵਾਂ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ, ਸ਼੍ਰੀ ਸ਼ਿਵਜੀ) ਦੀ ਸ਼ਾਦੀ ਦੁਰਗਾ (ਪ੍ਰਕ੍ਰਿਤੀ ਦੇਵੀ) ਨੇ ਕੀਤੀ। ਪ੍ਰਸ਼ਠ ਨੰ.128-129 ਉੱਤੇ ਤੀਸਰਾ ਸਕੰਦ ਵਿੱਚ ਹੈ।

ਗੀਤਾ ਅਧਿਆਇ ਨੂੰ 7 ਦਾ ਸਲੋਕ ਨੂੰ 12:

ਯੇ, ਚ, ਏਵ, ਸਾਤਿਵਕਾਹ, ਭਾਵਾਹ, ਰਾਜਸਾਹ, ਤਾਮਸੀਹ, ਚ, ਯੇ ।
ਮਤਹ, ਏਵ, ਇਤਿ, ਤਾਨ, ਵਿਧ, ਨ, ਤੂ, ਅਹਮ, ਤੇਸ਼ੁ, ਤੇ ,ਮਯਿ ॥

ਅਨੁਵਾਦ:- (ਚ) ਅਤੇ (ਏਵ) ਵੀ (ਯੇ) ਜੋ (ਸਾਤਵਿਕਾਰ) ਸਤੋਗੁਣ ਵਿਸ਼ਣੂ ਜੀ ਤੋਂ ਸਥਿਤੀ (ਭਾਵਾਹ) ਸਭਾਵ ਹਨ ਤੇ (ਯੇ) ਜੋ (ਜਸਾਹ) ਰਜੋਗੁਣ ਬ੍ਰਹਮਾ ਜੀ ਤੋਂ ਉਤਪੱਤੀ (ਚ) ਅਤੇ (ਤਾਮਸਾਹ) ਤਮੋਗੁਣ ਸ਼ਿਵ ਤੋਂ ਸੰਹਾਰ ਹਨ (ਤਾਨ) ਉਨ੍ਹਾਂ ਸਭਨੂੰ ਤੂੰ (ਮਤਹ, ਏਵ) ਮੇਰੇ ਦੁਆਰਾ ਸੁਨਿਯੋਜਿਤ ਨਿਯਮਨੁਸਾਰ ਹੀ ਹੋਣ ਵਾਲੇ ਹਨ (ਇਤਿ) ਅਜਿਹਾ (ਵਿਧੀ) ਜਾਣ (3) ਪ੍ਰੰਤੂ ਵਾਸਤਵ ਵਿੱਚ (ਤੇਸ਼ੁ) ਉਨ੍ਹਾਂ ਵਿੱਚੋਂ (ਅਹਮ) ਮੈਂ ਅਤੇ (ਤੇ) ਉਹ (ਮਧਿ) ਮੇਰੇ ਵਿੱਚ (3) ਨਹੀਂ ਹਨ।

## "ਪਵਿੱਤਰ ਸ਼ਿਵ ਮਹਾਂਪੁਰਾਣ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

(ਕਾਲ ਬ੍ਰਹਮ ਤੇ ਦੁਰਗਾ ਤੋਂ ਵਿਸ਼ਣੂ, ਬ੍ਰਹਮ ਤੇ ਸ਼ਿਵ ਦੀ ਉਤਪੱਤੀ)

ਇਸਦਾ ਪ੍ਰਮਾਣ ਪਵਿੱਤਰ ਸ਼੍ਰੀ ਸ਼ਿਵ ਪੁਰਾਣ ਗੀਤਾ ਪੈੱਸ ਗੋਰਖਪੁਰ ਤੋਂ ਪ੍ਰਕਾਸ਼ਿਤ, ਅਨੁਵਾਦ ਕ੍ਰਤਾ ਸ਼੍ਰੀ ਹਨੂੰਮਾਨ ਪ੍ਰਸ਼ਾਦ ਪੋਦਾਰ, ਇਸਦੇ ਅਧਿਆਇ 6 ਰੁਦਰ ਸੰਹਿਤਾ, ਪਸ਼ਠ ਨੰ. 100 ਉੱਤੇ ਕਿਹਾ ਹੈ ਕਿ ਜੋ ਮੂਰਤੀ ਰਹਿਤ ਪਰਬ੍ਰਹਮ ਹੈ, ਉਸੀ ਦੀ ਮੂਰਤੀ ਭਗਵਾਨ

ਸਦਾਸ਼ਿਵ ਹੈ। ਇਨ੍ਹਾਂ ਦੇ ਸਰੀਰ ਵਿੱਚੋਂ ਇੱਕ ਸ਼ਕਤੀ ਨਿਕਲੀ, ਉਹ ਸ਼ਕਤੀ ਅੰਬਿਕਾ, ਪ੍ਰਕ੍ਰਿਤੀ (ਦੁਰਗਾ), ਤ੍ਰਿਦੇਵ ਜਨਨੀ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ ਅਤੇ ਸ਼੍ਰੀ ਸ਼ਿਵ ਜੀ ਨੂੰ ਉਤਪੰਨ ਕਰਨ ਵਾਲੀ ਮਾਤਾ) ਕਿਹਲਾਈ। ਜਿਸਦੀਆਂ ਅੱਠ ਭੁਜਾਵਾਂ ਹਨ। ਉਹ ਜੋ ਸਦਾਸ਼ਿਵ ਹਨ, ਉਨ੍ਹਾਂ ਨੂੰ ਸ਼ਿਵ, ਸ਼ੰਭੂ ਅਤੇ ਮਹੇਸ਼ਵਰ ਵੀ ਕਿਹੰਦੇ ਹਨ। (ਪ੍ਰਸ਼ਠ ਨੰ.101 ਉੱਤੇ) ਉਹ ਆਪਣੇ ਸਾਰੇ ਅੰਗਾਂ ਉੱਤੇ ਭਸਮ ਰਮਾਏ ਰਹਿੰਦੇ ਹਨ। ਉਸ ਕਾਲ ਰੂਪੀ ਬ੍ਰਹਮ ਨੇ ਇੱਕ ਸ਼ਿਵਲੋਕ ਨਾਮਕ ਸਥਾਨ ਦਾ ਨਿਰਮਾਣ ਕੀਤਾ। ਫਿਰ ਦੋਨਾਂ ਨੇ ਪਤੀ-ਪਤਨੀ ਦਾ ਵਿਵਹਾਰ ਕੀਤਾ ਜਿਸਤੋਂ ਇੱਕ ਪੁੱਤਰ ਉਤਪੰਨ ਹੋਇਆ। ਉਸਦਾ ਨਾਮ ਵਿਸ਼ਣੂ ਰੱਖਿਆ। (ਪ੍ਰਸ਼ਠ ਨੰ. 102)

ਫਿਰ ਰੁਦਰ ਸੰਹਿਤਾ ਅਧਿਆਇ ਨੰ.7 ਪ੍ਰਸ਼ਠ ਨੰ.103 ਉੱਤੇ ਬ੍ਰਹਮਾ ਜੀ ਨੇ ਕਿਹਾ ਕਿ ਮੇਰੀ ਉਤਪੱਤੀ ਵੀ ਭਗਵਾਨ ਸਦਾਸ਼ਿਵ (ਬ੍ਰਹਮ-ਕਾਲ) ਅਤੇ ਪ੍ਰਕ੍ਰਿਤੀ (ਦੁਰਗਾ) ਦੇ ਸੰਯੋਗ ਨਾਲ ਅਰਥਾਤ ਪਤੀ-ਪਤਨੀ ਦੇ ਵਿਵਹਾਰ ਤੋਂ ਹੋਈ। ਫਿਰ ਮੈਨੂੰ ਬੇਹੋਸ਼ ਕਰ ਦਿੱਤਾ।

ਫਿਰ ਰੁਦਰ ਸੰਹਿਤਾ ਅਧਿਆਇ ਨੰ. 9 ਪ੍ਰਸ਼ਠ ਨੰ.110 ਉੱਤੇ ਕਿਹਾ ਹੈ ਕਿ ਇਸ ਪ੍ਰਕਾਰ ਬ੍ਰਹਮਾ, ਵਿਸ਼ਣੂ ਅਤੇ ਰੁਦਰ ਇਨ੍ਹਾਂ ਤਿੰਨੋਂ ਦੇਵਤਾਵਾਂ ਵਿੱਚ ਗੁਣ ਹਨ, ਪ੍ਰੰਤੂ ਸ਼ਿਵ (ਕਾਲ-ਬ੍ਰਹਮ) ਗੁਣਾਤੀਤ ਮੰਨੇ ਗਏ ਹਨ।

"ਇੱਥੇ ਚਾਰ ਸਿੱਧ ਹੋਏ ਅਰਥਾਤ ਸਦਾਸ਼ਿਵ (ਕਾਲ-ਬ੍ਰਹਮ) ਤੇ ਪ੍ਰਕ੍ਰਿਤੀ (ਦੁਰਗਾ) ਤੋਂ ਹੀ ਉਤਪੰਨ ਹੋਏ ਹਨ। ਤਿੰਨੋਂ ਭਗਵਾਨਾਂ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ ਅਤੇ ਸ਼੍ਰੀ ਸ਼ਿਵ ਜੀ ਦੀ ਮਾਤਾ ਜੀ ਸ਼੍ਰੀ ਦੁਰਗਾ ਜੀ ਅਤੇ ਪਿਤਾ ਜੀ ਸ਼੍ਰੀ ਜੋਤੀ ਨਿਰੰਜਨ (ਬ੍ਰਹਮ) ਹੈ। ਇਹ ਤਿੰਨੋਂ ਪ੍ਰਭੂ ਰਜਗੁਣ-ਬ੍ਰਹਮਾ ਜੀ, ਸਤਗੁਣ-ਵਿਸ਼ਣੂ ਜੀ ਤਮਗੁਣ-ਸ਼ਿਵ ਜੀ ਹਨ।

## "ਪਵਿੱਤਰ ਸ਼੍ਰੀਮਦਭਗਵਤ ਗੀਤਾ ਜੀ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

ਇਸ ਦਾ ਪ੍ਰਮਾਣ ਪਵਿੱਤਰ ਗੀਤਾ ਜੀ ਅਧਿਆਇ 14 ਸਲੋਕ 3 ਤੋਂ 5 ਤੱਕ ਹੈ। ਬ੍ਰਹਮ (ਕਾਲ) ਕਿਹ ਰਿਹਾ ਹੈ, ਕਿ ਪ੍ਰਕ੍ਰਿਤੀ (ਦੁਰਗਾ) ਤਾਂ ਮੇਰੀ ਪਤਨੀ ਹੈ, ਮੈਂ ਬ੍ਰਹਮ (ਕਾਲ) ਇਸਦਾ ਪਤੀ ਹਾਂ। ਸਾਡੇ ਦੋਹਾਂ ਦੇ ਸੰਯੋਗ ਤੋਂ ਸਰਵ ਪ੍ਰਾਣੀਆਂ ਸਹਿਤ ਤਿੰਨੋਂ ਗੁਣਾਂ (ਰਜਗੁਣ-ਬ੍ਰਹਮਾ ਜੀ, ਸਤਗੁਣ-ਵਿਸ਼ਣੂ ਜੀ, ਤਮਗੁਣ-ਸ਼ਿਵਜੀ) ਦੀ ਉਤਪੱਤੀ ਹੋਈ ਹੈ। ਮੈਂ (ਬ੍ਰਹਮ) ਸਰਵ ਪ੍ਰਾਣੀਆਂ ਦਾ ਪਿਤਾ ਹਾਂ ਅਤੇ ਪ੍ਰਕ੍ਰਿਤੀ (ਦੁਰਗਾ) ਇਨ੍ਹਾਂ ਦੀ ਮਾਤਾ ਹੈ। ਮੈਂ ਇਸਦੇ ਉਦਰ ਵਿੱਚ ਬੀਜ ਸਥਾਪਨਾ ਕਰਦਾ ਹਾਂ ਜਿਸ ਤੋਂ ਸਰਵ ਪ੍ਰਾਣੀਆਂ ਦੀ ਉਤਪੱਤੀ ਹੁੰਦੀ ਹੈ। ਪ੍ਰਕ੍ਰਿਤੀ (ਦੁਰਗਾ) ਤਿੰਨੋਂ ਗੁਣਾਂ (ਰਜਗੁਣ ਬ੍ਰਹਮਾ, ਸਤਗੁਣ ਵਿਸ਼ਣੂ, ਤਮਗੁਣ ਸ਼ਿਵ) ਜੀਵਾਂ ਨੂੰ ਅਧਾਰ ਉੱਤੇ ਸਰੀਰ ਵਿੱਚ ਬੰਨ੍ਹਦੇ ਹਨ।

ਇਹੀ ਪ੍ਰਮਾਣ ਅਧਿਆਇ 15 ਸਲੋਕ 1 ਤੋਂ 4 ਅਤੇ 16,17 ਵਿੱਚ ਵੀ ਹੈ।

ਗੀਤਾ ਅਧਿਆਇ ਨੂੰ 15 ਦਾ ਸਲੋਕ ਨੰ. 1:

ਉਰਧਵ ਮੁਲਮ ਅਧਹ ਸ਼ਾਖਮ, ਅਸ਼ਵਤਥਮ, ਪ੍ਰਾਹੁਹ, ਅਵਯਯਮ॥
ਛਨਦਾਂਸਿ, ਯਸਯ, ਪਰਣਾਨਿ, ਯਹ, ਤਮ, ਵੇਦ, ਸਹ, ਵੇਦਵਿਤ॥

ਅਨੁਵਾਦ:- (ਓਰੁਧਵ ਮੂਲਮ) ਉਪੱਰ ਨੂੰ ਪੂਰਨ ਪ੍ਰਮਾਤਮਾਂ ਆਦਿ ਪੁਰਸ਼ ਪ੍ਰਮੇਸ਼ਵਰ ਰੂਪੀ ਜੜ੍ਹ ਵਾਲਾ (ਅਧਹ ਸਾਖਮ) ਨੀਚੇ ਨੂੰ ਸ਼ਾਖਾ ਵਾਲਾ (ਅਵਯਯਮ) ਅਵਿਨਾਸ਼ੀ (ਅਸ਼ਵਤਥਮ) ਵਿਸਤਾਰਿਤ ਬ੍ਰਿਖ਼ ਹੈ, ਘੋੜੇ ਜਿਹਾ ਮਜ਼ਬੂਤ (ਯਸਯ) ਜਿਸਦੇ (ਛਨਦਾਸਿ) ਛੋਟੇ-ਛੋਟੇ ਹਿੱਸੇ ਯਾ ਟਿਹਣੀਆਂ (ਪ੍ਰਣਾਨਿ) ਪੱਤੇ (ਪ੍ਰਾਹੁਹ) ਕਿਹੰਦੇ ਹਨ (ਤਮ) ਉਸਨੂੰ ਸੰਸਾਰ ਰੂਪੀ ਬ੍ਰਿਖ ਨੂੰ (ਯਹ) ਜੋ (ਵੇਦ) ਸਰਵਾਗਾਂ ਸਹਿਤ ਜਾਣਦਾ ਹੈ (ਸਹ) ਉਹ (ਵੇਦਵਿੱਤ) ਪੂਰਨ ਗਿਆਨੀ ਅਰਥਾਤ ਤੱਤਵਦਰਸ਼ੀ ਹੈ।

**ਗੀਤਾ ਅਧਿਆਇ 15 ਦਾ ਸਲੋਕ ਨੰ. 2**

ਅਧਹ, ਚ, ਉਰਧਵਮ, ਪ੍ਰਸ੍ਰਤਾਹ, ਤਸਯ, ਸ਼ਾਖਾਹ, ਗੁਣਪ੍ਰਵ੍ਰਬੁਧਹ,
ਵਿਸ਼ਯਪ੍ਰਵਾਲਾਹ, ਅਧਹ, ਚ, ਮੂਲਾਨਿ, ਅਨੁਸੰਅਤੇਨਿ, ਕਰਮਨੁਬੰਧੀਨਿ, ਮਨੁਸ਼ਯਲੋਕੇ॥

ਅਨੁਵਾਦ:- (ਤਸਯ) ਉਸ ਬ੍ਰਿਖ਼ਦੀਆਂ (ਅਧਹ) ਨੀਚੇ (ਚ) ਅਤੇ (ਉਰਧਵਮ) ਉਪੱਰ (ਗੁਣਪ੍ਰਵ੍ਰਬੁਧਾਹ) ਤਿੰਨਾਂ ਗੁਣਾਂ ਬ੍ਰਹਮਾ-ਰਜਗੁਣ, ਵਿਸ਼ਣੂ-ਸਤਗੁਣ, ਸ਼ਿਵ-ਤਮਗੁਣ ਰੂਪੀ (ਪ੍ਰਸੂਤਾਹ) ਫੈਲਿਆ ਹੋਈਆਂ (ਵਿਸ਼ਯ ਵਾਲਾਹ) ਵਿਕਾਰ-ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਰੂਪੀ ਕੋਪਲ (ਸ਼ਾਖਾਹ) ਡਾਲੀ ਬ੍ਰਹਮਾ, ਵਿਸ਼ਣੂ, ਸ਼ਿਵ (ਕੁਮਾਨੁਬੰਧੀਨਿ) ਜੀਵਾਂ ਨੂੰ ਕਰਮਾਂ ਵਿੱਚ ਬੰਦੀ (ਅਪਿ) ਵੀ (ਮੂਲਾਨਿ) ਜੜਾਂ ਮੁੱਖ ਕਾਰਨ ਹਨ (ਚ) ਅਤੇ (ਮਨਸੁਯਲੋਕੇ) ਮਨਸ਼ਲੋਕਅ੍ਰਥਾਤ ਪ੍ਰਿਥਵੀ ਲੋਕ ਵਿੱਚ (ਅਧਹ) ਨੀਚੇ - ਨਰਕ, ਚੌਰਾਸੀ ਲੱਖ ਯੂਨੀਆਂ ਵਿੱਚ (ਊਰਧਵਮ) ਉਪੱਰ ਸਵਰਗ ਲੋਕ ਆਦਿ ਵਿੱਚ (ਅਨੁਸੰਅਤੇਨਿ) ਵਿਵਸਥਿਤ ਕਿਤੇ ਹੋਏ ਹਨ।

**ਗੀਤਾ ਅਧਿਆਇ 15 ਸਲੋਕ ਨੰ. 3:-**

ਨ, ਰੂਪਮ, ਅਸਯ, ਈਹ, ਅਤੇ, ਉਪਲਭਯਤੇ, ਨ, ਅੰਤਹ, ਨ, ਚ, ਆਦਿਹ, ਨ,
ਚ, ਸਮਪ੍ਰਤਿਸ਼ਠਾ, ਅਸ਼ਵਤਥਮ, ਏਨਮ, ਸੁਵਿਰੂਡਮੂਲਮ, ਅਸੰਗਸ਼ਤ੍ਰੇਣ, ਦ੍ਰਿੜਨੇ, ਛਿੱਤਵਾ॥

ਅਨੁਵਾਦ:- (ਅਸਯ) ਇਸ ਰਚਨਾ ਦਾ (ਨ) ਨਾ ਹੀ (ਆਦਿਹ) ਸ਼ੁਰੂਆਤ (ਚ) ਅਤੇ (ਨ) ਨਾ ਹੀ (ਅੰਤਹ) ਅੰਤ ਹੈ (ਨ) ਨਾ ਹੀ (ਅਤੇ) ਵੈਸਾ (ਰੂਪ) ਸਵਰੂਪ (ਉਪਲਭਯਤੇ) ਪਾਇਆ ਜਾਂਦਾ ਹੈ (ਚ) ਅਤੇ (ਇਹ) ਜਿੱਥੇ ਵਿਚਾਰ ਕਾਲ ਵਿੱਚ ਅਰਥਾਤ ਮੇਰੇ ਦੁਆਰਾ ਦਿੱਤਾ ਜਾ ਰਿਹਾ ਗੀਤਾ ਗਿਆਨ ਵਿੱਚ ਪੂਰਨ ਜਾਣਕਾਰੀ ਮੈਨੂੰ ਵੀ (ਨ) ਨਹੀਂ ਹੈ (ਸਮਪ੍ਰਤਿਸ਼ਠਾ) ਕਿਉਂਕਿ ਸਰਵ ਬ੍ਰਹਿਮੰਡਾਂ ਦੀ ਰਚਨਾਂ ਦੀ ਚੰਗੀ ਤਰ੍ਹਾਂ ਸਥਾਈ ਸਥਿਤੀ ਦਾ ਮੈਨੂੰ ਵੀ ਗਿਆਨ ਨਹੀਂ ਹੈ (ਏਨਮ) ਇਸ (ਸੁਵਿਰੂੜਮੂਲਮ) ਚੰਗੀ ਸਥਾਈ ਸਥਿਤੀ ਵਾਲਾ (ਅਸ਼ਵਤਥਮ) ਮਜਬੂਤ ਸਰੂਪ ਵਾਲੇ ਸੰਸਾਰ ਰੂਪੀ ਬ੍ਰਿਖ ਦੇ ਗਿਆਨ ਨੂੰ (ਅਸੰਗ ਸ਼ਸ਼ਤ੍ਰੇਣ) ਪੂਰਨ ਗਿਆਨ ਰੂਪੀ (ਦ੍ਰਿੜੋਨ) ਦ੍ਰਿੜ ਸੂਖਸ਼ਮ ਵੇਦ ਅਰਥਾਤ ਤੱਤਵ ਗਿਆਨ ਦੇ ਦੁਆਰਾ ਜਾਣਕਾਰ (ਛਿੱਤਵਾ) ਕੱਟਕੇ ਅਰਥਾਤ ਨਿਰੰਜਨ ਦੀ ਭਗਤੀ ਨੂੰ ਛਣਿਕ ਅਰਥਾਤ ਛਿਣ ਭੁੰਗੁਰ ਜਾਣਕੇ ਬ੍ਰਹਮਾਂ, ਵਿਸ਼ਣ, ਸ਼ਿਵ, ਬ੍ਰਹਮ ਅਤੇ ਪ੍ਰਬ੍ਰਹਮ ਤੋਂ ਵੀ ਅੱਗੇ ਪਰਨ ਬ੍ਰਹਮ ਦੀ ਤਲਾਸ਼ ਕਰਨੀ ਚਾਹੀਦੀ ਹੈ।

**ਗੀਤਾ ਅਧਿਆਇ ਨੂੰ 15 ਦਾ ਸਲੋਕ ਨੂੰ 4:**

ਤਤਹ, ਪਦਮ, ਤਤ, ਪਰਿਮਾ, ਗ੍ਰਿਤਵਯਮ, ਯਸਮਿਨ, ਗਤਾਹ, ਨ, ਨਿਵਰਤੰਤਿ, ਭੂਯਹ,
ਤਮ, ਏਵ, ਚ, ਆਦਯਮ, ਪੁਰਸਮ, ਪਪ੍ਰਦਯ, ਯਤਹ, ਪ੍ਰੱਵ੍ਰਤਿਹ, ਪ੍ਰਸ੍ਰਤਾ, ਪੁਰਾਣੀ ॥

ਅਨੁਵਾਦ:- ਜਦੋਂ ਤੱਤਵਦਰਸ਼ੀ ਸੰਤ ਮਿਲ ਜਾਵੇ (ਤਤਹ) ਇਸਦੇ ਬਾਅਦ (ਤਤ) ਉਸ ਪ੍ਰਮਾਤਮਾਂ ਦੇ (ਪਦਮ) ਪਦ ਸਥਾਨ ਅਰਥਾਤ ਸਤਲੋਕ ਨੂੰ (ਪ੍ਰਿਮਾਰਗ੍ਰਿਤਵਯਮ) ਭਲੀ ਭਾਂਤੀ ਖੋਜਨਾ ਚਾਹੀਏ (ਯਸਮਿਨ) ਜਿਸ ਵਿੱਚ (ਤਾਹ) ਗਏ ਹੋਏ ਸਾਧਕ (ਭੂਯਹ) ਫਿਰ (ਨਿਵ੍ਰਤੰਤਿ) ਮੁੜਕੇ ਸੰਸਾਰ ਵਿੱਚ ਨਹੀਂ ਆਉਂਦੇ (ਚ) ਅਤੇ (ਯਤਹ) ਜਿਸ ਪ੍ਰਮਾਤਮਾਂ-ਪ੍ਰਮ ਅਕਸ਼ਰ ਬ੍ਰਹਮ ਨਾਲ (ਪੁਰਾਣੀ) ਆਦਿ (ਪ੍ਰਵ੍ਰੱਤਿਹ) ਰਚਨਾ-ਸ਼ਿਰਸ਼ਟ (ਪ੍ਰਸ੍ਰਤਾ) ਉਤਪੰਨ ਹੋਈ ਹੈ (ਤਮ) ਅਗਿਆਤ (ਆਧਸ) ਆਦਿ ਯਮ ਅਰਥਾਤ ਮੈਂ ਕਾਲ ਨਿਰੰਜਨ (ਪੁਰੁਸ਼ਮ) ਪੂਰਨ ਪ੍ਰਮਾਤਮਾਂ ਦੀ (ਏਵ) ਹੀ (ਪ੍ਰਪਦਯੇ) ਮੈਂ ਸ਼ਰਣ ਵਿੱਚ ਹਾਂ ਅਤੇ ਉਸਦੀ ਪੂਜਾ ਕਰਦਾ ਹਾਂ।

**ਗੀਤਾ ਅਧਿਆਇ 15 ਦਾ ਸਲੋਕ ਨੂੰ 16:**

ਦਵੌ, ਇਮੌ, ਪੁਰੂਸੌ, ਲੋਕੇ, ਕਸ਼੍ਰਹ, ਚ, ਅਕਸ਼੍ਰਹ, ਏਵ, ਚ,
ਕਸ਼੍ਰ, ਸ੍ਰਵਾਇ, ਭੂਤਾਨਿ, ਕੂਟਸੱਥਹ, ਅਕਸ਼੍ਰਹ, ਉਚਯੁਤੇ॥

ਅਨੁਵਾਦ:- (ਲੋਕੇ) ਇਸ ਸੰਸਾਰ ਵਿੱਚ (ਦਵੌ) ਦੋ ਪ੍ਰਕਾਰ ਦੇ (ਕਸ਼੍ਰਹ) ਨਾਸ਼ਵਾਨ (ਚ) ਅਤੇ (ਅਕਸ਼੍ਰਹ) ਅਵਿਨਾਸ਼ੀ (ਪੁਰੂਸ਼ੋਹ) ਭਗਵਾਨ ਹਨ (ਏਵ) ਇਸੀ ਪ੍ਰਕਾਰ (ਇਸੋ) ਇਨ੍ਹਾਂ ਦੋਨਾਂ ਪ੍ਰਭੂਆਂ ਦੇ ਲੋਕਾਂ ਵਿੱਚ (ਵਾਣਿ) ਸੰਪੂਰਨ (ਭੂਤਾਨਿ) ਪ੍ਰਾਣੀਆਂ ਦੇ ਸਰੀਰ ਤਾਂ (ਕਸ਼੍ਰਹ) ਨਾਸ਼ਵਾਨ (ਚ) ਅਤੇ (ਕੂਟਸਥ੍ਰ) ਜੀਵ ਆਤਮਾਂ (ਅਕਸ਼੍ਰਹ) ਅਵਿਨਾਸ਼ੀ (ਉਚਯਤੇ) ਕਿਹਾ ਜਾਂਦਾ ਹੈ।

**ਗੀਤਾ ਅਧਿਆਇ ਨੂੰ 15 ਦਾ ਸਲੋਕ ਨੂੰ 17:**

ਉਤਮਹ, ਪੁਰਸ਼ਹ, ਤੂ, ਅੰਯਹ, ਪਰਮਾਤਮਾਂ, ਇਤਿ, ਉਦਾਹ੍ਰਤਰਹ,
ਯਹ, ਲੋਕਤ੍ਰਯਮ ਆਵਿਸ਼ਯ, ਬਿਭਰਤਿ, ਅਵਯਯਹ, ਈਸ਼ਵਰਹ॥

ਅਨੁਵਾਦ:- (ਉਤਮਹ) ਉਤਮ (ਪੁਰਸ਼) ਪ੍ਰਭੂ (ਤੂ) ਤਾਂ (ਅਨਯਹ) ਉਪਰੋਕਤ ਦੋਨੋਂ ਪ੍ਰਭੂਆਂ (ਸ਼ਰਪੁਰਸ਼ ਤੇ ਅਕਸ਼ਰਪੁਰਸ਼) ਤੋਂ ਵੀ ਭਿੰਨ ਹੀ ਹੈ (ਇਤਿ) ਇਹ ਵਾਸਤਵ ਵਿੱਚ (ਪ੍ਰਮਾਤਮਾ) ਪ੍ਰਮਾਤਮਾਂ (ਉਦਾਹ੍ਰਤਹ) ਕਿਹਾ ਗਿਆ ਹੈ (ਯਹ) ਜੋ (ਲੋਕਤ੍ਰਯਮ) ਤਿੰਨਾਂ ਲੋਕਾਂ ਵਿੱਚ (ਅਵਿਸ਼ਯ) ਪ੍ਰਵੇਸ਼ ਕਰਕੇ (ਬਿਭ੍ਰਤਿ) ਸਭਦਾ ਧਾਰਨ ਪੋਸ਼ਣ ਕਰਦਾ ਹੈ ਤੇ (ਅਵਯਯਹ) ਅਵਿਨਾਸ਼ੀ (ਈਸ਼ਵਰਹ) ਪ੍ਰਭੂਆਂ ਵਿੱਚ ਸ਼੍ਰੇਸ਼ਠ ਅਰਥਾਤ ਸਮਰੱਥ ਪ੍ਰਭੂ ਹੈ।

**ਭਾਵਅਰਥ:- ਗੀਤਾ ਗਿਆਨ ਦਾਤਾ ਪ੍ਰਭੂ ਨੇ ਕੇਵਲ ਇੰਨਾਂ ਹੀ ਦੱਸਿਆ ਹੈ ਕਿ ਇਹ ਸੰਸਾਰ ਉਲਟੇ ਲਟਕੇ ਹੋਏ ਬ੍ਰਿਖ ਸਮਾਨ ਜਾਣੋ। ਉੱਪਰ ਜੜਾਂ (ਮੂਲ) ਤਾਂ ਪੂਰਣ ਪ੍ਰਮਾਤਮਾ ਹੈ। ਨੀਚੇ ਟ੍ਰਿਣੀਆਂ ਆਦਿ ਹੋਰ ਹਿੱਸੇ ਜਾਣੈ। ਇਸ ਸੰਸਾਰ ਰੂਪੀ ਬ੍ਰਿਖ਼ ਦੇ ਹਰੇਕ ਭਾਗ ਦਾ ਭਿੰਨ-ਭਿੰਨ ਵਰਣਨ ਜੋ ਸੰਤ ਜਾਣਦਾ ਹੈ ਉਹ ਤੱਤਵਦਰਸ਼ੀ ਸੰਤ ਹੈ ਜਿਸਦੇ ਵਿਸ਼ੇ ਵਿੱਚ ਗੀਤਾ ਅਧਿਆਇ 4 ਸਲੋਕ ਨੰ. 34 ਵਿੱਚ ਕਿਹਾ ਹੈ। ਗੀਤਾ ਅਧਿਆਇ 15 ਸਲੋਕ ਨੂੰ 2-3 ਵਿੱਚ ਕੇਵਲ ਇੰਨਾ ਹੀ ਦੱਸਿਆ ਹੈ ਕਿ ਤਿੰਨ ਗੁਣ ਰੂਪੀ ਸ਼ਾਖਾ ਹੈ। ਇੱਥੇ ਵਿਚਾਰਕਾਲ ਵਿੱਚ ਅਰਥਾਤ ਗੀਤਾ ਵਿੱਚ ਮੈਂ ਆਪਨੂੰ (ਗੀਤਾ ਗਿਆਨਦਾਤਾ) ਪੂਰਣ ਜਾਣਕਾਰੀ ਨਹੀਂ ਦੇ ਸਕਦਾ ਕਿਉਂਕਿ ਮੈਨੂੰ ਇਸ ਸੰਸਾਰ ਦੀ ਰਚਨਾ ਦੇ ਆਦਿ ਤੇ ਅੰਤ ਦਾ ਗਿਆਨ ਨਹੀਂ ਹੈ। ਉਸਦੇ ਲਈ ਗੀਤਾ ਅਧਿਆਇ 4 ਸਲੋਕ ਨੂੰ 34 ਵਿੱਚ ਕਿਹਾ ਹੈ ਕਿ ਕਿਸੀ ਤੱਤਵਦਰਸ਼ੀ ਸੰਤ ਤੋਂ ਉਸ ਪੂਰਣ ਪ੍ਰਮਾਤਮਾ ਦਾ ਗਿਆਨ ਜਾਣੋ ਇਸ ਗੀਤਾ ਅਧਿਆਇ 15 ਸਲੋਕ 1 ਵਿੱਚ ਉਸ ਤੱਤਵਦਰਸ਼ੀ ਸੰਤ ਦੀ ਪਹਿਚਾਣ ਦੱਸੀ ਹੈ ਕਿ ਉਹ ਸੰਸਾਰ ਰੂਪੀ ਬ੍ਰਿਖ ਦੇ ਹਰੇਕ ਭਾਗ ਦਾ ਪੂਰਣ ਗਿਆਨ ਕਰਵਾਏਗਾ। ਉਸੀ ਤੋਂ ਪੁੱਛੋ। ਗੀਤਾ ਅਧਿਆਇ 15 ਦੇ ਸਲੋਕ 4 ਵਿੱਚ ਕਿਹਾ ਹੈ ਕਿ ਉਸ ਤੱਤਵਦਰਸ਼ੀ ਸੰਤ ਦੇ ਮਿਲਣ ਤੋਂ ਬਾਅਦ ਉਸ ਪਰਮਪਦ ਪ੍ਰਮੇਸ਼ਵਰ ਦੀ ਖੋਜ ਕਰਨੀ ਚਾਹੀਦੀ ਹੈ ਅਰਥਾਤ ਉਸ ਤੱਤਵਦਰਸ਼ੀ ਸੰਤ ਦੇ ਦੱਸੇ ਅਨੁਸਾਰ ਸਾਧਨਾ ਕਰਨੀ ਚਾਹੀਦੀ ਹੈ ਜਿਸਦੇ ਨਾਲ ਪੂਰਣ ਮੋਕਸ਼ (ਅਨਾਦਿ ਮੋਕਸ਼) ਪ੍ਰਾਪਤ ਹੁੰਦਾ ਹੈ। ਗੀਤਾ ਅਧਿ: 15 ਸਲੋਕ 16-17 ਵਿੱਚ ਸਪਸ਼ਟ ਕੀਤਾ ਹੈ ਕਿ ਤਿੰਨ ਪ੍ਰਭੂ ਹਨ ਇੱਕ ਸ਼ਰਪੁਰਸ਼ (ਬ੍ਰਹਮ) ਦੂਸਰਾ ਅਕਸ਼ਰ ਪੁਰਸ਼ (ਪ੍ਰਬ੍ਰਹਮ) ਤੀਸਰਾ ਪਰਮ ਅਕਸ਼ਰ ਪੁਰਸ਼ (ਪੂਰਣ ਬ੍ਰਹਮ)। ਸ਼ਰ ਪੁਰਸ਼ ਅਤੇ ਅਕਸ਼ਰ ਪੁਰਸ਼ ਵਾਸਤਵ ਵਿੱਚ ਅਵਿਨਾਸ਼ੀ ਨਹੀਂ ਹਨ। ਉਹ ਅਵਿਨਾਸ਼ੀ ਪ੍ਰਮਾਤਮਾ ਤਾਂ ਇਨ੍ਹਾਂ ਦੋਨ੍ਹਾਂ ਤੋਂ ਹੋਰ ਹੀ ਹੈ। ਉਹੀ ਤਿੰਨਾਂ ਲੋਕਾਂ ਵਿੱਚ ਪ੍ਰਵੇਸ਼ ਕਰਕੇ ਸਰਵ ਦਾ ਧਾਰਣ ਪੋਸ਼ਣ ਕਰਦਾ ਹੈ।**

**ਉਪਰੋਕਤ ਸ਼੍ਰੀਮਦਭਗਵਤ ਗੀਤਾ ਅਧਿਆਇ 15 ਸਲੋਕ 1 ਤੋਂ 4 ਅਤੇ 16 - 17 ਵਿੱਚ ਇਹ ਪ੍ਰਮਾਣਿਤ ਹੋਇਆ ਹੈ ਕਿ ਉਲਟੇ ਲਟਕੇ ਹੋਏ ਸੰਸਾਰ ਰੂਪੀ ਬ੍ਰਿਖ ਦੀ ਮੂਲ ਅਰਥਾਤ ਜੜ੍ਹ ਤਾਂ ਪਰਮ ਅਕਸ਼ਰ ਬ੍ਰਹਮ ਅਰਥਾਤ ਪਰਣ ਬ੍ਰਹਮ ਹੈ ਜਿਸ ਨਾਲ ਪੂਰਣ ਬਿਰਖ਼ ਦਾ ਪਾਲਣ ਪੋਸ਼ਣ ਹੁੰਦਾ ਹੈ ਅਤੇ ਬਿਰਖ਼ ਦਾ ਜੋ ਹਿੱਸਾ ਪ੍ਰਿਥਵੀ ਤੋਂ ਬਾਹਰ ਜਮੀਨ ਦੇ ਨਾਲ ਦਿਖਾਈ ਦਿੰਦਾ ਹੈ ਉਹ ਤਣਾ ਹੁੰਦਾ ਹੈ ਉਸਨੂੰ ਅਕਸ਼ਰ ਪੁਰਸ਼ ਜਾਣੋ। ਉਸ ਤਨੇ ਤੋਂ ਉੱਪਰ ਚੱਲ ਕਰ ਹੋਰ ਮੋਟੀ**

**ਡਾਰ ਨਿਕਲਦੀ ਹੈ ਉਸ ਵਿੱਚ ਇੱਕ ਡਾਰ ਤਾਂ ਬ੍ਰਹਮ ਅਰਥਾਤ ਸ਼ਰਪੁਰਸ਼ ਜਾਣੋਂ ਅਤੇ ਉਸੀ ਡਾਰ ਤੋਂ ਹੋਰ ਤਿੰਨ ਸਾਖਾਵਾ ਨਿਕਲਦੀਆਂ ਹਨ ਉਨ੍ਹਾਂ ਨੂੰ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਜਾਣੋਂ ਅਤੇ ਸ਼ਾਖਾਵਾਂ ਤੋਂ ਅੱਗੇ ਪੱਤੇ ਰੂਪ ਵਿੱਚ ਸੰਸਾਰਿਕ ਪ੍ਰਾਣੀ ਜਾਣੋ। ਉਪਰੋਕਤ ਗੀਤਾ ਅਧਿਆਇ 15 ਸਲੋਕ 16-17 ਵਿੱਚ ਸਪਸ਼ਟ ਹੈ ਕਿ ਸ਼ਰਪੁਰਸ਼ (ਬ੍ਰਹਮ) ਅਤੇ ਅਕਸ਼ਰ ਪੁਰਸ਼ (ਪ੍ਰਬ੍ਰਹਮ) ਅਤੇ ਇਨ੍ਹਾਂ ਦੇ ਲੋਕਾਂ ਵਿੱਚ ਜਿੰਨੇ ਪ੍ਰਾਣੀ ਹਨ ਉਨ੍ਹਾਂ ਦੇ ਸਥੂਲ ਸ਼ਰੀਰ ਤਾਂ ਨਾਸ਼ਵਾਨ ਹਨ ਅਤੇ ਜੀਵ ਆਤਮਾ ਅਵਿਨਾਸ਼ੀ ਹੈ ਅਰਥਾਤ ਉਪਰੋਕਤ ਦੋਵੇਂ ਪ੍ਰਭੂ ਤੇ ਇਨ੍ਹਾਂ ਦੇ ਅੰਤਰਗਤ ਸਰਵ ਪ੍ਰਾਣੀ ਨਾਸ਼ਵਾਨ ਹਨ। ਭਲੇ ਹੀ ਅਕਸ਼ਰ ਪੁਰਸ਼ (ਪਰਬ੍ਰਹਮ) ਨੂੰ ਅਵਿਨਾਸ਼ੀ ਕਿਹਾ ਹੈ ਪੰਤੂ ਵਾਸਤਵ ਵਿੱਚ ਅਵਿਨਾਸ਼ੀ ਪ੍ਰਮਾਤਮਾ ਤਾਂ ਇਨ੍ਹਾਂ ਦੋਨਾਂ ਤੋਂ ਅਲੱਗ ਹੈ। ਉਹ ਤਿੰਨਾਂ ਲੋਕਾਂ ਵਿੱਚ ਪ੍ਰਵੇਸ਼ ਕਰਕੇ ਸਭਦਾ ਪਾਲਣਪੋਸ਼ਣ ਕਰਦਾ ਹੈ। ਉਪਰੋਕਤ ਵਿਵਰਣ ਵਿੱਚ ਤਿੰਨ ਪ੍ਰਭੂਆਂ ਦਾ ਭਿੰਨ-ਭਿੰਨ ਵਿਵਰਣ ਦਿੱਤਾ ਹੈ।**

## "ਪਵਿੱਤਰ ਬਾਈਬਲ ਅਤੇ ਪਵਿੱਤਰ ਕੁਰਾਨ ਸ਼ਰੀਫ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

**ਇਸ ਦਾ ਪ੍ਰਮਾਣ ਪਵਿੱਤਰ ਬਾਈਬਲ ਅਤੇ ਪਵਿੱਤਰ ਕੁਰਾਨ ਸ਼ਰੀਫ ਵਿੱਚ ਵੀ ਹੈ।**

**ਕੁਰਾਨ ਸ਼ਰੀਫ ਵਿੱਚ ਪਵਿੱਤਰ ਬਾਈਬਲ ਦਾ ਵੀ ਗਿਆਨ ਹੈ, ਇਸ ਲਈ ਇਨ੍ਹਾਂ ਦੋਹਾਂ ਪਵਿੱਤਰ ਗ੍ਰੰਥਾਂ ਨੇ ਮਲਿ-ਜੁਲ ਕੇ ਪ੍ਰਮਾਣਤਿ ਕੀਤਾ ਹੈ ਕਿ ਕੌਣ ਅਤੇ ਕੈਸਾ ਹੈ ਸ੍ਰਿਸ਼ਟੀ ਰਚਨਹਾਰ ਅਤੇ ਉਸਦਾ ਵਾਸਤਵ ਨਾਮ ਕੀ ਹੈ।**

**ਪਵਿੱਤਰ ਬਾਈਬਲ (ਉਤਪੱਤੀ ਗ੍ਰੰਥ ਸਫਾ ਨੂੰ 2, ਅ: 1:20-2:5 ਉੱਤੇ)**

ਛੇਵਾਂ ਦਿਨ:- ਪ੍ਰਾਣੀ ਅਤੇ ਮਨੁੱਖ :

ਹੋਰ ਪ੍ਰਾਣੀਆਂ ਦੀ ਰਚਨਾ ਕਰਕੇ 26. ਫਰਿ ਪ੍ਰਮੇਸ਼ਵਰ ਨੇ ਕਿਹਾ, ਮੈਂ ਮਨੁੱਖਾਂ ਨੂੰ ਆਪਣੇ ਸਵਰੂਪ ਅਨੁਸਾਰ ਆਪਣੀ ਸਮਾਨਤਾ ਵਿੱਚ ਬਣਾਇਆ, ਜੋ ਸਰਵ ਪ੍ਰਾਣੀਆਂ ਤੇ ਕਾਬੂ ਰੱਖੇਗਾ। 27. ਤਦ ਪ੍ਰਮੇਸ਼ਵਰ ਨੇ ਮਨੁੱਖ ਨੂੰ ਆਪਣੇ ਸਵਰੁਪ ਦੇ ਅਨੁਸਾਰ ਉਤਪੰਨ ਕੀਤਾ, ਆਪਣੇ ਹੀ ਸਵਰੂਪ ਅਨੁਸਾਰ ਪ੍ਰਮੇਸ਼ਵਰ ਨੇ ਉਸਨੂੰ ਉਤਪੰਨ ਕੀਤਾ, ਨਰ ਅਤੇ ਨਾਰੀ ਕਰਕੇ ਮਨੁੱਖਾਂ ਦੀ ਸ੍ਰਿਸ਼ਟੀ ਕੀਤੀ।

29. ਪ੍ਰਭੂ ਨੇ ਮਨੁੱਖਾਂ ਦੇ ਖਾਣ ਲਈ ਜਿੰਨੇ ਬੀਜ਼ ਵਾਲੇ ਛੋਟੇ ਪੇੜ ਤੇ ਜਿੰਨੇ ਪੇੜ ਵਿੱਚ ਬੀਜ਼ ਵਾਲੇ ਫ਼ਲ ਹੁੰਦੇ ਹਨ ਉਹ ਭੋਜਨ ਲਈ ਪ੍ਰਦਾਨ ਕੀਤੇ (ਮਾਸ ਖਾਣਾ ਨਹੀਂ ਕਿਹਾ)

ਸੱਤਵਾਂ ਦਿਨ:- ਵਸ਼ਿਰਾਮ ਦਾ ਦਿਨ:

ਪ੍ਰਮੇਸ਼ਵਰ ਨੇ ਛੇ ਦਿਨ ਵਿੱਚ ਸ੍ਰਿਸ਼ਟੀ ਦੀ ਉਤਪੱਤੀ ਕੀਤੀ ਅਤੇ ਸੱਤਵੇਂ ਦਿਨ ਆਰਾਮ ਕੀਤਾ।

**ਪਵਿੱਤਰ ਬਾਈਬਲ ਨੇ ਸਿੱਧ ਕਰ ਦੱਿਤਾ ਕਿ ਪ੍ਰਮਾਤਮਾ ਮਾਨਵ ਸੁਦ੍ਰਸ਼ਿ ਸਰੀਰ ਵਿੱਚ ਹੈ, ਜਸਿਨੇ ਛੇ ਦਿਨਾਂ ਵਿੱਚ ਸਰਵ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਵਸ਼ਿਰਾਮ ਕੀਤਾ।**

**ਪਵਿੱਤਰ ਕੁਰਾਣ ਸ਼ਰੀਫ (ਸੁਰਤ ਫੁਰਕਾਨੀ 25, ਆਇਤ ਨੂੰ 52, 58, 59)**

ਆਇਤ 52:- ਫਲਾ ਤੁਤਿਅਲ - ਕਾਫਰਿਨ ਵ ਜਹਦਿਹੁਮ ਬਿਹੀ ਜਹਿਾਦਨ ਕਬੀਰਾ (ਕਬੀਰਨ) ॥52॥

ਭਾਵਅਰਥ:- ਇਸਦਾ ਭਾਵਅਰਥ ਹੈ ਕਿ ਹਜ਼ਰਤ ਮੁਹੰਮਦ ਜੀ ਦਾ ਖੁਦਾ (ਪ੍ਰਭੂ) ਕਹਿ ਰਿਹਾ ਹੈ ਕਿ ਹੇ ਪੈਗੰਬਰ! ਆਪ ਕਾਫਰਾਂ (ਜੋ ਇੱਕ ਪ੍ਰਭੂ ਦੀ ਭਗਤੀ ਤਿਆਗ ਕੇ ਹੋਰ ਦੇਵੀ

ਦੇਵਤਾਵਾਂ ਅਤੇ ਮੂਰਤੀ ਆਦੀ ਦੀ ਪੂਜਾ ਕਰਦੇ ਹਨ) ਦਾ ਕਹਿਣਾ ਨਾ ਮੰਨਣਾ, ਕਿਉਂਕਿ ਉਹ ਲੋਕ ਕਬੀਰ ਨੂੰ ਪੂਰਣ ਪ੍ਰਮਾਤਮਾ ਨਹੀਂ ਮੰਨਦੇ। ਆਪ ਮੇਰੇ ਦੁਆਰਾ ਦਿੱਤੇ ਇਸ ਕੁਰਾਨ ਦੇ ਗਿਆਨ ਦੇ ਆਧਾਰ ਉੱਤੇ ਅਟੱਲ ਰਹਿਣਾ ਕਿ ਕਬੀਰ ਹੀ ਪੂਰਨ ਪ੍ਰਭੂ ਹੈ ਅਤੇ ਕਬੀਰ ਅੱਲਾ ਦੇ ਲਈ ਸੰਘਰਸ਼ ਕਰਨਾ (ਲੜਨਾ ਨਹੀਂ) ਅਰਥਾਤ ਅਡਿੱਗ ਰਹਿਣਾ।

ਆਇਤ:- 58:- ਵ - ਤਵਕਕਲ ਅਲਲ - ਹਰਿਓਲਲਜਿ ਲਾ ਯਮੂਤੁ ਵ ਸਬਬਿਹ ਬਹਿਮਦਹੀ ਵ ਕਫਾ ਬਿਹੀ ਬਜਿਨੂਬਿ ਅਬਿਾਦਿਹੀ ਖਬੀਰਾ (ਕਬੀਰਾ) ॥58॥

**ਭਾਵਅਰਥ ਹੈ ਕਿ ਹਜ਼ਰਤ ਮੁਹੰਮਦ ਜੀ ਜਸਿਨੂੰ ਆਪਣਾ ਪ੍ਰਭੂ ਮੰਨਦੇ ਹਨ ਉਹ ਅੱਲਾ (ਪ੍ਰਭੂ) ਕਿਸੀ ਹੋਰ ਪੁਰਣ ਪ੍ਰਭੂ ਦੇ ਬਾਰੇ ਸੰਕੇਤ ਕਰ ਰਿਹਾ ਹੈ ਕਿ ਹੇ ਪੈਗੰਬਰ ਉਸ ਕਬੀਰ ਪ੍ਰਮਾਤਮਾ ਉੱਤੇ ਵਿਸ਼ਵਾਸ਼ ਰੱਖ ਜੋ ਤੈਨੂੰ ਜ਼ਿਦੰਾ ਮਹਾਤਮਾ ਦੇ ਰੂਪ ਵਿੱਚ ਆਕਾਰ ਵਿੱਚ ਆ ਕੇ ਮਿਲੇ ਸੀ। ਉਹ ਕਦੇ ਮਰਨ ਵਾਲਾ ਨਹੀਂ ਹੈ ਅਰਥਾਤ ਵਾਸਤਵ ਵਿੱਚ ਅਵਿਨਾਸ਼ੀ ਹੈ। ਤਾਰੀਫ ਨਾਲ ਉਸਦੀ ਪਾਕਿ (ਪਵਿੱਤਰ ਮਹਮਿਾ) ਦਾ ਗੁਣਗਾਣ ਕਰਦਾ ਜਾ, ਉਹ ਕਬੀਰ ਅੱਲ੍ਹਾ (ਕਵਰਿਦੇਵ) ਪੂਜਾ ਦੇ ਯੋਗ ਹੈ ਅਤੇ ਆਪਣੇ ਉਪਾਸਕਾਂ ਦੇ ਸਰਵ ਪਾਪਾਂ ਦਾ ਵਿਨਾਸ਼ ਕਰਨ ਵਾਲਾ ਹੈ।**

ਆਇਤ 59:- ਅਲਲਜੀ ਖਲਕਸਸਮਾਵਾਤਿ ਵਲਅਰਜ ਵ ਮਾ ਬੈਨਹੁਮਾ ਫੀ ਸਿਤਤਤਿ ਅਯਯਾਮਨਿ ਸੁਮਮਸਤਵਾ ਅਲਲਅਰਿਸ਼ ਅਰਰਹਮਾਨੁ ਫਸਅਲ ਬਿਹੀ ਖਬੀਰਨ (ਕਬੀਰ)॥59॥

**ਭਾਵਅਰਥ ਹੈ ਕਿ ਹਜ਼ਰਤ ਮੁਹੰਮਦ ਨੂੰ ਕੁਰਾਨ ਸਰੀਫ ਬੋਲਣ ਵਾਲਾ ਪ੍ਰਭੂ (ਅੱਲਾ) ਕਹਿ ਰਿਹਾ ਹੈ ਕਿ ਉਹ ਕਬੀਰ ਪ੍ਰਭੂ ਉਹੀ ਹੈ ਜਿਸਨੇ ਜਮੀਨ ਅਤੇ ਆਸਮਾਨ ਦੇ ਵਿੱਚ ਜੋ ਵੀ ਵਿਦਮਾਨ ਹੈ ਸਰਵ ਸ੍ਰਿਸ਼ਟੀ ਦੀ ਰਚਨਾ ਛੇ ਦਿਨ ਵਿੱਚ ਕੀਤੀ ਅਤੇ ਸੱਤਵੇਂ ਦਿਨ ਉੱਪਰ ਆਪਣੇ ਸਤਲੋਕ ਵਿੱਚ ਸਿੰਘਾਸ਼ਨ ਉੱਤੇ ਵਿਰਾਜਮਾਨ ਹੋ (ਬੈਠ) ਗਿਆ। ਉਸਦੇ ਵਿਸ਼ੇ ਦੀ ਜਾਣਕਾਰੀ ਕਿਸੀ (ਬਾਖ਼ਬਰ) ਤੱਤਵਦਰਸ਼ੀ ਸੰਤ ਤੋਂ ਪੁੱਛੋ।**

**ਉਸ ਪੂਰਣ ਪ੍ਰਮਾਤਮਾ ਦੀ ਪ੍ਰਾਪਤੀ ਕਿਵੇਂ ਹੋਵੇਗੀ ਅਤੇ ਵਾਸਤਵਕਿ ਗਿਆਨ ਤਾਂ ਕਿਸੀ ਤੱਤਵਦਰਸ਼ੀ ਸੰਤ (ਬਾਖਬਰ) ਤੋਂ ਪੁੱਛੋ, ਮੈਂ ਨਹੀਂ ਜਾਣਦਾ।**

**ਉਪਰੋਕਤ ਦੋਨੋਂ ਪਵਿੱਤਰ ਧਰਮਾਂ (ਇਸਾਈ ਅਤੇ ਮੁਸਲਮਾਨ) ਦੇ ਪਵਿੱਤਰ ਸ਼ਾਸਤਰਾਂ ਨੇ ਵੀ ਮਿਲ-ਜੁਲ ਕੇ ਪ੍ਰਮਾਣਤਿ ਕਰ ਦਿੱਤਾ ਹੈ ਕਿ ਸਰਵ ਸ੍ਰਿਸ਼ਟੀ ਰਚਨਹਾਰ, ਸਰਵ ਪਾਪਵਿਨਾਸ਼ਕ, ਸਰਵ ਸ਼ਕਤੀਮਾਨ, ਅਵਿਨਾਸ਼ੀ ਪ੍ਰਮਾਤਮਾ ਮਾਨਵ ਦ੍ਰਿਸ਼ ਸਰੀਰ ਵਿੱਚ ਆਪਣੇ ਸਤਲੋਕ ਵਿੱਚ ਰਹਿੰਦਾ ਹੈ। ਉਸਦਾ ਨਾਮ ਕਬੀਰ ਹੈ, ਉਸੀ ਨੂੰ ਅੱਲ੍ਹਾ ਹੂ ਅਕਬਰੂ ਵੀ ਕਹਿੰਦੇ ਹਨ।**

**ਆਦਰਣੀਏਂ ਧਰਮਦਾਸ ਜੀ ਨੇ ਪੂਜਯ ਕਬੀਰ ਪ੍ਰਭੂ ਤੋਂ ਪੁੱਛਿਆ ਕਿ ਹੇ ਸਰਵ ਸ਼ਕਤੀਮਾਨ! ਅੱਜ ਤੱਕ ਇਹ ਤੱਤਵਗਿਆਨ ਕਿਸੀ ਨੇ ਨਹੀਂ ਦੱਸਿਆ, ਵੇਦਾਂ ਦੇ ਮਰਮਗ ਗਿਆਨੀਆਂ ਨੇ ਵੀ ਨਹੀਂ ਦੱਸਿਆ। ਇਸ ਤੋਂ ਸਿੱਧ ਹੈ ਕਿ ਚਾਰੋਂ ਪਵਿੱਤਰ ਵੇਦਾਂ ਅਤੇ ਚਾਰ ਪਵਿੱਤਰ ਕਤੇਬਾਂ (ਕੁਰਾਨ ਸ਼ਰੀਫ ਆਦਿ) ਝੂਠੇ ਹਨ। ਪੂਰਣ ਪ੍ਰਮਾਤਮਾ ਨੇ ਕਿਹਾ ਕਿ:**

ਕਬੀਰ, ਵੇਦ ਕਤੇਬ ਝੂਠੇ ਨਾ ਭਾਈ, ਝੂਠੇ ਹੈ ਜੋ ਸਮਝੇ ਨਾਹੀਂ।

**ਭਾਵਅਰਥ ਹੈ ਕਿ ਚਾਰੋਂ ਪਵਿੱਤਰ ਵੇਦ (ਰਿੱਗਵੇਦ - ਅੱਥਰਵਵੇਦ - ਯਜੁਰਵੇਦ - ਸਾਮ ਵੇਦ) ਤੇ ਪਵਿੱਤਰ ਚਾਰੋਂ ਕਤੇਬ ਕੁਰਾਨ ਸ਼ਰੀਫ-ਜਬੂਰ- ਤੌਰਾਤ - ਇਜੰਲ) ਗਲਤ ਨਹੀਂ ਹਨ। ਪ੍ਰੰਤੂ ਜੋ ਇਸਨੂੰ ਸਮਝ ਨਹੀਂ ਪਾਏ ਉਹ ਨਾਦਾਨ ਹਨ।**

# "ਪੂਜਯ ਕਬੀਰ ਪ੍ਰਮੇਸ਼ਵਰ (ਕਵਰਿਦੇਵ) ਜੀ ਦੀ ਅੰਮ੍ਰਿਤਬਾਣੀ ਵਿੱਚ ਸ੍ਰਿਸ਼ਟੀ ਰਚਨਾ"

ਵਿਸ਼ੇਸ਼:- ਹੇਠ ਲਿਖੀ ਅੰਮ੍ਰਿਤਬਾਣੀ ਸੰਨ 1403 ਤੋਂ (ਜਦ ਪੂਜਨੀਯ ਕਵਿਰ ਦੇਵ (ਕਬੀਰ ਪ੍ਰਮੇਸ਼ਵਰ) ਲੀਲਾਮਈ ਸਰੀਰ ਵਿੱਚ ਪੰਜ ਸਾਲਾਂ ਦੇ ਹੋਏ) ਸੰਨ 1518 (ਜਦ ਕਵਰਿਦੇਵ ਕਬੀਰ ਪ੍ਰਮੇਸ਼ਵਰ) ਮਗਹਰ ਸਥਾਨ ਤੇ ਸਹਿ ਸਰੀਰ ਸਤਲੋਕ ਗਏ) ਦੇ ਵਿੱਚ ਲਗਭਗ 600 ਸਾਲ ਪਹਲਿਾਂ ਪਰਮ ਪੂਜਯ ਕਬੀਰ ਪ੍ਰਮੇਸ਼ਵਰ (ਕਵਰਿ ਦੇਵ) ਜੀ ਦੁਆਰਾ ਆਪਣੇ ਨਿੱਜੀ ਸੇਵਕ (ਦਾਸ ਭਗਤ) ਆਦਰਣੀਏ ਧਰਮਦਾਸ ਸਾਹਬਿ ਜੀ ਨੂੰ ਸੁਣਾਈ ਸੀ ਅਤੇ ਧਨੀ ਧਰਮਦਾਸ ਸਾਹਬਿ ਜੀ ਨੇ ਲਿੱਪੀਬੱਧ ਕੀਤੀ ਸੀ। ਪ੍ਰੰਤੂ ਉਸ ਸਮੇਂ ਦੇ ਪਵਿੱਤਰ ਹਿੰਦੂਆਂ ਅਤੇ ਪਵਿੱਤਰ ਮੁਸਲਮਾਨਾਂ ਦੇ ਨਾਦਾਨ ਗੁਰੂਆਂ (ਨੀਮ-ਹਕਿਮਾਂ) ਨੇ ਕਿਹਾ ਕਿ ਇਹ ਧਾਣਕ (ਜੁਲਾਹਾ) ਕਬੀਰ ਝੂਠਾ ਹੈ। ਕਿਸੇ ਵੀ ਸਦਗ੍ਰੰਥ ਵਿੱਚ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ ਅਤੇ ਸ਼੍ਰੀ ਸ਼ਿਵ ਜੀ ਦੇ ਮਾਤਾ-ਪਤਿਾ ਦਾ ਨਾਮ ਨਹੀਂ ਹੈ। ਇਹ ਤਿੰਨੋਂ ਪ੍ਰਭੂ ਅਵਿਨਾਸ਼ੀ ਹਨ ਇਨ੍ਹਾਂ ਦਾ ਜਨਮ ਮ੍ਰਿਤੂ ਨਹੀਂ ਹੁੰਦਾ। ਨਾ ਹੀ ਪਵਿੱਤਰ ਵੇਦਾਂ ਤੇ ਪਵਿੱਤਰ ਕੁਰਾਨ ਕੁਰੀਫ ਆਦਿ ਵਿੱਚ ਕਬੀਰ ਪ੍ਰਮੇਸ਼ਵਰ ਦਾ ਪ੍ਰਮਾਣ ਹੈ ਅਤੇ ਪ੍ਰਮਾਤਮਾ ਨੂੰ ਨਰਿਾਕਾਰ ਲਿਿਖਆ ਹੈ। ਅਸੀਂ ਪ੍ਰਤੀਦਿਨ ਪੜ੍ਹਦੇ ਹਾਂ। ਭੋਲੀ ਆਤਮਾਵਾਂ ਨੇ ਉਨ੍ਹਾਂ ਵਚਿਕਛਣਾਂ (ਚਤੁਰ ਗੁਰੂਆਂ) ਉੱਤੇ ਵਸ਼ਿਵਾਸ਼ ਕਰ ਲਿਆ ਸੱਚਮੁੱਚ ਇਹ ਕਬੀਰ ਧਾਣਕ ਤਾਂ ਅਸਿੱਖਿਅਤ ਹੈ ਅਤੇ ਗੁਰੂ ਜੀ ਸਿੱਖਿਅਤ ਹਨ, ਸੱਚ ਕਿਹ ਰਹੇ ਹੋਣਗੇ। ਅੱਜ ਉਹੀ ਸੱਚਾਈ ਪ੍ਰਕਾਸ਼ ਵਿੱਚੋਂ ਆ ਰਹੀ ਹੈ ਅਤੇ ਆਪਣੇ ਸਰਵ ਪਵਿੱਤਰ ਧਰਮਾਂ ਦੇ ਪਵਿੱਤਰ ਸਦਗ੍ਰੰਥ ਗਵਾਹ ਹਨ। ਇਸਤੋਂ ਸਿੱਧ ਹੈ ਕਿ ਪੂਰਣ ਪ੍ਰਮੇਸ਼ਵਰ, ਸਰਵ ਸ਼੍ਰਿਸ਼ਟੀ ਰਚਨਹਾਰ, ਕੁੱਲ ਕਰਤਾਰ ਅਤੇ ਸਰਵੱਗ ਕਵਿਰਦੇਵ (ਕਬੀਰ ਪ੍ਰਮੇਸ਼ਵਰ) ਹੀ ਹੈ ਜੋ ਕਾਸ਼ੀ (ਬਨਾਰਸ਼) ਵਿੱਚ ਕਮਲ ਦੇ ਫੁੱਲ ਉੱਤੇ ਪ੍ਰਗਟ ਹੋਏ ਅਤੇ 120 ਸਾਲ ਤੱਕ ਵਾਸਤਵਿਕ ਤੇਜੋਮਈ ਸਰੀਰ ਦੇ ਉੱਪਰ ਮਾਨਵ ਸੁਦ੍ਰਿਸ਼ ਸਰੀਰ ਹਲਕੇ ਤੇਜ ਦਾ ਬਣਾਕੇ ਰਹੇ ਅਤੇ ਆਪਣੇ ਦੁਆਰਾ ਰਚੀ ਸ਼੍ਰਿਸ਼ਟੀ ਦਾ ਠੀਕ-ਠਾਕ (ਵਾਸਤਵਿਕ ਤੱਤਵ) ਗਿਆਨ ਦੇਕੇ ਸਹਿਸਰੀਰ ਸਤਲੋਕ ਚਲੇ ਗਏ। ਕ੍ਰਿਪਾ ਪ੍ਰੇਮੀ ਪਾਠਕ ਪੱੜੋ ਨਿਮਨ ਅੰਮ੍ਰਿਤਬਾਣੀ ਪ੍ਰਮੇਸ਼ਵਰ ਕਬੀਰ ਸਾਹਿਬ ਜੀ ਦੁਆਰਾ ਉਚਾਰਿਤ:

ਧਰਮਦਾਸ ਯੇ ਜਗ ਬੋਰਾਨਾ। ਕੋਈ ਨਾ ਜਾਨੇ ਯੇ ਪਦ ਨਿਰਵਾਨਾ॥
ਯਹਿ ਕਾਰਨ ਮੈਂ ਕਥਾ ਪਸਾਰਾ। ਜਗ ਸੇ ਕਿਹਏ ਰਾਮ ਨਿਆਰਾ॥
ਯਹੀ ਗਿਆਨ ਜਗ ਜੀਵ ਸੁਨਾਉ। ਸਭ ਜੀਵੋਂਕਾ ਭਰਮ ਨਸਾਉ ॥
ਅਬ ਮੈਂ ਤੁਮਸੇ ਕਹੁ ਚਿਤਾਈ। ਤ੍ਰਿਦੇਵਨਕਿ ਉਤਪੱਤੀ ਭਾਈ ॥
ਕੁਝ ਸ਼ੰਖੇਪ ਹੋ ਗੁਹਰਾਈ। ਸਬ ਸੰਸ਼ਯ ਤੁਮਹਰੇ ਮਿੱਟ ਜਾਈ॥
ਭਰਮ ਗਏ ਜਗ ਵੇਦ ਪੁਰਾਨਾ। ਆਦਿ ਰਾਮ ਕਾ ਭੇਦ ਨਾ ਜਾਨਾ॥
ਰਾਮ ਰਾਮ ਸਬ ਜਗਤ ਬਖਾਨੇ। ਆਦਿ ਰਾਮ ਕੋਈ ਬਿਰਲਾ ਜਾਨੇ॥
ਗਿਆਨੀ ਸੁਨੇ ਸੋ ਹਿਰਦੇ ਲਗਾਈ। ਮੂਰਖ ਸੁਨੇ ਸੋ ਗਮ ਨਾ ਪਾਈ॥
ਮਾਂ ਅਸ਼ਟੰਗੀ ਪਿਤਾ ਨਿਰੰਜਨ। ਵੇ ਜਮ ਦਾਰੁਣ ਵੰਸ਼ਨ ਅੰਜਨ॥
ਪਹਿਲੇ ਕਿੰਨ੍ਹ ਨਿਰੰਜਨ ਰਾਇ। ਪੀਛੇ ਸੇ ਮਾਇਆ ਉਪਜਾਈ॥
ਮਾਇਆ ਰੂਪ ਦੇਖ ਅਤਿ ਸੋਭਾ। ਦੇਵ ਨਿਰੰਜਨ ਤਨ ਮਨ ਲੋਭਾ॥
ਕਾਮਦੇਵ ਧਰਮਰਾਏ ਸਤਾਏ। ਦੇਵੀ ਕੋ ਤੁਰਤਹੀ ਧਰ ਖਾਏ॥

ਪੇਟ ਸੇ ਦੇਵੀ ਕਰੀ ਪੁਕਾਰਾ। ਸਾਹਿਬ ਮੇਰਾ ਕਰੋ ਉਬਾਰਾ॥
ਟੇਰ ਸੁਨੀ ਤਬ ਹਮ ਤਹਾਂ ਆਏ। ਅਸ਼ਟੰਗੀ ਕਾ ਬੰਧ ਛੁੜਾਏ॥
ਸਤਲੋਕ ਮੇ ਕਿਨ੍ਹਾਂ ਦੁਰਾਚਾਰੀ, ਕਾਲ ਨਿਰੰਜਨ ਦਿਨ੍ਹਾਂ ਨਿਕਾਰੀ॥
ਮਾਇਆ ਸਮੇਤ ਦੀਆ ਭਗਾਈ, ਸੋਲ੍ਹ ਸ਼ੰਖ ਕੋਸ ਦੂਰੀ ਪਰ ਆਈ॥
ਅਸ਼ਟੰਗੀ ਔਰ ਕਾਲ ਅਬ ਦੋਈ, ਮੰਦ ਕਰਮ ਸੇ ਗਏ ਬਿਗੋਈ॥
ਧਰਮਰਾਏ ਕੋ ਹਿਕਮਤ ਕਿਨ੍ਹਾਂ। ਨਖ਼ ਰੇਖਾ ਸੇ ਭਗਕਰ ਲੀਨ੍ਹਾਂ॥
ਧਰਮਰਾਏ ਕਿੰਨਹਾ ਭੋਗ ਵਿਲਾਸਾ। ਮਾਇਆ ਕੋ ਰਹੀ ਤਬ ਆਸਾ॥
ਤੀਨ ਪੁੱਤਰ ਅਸ਼ਟੰਗੀ ਜਾਏ। ਬ੍ਰਹਮਾ ਵਿਸ਼ਣੂ ਸ਼ਿਵ ਨਾਮ ਧਰਾਏ॥
ਤੀਨ ਦੇਵ ਵਿਸਤਾਰ ਚਲਾਏ। ਇਨਮੇ ਯੇਹ ਜਗ ਧੋਖਾ ਖਾਏ॥
ਪੁਰਸ਼ ਗਮ ਕੈਸੇ ਕੋਇ ਪਾਵੇ। ਕਾਲ ਨਿਰੰਜਨ ਜਗ ਭਰਮਾਏ॥
ਤੀਨ ਲੋਕ ਆਪਨੇ ਸੁਤ ਦਿਨਨ੍ਹਾਂ। ਸੁੰਨ ਨਿਰੰਜਨ ਬਾਸਾ ਲੀਂਨ੍ਹਾਂ॥
ਅਲਖੁ ਨਿਰੰਜਨ ਸੁੰਨ ਠਿਕਾਨਾ। ਬ੍ਰਹਮਾ ਵਿਸ਼ਣੂ ਸ਼ਿਵ ਭੇਦ ਨਾ ਜਾਣਾ॥
ਤੀਨ ਦੇਵ ਸੋ ਉਨਕੋ ਧਿਆਵੇਂ। ਨਿਰੰਜਨ ਕਾ ਵੇ ਪਾਰ ਨਾ ਪਾਵੇ॥
ਅਲਖ਼ ਨਿਰੰਜਨ ਬੜਾ ਬਟਪਾਰਾ। ਤੀਨ ਲੋਕ ਜੀਵ ਕਿੰਨ੍ਹ ਅਹਾਰਾ॥
ਬ੍ਰਹਮਾ ਵਿਸ਼ਣੂ ਸ਼ਿਵ ਨਹੀਂ ਬਚਾਏ। ਸਕਲ ਖਾਏ ਪੁੰਨ ਧੂਰ ਉਡਾਏ॥
ਤਿਨਕੇ ਸੁਤ ਹੈਂ ਤਿਨੋਂ ਦੇਵਾ। ਆਂਧਰ ਜੀਵ ਕਰਤ ਹੈ ਸੇਵਾ॥
ਅਕਾਲ ਪੁਰਸ਼ ਕਾਹੂ ਨਾਂਹਿ ਚੀਂਨ੍ਹਾਂ। ਕਾਲ ਪਾਏ ਸਬਹੀ ਗਹ ਲੀਂਨ੍ਹਾਂ॥
ਬ੍ਰਹਮ ਕਾਲ ਸਕਲ ਜਗ ਜਾਨੇ। ਆਦਿ ਬ੍ਰਹਮ ਕੋ ਨਾ ਪਹਿਚਾਨੇ॥
ਤੀਨੋਂ ਦੇਵਾ ਔਰ ਔਤਾਰਾ। ਤਾਕੋ ਭਜੇ ਸਕਲ ਸੰਸਾਰਾ॥
ਤੀਨੋਂ ਗੁਣਕਾ ਯਹ ਵਿਸਤਾਰਾ। ਧਰਮਦਾਸ ਮੈਂ ਕਹੋ ਪੁਕਾਰਾ॥
ਗੁਣ ਤੀਨੋਂ ਕਿ ਭਗਤੀ ਮੇਂ, ਭੂਲ ਪਰੋ ਸੰਸਾਰ॥
ਕਹੈ ਕਬੀਰ ਨਿੱਜ ਨਾਮ ਬਿਨ, ਕੈਸੇ ਉਤਰੈਂ ਪਾਰ॥

**ਉਪਰੋਕਤ ਅੰਮ੍ਰਿਤ ਬਾਣੀ ਵਿੱਚ ਪ੍ਰਮੇਸ਼ਵਰ ਕਬੀਰ ਸਾਹਿਬ ਜੀ ਆਪਣੇ ਨਿੱਜੀ ਸੇਵਕ ਸ਼੍ਰੀ ਧਰਮਦਾਸ ਸਾਹਿਬ ਜੀ ਨੂੰ ਕਹਿ ਰਹੇ ਹਨ ਕਿ ਧਰਮਦਾਸ ਇਹ ਸਾਰਾ ਸੰਸਾਰ ਤੱਤਵਗਿਆਨ ਦੇ ਪ੍ਰਭਾਵ ਤੋਂ ਵਿਚਲਿਤ ਹੈ। ਕਿਸੇ ਨੂੰ ਪੂਰਣ ਮੋਕਸ਼ ਮਾਰਗ ਅਤੇ ਪੂਰਣ ਸ੍ਰਿਸ਼ਟੀ ਰਚਨਾ ਦਾ ਗਿਆਨ ਨਹੀਂ ਹੈ। ਇਸਲਈ ਮੈਂ ਆਪਨੂੰ ਮੇਰੇ ਦੁਆਰਾ ਰਚੀ ਸ੍ਰਿਸ਼ਟੀ ਦੀ ਕਥਾ ਸੁਣਾਉਂਦਾ ਹਾਂ। ਬੁੱਧੀਮਾਨ ਵਿਆਕਤੀ ਤਾਂ ਤੁਰੰਤ ਹੀ ਸਮਝ ਜਾਣਗੇ। ਪ੍ਰੰਤੂ ਜੋ ਸਾਰੇ ਪ੍ਰਮਾਣਾਂ ਨੂੰ ਦੇਖਕੇ ਵੀ ਨਹੀਂ ਮੰਨਣਗੇ ਤਾਂ ਉਹ ਨਾਦਾਨ ਪ੍ਰਾਣੀ ਕਾਲ ਦੇ ਪ੍ਰਭਾਵ ਤੋਂ ਪ੍ਰਭਾਵਿਤ ਹਨ, ਉਹ ਭਗਤੀ ਯੋਗ ਨਹੀਂ। ਹੁਣ ਮੈਂ ਦੱਸਦਾ ਹਾਂ ਤਿੰਨੋਂ ਭਗਵਾਨਾਂ (ਬ੍ਰਹਮਾ ਜੀ, ਵਿਸ਼ਣੂ ਜੀ ਅਤੇ ਸ਼ਿਵਜੀ) ਦੀ ਉਤਪੱਤੀ ਕਿਵੇਂ ਹੋਈ? ਉਨ੍ਹਾਂ ਦੀ ਮਾਤਾ ਜੀ ਤਾਂ ਅਸ਼ਟੰਗੀ (ਦੁਰਗਾ) ਹੈ ਅਤੇ ਪਿਤਾ ਜੋਤੀ ਨਿਰੰਜਨ (ਬ੍ਰਹਮ, ਕਾਲ) ਹੈ। ਪਹਿਲੇ ਬ੍ਰਹਮ ਦੀ ਉਤਪਤੀ ਅੰਡੇ ਤੋਂ ਹੋਈ। ਫਿਰ ਦੁਰਗਾ ਦੀ ਉਤਪਤੀ ਹੋਈ। ਦੁਰਗਾ ਦੇ ਰੂਪ ਤੋਂ ਆਕ੍ਰਸ਼ਿਤ ਹੋਕੇ ਕਾਲ (ਬ੍ਰਹਮ) ਨੇ ਗਲਤੀ (ਛੇੜ-ਛਾੜ) ਕੀਤੀ, ਤਦ ਦੁਰਗਾ (ਪ੍ਰਕ੍ਰਿਤੀ) ਨੇ ਇਸਦੇ ਪੇਟ ਵਿੱਚ ਸ਼ਰਣ ਲਈ। ਮੈਂ ਉੱਥੇ ਗਿਆ ਜਿੱਥੇ ਜੋਤੀ ਨਿਰੰਜਨ ਕਾਲ ਸੀ। ਤਦ ਭਵਾਨੀ ਨੂੰ ਬ੍ਰਹਮ ਦੇ ਉਦਰ ਤੋਂ ਨਿਕਾਲ ਕੇ ਉਸਦੇ ਇੱਕਿ ਬਹਿਮੰਡ ਸਮੇਤ 16 ਸੰਖ ਕੋਸ ਦੀ ਦੂਰੀ ਤੇ ਭੇਜ ਦਿੱਤਾ। ਜੋਤੀ ਨਿਰੰਜਨ (ਧਰਮਰਾਏ) ਨੇ ਪ੍ਰਕ੍ਰਿਤੀ ਦੇਵੀ (ਦੁਰਗਾ) ਦੇ ਨਾਲ ਭੋਗ-ਵਲਾਸ ਕੀਤਾ। ਇਨ੍ਹਾਂ ਦੋਹਾਂ ਦੇ ਸੰਯੋਗ ਨਾਲ ਤਿੰਨੋਂ ਗੁਣਾਂ (ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ ਅਤੇ ਸ਼੍ਰੀ ਸ਼ਿਵਜੀ) ਦੀ ਉਤਪਤੀ ਹੋਈ। ਇਨ੍ਹਾਂ ਤਿੰਨੋਂ ਗੁਣਾਂ**

(ਰਜਗੁਣ ਬ੍ਰਹਮਾ ਜੀ, ਸਤਗੁਣ ਵਿਸ਼ਨੂ ਜੀ, ਤਮਗੁਣ ਸ਼ਿਵਜੀ) ਦੀ ਹੀ ਸਾਧਨਾ ਕਰਕੇ ਸਰਵ ਪ੍ਰਾਣੀ ਕਾਲ ਜਾਲ ਵਿੱਚ ਫ਼ਸੇ ਹਨ। ਜਦ ਤੱਕ ਵਾਸਤਵਿਕ ਮੰਤਰ ਨਹੀਂ ਮਿਲੇਗਾ, ਪੂਰਣ ਮੋਕਸ਼ ਕਿਵੇਂ ਹੋਵੇਗਾ?

ਵਿਸ਼ੇਸ਼:- ਪਿਆਰੇ ਪਾਠਕੋ ਵਿਚਾਰ ਕਰੋ ਕਿ ਸ਼੍ਰੀ ਬ੍ਰਹਮਾ ਜੀ ਸ਼੍ਰੀ ਵਿਸ਼ਣੂ ਜੀ ਅਤੇ ਸ਼੍ਰੀ ਸ਼ਿਵਜੀ ਦੀ ਸਥਿਤੀ ਅਵਿਨਾਸ਼ੀ ਦੱਸੀ ਗਈ ਸੀ। ਸਰਵ ਹਿੰਦੂ ਸਮਾਜ ਹੁਣ ਤੱਕ ਤਿੰਨੋਂ ਪ੍ਰਮਾਤਮਾਂ ਨੂੰ ਅਜਰ, ਅਮਰ ਤੇ ਜਨਮ-ਮ੍ਰਿਤੂ ਰਹਿਤ ਮੰਨਦੇ ਰਹੇ ਜਦਕਿ ਇਹ ਤਿੰਨੋਂ ਨਾਸ਼ਵਾਨ ਹਨ। ਇਨ੍ਹਾਂ ਦੇ ਪਿਤਾ ਕਾਲ ਰੂਪੀ ਬ੍ਰਹਮ ਅਤੇ ਮਾਤਾ ਦੁਰਗਾ (ਪ੍ਰਕ੍ਰਿਤੀ/ ਅਸ਼ਟੰਗੀ) ਹੈ ਜੈਸਾ ਆਪਨੇ ਪੂਰਵ ਪ੍ਰਮਾਣਾਂ ਵਿੱਚ ਪੜਿਆ ਇਹ ਗਿਆਨ ਆਪਣੇ ਸ਼ਾਸਤਰਾਂ ਵਿੱਚ ਵੀ ਵਿਦਮਾਨ ਹੈ ਪ੍ਰੰਤੂ ਹਿੰਦੂ ਸਮਾਜ ਦੇ ਕਲਯੁੱਗੀ ਗੁਰੂਆਂ, ਰਿਸ਼ੀਆਂ, ਸੰਤਾਂ ਨੂੰ ਗਿਆਨ ਨਹੀਂ। ਜੋ ਅਧਿਆਪਕ ਪਾਠਕ੍ਰਮ (ਸਿਲੇਬਸ) ਤੋਂ ਹੀ ਅਚਿਤ ਨਹੀਂ ਹੈ ਉਹ ਅਧਿਆਪਕ ਠੀਕ ਨਹੀਂ (ਵਿਦਵਾਨ ਨਹੀਂ) ਹੈ, ਵਿਦਿਆਰਥੀਆਂ ਦੇ ਭਵਿੱਖ ਦਾ ਦੁਸ਼ਮਣ ਹੈ। ਇਸ ਪ੍ਰਕਾਰ ਜਿਹੜੇ ਗੁਰੂਆਂ ਨੂੰ ਹੁਣ ਤੱਕ ਇਹ ਨਹੀਂ ਪਤਾ ਕਿ ਸ਼੍ਰੀ ਬ੍ਰਹਮਾ, ਸ਼੍ਰੀ ਵਿਸ਼ਣੂ, ਅਤੇ ਸ਼੍ਰੀ ਸ਼ਿਵਜੀ ਦੇ ਮਾਤਾ-ਪਿਤਾ ਕੌਣ ਹਨ?ਤਾਂ ਉਹ ਰਿਸ਼ੀ, ਗੁਰੂ, ਸੰਤ ਨੂੰ ਗਿਆਨ ਨਹੀਂ ਹੈ। ਜਿਸ ਕਾਰਨ ਤੋਂ ਸਾਰਾ ਭਗਤ ਸਮਾਜ ਨੂੰ ਸ਼ਾਸਤਰ ਵਿਰੁੱਧ ਗਿਆਨ (ਲੋਕ ਵੇਦ ਅਰਥਾਤ ਦੰਤ ਕਥਾ) ਸੁਣਾ ਕੇ ਅਗਿਆਨ ਨਾਲ ਪਰੀਪੂਰਣ ਕਰ ਦਿੱਤਾ। ਸ਼ਾਸਤਰਵਿਧੀ ਵਿਰੁੱਧ ਭਗਤੀ ਸਾਧਨਾ ਕਰਾ ਕੇ ਪ੍ਰਮਾਤਮਾ ਦੇ ਵਾਸਤਵਿਕ ਲਾਭ (ਪੂਰਣ ਮੋਕਸ਼) ਤੋਂ ਵੰਚਿਤ ਰੱਖਿਆ ਸਭ ਦਾ ਮਾਨਵ ਜਨਮ ਨਸ਼ਟ ਕਰ ਦਿੱਤਾ ਕਿਉਂਕਿ ਸ਼੍ਰੀ ਮਦਭਗਵਤ ਗੀਤਾ ਅਧਿਆਇ 16 ਸਲੋਕ 23-24 ਵਿੱਚ ਵੀ ਇਹੀ ਪ੍ਰਮਾਣ ਹੈ ਕਿ ਜੋ ਸ਼ਾਸਤਰ ਵਿਧੀ ਨੂੰ ਤਿਆਗਕੇ ਮਨਮਾਨੀ ਪੂਜਾ ਕਰਦਾ ਹੈ। ਉਸਨੂੰ ਕੋਈ ਲਾਭ ਨਹੀਂ ਹੁੰਦਾ। ਪੂਰਣ ਪ੍ਰਮਾਤਮਾ ਕਬੀਰ ਜੀ ਨੇ ਸੰਨ 1403 ਤੋਂ ਹੀ ਸਰਵ ਸ਼ਾਸਤਰਾਂ ਯੁਕਤ ਗਿਆਨ ਆਪਣੀ ਅੰਮ੍ਰਿਤਬਾਣੀ (ਕਿਵਰਬਾਣੀ) ਵਿੱਚ ਦੱਸਣਾ ਆਰੰਭ ਕੀਤਾ ਸੀ। ਪ੍ਰੰਤੂ ਉਸ ਅਗਿਆਨੀ ਗੁਰੂਆਂ ਨੇ ਇਹ ਗਿਆਨ ਭਗਤ ਸਮਾਜ ਤੱਕ ਜਾਣ ਨਹੀਂ ਦਿੱਤਾ। ਜੋ ਵਰਤਮਾਨ ਵਿੱਚ ਸਪੱਸ਼ਟ ਹੋ ਰਿਹਾ ਹੈ ਇਸਤੋਂ ਸਿੱਧ ਹੈ ਕਿ ਕਿਵ ਦੇਵ (ਕਬੀਰ ਪ੍ਰਭੂ) ਤੱਤਵਦਰਸ਼ੀ ਸੰਤ ਰੂਪ ਵਿੱਚ ਆਪ ਪੂਰਣ ਪ੍ਰਮਾਤਮਾ ਹੀ ਆਏ ਸੀ।

## "ਆਦਰਣੀਏਂ ਗਰੀਬਦਾਸ ਸਾਹਿਬ ਜੀ ਦੀ ਅੰਮ੍ਰਿਤਬਾਣੀ ਵਿੱਚ ਸ੍ਰਿਸ਼ਟੀ ਰਚਨਾ ਦਾ ਪ੍ਰਮਾਣ"

### ਆਦਿ ਰਮੈਣੀ (ਸਦ ਗ੍ਰੰਥ ਸਫਾ ਨੰ. 690 ਤੋ 692 ਤੱਕ)

ਆਦਿ ਰਮੈਣੀ ਅਦਲੀ ਸਾਰਾ। ਜਾ ਦਿਨ ਹੋਤੇ ਧੁੰਧੰ ਕਾਰਾ ॥1॥
ਸਤਿ ਪੁਰਸ਼ ਕਿਹਾ ਪ੍ਰਕਾਸ਼ਾ। ਹਮ ਹੋਤੇ ਤਖ਼ਤ ਕਬੀਰ ਖਵਾਸਾ॥2॥
ਮਨ ਮੋਹੀਨੀ ਸਿਰਜੀ ਮਾਇਆ। ਸਤਿਪੁਰਸ਼ ਇਕ ਖਿਆਲ ਬਣਾਇਆ॥3॥
ਧਰਮਰਾਏ ਸਿਰਜੇ ਦਰਬਾਨੀ। ਚੌਸਠ ਜੁਗਤਪ ਸੇਵਾ ਠਾਂਨੀ॥4॥
ਪੁਰਸ਼ ਪ੍ਰਿਥਵੀ ਜਾਕੂੰ ਦਿਨਨੀਂ। ਰਾਜ ਕਰੋ ਦੇਵਾ ਆਿਦਨੀ॥5॥
ਬ੍ਰਹਿਮੰਡ ਇੱਕਿਸ ਰਾਜ ਤੁਮ ਦਿਨਨ੍ਹਾਂ। ਮਨ ਕਿ ਇੱਛਾ ਸਭ ਜੁਗ ਲੀਂਨ੍ਹਾਂ॥6॥
ਮਾਇਆ ਮੂਲ ਰੂਪ ਇੱਕ ਛਾਜਾ। ਮੋਹਿ ਲਿਏ ਜਿੰਨੂੰ ਧਰਮਰਾਜਾ॥7॥
ਧਰਮ ਕਾ ਮਨ ਚੰਚਲ ਚਿੱਤ ਧਾਰਿਆ। ਮਨ ਮਾਇਆ ਕਾ ਰੂਪ ਬਿਚਾਰਾ॥8॥
ਚੰਚਲ ਚੇਰੀ ਚਪਲ ਸ਼ਿਰਾਗਾ। ਯਾ ਕੇ ਪਰਸੇ ਸਰਬਸ ਜਾਗਾ ॥9॥

ਧਰਮਰਾਏ ਕਿਆ ਮਨ ਕਾ ਭਾਗੀ। ਵਿਸ਼ੇ ਵਾਸਨਾ ਸੰਗ ਸੇ ਜਾਗੀ॥10॥
ਆਦਿ ਪੁਰਸ਼ ਅਦਲੀ ਅਨਰਾਗੀ। ਧਰਮਰਾਏ ਦੀਆ ਦਿਲ ਸੇਂ ਤਿਆਗੀ ॥11॥
ਪੁਰਸ਼ ਲੋਕ ਸੇਂ ਦਿਆ ਢਹਾਈ। ਅਗਮ ਦੀਪ ਚਲਿ ਆਏ ਭਾਇ॥12॥
ਸਹਿਜ ਦਾਸ ਜਿਸ ਦੀਪ ਰਹੰਤਾ। ਕਾਰਣ ਕੌਂਨ ਕੌਂਨ ਕੁਲ ਪੰਥਾ॥13॥
ਧ੍ਰਮਰਾਏ ਬੋਲੇ ਦਰਬਾਨੀ। ਸੁਨੋ ਸਹਿਜ ਦਾਸ ਬ੍ਰਹਮਗਿਆਨੀ॥14॥
ਚੌਸਠ ਯਗ ਹਮ ਸੇਵਾ ਕਿਂਨ੍ਹੀਂ। ਪਰਸ਼ ਪ੍ਰਿਥਿਵੀ ਹਮ ਕੰ ਦਿਨੀਂ॥15॥
ਚੰਚਲ ਰੂਪ ਭਇਆ ਮਨ ਬੌਰਾ। ਮਨਮੋਹੀਨੀ ਠਗਿਆ ਭੌਂਰਾ॥16॥
ਸਤਿਪੁਰਸ਼ ਕੇ ਨਾ ਮਨ ਭਾਏ। ਪੁਰਸ਼ ਲੋਕ ਸੇ ਹਮ ਚਲ ਆਏ॥17॥
ਅਗਰ ਦੀਪ ਸੁਨਤ ਬਡਭਾਗੀ। ਸਹਿਜ ਦਾਸ ਮੇਟੋ ਮਨ ਪਾਗੀ॥18॥
ਬੋਲੇ ਸਹਿਜਦਾਸ ਦਿਲ ਦਾਨੀ। ਹਮ ਤੋ ਚਾਕਰ ਸਤ ਸਹਦਾਨੀ ॥19॥
ਸਤਿਪੁਰਸ਼ ਸੇ ਅਰਜ ਗੁਜਾਰੂੰ। ਜਬ ਤੁਮਹਾਰਾ ਬਿਵਾਣ ਉਤਾਰੂੰ ॥20॥
ਸਹਿਜ ਦਾਸ ਕੋ ਕਿਆ ਪਿਆਨਾ। ਸਤਲੋਕ ਲਿਆ ਪ੍ਰਵਾਨਾ॥21॥
ਸਤਿਪੁਰਸ਼ ਸਾਹਿਬ ਸਰਬੰਗੀ। ਅਵਿਗਤ ਅਦਲੀ ਅਚਲ ਅਭੰਗੀ॥22॥
ਧਰਮਰਾਏ ਤੁਮਹਰਾ ਦਰਬਾਨੀ। ਅਗਰ ਦੀਪ ਚਲਿ ਗਏ ਪ੍ਰਾਣੀ ॥23॥
ਕੌਨ ਹੁਕਮ ਕਰੀ ਅਰਜ ਅਵਾਜਾ। ਕਹਾਂ ਪਠਾਵੋ ਉਸ ਧਰਮਰਾਜਾ॥24॥
ਭਈ ਅਵਾਜ ਅਦਲੀ ਇੱਕ ਸਾਚਾ। ਵਿਸ਼ੇ ਲੋਕ ਜਾ ਤੀਨਹੂੰ ਵਾਚਾ॥25॥
ਸਹਿਜ ਵਿਮਾਨ ਚਲੇ ਅਧਿਕਾਈ। ਛਿਨ ਮੇਂ ਅਗਰ ਦੀਪ ਚਲਿ ਆਈ॥26॥
ਹਮਤੋ ਅਰਜ਼ ਕਰੀ ਅਨੁਰਾਗੀ। ਤੁਮਹ ਵਿਸ਼ਯ ਲੋਕ ਜਾਵੋ ਵਡਭਾਗੀ॥27॥
ਧਰਮਰਾਏ ਕੇ ਚਲੇ ਵਿਮਾਨਾ। ਮਾਨਸਰੋਵਰ ਆਏ ਪ੍ਰਾਨਾ॥28॥
ਮਾਨਸਰੋਵਰ ਰਹਨ ਨਾ ਪਾਏ। ਦਰੈ ਕਬੀਰਾ ਥਾਂਨਾ ਲਾਏ॥29॥
ਬੰਕਨਾਲ ਕਿ ਵਿਸ਼ਮੀ ਬਾਟੀ। ਤਹਾਂ ਕਬੀਰਾ ਰੋਕਿ ਘਾਟੀ॥30॥
ਇਨ ਪਾਂਚੋਂ ਮਿਲ ਜਗਤ ਬੰਧਾਨਾ। ਲੱਖ ਚੌਰਾਸੀ ਜੀਵ ਸੰਤਾਨਾ॥31॥
ਬ੍ਰਹਮਾ ਵਿਸ਼ਨੂ ਮਹੇਸ਼ਵਰ ਮਾਇਆ। ਧਰਮਰਾਏ ਕਾ ਰਾਜ ਪਠਾਇਆ॥32॥
ਯੋਹ ਖੋਖਾ ਪੁਰ ਝੂਠੀ ਬਾਜੀ। ਭਿਸਤ ਬੈਕੁੰਠ ਦਗਾਸੀ ਸਾਜੀ॥33॥
ਕ੍ਰਿਤਿਮ ਜੀਵ ਭੂਲਾਂਨੇ ਭਾਈ। ਨਿਜ ਘਰ ਕਿ ਤੋ ਖਬਰ ਨਾ ਪਾਈ॥34॥
ਸਵਾ ਲਾਖ ਉਪਜੇ ਨਿਤ ਹੰਸਾ। ਏਕ ਲਾਖ ਵਿਨਸ਼ੇ ਨਿਤ ਅੰਸਾ॥35॥
ਉਪਤੀ ਖਪਤੀ ਯਾਹ ਪ੍ਰਲਯ ਫੇਰੀ। ਹਰਸ਼ ਸ਼ੋਕ ਜੌਂਰਾ ਜਮ ਜੇਰੀ॥36॥
ਪਾਂਚੋ ਤੱਤਵ ਹੈਂ ਪ੍ਰਲਅ ਮਾਂਹੀ। ਸਤਗੁਣ ਰਜਗੁਣ ਤਮਗੁਣ ਝਾਂਈ॥37॥
ਆਠੋਂ ਅੰਗ ਮਿਲੀ ਹੈ ਮਾਇਆ। ਪਿੰਡ ਬ੍ਰਹਿਮੰਡ ਸਕਲ ਭਰਮਾਇਆ॥38॥
ਯਾ ਮੇਂ ਸੁਰਤਿ ਸ਼ਬਦ ਕਿ ਡੋਰੀ। ਪਿੰਡ ਬ੍ਰਹਿਮੰਡ ਲਗੀ ਹੈ ਖੋਰੀ॥39॥
ਸ਼ਵਾਸਾ ਪਾਰਸ ਮਨ ਗਹ ਰਾਖੇ। ਖੋਲਹਿ ਕਪਾਟ ਅਮੀਰਸ ਚਾਖੋ॥40॥
ਸੁਨਾਊਂ ਹੰਸ ਸ਼ਬਦ ਸੁਨ ਦਾਸਾ। ਅਗਮ ਦੀਪ ਹੈ ਅਗ ਹੈ ਬਾਸਾ॥41॥
ਭਵਸਾਗਰ ਜਮ ਦੰਡ ਜਮਾਨਾ। ਧਰਮਰਾਏ ਕਾ ਹੈ ਤਲਬਾਂਨਾ॥42॥
ਪਾਚੋਂ ਉਪੱਰ ਪਦ ਕਿ ਨਗਰੀ। ਬਾਟ ਵਿਹੰਗਮ ਬੰਕਿ ਡਗਰੀ॥43॥
ਹਮਰਾ ਧਰਮਰਾਏ ਸੋਂ ਦਾਵਾ। ਭਵਸਾਗਰ ਮੇਂ ਜੀਵ ਭਰਮਾਵਾਂ॥44॥
ਹਮ ਤੋਂ ਕਹੈਂ ਅਗਮ ਕਿ ਬਾਣੀ। ਜਹਾਂ ਅਵਿਗਤ ਅਦਲੀ ਆਪ ਬਿਨਾਨੀ॥45॥
ਬੰਦੀ ਛੋੜ ਹਮਾਰਾ ਨਾਮੰ। ਅਜਰ ਅਮਰ ਹੈ ਅਸਥਿਰ ਠਾਮੰ॥46॥

ਜੁਗਨ ਜੁਗਨ ਹਮ ਕਹਤੇ ਆਏ। ਜਮ ਜੋਂਰਾ ਸੇ ਹੰਸ ਛੁਟਾਏ॥47॥
ਜੋ ਕੋਈ ਮਾਂਨੇ ਸ਼ਬਦ ਹਮਾਰਾ। ਭਵਸਾਗਰ ਨਹੀਂ ਭਰਮੇਂ ਧਾਰਾ॥48॥
ਯਾ ਮੇਂ ਸੁਰਤਿ ਸ਼ਬਦ ਕਾ ਲੇਖਾ। ਤਨ ਅੰਦਰ ਮਨ ਕਹੋ ਕਿੰਨ੍ਹੀ ਦੇਖਾ॥49॥
ਦਾਸ ਗਰੀਬ ਅਗਮ ਕਿ ਬਾਣੀ। ਖੋਜਾ ਹੰਸਾ ਸ਼ਬਦ ਸਹਦਾਨੀ॥50॥

**ਉਪਰੋਕਤ ਅੰਮ੍ਰਿਤਬਾਣੀ ਦਾ ਭਾਵਅਰਥ ਹੈ ਕਿ ਆਦਰਣੀਏਂ ਗਰੀਬਦਾਸ ਸਾਹਿਬ ਜੀ ਕਿਹ ਰਹੇ ਹਨ ਕਿ ਇੱਥੇ ਪਹਿਲਾਂ ਕੇਵਲ ਅੰਧੇਰਾ ਸੀ ਅਤੇ ਪੂਰਣ ਪ੍ਰਮਾਤਮਾ ਕਬੀਰ ਸਾਹਿਬ ਜੀ ਸਤਲੋਕ ਵਿੱਚ ਤਖ਼ਤ (ਸਿੰਘਾਸਣ) ਉੱਤੇ ਵਿਰਾਜਮਾਨ ਸੀ। ਅਸੀਂ ਉੱਥੇ ਚਾਕਰ ਸੀ। ਪ੍ਰਮਾਤਮਾ ਨੇ ਜੋਤੀ ਨਿਰੰਜਨ ਨੂੰ ਉਤਪੰਨ ਕੀਤਾ। ਫਿਰ ਉਸਦੇ ਤਪ ਦੇ ਪ੍ਰਤੀਫ਼ਲ ਵਿੱਚ ਇੱਕੀ ਬ੍ਰਹਿਮੰਡ ਪ੍ਰਦਾਨ ਕਿਤੇ। ਫਿਰ ਮਾਇਆ (ਪ੍ਰਕ੍ਰਿਤੀ) ਦੀ ਉਤਪੱਤੀ ਕੀਤੀ। ਯੁਵਾ ਦੁਰਗਾ ਦੇ ਰੂਪ ਉਤੇ ਮੋਹਿਤ ਹੋ ਕੇ ਜੋਤੀ ਨਿਰੰਜਨ (ਬ੍ਰਹਮ) ਨੇ ਦੁਰਗਾ (ਪ੍ਰਕ੍ਰਿਤੀ) ਨਾਲ ਬਲਾਤਾਕਾਰ ਕਰਨ ਦੀ ਕੋਸ਼ਿਸ਼ ਕੀਤੀ। ਬ੍ਰਹਮ ਨੂੰ ਉਸਦੀ ਸਜ਼ਾ ਮਿਲੀ। ਉਸਨੂੰ ਸਤਲੋਕ ਵਿੱਚੋਂ ਕੱਢ ਦਿੱਤਾ ਗਿਆ ਅਤੇ ਸ਼ਰਾਪ ਲੱਗਿਆ ਕਿ ਇੱਕ ਲੱਖ ਮਾਨਵ ਸਰੀਰ ਧਾਰੀ ਪ੍ਰਾਣੀਆਂ ਦਾ ਪ੍ਰਤੀਦਿਨ ਆਹਾਰ ਕਰੇਗਾ, ਸਵਾ ਲੱਖ ਉਤਪੰਨ ਕਰੇਗਾ। ਇੱਥੇ ਸਰਵ ਪ੍ਰਾਣੀ ਜਨਮ-ਮ੍ਰਿਤੂ ਦਾ ਕਸ਼ਟ ਉਠਾਅ ਰਹੇ ਹਾਂ। ਜੇ ਕੋਈ ਪੂਰਣ ਪ੍ਰਮਾਤਮਾ ਦਾ ਵਾਸਤਵਿਕ ਸ਼ਬਦ (ਸੱਚਾਨਾਮ ਜਾਪ ਮੰਤ੍ਰ) ਸਾਡੇ ਤੋਂ ਪ੍ਰਾਪਤ ਕਰੇਗਾ, ਉਸਨੂੰ ਕਾਲ ਦੇ ਬੰਧਨ ਤੋਂ ਛੁੱਟਵਾ ਦੇਵਾਂਗੇ। ਹਮਾਰਾ ਬੰਦੀਛੋੜ ਨਾਮ ਹੈ। ਆਦਰਣੀਏਂ ਗਰੀਬਦਾਸ ਜੀ ਆਪਣੇ ਗੁਰੂ ਅਤੇ ਪ੍ਰਭੂ ਕਬੀਰ ਪ੍ਰਮਾਤਮਾ ਦੇ ਆਧਾਰ'ਤੇ ਕਿਹ ਰਹੇ ਹਨ ਕਿ ਸੱਚੇ ਮੰਤਰ ਅਰਥਾਤ ਸਤਿਨਾਮ ਤੇ ਸਾਰਸ਼ਬਦ ਦੀ ਪ੍ਰਾਪਤੀ ਕਰ ਲਉ, ਪੂਰਣ ਮੋਕਸ਼ ਹੋ ਜਾਵੇਗਾ। ਨਹੀਂ ਤਾਂ ਨਕਲੀ ਨਾਮ ਦਾਤਾ ਸੰਤਾਂ ਤੇ ਮਹੰਤਾਂ ਦੀ ਮਿੱਠੀਆਂ-ਮਿੱਠੀਆਂ ਗੱਲਾਂ ਵਿੱਚ ਫਸਕੇ ਸ਼ਾਸਤਰ ਵਿਧੀ ਰਹਿਤ ਸਾਧਨਾਂ ਕਰਕੇ ਕਾਲ ਜਾਲ ਵਿੱਚ ਰਹਿ ਜਾਵੋਗੇ। ਫਿਰ ਕਸ਼ਟ ਉੱਤੇ ਕਸ਼ਟ ਉਠਾਓਗੇ।**

॥ ਗਰੀਬਦਾਸ ਜੀ ਮਹਾਰਾਜ ਜੀ ਦੀ ਬਾਣੀ ॥

**(ਸਤਿ ਗ੍ਰੰਥ ਸਾਹਿਬ ਪ੍ਰਸ਼ਠ ਨੰ. 690 ਦੇ ਸਹਾਭਾਰ)**

ਮਾਇਆ ਆਦਿ ਨਿਰੰਜਨ ਭਾਈ, ਅਪਨੇ ਜਾਏ ਆਪੇ ਖਾਈ।
ਬ੍ਰਹਮਾ ਵਿਸ਼ਨੂ ਮਹੇਸ਼ਵਰ ਚੇਲਾ, ਓਮ ਸੋਹੰ ਕਾ ਹੈ ਖੇਲਾ॥
ਸਿਖਰ ਸੁੰਨ ਮੇ ਧਰਮ ਅਨਿਆਈ, ਜਿਨ ਸ਼ਕਤੀ ਡਾਇਨ ਮਹਿਲ ਪਠਾਈ॥
ਲਾਖ ਗਰਾਸ ਨਿੱਤ ਉੱਠ ਦੂਤੀ, ਮਾਇਆ ਆਦਿ ਤਖ਼ਤ ਕੀ ਕੁੱਤੀ॥
ਸਵਾ ਲਾਖ ਘੜੀਏ ਨਿੱਤ ਭਾਂਡੇ, ਹੰਸਾ ਉਤਪਤੀ ਪਰਲੈ ਡਾਂਡੇ।
ਯੇ ਤੀਨੋਂ ਚੇਲਾ ਬਟਪਾਰੀ, ਸਿਰਜੇ ਪੁਰਸ਼ਾ ਸਿਰਜੀ ਨਾਰੀ॥
ਖੋਖਾਪੁਰ ਮੇਂ ਜੀਵ ਭੁਲਾਏ, ਸਵਪਨਾ ਬਹਿਸ਼ਤ ਬੈਕੁੰਠ ਬਨਾਏ।
ਯੋ ਹਰਹਟ ਕਾ ਕੁਆ ਲੋਈ, ਯਾ ਗਲ ਬੰਧਯਾ ਹੈ ਸਬ ਕੋਈ॥
ਕੀੜੀ ਕੁੰਜਰ ਔਰ ਅਵਤਾਰਾ, ਹਰਹਟ ਡੋਰੀ ਬੰਧੇ ਕਈ ਬਾਰਾ।
ਅਰਬ ਅਲੀਲ ਇੰਦਰ ਹੈਂ ਭਾਈ, ਹਰਹਟ ਡੋਰੀ ਬੰਧੇ ਸਭ ਆਈ॥
ਸ਼ੇਸ਼ ਮਹੇਸ਼ ਗਣੇਸ਼ਵਰ ਤਾਹੀਂ, ਹਰਹਟ ਡੋਰੀ ਬੰਧੇ ਸਭ ਆਹੀਂ।
ਸ਼ੁਕਰਾਦਿਕ ਬ੍ਰਹਮਾਦਿਕ ਦੇਵਾ, ਹਰਹਟ ਡੋਰੀ ਬੰਧੇ ਸਬ ਖੇਵਾ॥
ਕੋਟਿਕ ਕਰਤਾ ਫਿਰਤਾ ਦੇਖਿਆ, ਹਰਹਟ ਡੋਰੀ ਕਹੂੰ ਸੁਨ ਲੇਖਾ।
ਚਤੁਰਭੁਜੀ ਭਗਵਾਨ ਕਹਾਵੈ, ਹਰਹਟ ਡੋਰੀ ਬੰਧੇ ਸਬ ਆਵੈਂ॥
ਯੇ ਹੈ ਖੋਖਾਪੁਰ ਕਾ ਕੁਆ, ਯਾ ਮੇ ਪੜਾ ਸੋ ਨਿਸ਼ਚੇ ਮੂਵਾ॥

ਜੋਤੀ ਨਿਰੰਜਨ (ਕਾਲਬਲੀ) ਦੇ ਵਸ਼ ਹੋਕੇ ਇਹ ਤਿੰਨੋਂ ਦੇਵਤਾ (ਰਜਗੁਣ-ਬ੍ਰਹਮਾ, ਸਤਗੁਣ-ਵਿਸ਼ਣੂ, ਤਮਗੁਣ-ਸ਼ਿਵ) ਆਪਣੀ ਮਹਿਮਾ ਦਿਖਾਕੇ ਜੀਵਾਂ ਨੂੰ ਸਵਰਗ ਨਰਕ ਅਤੇ ਭਵਸਾਗਰ ਵਿੱਚ (ਲੱਖ ਚੌਰਾਸੀ ਜੂਨੀਆਂ ਵਿੱਚ) ਭਟਕਾਉਂਦੇ ਰਹਿੰਦੇ ਹਨ। ਜੋਤੀ ਨਿਰੰਜਨ ਆਪਣੀ ਮਾਇਆ ਨਾਗਣੀ ਦੀ ਤਰ੍ਹਾਂ ਜੀਵਾਂ ਨੂੰ ਪੈਦਾ ਕਰਦੇ ਹਨ ਅਤੇ ਫਿਰ ਮਾਰ ਦਿੰਦੇ ਹਨ। ਜਿਸ ਤਰ੍ਹਾਂ ਨਾਗਣੀ ਆਪਣੀ ਪੂਛ ਨਾਲ ਅੰਡਿਆਂ ਦੇ ਚਾਰੇ ਪਾਸੇ ਕੁੰਡਲੀ ਬਣਾਉਂਦੀ ਹੈ ਫਿਰ ਉਨ੍ਹਾਂ ਅੰਡਿਆਂ ਉੱਤੇ ਆਪਣਾ ਫਣ ਮਾਰਦੀ ਹੈ। ਜਿਸ ਨਾਲ ਅੰਡਾ ਫੁੱਟ ਜਾਂਦਾ ਹੈ। ਉਸ ਵਿੱਚੋਂ ਬੱਚਾ ਨਿੱਕਲ ਜਾਂਦਾ ਹੈ। ਉਸਨੂੰ ਨਾਗਣੀ ਖਾ ਜਾਂਦੀ ਹੈ। ਫਣ ਮਾਰਦੇ ਸਮੇਂ ਕਈ ਅੰਡੇ ਟੁੱਟ ਜਾਂਦੇ ਹਨ ਕਿਉਂਕਿ ਨਾਗਣੀ ਦੇ ਕਾਫ਼ੀ ਅੰਡੇ ਹੁੰਦੇ ਹਨ। ਜੋ ਅੰਡੇ ਫੁੱਟਦੇ ਹਨ ਉਨ੍ਹਾਂ ਵਿੱਚੋਂ ਬੱਚੇ ਨਿਕਲਦੇ ਹਨ ਜੇਕਰ ਕੋਈ ਬੱਚਾ ਕੁੰਡਲੀ (ਸੱਪਣੀ ਦੀ ਪੂਛ ਦਾ ਘੇਰਾ) ਤੋਂ ਬਾਹਰ ਨਿਕਲ ਜਾਂਦਾ ਹੈ ਤਾਂ ਉਹ ਬੱਚਾ ਬਚ ਜਾਂਦਾ ਹੈ ਨਹੀਂ ਤਾਂ ਕੁੰਡਲੀ ਵਿੱਚ ਉਹ (ਨਾਗਣੀ) ਨਹੀਂ ਛੱਡਦੀ। ਜਿੰਨੇ ਬੱਚੇ ਉਸ ਕੁੰਡਲੀ ਦੇ ਅੰਦਰ ਹੁੰਦੇ ਹਨ ਉਨ੍ਹਾਂ ਸਭ ਨੂੰ ਉਹ ਖਾ ਜਾਂਦੀ ਹੈ।


ਮਾਇਆ ਕਾਲੀ ਨਾਗਿਨੀ, ਅਪਨੇ ਜਾਏ ਖਾਤ।
ਕੁੰਡਲੀ ਮੇਂ ਛੋਡੇ ਨਹੀਂ, ਯਾ ਸੋ ਬਾਤੋਂ ਕੀ ਬਾਤ॥

ਇਸ ਤਰ੍ਹਾਂ ਇਹ ਕਾਲਬਲੀ ਦਾ ਜਾਲ ਹੈ। ਨਿਰੰਜਨ ਤੱਕ ਦੀ ਭਗਤੀ ਪੂਰੇ ਸੰਤ ਤੋਂ ਨਾਮ ਲੈਕੇ ਕਰੋਗੇ ਤਾਂ ਵੀ ਇਸ ਨਿਰੰਜਨ ਦੀ ਕੁੰਡਲੀ (ਇੱਕਿ ਬ੍ਰਹਿਮੰਡਾਂ) ਤੋਂ ਬਾਹਰ ਨਹੀਂ ਨਿਕਲ ਸਕਦੇ। ਸਵੈਂ ਬ੍ਰਹਮਾ, ਵਿਸ਼ਣੂ, ਮਹੇਸ਼ ਆਦਿ ਮਾਇਆ ਸ਼ੇਰਾਂ ਵਾਲੀ ਵੀ ਨਿਰੰਜਨ ਦੀ ਕੁੰਡਲੀ ਵਿੱਚ ਹੀ ਹਨ। ਇਹ ਬੇਚਾਰੇ ਅਵਤਾਰ ਧਾਰਕੇ ਆਉਂਦੇ ਹਨ ਅਤੇ ਜਨਮ-ਮ੍ਰਿਤੂ ਦਾ ਚੱਕਰ ਕੱਟਦੇ ਰਹਿੰਦੇ ਹਨ। ਇਸਲਈ ਵਿਚਾਰ ਕਰੋ ਸੋਹੰ ਜਾਪ ਜੋ ਕਿ ਧਰੂਵ ਅਤੇ ਪ੍ਰਹਿਲਾਦ ਤੇ ਸੁਖਦੇਵ ਰਿਸ਼ੀ ਨੇ ਜੱਪਿਆ, ਉਹ ਵੀ ਪਾਰ ਨਹੀਂ ਹੋਏ। ਕਿਉਂਕਿ ਸ਼੍ਰੀ ਵਿਸ਼ਣੂ ਪੁਰਾਣ ਦੇ ਪ੍ਰਥਮ ਅੰਸ਼ ਅਧਿ: 12 ਦੇ ਸਲੋਕ 93 ਵਿੱਚ ਪ੍ਰਸ਼ਠ 51 ਉੱਤੇ ਲਿਖਿਆ ਹੈ ਕਿ ਧਰੁਵ ਕੇਵਲ ਇੱਕ ਕਲਪ ਅਰਥਾਤ ਇੱਕ ਹਜ਼ਾਰ ਚਤੁਰਯੁੱਗ ਤੱਕ ਹੀ ਮੁਕਤ ਹੈ। ਇਸਲਈ ਕਾਲ ਲੋਕ ਵਿੱਚ ਹੀ ਰਹੇ ਅਤੇ 'ਓਮ ਨਮਹ ਭਗਵਤੇ ਵਾਸੁਦੇਵਾਅ' ਮੰਤਰ ਜਾਪ ਕਰਨ ਵਾਲੇ ਭਗਤ ਵੀ ਕ੍ਰਿਸ਼ਨ ਤੱਕ ਦੀ ਭਗਤੀ ਕਰ ਰਹੇ ਹਨ, ਉਹ ਵੀ ਚੌਰਾਸੀ ਲੱਖ ਜੂਨੀਆਂ ਦੇ ਚੱਕਰ ਕੱਟਣ ਤੋਂ ਨਹੀਂ ਬਚ ਸਕਦੇ। ਇਹ ਪਰਮ ਪੂਜਨੀਏਂ ਕਬੀਰ ਸਾਹਿਬ ਜੀ ਤੇ ਆਦਰਣੀਏਂ ਗਰੀਬਦਾਸ ਸਾਹਿਬ ਜੀ ਮਹਾਰਾਜ ਦੀ ਬਾਣੀ ਪ੍ਰਤੱਖ ਪ੍ਰਮਾਣ ਦਿੰਦੀ ਹੈ।

ਅਨੰਤ ਕੋਟਿ ਅਵਤਾਰ ਹੈਂ, ਮਾਇਆ ਕੇ ਗੋਵਿੰਦ।
ਕਰਤਾ ਹੋ ਹੋ ਅਵਤਰੇ, ਬਹੁਰ ਪੜੇ ਜਗ ਫੰਦ॥

ਸਤਿਪੁਰਸ਼ ਕਬੀਰ ਸਾਹਿਬ ਜੀ ਦੀ ਭਗਤੀ ਨਾਲ ਹੀ ਜੀਵ ਮੁਕਤ ਹੋ ਸਕਦਾ ਹੈ। ਜਦ ਤੱਕ ਜੀਵ ਸਤਲੋਕ ਵਿੱਚ ਵਾਪਸ ਨਹੀਂ ਚਲਾ ਜਾਵੇਗਾ। ਤਦ ਤੱਕ ਕਾਲ ਲੋਕ ਵਿੱਚ ਇਸੇ ਤਰ੍ਹਾਂ ਕਰਮ ਕਰੇਗਾ ਅਤੇ ਕੀਤੀ ਹੋਈ ਨਾਮ ਤੇ ਦਾਨ ਧਰਮ ਦੀ ਕਮਾਈ ਸਵਰਗ ਰੂਪੀ ਹੋਟਲਾਂ ਵਿੱਚ ਖਤਮ ਕਰਕੇ ਵਾਪਸ ਕਰਮ ਆਧਾਰ ਨਾਲ ਚੌਰਾਸੀ ਲੱਖ ਪ੍ਰਕਾਰ ਦੇ ਪ੍ਰਾਣੀਆਂ ਦੇ ਸਰੀਰ ਵਿੱਚ ਕਸ਼ਟ ਭੋਗਣ ਵਾਲੇ ਕਾਲ ਲੋਕ ਦੇ ਚੱਕਰ ਕੱਟਦਾ ਰਹੇਗਾ। ਮਾਇਆ (ਦੁਰਗਾ) ਤੋਂ ਉਤਪੰਨ ਹੋਕੇ ਕਰੋੜਾਂ ਗੋਵਿੰਦ (ਬ੍ਰਹਮਾ-ਵਿਸ਼ਣੂ-ਸ਼ਿਵ) ਮਰ ਚੁੱਕੇ ਹਨ। ਭਗਵਾਨ ਦਾ ਅਵਤਾਰ ਬਣਕੇ ਆਏ ਸੀ।

ਫਿਰ ਕਰਮ ਬੰਧਨ ਵਿੱਚ ਬੰਨ੍ਹਕੇ ਕਰਮਾਂ ਨੂੰ ਭੋਗਕੇ ਚੌਰਾਸੀ ਲੱਖ ਜੂਨੀਆਂ ਵਿੱਚ ਚਲੇ ਗਏ। ਜਿਵੇਂ ਭਗਵਾਨ ਵਿਸ਼ਣੂ ਜੀ ਨੂੰ ਦੇਵਰਿਸ਼ੀ ਨਾਰਦ ਦਾ ਸ਼ਰਾਪ ਲੱਗਿਆ। ਉਹ ਸ਼੍ਰੀ ਰਾਮਚੰਦਰ ਰੂਪ ਵਿੱਚ ਅਯੋਧਿਆ ਵਿੱਚ ਆਏ। ਫਿਰ ਸ਼੍ਰੀ ਰਾਮ ਜੀ ਰੂਪ ਵਿੱਚ ਬਾਲੀ ਦਾ ਵਧ




ਜੋਹ ਹਰਹਟ ਕਾ ਕੂਆਂ ਲੋਈ, ਯਾ ਗਲ ਬੰਧਿਆ ਹੈ ਸਭ ਕੋਈ।
ਕੀੜੀ ਕੁੰਜਰ ਔਰ ਅਵਤਾਰਾ, ਹਰਹਟ ਡੋਰੀ ਬੰਧੇ ਕਈ ਵਾਰਾ॥

## ਕਾਲ ਲੋਕ ਵਿੱਚ ਜਨਮ-ਮਰਣ ਰੂਪੀ ਹਰਹਟ (ਚੱਕਰ)

**ਕੀਤਾ ਸੀ। ਉਸ ਕਰਮ ਦਾ ਦੰਡ ਭੋਗਣ ਦੇ ਲਈ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਹੋਇਆ। ਫਿਰ ਬਾਲੀ ਵਾਲੀ ਆਤਮਾ ਸ਼ਿਕਾਰੀ ਬਣਿਆ ਅਤੇ ਆਪਣਾ ਪ੍ਰਤੀਸ਼ੋਧ ਲਿਆ। ਸ਼੍ਰੀ ਕ੍ਰਿਸ਼ਨ ਜੀ ਦੇ ਪੈਰ ਵਿੱਚ ਵਿਸ਼ੈਲਾ ਤੀਰ ਮਾਰਕੇ ਵਧ ਕੀਤਾ। ਮਹਾਰਾਜ ਗਰੀਬਦਾਸ ਜੀ ਆਪਣੀ ਬਾਣੀ ਵਿੱਚ ਕਹਿੰਦੇ ਹਨ:**

ਬ੍ਰਹਮਾ ਵਿਸ਼ਣੁ ਮਹੇਸ਼ਵਰ ਮਾਇਆ, ਔਰ ਧਰਮਰਾਏ ਕਹਿਏ ॥
ਇਨ ਪਾਚੋਂ ਮਿਲ ਪਰਪੰਚ ਬਨਾਇਆ, ਬਾਣੀ ਹਮਰੀ ਲਹੀਏ॥
ਇਨ ਪਾਚੋਂ ਮਿਲ ਜੀਵ ਅਟਕਾਏ, ਜੁਗਨ-ਜੁਗਨ ਹਮ ਆਨ ਛੁਡਾਏ॥
ਬੰਦੀ ਛੋੜ ਹਮਾਰਾ ਨਾਮੰ, ਅਜਰ ਅਮਰ ਹੈ ਅਸਥਿਰ ਠਾਮੰ॥
ਪੀਰ ਪੈਗੰਬਰ ਕੁਤੁਬ ਔਲੀਆ, ਸੁਰ ਨਰ ਮੁਨੀਜਨ ਗਿਆਨੀ।
ਯੇਤਾ ਕੋ ਤੋ ਰਾਹ ਨਾ ਪਾਇਆ, ਜਮ ਕੇ ਬੰਧੇ ਪ੍ਰਾਣੀ ॥
ਧਰਮਰਾਏ ਕੀ ਧੂਮਾ-ਧੂਮੀ, ਜਮ ਪਰ ਜੰਗ ਚਲਾਊਂ॥
ਜੌਰਾ ਕੋ ਤੋ ਜਾਨ ਨ ਦੂੰਗਾ, ਬਾਂਧ ਅਦਲ ਘਰ ਲਿਆਊਂ ॥
ਕਾਲ ਅਕਾਲ ਦੋ ਹੀ ਕੂ ਮੋਸੂੰ, ਮਹਾਂਕਾਲ ਸਿਰ ਮੂੰਡੂ ॥
ਮੈਂ ਤੋਂ ਤਖ਼ਤ ਹਜ਼ੂਰੀ ਹੁਕਮੀ, ਚੋਰ ਖੋਜ ਕੂੰ ਢੂੰਢੂ ॥
ਮੂਲਾ ਮਾਇਆ ਮਗ ਮੇਂ ਬੈਠੀ, ਹੰਸਾ ਚੰਨ-ਚੰਨ ਖਾਈ ।
ਜੋਤਿ ਸਵਰੂਪੀ ਭਆ ਨਿਰੰਜਨ, ਮੈਂ ਹੀ ਕਰਤਾ ਭਾਈ ॥
ਸੰਹਸ ਅਠਾਸੀ ਦੀਪ ਮੁਨੀਸ਼ਵਰ, ਬੰਧੇ ਮੂਲਾ ਡੋਰੀ।
ਏਤਆਂ ਮੇਂ ਜਮ ਕਾ ਤਲਬਾਨਾ, ਚਲੀਏ ਪੁਰਸ਼ ਕਿਸ਼ੋਰੀ॥
ਮੂਲਾ ਕਾ ਤੋ ਮਾਥਾ ਦਾਗੂੰ, ਸਤਿ ਕੀ ਮੋਹਰ ਕਰੂੰਗਾ।
ਪੁਰਸ਼ ਦੀਪ ਕੂੰ ਹੰਸ ਚਲਾਊਂ, ਦਰਾ ਨ ਰੋਕਣ ਦੂੰਗਾ॥
ਹਮ ਤੋ ਬੰਦੀ ਛੋੜ ਕਹਾਵਾਂ, ਧਰਮਰਾਏ ਹੈ ਚਕਵੈ ॥
ਸਤਲੋਕ ਕੀ ਸਕਲ ਸੁਨਾਵਾਂ, ਬਾਣੀ ਹਮਰੀ ਅਖਵੈ ॥
ਨੌਂ ਲੱਖ ਪੱਟਨ ਉੱਪਰ ਖੇਲੂੰ, ਸਾਹਦਰੇ ਕੂੰ ਰੋਕੂ ॥
ਦਵਾਦਸ ਕੋਟਿ ਕਟਕ ਸਬ ਕਾਟੂੰ, ਹੰਸ ਪਠਾਊਂ ਮੋਖੂੰ ॥
ਚੋਦਹ ਭਵਨ ਗਮਨ ਹੈ ਮੇਰਾ, ਜਲ ਥਲ ਮੇਂ ਸਰਬੰਗੀ।
ਖਾਲਿਕ ਖਲਕ ਖਲਕ ਮੇਂ ਖਾਲਿਕ, ਅਵਿਗਤ ਅਚਲ ਅਭੰਗੀ।
ਅਗਰ ਅਲੀਲ ਚੱਕਰ ਹੈ ਮੇਰਾ, ਜਿਤ ਸੇ ਹਮ ਚੱਲ ਆਏ।
ਪਾਚੋਂ ਪਰ ਪ੍ਰਵਾਨਾ ਮੇਰਾ, ਬੰਧ ਛੁਟਾਵਨ ਧਾਏ ॥
ਜਹਾਂ ਔਂਕਾਰ ਨਿਰੰਜਨ ਨਾਹੀਂ, ਬ੍ਰਹਮਾ ਵਿਸ਼ਨੂੰ ਵੇਦ ਨਾਹੀਂ ਜਾਹੀਂ।
ਜਹਾਂ ਕਰਤਾ ਨਹੀਂ ਜਾਨ ਭਗਵਾਨਾ, ਕਾਇਆ ਮਾਇਆ ਪਿੰਡ ਨ ਪ੍ਰਾਣਾ॥
ਪਾਂਚ ਤੱਤਵ ਤਿੰਨੋਂ ਗੁਣ ਨਾਹੀਂ, ਜੋਰਾ ਕਾਲ ਦੀਪ ਨਹੀਂ ਜਾਹੀਂ।
ਅਮਰ ਕਰੂੰ ਸਤਲੋਕ ਪਠਾਊਂ, ਤਾਂਤੈਂ ਬੰਦੀ ਛੋੜ ਕਹਾਊਂ॥

**ਕਬੀਰ ਪ੍ਰਮੇਸ਼ਵਰ (ਕਵਿਰਦੇਵ) ਦੀ ਮਹਿਮਾ ਦੱਸਦੇ ਹੋਏ ਆਦਰਣੀਏਂ ਗਰੀਬਦਾਸ ਸਾਹਿਬ ਜੀ ਕਿਹ ਰਹੇ ਹਨ ਕਿ ਸਾਡੇ ਪ੍ਰਭੂ ਕਬੀਰ (ਕਵਿਰਦੇਵ) ਬੰਦੀਛੋੜ ਹਨ। ਬੰਦੀਛੋੜ ਦਾ ਭਾਵਅਰਥ ਹੈ ਕਾਲ ਦੀ ਕਾਰਾਗਾਰ ਤੋਂ ਛੁਟਵਾਉਣ ਵਾਲਾ, ਕਾਲ ਬ੍ਰਹਮ ਦੇ ਇੱਕੀ ਬ੍ਰਹਿਮੰਡਾਂ ਵਿੱਚ ਸਰਵ ਪ੍ਰਾਣੀ ਪਾਪਾਂ ਦੇ ਕਾਰਨ ਕਾਲ ਦੇ ਬੰਦੀ ਹਨ। ਪੂਰਣ ਪ੍ਰਮਾਤਮਾ (ਕਵਿਰਦੇਵ) ਕਬੀਰ**

ਸਾਹਿਬ ਪਾਪ ਦਾ ਵਿਨਾਸ਼ ਕਰ ਦਿੰਦੇ ਹਨ। ਪਾਪਾਂ ਦਾ ਵਿਨਾਸ਼ ਨਾ ਬ੍ਰਹਮ, ਨਾ ਪਰਬ੍ਰਹਮ, ਨਾ ਹੀ ਬ੍ਰਹਮਾ, ਵਿਸ਼ਣੂ, ਸ਼ਿਵਜੀ ਕਰ ਸਕਦੇ ਹਨ। ਕੇਵਲ ਜੈਸਾ ਕਰਮ ਹੈ, ਉਸਦਾ ਵੈਸਾ ਹੀ ਫਲ ਦੇ ਦਿੰਦੇ ਹਨ। ਇਸ ਲਈ ਯਜੁਰਵੇਦ ਦੇ ਅਧਿ:5 ਦੇ ਮੰਤ੍ਰ 32 ਵਿੱਚ ਲਿਖਿਆ ਹੈ 'ਕਵਿਰੰਘਾਰਿਰਸਿ' ਕਵਿਰ ਦੇਵ (ਕਬੀਰ ਪ੍ਰਮੇਸ਼ਵਰ) ਪਾਪਾਂ ਦਾ ਸ਼ਤਰੂ ਹੈ, "ਬੰਭਾਰਿਰਸਿ ਬੰਧਨਾਂ ਦਾ ਸ਼ਤਰੂ ਅਰਥਾਤ ਬੰਦੀਛੋੜ ਹੈ।

ਇਨ੍ਹਾਂ ਪੰਜਾਂ (ਬ੍ਰਹਮਾ-ਵਿਸ਼ਣੁ-ਸ਼ਿਵ-ਮਾਇਆ ਅਤੇ ਧਰਮਰਾਏ) ਤੋਂ ਉੱਪਰ ਸਤਿਪੁਰਸ਼ ਪ੍ਰਮਾਤਮਾ (ਕਵਿਰਦੇਵ) ਹੈ। ਜੋ ਸਤਲੋਕ ਦਾ ਮਾਲਿਕ ਹੈ। ਬਾਕਿ ਸਭ ਪਰਬ੍ਰਹਮ-ਬ੍ਰਹਮ ਅਤੇ ਬ੍ਰਹਮਾ-ਵਿਸ਼ਣੂ-ਸ਼ਿਵਜੀ ਆਦਿ ਮਾਇਆ ਨਾਸ਼ਵਾਨ ਪ੍ਰਮਾਤਮਾ ਹਨ। ਮਹਾਂਪ੍ਰਲਅ ਵਿੱਚ ਇਹ ਸਭ ਅਤੇ ਇਨ੍ਹਾਂ ਦੇ ਲੋਕ ਸਮਾਪਤ ਹੋ ਜਾਣਗੇ। ਆਮ ਜੀਵ ਤੋਂ ਕਈ ਹਜ਼ਾਰ ਗੁਣਾਂ ਜਿਆਦਾ ਲੰਬੀ ਇਨ੍ਹਾਂ ਦੀ ਉਮਰ ਹੈ। ਪ੍ਰੰਤੂ ਜੋ ਸਮਾਂ ਨਿਰਧਾਰਿਤ ਹੈ ਉਹ ਇੱਕ ਦਿਨ ਪੂਰਾ ਜ਼ਰੂਰ ਹੋਵੇਗਾ। ਆਦਰਣੀਏਂ ਗਰੀਬਦਾਸ ਜੀ ਮਹਾਰਾਜ ਕਿਹੰਦੇ ਹਨ:

ਸ਼ਿਵ ਬ੍ਰਹਮਾ ਕਾ ਰਾਜ, ਇੰਦਰ ਗਿਨਤੀ ਕਹਾਂ।
ਚਾਰ ਮੁਕਿਤ ਬੈਕੁੰਠ ਸਮਝ, ਯੇਤਾ ਲਹਾ॥
ਸੰਖ ਜੁਗਨ ਕਿ ਜੂਨੀ, ਉਮਰ ਬੜ ਧਾਰੀਆ। ਜਾ ਜਨਨੀ ਕੁਰਬਾਨ, ਸੁ ਕਾਗਜ ਪਾਰਿਆ॥
ਯੇਤੀ ਉਮਰ ਬੁੰਲਦ ਮਰੇਗਾ ਅੰਤ ਰੇ। ਸਤਿਗੁਰ ਲਗੇ ਨ ਕਾਨ, ਨ ਭੇਂਟੇ ਸੰਤ ਰੇ॥

ਚਾਹੇ ਸੰਖ ਯੁੱਗ ਦੀ ਲੰਬੀ ਉਮਰ ਵੀ ਕਿਉਂ ਨਾ ਹੋਵੇ ਉਹ ਇੱਕ ਦਿਨ ਖ਼ਤਮ ਜ਼ਰੂਰ ਹੋਵੇਗੀ। ਜੇਕਰ ਸਤਿਪੁਰਸ਼ ਪ੍ਰਮਾਤਮਾ (ਕਵਿਰਦੇਵ) ਕਬੀਰ ਸਾਹਿਬ ਦੇ ਨੁਮਾਇੰਦੇ ਪੂਰਣ ਸੰਤ (ਗੁਰੂ) ਜੋ ਤਿੰਨ ਨਾਮ ਦਾ ਮੰਤਰ (ਜਿਸ ਵਿੱਚ ਓਮ+ਤੱਤ+ਸਤਿ ਸੰਕੇਤਿੱਕ ਹਨ) ਦਿੰਦਾ ਹੈ ਉਸਨੂੰ ਪੂਰਣ ਸੰਤ ਦੁਆਰਾ ਨਾਮ ਦਾਨ ਕਰਨ ਦਾ ਆਦੇਸ਼ ਹੈ, ਉਸਤੋਂ ਉਪਦੇਸ਼ ਲੈ ਕੇ ਕਮਾਈ ਕਰਾਂਗੇ ਤਾਂ ਅਸੀਂ ਸਤਲੋਕ ਦੇ ਅਧਿਕਾਰੀ ਹੰਸ ਹੋ ਸਕਦੇ ਹਾਂ। ਸਤਿ ਸਾਧਨਾ ਬਿਨਾਂ ਬਹੁਤ ਲੰਬੀ ਉਮਰ ਕੋਈ ਕੰਮ ਨਹੀਂ ਆਵੇਗੀ ਕਿਉਂਕਿ ਨਿਰੰਜਨ ਲੋਕ ਵਿੱਚ ਦੁੱਖ ਹੀ ਦੁੱਖ ਹਨ।

ਕਬੀਰ, ਜੀਵਨਾ ਤੋਂ ਥੋੜ੍ਹਾ ਹੀ ਭਲਾ, ਜੇ ਸਤਿ ਸੁਮਰਨ ਹੋਯ ॥
ਲਾਖ ਵਰਸ਼ ਕਾ ਜੀਵਨਾ, ਲੇਖੈ ਧਰੈ ਨਾ ਕੋਏ॥

ਕਬੀਰ ਸਾਹਿਬ ਆਪਣੀ ਪੂਰਣ ਬ੍ਰਹਮ ਦੀ ਜਾਣਕਾਰੀ ਖੁਦ ਹੀ ਦੱਸਦੇ ਹਨ ਕਿ ਇਸ ਪ੍ਰਭੂਆਂ ਤੋਂ ਉੱਪਰ ਅਸੰਖ ਭੁਜਾ ਦਾ ਪ੍ਰਮਾਤਮਾ ਸਤਿਪੁਰਸ਼ ਹੈ ਜੋ ਕਿ ਸਤਲੋਕ (ਸੱਚਖੰਡ, ਸਤਿਧਾਮ) ਵਿੱਚ ਰਹਿੰਦਾ ਹੈ ਅਤੇ ਉਸਦੇ ਅੰਤਰਗਤ ਸਰਵ ਲੋਕ (ਬ੍ਰਹਮ (ਕਾਲ) ਦੇ 21 ਬ੍ਰਹਿਮੰਡ ਤੇ ਬ੍ਰਹਮਾ, ਵਿਸ਼ਣੂ, ਸ਼ਿਵ ਸ਼ਕਤੀ ਦੇ ਲੋਕ ਅਤੇ ਪਰਬ੍ਰਹਮ ਦੇ ਸੱਤ ਸੰਖ ਬ੍ਰਹਿਮੰਡ ਤੇ ਹੋਰ ਸਰਵ ਬ੍ਰਹਿਮੰਡ) ਆਉਂਦੇ ਹਨ ਤੇ ਉੱਥੇ ਸਤਿਨਾਮ-ਸਾਰਨਾਮ ਦੇ ਜਾਪ ਦੁਆਰਾ ਜਾਇਆ ਜਾਵੇਗਾ ਜੋ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਸੱਚਖੰਡ (ਸਤਲੋਕ) ਵਿੱਚ ਜੋ ਆਤਮਾ ਚਲੀ ਜਾਂਦੀ ਹੈ ਉਸਦਾ ਪੁਨਰ ਜਨਮ ਨਹੀਂ ਹੁੰਦਾ। ਸਤਿਪੁਰਸ਼ (ਪੂਰਣਬ੍ਰਹਮ) ਕਬੀਰ ਸਾਹਿਬ (ਕਵਿਰਦੇਵ) ਹੀ ਹੋਰ ਲੋਕਾਂ ਵਿੱਚ ਆਪ ਹੀ ਭਿੰਨ-ਭਿੰਨ ਨਾਂਵਾਂ ਨਾਲ ਵਿਰਾਜਮਾਨ ਹਨ। ਜਿਵੇਂ ਅਲਖ ਲੋਕ ਵਿੱਚ ਅਲਖ ਪੁਰਸ਼, ਅਗਮ ਲੋਕ ਵਿੱਚ ਅਗਮ ਪੁਰਸ਼ ਅਤੇ ਅਕਹਿ ਲੋਕ ਵਿੱਚ ਅਨਾਮੀ ਪੁਰਸ਼ ਰੂਪ ਵਿੱਚ ਵਿਰਾਜ਼ਮਾਨ ਹਨ। ਇਹ ਤਾਂ ਉਪਮਾਤਮਿਕ ਨਾਮ ਹਨ ਪ੍ਰੰਤੂ ਵਾਸਤਵਿਕ ਨਾਮ ਉਸ ਪੂਰਣ ਪੁਰਸ਼ ਦਾ ਕਵਿਰ ਦੇਵ (ਭਾਸ਼ਾ ਭਿੰਨ ਹੋਕੇ ਕਬੀਰ ਸਾਹਿਬ) ਹੈ ।

## "ਆਦਰਣੀਏਂ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ ਸ੍ਰਿਸ਼ਟੀ ਰਚਨਾ ਦਾ ਸੰਕੇਤ"

**ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੀ ਅੰਮ੍ਰਿਤਬਾਣੀ, ਮਹੱਲਾ 1, ਰਾਗ ਬਿਲਾਵਲੁ ਅੰਸ਼ 1 (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਫਾ ਨੰ. 839)**

ਆਪੇ ਸਚੁ ਕੀਆ ਕਰ ਜੋੜਿ। ਅੰਡਜ ਫੋੜਿ ਜੋੜਿ ਵਿਛੋੜਿ॥
ਧਰਤਿ ਆਕਾਸ਼ ਕੀਏ ਬੈਸਣ ਕਉ ਥਾਉ। ਰਾਤਿ ਦਿਨੰਤੁ ਕਿਏ ਭਉ-ਭਾਉ॥
ਜਿਨਿ ਕੀਏ ਕਰਿ ਵੇਖਣਹਾਰਾ। (3)
ਤ੍ਰਿਤੀਆ ਬ੍ਰਹਮਾ-ਬਿਸਨੁ-ਮਹੇਸਾ। ਦੇਵੀ ਦੇਵ ਉਪਾਏ ਵੇਸਾ। (4)
ਪਉਣ ਪਾਣੀ ਅਗਨੀ ਬਿਸਰਾਉ॥ ਤਹੀ ਨਿਰੰਜਨੁ ਸਾਚੋ ਨਾਉ ॥
ਤਿਸੁ ਮਹਿ ਮਨੂਆ ਰਹਿਆ ਲਿਵ ਲਾਇ। ਪ੍ਰਣਵਤਿ ਨਾਨਕੁ ਕਾਲੁ ਨਾ ਖਾਇ॥ (10)

**ਉਪਰੋਕਤ ਅੰਮ੍ਰਿਤਵਾਣੀ ਦਾ ਅਰਥ ਹੈ ਕਿ ਸੱਚੇ ਪ੍ਰਮਾਤਮਾ (ਸਤਿਪੁਰਸ਼) ਨੇ ਆਪ ਹੀ ਆਪਣੇ ਹੱਥਾਂ ਨਾਲ ਸਰਵ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਉਸੀ ਨੇ ਅੰਡਾ ਬਣਾਇਆ ਫਿਰ ਤੋੜਿਆ ਅਤੇ ਉਸ ਵਿੱਚੋਂ ਜੋਤੀ ਨਿਰੰਜਨ ਨਿਕਲਿਆ। ਉਸੀ ਪੂਰਨ ਪ੍ਰਮਾਤਮਾ ਨੇ ਸਰਵ ਪ੍ਰਾਣੀਆਂ ਦੇ ਰਹਿਣ ਲਈ ਧਰਤੀ, ਆਕਾਸ਼, ਪਵਨ, ਪਾਣੀ ਆਦਿ ਪੰਜ ਤੱਤਵ ਰਚੇ। ਆਪਣੇ ਦੁਆਰਾ ਰਚੀ ਸ੍ਰਿਸ਼ਟੀ ਦਾ ਉਹ ਆਪ ਹੀ ਸ਼ਾਕਸ਼ੀ ਹੈ। ਦੂਸਰਾ ਕੋਈ ਸਹੀ ਜਾਣਕਾਰੀ ਨਹੀਂ ਦੇ ਸਕਦਾ। ਫਿਰ ਅੰਡੇ ਦੇ ਟੁੱਟਣ ਨਾਲ ਨਿਕਲੇ ਜੋਤੀ ਨਿਰੰਜਨ ਤੋਂ ਬਾਅਦ ਤਿੰਨੋਂ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ ਅਤੇ ਸ਼੍ਰੀ ਸ਼ਿਵ ਜੀ ਦੀ ਉਤਪਤੀ ਹੋਈ ਅਤੇ ਹੋਰ ਦੇਵੀ-ਦੇਵਤਾ ਪੈਦਾ ਹੋਏ ਅਤੇ ਅਣਗਿਣਤ ਜੀਵਾਂ ਦੀ ਉੱਤਪਤੀ ਹੋਈ। ਉਸਤੋਂ ਬਾਅਦ ਹੋਰ ਦੇਵਾਂ ਦੇ ਜੀਵਨ ਚਰਿੱਤਰ ਅਤੇ ਹੋਰ ਰਿਸ਼ੀਆਂ ਦੇ ਅਨੁਭਵ ਦੇ ਛੇ ਸ਼ਾਸਤਰ ਅਤੇ ਅਠਾਰਾਂ ਪੁਰਾਣ ਬਣ ਗਏ। ਪੂਰਣ ਪ੍ਰਮਾਤਮਾ ਦੇ ਸੱਚੇ ਨਾਮ (ਸਤਿਨਾਮ) ਦੀ ਸਾਧਨਾ ਮਨ ਤੋਂ ਕਰਕੇ ਅਤੇ ਗੁਰੂ ਮਰਿਆਦਾ ਵਿੱਚ ਰਹਿਣ ਵਾਲੇ (ਪ੍ਰਣਵਤ) ਨੂੰ ਸ਼੍ਰੀ ਨਾਨਕ ਜੀ ਕਹਿ ਰਹੇ ਹਨ ਕਿ ਕਾਲ ਨਹੀਂ ਖਾਂਦਾ।**

**ਰਾਗ ਮਾਰੂ (ਅੰਸ਼) ਅੰਮ੍ਰਿਤਵਾਣੀ ਮਹੱਲਾ 1 (ਗੁਰੂ ਗ੍ਰੰਥ ਸਾਹਿਬ ਸਫਾ ਨੂੰ 1037)**

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ। ਸੁੰਨੇ ਵਰਤੇ ਜੁਗ ਸਬਾਏ॥
ਇਸੁ ਪਦ ਬਿਚਾਰੇ ਸੋ ਜਨੁ ਪੂਰਾ। ਤਿਸੁ ਮਿਲੀਐ ਭਰਮੁ ਚੁਕਾਇਦਾ॥ (3)
ਸਾਮ ਵੇਦੁ ਰਿਗੁ ਜੁਜਰੁ ਅਥਰਬਣੁ। ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ॥
ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ॥ (9)

**ਉਪਰੋਕਤ ਅੰਮ੍ਰਿਤਬਾਣੀ ਦਾ ਸਾਰੰਸ਼ ਹੈ ਕਿ ਜੋ ਸੰਤ ਪੂਰਣ ਸ੍ਰਿਸ਼ਟੀ ਰਚਨਾ ਸੁਣਾ ਦੇਵੇਗਾ ਅਤੇ ਦੱਸੇਗਾ ਕਿ ਅੰਡੇ ਦੇ ਭਾਗ ਹੋਕੇ ਕੌਣ ਨਿਕਲਿਆ, ਜਿਸਨੇ ਫਿਰ ਬ੍ਰਹਮਲੋਕ ਦੀ ਸੁੰਨ ਵਿੱਚ ਅਰਥਾਤ ਗੁਪਤ ਸਥਾਨ ਉੱਤੇ ਬ੍ਰਹਮਾ-ਵਿਸ਼ਣੂ-ਸ਼ਿਵ ਜੀ ਦੀ ਉਤਪਤੀ ਕੀਤੀ ਅਤੇ ਉਹ ਪ੍ਰਮਾਤਮਾ ਕੌਣ ਹੈ ਜਿਸਨੇ ਬ੍ਰਹਮ (ਕਾਲ) ਦੇ ਮੂੰਹ ਤੋਂ ਚਾਰੋਂ ਵੇਦ (ਪਵਿੱਤਰ ਰਿਗਵੇਦ, ਯਜੁਰਵੇਦ, ਸਾਮਵੇਦ ਅੱਥਰਵਵੇਦ) ਨੂੰ ਉਚਾਰਣ ਕਰਵਾਇਆ, ਉਹ ਪੂਰਣ ਪ੍ਰਮਾਤਮਾ ਜਿਵੇਂ ਚਾਹੇ ਉਸੇ ਤਰ੍ਹਾਂ ਹੀ ਹਰ ਪ੍ਰਾਣੀ ਨੂੰ ਬੁਲਾਉਂਦਾ ਹੈ। ਇਸ ਸਾਰੇ ਗਿਆਨ ਨੂੰ ਪੂਰਣ ਦੱਸਣ ਵਾਲਾ ਸੰਤ ਮਿਲ ਜਾਵੇ ਤਾਂ ਉਸਦੇ ਕੋਲ ਜਾਉ ਅਤੇ ਜੋ ਸਭ ਸ਼ੰਕਾਂਵਾਂ ਦਾ ਪੂਰਣ ਨਿਵਾਰਨ ਕਰਦਾ ਹੈ, ਉਹੀ ਪੂਰਣ ਸੰਤ ਅਰਥਾਤ ਤੱਤਵਦਰਸ਼ੀ ਹੈ।**

**ਸ਼੍ਰੀ ਗੁਰੂ ਗ੍ਰੰਥ ਸਾਹਿਬ ਸਫਾ 929 ਅੰਮ੍ਰਿਤ ਬਾਣੀ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੀ ਰਾਗ ਰਾਮਕਲੀ ਮਹੱਲਾ 1 ਦੱਖਣੀ ਓਂਕਾਰ**

ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤ। ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ। ਓਅੰਕਾਰਿ ਸਬਦਿ ਉਧਰੇ। ਓਅੰਕਾਰਿ ਗੁਰਮੁਖਿ ਤਰੇ। ਓਨਮ ਅਖਰ ਸੁਣਹੁ ਬੀਚਾਰੁ। ਓਨਮ ਅਖਰੁ ਤ੍ਰਿਭਵਣ ਸਾਰੁ।

**ਉਪਰੋਕਤ ਅੰਮ੍ਰਿਤਬਾਣੀ ਵਿੱਚ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਕਹਿ ਰਹੇ ਹਨ ਕਿ ਓਅੰਕਾਰ ਅਰਥਾਤ ਜੋਤੀ ਨਿਰੰਜਨ (ਕਾਲ) ਤੋਂ ਬ੍ਰਹਮਾ ਜੀ ਦੀ ਉਤਪੱਤੀ ਹੋਈ। ਕਈ ਯੁੱਗ ਮਸਤੀ ਮਾਰ ਕੇ ਓਂਕਾਰ (ਬ੍ਰਹਮ) ਨੇ ਵੇਦਾਂ ਦੀ ਉਤਪੱਤੀ ਕੀਤੀ ਬ੍ਰਹਮਾ ਜੀ ਨੂੰ ਪ੍ਰਾਪਤ ਹੋਏ। ਤਿੰਨ ਲੋਕ ਦੀ ਭਗਤੀ ਤਾਂ ਕੇਵਲ ਓਮ ਮੰਤ੍ਰ ਹੀ ਵਾਸਤਵ ਜਾਪ ਕਰਨ ਦਾ ਹੈ। ਇਸ ਓਮ ਸ਼ਬਦ ਨੂੰ ਪੂਰੇ ਸੰਤ ਤੋਂ ਉਪਦੇਸ਼ ਲੈ ਕੇ ਅਰਥਾਤ ਗੁਰੂ ਧਾਰਨ ਕਰਕੇ ਜਾਪ ਕਰਨ ਨਾਲ ਉਦਾਰ ਹੁੰਦਾ ਹੈ ।**

**ਵਿਸ਼ੇਸ਼:- ਸ਼੍ਰੀ ਗੁਰੂ ਨਾਨਕ ਸਾਹਿਬ ਜੀ ਨੇ ਤਿੰਨੋਂ ਮੰਤਰਾਂ (ਓਮ+ਤੱਤ+ਸਤਿ) ਦਾ ਸਥਾਨ-ਸਥਾਨ ਉੱਤੇ ਰਹੱਸਮਈ ਵਿਵਰਣ ਦਿੱਤਾ ਹੈ। ਉਸਨੂੰ ਕੇਵਲ ਪੂਰਣ ਸੰਤ (ਤੱਤਵਦ੍ਰਸ਼ੀ ਸੰਤ) ਹੀ ਸਮਝ ਸਕਦਾ ਹੈ ਅਤੇ ਤਿੰਨੇ ਮੰਤਰਾਂ ਦੇ ਜਾਪ ਨੂੰ ਉਪਦੇਸ਼ੀ ਨੂੰ ਸਮਝਾਇਆ ਜਾਂਦਾ ਹੈ।**

(ਸਫਾ 1038) ਊਤਮ ਸਤਿਗੁਰ ਪੁਰਖ ਨਿਰਾਲੇ, ਸਬਦਿ ਰਤੇ ਹਰਿ ਰਸਿ ਮਤਵਾਲੇ।
ਰਿਧਿ ਬੁਧੀ ਸਿਧਿ ਗਿਆਨੁ ਗੁਰੂ ਤੇ ਪਾਈਐ, ਪੂਰੇ ਭਾਗ ਮਿਲਾਇਦਾ॥ (15)
ਸਤਿਗੁਰ ਤੇ ਪਾਏ ਵੀਚਾਰਾ, ਸੁੰਨ ਸਮਾਧਿ ਸਚੇ ਘਰਬਾਰਾ।
ਨਾਨਕ ਨਿਰਮਲ ਨਾਦੁ ਸ਼ਬਦ ਧੁਨਿ, ਸਚੁ ਰਾਮੈ ਨਾਮਿ ਸਮਾਇਦਾ (17) ॥5॥17॥

**ਉਪਰੋਕਤ ਅੰਮ੍ਰਿਤਬਾਣੀ ਦਾ ਭਾਵਅਰਥ ਹੈ ਕਿ ਵਾਸਤਵਿਕ ਗਿਆਨ ਦੇਣ ਵਾਲੇ ਸਤਿਗੁਰੂ ਤਾਂ ਨਿਰਾਲੇ ਹੀ ਹਨ, ਉਹ ਕੇਵਲ ਨਾਮ ਜਾਪ ਹੀ ਜੱਪਦੇ ਹਨ, ਹੋਰ ਹੱਠਯੋਗ ਸਾਧਨਾ ਨਹੀਂ ਦੱਸਦੇ ਜੇ ਆਪ ਨੂੰ ਧੰਨ-ਦੌਲਤ, ਪਦ, ਬੁੱਧੀ, ਜਾਂ ਭਗਤੀ ਸ਼ਕਤੀ ਵੀ ਚਾਹੀਦੀ ਹੈ ਤਾਂ ਉਹ ਭਗਤੀ ਮਾਰਗ ਦਾ ਗਿਆਨ ਪੂਰਣ ਸੰਤ ਹੀ ਪੂਰਾ ਪ੍ਰਦਾਨ ਕਰੇਗਾ, ਐਸਾ ਪੂਰਣ ਸੰਤ ਵੱਡੇ ਭਾਗਾਂ ਤੋਂ ਹੀ ਮਿਲਦਾ ਹੈ। ਉਹੀ ਪੂਰਣ ਸੰਤ ਵਿਵਰਣ ਦੱਸੇਗਾ ਕਿ ਉੱਪਰ ਸੁੰਨ (ਆਕਾਸ਼) ਵਿੱਚ ਆਪਣਾ ਵਾਸਤਵਿਕ ਘਰ (ਸਤਲੋਕ) ਪ੍ਰਮੇਸ਼ਵਰ ਨੇ ਰਚ ਰੱਖਿਆ ਹੈ।**

**ਉਸ ਵਿੱਚ ਇੱਕ ਵਾਸਤਵ ਸਾਰ ਨਾਮ ਦੀ ਧੁਨ (ਆਵਾਜ਼) ਹੋ ਰਹੀ ਹੈ। ਉਸ ਆਨੰਦ ਵਿੱਚ ਅਵਿਨਾਸ਼ੀ ਪ੍ਰਮੇਸ਼ਵਰ ਦੇ ਸਾਰ ਸ਼ਬਦ ਨਾਲ ਸਮਾਇਆ ਜਾਂਦਾ ਹੈ। ਅਰਥਾਤ ਉਸ ਵਾਸਤਵਿਕ ਸੁੱਖਦਾਈ ਸਥਾਨ ਵਿੱਚ ਵਾਸ ਹੋ ਸਕਦਾ ਹੈ, ਹੋਰ ਨਾਮਾਂ ਅਤੇ ਅਧੂਰੇ ਗੁਰੂਆਂ ਤੋਂ ਨਹੀਂ ਹੋ ਸਕਦਾ। ਆਂਸ਼ਿਕ ਅੰਮ੍ਰਿਤਬਾਣੀ ਮਹਲਾ ਪਹਿਲਾ (ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਸ਼ਠ 359-360)**

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ (1)
ਸਿੰਙੀ ਸਬਦ ਸਦਾ ਧੁਨਿ ਸੋਹੈ ਅਹਿਨਾਸਿ ਪੂਰੈ ਨਾਦੰ (2)
ਹਰਿ ਕਿਰਤਿ ਰਹਰਾਸਿ ਹਮਾਰੀ ਗੁਰੂਮੁਖ ਪੰਥ ਅਤੀਤੰ (3)
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਣ ਅਨੇਕੰ।
ਕਹੁ ਨਾਨਕ ਸੁਣਿ ਭਰਥਰੀ ਜੋਗੀ ਪਾਰਬ੍ਰਹਮ ਲਿਵ ਏਕੰ (4)

**ਉਪ੍ਰੋਕਤ ਅੰਮ੍ਰਿਤਬਾਣੀ ਦਾ ਭਾਵਅਰਥ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਕਹਿ ਰਹੇ ਹਨ ਕਿ ਹੇ ਭਰਥਰੀ ਯੋਗੀ ਜੀ ਆਪ ਦੀ ਸਾਧਨਾ ਭਗਵਾਨ ਸ਼ਿਵ ਤੱਕ ਹੈ, ਉਸ ਤੋਂ ਆਪਨੂੰ ਸ਼ਿਵ ਨਗਰੀ (ਲੋਕ) ਵਿੱਚ ਸਥਾਨ ਮਿਲਿਆ ਹੈ ਅਤੇ ਸਰੀਰ ਵਿੱਚ ਜੋ ਸਿੰਗੀ ਸ਼ਬਦ ਆਦਿ ਹੋ**

ਰਿਹਾ ਹੈ ਉਹ ਇਨ੍ਹਾਂ ਕਮਲਾਂ ਦਾ ਹੈ ਅਤੇ ਟੈਲੀਵਿਜਨ ਦੀ ਤਰ੍ਹਾਂ ਹਰੇਕ ਦੇਵ ਦੇ ਲੋਕ ਦੇ ਸਰੀਰ ਵਿੱਚ ਸੁਣ ਰਿਹਾ ਹੈ।

ਅਸੀ ਤਾਂ ਇੱਕ ਪ੍ਰਮਾਤਮਾ ਪਾਰਬ੍ਰਹਮ ਅਰਥਾਤੁ ਸਭ ਤੋਂ ਪਾਰ ਜੋ ਪੂਰਨ ਪ੍ਰਮਾਤਮਾ ਹੈ ਹੋਰ ਕਿਸੇ ਇੱਕ ਪ੍ਰਮਾਤਮਾ ਵਿੱਚ ਲੌ (ਇੱਕ ਮਨ ਨਾਲ ਲਗਨ) ਲਗਾਉਂਦੇ ਹਾਂ।

ਅਸੀਂ ਉੱਪਰੀ ਦਿਖਾਵਾ (ਭਸਮ ਲਗਾਉਣਾ, ਹੱਥ ਵਿੱਚ ਡੰਡਾ ਰੱਖਣਾ) ਨਹੀਂ ਕਰਦੇ। ਮੈਂ ਤਾਂ ਸਰਵ ਪ੍ਰਾਣੀਆਂ ਨੂੰ ਇੱਕ ਪੂਰਣ ਪ੍ਰਮਾਤਮਾ (ਸਤਿਪੁਰਸ਼) ਦੀ ਸੰਤਾਨ ਸਮਝਦਾ ਹਾਂ। ਸਭ ਉਸੇ ਦੀ ਸ਼ਕਤੀ ਤੋਂ ਚਲਾਇਮਾਨ ਹਨ। ਸਾਡੀ ਮੁਦਰਾ ਤਾਂ ਸੱਚਾ ਨਾਮ ਜਾਪ ਗੁਰੂ ਤੋਂ ਪ੍ਰਾਪਤ ਕਰਕੇ ਕਰਨਾ ਹੈ ਅਤੇ ਮੁਆਫ਼ ਕਰਨਾ ਸਾਡਾ ਬਾਣਾ(ਵੇਸ਼ਭੂਸ਼ਾ) ਹੈ। ਮੈਂ ਤਾਂ ਪੂਰਣ ਪ੍ਰਮਾਤਮਾ ਦਾ ਉਪਾਸਕ ਹਾਂ ਅਤੇ ਪੂਰਣ ਸਤਿਗੁਰੂ ਦਾ ਭਗਤੀ ਮਾਰਗ ਇਸ ਤੋਂ ਭਿੰਨ ਹੈ।

ਅੰਮ੍ਰਿਤਬਾਣੀ ਰਾਗ ਆਸਾ ਮਹਲਾ। (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 420)

॥ਆਸਾ ਮਹਲਾ 1॥ ਜਿਨੀ ਨਾਮੁ ਵਿਸਾਰਿਆ ਦੂਜੇ ਭਰਮਿ ਭੁਲਾਈ। ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥1॥ ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ। ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ॥3॥ ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ। ਨਾਨਕ ਸਿਰੁ ਦੇ ਛੂਟੀਏ ਦਰਗਹ ਪਤਿ ਪਾਏ ॥8॥18॥

ਉਪਰੋਕਤ ਬਾਣੀ ਦਾ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਸਾਹਿਬ ਜੀ ਕਿਹ ਰਹੇ ਹਨ ਕਿ ਜੋ ਪੂਰਣ ਪ੍ਰਮਾਤਮਾ ਦਾ ਵਾਸਤਵਿਕ ਨਾਮ ਭੁੱਲਕੇ ਹੋਰ ਭਗਵਾਨਾਂ ਦੇ ਨਾਮਾਂ ਦੇ ਜਾਪ ਵਿੱਚ ਭ੍ਰਮ ਰਹੇ ਹਨ ਉਹ ਤਾਂ ਐਸਾ ਕਰ ਰਹੇ ਹਨ ਕਿ ਮੂਲ (ਪੂਰਣ ਪ੍ਰਮਾਤਮਾ) ਨੂੰ ਛੱਡਕੇ ਡਾਲੀਆਂ ਤਿੰਨ ਗੁਣ ਰੂਪ ਰਜਗੁਣ-ਬ੍ਰਹਮਾ, ਸਤਗੁਣ-ਵਿਸ਼ਨੂ, ਤਮਗੁਣ-ਸ਼ਿਵਜੀ) ਦੀ ਸਿੰਚਾਈ (ਪੂਜਾ) ਕਰ ਰਹੇ ਹਨ। ਉਸ ਸਾਧਨਾ ਨਾਲ ਕੋਈ ਸੁੱਖ ਨਹੀਂ ਹੋ ਸਕਦਾ ਅਰਥਾਤ ਪੌਦਾ ਜਦ ਸੁੱਕ ਜਾਏਗਾ ਤਾਂ ਛਾਇਆ ਵਿੱਚ ਨਹੀਂ ਬੈਠ ਸਕਦੇ। ਭਾਵਅਰਥ ਹੈ ਕਿ ਸ਼ਾਸਤਰ ਵਿਧੀ ਰਹਿਤ ਸਾਧਨਾ ਕਰਨ ਨਾਲ ਵਿਅਰਥ ਪ੍ਰਯਤਨ ਹੈ, ਕੋਈ ਲਾਭ ਨਹੀਂ। ਇਸਦਾ ਪ੍ਰਮਾਣ ਪਵਿੱਤਰ ਗੀਤਾ ਅਧਿ:16 ਸਲੋਕ 23-24 ਵਿੱਚ ਵੀ ਹੈ। ਉਸ ਪੂਰਣ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਮਨਮੁਖੀ (ਮਨਮਾਨੀ) ਸਾਧਨਾ ਤਿਆਗ ਕੇ ਪੂਰਣ ਗੁਰੂਦੇਵ ਨੂੰ ਸਮਰਪਣ ਕਰਨ ਤੋਂ ਅਤੇ ਸੱਚੇ ਨਾਮ ਦੇ ਜਾਪ ਤੋਂ ਹੀ ਮੋਕਸ਼ ਸੰਭਵ ਹੈ, ਨਹੀਂ ਤਾਂ ਮ੍ਰਿਤੂ ਤੋਂ ਬਾਅਦ ਨਰਕ ਵਿੱਚ ਜਾਵੇਗਾ।

(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ ਨੰ 843-844)

॥ਬਿਲਾਵਲੁ ਮਹਲਾ॥1॥ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ। ਮੋਹੀ ਪ੍ਰੇਮ ਪਿਰੇ ਪ੍ਰਭੁ ਅਵਿਨਾਸ਼ੀ ਰਾਮਅਵਿਗਤੋ ਹਰਿ ਨਾਥ ਨਾਥਹੁ ਤਿਸੈ ਭਾਵੈ ਸੋ ਥੀਐਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ। ਮੈ ਆਧਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕਿਆ ਤੇਰਓ। ਸਾਚਿ ਸੂਚਾ ਸਦਾ ਨਾਨਕ ਗੁਰਸਬਦਿ ਝਗਰੁ ਨਿਬੇਰਓ॥4॥2॥

ਉਪਰੋਕਤ ਅੰਮ੍ਰਿਤਬਾਣੀ ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਹਿ ਰਹੇ ਹਨ ਕਿ ਅਵਿਨਾਸ਼ੀ ਪੂਰਣ ਪ੍ਰਮਾਤਮਾ ਨਾਥਾਂ ਦਾ ਵੀ ਨਾਥ ਹੈ ਅਰਥਾਤ ਦੇਵਾਂ ਦਾ ਵੀ ਦੇਵ ਹੈ (ਸਰਵ ਪ੍ਰਭੂਆਂ ਸ਼੍ਰੀ ਬ੍ਰਹਮਾ ਜੀ, ਸ਼੍ਰੀ ਵਿਸ਼ਣੂ ਜੀ, ਸ਼੍ਰੀ ਸ਼ਿਵ ਜੀ ਅਤੇ ਬ੍ਰਹਮ ਤੇ ਪਰਬ੍ਰਹਮ ਉੱਤੇ ਵੀ ਨਾਥ ਹੈ ਅਰਥਾਤ ਸਵਾਮੀ ਹੈ) ਮੈਂ ਤਾਂ ਸੱਚੇ ਨਾਮ ਨੂੰ ਦਿਲ ਵਿੱਚ ਸਮਾ ਚੁੱਕਾ ਹਾਂ। ਹੇ ਪ੍ਰਮਾਤਮਾ! ਸਰਵ ਪ੍ਰਾਣੀ ਦਾ ਜੀਵਨ ਆਧਾਰ ਆਪ ਹੀ ਹੋ। ਮੈਂ ਆਪ ਦੇ ਆਸ਼ਰਿਤ ਹਾਂ ਆਪ ਮੇਰੇ ਮਾਲਿਕ ਹੋ। ਆਪ ਨੇ ਹੀ ਗੁਰੂ ਰੂਪ ਵਿੱਚ ਆ ਕੇ ਸਤਿਭਗਤੀ ਦਾ ਨਿਰਣਾਇਕ ਗਿਆਨ ਦੇ ਕੇ ਸਰਵ ਝਗੜੇ ਖਤਮ ਕਿਤੇ ਅਰਥਾਤ ਸਰਵ ਸ਼ੰਕਾ ਦਾ ਸਮਾਧਾਨ ਕਰ ਦਿੱਤਾ।

(ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਸ਼ਠ ਨੰ. 721 ਰਾਗ ਤਿਲੰਗ ਮਹਲਾ 1)

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ। ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ। ਨਾਨਕ ਬੁਗੋਯਦ ਜਨ ਤੁਰਾ ਤੇਰੇ ਚਾਕਰਾਂ ਪਾ ਖਾਕ।

**ਉਪਰੋਕਤ ਅੰਮ੍ਰਿਤਬਾਣੀ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ ਹੇ (ਹੱਕਾ ਕਬੀਰ) ਆਪ ਸਤਿਕਬੀਰ (ਕੂਨ ਕਰਤਾਰ) ਸ਼ਬਦ ਸ਼ਕਤੀ ਤੋਂ ਰਚਨਾ ਕਰਨ ਵਾਲੇ ਸ਼ਬਦ ਸਵਰੂਪੀ ਪ੍ਰਭੂ ਅਰਥਾਤ ਸਰਵ ਸ੍ਰਿਸ਼ਟੀ ਦੇ ਰਚਨਹਾਰ ਹੈ, ਆਪ ਹੀ ਬੇ ਐਬ ਨਿਰਵਿਕਾਰ (ਪਰਵਰਦਿਗਾਰ) ਸਰਵ ਦੇ ਪਾਲਣਕਰਤਾ ਦਿਆਲੂ ਪ੍ਰਭੂ ਹੋ, ਮੈਂ ਆਪਜੀ ਦੇ ਦਾਸਾਂ ਦਾ ਵੀ ਦਾਸ ਹਾਂ। (ਸ਼੍ਰੀ ਗੁਰੂ ਗ੍ਰੰਥ ਸਾਹਿਬ ਪ੍ਰਸ਼ਠ ਨੰ. 24, ਰਾਗ ਸਿਰੀ ਮਹਲਾ 1)**

ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈਂ ਏਹਾ ਆਸ ਏਹੋ ਆਧਾਰ॥
ਨਾਨਕ ਨੀਚੁ ਕਹੈ ਬੀਚਾਰ, ਧਾਣਕ ਰੂਪਿ ਰਹਾ ਕਰਤਾਰ॥

**ਉਪਰੋਕਤ ਅੰਮ੍ਰਿਤਬਾਣੀ ਨੇ ਪ੍ਰਮਾਣ ਕੀਤਾ ਹੈ ਕਿ ਜੋ ਕਾਸ਼ੀ ਵਿੱਚ ਧਾਣਕ (ਜੁਲਾਹਾ) ਹੈ ਇਹੀ (ਕਰਤਾਰ) ਕੁਲ ਦਾ ਸਿਰਜਨਹਾਰ ਹੈ। ਅਤਿ ਆਧੀਨ ਹੋਕੇ ਸ਼੍ਰੀ ਨਾਨਕ ਸਾਹਿਬ ਜੀ ਕਹਿ ਰਹੇ ਹਨ ਕਿ ਮੈਂ ਸੱਚ ਕਹਿ ਰਿਹਾ ਹਾਂ ਕਿ ਇਹ ਧਾਣਕ ਅਰਥਾਤ ਕਬੀਰ ਜੁਲਾਹਾ ਹੀ ਪੂਰਣ ਬ੍ਰਹਮ (ਸਤਿਪੁਰਸ਼) ਹੈ।**

**ਵਿਸ਼ੇਸ਼- ਉਪਰੋਕਤ ਪ੍ਰਮਾਣਾਂ ਦੇ ਸੰਕੇਤਿਕ ਗਿਆਨ ਤੋਂ ਪ੍ਰਮਾਣਿਤ ਹੋਇਆ ਕਿ ਸ੍ਰਿਸ਼ਟੀ ਰਚਨਾ ਕਿਵੇਂ ਹੋਈ? ਹੁਣ ਪੂਰਣ ਪ੍ਰਮਾਤਮਾ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਇਹ ਪੂਰਣ ਸੰਤ ਤੋਂ ਨਾਮ ਲੈ ਕੇ ਹੀ ਸੰਭਵ ਹੈ।**

## "ਹੋਰ ਸੰਤਾਂ ਦੁਆਰਾ ਦੱਸੀ ਗਈ ਸ੍ਰਿਸ਼ਟੀ ਰਚਨਾ ਦੀ ਦੰਤ ਕਥਾ"

**ਹੋਰ ਸੰਤਾਂ ਦੁਆਰਾ ਦੱਸੀ ਸ੍ਰਿਸ਼ਟੀ ਰਚਨਾ ਦਾ ਗਿਆਨ ਦੱਸਿਆ ਹੈ ਉਹ ਕਿਸ ਤਰ੍ਹਾਂ ਦਾ ਹੈ? ਕ੍ਰਿਪਾ ਨੀਚੇ ਪੜ੍ਹੋ:- ਸ੍ਰਿਸ਼ਟੀ ਰਚਨਾ ਦੇ ਵਿਸ਼ੇ ਵਿੱਚ ਰਾਧਾ ਸਵਾਮੀ ਪੰਥ ਦੇ ਸੰਤਾਂ ਦੇ ਤੇ ਧੰਨ-ਧੰਨ ਸਤਿਗੁਰੂ ਪੰਥ ਦੇ ਸੰਤਾਂ ਦੇ ਵਿਚਾਰ:-**

**ਪਵਿੱਤਰ ਪੁਸਤਕ ਜੀਵਨ ਚਰਿੱਤਰ ਪਰਮ ਸੰਤ ਬਾਬਾ ਜਯਮਲ ਸਿੰਘ ਜੀ ਮਹਾਰਾਜ ਪ੍ਰਸ਼ਠ ਨੰ. 102-103 ਵਿੱਚ "ਸ੍ਰਿਸ਼ਟੀ ਦੀ ਰਚਨਾ" (ਸਾਵਨ ਕ੍ਰਿਪਾਲ ਪਬਲੀਕੇਸ਼ਨ, ਦਿੱਲੀ)**

"ਪਹਿਲਾਂ ਸਤਿਪੁਰਸ਼ ਨਿਰਾਕਾਰ ਸੀ, ਫਿਰ ਇਜ਼ਹਾਰ (ਆਕਾਰ) ਵਿੱਚ ਆਇਆ ਤਾ ਉੱਪਰ ਦੇ ਤਿੰਨ ਨਿਰਮਲ ਮੰਡਲ (ਸਤਲੋਕ, ਅਲਖਲੋਕ, ਅਗਮਲੋਕ) ਬਣ ਗਿਆ ਅਤੇ ਪ੍ਰਕਾਸ਼ ਅਤੇ ਮੰਡਲਾਂ ਦਾ ਨਾਦ (ਧੁਨੀ) ਬਣ ਗਿਆ"

**ਪਵਿੱਤਰ ਪੁਸਤਕ ਸਾਰਵਚਨ (ਨਸਰ) ਪ੍ਰਕਾਸ਼ਕ:-**
**ਰਾਧਾ ਸਵਾਮੀ ਸਤਿਸੰਗ ਸਭਾ, ਦਿਆਲਬਾਗ ਆਗਰਾ, "ਸ੍ਰਿਸ਼ਟੀ ਦੀ ਰਚਨਾ" ਪ੍ਰਸ਼ਠ 81,**

"ਪਹਿਲਾ ਧੁੰਧੂਕਾਰ ਸੀ। ਉਸ ਵਿੱਚ ਪੁਰਸ਼ ਸੁੰਨ ਸਮਾਧ ਵਿੱਚ ਸੀ। ਜਦੋਂ ਕੁਝ ਰਚਨਾ ਨਹੀਂ ਹੋਈ ਸੀ। ਫ਼ੇਰ ਜਦ ਮੌਜ ਹੋਈ ਤਦ ਸ਼ਬਦ ਪ੍ਰਗਟ ਹੋਇਆ ਅਤੇ ਉਸ ਤੋਂ ਸਭ ਰਚਨਾ ਹੋਈ, ਪਹਿਲਾ ਸਤਲੋਕ ਅਤੇ ਫਿਰ ਸਤਿਪੁਰਸ਼ ਦੀ ਕਲਾ ਤੋਂ ਤਿੰਨ ਲੋਕ ਅਤੇ ਸਭ ਵਿਸਤਾਰ ਹੋਇਆ।

**ਇਹ ਗਿਆਨ ਤਾਂ ਅਜਿਹਾ ਹੈ ਜਿਵੇਂ ਇੱਕ ਸਮੇਂ ਕੋਈ ਬੱਚਾ ਨੌਕਰੀ ਲੱਗਣ ਦੇ ਲਈ ਇੰਟਰਵਿਊ ਦੇ ਲਈ ਗਿਆ। ਅਧਿਕਾਰੀ ਨੇ ਪੁੱਛਿਆ ਕਿ ਆਪ ਨੇ ਮਹਾਂਭਾਰਤ ਪੜ੍ਹਿਆ ਹੈ। ਲੜਕੇ ਨੇ ਉੱਤਰ ਦਿੱਤਾ ਕਿ ਉਂਗਲਿਆ ਉੱਤੇ ਰਟਿਆ ਹੋਇਆ ਹੈ। ਅਧਿਕਾਰੀ ਨੇ ਪ੍ਰਸ਼ਨ ਕੀਤਾ ਕਿ ਪੰਜਾਂ ਪਾਂਡਵਾਂ ਦੇ ਨਾਮ ਦੱਸੋ। ਲੜਕੇ ਨੇ ਉੱਤਰ ਦਿੱਤਾ ਕਿ ਇੱਕ ਭੀਮ ਸੀ, ਇੱਕ ਉਸਦਾ ਵੱਡਾ ਭਾਈ ਸੀ, ਇੱਕ ਉਸਤੋਂ ਛੋਟਾ, ਇੱਕ ਹੋਰ ਸੀ ਤੇ ਇੱਕ ਦਾ ਨਾਮ ਮੈਂ ਭੁੱਲ ਗਿਆ। ਉਪਰੋਕਤ ਸ੍ਰਿਸ਼ਟੀ ਰਚਨਾ ਦਾ ਗਿਆਨ ਤਾਂ ਅਜਿਹਾ ਹੈ।**

ਸਤਿਪੁਰਸ਼ ਤੇ ਸਤਲੋਕ ਦੀ ਮਹਿਮਾ ਦੱਸਣ ਵਾਲੇ ਤੇ ਪੰਜ ਨਾਮ (ਓਂਕਾਰ- ਜੋਤੀ ਨਿਰੰਜਨ - ਰਰੰਕਾਰ - ਸੋਹੰ - ਸਤਿਨਾਮ) ਦੇਣ ਵਾਲੇ ਤੇ ਤਿੰਨ ਨਾਮ (ਅਕਾਲ ਮੂਰਤ - ਸਤਿਪੁਰਸ਼ - ਸ਼ਬਦ ਸਵਰੂਪੀ ਰਾਮ) ਦੇਣ ਵਾਲੇ ਸੰਤਾਂ ਦੁਆਰਾ ਰਚੀ ਪੁਸਤਕਾਂ ਦੇ ਕੁਝ ਨਿਸ਼ਕਰਸ਼ :-

ਸੰਤਮਤ ਪ੍ਰਕਾਸ਼ ਭਾਗ 3 ਪ੍ਰਸ਼ਠ 76 ਉੱਤੇ ਲਿਖਿਆ ਹੈ ਕਿ "ਸੱਚਖੰਡ ਜਾਂ ਸਤਿਨਾਮ ਚੌਥਾ ਲੋਕ ਹੈ"। ਇੱਥੇ 'ਸਤਿਨਾਮ ਨੂੰ ਸਥਾਨ ਕਿਹਾ ਹੈ। ਫਿਰ ਇਸ ਪਵਿੱਤਰ ਪੁਸਤਕ ਦੇ ਪ੍ਰਸ਼ਠ ਨੰ. 79 ਉੱਤੇ ਲਿਖਿਆ ਹੈ ਕਿ "ਏਕ ਰਾਮ ਦਸ਼ਰਥ ਕਾ ਬੇਟਾ, ਦੂਸਰਾ ਰਾਮ 'ਮਨ, ਤੀਸਰਾ ਰਾਮ 'ਬ੍ਰਹਮ, ਚੋਥਾ ਰਾਮ 'ਸਤਿਨਾਮ' ਇਹ ਵਾਸਤਵ ਰਾਮ ਹੈ। ਫਿਰ ਪਵਿੱਤਰ ਪੁਸਤਕ ਸੰਤਮਤ ਪ੍ਰਕਾਸ਼ ਪਹਿਲਾ ਭਾਗ ਪ੍ਰਸ਼ਠ ਨੰ. 17 'ਤੇ ਲਿਖਿਆ ਹੈ ਕਿ "ਉਹ ਸਤਲੋਕ ਹੈ ਉਸੀ ਨੂੰ ਸਤਿਨਾਮ ਕਿਹਾ ਜਾਂਦਾ ਹੈ"। ਪਵਿੱਤਰ ਪੁਸਤਕ "ਸਾਰ ਵਚਨ ਨਸਰ ਯਾਨੀ ਵਾਰਤਿਕ" ਪ੍ਰਸ਼ਠ ਨੰ. 3 ਉੱਤੇ ਲਿਖਿਆ ਹੈ ਕਿ "ਹੁਣ ਸਮਝਣਾ ਚਾਹੀਦਾ ਹੈ ਕਿ ਰਾਧਾ ਸਵਾਮੀ ਪਦ ਸਭ ਤੋਂ ਉੱਚਾ ਮੁਕਾਮ ਹੈ ਕਿ ਜਿਸਨੂੰ ਸੰਤਾਂ ਨੇ ਸਤਲੋਕ ਤੇ ਸੱਚਖੰਡ ਅਤੇ ਸਾਰਸ਼ਬਦ ਤੇ ਸਤਿਸ਼ਬਦ ਤੇ ਸਤਿਨਾਮ ਤੇ ਸਤਿਪੁਰਸ਼ ਕਿਹ ਕੇ ਬਿਆਨ ਕੀਤਾ ਹੈ। ਪਵਿੱਤਰ ਪੁਸਤਕ ਸਾਰ ਵਚਨ (ਨਸਰ) ਆਗਰਾ ਤੋਂ ਪ੍ਰਕਾਸ਼ਿਤ ਪ੍ਰਸ਼ਠ ਨੰ. 4 ਉੱਤੇ ਵੀ ਉਪਰੋਕਤ ਇਸੇ ਤਰ੍ਹਾਂ ਵਰਣਨ ਹੈ। ਪਵਿੱਤਰ ਪੁਸਤਕ 'ਸੱਚਖੰਡ ਦੀ ਸੜਕ' ਪ੍ਰਸ਼ਠ ਨੰ. 226 "ਸੰਤਾਂ ਦਾ ਦੇਸ਼ ਸੱਚਖੰਡ ਜਾਂ ਸਤਲੋਕ ਹੈ, ਉਸੀ ਨੂੰ ਸਤਿਨਾਮ-ਸਤਸ਼ਬਦ-ਸਾਰਸ਼ਬਦ ਕਿਹਾ ਜਾਦਾ ਹੈ।"

ਵਿਸ਼ੇਸ਼ :- ਉਪਰੋਕਤ ਵਿਆਖਿਆ ਅਜਿਹੀ ਲੱਗੀ ਜਿਵੇਂ ਕਿਸੇ ਨੇ ਜੀਵਨ ਵਿੱਚ ਨਾ ਤਾਂ ਸ਼ਹਿਰ ਦੇਖਿਆ, ਨਾ ਕਾਰ ਦੇਖ ਅਤੇ ਨਾ ਪੈਟਰੋਲ ਦੇਖਿਆ ਹੈ, ਨਾ ਡਰਾਇਵਰ ਦਾ ਗਿਆਨ ਹੋਵੇ ਕਿ ਡਰਾਇਵਰ ਕਿਸਨੂੰ ਕਹਿੰਦੇ ਹਨ ਅਤੇ ਉਹ ਵਿਅਕਤੀ ਹੋਰ ਸਾਥੀਆਂ ਨੂੰ ਕਹੇ ਕਿ ਮੈਂ ਸ਼ਹਿਰ ਜਾਂਦਾ ਹਾਂ, ਕਾਰ ਵਿੱਚ ਬੈਠਕੇ ਆਨੰਦ ਮੰਨਦਾ ਹਾਂ। ਫਿਰ ਸਾਥੀਆਂ ਨੇ ਪੁੱਛਿਆ ਕਿ ਕਾਰ ਕਿਹੋ ਜਿਹੀ ਹੁੰਦੀ ਹੈ, ਪੈਟਰੋਲ ਕਿਹੋ ਜਿਹਾ ਹੁੰਦਾ ਹੈ, ਤੇ ਡਰਾਇਵਰ ਕਿਹੋ ਜਿਹਾ ਹੁੰਦਾ ਹੈ, ਸ਼ਹਿਰ ਕਿਹੋ ਜਿਹਾ ਹੁੰਦਾ ਹੈ? ਉਸ ਗੁਰੂ ਜੀ ਨੇ ਉਤੱਰ ਦਿੱਤਾ ਕਿ ਸ਼ਹਿਰ ਕਹੋ ਚਾਹੇ ਕਾਰ ਇੱਕ ਹੀ ਗੱਲ ਹੈ, ਸ਼ਹਿਰ ਵੀ ਕਾਰ ਹੀ ਹੈ, ਪੈਟਰੋਲ ਵੀ ਕਾਰ ਨੂੰ ਹੀ ਕਹਿੰਦੇ ਹਨ, ਡਰਾਇਵਰ ਵੀ ਕਾਰ ਨੂੰ ਹੀ ਕਿਹੰਦੇ ਹਨ, ਸੜਕ ਵੀ ਕਾਰ ਨੂੰ ਹੀ ਕਹਿੰਦੇ ਹਨ।

ਆਉ ਵਿਚਾਰ ਕਰੀਏ:- ਸਤਿਪੁਰਸ਼ ਤਾਂ ਪੂਰਣ ਪ੍ਰਮਾਤਮਾ ਹੈ, ਸਤਿਨਾਮ ਉਹ ਦੋ ਮੰਤਰ ਦਾ ਨਾਮ ਹੈ ਜਿਸ ਵਿੱਚ ਉਮ+ਤੱਤ ਸੰਕੇਤਿਕ ਹੈ ਇਸਦੇ ਬਾਅਦ ਸਾਰਨਾਮ ਸਾਧਕ ਨੂੰ ਪੂਰਣ ਗੁਰੂ ਦੁਆਰਾ ਦਿੱਤਾ ਜਾਂਦਾ ਹੈ। ਇਹ ਸਤਿਨਾਮ ਅਤੇ ਸਾਰਨਾਮ ਦੋ ਸਿਮਰਨ ਕਰਨ ਦੇ ਨਾਮ ਹਨ। ਸਤਿਲੋਕ ਤਾਂ ਉਹ ਜਗ੍ਹਾ ਹੈ ਜਿੱਥੇ ਸਤਿਪੁਰਸ਼ ਰਹਿੰਦਾ ਹੈ, ਪੁੰਨ ਆਤਮਾਵਾਂ ਆਪ ਨਿਰਣੈ ਕਰਨ ਕਿ ਸਤਿ ਕੀ ਹੈ ਅਤੇ ਅਸਤਿ ਕੀ ਹੈ ।

# ਭਗਤੀ ਮਰਿਯਾਦਾ

## "ਨਾਮ (ਦੀਕਸ਼ਾ) ਲੈਣ ਵਾਲੇ ਵਿਅਕਤੀਆਂ ਲਈ ਜ਼ਰੂਰੀ ਜਾਣਕਾਰੀ"

ਪੂਰਣ ਗੁਰੂ ਦੀ ਪਹਿਚਾਣ:-

ਦੀਕਸ਼ਾ ਲੈਣ ਵਾਲੇ ਨੂੰ ਚਾਹਿਦਾ ਹੈ ਕਿ ਉਹ ਸਭ ਤੋਂ ਪਹਿਲਾਂ ਗੁਰੂ ਦੀ ਪਹਿਚਾਣ ਕਰੇ। ਉਸਤੋਂ ਬਾਅਦ ਦੀਕਸ਼ਾ ਲਵੇ। ਅੱਜ ਕਲਯੁੱਗ ਵਿੱਚ ਭਗਤ ਸਮਾਜ ਦੇ ਸਾਹਮਣੇ ਪੂਰਣ ਗੁਰੂ ਦੀ ਪਹਿਚਾਣ ਕਰਨਾ ਸਭ ਤੋਂ ਮੁਸ਼ਕਿਲ ਪ੍ਰਸ਼ਨ ਬਣਿਆ ਹੋਇਆ ਹੈ। ਲੇਕਿਨ ਇਸਦਾ ਬਹੁਤ ਹੀ ਲਘੂ ਅਤੇ ਸਧਾਰਣ ਜਿਹਾ ਉੱਤਰ ਹੈ ਕਿ ਜੋ ਗੁਰੂ ਸ਼ਾਸਤਰਾਂ ਦੇ ਅਨੁਸਾਰ ਭਗਤੀ ਕਰਦਾ ਹੈ ਅਤੇ ਆਪਣੇ ਚੇਲਿਆਂ ਅਰਥਾਤ ਸ਼ਿਸ਼ਾਂ ਤੋਂ ਕਰਵਾਉਂਦਾ ਹੈ ਉਹ ਹੀ ਪੂਰਣ ਸੰਤ ਹੈ। ਕਿਉਂਕਿ ਭਗਤੀ ਮਾਰਗ ਦਾ ਸੰਵਿਧਾਨ ਧਾਰਮਿਕ ਸ਼ਾਸਤਰ ਜਿਵੇਂ- ਕਬੀਰ ਸਾਹਿਬ ਦੀ ਬਾਣੀ, ਨਾਨਕ ਸਾਹਿਬ ਜੀ ਦੀ ਬਾਣੀ, ਸੰਤ ਗਰੀਬਦਾਸ ਜੀ ਮਹਾਰਾਜ ਜੀ ਦੀ ਬਾਣੀ, ਸੰਤ ਧਰਮਦਾਸ ਜੀ ਸਾਹਿਬ ਦੀ ਬਾਣੀ, ਵੇਦ, ਗੀਤਾ, ਪੁਰਾਣ, ਕੁਰਾਨ, ਪਵਿੱਤਰ ਬਾਇਬਲ ਆਦਿ ਹਨ। ਜੋ ਵੀ ਸੰਤ ਸ਼ਾਸਤਰਾਂ ਦੇ ਅਨੁਸਾਰ ਭਗਤੀ ਸਾਧਨਾਂ ਦੱਸਦਾ ਹੈ ਅਤੇ ਭਗਤ ਸਮਾਜ ਨੂੰ ਮਾਰਗ ਦਰਸ਼ਨ ਕਰਦਾ ਹੈ ਤਾਂ ਉਹ ਪੂਰਨ ਸੰਤ ਹੈ ਨਹੀਂ ਤਾਂ ਉਹ ਭਗਤ ਸਮਾਜ ਦਾ ਘੋਰ ਦੁਸ਼ਮਣ ਹੈ ਜੋ ਸ਼ਾਸਤਰਾਂ ਦੇ ਵਿਰੁੱਧ ਸਾਧਨਾ ਕਰਵਾ ਰਿਹਾ ਹੈ। ਇਸ ਅਨਮੋਲ ਮਾਨਵ ਜਨਮ ਨਾਲ ਖਿਲਵਾੜ ਕਰ ਰਿਹਾ ਹੈ। ਐਸੇ ਗੁਰੂ ਜਾਂ ਸੰਤ ਨੂੰ ਭਗਵਾਨ ਦੇ ਦਰਬਾਰ ਵਿੱਚ ਘੋਰ ਨਰਕ ਵਿੱਚ ਉਲਟਾ ਲਟਕਾਇਆ ਜਾਏਗਾ।

ਉਦਹਾਰਣ ਲਈ ਜਿਵੇਂ ਕੋਈ ਅਧਿਆਪਕ ਸਿਲੇਬਸ (ਪਾਠਕ੍ਰਮ) ਤੋਂ ਬਾਹਰ ਦੀ ਸਿੱਖਿਆ ਦਿੰਦਾ ਹੈ ਤਾਂ ਉਹ ਉਨ੍ਹਾਂ ਵਿਦਿਆਰਥੀਆਂ ਦਾ ਦੁਸ਼ਮਣ ਹੈ।

ਗੀਤਾ ਅਧਿ:ਨੰ. 7 ਦੇ ਸਲੋਕ ਨੰ. 15

ਨ, ਮਾਮ, ਦੁਸ਼ਕ੍ਰਿਤਨਹ, ਮੂੜਾ, ਪ੍ਰਪਯੰਤੇ, ਨਰਾਧਮਾਂਹ:
ਮਾਯਯਾ, ਅਪਹਿਤ ਗਿਆਨਾਹ, ਆਸੁਰਮ ਭਾਵਮ, ਆਇਸ਼੍ਰਤਾਹ॥

ਅਨੁਵਾਦ: ਤ੍ਰਿਗੁਣਮਈ ਮਾਇਆ ਜਾਣੀ ਰਜਗੁਣ-ਬ੍ਰਹਮਾ, ਸਤਗੁਣ-ਵਿਸ਼ਣੂ, ਅਤੇ ਤਮਗੁਣ-ਸ਼ਿਵ ਦੇ ਦੁਆਰਾ ਜਿਨ੍ਹਾਂ ਦਾ ਗਿਆਨ ਹਰਿਆ ਜਾ ਚੁੱਕਾ ਹੈ ਅਰਥਾਤ ਜੋ ਇਨ੍ਹਾਂ ਤਿੰਨਾਂ ਦੇਵਤਿਆਂ ਤੋਂ ਉੱਪਰ ਕਿਸੇ ਪ੍ਰਭੂ ਨੂੰ ਨਹੀਂ ਪੂਜਦੇ। ਉਹ ਇਨ੍ਹਾਂ ਦੇ ਉੱਪਰ ਪੂਰਣ ਆਸੱਕਤ ਹਨ। ਅਜਿਹੇ ਵਿਅਕਤੀ ਅਸੁਰ ਸੁਭਾਅ ਨੂੰ ਧਾਰਣ ਕਿੱਤੇ ਹੋਏ ਮਨੁੱਖ ਵਿੱਚ ਨੀਚ, ਦੂਸ਼ਿਤਕਰਮ ਕਰਨ ਵਾਲੇ ਮੂਰਖ ਮੈਨੂੰ ਨਹੀਂ ਭਜਦੇ ਅਰਥਾਤ ਉਹ ਤਿੰਨਾਂ ਗੁਣਾਂ (ਰਜਗੁਣ-ਬ੍ਰਹਮਾ, ਸਤਗੁਣ-ਵਿਸ਼ਣੂ, ਤਮਗੁਣ-ਸ਼ਿਵ) ਦੀ ਸਾਧਨਾ ਕਰਦੇ ਰਹਿੰਦੇ ਹਨ।

ਯਜੁਰਵੇਦ ਅਧਿ: ਨੰ. 40 ਸ਼ਲੋਕ ਨੰ. 10 (ਸੰਤ ਰਾਮਪਾਲ ਜੀ ਦੁਆਰਾ ਰਚਿਤ):

ਅੰਨਯਦੇਵਾਹੁਹ: ਸੰਭਵਾਦੰਨਿਯਹੁਰਸੰਭਵਾਤ,
ਇਤੀ ਸ਼ੁਰਸ਼ੁਮ, ਧੀਰਾਣਾਂ ਯੇ ਨਸਤਦਿਵਚਚਸ਼ਿਰੇ॥10॥

ਪੰਜਾਬੀ ਅਨੁਵਾਦ:- ਪ੍ਰਮਾਤਮਾ ਦੇ ਬਾਰੇ ਵਿੱਚ ਆਮ ਤੌਰ ਤੇ ਨਿਰਾਕਾਰ ਅਰਥਾਤ ਕਦੇ ਨਾ ਜੰਮਣ ਵਾਲਾ ਕਹਿੰਦੇ ਹਨ। ਦੂਸਰੇ ਆਕਾਰ ਵਿੱਚ ਅਰਥਾਤ ਜਨਮ ਲੈਕੇ ਅਵਤਾਰ ਰੂਪ ਵਿੱਚ ਆਉਣ ਵਾਲਾ ਕਹਿੰਦੇ ਹਨ। ਜੋ (ਧੀਰਾਣਾਮੁ) ਟਿਕਾਊ ਅਰਥਾਤ ਪੂਰਣ ਗਿਆਨੀ ਚੰਗੀ ਤਰ੍ਹਾਂ ਸੁਣਾਉਂਦੇ ਹਨ, ਉਹ ਪਰਮਾਤਮਾ ਜਨਮ ਲੈਂਦਾ ਹੈ ਜਾਂ ਜਨਮ ਨਹੀਂ ਲੈਂਦਾ ਹੈ, ਇਸ ਵਿਸ਼ੇ ਵਿੱਚ ਸਹੀ ਤੌਰ ਤੇ ਅਰਥਾਤ ਯਥਾਰਥ ਰੂਪ ਵਿੱਚ ਭਿੰਨ-ਭਿੰਨ ਰੂਪ ਤੋਂ ਪ੍ਰਤੱਖ ਗਿਆਨ

ਕਰਵਾਉਂਦੇ ਹਨ। ਉਨ੍ਹਾਂ ਗਿਆਨੀ ਮਹਾਂਤਮਾਵਾਂ ਤੋਂ ਪਰਮੇਸ਼ਵਰ ਦੇ ਵਿਸ਼ੇ ਵਿੱਚ ਸਹੀ ਗਿਆਨ ਸੁਣੋ। (ਯਜੁਰਵੇਦ ਅਧਿ: ਨੰ. 40 ਸ਼ਲੋਕ ਨੰ. 10)

**ਗੀਤਾ ਅਧਿਆਇ ਨੰ. 4 ਦਾ ਸਲੋਕ ਨੂੰ 34:**

ਤੱਤ, ਵਿਭਦਿ, ਪ੍ਰਣਿਪਾਤੇਨ, ਪਰਿਪ੍ਰੇਸ਼ਨੇਨ, ਸੇਵਯਾ,
ਉਪਦੇਕਸ਼ਯੰਤਿ, ਤੇ, ਗਿਆਨਮ, ਗਿਆਨਿਨਹ, ਤਤਵਦਰਸ਼ਿਨਹ॥

**ਅਨੁਵਾਦ:- ਹੇ ਅਰਜੁਨ! ਗੀਤਾ ਅਧਿਆਇ 4 ਸ਼ਲੋਕ 32 ਵਿੱਚ ਕਿਹਾ ਹੈ ਕਿ (ਬ੍ਰਹ੍ਮਣ:) ਸੱਚਿਦਾਨੰਦ ਘਨ ਬ੍ਰਹਮ ਯਾਨੀ ਪਰਮ ਅਕਸ਼ਰ ਬ੍ਰਹਮ (ਮੁੱਖੇ) ਆਪਣੇ ਮੁੱਖ ਕਮਾਲ ਤੋਂ ਉਚਾਰਿਤ ਬਾਣੀ ਵਿੱਚ ਜੋ ਯਥਾਰਥ ਗਿਆਨ ਦੱਸਦੇ ਹਨ, ਉਹ ਤੱਤਵ ਗਿਆਨ ਹੈ। ਉਸ ਗਿਆਨ ਨੂੰ ਤੂੰ ਸਮਝ। ਉਨ੍ਹਾਂ ਪੂਰਣ ਪ੍ਰਮਾਤਮਾਂ ਦੇ ਗਿਆਨ ਤੇ ਸਮਾਧਾਨ ਨੂੰ ਜਾਨਣ ਵਾਲੇ ਸੰਤਾਂ ਨੂੰ ਭਲੀਭਾਂਤੀ ਦੰਡਵਤ ਪ੍ਰਣਾਮ ਕਰਨ ਨਾਲ ਉਨ੍ਹਾਂ ਦੀ ਸੇਵਾ ਕਰਨ ਨਾਲ ਅਤੇ ਕਪਟ ਛੱਡ ਕੇ ਸਰਲਤਾਪੂਰਵਕ ਪ੍ਰਸ਼ਨ ਕਰਨ ਨਾਲ ਉਹ ਪ੍ਰਮਾਤਮ ਤੱਤਵ ਨੂੰ ਭਲੀਭਾਂਤੀ ਜਾਨਣ ਵਾਲੇ ਗਿਆਨੀ ਮਹਾਂਤਮਾ ਤੈਨੂੰ ਉਸ ਤੱਤਵਗਿਆਨ ਦਾ ਉਪਦੇਸ਼ ਕਰਣਗੇ। ਪੂਰਣ ਗੁਰੂ ਜੀ ਦੀ ਹੋਰ ਪਹਿਚਾਣ:**

**ਸੂਕਸ਼ਮਵੇਦ ਵਿੱਚ ਗੁਰੂ ਦੇ ਲਕਸ਼ਨ ਦੱਸੇ ਹਨ:-**

ਗਰੀਬ, ਸਤਿਗੁਰੂ ਕੇ ਲਕਸ਼ਨ ਕਹੁ, ਮਧੁਰੇ ਬੈਨ ਵਿਨੋਦ।
ਚਾਰ ਵੇਦ ਛ: ਸ਼ਾਸ਼ਤਰ, ਕਹਿ ਅਠਾਰਾਂ ਬੋਧ॥

**ਸੰਤ ਗਰੀਬਦਾਸ ਜੀ (ਪਿੰਡ- ਛੁਡਾਣੀ, ਜਿਲ੍ਹਾ- ਝੱਜਰ, ਹਰਿਆਣਾ) ਨੂੰ ਪਰਮੇਸ਼ਵਰ ਕਬੀਰ ਜੀ ਮਿਲੇ ਸਨ। ਉਨ੍ਹਾਂ ਦੀ ਆਤਮਾ ਨੂੰ ਉੱਪਰ ਆਪਣੇ ਸਤਲੋਕ (ਸਨਾਤਨ ਪਰਮ ਧਾਮ) ਵਿੱਚ ਲੈ ਕੇ ਗਏ ਸਨ। ਉੱਪਰ ਦੇ ਸਾਰੇ ਲੋਕਾਂ ਦਾ ਅਵਲੋਕਨ (ਦਰਸ਼ਨ) ਕਰਵਾਕੇ ਵਾਪਿਸ ਪ੍ਰਿਥਵੀ ਤੇ ਛੱਡਿਆ ਸੀ। ਉਨ੍ਹਾਂ ਨੂੰ ਸੰਪੂਰਨ ਅਧਿਆਤਮਿਕ ਗਿਆਨ ਦੱਸਿਆ ਸੀ। ਉਨ੍ਹਾਂ ਦਾ ਗਿਆਨ ਯੋਗ ਪਰਮੇਸ਼ਵਰ ਕਬੀਰ ਜੀ ਨੇ ਖੋਲ੍ਹਿਆ ਸੀ। ਉਸਦੇ ਆਧਾਰ ਤੇ ਸੰਤ ਗਰੀਬਦਾਸ ਜੀ ਨੇ ਗੁਰੂ ਦੀ ਪਹਿਚਾਣ ਦੱਸੀ ਹੈ ਕਿ ਜੋ ਸੱਚਾ ਗੁਰੂ ਭਾਵ ਸਤਿਗੁਰੂ ਹੋਵੇਗਾ, ਉਹ ਐਸਾ ਗਿਆਨ ਦੱਸਦਾ ਹੈ ਕਿ ਉਸਦੇ ਵਚਨ ਆਤਮਾ ਨੂੰ ਆਨੰਦਿਤ ਕਰ ਦਿੰਦੇ ਹਨ, ਬਹੁਤ ਸੁਰੀਲੇ (ਮਧੁਰ) ਲਦਗੇ ਹਨ, ਕਿਉਕੇ ਉਹ ਸਤਿ ਤੇ ਆਧਾਰਿਤ ਹੁੰਦੇ ਹਨ। ਕਾਰਨ ਹੈ ਕਿ ਸਤਿਗੁਰੂ ਚਾਰ ਵੇਦਾਂ ਅਤੇ ਸਾਰੇ ਸ਼ਾਸ਼ਤਰਆਂ ਦਾ ਗਿਆਨ ਵਿਸਤਾਰ ਨਾਲ ਕਹਿੰਦਾ ਹੈ।**

**ਇਹੀ ਪ੍ਰਮਾਣ ਪਰਮੇਸ਼ਵਰ ਕਬੀਰ ਜੀ ਨੇ ਸੂਖਸ਼ਮਵੇਦ ਵਿੱਚ ਕਬੀਰ ਸਾਗਰ ਅਧਿਆਇ "ਜੀਵ ਧਰਮ ਬੋਧ" ਵਿੱਚ ਪੰਨਾ ਨੰ. 1960 ਤੇ ਦਿੱਤਾ ਹੈ:-**

ਗੁਰੂ ਕੇ ਲਕਸ਼ਨ ਚਾਰ ਬਖਾਨਾ, ਪ੍ਰਥਮ ਵੇਦ ਸ਼ਾਸਤਰ ਕੋ ਗਿਆਨਾ (ਗਿਆਤਾ)।
ਦੂਜੇ ਹਰਿ ਭਗਤੀ ਮਨ ਕਰਮ ਬਾਨੀ, ਤੀਸਰੇ ਸਮਦ੍ਰਸ਼ਟੀ ਕਰ ਜਾਨੀ।
ਚੌਥੇ ਵੇਦ ਵਿਧੀ ਸਬ ਕਰਮਾ, ਯਹ ਚਾਰ ਗੁਰੂ ਗੁਣ ਜਾਨੋ ਮਰਮਾ।

**ਭਾਵ ਅਰਥ: ਜੋ ਤੱਤਵਦਰਸ਼ੀ ਸੰਤ (ਪੂਰਣ ਸਤਿਗੁਰੂ) ਹੋਵੇਗਾ, ਉਸ ਵਿੱਚ ਚਾਰ ਮੁੱਖ ਗੁਣ ਹੁੰਦੇ ਹਨ:-**

**1. ਉਹ ਵੇਦਾਂ ਅਤੇ ਹੋਰ ਸਾਰੇ ਗ੍ਰੰਥਾਂ ਦਾ ਪੂਰਣ ਗਿਆਨੀ ਹੁੰਦਾ ਹੈ।**

**2. ਦੂਸਰੇ ਉਹ ਪਰਮਾਤਮਾ ਦੀ ਭਗਤੀ ਮਨ-ਕਰਮ-ਵਚਨ ਨਾਲ ਖੁਦ ਕਰਦਾ ਹੈ, ਕੇਵਲ ਵਕਤਾ-ਵਕਤਾ ਨਹੀਂ ਹੁੰਦਾ, ਉਸਦੀ ਕਹਿਣੀ ਅਤੇ ਕਰਨੀ ਵਿੱਚ ਅੰਤਰ ਨਹੀਂ ਹੁੰਦਾ।**

**3. ਉਹ ਸਾਰੇ ਅਨੁਯਾਈਆਂ ਨੂੰ ਇਕ ਸਮਾਨ ਦੇਖਦਾ ਹੈ। ਊਚ-ਨੀਚ ਦਾ ਭੇਦ ਨਹੀਂ ਕਰਦਾ।**

**4. ਚੌਥੇ ਉਹ ਸਾਰੇ ਭਗਤੀ ਕਰਮ ਵੇਦਾਂ ਦੇ ਅਨੁਸਾਰ ਕਰਦਾ ਅਤੇ ਕਰਵਾਉਂਦਾ ਹੈ ਭਾਵ ਸ਼ਾਸਤਰ ਅਨੁਕੂਲ ਭਗਤੀ ਸਾਧਨਾ ਕਰਦਾ ਅਤੇ ਕਰਵਾਉਂਦਾ ਹੈ। ਇਹ ਉੱਪਰ ਦਿੱਤਾ ਪ੍ਰਮਾਣ ਤਾਂ ਸੂਕਸ਼ਮ ਵੇਦ ਵਿੱਚ ਹੈ ਜੋ ਪਰਮੇਸ਼ਵਰ ਨੇ ਆਪਣੇ ਮੁੱਖਕਮਲ ਤੋਂ ਬੋਲਿਆ ਹੈ। ਹੁਣ ਤੁਹਾਨੂੰ ਸ਼੍ਰੀਮਦਭਗਵਤ ਗੀਤਾ ਵਿੱਚ ਪ੍ਰਮਾਣ ਦੱਸਦੇ ਹਾਂ ਕਿ ਤੱਤਵਦਸਰਸ਼ੀ ਸੰਤ ਦੀ ਕਿ ਪਹਿਚਾਣ ਦੱਸੀ ਹੈ?**

**ਸ਼੍ਰੀਮਦ ਭਾਗਵਤ ਗੀਤਾ ਅਧਿਆਇ 15 ਸ਼ਲੋਕ 1 ਵਿੱਚ ਸਪੱਸ਼ਟ ਹੈ:**

ਉਰਧਵ ਮੂਲਮ ਅਧ: ਸ਼ਾਖ਼ਮ੍ ਅਸ਼ਵਤਥਮ ਪ੍ਰਾਹੁ: ਅਵਯਯਮ।
ਛਨਦਾਂਸਿ ਯਸਯ ਪ੍ਰਣਾਨਿ, ਯ: ਤਮ ਵੇਦ ਸ: ਵੇਦਵਿਤ॥

**ਅਨੁਵਾਦ: ਉੱਪਰ ਨੂੰ ਮੂਲ (ਜੜ੍ਹ) ਵਾਲਾ, ਨੀਚੇ ਨੂੰ ਤੀਨੋਂ ਗੁਣ ਰੂਪੀ ਸ਼ਾਖਾ ਵਾਲਾ ਉਲਟਾ ਲਟਕਿਆ ਹੋਇਆ ਸੰਸਾਰ ਰੂਪੀ ਪਿੱਪਲ ਦਾ ਬਿਰਖ ਜਾਨੋ, ਇਸਨੂੰ ਅਵਿਨਾਸ਼ੀ ਕਹਿੰਦੇ ਹਨ ਕਿਉਂਕਿ ਉੱਤਪਤੀ- ਪ੍ਰਲੈ ਚੱਕਰ ਸਦਾ ਚੱਲਦਾ ਰਹਿੰਦਾ ਹੈ ਜਿਸ ਕਰਕੇ ਇਸਨੂੰ ਅਵਿਨਾਸ਼ੀ ਕਹਿੰਦੇ ਹਨ। ਇਸ ਸੰਸਾਰ ਰੂਪੀ ਬਿਰਖ ਦੇ ਪੱਤੇ ਆਦਿ ਛੰਦ ਹਨ ਭਾਵ ਭਾਗ (parts) ਹੈਂ। (ਯ ਤਮ ਵੇਦ) ਜੋ ਇਸ ਸੰਸਾਰ ਰੂਪੀ ਬਿਰਖ ਦੇ ਸਾਰੇ ਭਾਗਾਂ ਨੂੰ ਤੱਤਵ ਨਾਲ ਜਾਣਦਾ ਹੈਂ, (ਸ:) ਉਹ (ਵੇਦਵਿਤ) ਵੇਦ ਦੇ (ਤਾਤ੍ਪ੍ਰਯੇ) ਨੂੰ ਜਾਨਣ ਵਾਲਾ ਹੈ ਅਰਥਾਤ ਤੱਤਵਦਰਸ਼ੀ ਸੰਤ ਹੈ। ਜਿਵੇਂ ਕਿ ਗੀਤਾ ਅਧਿਆਇ 4 ਸ਼ਲੋਕ 32 ਵਿੱਚ ਕਿਹਾ ਹੈ ਕਿ ਪਰਮ ਅਕਸ਼ਰ ਬ੍ਰਹਮ ਖੁਦ ਪ੍ਰਿਥਵੀ ਤੇ ਪ੍ਰਗਟ ਹੋਕੇ ਆਪਣੇ ਮੁੱਖ ਕਮਾਲ ਤੋਂ ਤੱਤਵਗਿਆਨ ਵਿਸਤਾਰ ਨਾਲ ਬੋਲਦਾ ਹੈ।**

## "ਉਪਦੇਸ਼ੀ ਦੇ ਲਈ ਮਰਿਆਦਾ"

**1. ਨਸ਼ੀਲੀਆਂ ਵਸਤੂਆਂ ਦਾ ਸੇਵਨ ਨਿਸ਼ੇਧ:- ਹੁੱਕਾ, ਸ਼ਰਾਬ, ਬੀਅਰ, ਤੰਬਾਕੂ, ਬੀੜੀ, ਸਿਗਰੇਟ, ਹੂਲਾਸ ਸੁੰਘਣਾ, ਗੁਟਕਾ, ਮਾਸ, ਅੰਡਾ, ਸੁਲਫ਼ਾ, ਅਫ਼ੀਮ, ਗਾਂਜਾ ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦਾ ਸੇਵਨ ਤਾਂ ਦੂਰ ਰਿਹਾ ਕਿਸੇ ਨੂੰ ਨਸ਼ੀਲੀਆਂ ਚੀਜ਼ਾਂ ਲਿਆਕੇ ਵੀ ਨਹੀਂ ਦੇਣੀ ਹੈ। ਬੰਦੀਛੋੜ ਗਰੀਬਦਾਸ ਜੀ ਮਹਾਰਾਜ ਇਨ੍ਹਾਂ ਸਭ ਨਸ਼ੀਲੀ ਵਸਤੂਆਂ ਨੂੰ ਬਹੁਤ ਬੁਰਾ ਦੱਸਦੇ ਹੋਏ ਆਪਣੀ ਬਾਣੀ ਵਿੱਚ ਕਹਿੰਦੇ ਹਨ ਕਿ:-**

ਸੁਰਾਪਾਨ ਮਦ ਮਾਂਸਾਹਾਰੀ, ਗਮਨ ਕਰੈ ਭੋਗੇ ਪਰਨਾਰੀ।
ਸੱਤਰ ਜਨਮ ਕਟਤ ਹੈਂ ਸ਼ੀਸ਼ੰ, ਸਾਕਸ਼ੀ ਸਾਹਿਬ ਹੈ ਜਗਦੀਸ਼ ॥
ਪਰ ਦਵਾਰਾ ਇਸਤਰੀ ਕਾ ਖੋਲੇ, ਸੱਤਰ ਜਨਮ ਅੰਧਾ ਹੋਵੇ ਡੋਲੇ।
ਮਦਿਰਾ ਪੀਵੇ ਕੜਵਾ ਪਾਣੀ, ਸੱਤਰ ਜਨਮ ਸ਼ਵਾਨ ਕੇ ਜਾਨੀ॥
ਗਰੀਬ, ਹੁੱਕਾ ਹਰਦਮ ਪੀਵਤੇ, ਲਾਲ ਮਿਲਾਵੇ ਧੂਰ।
ਇਸਮੇ ਸ਼ੰਸ਼ਯ ਹੈ ਨਹੀਂ, ਜਨਮ ਪਿਛਲੇ ਸੂਰ ॥1॥
ਗਰੀਬ, ਸੌ ਨਾਰੀ ਜਾਰੀ ਕਰੇ, ਸੂਰਾ ਪਾਨ ਸੋ ਬਾਰ।
ਏਕ ਚਿਲਮ ਹੁੱਕਾ ਭਰੇ, ਡੂਬੇ ਕਾਲੀ ਧਾਰ॥2॥
ਗਰੀਬ, ਸੂਰ ਗਊ ਕੋ ਖਾਤ ਹੈ, ਭਗਤੀ ਬਿਹੂਨੇਂ ਰਾਡ।
ਭਾਂਗ ਤੰਬਾਕੂ ਖਾ ਗਏ, ਸੋ ਚਾਬਤ ਹੈਂ ਹਾਡ॥3॥
ਗਰੀਬ, ਭਾਂਗ ਤੰਬਾਕੂ ਪੀਵ ਹੀਂ, ਸੂਰਾ ਪਾਨ ਸੈ ਹੇਤ।
ਗੋਸਤ ਮੱਟੀ ਖਾਏ ਕਰ, ਜੰਗਲੀ ਬਨੇਂ ਪ੍ਰੇਤ॥4॥
ਗਰੀਬ, ਪਾਨ ਤੰਬਾਕੂ ਚਾਬ ਹੀਂ, ਨਾਸ ਨਾਕ ਮੇਂ ਦੇਤ।

ਸੋ ਤੋ ਇਰਾਨੇ ਗਏ, ਜਿਉਂ ਭੰਡਭੂਜੇ ਕਾ ਰੇਤ॥5॥
ਗਰੀਬ, ਭਾਂਗ ਤੰਬਾਕੂ ਪੀਵ ਹੀਂ, ਗੋਸਤ ਗਲਾ ਕਬਾਬ।
ਮੋਰ ਮ੍ਰਿਗ ਕੂੰਭਖਤ ਹੈਂ, ਦੇਗੇਂ ਕਹਾਂ ਜਵਾਬ ॥6॥

2. ਤੀਰਥ ਸਥਾਨਾਂ ਉੱਤੇ ਜਾਣ ਨਿਸ਼ੇਧ:- ਕਿਸੇ ਤਰ੍ਹਾਂ ਦਾ ਕੋਈ ਵਰਤ ਨਹੀ ਰੱਖਣਾ ਹੈ। ਕੋਈ ਤੀਰਥ ਯਾਤਰਾ ਨਹੀਂ ਕਰਨੀ, ਨਾ ਕੋਈ ਗੰਗਾ ਨਹਾਉਣਾ ਆਦਿ ਕਰਨਾ, ਨਾ ਕਿਸੀ ਹੋਰ ਧਾਰਮਿਕ ਸਥੱਲ ਉੱਤੇ ਇਸ਼ਨਾਨ ਤੇ ਦਰਸ਼ਨ ਲਈ ਜਾਣਾ ਹੈ। ਕਿਸੇ ਮੰਦਰ ਤੇ ਇਸ਼ਟ ਧਾਮ ਵਿੱਚ ਪੂਜਾ ਤੇ ਭਗਤੀ ਦੇ ਭਾਵ ਨਾਲ ਨਹੀਂ ਜਾਣਾ ਕਿ ਇਸ ਮੰਦਰ ਵਿੱਚ ਭਗਵਾਨ ਹੈ। ਭਗਵਾਨ ਕੋਈ ਪਸ਼ੂ ਤਾਂ ਹੈ ਨਹੀਂ ਕਿ ਉਸਨੂੰ ਪੁਜਾਰੀ ਜੀ ਨੇ ਮੰਦਰ ਵਿੱਚ ਬੰਨ ਰੱਖਿਆ ਹੈ। ਭਗਵਾਨ ਤਾਂ ਕਣ-ਕਣ ਵਿੱਚ ਵਿਆਪਕ ਹੈ। ਇਹ ਸਭ ਸਾਧਨਾਵਾਂ ਸ਼ਾਸਤਰਾਂ ਦੇ ਵਿਰੁੱਧ ਹਨ।

ਜ਼ਰਾ ਵਿਚਾਰ ਕਰਕੇ ਦੇਖੋ ਕੀ ਇਹ ਸਭ ਤੀਰਥ ਸਥੱਲ (ਜਿਵੇਂ ਜਗਨਨਾਥ ਦਾ ਮੰਦਿਰ, ਬਦਰੀਨਾਥ, ਹਰਿਦੁਆਰ, ਮੱਕਾ-ਮਦੀਨਾ, ਅਮਰਨਾਥ, ਵੈਸ਼ਣੋ ਦੇਵੀ, ਵ੍ਰਿੰਦਾਵਨ, ਮਥੁਰਾ, ਬਰਸਾਨਾ, ਅਯੋਧਿਆ ਰਾਮ ਮੰਦਿਰ, ਕਾਂਸ਼ੀ ਧਾਮ, ਛੁਡਾਨੀ ਧਾਮ ਆਦਿ), ਮੰਦਿਰ ਮਸਜਿਦ, ਗੁਰੂਦੁਆਰਾ, ਚਰਚ ਤੇ ਇਸ਼ਟ ਧਾਮ ਆਦਿ ਐਸੇ ਸਥੱਲ ਹਨ ਜਿੱਥੇ ਕੋਈ ਸੰਤ ਰਹਿੰਦੇ ਸਨ। ਉਹ ਉੱਥੇ ਆਪਣੀ ਭਗਤੀ ਸਾਧਨਾ ਕਰਕੇ ਆਪਣਾ ਭਗਤੀ ਰੂਪੀ ਧੰਨ ਜੋੜ ਕਰਕੇ ਸਰੀਰ ਛੱਡਕੇ ਆਪਣੇ ਇਸ਼ਟ ਦੇਵ ਦੇ ਲੋਕ ਚਲੇ ਗਏ। ਤਦ ਪਿੱਛੋਂ ਉਨ੍ਹਾਂ ਦੀ ਯਾਦਗਾਰ ਨੂੰ ਪ੍ਰਮਾਣਿਤ ਰੱਖਣ ਦੇ ਲਈ ਉੱਥੇ ਕਿਸੇ ਨੇ ਮੰਦਰ, ਕਿਸੀ ਨੇ ਮਸਜਿਦ, ਕਿਸੀ ਨੇ ਗੁਰੂਦੁਆਰਾ, ਕਿਸੀ ਨੇ ਚਰਚ ਜਾਂ ਕਿਸੇ ਨੇ ਧਰਮਸ਼ਾਲਾ ਆਦਿ ਬਣਵਾ ਦਿੱਤੀ। ਤਾਂਕਿ ਉਨ੍ਹਾਂ ਦੀ ਯਾਦ ਬਣੀ ਰਹੇ ਅਤੇ ਸਾਡੇ ਜਿਹੇ ਤੁਛ ਪ੍ਰਾਣੀਆਂ ਨੂੰ ਪ੍ਰਮਾਣ ਮਿਲਦਾ ਰਹੇ ਕਿ ਸਾਨੂੰ ਅਜਿਹੇ ਕਰਮ ਕਰਨੇ ਚਾਹੀਏ ਜਿਵੇਂ ਕਿ ਇਹ ਮਹਾਨ ਆਤਮਾਂਵਾਂ ਨੇ ਕੀਤੇ ਹਨ। ਇਹ ਸਭ ਧਾਰਮਿਕ ਸਥੱਲ ਸਾਨੂੰ ਸਭ ਨੂੰ ਇਹੀ ਸੰਦੇਸ਼ ਦਿੰਦੇ ਹਨ ਕਿ ਜਿਵੇਂ ਭਗਤੀ ਸਾਧਨਾਂ ਇਨ੍ਹਾਂ ਨਾਮੀ ਸੰਤਾਂ ਨੇ ਕੀਤੀ ਹੈ ਐਸੀ ਹੀ ਆਪ ਕਰੋ। ਇਸਦੇ ਲਈ ਆਪ ਇਸੀ ਤਰੀਕੇ ਨਾਲ ਸਾਧਨਾਂ ਕਰਨ ਵਾਲੇ ਤੇ ਦੱਸਣ ਵਾਲੇ ਸੰਤਾਂ ਨੂੰ ਤਲਾਸ਼ ਕਰੋ ਅਤੇ ਫਿਰ ਜੈਸਾ ਉਹ ਕਹਿਣ ਵੈਸਾ ਹੀ ਕਰੋ। ਲੇਕਿਨ ਬਾਅਦ ਵਿੱਚ ਉਨ੍ਹਾਂ ਸਥਾਨਾਂ ਦੀ ਹੀ ਪੂਜਾ ਆਰੰਭ ਹੋ ਗਈ ਜੋ ਕੀ ਬਿਲਕੁਲ ਵਿਅਰਥ ਹੈ ਅਤੇ ਸ਼ਾਸਤਰਾਂ ਦੇ ਵਿਰੁੱਧ ਹੈ।

ਇਹ ਸਾਰੇ ਸਥਾਨ ਤਾਂ ਇੱਕ ਐਸੇ ਸਥਾਨ ਦੀ ਤਰ੍ਹਾਂ ਹਨ ਜਿੱਥੇ ਕਿਸੇ ਹਲਵਾਈ ਨੇ ਭੱਠੀ ਬਣਾਕੇ ਜਲੇਬੀ, ਲੱਡੂ ਆਦਿ ਬਣਾਕੇ ਆਪ ਖਾਕੇ ਅਤੇ ਆਪਣੇ ਸਗੇ-ਸਾਥੀਆਂ ਨੂੰ ਖੁਆ ਕੇ ਚਲੇ ਗਏ। ਉਸਤੋਂ ਬਾਅਦ ਉਸ ਸਥਾਨ ਉੱਤੇ ਨਾ ਤਾਂ ਹਲਵਾਈ ਹੈ ਤੇ ਨਾ ਹੀ ਮਠਿਆਈ। ਫਿਰ ਤਾਂ ਉੱਥੇ ਕੇਵਲ ਭੱਠੀ ਹੀ ਹੈ। ਉਹ ਨਾ ਤਾਂ ਸਾਨੂੰ ਮਿਠਾਈ ਬਣਾਉਣਾ ਸਿਖਾ ਸਕਦੀ ਹੈ ਤਾਂ ਨਾ ਹੀ ਸਾਡਾ ਪੇਟ (ਉਦਰ) ਭਰ ਸਕਦੀ ਹੈ। ਹੁਣ ਕੋਈ ਕਹੇ ਕਿ ਆਉ ਭਾਈ! ਆਪਨੂੰ ਉਹ ਭੱਠੀ ਦਿਖਾਕੇ ਲਿਆਵਾਂਗਾ ਜਿੱਥੇ ਇੱਕ ਹਲਵਾਈ ਨੇ ਮਠਿਆਈ ਬਣਾਈ ਸੀ। ਚਲੋ ਚਲਦੇ ਹਾਂ। ਉੱਥੇ ਜਾਕੇ ਉਸ ਭੱਠੀ ਨੂੰ ਦੇਖ ਲਿਆ ਅਤੇ ਉਸਦੇ ਸੱਤ ਚੱਕਰ ਵੀ ਕੱਟ ਆਏ। ਕੀ ਆਪ ਨੂੰ ਮਠਿਆਈ ਮਿਲੀ? ਕੀ ਆਪ ਨੂੰ ਮਠਿਆਈ ਬਣਾਉਣ ਦੀ ਵਿਧੀ ਦੱਸਣ ਵਾਲਾ ਹਲਵਾਈ ਮਿਲਿਆ? ਇਸਦੇ ਲਈ ਆਪ ਨੂੰ ਓਹੋ ਜਿਹਾ ਹੀ ਹਲਵਾਈ ਖੋਜਣਾ ਹੋਵੇਗਾ ਜੋ ਸਭ ਤੋਂ ਪਹਿਲਾਂ ਆਪ ਨੂੰ ਮਠਿਆਈ ਖੁਆਵੇ ਅਤੇ ਬਣਾਉਣ ਦੀ ਵਿਧੀ ਵੀ ਦੱਸੇ। ਫਿਰ ਜਿਵੇਂ ਉਹ ਕਹੇ ਕੇਵਲ ਉਹੀ ਕਰਨਾ ਹੋਰ ਕੁਝ ਨਹੀਂ।

ਠੀਕ ਇਸੇ ਤਰ੍ਹਾਂ ਤੀਰਥ ਸਥਾਨਾਂ ਦੀ ਪੂਜਾ ਨਾ ਕਰਕੇ ਵੈਸੇ ਹੀ ਸੰਤਾਂ ਦੀ ਤਲਾਸ਼ ਕਰੋ ਜੋ ਸ਼ਾਸਤਰਾਂ ਦੇ ਅਨੁਸਾਰ ਪੂਰਣ ਪ੍ਰਮਾਤਮਾਂ ਕਬੀਰ ਸਾਹਿਬ ਦੀ ਭਗਤੀ ਕਰਦੇ ਤੇ ਦੱਸਦੇ ਹੋਣ। ਫਿਰ ਜਿਵੇਂ ਉਹ ਕਹੇ ਕੇਵਲ ਉਹੀ ਕਰਨਾ, ਆਪਣੀ ਮਨ ਮਾਨੀ ਨਹੀਂ ਕਰਨੀ।

ਸਾਮਵੇਦ ਸੰਖਿਆ ਨੰ. 1400 ਉਤਾਸ਼ਿਰਕ ਅਧਿ. ਨੰ. 12 ਖੰਡ ਨੰ. 3 ਸਲੋਕ ਨੰ. 5 (ਸੰਤ ਰਾਮਪਾਲ ਜੀ ਦੁਆਰਾ ਭਾਸ਼ਾ-ਭਾਸ਼ਯ):

ਭਦਰਾ ਵਸਤਰਾ ਸਮੰਯਾਵਸਾਨੋ ਮਹਾਨ ਕਵਿਰਨਿਵਚਨਾਨਿ ਸ਼ੰਸਨ।
ਆ ਵਚਸਸਵ ਚਮਵੋਹ ਪ੍ਰਯਮਾਨੋ ਵਿਚਕਸ਼ਣੋ ਜਾਗ੍ਰਿਵਿਰਦੇਵਵੀਤੌ॥5॥

ਅਨੁਵਾਦ:- ਚਤੁਰ ਵਿਅਕਤੀਆਂ ਨੇ ਆਪਣੇ ਵਚਨਾਂ ਦੁਆਰਾ ਪੂਰਣ ਪ੍ਰਮਾਤਮਾਂ (ਪੂਰਣ ਬ੍ਰਹਮ) ਦੀ ਪੂਜਾ ਦਾ ਸਤਿਮਾਰਗ ਦਰਸ਼ਨ ਨਾ ਕਰਕੇ ਅੰਮ੍ਰਿਤ ਦੇ ਸਥਾਨ ਉੱਤੇ ਆਨ ਉਪਾਸਨਾਂ (ਜਿਵੇਂ ਭੂਤ ਪੂਜਾ, ਪਿੱਤਰ ਪੂਜਾ, ਸ਼ਰਾਧ ਕੱਢਣਾ, ਤਿੰਨੋਂ ਗੁਣਾਂ ਦੀ ਪੂਜਾ (ਰਜਗੁਣ-ਬ੍ਰਹਮਾਂ, ਸਤਗੁਣ-ਵਿਸ਼ਣੂ, ਤਮਗੁਣ-ਸ਼ੰਕਰ) ਅਤੇ ਬ੍ਰਹਮ-ਕਾਲ ਦੀ ਪੂਜਾ ਮੰਦਰ- ਮਸਜਿਦ - ਗੁਰੂਦੁਆਰੇ -ਸ਼ਰਚਾਂ ਤੇ ਤੀਰਥ- ਵਰਤ ਤੱਕ ਦੀ ਉਪਾਸ਼ਨਾਂ) ਰੂਪੀ ਫੌੜੇ ਅਤੇ ਜਖ਼ਮ ਤੋਂ ਨਿਕਲੇ ਮਵਾਦ ਨੂੰ ਆਦਰ ਦੇ ਨਾਲ ਆਚਮਨ ਕਰਾ ਰਹੇ ਹੁੰਦੇ ਹਨ। ਇਹ ਭੇਦ ਪਰਮ ਸੁਖਦਾਇਕ ਪੂਰਣ ਬ੍ਰਹਮ ਕਬੀਰ ਸਾਹਿਬ ਸਹਿਸਰੀਰ ਸਾਧਾਰਣ ਭੇਸ਼ਭੂਸ਼ਾ ਵਿੱਚ ("ਵਸਤਰੇ ਦਾ ਅਰਥ ਹੈ ਭੇਸ਼ਭੂਸ਼ਾ-ਸੰਤ ਭਾਸ਼ਾ ਵਿੱਚ ਇਸਨੂੰ ਚੋਲਾ ਵੀ ਕਹਿੰਦੇ ਹਨ। ਜਿਵੇਂ ਕੋਈ ਸੰਤ ਸਰੀਰ ਤਿਆਗ ਜਾਂਦਾ ਹੈ ਤਾਂ ਕਹਿੰਦੇ ਹਨ ਕਿ ਮਹਾਤਮਾਂ ਤਾਂ ਚੋਲਾ ਛੱਡ ਗਏ।) ਸਤਲੋਕ ਵਾਲੇ ਸਰੀਰ ਦੇ ਸਮਾਨ ਦੂਸਰਾ ਤੇਜ਼ਪੁੰਜ ਦਾ ਸਰੀਰ ਧਾਰਣ ਕਰਕੇ ਆਮ ਵਿਅਕਤੀ ਦੀ ਤਰ੍ਹਾਂ ਜੀਵਨ ਜੀਅ ਕੇ ਕੁਝ ਦਿਨ ਸੰਸਾਰ ਵਿੱਚ ਰਹਿਕੇ ਆਪਣੀ ਸ਼ਬਦਾਂ-ਸਾਖੀਆਂ ਦੇ ਮਾਧਿਅਮ ਨਾਲ ਦੱਸਦਾ ਹੈ। ਪੂਰਣ ਪਰਮਾਤਮਾ ਦੇ ਵਿਸ਼ੇ ਵਿੱਚ ਯਾਨਿ ਆਪਣੇ ਵਿਸ਼ੇ ਵਿੱਚ ਛੁਪੇ ਹੋਏ ਵਾਸਤਵਿਕ ਸਤਿਗਿਆਨ ਅਤੇ ਭਗਤੀ ਨੂੰ ਖੁਦ ਹੀ ਜਾਗਰਿਤ ਕਰਦੇ ਹਨ।

ਗੀਤਾ ਅਧਿਆਇ ਨੰ. 16 ਦੇ ਸਲੋਕ ਨੰ. 23:-

ਯਹ, ਸ਼ਾਸਤ੍ਰਵਿਧਿਮ, ਉਤਸ੍ਰਜ, ਵ੍ਰਤੇਤ ਕਾਮਕਾਰਤਹ, ਨ ਸਹ,
ਸਿਧਿਦਮ, ਆਵਪਨੋਤੀ, ਨ, ਸੁਖਮ, ਨ ਪਰਾਮ, ਗਤਿਮ॥

ਅਨੁਵਾਦ:- ਜੋ ਪੁਰਸ਼ ਸ਼ਾਸਤਰ ਵਿਧੀ ਨੂੰ ਤਿਆਗਕੇ ਆਪਣੀ ਇੱਛਾ ਨਾਲ ਮਨਮਾਨਾ ਆਸ਼ਰਣ ਕਰਦਾ ਹੈ ਉਹ ਨਾ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ ਨਾ ਹੀ ਪਰਮਗਤੀ ਨੂੰ ਅਤੇ ਨਾ ਸੁੱਖ ਨੂੰ ਹੀ।

ਗੀਤਾ ਅਧਿਆਇ ਨੰ. 6 ਦਾ ਸਲੋਕ ਨੰ. 16:-

ਨ, ਅਤਿ, ਅਸ਼੍ਨਤਹ, ਤੁ, ਯੋਗਹ, ਅਸਿਤ, ਨ, ਚ, ਏਕਾਂਤਮ,
ਅਨਸ਼੍ਨਤਹ, ਨ, ਚ, ਅਤਿਸਵਪਨਸੀਲਸਯ, ਜਾਗ੍ਰਤਹ, ਨ, ਏਵ, ਚ, ਅਰਜੁਨ॥

ਅਨੁਵਾਦ:- ਹੇ ਅਰਜੁਨ! ਇਹ ਯੋਗ ਭਾਵ ਭਗਤੀ ਨਾ ਤਾਂ ਬਹੁਤ ਖਾਣ ਵਾਲੇ ਦਾ ਅਤੇ ਨਾ ਬਿਲਕੁਲ ਨਾ ਖਾਣ ਵਾਲੇ ਦਾ ਯਾਨਿ ਵਰਤ ਰੱਖਣ ਵਾਲੇ ਦਾ, ਨਾ ਏਕਾਂਤ ਸਥਾਨ ਉੱਤੇ ਆਸਣ ਲਗਾਕੇ ਸਾਧਨਾ ਕਰਨ ਵਾਲੇ ਦਾ ਅਤੇ ਨਾ ਬਹੁਤ ਸ਼ਯਨ (ਸੌਣ) ਵਾਲੇ ਸੁਭਾਅ ਵਾਲੇ ਦਾ ਤੇ ਨਾ ਸਦਾ ਜਾਗਣ ਵਾਲੇ ਦਾ ਹੀ ਸਿੱਧ ਹੁੰਦਾ ਹੈ।

ਪੂਜੈ ਦੇਇ ਧਾਮ ਕੋ, ਸ਼ੀਸ਼ ਹਲਾਵੇ ਜੋ।
ਗਰੀਬਦਾਸ ਸਾਚੀ ਕਹੈ, ਹਦ ਕਾਫਿਰ ਹੈ ਸੋ ॥
ਕਬੀਰ, ਗੰਗਾ ਕਾਠੇ ਘਰ ਕਰੈ, ਪੀਵੈ ਨਿਰਮਲ ਨੀਰ।
ਮੁਕਤ ਨਹੀਂ ਹਰੀ ਨਾਮ ਬਿਨ, ਸਤਿਗੁਰੂ ਕਹੈਂ ਕਬੀਰ॥

कबीर, तीरथ कर-कर जग मूवा, उडै पानी नहाऐ।
राम ही नाम ना जपा, काल घसीटे जाऐ॥
गरीब, पीतल ही का थाल है, पीतल का लोटा।
जड़ मूरत को पूजतें, आवेगा टोटा॥
गरीब, पीतल चमचा पूजीऐ, जो थाल परोसे।
जड़ मूरत किस काम की, मति रहो भरोसे॥
कबीर, परबत परबत मैं फिरिआ, कारण आपणे राम।
राम सरीखे जन मिले, जिन सारे सभ काम॥

**3. देवी-देचता अते पित्तर पूजा निशेध:-**

**किसे तरां दी पित्तर पूजा, श़राध कढणा आदि नहीं करना। भगवान श्री क्रिश़न जी ने वी इनां पित्तरां दी ते भूतां दी पूजा करन तों साफ मनां कीता है। गीता अधिआइ नं. 9 दे श़लोक नं. 25 विच किहा है कि -**

यांति, देवव्रताह, देवान, पित्रिगन, यांति, पित्रव्रताह।
भूतानि, यांति, भूतेजयाह, मधाजिनह, अपि, माम॥

**अनुवाद:- देवतिआं नूं पूजणवाले देवतिआं नूं प्रापत हुंदे हन, पित्तरां नूं पूजण वाले पित्तरां नूं प्रापत हुंदे हन भूतां नूं पूजण वाले भूतां नूं प्रापत हुंदे हन अते मत अनुसार पूजण करन वाले भगत मेरे तों ही लाभ लैंदे हन।**

**बंदीछोड़ गरीबदास जी महाराज ते कबीर साहिब जी महाराज वी कहिंदे हन:-**

"गरीब, भूत रमे सो भूत है, देव रमे सो देव॥
राम रमे सो राम है, सुनो सकल सुर भेव॥"

**इसलई उस (पूरन प्रमातमा) प्रमेश़वर दी भगती करो जिस तों पूरण मुकती होवे। उह प्रमातमां पूरण ब्रहम सतिपुरश़ (सति कबीर) है। इसदा प्रमाण गीता जी दे अधि. नं. 18 दे श़लोक नं. 46 विच है।**

यतह प्रव्रितिभूतानां येन स्रवमिदं ततम।
सवक्रमणां तमभयश़रय सिधिम विंदति मानव्र॥46॥

**अनुवाद:- जिस प्रमेश़वर तों संपूरन प्राणीआं दी उतपत्ती होई है ते जिसतों इह समसत जगत विआपत है, उस प्रमेश़वर दी आपणे सुभाविक करमां दुआरा पूजा करके मनुख परमसिधी नूं प्रापत हो जांदा है॥46॥**

**गीता जी दा अधिआइ नं.18 दा श़लोक नं. 62:-**

तमेवश़्णम गच्छ स्रवभावेन भारत।
तत्तप्रसादात प्राम श़ांतिम सथानम प्रापसयासि श़ाश़वतम ॥62॥

**अनुवाद:- हे भारतवंश़ोभद्रव अरजुन! तूं सरवभाव नाल उस परमेश़वर दी ही श़रण विच चला जा। उसदी क्रिपा नाल तूं परम श़ांती नूं अते अविनाश़ी सथान नूं प्रापत हो जावेगा।**

**सरवभाव दा अरथ है कि कोई होर पूजा ना करके मन - करम - वचन तों इक प्रमेश़वर विच आसथा रखणा।**

**गीता अधिआइ नं. 8 दा श़लोक नं. 22 :-**

ਪੁਰੂਸ਼ਹੁ ਸਹ ਪਰਹ ਪਾਰਥ ਭਕਤਯਾ ਲਭਯਹ ਤੁ ਅੱਨਨਯਯਾ।
ਯਸਯ ਅਨਤਹ ਸਥਾਨਿ ਭੂਤਾਨਿ ਯੇਨ ਸ੍ਰਵਮਇਦਮ ਤਤਮ॥22॥

**ਅਨੁਵਾਦ:- ਹੇ ਪ੍ਰਥਾਨੰਦਨ ਅਰਜੁਨ! ਸੰਪੂਰਨ ਪ੍ਰਾਣੀ ਜਿਸਦੇ ਅੰਤਰਗਤ ਹਨ ਤੇ ਜਿਸਤੋਂ ਸੰਪੂਰਨ ਸੰਸਾਰ ਵਿਆਪਤ ਹੈ, ਉਹ ਪਰਮ ਪੁਰਸ਼ ਪ੍ਰਮਾਤਮਾ ਤਾਂ ਅਨੰਨਯ ਭਗਤੀ ਨਾਲ ਪ੍ਰਾਪਤ ਹੋਣ ਯੋਗ ਹੈ।**

**ਅਨੰਨਯ ਭਗਤੀ ਦਾ ਅਰਥ ਹੈ ਇੱਕ ਪ੍ਰਮੇਸ਼ਵਰ (ਪੂਰਣ ਬ੍ਰਹਮ) ਦੀ ਭਗਤੀ ਕਰਨਾ, ਦੂਸਰੇ ਦੇਵੀ-ਦੇਵਤਾਵਾਂ ਅਰਥਾਤ ਤਿੰਨੋਂ ਗੁਣਾਂ (ਰਜਗੁਣ-ਬ੍ਰਹਮਾਂ, ਸਤਗੁਣ-ਵਿਸ਼ਣੂ, ਤਮਗੁਣ-ਸ਼ਿਵ) ਦੀ ਨਹੀਂ ਕਰਨੀ। ਗੀਤਾ ਜੀ ਦੇ ਅਧਿਆਇ ਨੰ. 15 ਦਾ ਸਲੋਕ ਨੰ. 1 ਤੋਂ 4:-**

ਉਰਧ੍ਵਮੂਲਮ, ਅਦਹਸ਼ਾਖਮ, ਅਸ਼ਵਤਥਮ, ਪ੍ਰਾਹੁਹ, ਅਵਯਯਮ,
ਛਨਦਾਂਸਿ, ਯਸਯ, ਪ੍ਰਣਾਨਿ, ਯਹ ਤਮ, ਵੇਦ, ਸਹ, ਵੇਦਵਿਤ॥1॥

**ਅਨੁਵਾਦ:- ਉੱਪਰ ਨੂੰ ਜੜ੍ਹ ਵਾਲੇ ਤੇ ਨੀਚੇ ਨੂੰ ਸ਼ਾਖਾ ਵਾਲਾ ਅਵਿਨਾਸ਼ੀ ਵਿਸਤ੍ਰਿਤ ਬਿਰਖ਼ ਹੈ, ਘੋੜੇ ਜਿਹਾ ਮਜਬੂਤ ਜਿਸਦੇ ਛੋਟੇ-ਛੋਟੇ ਹਿੱਸੇ ਜਾਂ ਟਹਣੀਆਂ ਪੱਤੇ ਕਹੇ ਹਨ, ਉਸ ਸੰਸਾਰ ਰੂਪ ਬਿਰਖ਼ ਨੂੰ ਜੋ ਇਸ ਪ੍ਰਕਾਰ ਜਾਣਦਾ ਹੈ ਉਹ ਭਗਤ ਪੂਰਣ ਗਿਆਨੀ ਹੈ।**

**ਗੀਤਾ ਅਧਿਆਇ ਨੰ. 15 ਦੇ ਸਲੋਕ ਨੰ. 2**

ਅਧਹ, ਚ, ਉਰਧਮ, ਪ੍ਰਸ੍ਰਤਾਹ, ਤਸਯ, ਸ਼ਾਖਾਹ, ਗੁਣ, ਪ੍ਰਵ੍ਰੱਧਾਹ, ਵਿਸ਼ਯ, ਪ੍ਰਵਾਲਾਹ।
ਅਧਰ, ਚ, ਮੂਲਾਨਿ, ਅਨੁਸੰਅਤੇਨਿ, ਕਰਮਅਨੁਬੰਧੀਨਿ, ਮਨੁਸ਼ਯ, ਲੋਕੇ॥2॥

**ਅਨੁਵਾਦ:- ਉਸ ਬਿਰਖ ਦੀ ਨੀਚੇ ਅਤੇ ਉਪੱਰ ਤਿੰਨੋਂ ਗੁਣ ਬ੍ਰਹਮਾ-ਰਜਗੁਣ, ਵਿਸ਼ਣੂ-ਸਤਗੁਣ, ਸ਼ਿਵ-ਰਜਗੁਣ, ਰੂਪੀ ਫੈਲੀ ਹੋਈ ਵਿਕਾਰ ਕਾਮ, ਕ੍ਰੋਧ, ਮੋਹ, ਲੋਭ, ਅਹੰਕਾਰ ਰੂਪੀ ਕੋਪਲ ਡਾਲੀ ਬ੍ਰਹਮਾ, ਵਿਸ਼ਣੂ, ਸ਼ਿਵ ਹੀ ਜੀਵ ਨੂੰ ਕਰਮਾਂ 'ਚ ਬੰਨ੍ਹਣ ਦੀ ਵੀ ਜੜ੍ਹਾਂ ਅਰਥਾਤ ਮੂਲ ਕਾਰਨ ਹਨ ਅਤੇ ਮਨੁੱਖ ਲੋਕ, ਸਵਰਗ, ਨਰਕ ਲੋਕ ਪ੍ਰਿਥਵੀ ਲੋਕ ਵਿੱਚ ਨੀਚੇ (ਚੌਰਾਸੀ ਲੱਖ ਯੂਨੀਆਂ ਵਿੱਚ) ਉਪੱਰ ਵਿਵਸਿਤ ਕੀਤੇ ਹੋਏ ਹਨ।**

**ਗੀਤਾ ਅਧਿਆਇ ਨੰ. 15 ਦੇ ਸਲੋਕ ਨੰ. 3**

ਨ, ਰੂਪਮ, ਅਸਯ, ਏਹ, ਅਤੇ, ਉਪਲੱਬਧਤੇ, ਨ, ਅੰਤਹ, ਨ, ਚ, ਆਦਿਹ, ਨ, ਚ,
ਸੰਪ੍ਰਤਿਸ਼ਠਤਾ, ਅਸ਼ਵਤਥਮ, ਏਨਮ, ਸੁਵਿਰੁੜਮੂਲਮ, ਅਸੰਗਸ਼ਸਤ੍ਰੇਣ, ਦ੍ਰਢੇਨ, ਛਿਤਵਾ॥3॥

**ਅਨੁਵਾਦ: ਇਸ ਰਚਨਾ ਦਾ ਨਾ ਸ਼ੁਰੂਆਤ ਅਤੇ ਨਾ ਅੰਤ ਹੈ ਨਾ ਵੈਸਾ ਸਰੂਪ ਪਾਇਆ ਜਾਂਦਾ ਹੈ ਅਤੇ ਇੱਥੇ ਵਿਚਾਰ ਕਾਲ ਵਿੱਚ ਅਰਥਾਤ ਮੇਰੇ ਦੁਆਰਾ ਦਿੱਤਾ ਜਾ ਰਹੇ ਗੀਤਾ ਗਿਆਨ ਵਿੱਚ ਪੂਰਣ ਜਾਣਕਾਰੀ ਮੈਨੂੰ ਵੀ ਨਹੀਂ ਹੈ ਕਿਉਂਕਿ ਸਰਵ ਬ੍ਰਹਿਮੰਡਾਂ ਦੀ ਰਚਨਾ ਕੀਤੀ ਦੀ ਸਹੀ ਸਥਿਤੀ ਦਾ ਮੈਨੂੰ ਵੀ ਗਿਆਨ ਨਹੀਂ ਹੈ ਚੰਗੀ ਤਰ੍ਹਾਂ ਸਥਾਈ ਸਥਿਤੀ ਵਾਲਾ ਮਜ਼ਬੂਤ ਸਵਰੂਪ ਵਾਲੇ ਨਿਰਲੇਪ ਤੱਤਵਗਿਆਨ ਰੂਪੀ ਦ੍ਰਿੜ ਸ਼ਾਸ਼ਤਰ ਤੋਂ ਅਰਥਾਤ ਨਿਰਮਲ ਤੱਤਵਗਿਆਨ ਦੇ ਦੁਆਰਾ ਕੱਟਕੇ ਅਰਥਾਤ ਨਿਰੰਜਨ ਦੀ ਭਗਤੀ ਨੂੰ ਛਣਿਕ ਜਾਣਕੇ।(3)**

**ਗੀਤਾ ਅਧਿਆਇ ਨੂੰ 15 ਦਾ ਸਲੋਕ ਨੰ. 4**

ਤਤਹ ਪਦਮ ਤਤ ਪਰਿਮਾਰਗਿਵਯਮ ਯਮਮਿਨਗਤਾਹ ਨ ਨਿਵਰਤੰਤਿ ਭੂਯਹ।
ਤਮਏਵ ਚ ਅਦਯਮ ਪੁਰੂਸ਼ਮ ਪ੍ਰਪਦਯੇ ਯਤਹ ਪ੍ਰਵ੍ਰੱਤਿਹ ਪ੍ਰਸ੍ਰਤਾ ਪੁਰਾਣੀ॥4॥

**ਅਨੁਵਾਦ:- ਉਸਤੋਂ ਬਾਅਦ ਉਸ ਪਰਮਪਦ ਪ੍ਰਮਾਤਮਾ ਦੀ ਖੋਜ਼ ਕਰਨੀ ਚਾਹੀਦੀ ਹੈ ਜਿਸਨੂੰ ਪ੍ਰਾਪਤ ਹੋਏ ਮਨੁੱਖ ਫ਼ਿਰ ਮੁੜ ਕੇ ਸੰਸਾਰ ਵਿੱਚ ਨਹੀਂ ਆਉਂਦੇ ਅਤੇ ਜਿਸਤੋਂ ਅਨਾਦਿ ਕਾਲ ਤੋਂ ਚੱਲੀ ਆਉਣ ਵਾਲੀ ਇਹ ਸ੍ਰਿਸ਼ਟੀ ਵਿਸਤਾਰ ਨੂੰ ਪ੍ਰਾਪਤ ਹੋਈ ਹੈ, ਉਸ ਆਦਿ ਪੁਰਸ਼ ਪ੍ਰਮਾਤਮਾ ਦੇ ਹੀ ਮੈਂ ਸਰਣ ਵਿੱਚ ਹਾਂ।**

**ਇਸ ਪ੍ਰਕਾਰ ਖੁਦ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਇੰਦਰ ਜੋ ਦੇਵੀ-ਦੇਵਤਿਆਂ ਦਾ ਰਾਜਾ ਹੈ ਦੀ ਪੂਜਾ ਵੀ ਛੁਡਵਾ ਕੇ ਉਸ ਪ੍ਰਮਾਤਮਾ ਦੀ ਭਗਤੀ ਕਰਨ ਦੇ ਲਈ ਹੀ ਪ੍ਰੇਰਨਾ ਦਿੱਤੀ ਸੀ। ਜਿਸ ਕਾਰਣ ਉਨ੍ਹਾਂ ਨੇ ਗੋਵਰਧਨ ਪਰਬਤ ਨੂੰ ਚੁੱਕ ਕੇ ਇੰਦਰ ਦੇ ਗੁੱਸੇ ਤੋਂ ਬ੍ਰਿਜ ਵਾਸੀਆਂ ਦੀ ਰੱਖਿਆ ਕੀਤੀ ਸੀ।**

ਗਰੀਬ, ਇੰਦ੍ਰ ਚੜਾ ਬ੍ਰਿਜ ਡੁਬੋਵਨ, ਭੀਗਾ ਭੀਤ ਨਾ ਲੇਵ।
ਇੰਦ੍ਰ ਕਢਾਈ ਹੋਤ ਜਗਤ ਮੇਂ, ਪੂਜਾ ਖਾ ਗਏ ਦੇਵ॥
ਕਬੀਰ, ਇਸ ਸੰਸਾਰ ਕੋ, ਸਮਝਾਉਂ ਕੇ ਬਾਰ।
ਪੂਛ ਜੋ ਪਕੜੇ ਭੇਡ ਕੀ, ਉਤਰਾ ਚਾਹੇ ਪਾਰ॥

**4. ਗੁਰੂ ਆਗਿਆ ਦਾ ਪਾਲਣ:- ਗੁਰੂਦੇਵ ਜੀ ਦੀ ਆਗਿਆ ਦੇ ਬਿਨਾ ਘਰ ਵਿੱਚ ਕਿਸੇ ਵੀ ਪ੍ਰਕਾਰ ਦੀ ਧਾਰਮਿਕ ਪੂਜਾ ਨਹੀਂ ਕਰਾਉਣੀ। ਜਿਵੇਂ ਬੰਦੀਛੋੜ ਆਪਣੀ ਬਾਣੀ ਵਿੱਚ ਦੱਸਦੇ ਹਨ ਕਿ:-**

"ਗੁਰੁ ਬਿਨ ਯੁੱਗ ਹਵਨ ਜੋ ਕਰਹੀਂ। ਮਿੱਥਿਆ ਜਾਵੇ ਕਬਹੂੰ ਨਾ ਫਹੀਂ।
ਕਬੀਰ, ਗੁਰੂ ਬਿਨ ਮਾਲਾ ਫੇਰਤ। ਗੁਰੂ ਬਿਨ ਦੇਤੇ ਦਾਨ।
ਗੁਰੂ ਬਿਨ ਦੋਨੋਂ ਨਿਸ਼ਫਲ ਹੈਂ। ਪੂਛੋ ਵੇਦ ਪੁਰਾਣ॥"
ਗੁਰੂ ਕਿ ਆਗਿਆ ਨਿਸ਼ਚੈ ਕਰ ਮਾਨੈ। ਪੂਰਣ ਗੁਰੂ ਕਿ ਸੇਵਾ ਠਾਨੈ॥
ਪੀੜ੍ਹੀ ਸਹਿਤ ਨਰਕ ਮੇਂ ਪੜ੍ਹਹੀ। ਗੁਰੂ ਆਗਿਆ ਸ਼ਿਸ਼ ਲੋਪ ਜੋ ਕਰਹੀ॥

**5. ਮਾਤਾ ਮਸਾਣੀ ਪੂਜਣਾ ਨਿਸ਼ੇਧ:- ਆਪਣੇ ਖੇਤ ਵਿੱਚ ਬਣੀ ਕਿਸੇ ਮੜ੍ਹੀ ਜਾਂ ਕਿਸੇ ਖੇੜੇ ਆਦਿ ਦੀ ਜਾਂ ਕਿਸੇ ਹੋਰ ਦੇਵਤਾ ਦੀ ਸਮਾਧ ਵੀ ਨਹੀਂ ਪੂਜਣੀਂ ਹੈ। ਸਮਾਧ ਚਾਹੇ ਕਿਸੇ ਦੀ ਵੀ ਹੋਵੇ ਬਿਲਕੁਲ ਨਹੀਂ ਪੂਜਣੀ ਹੈ। ਹੋਰ ਕੋਈ ਉਪਾਸਨਾ ਨਹੀਂ ਕਰਨੀ ਹੈ। ਇੱਥੋਂ ਤੱਕ ਕਿ ਤਿੰਨੋਂ ਗੁਣਾਂ (ਬ੍ਰਹਮਾ, ਵਿਸ਼ਣੂ, ਸ਼ਿਵ) ਦੀ ਪੂਜਾ ਵੀ ਨਹੀਂ ਕਰਨੀ ਹੈ। ਕੇਵਲ ਗੁਰੂ ਜੀ ਦੇ ਦੱਸੇ ਰਾਹ ਉੱਤੇ ਚੱਲਣਾ ਹੈ।**

**ਗੀਤਾ ਅਧਿਆਇ 7 ਦਾ ਸਲੋਕ ਨੰ. 15**

ਨ, ਮਾਮ, ਦੁਸ਼ਕ੍ਰਿਤਿਨਹ, ਮੂਡਾਹ, ਪ੍ਰਪਦਯੰਤੇ, ਨਰਅਧਮਾਹ,
ਮਾਯਯਾ, ਅਪ੍ਰਹਤਗਯਾਨਾਹ, ਆਸ਼ੁਰਮ, ਭਾਵਮ, ਆਸ਼੍ਰਿਤਾਹ॥

**ਅਨੁਵਾਦ:- ਮਾਯਾ ਦੇ ਦੁਆਰਾ ਜਿਨ੍ਹਾਂ ਦਾ ਗਿਆਨ ਹਰਿਆ ਜਾ ਚੁੱਕਾ ਹੈ, ਯਾਨਿ ਜੋ ਤ੍ਰਿਗੁਣਮਈ ਮਾਯਾ ਅਰਥਾਤ ਰਜਗੁਣ- ਬ੍ਰਹਮਾ, ਸਤਗੁਣ- ਵਿਸ਼ਣੂ, ਤਮਗੁਣ- ਸ਼ਿਵ ਦੀ ਭਗਤੀ ਤੇ ਦ੍ਰਿੜ ਹਨ। ਉਹਨਾਂ ਦੀ ਬੁੱਧੀ ਇਨ੍ਹਾਂ ਤੇ ਹੀ ਦ੍ਰਿੜ ਹੈ। ਇਸਤੋਂ ਉੱਪਰ ਕਿਸੇ ਪ੍ਰਭੂ ਦੀ ਪੂਜਾ ਨਹੀਂ ਕਰਦੇ। ਅਜਿਹੇ ਵਿਅਕਤੀ ਅਸ਼ੁਰ ਸੁਭਾਅ ਨੂੰ ਧਾਰਣ ਕੀਤੇ ਹੋਏ ਮਨੁੱਖ ਨੀਚ ਦੂਸ਼ਿਤ ਕਰਮ ਕਰਨਵਾਲੇ ਮੂਰਖ ਮੈਨੂੰ (ਗੀਤਾ ਗਿਆਨ ਦੱਸਣ ਵਾਲੇ ਕਾਲ ਬ੍ਰਹਮ ਨੂੰ) ਨਹੀਂ ਭਜਦੇ ਅਰਥਾਤ ਉਹ ਤਿੰਨੋਂ ਗੁਣਾਂ (ਰਜਗੁਣ- ਬ੍ਰਹਮਾ, ਸਤਗੁਣ- ਵਿਸ਼ਣੂ, ਤਮਗੁਣ- ਸ਼ਿਵ) ਦੀ ਸਾਧਨਾ ਹੀ ਕਰਦੇ ਰਹਿੰਦੇ ਹਨ।**

ਕਬੀਰ, ਮਾਈ ਮਸਾਣੀ ਸ਼ੇਢ ਸ਼ੀਤਲਾ, ਭੈਰਵ ਭੂਤ ਹਨੂੰਮੰਤ।
ਪ੍ਰਮਾਤਮਾਂ ਉਨਸੇ ਦੂਰ ਹੈ, ਜੋ ਇਨਕੋ ਪੂਜੰਤ॥
ਕਬੀਰ, ਸੌ ਵਰਸ਼ ਤੋ ਸਤਿਗੁਰੁ ਕੀ ਸੇਵਾ, ਇੱਕ ਦਿਨ ਆਨ ਉਪਾਸੀ।
ਵੋ ਅਪਰਾਧੀ ਆਤਮਾ, ਪਰੇ ਕਾਲ ਕੀ ਫਾਂਸੀ॥
ਗੁਰੂ ਕੋ ਤਜੈ ਭਜੇ ਸੋ ਆਨਾ। ਤਾਂ ਪਸ਼ੂਆਂ ਕੋ ਫੋਕਟ ਗਿਆਨਾ॥

6. ਸੰਕਟ ਮੋਚਨ ਕਬੀਰ ਸਾਹਿਬ ਹੈਂ:- ਕਰਮਕਸ਼ਟ (ਸੰਕਟ) ਹੋਣ ਉੱਤੇ ਕੋਈ ਹੋਰ ਇਸ਼ਟ ਦੀ ਜਾਂ ਮਾਤਾ ਮਸਾਣੀ ਆਦਿ ਦੀ ਵੀ ਪੂਜਾ ਨਹੀਂ ਕਰਨੀ ਹੈ। ਨਾ ਕਿਸੇ ਪ੍ਰਕਾਰ ਦੀ ਪੁੱਛ ਲੈਣੀ ਹੈ। ਕੇਵਲ ਬੰਦੀ ਛੋੜ ਕਬੀਰ ਸਾਹਿਬ ਨੂੰ ਪੂਜਣਾ ਹੈ ਜੋ ਸਾਰੇ ਦੁੱਖਾਂ ਨੂੰ ਹਰਣ ਵਾਲੇ ਸੰਕਟ ਮੋਚਨ ਹਨ।

ਸਾਮਵੇਦ ਸੰਖਿਆ ਨੰ. 822 ਉਤਾਸ਼ਿਰਕ ਅਧਿ: 3 ਖੰਡ ਨੰ. 5 ਸਲੋਕ ਨੰ. 8 (ਸੰਤ ਰਾਮਪਾਲ ਜੀ ਦੁਆਰਾ ਭਾਸ਼ਾ-ਭਾਸ਼ਯ):-

ਮਨੀਸ਼ੀਭੀਹ ਪਵਤੇ ਪੂਰਵਯ੍ਹ ਕਵ੍ਰਿਨਰ੍ਹਭਿਯਰਤਹ ਪਰਿ ਕੋਸ਼ਾ ਅਸਿਸ਼ਯਦਤ।
ਤ੍ਰਿਤਸਯ ਨਾਮ ਜਨਯੰਨ ਮਧੁ ਸ਼ਰਨਿੰਦ੍ਰਸੰਯ ਵਾਯੁੰ ਸਖਾਯਾਯ ਵਰਧਯੰ ॥8॥

ਅਨੁਵਾਦ:- ਸਨਾਤਨ ਅਰਥਾਤ ਅਵਿਨਾਸੀ ਕਬੀਰ ਪ੍ਰਮੇਸ਼ਵਰ ਹਿਰਦੇ ਤੋਂ ਚਾਹੁਣ ਵਾਲੇ ਸ਼ਰਧਾ ਨਾਲ ਭਗਤੀ ਕਰਨ ਵਾਲੇ ਭਗਤਆਤਮਾਂ ਨੂੰ ਤਿੰਨ ਮੰਤਰ ਉਪਦੇਸ਼ ਦੇਕੇ ਪਵਿੱਤਰ ਕਰਕੇ ਜਨਮ ਤੇ ਮ੍ਰਿਤੂ ਤੋਂ ਰਹਿਤ ਕਰਦਾ ਹੈ ਅਤੇ ਉਸਦੇ ਪ੍ਰਾਣ ਅਰਥਾਤ ਜੀਵਨ-ਸੁਵਾਂਸਾਂ ਨੂੰ ਜੋ ਸੰਸਾਰਸ਼ ਆਪਣੇ ਮਿੱਤ ਅਰਥਾਤ ਭਗਤ ਦੇ ਗਿਣਤੀ ਦੇ ਪਾਏ ਹੁੰਦੇ ਹਨ ਨੂੰ ਆਪਣੇ ਭੰਡਾਰ ਤੋਂ ਪੂਰਣ ਰੂਪ ਨਾਲ ਵਧਾਉਂਦਾ ਹੈ। ਜਿਸ ਕਾਰਨ ਤੋਂ ਪ੍ਰਮੇਸ਼ਵਰ ਦੇ ਵਾਸਤਵਿਕ ਆਨੰਦ ਨੂੰ ਆਪਣੇ ਆਸ਼ੀਰਵਾਦ ਪ੍ਰਸ਼ਾਦ ਤੋਂ ਪ੍ਰਾਪਤ ਕਰਵਾਉਂਦਾ ਹੈ।

ਕਬੀਰ, ਦੇਵੀ ਦੇਵ ਠਾਡੇ ਭਏ, ਹਮਕੋ ਠੌਰ ਬਤਾਉ।
ਜੋ ਮੁਝ (ਕਬੀਰ) ਕੋ ਪੂਜੇ ਨਹੀਂ, ਉਨਕੋ ਲੂਟੋ ਖਾਉ ॥
ਗਰੀਬ, ਕਾਲ ਜੋ ਪੀਸੇ ਪੀਸਨਾ, ਜੋਰਾ ਹੈ ਪਨਿਹਾਰ।
ਯੇ ਦੋ ਅਸਲ ਮਜੂਰ ਹੈਂ, ਸਤਿਗੁਰੁ ਕੇ ਦਰਬਾਰ॥

7. ਗੈਰ ਜ਼ਰੂਰੀ ਦਾਨ ਨਿਸ਼ੇਧ:- ਕਿਤੇ ਵੀ ਅਤੇ ਕਿਸੇ ਨੂੰ ਦਾਨ ਰੂਪ ਵਿੱਚ ਕੁਝ ਨਹੀਂ ਦੇਣਾ ਹੈ। ਨਾ ਪੈਸਾ, ਨਾ ਬਿਨਾ ਸਿਲਿਆ ਹੋਇਆ ਕੱਪੜਾ ਆਦਿ ਕੁਝ ਨਹੀਂ ਦੇਣਾ ਹੈ। ਜੇ ਕੋਈ ਦਾਨ ਰੂਪ ਵਿੱਚ ਕੁਝ ਮੰਗਣ ਆਵੇ ਤਾਂ ਉਸਨੂੰ ਖਾਣਾ ਖੁਆ ਦਿਉ, ਚਾਹ, ਦੁੱਧ, ਲੱਸੀ ਆਦਿ ਪਿਲਾ ਦਿਉ ਪ੍ਰੰਤੂ ਦੇਣਾ ਕੁਝ ਵੀ ਨਹੀਂ ਹੈ। ਨਾ ਜਾਣੇ ਉਹ ਭਿਖਾਰੀ ਉਸ ਪੈਸੇ ਦਾ ਦੁਰਉਪਯੋਗ ਕਰੇ। ਜਿਵੇਂ ਇੱਕ ਵਿਆਕਤੀ ਨੇ ਕਿਸੇ ਭਿਖ਼ਾਰੀ ਨੂੰ ਉਸਦੀ ਝੂਠੀ ਕਹਾਣੀ ਜਿਸ ਵਿੱਚ ਉਹ ਕਹਿ ਰਿਹਾ ਸੀ ਕੀ ਮੇਰੇ ਬੱਚੇ ਇਲਾਜ ਬਿਨ੍ਹਾਂ ਤੜਪ ਰਹੇ ਹਨ। ਕੁਝ ਪੈਸੇ ਦੇਣ ਦੀ ਕਿਰਪਾ ਕਰੋ ਨੂੰ ਸੁਣਕੇ ਭਾਵਨਾ ਵੱਸ਼ ਹੋ ਕੇ 100 ਰੁ: ਦੇ ਦਿੱਤੇ।

ਉਹ ਭਿਖਾਰੀ ਪਹਿਲਾਂ ਪਊਆ ਪੀਂਦਾ ਸੀ ਉਸ ਦਿਨ ਉਸ ਵਿਅਕਤੀ ਨੇ ਅੱਧੀ ਬੋਤਲ ਸ਼ਰਾਬ ਪੀਤੀ ਅਤੇ ਆਪਣੀ ਪਤਨੀ ਨੂੰ ਕੁੱਟ ਦਿੱਤਾ। ਉਸਦੀ ਪਤਨੀ ਨੇ ਬੱਚਿਆਂ ਸਮੇਤ ਆਤਮ ਹੱਤਿਆ ਕਰ ਲਈ। ਆਪ ਦੁਆਰਾ ਕੀਤਾ ਹੋਇਆ ਉਹ ਦਾਨ ਉਸ ਪਰਿਵਾਰ ਦੇ ਨਾਸ਼ ਦਾ ਕਾਰਨ ਬਣ ਗਿਆ। ਜੇ ਆਪ ਚਾਹੁੰਦੇ ਹੋ ਤਾਂ ਕਿ ਅਜਿਹੇ ਦੁੱਖੀ ਵਿਅਕਤੀ ਪਰਿਵਾਰ ਦੀ ਮਦਦ ਕਰੀਏ ਜਾਵੇ ਤਾਂ ਉਸਦੇ ਬੱਚੇ ਨੂੰ ਡਾਕਟਰ ਤੋਂ ਦਵਾਈ ਦਵਾ ਦਿਉ, ਪੈਸੇ ਨਾ ਦਿਉ।

ਕਬੀਰ, ਗੁਰੂ ਬਿਨ ਮਾਲਾ ਫੇਰਤੇ, ਗੁਰੂ ਬਿਨ ਦੇਤੇ ਦਾਨ।
ਗੁਰੂ ਬਿਨ ਦੋਨੋਂ ਨਿਸਫਲ ਹੈਂ, ਪੂਛੋ ਵੇਦ ਪੁਰਾਣ॥ ”

8. ਜੂਠਾ ਖਾਣਾ ਨਿਸ਼ੇਧ:- ਐਸੇ ਵਿਅਕਤੀ ਦਾ ਜੂਠਾ ਨਹੀਂ ਖਾਣਾ ਹੈ ਜੋ ਕਿ ਸ਼ਰਾਬ, ਮਾਸ, ਤੰਬਾਕੂ, ਅੰਡਾ, ਬੀਅਰ, ਅਫ਼ੀਮ, ਗਾਂਜਾ ਆਦਿ ਦਾ ਸੇਵਨ ਕਰਦਾ ਹੋਵੇ।

9. ਸਤਿਲੋਕ ਗਮਨ (ਦੇਹਾਂਤ) ਦੇ ਬਾਅਦ ਕਿਰਿਆ-ਕਰਮ ਨਿਸ਼ੇਧ:- ਜੇ ਪਰਿਵਾਰ ਦੇ ਕਿਸੇ ਦੀ ਮੌਤ ਹੋ ਜਾਂਦੀ ਹੈ, ਚਿਤਾ ਵਿੱਚ ਅਗਨੀ ਕੋਈ ਵੀ ਦੇ ਸਕਦਾ ਹੈ, ਘਰ ਦਾ ਜਾਂ ਹੋਰ ਅਤੇ ਅਗਨੀ ਪ੍ਰਜਵਲਿਤ ਕਰਦੇ ਸਮੇਂ ਮੰਗਲਾਚਰਣ ਬੋਲ ਦੇਣ। ਤਾਂ ਉਸਦੇ ਫੁੱਲ ਆਦਿ

ਕੁਝ ਨਹੀਂ ਉਠਾਉਣੇ ਹਨ, ਜੇ ਉਸ ਸਥਾਨ ਨੂੰ ਸਾਫ਼ ਕਰਨਾ ਜ਼ਰੂਰੀ ਹੈ ਤਾਂ ਉਨ੍ਹਾਂ ਅਸਥੀਆਂ ਨੂੰ ਉਠਾਕੇ ਸਵੈਂ ਹੀ ਕਿਸੇ ਸਥਾਨ ਉੱਤੇ ਚਲਦੇ ਪਾਣੀ ਵਿੱਚ ਵਹਾਅ ਦੇਣ। ਉਸ ਸਮੇਂ ਮੰਗਲਾਚਰਣ ਉਚਾਰਣ ਕਰ ਦੇਣ। ਨਾ ਪਿੰਡ ਅਦਿ ਭਰਵਾਉਣੇ ਹਨ, ਨਾ ਤੇਰਵੀਂ, ਨਾ ਛਮਾਹੀ, ਸਲਾਨਾ ਬਰਸੀ, ਪਿੰਡ ਵੀ ਨਹੀਂ ਭਰਵਾਉਣੇ ਹਨ ਅਤੇ ਸ਼ਰਾਧ ਆਦਿ ਕੁਝ ਨਹੀਂ ਕਰਨਾ ਹੈ। ਕਿਸੀ ਵੀ ਹੋਰ ਵਿਅਕਤੀ ਤੋਂ ਹਵਨ ਆਦਿ ਨਹੀਂ ਕਰਵਾਉਣਾ ਹੈ। ਸਬੰਧੀ ਅਤੇ ਰਿਸ਼ਤੇਦਾਰਾਂ ਆਦਿ ਜੋ ਸ਼ੋਕ ਵਿਅਕਤ ਕਰਨ ਆਏ ਉਨ੍ਹਾਂ ਦੇ ਲਈ ਕੋਈ ਵੀ ਇੱਕ ਦਿਨ ਨਿਯੁਕਤ ਕਰਨ। ਉਸ ਦਿਨ ਪ੍ਰਤੀਦਿਨ ਕਰਨ ਵਾਲਾ ਨਿੱਤਨਿਯਮ ਕਰਨ, ਜੋਤੀ ਜਾਗ੍ਰਿਤ ਕਰਨ, ਫ਼ਿਰ ਸਭ ਨੂੰ ਖਾਣਾ ਖਿਲਾਓ। ਜੇ ਆਪ ਨੇ ਉਸਦੇ (ਮਰਨ ਵਾਲੇ ਦੇ) ਨਾਮ ਤੇ ਕੁਝ ਧਰਮ ਕਰਨਾ ਹੈ ਤਾਂ ਆਪਣੇ ਗੁਰੂਦੇਵ ਜੀ ਦੀ ਆਗਿਆ ਲੈਕੇ ਬੰਦੀ ਛੋੜ ਗਰੀਬਦਾਸ ਜੀ ਮਹਾਰਾਜ ਦੀ ਅੰਮ੍ਰਿਤਮਈ ਬਾਣੀ ਦਾ ਅਖੰਡ ਪਾਠ ਕਰਾਉਣਾ ਚਾਹੀਦਾ ਹੈ। ਜੇ ਪਾਠ ਕਰਨ ਦੀ ਆਗਿਆ ਨਾ ਮਿਲੇ ਤਾਂ ਪਰਿਵਾਰ ਦੇ ਉਪਦੇਸ਼ੀ ਭਗਤ ਚਾਰ ਦਿਨ ਜਾਂ ਸੱਤ ਦਿਨ ਘਰ ਵਿੱਚ ਇੱਕ ਅਖੰਡ ਜੋਤ ਦੇਸ਼ੀ ਘੀ ਦੀ ਜਲਾਉਣ ਅਤੇ ਬ੍ਰਹਮ ਗਾਇਤਰੀ ਮੰਤਰ ਪ੍ਰਤੀਦਿਨ ਚਾਰ ਵਾਰ ਕਰਨ ਅਤੇ ਇੱਕ ਵਾਰ ਦੇ ਮੰਤ੍ਰ ਦਾ ਦਾਨ ਸੰਕਲਪ ਸਤਲੋਕ ਵਾਸੀ ਨੂੰ ਕਰਨ। ਜੈਸਾ ਉੱਚਿਤ ਸਮਝੇ ਇੱਕ, ਦੋ, ਤਿੰਨ ਤੱਕ ਮੰਤ੍ਰ ਦੇ ਜਾਪ ਦਾ ਫ਼ਲ ਉਸਨੂੰ ਦਾਨ ਕਰਨ। ਪ੍ਰਤੀਦਿਨ ਦੀ ਤਰ੍ਹਾਂ ਜੋਤੀ ਤੇ ਆਰਤੀ, ਨਾਮ ਸਿਮਰਨ ਕਰਦੇ ਰਹਿਣਾ ਹੈ, ਇਹ ਯਾਦ ਰੱਖਦੇ ਹੋਏ ਕਿ:-

ਕਬੀਰ, ਸਾਥੀ ਹਮਾਰੇ ਚਲੇ ਗਏ, ਹਮਭੀ ਚਾਲਨ ਹਾਰ।
ਕੋਏ ਕਾਗਜ ਮੇਂ ਬਾਕੀ ਰਹਿ ਰਹੀ, ਤਾਤੇ ਲਾਗ ਰਹੀ ਵਾਰ॥
ਕਬੀਰ, ਦੇਹ ਪੜੀ ਤੋ ਕਿਆ ਹੁਆ, ਝੂਠਾ ਸਭੀ ਪਟੀਟ
ਪੰਛੀ ਉੱਡਿਆ ਆਕਾਸ਼ ਕੂੰ, ਚਲਤਾ ਕਰ ਗਿਆ ਬੀਟ॥

## "ਕਰਮ ਕਾਂਡ ਦੇ ਵਿਸ਼ੇ ਵਿੱਚ ਸਤਿ ਕਥਾਂ"

ਮੇਰੇ (ਸੰਤ ਰਾਮਪਾਲ ਦਾਸ ਦੇ) ਪੂਜਯ ਗੁਰੂਦੇਵ ਸਵਾਮੀ ਰਾਮ ਦੇਵਾਨੰਦ ਜੀ ਮਹਾਰਾਜ ਜੀ ਨੂੰ ਸੋਲ੍ਹਾਂ ਸਾਲ ਦੀ ਉਮਰ ਵਿੱਚ ਕਿਸੀ ਮਹਾਤਮਾ ਦਾ ਸਤਿਸੰਗ ਸੁਣ ਕੇ ਵੈਰਾਗ ਹੋ ਗਿਆ ਸੀ। ਇੱਕ ਦਿਨ ਉਹ ਖੇਤਾਂ ਵਿੱਚ ਗਏ ਹੋਏ ਸਨ। ਨੇੜੇ ਹੀ ਜੰਗਲ ਸੀ। ਉਹ ਜੰਗਲ ਵਿੱਚ ਜਾਕੇ ਕਿਸੇ ਮ੍ਰਿਤ ਜਾਨਵਰ ਦੀਆਂ ਹੱਡੀਆਂ ਦੇ ਕੋਲ ਆਪਣੇ ਕੱਪੜੇ ਪਾੜ ਕੇ ਸੁੱਟ ਜਾਂਦੇ ਹਨ ਅਤੇ ਆਪ ਮਹਾਤਮਾ ਜੀ ਦੇ ਨਾਲ ਚਲੇ ਜਾਂਦੇ ਹਨ।

ਜਦ ਉਨ੍ਹਾਂ ਦੀ ਖੋਜ਼ ਹੋਈ ਤਾਂ ਉਨ੍ਹਾਂ ਦੇ ਘਰ ਵਾਲਿਆਂ ਨੇ ਦੇਖਿਆ ਕਿ ਜੰਗਲ ਵਿੱਚ ਹੱਡੀਆਂ ਦੇ ਕੋਲ ਫਟੇ ਹੋਏ ਕੱਪੜੇ ਪਏ ਹਨ ਤਾਂ ਉਨ੍ਹਾਂ ਨੇ ਸੋਚਿਆ ਕਿ ਕਿਸੇ ਜੰਗਲੀ ਜਾਨਵਰ ਨੇ ਉਨ੍ਹਾਂ ਨੂੰ ਖਾ ਲਿਆ ਹੈ। ਉਨ੍ਹਾਂ ਕੱਪੜਿਆਂ ਅਤੇ ਹੱਡੀਆਂ ਨੂੰ ਚੁੱਕ ਕੇ ਘਰ ਲੈ ਆਉਂਦੇ ਹਨ ਅਤੇ ਅੰਤਿਮ ਸੰਸਕਾਰ ਕਰ ਦਿੰਦੇ ਹਨ। ਉਸਤੋਂ ਬਾਅਦ ਤੇਰਵੀਂ ਅਤੇ ਛੇਮਾਹੀ ਕਰਦੇ ਹਨ ਅਤੇ ਫਿਰ ਉਨ੍ਹਾਂ ਦੇ ਸ਼ਰਾਧ ਸ਼ੁਰੂ ਹੋ ਜਾਂਦੇ ਹਨ।

ਜਦੋਂ ਮੇਰੇ ਪੂਜਯ ਗੁਰੂਦੇਵ ਜੀ ਬਹੁਤ ਬ੍ਰਿਧ ਹੋ ਚੁੱਕੇ ਸਨ ਤਾਂ ਉਹ ਇੱਕ ਵਾਰ ਆਪਣੇ ਘਰ ਆ ਗਏ। ਉਦੋਂ ਉਨ੍ਹਾਂ ਦੇ ਘਰ ਵਾਲਿਆਂ ਨੂੰ ਪਤਾ ਚੱਲਿਆ ਕਿ ਉਹ ਜੀਵਤ ਹਨ ਤੇ ਉਹ ਘਰ ਛੱਡਕੇ ਚਲੇ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਜਦ ਇਹ ਘਰ ਛੱਡਕੇ ਚਲੇ ਗਏ ਸਨ ਤਾਂ ਇਨ੍ਹਾਂ ਦੀ ਖੋਜ ਹੋਈ। ਜੰਗਲ ਵਿੱਚ ਇਨ੍ਹਾਂ ਦੇ ਕੱਪੜੇ ਮਿਲੇ। ਉਨ੍ਹਾਂ ਕੋਲ ਕੁਝ ਹੱਡੀਆਂ ਪਈਆਂ

ਸੀ। ਤਾਂ ਅਸੀਂ ਸੋਚਿਆ ਕਿ ਕਿਸੇ ਜੰਗਲੀ ਜਾਨਵਰ ਨੇ ਇਨ੍ਹਾਂ ਨੂੰ ਖਾ ਲਿਆ ਹੈ ਅਤੇ ਉਨ੍ਹਾਂ ਕੱਪੜਿਆਂ ਅਤੇ ਹੱਡੀਆਂ ਨੂੰ ਘਰ ਲਿਆ ਕੇ ਅੰਤਿਮ ਸੰਸਕਾਰ ਕਰ ਦਿੱਤਾ।

ਫਿਰ ਮੈਂ (ਸੰਤ ਰਾਮਪਾਲ ਜੀ ਦਾਸ ਨੇ) ਮੇਰੇ ਪੂਜਯ ਗੁਰੂਦੇਵ ਦੇ ਛੋਟੇ ਭਾਈ ਦੀ ਪਤਨੀ ਤੋਂ ਪੁੱਛਿਆ ਕਿ ਜਦ ਸਾਡੇ ਗੁਰੂਦੇਵ ਘਰ ਛੱਡ ਕੇ ਚਲੇ ਗਏ ਸਨ ਤਾਂ ਤੁਸੀਂ ਪਿੱਛੋਂ ਕੀ ਕੀਤਾ? ਉਨ੍ਹਾਂ ਨੇ ਦੱਸਿਆ ਕਿ ਜਦੋਂ ਮੈਂ ਵਿਆਹੀ ਆਈ ਸੀ ਤਾਂ ਉਸ ਸਮੇਂ ਮੈਨੂੰ ਇਨ੍ਹਾਂ ਦੇ ਸ਼ਰਾਧ ਕੱਢਣ ਨੂੰ ਮਿਲੇ ਸਨ। ਮੈਂ ਆਪਣੇ ਹੱਥਾਂ ਨਾਲ ਇਨ੍ਹਾਂ ਦੇ ਲਗਭਗ 70 ਸ਼ਰਾਧ ਕੱਢ ਚੁੱਕੀ ਹਾਂ। ਉਸਨੇ ਦੱਸਿਆ ਕਿ ਜਦ ਵੀ ਘਰ ਵਿੱਚ ਕੋਈ ਨੁਕਸਾਨ ਹੋ ਜਾਂਦਾ ਸੀ ਜਿਵੇਂ ਮੱਝ ਦਾ ਦੁੱਧ ਨਾ ਦੇਣਾ, ਥਣ ਵਿੱਚ ਖਰਾਬੀ ਆ ਜਾਣਾ, ਕੋਈ ਹੋਰ ਨੁਕਸਾਨ ਹੋ ਜਾਣਾ ਆਦਿ ਤਾਂ ਅਸੀਂ ਪੁੱਛਿਆ ਲੈਣ ਜਾਂਦੇ ਸੀ ਤਾਂ ਉਹ ਕਹਿੰਦੇ ਸੀ ਕਿ ਆਪਦੇ ਘਰ ਵਿੱਚ ਕੋਈ ਨਿਰਸੰਤਾਨ (ਅਣਮੈਰਿਡ) ਮਰਿਆ ਹੋਇਆ ਹੈ। ਤੁਹਾਨੂੰ ਉਹ ਦੁੱਖੀ ਕਰ ਰਿਹਾ ਹੈ। ਫਿਰ ਅਸੀਂ ਉਸਦੇ ਕੱਪੜੇ ਆਦਿ ਦਿੰਦੇ ਸੀ।

ਫਿਰ ਮੈਂ ਕਿਹਾ ਕਿ ਇਹ ਦੁਨੀਆਂ ਦਾ ਉਦਾਰ ਕਰ ਰਹੇ ਹਨ। ਇਹ ਕਿਸਨੂੰ ਦੁੱਖ ਦੇ ਰਹੇ ਸਨ, ਇਹ ਤਾਂ ਸੁਖਦਾਤਾ ਹਨ। ਫਿਰ ਮੈਂ ਕਿਹਾ ਕਿ ਹੁਣ ਤਾਂ ਇਹ ਆਪਦੇ ਸਾਹਮਣੇ ਹਨ, ਹੁਣ ਤਾਂ ਇਹ ਫ਼ਾਲਤੂ ਸਾਧਨਾਂ ਜਿਵੇਂ ਸ਼ਰਾਧ ਕੱਢਣੇ ਆਦਿ ਬੰਦ ਕਰ ਦਿਓ। ਤਾਂ ਉਸਨੇ ਕਿਹਾ ਕਿ ਇਹ ਤਾਂ ਪੁਰਾਣੇ ਰਿਵਾਜ ਹੈ, ਇਹ ਕਿਵੇਂ ਛੱਡ ਦੇਵਾਂ? ਅਰਥਾਤ ਅਸੀਂ ਆਪਣੇ ਪੁਰਾਣੇ ਰਿਵਾਜਾਂ ਵਿੱਚ ਇੰਨੇ ਲੀਨ ਹੋ ਚੁੱਕੇ ਹਾਂ ਕਿ ਉਹ ਗਲਤ ਕਰ ਰਹੇ ਹਨ ਫਿਰ ਵੀ ਅਸੀਂ ਛੱਡ ਨਹੀਂ ਸਕਦੇ। ਇਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਸ਼ਰਾਧ ਕੱਢਣਾ, ਪਿੱਤਰ ਪੂਜਾ ਕਰਨਾ ਆਦਿ ਸਭ ਕੁਝ ਵਿਅਰਥ ਹਨ।

10. ਬੱਚੇ ਦੇ ਜਨਮ ਤੇ ਸ਼ਾਸਤਰ ਵਿਰੁੱਧ ਪੂਜਾ ਨਿਸ਼ੇਧ:- ਬੱਚੇ ਦੇ ਜਨਮ ਤੇ ਕੋਈ ਛਟੀ ਆਦਿ ਨਹੀਂ ਮਨਾਉਣੀ ਹੈ। ਸੂਤਕ ਦੇ ਕਾਰਣ ਪ੍ਰਤਿਦਿਨ ਦੀ ਤਰ੍ਹਾਂ ਕਰਨ ਵਾਲੀ ਪੂਜਾ, ਭਗਤੀ, ਆਰਤੀ, ਜੋਤ ਜਗਾਉਣਾ ਆਦਿ ਬੰਦ ਨਹੀਂ ਕਰਨੀ ਹੈ।

ਇਸ ਦੇ ਸੰਬੰਧ ਵਿੱਚ ਇੱਕ ਸੰਖੇਪ ਕਥਾ ਦੱਸਦਾ ਹਾਂ ਕਿ ਇੱਕ ਵਿਅਕਤੀ ਦੇ ਵਿਆਹ ਤੋਂ ਦਸ ਸਾਲ ਪਿੱਛੋਂ ਪੁੱਤਰ ਹੋਇਆ ਸੀ। ਪੁੱਤਰ ਦੇ ਹੋਣ ਤੇ ਉਸਨੇ ਬਹੁਤ ਖੁਸ਼ੀ ਮਨਾਈ। 20-25 ਪਿੰਡਾਂ ਵਿੱਚ ਭੋਜਨ ਦੇ ਲਈ ਬੁਲਾਇਆ ਅਤੇ ਬਹੁਤ ਹੀ ਗਾਣਾ-ਵਜਾਉਣਾ ਹੋਇਆ ਅਰਥਾਤ ਕਾਫੀ ਪੈਸਾ ਖਰਚ ਕੀਤਾ। ਫਿਰ ਇੱਕ ਸਾਲ ਤੋਂ ਬਾਅਦ ਉਸ ਪੁੱਤਰ ਦਾ ਦੇਹਾਂਤ ਹੋ ਜਾਂਦਾ ਹੈ। ਫਿਰ ਉਹੀ ਪਰਿਵਾਰ ਟੱਕਰਾਂ ਮਾਰ ਕੇ ਰੋਂਦਾਂ ਹੈ ਅਤੇ ਆਪਣੇ ਦੁਰਭਾਗ ਨੂੰ ਕੋਸਦਾ ਹੈ। ਇਸਲਈ ਕਬੀਰ ਸਾਹਿਬ ਸਾਨੂੰ ਦੱਸਦੇ ਹਨ ਕਿ:-

ਕਬੀਰ, ਬੇਟਾ ਜਾਇਆ ਖੁਸ਼ੀ ਹੁਈ, ਬਹੁਤ ਬਜਾਏ ਥਾਲ।
ਆਨਾ ਜਾਨਾ ਲਗ ਰਿਹਾ, ਜਿਉਂ ਕੀੜੀ ਕਾ ਨਾਲ॥
ਕਬੀਰ, ਪਤਝੜ ਆਵਤ ਦੇਖ ਕਰ, ਬਨ ਰੋਏ ਮਨ ਮਾਹਿ।
ਉਚੀ ਡਾਲੀ ਪਾਤ ਥੇ, ਅਬ ਪੀਲੇ ਹੋ ਹੋ ਜਾਂਹਿ॥
ਕਬੀਰ, ਪਾਤ ਝੜੰਤਾ ਯੂੰ ਕਹੈ, ਸੁਨ ਬਈ ਤਰੁਵਰ ਰਾਏ।
ਅਬਕੇ ਬਿਛੜੇ ਨਹੀਂ ਮਿਲਾ, ਨਾ ਜਾਨੇ ਕਹਾਂ ਗਿਰੇਂਗੇ ਜਾਏ॥
ਕਬੀਰ, ਤਰੁਵਰ ਕਹਿਤਾ ਪਾਤ ਸੇ, ਸੁਨੋ ਪਾਤ ਏਕਬਾਤ।
ਯਹਾਂਕੀ ਯਹੇ ਰੀਤੀ ਹੈ, ਏਕ ਆਵੇ ਏਕ ਜਾਤ॥

11. ਦੇਈ ਧਾਮ ਤੇ ਵਾਲ ਉਤਰਵਾਉਣ ਜਾਣਾ ਨਿਸ਼ੇਧ:- ਬੱਚੇ ਦੇ ਕਿਸੀ ਦੇਈ ਧਾਮ ਉੱਤੇ ਵਾਲ ਉਤਰਵਾਣ ਨਹੀਂ ਜਾਣਾ ਹੈ। ਜਦ ਵਾਲ ਵੱਡੇ ਹੋ ਗਏ, ਕਟਵਾ ਕੇ ਸੁੱਟ ਦੇਵੋ। ਇੱਕ

ਮੰਦਰ ਵਿੱਚ ਦੇਖਿਆ ਕਿ ਸ਼ਰਧਾਲੂ ਆਪਣੇ ਲੜਕਾ ਜਾਂ ਲੜਕੀ ਦੇ ਵਾਲ ਉਤਰਵਾਉਣ ਲਈ ਆਏ। ਜੋ ਉੱਥੇ ਨਾਈ ਸੀ ਉਸਨੇ ਬਾਹਰ ਦੇ ਰੇਟ ਤੋਂ ਤਿੰਨ ਗੁਣਾਂ ਜ਼ਿਆਦਾ ਪੈਸੇ ਲਏ ਅਤੇ ਇੱਕ ਕੈਂਚੀ ਭਰ ਬਾਲ ਕੱਟਕੇ ਮਾਤਾ-ਪਿਤਾ ਨੂੰ ਦੇ ਦਿੱਤੇ। ਉਨ੍ਹਾਂ ਨੇ ਸ਼ਰਧਾ ਨਾਲ ਮੰਦਿਰ ਵਿੱਚ ਚੜ੍ਹਾਏ। ਪੂਜਾਰੀ ਨੇ ਇੱਕ ਥੈਲੇ ਵਿੱਚ ਪਾ ਲਏ। ਰਾਤ ਨੂੰ ਉਠਾਕੇ ਦੂਰ ਏਕਾਂਤ ਸਥਾਨ ਉੱਤੇ ਸੁੱਟ ਦਿੱਤੇ। ਇਹ ਸਿਰਫ ਨਾਟਕ ਬਾਜੀ ਹੈ। ਕਿਉਂ ਨਾ ਪਹਿਲਾਂ ਦੀ ਤਰ੍ਹਾਂ ਸੁਭਾਵਿਕ ਤਰੀਕੇ ਨਾਲ ਵਾਲ ਉਤਰਵਾਉਂਦੇ ਰਹੀਏ ਅਤੇ ਬਾਹਰ ਸੁੱਟ ਦਈਏ। ਪ੍ਰਮਾਤਮਾ ਨਾਮ ਤੋਂ ਪ੍ਰਸੰਨ ਹੁੰਦਾ ਹੈ ਪਖੰਡ ਤੋਂ ਨਹੀਂ।

12. ਦਹੇਜ ਲੈਣਾ ਅਤੇ ਦੇਣਾ ਨਿਸ਼ੇਧ:- ਉਪਦੇਸ਼ ਲੈਣ ਤੋਂ ਬਾਅਦ ਨਾ ਦਹੇਜ ਦੇਣਾ ਹੈ, ਨਾ ਲੈਣਾ ਹੈ।

13. ਆਤਮ ਕਲਿਆਣ ਦੇ ਲਈ ਦਕਿਸ਼ਾ ਲੋ:- ਨਾਮ (ਉਪਦੇਸ਼) ਕੇਵਲ ਦੁੱਖ ਨਿਵਾਰਨ ਦੇ ਦ੍ਰਿਸ਼ਟੀਕੋਣ ਨਾਲ ਨਹੀਂ ਲੈਣਾ ਚਾਹੀਦਾ ਬਲਕਿ ਆਤਮ ਕਲਿਆਣ ਦੇ ਲਈ ਲੈਣਾ ਚਾਹੀਦਾ ਹੈ। ਫਿਰ ਸਿਮਰਨ ਨਾਲ ਸਰਵ ਸੁੱਖ ਆਪਣੇ ਆਪ ਹੀ ਆ ਜਾਂਦੇ ਹਨ।

"ਕਬੀਰ, ਸਿਮਰਨ ਸੇ ਸਭ ਸੁੱਖ ਹੋਤ ਹੈ, ਸਿਮਰਨ ਸੇ ਦੁੱਖ ਜਾਏ।
ਕਹਿ ਕਬੀਰ ਸਿਮਰਨ ਕਿਏ, ਸਾਂਈ ਮਾਂਹੇ ਸਮਾਏ ॥"

14. ਵਿਭਚਾਰ ਨਿਸ਼ੇਧ:- ਪਰਾਈ ਇਸਤਰੀ ਨੂੰ ਮਾਂ-ਬੇਟੀ-ਭੈਣ ਦੀ ਦ੍ਰਿਸ਼ਟੀ ਨਾਲ ਦੇਖਣਾ ਚਾਹੀਦਾ ਹੈ। ਵਿਭਚਾਰ ਮਹਾਂਪਾਪ ਹੈ। ਜਿਵੇਂ:-

"ਗਰੀਬ, ਪਰ ਦੁਆਰਾ ਇਸਤੀ ਕਾ ਖੋਲੇ। ਸੱਤਰ ਜਨਮ ਅੰਧਾ ਹੋ ਡੋਲੇ॥
ਸੁਰਾਪਾਨ ਮੱਧ ਮਾਸਾਹਾਰੀ। ਗਵਨ ਕਰੇਂ ਭੋਗੈ ਪਰ ਨਾਰੀ॥
ਸਤਰ ਜਨਮ ਕਟਤ ਹੈਂ ਸ਼ੀਸ਼ਮ। ਸਾਕਸ਼ੀ ਸਾਹਿਬ ਹੈ ਜਗਦੀਸ਼ਮ॥
ਪਰ ਨਾਰੀ ਨਾ ਪਰਸੀਉਂ, ਮਾਨੋ ਵਚਨ ਹਮਾਰ।
ਭਵਨ ਚਤੁਰਦਸ਼ ਤਾਸ ਸਿਰ, ਤ੍ਰਿਲੋਕੀ ਕਾ ਭਾਰ ॥
ਪਰ ਨਾਰੀ ਨਾ ਪਰਸੀਉ, ਸੁਨੋ ਸ਼ਬਦ ਸੁਲਤੰਤ।
ਧਰਮ ਰਾਏ ਕੇ ਖੰਭ ਸੇ, ਅਰਧਮੁੱਖੀ ਲਟਕੰਤ॥

15. ਨਿੰਦਾ ਸੁਣਨਾ ਤੇ ਕਰਨਾ ਨਿਸ਼ੇਧ:- ਆਪਣੇ ਗੁਰੂ ਦੀ ਨਿੰਦਾ ਭੁੱਲਕੇ ਵੀ ਨਹੀਂ ਕਰਨੀ ਅਤੇ ਨਾ ਹੀ ਸੁਣਨੀ ਹੈ। ਸੁਣਨ ਦਾ ਭਾਵ ਇਹ ਹੈ ਕਿ ਜੇਕਰ ਕੋਈ ਆਪਣੇ ਗੁਰੂ ਜੀ ਦੇ ਬਾਰੇ ਮਿਥਿਆ ਗੱਲਾਂ ਕਰੇ ਤਾਂ ਉਸ ਨਾਲ ਲੜਨਾ ਨਹੀਂ ਹੈ ਬਲਕਿ ਇਹ ਸਮਝਣਾ ਚਾਹੀਦਾ ਹੈ ਕਿ ਇਹ ਬਿਨਾਂ ਸੋਚੇ ਬੋਲ ਰਿਹਾ ਹੈ ਅਰਥਾਤ ਝੂਠ ਬੋਲ ਰਿਹਾ ਹੈ।

ਗੁਰੂ ਕੀ ਨਿੰਦਾ ਸੁਨੇ ਜੋ ਕਾਨਾ। ਤਾਕੋ ਨਿਸ਼ਚੇ ਨਰਕ ਨਿਦਾਨਾ॥
ਆਪਨੇ ਮੁੱਖ ਨਿੰਦਾ ਜੋ ਕਰਹੀ। ਸ਼ੁਕਰ ਸ਼ਵਾਨ ਗਰਭ ਮੇਂ ਪਰਹੀਂ॥

ਨਿੰਦਾ ਤਾਂ ਕਿਸੀ ਦੀ ਵੀ ਨਹੀਂ ਕਰਨੀ ਹੈ ਅਤੇ ਨਾ ਹੀ ਸੁਣਨੀ ਹੈ। ਚਾਹੇ ਉਹ ਆਮ ਵਿਅਕਤੀ ਕਿਉਂ ਹੀ ਨਾ ਹੋਵੇ। ਕਬੀਰ ਸਾਹਿਬ ਕਹਿੰਦੇ ਹਨ ਕਿ:-

"ਤਿਨਕਾ ਕਬਹੂ ਨਾ ਨਿੰਦੀਏ, ਜੋ ਪਾਂਵ ਤਲੇ ਹੋ।
ਕਬਹੂ ਉਠ ਆਖਿਨ ਪੜੇ, ਪੀਰ ਘਨੇਰੀ ਹੋ॥"

16. ਸਤਿਸੰਗ ਸੁਣਨਾ ਅਤੇ ਸੇਵਾ ਕਰਨਾ ਜ਼ਰੂਰੀ ਹੈ:- ਸਤਿਸੰਗ ਵਿੱਚ ਸਮੇਂ ਮਿਲਦੇ ਹੀ ਆਉਣ ਦੀ ਕੋਸ਼ਿਸ਼ ਕਰੋ ਅਤੇ ਸਤਿਸੰਗ ਵਿੱਚ ਨਖਰੇ (ਮਾਣ-ਵਡਿਆਈ) ਕਰਨ ਨਹੀਂ ਆਉਣਾ। ਬਲਕਿ ਆਪਣੇ ਆਪਨੂੰ ਬਿਮਾਰ ਸਮਝਕੇ ਆਵੇ। ਜਿਵੇਂ ਕਿ ਇੱਕ ਬਿਮਾਰ ਵਿਅਕਤੀ ਚਾਹੇ ਕਿੰਨੇ ਹੀ ਪੈਸੇ ਵਾਲਾ ਹੋਵੇ, ਚਾਹੇ ਕਿਸੇ ਉੱਚ ਪੱਦਵੀ ਵਾਲਾ ਹੋਵੇ ਜਦ ਉਹ ਹਸਪਤਾਲ

ਜਾਂਦਾ ਹੈ ਤਾਂ ਉਸਦਾ ਉਦੇਸ਼ ਸਿਰਫ਼ ਰੋਗ ਮੁਕਤ ਹੋਣਾ ਹੁੰਦਾ ਹੈ। ਜਿੱਥੇ ਡਾਕਟਰ ਲੇਟਣ ਨੂੰ ਕਹੇ ਲੇਟ ਜਾਂਦਾ ਹੈ, ਬੈਠਣ ਲਈ ਕਹੇ ਬੈਠ ਜਾਂਦਾ ਹੈ, ਬਾਹਰ ਜਾਣ ਦਾ ਨਿਰਦੇਸ਼ ਮਿਲੇ ਤਾਂ ਬਾਹਰ ਚਲਾ ਜਾਂਦਾ ਹੈ। ਫ਼ਿਰ ਅੰਦਰ ਆਉਣ ਦੇ ਲਈ ਆਵਾਜ਼ ਆਵੇ ਤਾਂ ਚੁੱਪ ਕਰਕੇ ਅੰਦਰ ਆ ਜਾਂਦਾ ਹੈ। ਠੀਕ ਇਸੇ ਤਰਾਂ ਜਦੋਂ ਆਪ ਸਤਿਸੰਗ ਵਿੱਚ ਆਉਂਦੇ ਹੋ ਤਾਂ ਆਪ ਨੂੰ ਸਤਿਸੰਗ ਵਿੱਚ ਆਉਣ ਦਾ ਲਾਭ ਮਿਲੇਗਾ ਨਹੀਂ ਤਾਂ ਆਪ ਦਾ ਆਉਣਾ ਨਿਸ਼ਫ਼ਲ ਹੈ। ਸਤਿਸੰਗ ਵਿੱਚ ਜਿੱਥੇ ਬੈਠਣ ਨੂੰ ਮਿਲੇ ਉੱਥੇ ਬੈਠ ਜਾਏ, ਜੋ ਖਾਣ ਨੂੰ ਮਿਲੇ ਉਸਨੂੰ ਪ੍ਰਮਾਤਮਾ ਕਬੀਰ ਸਾਹਿਬ ਦੀ ਰਜਾ ਨਾਲ ਪ੍ਰਸਾਦ ਸਮਝਕੇ ਖਾਕੇ ਪ੍ਰਸ਼ੰਨਚਿੱਤ ਰਹੋ।

ਗੁਰੂ ਦਰਸ਼ਨ ਨਾਲ ਬਹੁਤ ਲਾਭ ਮਿਲਦਾ ਹੈ। ਕਬੀਰ ਸਾਹਿਬ ਜੀ ਨੇ ਕਿਹਾ ਹੈ ਕਿ:

ਕਬੀਰ, ਸੰਤ ਮਿਲਣ ਕੋ ਚਾਲੀਏ, ਤਜ ਮਾਇਆ ਅਭਿਮਾਨ।
ਜੋ-ਜੋ ਕਦਮ ਆਗੇ ਰੱਖੇ ਵੋ ਹੀ ਯੱਗ ਸਮਾਨ॥
ਕਬੀਰ, ਸੰਤ ਮਿਲਣ ਕੋ ਜਾਈਏ, ਦਿਨ ਮੇਂ ਕਈ-ਕਈ ਬਾਰ।
ਆਸੋਜ ਕੇ ਮੇਹ ਜਿਉਂ, ਘਣਾ ਕਰੇ ਉਪਕਾਰ॥
ਕਬੀਰ, ਦਰਸ਼ਨ ਸਾਧੂ ਕਾ, ਪ੍ਰਮਾਤਮਾਂ ਆਵੇ ਯਾਦ।
ਲੇਖੇ ਮੇਂ ਵੋ ਹੀ ਘੜੀ, ਬਾਕੀ ਕੇ ਦਿਨ ਬਾਅਦ॥
ਕਬੀਰ, ਦਰਸ਼ਨ ਸਾਧੂ ਕਾ, ਮੁੱਖ ਪਰ ਬਸੇ ਸੁਹਾਗ।
ਦਰਸ਼ ਉਹੀਂ ਕੋ ਹੋਤ ਹੈ, ਜਿਨਕੇ ਪੂਰਣ ਭਾਗ॥

17. **ਗੁਰੂ ਜੀ ਦੇ ਸਮਾਨ ਕਿਸੇ ਨੂੰ ਮਹੱਤਵ ਨਹੀਂ ਦੇਣਾ:-** ਜੇ ਕਿਤੇ ਪਾਠ ਜਾਂ ਸਤਿਸੰਗ ਚੱਲ ਰਿਹਾ ਹੋਵੇ ਜਾਂ ਆਪ ਗੁਰੂ ਜੀ ਦੇ ਦਰਸ਼ਨਾਂ ਲਈ ਜਾਂਦੇ ਹੋ ਤਾਂ ਸਭ ਤੋਂ ਪਹਿਲਾਂ ਗੁਰੂ ਜੀ ਨੂੰ ਦੰਡਵਤ ਪ੍ਰਣਾਮ (ਲੰਬਾ ਲੇਟ ਕੇ) ਕਰਨਾ ਚਾਹੀਦਾ ਹੈ ਬਾਅਦ ਵਿੱਚ ਸਤਿ ਗ੍ਰੰਥ ਸਾਹਿਬ ਤੇ ਤਸਵੀਰਾਂ ਜਿਵੇਂ ਸਾਹਿਬ ਕਬੀਰ ਜੀ ਦੀ ਮੂਰਤੀ-ਗਰੀਬਦਾਸ ਜੀ ਦੀ ਤੇ ਸਵਾਮੀ ਰਾਮ ਦੇਵਾਨੰਦ ਜੀ ਅਤੇ ਗੁਰੂ ਜੀ ਦੀ ਮੂਰਤੀ ਨੂੰ ਪ੍ਰਣਾਮ ਕਰੋ ਜਿਸ ਨਾਲ ਸਿਰਫ ਆਸਥਾ ਬਣੀ ਰਹੇਗੀ। ਮੂਰਤੀ ਪੂਜਾ ਨਹੀਂ ਕਰਨੀ ਹੈ। ਸਿਰਫ਼ ਪ੍ਰਣਾਮ ਕਰਨਾ ਪੂਜਾ ਵਿੱਚ ਨਹੀਂ ਆਉਂਦਾ ਇਹ ਤਾਂ ਭਗਤ ਦੀ ਸ਼ਰਧਾ ਬਣਾਈ ਰੱਖਣ ਵਿੱਚ ਸਹਿਯੋਗ ਦਿੰਦਾ ਹੈ। ਪੂਜਾ ਤਾਂ ਵਖਤ ਗੁਰੂ ਜੀ ਤੇ ਨਾਮ ਮੰਤਰ ਦੀ ਕਰਨੀ ਹੈ ਜੋ ਪਾਰ ਲਗਾਏਗਾ।

ਕਬੀਰ, ਗੁਰੂ ਸੇ ਅਧਿਕ ਨਾ ਕੋਈ ਠਹਿਰਾਈ। ਮੋਕਸ਼ ਪੰਥ ਨਹੀਂ ਗੁਰੂ ਬਿਨ ਪਾਈ॥
ਕਬੀਰ, ਗੁਰੂ ਕੋ ਤਜੈ, ਭਜੈ ਜੋ ਆਨਾ। ਤਾ ਪਸ਼ੁਵਾ ਕੋ ਫੋਕਟ ਗਿਆਨਾ॥
ਕਬੀਰ, ਗੁਰੂ ਗੋਬਿੰਦ ਦੋਊ ਖੜੇ। ਕਾ ਕੇ ਲਾਗੂੰ ਪਾਏ।
ਬਲਿਹਾਰੀ ਗੁਰੂ ਆਪਨਾ। ਜਿਨ ਗੋਬਿੰਦ ਦਿਉ ਮਿਲਾਏ॥
ਕਬੀਰ, ਗੁਰੂ ਬੜੇ ਹੈ ਗੋਬਿੰਦ ਸੇ। ਮਨ ਮੇਂ ਦੇਖ ਵਿਚਾਰ।
ਹਰਿ ਸੁਮਰੇ ਸੋ ਰਹਿ ਗਏ। ਗੁਰੂ ਭਜੇ ਹੋਏ ਪਾਰ॥
ਕਬੀਰ, ਹਰਿ ਕੇ ਰੂਠਤਾਂ। ਗੁਰੂ ਕੀ ਸ਼ਰਨ ਮੇਂ ਜਾਏ।
ਕਬੀਰ, ਗੁਰੂ ਜੈ ਰੂਠਜਾਂ। ਹਰਿ ਨਹੀਂ ਹੋਤ ਸਹਾਏ॥
ਕਬੀਰ, ਸਾਤ ਸਮੁੰਦਰ ਕੀ ਮਸੀ ਕਰੂ। ਲੇਖਨਿ ਕਰੁ ਬਨਿਰਾਏ।
ਧਰਤੀ ਕਾ ਕਾਗਜ਼ ਕਰੂੰ। ਤੋ ਗੁਰੂ ਗੁਣ ਲਿਖਾ ਨਾ ਜਾਏ॥

18. **ਮਾਸ ਖਾਣਾ ਨਿਸ਼ੇਧ:- ਅੰਡਾ ਜਾਂ ਮਾਸ ਖਾਣਾ ਜਾਂ ਜੀਵ ਹਿੰਸਾ ਨਹੀਂ ਕਰਨੀ।** ਇਹ ਮਹਾਂਪਾਪ ਹੁੰਦਾ ਹੈ। ਜਿਵੇਂ ਕਬੀਰ ਸਾਹਿਬ ਜੀ ਤੇ ਗਰੀਬਦਾਸ ਜੀ ਮਹਾਰਾਜ ਨੇ ਦੱਸਿਆ ਹੈ:-

ਕਬੀਰ, ਜੀਵ ਹਨੇ ਹਿੰਸਾ ਕਰੇ, ਪ੍ਰਗਟ ਪਾਪ ਸਿਰ ਹੋਏ।
ਨਿਗਮ ਪਨਿ ਏਸੇ ਪਾਪ ਤੋਂ, ਭਿਸਤ ਗਿਆ ਨਾਹਿ ਕੋਏ॥
ਕਬੀਰ, ਤਿਲਭਰ ਮਛਲੀ ਖਾਏ ਕੇ, ਕੋਟਿ ਗਊ ਦੇ ਦਾਨ।
ਕਾਸ਼ੀ ਕਰੌਂਤ ਲੇ ਮਰੇ, ਤੋ ਵੀ ਨਰਕ ਨਿਦਾਨ॥
ਕਬੀਰ, ਬੱਕਰੀ ਪਾਤੀ ਖਾਤ ਹੈ, ਤਾਕੀ ਕਾਢੀ ਖਾਲ।
ਜੋ ਬੱਕਰੀ ਕੋ ਖਾਤ ਹੈ, ਤਿਨਕਾ ਕੋਨ ਹਵਾਲ॥
ਕਬੀਰ, ਗਲਾ ਕਾਟਿ ਕਲਮਾ ਭਰੇ, ਕੀਆ ਕਹੇ ਹਲਾਲ।
ਸਾਹਿਬ ਲੇਖਾ ਮਾਂਗਸੀ, ਤਬ ਹੋਸੀ ਕੋਨ ਹਵਾਲ॥
ਕਬੀਰ, ਦਿਨ ਕੋ ਰੋਜ਼ਾ ਰਹਤ ਹੈਂ, ਰਾਤ ਹਨਤ ਹੈਂ ਗਾਏ।
ਯਹ ਖੂਨ ਵੇਹ ਬੰਦਗੀ, ਕਹੂੰ ਕਿਉਂ ਖੁਸ਼ੀ ਖੁਦਾਏ॥
ਕਬੀਰ, ਕਬੀਰਾ ਤੇਈ ਪੀਰ ਹੈਂ, ਜੋ ਜਾਨੇ ਪਰ ਪੀਰ।
ਜੋ ਪਰ ਪੀਰ ਨ ਜਾਨਿ ਹੈ, ਸੋ ਕਾਫ਼ਿਰ ਬੇਪੀਰ॥
ਕਬੀਰ, ਖੂਬ ਖਾਨਾ ਹੈ ਖੀਚੜੀ, ਮਾਂਹੀ ਪਰ ਟੂਕ ਲੌਨ।
ਮਾਂਸ ਪਰਾਇਆ ਖਾਏਕੇ, ਗਲਾ ਕਟਾਵੇ ਕੌਨ॥
ਕਬੀਰ, ਮੁਸਲਮਾਨ ਮਾਰੇ ਕਰਦਸੋ, ਹਿੰਦ ਮਾਰੇ ਤਰਵਾਰ।
ਕਹੈ ਕਬੀਰ ਦੋਨੋ ਮਿਲਿ, ਜੈਹੈਂ ਯਮ ਕੇ ਦਵਾਰ॥
ਕਬੀਰ, ਮਾਂਸ ਅਹਾਰੀ ਮਾਨਵ, ਪ੍ਰਤੱਖਸ਼ ਰਾਕਸ਼ਸ਼ ਜਾਨਿ।
ਤਾਕਿ ਸੰਗਤਿ ਮਤ ਕਰੇ, ਹੋਈ ਭਗਤੀ ਮੇਂ ਹਾਨੀ॥
ਕਬੀਰ, ਮਾਂਸ ਖਾਏ ਤੇ ਢੇੜ ਸਬ, ਮਦ ਪੀਵੇ ਸੋ ਨੀਚ।
ਕੁਲਕੀ ਦੁਰਮਤਿ ਪਰ ਹਰੈ, ਰਾਮ ਕਹੇ ਸੋ ਊਚ॥
ਕਬੀਰ, ਮਾਂਸ ਮੱਛਲੀਆਂ ਖਾਤ ਹੈਂ, ਸੁਰਾਪਾਨ ਸੇ ਹੇਤ।
ਤੇ ਨਰ ਨਰਕੇ ਜਾਹਿਗੇ, ਮਾਤਾ ਪਿਤਾ ਸਮੇਤ॥
ਕਬੀਰ, ਜੀਵ ਹਿੰਸਾ ਜੋ ਕਰਤੇ ਹੈ, ਜਾ ਆਗੇ ਕਯਾ ਪਾਪ।
ਕੰਟਕ ਜੂਨੀ ਜਿਹਾਨ ਮੈਂ, ਸੀਂਹ ਭੇੜੀਏ ਔਰ ਸਾਂਪ॥
ਝੋਟੇ ਬਕਰੇ ਮੁਰਗੇ ਤਾਈ। ਲੇਖਾ ਸਭਹੀ ਲੇਤ ਗੁਸਾਈ ॥
ਮ੍ਰਿਗ ਮੋਰ ਮਾਰੇ ਮਹਮੰਤਾ। ਅਸ਼ਰਾ ਸ਼ਰ ਹੈ ਜੀਵ ਅਨੰਤਾਂ ॥
ਜੀਹਵਾ ਸਵਾਤ ਹਿੱਤੇ ਪ੍ਰਾਨਾ। ਨੀਮਾ ਨਾਸ਼ ਗਿਆ ਹਮ ਜਾਨਾ॥
ਤੀਤਰ ਲਵਾ ਬੂਟੇਰੀ ਚੀੜੀਆ। ਖੂਨੀ ਮਾਰੇ ਬੜੇ ਅਗੜਿਆ॥
ਅਦਲੇ ਬਦਲੇ ਲੇਖੇ ਲੇਖਾ। ਸਮਝ ਦੇਖ ਸੁਨ ਗਿਆਨ ਵਿਵੇਕਾ॥
ਗਰੀਬ, ਸ਼ਬਦ ਹਮਾਰਾ ਮਾਨੀਉ , ਔਰ ਸੁਨਤੇ ਹੋ ਨਰ ਨਾਰਿ ॥
ਜੀਵ ਦਿਆ ਬਿਨ ਕੁਫਰ ਹੈ, ਚਲੇ ਜਮਾਨਾ ਹਾਰਿ ॥
ਅਨਜਾਨੇ ਵਿੱਚ ਹੋਈ ਹਿੰਸਾ ਦਾ ਪਾਪ ਨਹੀਂ ਲੱਗਦਾ।

**ਬੰਦੀਛੋੜ ਕਬੀਰ ਸਾਹਿਬ ਕਹਿੰਦੇ ਹਨ:**

"ਇੱਛਾ ਕਰ ਮਾਰੇ ਨਹੀਂ, ਬਿਨ ਇੱਛਾ ਮਰ ਜਾਏ।
ਕਹੇ ਕਬੀਰ ਤਾਸ ਕਾ, ਪਾਪ ਨਹੀਂ ਲਗਾਏ॥

**19. ਗੁਰੂ ਧ੍ਰੋਹੀ ਦਾ ਸੰਪਰਕ ਨਿਸ਼ੇਧ:- ਜੇ ਕੋਈ ਭਗਤ ਗੁਰੂ ਜੀ ਨਾਲ ਧ੍ਰੋਹ (ਗੁਰੂ ਜੀ ਤੋਂ ਬੇਮੁੱਖ ਹੋ ਜਾਂਦਾ ਹੈ) ਕਰਦਾ ਹੈ ਮਹਾਂਪਾਪ ਦਾ ਭਾਗੀ ਹੋ ਜਾਂਦਾ ਹੈ। ਜੇ ਕਿਸੇ ਨੂੰ ਮਾਰਗ ਚੰਗਾ**

ਨਾ ਲੱਗੇ ਤਾਂ ਆਪਣਾ ਗੁਰੂ ਬਦਲ ਸਕਦਾ ਹੈ। ਜੇ ਉਹ ਆਪਣੇ ਪਹਿਲਾਂ ਵਾਲੇ ਗੁਰੂ ਨਾਲ ਵੈਰ ਤੇ ਨਿੰਦਾ ਕਰਦਾ ਹੈ ਤਾਂ ਉਹ ਗੁਰੂ ਧਰੋਹੀ ਕਹਾਉਂਦਾ ਹੈ। ਅਜਿਹੇ ਵਿਅਕਤੀ ਨਾਲ ਭਗਤੀ ਸ਼ਰਚਾ ਕਰਨ ਵਿੱਚ ਉਪਦੇਸ਼ੀ ਨੂੰ ਦੋਸ਼ ਲੱਗਦਾ ਹੈ। ਉਸਦੀ ਭਗਤੀ ਸਮਾਪਤ ਹੋ ਜਾਂਦੀ ਹੈ।

ਗਰੀਬ, ਗੁਰੂ ਦ੍ਰੋਹੀ ਕੀ ਪੈੜ ਪਰ, ਜੇ ਪਗ ਆਵੇ ਵੀਰ।
ਚੌਰਾਸੀ ਨਿਸ਼ਚੈ ਪੜੇ, ਸਤਿਗੁਰੂ ਕਹੇਂ ਕਬੀਰ॥
ਕਬੀਰ, ਜਾਨ ਬੁਝ ਸਾਚੀ ਤਜੇ, ਕਰੇ ਝੂਠੇ ਸੇ ਨੇਹ।
ਜਾਕੀ ਸੰਗਤ ਹੇ ਪ੍ਰਭੂ, ਸਵਪਨ ਮੇਂ ਭੀ ਨਾ ਦੇ॥

ਅਰਥਾਤ ਗੁਰੂ ਧ੍ਰੋਹੀ ਦੇ ਕੋਲ ਜਾਣ ਵਾਲਾ ਭਗਤੀ ਰਹਿਤ ਹੋਕੇ ਨਰਕ ਤੇ ਲੱਖ ਚੌਰਾਸੀ ਜੂਨੀਆਂ ਵਿੱਚ ਚਲਾ ਜਾਂਦਾ ਹੈ।

20. ਜੂਆ ਨਿਸ਼ੇਧ:- ਜੂਆ ਤੇ ਤਾਸ਼ ਕਦੇ ਨਹੀਂ ਖੇਲ੍ਹਣਾ ਚਾਹੀਦਾ।

ਕਬੀਰ, ਮਾਸ ਭਖੇ ਔਰ ਮਦ ਪੀਏ, ਧਨ ਵੈਸਆ ਸੋ ਖਾਏ।
ਜੁਆ ਖੇਲਿ ਚੋਰੀ ਕਰੈ, ਅੰਤ ਸਮੂਲਾ ਜਾਏ॥

21. ਨੱਚਣ-ਗਾਣ ਨਿਸ਼ੇਧ:- ਕਿਸੇ ਵੀ ਪ੍ਰਕਾਰ ਦੇ ਖੁਸ਼ੀ ਦੇ ਮੌਕੇ ਤੇ ਨੱਚਣਾ ਅਤੇ ਅਸ਼ਲੀਲ ਗਾਣੇ ਗਾਣਾ ਭਗਤੀ ਭਾਵ ਦੇ ਵਿਰੁੱਧ ਹੈ। ਜਿਵੇਂ ਇੱਕ ਸਮੇਂ ਇੱਕ ਵਿਧਵਾ ਭੈਣ ਕਿਸੀ ਖੁਸ਼ੀ ਦੇ ਮੌਕੇ ਉੱਤੇ ਆਪਣੇ ਰਿਸ਼ਤੇਦਾਰ ਦੇ ਘਰ ਗਈ ਹੋਈ ਸੀ। ਸਾਰੇ ਖੁਸ਼ੀ ਨਾਲ ਨੱਚ-ਗਾ ਰਹੇ ਸੀ ਅਤੇ ਉਹ ਭੈਣ ਇੱਕ ਪਾਸੇ ਬੈਠਕੇ ਪ੍ਰਮਾਤਮਾਂ ਦੇ ਚਿੰਤਨ ਵਿੱਚ ਲੱਗੀ ਹੋਈ ਸੀ। ਫਿਰ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਸ ਤੋਂ ਪੁੱਛਿਆ ਕਿ ਆਪ ਇਸ ਤਰ੍ਹਾਂ ਕਿਉਂ ਬੈਠੇ ਹੋ? ਆਪ ਵੀ ਸਾਡੇ ਵਾਂਗ ਨੱਚੋ, ਗਾਓ ਤੇ ਖੁਸ਼ੀ ਮਨਾਓ । ਇਹ ਸੁਣਕੇ ਉਹ ਭੈਣ ਕਹਿਣ ਲੱਗੀ ਕਿ ਮੈਂ ਕਿਸ ਦੀ ਖੁਸ਼ੀ ਮਨਾਵਾਂ? ਮੇਰਾ ਵਿਧਵਾ ਦਾ ਇੱਕ ਹੀ ਬੇਟਾ ਸੀ ਉਹ ਭੀ ਭਗਵਾਨ ਨੂੰ ਪਿਆਰਾ ਹੋ ਚੁੱਕਾ ਹੈ। ਹੁਣ ਕੀ ਖੁਸ਼ੀ ਹੈ ਮੇਰੇ ਲਈ? ਠੀਕ ਇਸੇ ਤਰ੍ਹਾਂ ਇਸ ਕਾਲ ਦੇ ਲੋਕ ਵਿੱਚ ਹਰੇਕ ਵਿਅਕਤੀ ਦੀ ਸਥਿਤੀ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਕਿ:-

ਨਾ ਜਾਨੇ ਕਾਲ ਕੀ ਕਰ ਡਾਰੈ, ਕਿਸ ਵਿਧ ਢਲ ਜਾਵੇ ਪਾਸਾ ਵੇ ॥
ਜਿਨ੍ਹਾਂ ਦੇ ਸਿਰ ਮੌਤ ਖੁੜਗਦੀ, ਉਨਾਂ ਨੂੰ ਕਿੜ੍ਹਾ ਹਾਸਾ ਵੇ ॥
ਸਾਧ ਮਿਲੇ ਸਾਡੀ ਸ਼ਾਦੀ (ਖੁਸ਼ੀ) ਹੁੰਦੀ, ਵਿਛੜ ਦਾ ਦਿਲ ਗੀਰੀ (ਦੁੱਖ) ਵੇ।
ਅਖਦੇ ਨਾਨਕ ਸੁਨੋ ਜਹਾਨਾ, ਮੁਸ਼ਕਿਲ ਹਾਲ ਫ਼ਕੀਰੀ ਵੇ ॥

ਕਬੀਰ ਸਾਹਿਬ ਜੀ ਮਹਾਰਾਜ ਵੀ ਕਹਿੰਦੇ ਹਨ ਕਿ:-

ਕਬੀਰ, ਝੂਠੇ ਸੁੱਖ ਕੋ ਸੁੱਖ ਕਹੇ, ਮਾਨ ਰਿਹਾ ਮਨ ਮੋਦ।
ਸ਼ਕਲ ਚਬੀਨਾਂ ਕਾਲ ਕਾ, ਕੁਛ ਮੁੱਖ ਮੇਂ ਕੁਛ ਗੋਦ॥
ਕਬੀਰ, ਬੇਟਾ ਜਾਇਆ ਖੁਸ਼ੀ ਹੁਈ, ਬਹੁਤ ਬਜਾਏ ਥਾਲ।
ਆਵਣ ਜਾਣਾ ਲਗ ਰਹਾ, ਜਿਉਂ ਕੀੜੀ ਕਾ ਨਾਲ॥

ਵਿਸ਼ੇਸ਼:- ਇਸਤਰੀ ਅਤੇ ਪੁਰਸ਼ ਦੋਨੋਂ ਹੀ ਪ੍ਰਮਾਤਮਾਂ ਪ੍ਰਾਪਤੀ ਦੇ ਅਧਿਕਾਰੀ ਹਨ। ਇਸਤਰੀਆਂ ਨੂੰ ਮਾਸਿਕ ਧਰਮ (Mainces) ਦੇ ਦਿਨਾਂ ਵਿੱਚ ਆਪਣੀ ਦੈਨਿਕ ਪੂਜਾ, ਜੋਤੀ ਲਗਾਉਣਾ ਆਦਿ ਬੰਦ ਨਹੀਂ ਕਰਨਾ ਚਾਹੀਦਾ ਹੈ, ਨਾ ਹੀ ਕਿਸੀ ਦੇ ਦੇਹਾਂਤ ਜਾਂ ਜਨਮ ਤੇ ਵੀ ਦੈਨਿਕ ਪੂਜਾ ਕਰਮ ਬੰਦ ਨਹੀਂ ਕਰਨਾ ਹੈ।

ਨੋਟ:- ਜੋ ਭਗਤਜਨ ਇਨ੍ਹਾਂ ਇੱਕੀ ਆਦੇਸ਼ਾਂ ਦਾ ਪਾਲਣ ਨਹੀਂ ਕਰੇਗਾ ਉਸਦਾ ਨਾਮ ਸਮਾਪਤ ਹੋ ਜਾਵੇਗਾ। ਜੇ ਅਨਜਾਨੇ ਵਿੱਚ ਗਲਤੀ ਹੋ ਵੀ ਜਾਂਦੀ ਹੈ ਤਾਂ ਉਹ ਮੁਆਫ਼ ਹੋ ਜਾਂਦੀ ਹੈ, ਅਤੇ ਜੇ ਜਾਨ ਬੁਝਕੇ ਕੋਈ ਗਲਤੀ ਕੀਤੀ ਹੈ ਤਾਂ ਉਹ ਭਗਤ ਨਾਮ ਰਹਿਤ ਹੋ ਜਾਂਦਾ ਹੈ।

ਇਸਦਾ ਸਮਾਧਾਨ ਇਹੀ ਹੈ ਕਿ ਆਪਣੇ ਗੁਰੂਦੇਵ ਤੋਂ ਮਾਫ਼ੀ ਦੀ ਪ੍ਰਾਥਨਾ ਕਰਕੇ ਦੁਬਾਰਾ ਨਾਮ ਉਪਦੇਸ਼ ਲੈਣਾ ਹੋਵੇਗਾ।


ਲੇਖਕ
ਸੰਤ ਰਾਮਪਾਲ ਦਾਸ ਮਹਾਰਾਜ
ਸਤਲੋਕ ਆਸ਼ਰਮ, ਬਰਵਾਲਾ
ਜ਼ਿਲ੍ਹਾ- ਹਿਸਾਰ, ਹਰਿਆਣਾ (ਭਾਰਤ)

## “ਸ਼ਾਸਤਰ ਅਨੁਕੂਲ ਭਗਤੀ ਨਾਲ ਹੋਏ ਭਗਤਾਂ ਨੂੰ ਲਾਭ”

## “ਉੱਜੜਿਆ ਪਰਿਵਾਰ ਵਸਿਆ”

ਮੈਂ ਭਗਤ ਰਮੇਸ਼ ਪੁੱਤਰ ਸ਼੍ਰੀ ਉਮੇਦ ਸਿੰਘ, ਪਿੰਡ-ਪੇਟਵਾੜ, ਤਹਿ ਹਾਂਸੀ, ਜਿਲਾ ਹਿਸਾਰ ਦਾ ਰਹਿਣ ਵਾਲਾ ਹਾਂ ਹੁਣ ਇੰਮਪਲਾਇਜ ਕਲੋਨੀ, ਜੇਲ ਦੇ ਸਾਹਮਣੇ ਜੀਂਦ ਵਿੱਚ ਸਹਿ ਪਰਿਵਾਰ ਰਹਿੰਦਾ ਹਾਂ।

ਨਾਮ ਲੈਣ ਤੋਂ ਪਹਿਲਾਂ ਅਸੀਂ ਭੂਤਾਂ ਦੀ ਪੂਜਾ ਕਰਦੇ ਸੀ। ਸਾਡੇ ਪਿੰਡ ਬਾਬਾ ਸਰੀਆ ਦੀ ਮਾਨਤਾ ਸੀ, ਜਿਸ ਉੱਤੇ ਅਸੀਂ ਹਰੇਕ ਮਹੀਨੇ ਦੀ ਪੂਰਣਿਮਾ ਨੂੰ ਜੋਤੀ ਲਗਾਉਣ ਜਾਂਦੇ ਸੀ। ਅਸੀਂ ਸ਼ੁੱਕਰਵਾਰ, ਜਨਮ ਅਸ਼ਟਮੀ, ਸ਼ਿਵਰਾਤਰੀ ਦਾ ਵਰਤ ਵੀ ਕਰਦੇ ਸੀ। ਪਿੱਤਰਾਂ ਦੇ ਪਿੰਡ ਦਾਨ ਅਤੇ ਸ਼ਰਾਧ ਵੀ ਕੱਢਦੇ ਸੀ। ਫਿਰ ਵੀ ਸਾਡਾ ਘਰ ਬਿਲਕੁਲ ਉੱਜੜ ਚੁੱਕਿਆ ਸੀ। ਜਦ ਮੈਂ 12 ਸਾਲ ਦਾ ਸੀ ਤਦ ਮੇਰੇ ਪਿਤਾ ਜੀ ਦੀ ਮੌਤ ਹੋ ਗਈ ਸੀ। ਘਰ ਵਿੱਚ ਤਿੰਨ ਮੈਂਬਰ ਸੀ, ਤਿੰਨਾਂ ਦੀ ਆਪਸ ਵਿੱਚ ਲੜਾਈ ਰਹਿੰਦੀ ਸੀ, ਤਿੰਨਾਂ ਨੂੰ ਭੂਤ-ਪ੍ਰੇਤ ਬਹੁਤ ਦੁੱਖੀ ਕਰਿਆ ਕਰਦੇ ਸੀ ਅਤੇ ਤਿੰਨੋਂ ਬਹੁਤ ਜਿਆਦਾ ਬੀਮਾਰ ਰਹਿੰਦੇ ਸੀ। ਪਹਿਲਾ ਡਾਕਟਰਾਂ ਨੂੰ ਦਿਖਾਇਆ ਪਰ ਕੋਈ ਆਰਾਮ ਨਹੀਂ ਹੋਇਆ, ਫਿਰ ਸੇਵੜਿਆਂ ਦੇ ਕੋਲ ਗਏ, ਕੋਈ ਕਹਿੰਦਾ ਆਪ 5000 ਰੁਪਏ ਦੇ ਦਿਉ ਮੈਂ ਆਪਨੂੰ ਬਿਲਕੁਲ ਠੀਕ ਕਰ ਦੇਵਾਗਾਂ, ਕੋਈ ਕਹਿੰਦਾ ਆਪ 10000 ਰੁਪਏ ਦੇ ਦਿਉ।

ਅਸੀਂ ਬਿਲਕੁਲ ਉੱਜੜ ਚੁੱਕੇ ਸੀ। ਪ੍ਰੰਤੂ ਕੋਈ ਆਰਾਮ ਨਹੀਂ ਹੋਇਆ। ਮੇਰੇ ਰਿਸ਼ਤੇਦਾਰ ਭਗਤ ਰਘੁਵੀਰ ਸਿੰਘ ਪਿੰਡ ਕੌਂਥ ਕਲਾਂ, ਵਾਲੇ ਦੇ ਬਾਰ-2 ਕਹਿਣ ਉੱਤੇ ਮੇਰੀ ਮਾਤਾ ਜੀ ਨੇ ਸੰਨ 1996 ਵਿੱਚ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮ ਲੈ ਲਿਆ। ਮੇਰੀ ਪਤਨੀ ਨੂੰ ਪੰਜ ਸਾਲ ਉਪਰੰਤ ਵੀ ਕੋਈ ਸੰਤਾਨ ਉਤਪੰਨ ਨਹੀਂ ਹੋਈ ਸੀ। ਮੇਰੀ ਮਾਤਾ ਜੀ ਦੇ ਕਹਿਣ ਤੇ ਮੇਰੀ ਪਤਨੀ ਨੇ ਵੀ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮ ਉਪਦੇਸ਼ ਲੈ ਲਿਆ। ਨਾਮ ਦਾਨ ਲੈਂਦੇ ਹੀ ਸਾਲ ਦੇ ਅੰਦਰ ਮੇਰੀ ਪਤਨੀ ਨੇ ਇੱਕ ਲੜਕੇ ਨੂੰ ਜਨਮ ਦਿੱਤਾ। ਮੇਰਾ ਭਗਵਾਨ ਤੋਂ ਵਿਸ਼ਵਾਸ ਉੱਠ ਚੁੱਕਿਆ ਸੀ। ਇਸ ਕਾਰਨ ਮੈਂ ਨਾਮ ਨਹੀਂ ਲਿਆ ਅਤੇ ਆਪਣੀ ਮਾਤਾ ਤੇ ਪਤਨੀ ਨੂੰ ਸੰਤ ਜੀ ਦੇ ਕੋਲ ਜਾਣ ਤੋਂ ਮਨ੍ਹਾ ਕਰਦਾ ਸੀ। ਮੇਰਾ ਲੜਕਾ ਜੋ 15 ਦਿਨ ਦਾ ਸੀ, ਬਹੁਤ ਜਿਆਦਾ ਵੀਮਾਰ ਹੋ ਗਿਆ। ਡਾਕਟਰਾਂ ਨੇ ਕਹਿ ਦਿੱਤਾ ਸੀ ਕਿ ਇਹ ਲੜਕਾ ਸਵੇਰ ਤੱਕ ਮਰ ਜਾਵੇਗਾ, ਇਸਨੂੰ ਲੈ ਜਾਉ । ਸ਼ਾਮ ਨੂੰ ਇੱਕ ਭਗਤ ਨੇ ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਬਾਰੇ ਦੱਸਿਆ ਕਿ ਆਸ਼ਰਮ ਜੀਂਦ ਵਿੱਚ ਆਏ ਹਨ ਉਹ ਪੂਰਣ ਸੰਤ ਹਨ ਤੇ ਉਹ ਹੀ ਇਸ ਬੱਚੇ ਨੂੰ ਠੀਕ ਕਰ ਸਕਦੇ ਹਨ। ਅਸੀਂ ਡਾਕਟਰਾਂ ਤੇ ਸੇਵੜਿਆਂ ਦੇ ਕੋਲ ਜਾਕੇ ਥੱਕ ਚੁੱਕੇ ਸੀ। ਮੇਰਾ ਭਗਵਾਨ ਤੋਂ ਵਿਸ਼ਵਾਸ ਉੱਠ ਗਿਆ ਸੀ। ਮੈਂ ਉਸ ਭਗਤ ਨੂੰ ਮਨ੍ਹਾ ਕਰ ਦਿੱਤਾ। ਪ੍ਰੰਤੂ ਉਸਦੇ ਦੁਬਾਰਾ ਫਿਰ ਪ੍ਰਰਾਥਨਾਂ ਕੀਤੀ ਕਿ ਖੁਦ ਬੰਦੀਛੋੜ ਭਗਵਾਨ ਹੀ ਧਰਤੀ ਉੱਤੇ ਆਏ ਹੋਏ ਹਨ। ਜੇਕਰ ਉਹ ਕਿਰਪਾ ਕਰ ਦੇਣ ਤਾਂ ਇਹ ਲੜਕਾ ਠੀਕ ਹੋ ਸਕਦਾ ਹੈ। ਉਸ ਭਗਤ ਦੇ ਇੰਨੇ ਵਿਸ਼ਵਾਸ ਦੇ ਨਾਲ ਕਹਿਣ ਉੱਤੇ ਮੈਂ ਆਪਣੀ ਮਾਤਾ ਜੀ ਨੂੰ ਅਨੁਮਤੀ ਦੇ ਦਿੱਤੀ। ਮੇਰੀ ਮਾਂ ਨੇ ਲੜਕੇ ਨੂੰ ਲੈ ਜਾ ਕੇ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਚਰਨਾਂ ਵਿੱਚ ਰੱਖ ਦਿੱਤਾ ਅਤੇ ਰੋਂਦੇ ਹੋਏ ਪ੍ਰਾਥਨਾ ਕੀਤੀ ਕਿ ਮਹਾਰਾਜ ਜੀ ਇਹ ਬੱਚਾ ਮਰ ਚੁੱਕਿਆ ਹੈ। ਹੁਣ ਆਪ ਜੀ ਹੀ ਇਸਨੂੰ ਠੀਕ ਕਰ ਸਕਦੇ ਹਨ। ਤਦ ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਨੇ ਕਿਹਾ ਕਿ ਕਬੀਰ ਪ੍ਰਮੇਸ਼ਵਰ ਦੀ ਰਜਾ ਨਾਲ ਇਹ ਠੀਕ ਹੋ ਜਾਵੇਗਾ। ਅਗਲੇ

ਦਿਨ ਜਦ ਬੱਚੇ ਨੂੰ ਮਰਣਾ ਸੀ ਉਹ ਠੀਕ ਹੋ ਗਿਆ। ਬੋਲੋ ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਜੈ॥

ਸਾਡਾ ਉੱਜੜਿਆ ਹੋਇਆ ਘਰ ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਕ੍ਰਿਪਾ ਨਾਲ ਦੁਬਾਰਾ ਬਸ ਗਿਆ। ਇੰਨੇ ਚਮਤਕਾਰ ਦੇਖਣ ਤੋ ਬਾਅਦ ਵੀ ਪਾਪ ਕਮਾਂ ਦੀ ਵਜ਼ਾ ਤੋਂ ਮੈਂ ਨਾਮ ਨਹੀਂ ਲਿਆ ਤੇ ਪੂਰਵ ਵਾਲੀ ਪੂਜਾ ਅਤੇ ਭੂਤਾਂ ਦੀ ਪੂਜਾ ਹੀ ਕਰਦਾ ਰਿਹਾ। ਸਾਡੇ ਘਰ ਉੱਤੇ ਬੰਦੀਛੋੜ ਗਰੀਬਦਾਸ ਜੀ ਮਹਾਰਜ ਦੀ ਬਾਣੀ ਦਾ ਪਾਠ ਸੰਤ ਰਾਮਪਾਲ ਜੀ ਮਹਾਰਾਜ ਕਰਦੇ ਸੀ ਅਤੇ ਮੈਂ ਬਾਹਰ ਜਾਕੇ ਸ਼ਰਾਬ ਪੀਂਦਾ ਸੀ। ਫਿਰ ਇੱਕ ਸਾਲ ਬਾਅਦ ਇੱਕ ਦਿਨ ਸਾਡੇ ਘਰ ਪਾਠ ਹੋ ਰਿਹਾ ਸੀ ਤਦ ਸ਼ਾਮ ਨੂੰ ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਨੇ ਸਤਿਸੰਗ ਕੀਤਾ। ਤਦ ਮੈਂ ਸਤਿਸੰਗ ਸੁਣਿਆ ਅਤੇ ਨਾਮ ਵੀ ਲੈ ਲਿਆ। ਫਿਰ ਸਾਡੇ ਘਰ ਵਿੱਚ ਦੁੱਖ ਨਾਮ ਦੀ ਚੀਜ਼ ਨਹੀਂ ਰਹੀ। ਮੇਰੀ ਮਾਤਾ ਜੀ ਨੇ ਕਿਸੇ ਦੇ ਵਹਿਕਾਵੇ ਵਿੱਚ ਆਕੇ ਨਾਮ ਖੰਡਿਤ ਕਰ ਦਿੱਤਾ। ਕੁਝ ਸਮੇਂ ਬਾਅਦ ਸੰਨ 2000 ਵਿੱਚ ਮੇਰੀ ਮਾਂ ਨੂੰ ਅਚਾਨਕ ਪੈਰ ਵਿੱਚ ਜਲਨ ਹੋਣ ਲੱਗੀ। ਡਾਕਟਰਾਂ ਨੂੰ ਦਿਖਾਇਆ। ਉਨ੍ਹਾਂ (ਡਾਕਟਰਾਂ) ਨੇ ਦੱਸਿਆ ਕਿ ਇਹਨਾਂ ਨੂੰ ਬਲੱਡ ਕੈਂਸਰ ਹੈ। ਇਹ 10-15 ਦਿਨ ਵਿੱਚ ਮਰ ਜਾਵੇਗੀ। ਜੇਕਰ ਪੀ.ਜੀ.ਆਈ. ਚੰਡੀਗੜ੍ਹ ਵਿੱਚ ਲੈ ਜਾਉ ਤਾਂ ਉੱਥੇ ਡੇਢ ਲੱਖ ਰੁਪਏ ਲਗਾ ਕੇ ਇਹ ਜਿਆਦਾ ਤੋਂ ਜਿਆਦਾ ਇੱਕ ਸਾਲ ਜੀਵਤ ਰਹਿ ਸਕਦੀ ਹੈ । ਪ੍ਰੰਤੂ ਦਰਦ ਘੱਟ ਨਹੀਂ ਹੋਵੇਗਾ। ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਨੇ ਦੱਸਿਆ ਕਿ ਆਪ ਦੀ ਮਾਤਾ ਨੇ ਨਾਮ ਖੰਡਿਤ ਕਰ ਦਿੱਤਾ ਹੈ। ਜਿਵੇਂ ਬਿਜਲੀ ਦਾ ਬਿੱਲ ਨਾ ਭਰਨ ਨਾਲ ਕੁਨੈਕਸ਼ਨ ਕੱਟ ਜਾਣ ਨਾਲ ਮਿਲਣ ਵਾਲੇ ਲਾਭ ਬੰਦ ਹੋ ਜਾਂਦੇ ਹਨ। ਉਸਨੂੰ ਫਿਰ ਸਚਾਰੁ ਕਰਾਉਣਾ ਪੈਂਦਾ ਹੈ। ਮੇਰੀ ਮਾਤਾ ਜੀ ਨੇ ਆਪਣੀ ਗਲਤੀ ਦੀ ਮੁਆਫੀ ਮੰਗੀ। ਮਹਾਰਾਜ ਜੀ ਨੇ ਦੁਬਾਰਾ ਨਾਮ ਦਿੱਤਾ ਅਤੇ ਸਿਰ ਉੱਤੇ ਹੱਥ ਰੱਖਿਆ। ਸਿਰ ਉੱਤੇ ਹੱਥ ਰੱਖਦੇ ਹੀ ਪੈਰ ਦੀ ਜਲਨ ਅਤੇ ਦਰਦ ਬੰਦ ਹੋ ਗਿਆ। ਫਿਰ ਲਗਭਗ ਦੋ ਸਾਲ ਦੇ ਬਾਅਦ ਜਾੜ੍ਹ ਕੱਢਵਾਉਣ ਦੇ ਕਾਰਣ ਜਾੜ੍ਹ ਵਿੱਚ ਖੂਨ ਨਿਕਲਣ ਲੱਗਾ। ਡਾਕਟਰ ਨੇ ਦਵਾਈ ਦਿੱਤੀ ਅਤੇ ਟਾਂਕੇ ਲਗਾਏ, ਪ੍ਰੰਤੂ ਖੂਨ ਨਿਕਲਣਾ ਬੰਦ ਨਹੀਂ ਹੋਇਆ। ਫਿਰ ਡਾਕਟਰ ਨੇ ਉਸਦੀ ਬਿਮਾਰੀ ਚੈਕ ਕੀਤੀ ਅਤੇ ਦੱਸਿਆ ਕਿ ਇਸਨੂੰ ਬਲੱਡ ਕੈਂਸਰ ਹੈ ਅਤੇ ਇਹ ਫੁੱਟ ਚੁੱਕਾ ਹੈ। ਹੁਣ ਇਹ ਠੀਕ ਨਹੀਂ ਹੋ ਸਕਦੀ। ਇਸਨੂੰ ਘਰ ਲੈ ਜਾਉ। ਇਹ ਖੂਨ ਨਿਕਲਣ ਨਾਲ ਦੋ ਦਿਨ ਵਿੱਚ ਮਰ ਜਾਵੇਗੀ। ਫਿਰ ਅਗਲੇ ਦਿਨ ਇਸਦੇ ਪਿਸ਼ਾਬ ਅਤੇ ਲੈਟਰੀਨ ਵਿੱਚ ਵੀ ਖੂਨ ਆਉਣਾ ਸ਼ੁਰੂ ਹੋ ਗਿਆ। ਤਦ ਮੈਂ ਸਤਿਗੁਰੂ ਰਾਮਪਾਲ ਜੀ ਮਹਾਰਾਜ ਜੀ ਨੂੰ ਫੋਨ ਉੱਤੇ ਦੱਸਿਆ ਕਿ ਡਾਕਟਰ ਨੇ ਕਿਹਾ ਹੈ ਕਿ ਦੋ ਦਿਨ ਵਿੱਚ ਮਰ ਜਾਵੇਗੀ। ਤਦ ਸਤਿਗੁਰੂ ਰਾਮਪਾਲ ਜੀ ਮਹਾਰਾਜ ਨੇ ਕਿਹਾ ਕਿ ਬੰਦੀਛੋੜ ਜੋ ਕਰਨਗੇ ਠੀਕ ਕਰਨਗੇ । ਫਿਰ ਅਗਲੀ ਰਾਤ ਨੂੰ 2 ਵਜੇ ਉਸਨੂੰ ਯਮਦੂਤ ਲੈਣ ਲਈ ਆਏ। ਮੇਰੀ ਮਾਂ ਨੇ ਕਿਹਾ ਕਿ ਤੇਰੇ ਪਿਤਾ ਜੀ (ਜੋ 10 ਸਾਲ ਪਹਿਲਾਂ ਗੁਜਰ ਚੱਕੇ ਸੀ) ਮੈਨੂੰ ਲੈਣ ਦੇ ਲਈ ਆਏ ਹੋਏ ਹਨ। ਇੰਨਾ ਕਹਿੰਦੇ-2 ਉਹ ਯਮਦੂਤ ਮੇਰੀ ਮਾਂ ਦੇ ਅੰਦਰ ਪ੍ਰਵੇਸ਼ ਕਰ ਗਿਆ ਅਤੇ ਕਹਿਣ ਲੱਗਾ ਕਿ ਮੈਂ ਇਸਨੂੰ ਲੈਕੇ ਜਾਵਾਗਾਂ, ਇਸਦਾ ਸਮਾਂ ਪੂਰਾ ਹੋ ਗਿਆ ਹੈ। ਮੈਨੂੰ ਜਲਦੀ ਚਾਹ ਪਿਲਾਓ। ਤਦ ਅਸੀਂ ਉਸਦੇ ਲਈ ਚਾਹ ਬਣਾਉਣ ਦੇ ਲਈ ਰੱਖੀ ਹੀ ਸੀ, ਇੰਨੇ ਵਿੱਚ ਉਹ ਯਮਦੂਤ ਕਹਿਣ ਲੱਗਾ ਕਿ ਪਤਾ ਨਹੀਂ ਆਪਦੇ ਘਰ ਵਿੱਚ ਕਿੰਨੀ ਵੱਡੀ ਸ਼ਕਤੀ ਹੈ, ਉਹ ਮੈਨੂੰ ਮਾਰ ਰਹੀ ਹੈ। ਮੈਂ ਇੱਥੇ ਹੋਰ ਨਹੀਂ ਰੁੱਕ ਸਕਦਾ, ਮੈਨੂੰ ਜਲਦੀ ਨਾਲ ਚਾਹ ਪਿਲਾਓ, ਮੈਂ ਜਾ ਰਿਹਾ ਹਾਂ ਅਤੇ ਗਰਮ ਚਾਹ ਹੀ ਪੀ ਗਿਆ। ਜਾਂਦੇ ਹੋਏ ਕਹਿਣ ਲੱਗਾ ਕਿ ਆਪਦੇ ਘਰ ਪੂਰਣ ਪ੍ਰਮਾਤਮਾ ਖੜੇ ਹਨ। ਮੈਂ ਇਸਨੂੰ ਨਹੀਂ ਲੈਕੇ ਜਾ ਸਕਦਾ, ਇਹ ਕਹਿ ਕੇ ਉਹ ਚਲਾ ਗਿਆ। ਇੱਕ ਮਿੰਟ ਬਾਅਦ ਹੀ ਖੂਨ ਬੰਦ ਹੋ ਗਿਆ, ਜੀਭ ਅਤੇ ਦੰਦ ਜੋ

ਬਿਲਕੁਲ ਕਾਲੇ ਹੋ ਚੁੱਕੇ ਸਨ ਉਹ ਬਿਲਕੁਲ ਸਾਫ਼ ਹੋ ਗਏ ਅਤੇ ਬੰਦੀਛੋੜ ਸਤਿਗੁਰੂ ਰਾਮਪਾਲ ਦੀ ਕ੍ਰਿਪਾ ਨਾਲ ਉਹ ਪਹਿਲਾਂ ਨਾਲੋਂ ਜਿਆਦਾ ਸਵਸਥ ਹੋ ਗਈ। ਪ੍ਰਮਾਤਮਾ ਕਬੀਰ ਸਾਹਿਬ ਜੀ ਨੇ ਮੇਰੀ ਮਾਤਾ ਜੀ ਦੀ 5 ਸਾਲ ਉਮਰ ਵਧਾ ਦਿੱਤੀ। 24 ਜੁਲਾਈ 2005 ਨੂੰ ਸੱਚੀ ਭਗਤੀ ਕਰਕੇ ਸਤਲੋਕ ਪ੍ਰਸਥਾਨ ਕੀਤਾ। ਬੋਲੋ ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਜੈ। ਸਤਿ ਸਾਹਿਬ ॥

## "ਗੁਰਦੇ ਠੀਕ ਕਰਨਾ ਅਤੇ ਸ਼ੈਤਾਨ ਨੂੰ ਇਨਸਾਨ ਬਣਾਉਣਾ"

ਮੈਂ ਭਗਤ ਜਗਦੀਸ਼ ਪੁੱਤ ਸ੍ਰੀ ਪ੍ਰਭੂਰਾਮ, ਪਿੰਡ-ਪੰਜਾਬ ਖੋੜ੍ਹ,ਦਿੱਲੀ-81 । ਡੀ.ਟੀ.ਸੀ. (ਦਿੱਲੀ ਟ੍ਰਾਂਸਪੋਰਟ ਕਾਰਪੋਰੇਸ਼ਨ) ਵਿੱਚ ਮਕੈਨਿਕ ਹਾਂ। ਮੈਨੂੰ ਸ਼ਰਾਬ ਨੇ ਰਾਖਸ਼ਸ਼ ਵਿਰਤੀ ਦਾ ਇੰਨਸਾਨ ਬਣਾ ਦਿੱਤਾ ਸੀ। ਸ਼ਰਾਬ ਪੀਣਾ, ਮੁਰਗਾ ਖਾਣਾ, ਸਿਗਰਟ ਪੀਣਾ, ਹੁਕਾ ਪੀਣਾ। ਮੈਂ ਨੌਕਰੀ ਤੋਂ ਸ਼ਾਮ ਨੂੰ ਲਗਭਗ 7 ਜਾਂ 8 ਵਜੇ ਆ ਜਾਂਦਾ ਸੀ। ਕਈ ਬਾਰ ਘਰ ਆਉਣ ਉੱਤੇ ਸ਼ਰਾਬ ਜਿਆਦਾ ਪੀਣ ਉੱਤੇ 9 ਜਾਂ 10 ਵੀ ਵੱਜ ਜਾਂਦੇ ਸਨ। ਸ਼ਰਾਬ ਵਿੱਚ ਪਾਗਲ ਹੋਇਆ ਇੱਕ ਵਾਰ ਇੱਧਰ ਇੱਕ ਵਾਰ ਉੱਧਰ ਲੜਖੜਾਉਂਦੇ ਹੋਏ ਪੈਰਾਂ ਨਾਲ ਘਰ ਪਹੁੰਚਦਾ ਸੀ। ਆਉਂਦੇ ਹੀ ਪਤਨੀ ਅਤੇ ਬੱਚਿਆ ਨੂੰ ਕੁੱਟਣਾ ਸ਼ੁਰੂ ਕਰ ਦੇਣਾ, ਹਰ ਰੋਜ਼ ਘਰ ਵਿੱਚ ਕਹਿਰ ਹੁੰਦਾ ਸੀ। ਜਿਨ੍ਹਾਂ ਬੱਚਿਆਂ ਨੂੰ ਪਿਆਰ ਨਾਲ ਛਾਤੀ ਨਾਲ ਲਗਾਉਣਾ ਚਾਹੀਦਾ ਸੀ ਉਹ ਮਾਸੂਮ ਬੱਚੇ ਮੈਨੂੰ ਦੇਖਕੇ ਮੰਜੇ ਹੇਠਾਂ ਲੁੱਕ ਜਾਂਦੇ ਸਨ। ਬੱਚੇ ਆਪਣੇ ਪਿਤਾ ਜੀ ਦੇ ਘਰ ਆਉਣ ਦੀ ਰਾਹ ਦੇਖਦੇ ਹਨ ਕਿ ਪਾਪਾ ਜੀ ਆਉਣਗੇ, ਸਾਡੇ ਲਈ ਖਾਣ ਦੀ ਕੋਈ ਚੀਜ ਲਿਆਉਣਗੇ। ਪ੍ਰੰਤੂ ਮੈਂ ਖਾਣ ਦੀਆਂ ਚੀਜਾਂ ਦੀ ਬਜਾਏ ਸ਼ਰਾਬ ਵਿੱਚ ਪਾਗਲ ਹੋਇਆ ਲਾਲ ਅੱਖਾਂ ਨਾਲ ਉਨ੍ਹਾਂ ਨੂੰ ਮਾਰਨ ਲੱਗ ਜਾਂਦਾ ਸੀ।

ਦੂਸਰੇ ਪਾਸੇ ਮੇਰੀ ਧਰਮ ਪਤਨੀ ਸੁਮਿਤਰਾ ਦੇਵੀ ਵੀ ਆਪਣੇ ਦੁੱਖੀ ਜੀਵਨ ਦੇ ਨਾਲ ਖਤਰਨਾਕ ਬਿਮਾਰੀ ਨਾਲ ਜੂਝਦੀ ਹੋਈ ਆਪਣੇ ਸਾਹ ਪੂਰੇ ਕਰ ਰਹੀ ਸੀ। ਉਸਦੇ ਦੋਨੋਂ ਗੁਰਦੇ ਖਰਾਬ ਹੋ ਚੁੱਕੇ ਸਨ। ਡਾਕਟਰਾਂ ਨੇ ਕਹਿ ਦਿੱਤਾ ਸੀ ਕਿ ਦਵਾਈ ਖਾਂਦੇ ਰਹੋ। ਪ੍ਰੰਤੂ ਛੇ ਮਹੀਨੇ ਤੋਂ ਜ਼ਿਆਦਾ ਇਹ ਜੀਵਤ ਨਹੀਂ ਰਹਿ ਸਕਦੀ। ਆਲ ਇੰਡੀਆ ਮੈਡੀਕਲ ਤੇ ਡਾ.ਰਾਮ ਮਨੋਹਰ ਲੋਹੀਆ ਹਸਪਤਾਲ ਦਿੱਲੀ ਤੋਂ ਵੀ ਇਹ ਰਿਪੋਰਟ ਮਿਲੀ ਕਿ ਗੁਰਦੇ ਖਰਾਬ ਹੋ ਚੁੱਕੇ ਹਨ ਅਤੇ ਛੇ ਮਹੀਨੇ ਤੋਂ ਜਿਆਦਾ ਜੀਵਤ ਨਹੀਂ ਰਹਿ ਸਕਦੀ ਅਤੇ ਨਾਲ ਹੀ ਦਵਾਈ ਅੰਤ ਸਮੇਂ ਤੱਕ ਖਾਣੀ ਪਵੇਗੀ। ਉਨ੍ਹਾਂ ਮਾਸੂਮ ਬੱਚਿਆਂ ਦਾ ਕੀ ਹਾਲ ਹੋਵੇਗਾ ਜਿਸਦਾ ਪਿਤਾ ਸ਼ਰਾਬ ਪੀਂਦਾ ਹੋਵੇ, ਮਾਂ ਮੌਤ ਦੇ ਮੂੰਹ ਵਿੱਚ ਹੋਵੇ । ਕੋਈ ਵਜਨ ਦਾ ਕੰਮ ਵੀ ਨਹੀਂ ਕਰ ਸਕਦੀ। ਤਾਂ ਉਨ੍ਹਾਂ ਬੱਚਿਆਂ ਨੂੰ ਜਦ ਇਹ ਪਤਾ ਚੱਲਿਆ ਕਿ ਉਨ੍ਹਾਂ ਦੀ ਮੰਮੀ (ਮਾਤਾ ਜੀ) ਛੇ ਮਹੀਨੇ ਤੋਂ ਜਿਆਦਾ ਜੀਵਤ ਨਹੀਂ ਰਹੇਗੀ ਤਾਂ ਉਨ੍ਹਾਂ ਬੱਚਿਆਂ ਦੀਆਂ ਅੱਖਾਂ ਵਿੱਚ ਹੰਝੂ ਵਹਿੰਦੇ ਰਹਿੰਦੇ ਸੀ। ਇੱਕ ਤਾਂ ਪਿਤਾ ਜੀ ਸ਼ਰਾਵੀ ਅਤੇ ਦੂਸਰੇ ਪਾਸੇ ਸਾਡੀ ਮਾਤਾ ਜੀ ਜਾਨਲੇਵਾ ਵੀਮਾਰੀ ਤੋਂ ਪੀੜਤ, ਸਾਡਾ ਕੀ ਹੋਵੇਗਾ? ਤਿੰਨੇ ਲੜਕੇ ਅਤੇ ਇੱਕ ਲੜਕੀ ਆਪਣੀ ਮਾਤਾ ਜੀ ਦੇ ਕੋਲ ਆਕੇ ਰੋਣ ਲੱਗੇ ਅਤੇ ਕਿਹਾ ਕਿ ਹੇ ਭਗਵਾਨ ਸਾਨੂੰ ਸਭ ਨੂੰ ਵੀ ਸਾਡੀ ਮਾਤਾ ਜੀ ਦੇ ਨਾਲ ਹੀ ਆਪਣੇ ਪਾਸ ਬੁਲਾ ਲੈਣਾ। ਇੱਥੇ ਕਿਸਦੇ ਸਹਾਰੇ ਜੀਵਾਂਗੇ ?

ਪ੍ਰਮਾਤਮਾ ਨੇ ਉਨ੍ਹਾਂ ਬੱਚਿਆਂ ਦੀ ਵੀ ਪੁਕਾਰ ਸੁਣੀ ਅਤੇ ਸਾਡੇ ਸ਼ੁਭ ਕਰਮ ਉਦੈ ਹੋਏ ਸਾਡੇ ਗੁਆਂਢ ਵਿੱਚ ਹੀ ਭਗਤਮਤੀ ਨਿਹਾਲੀ ਦੇਵੀ ਨੇ ਆਪਣੇ ਗੁਰੂਦੇਵ ਸੰਤ ਰਾਮਪਾਲ ਜੀ ਮਹਾਰਾਜ ਦੀ ਆਗਿਆ ਅਨੁਸਾਰ 30-31-1 ਜਨਵਰੀ 1997 ਨੂੰ ਸਤਿਗੁਰੂ ਗਰੀਬਦਾਸ ਜੀ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦਾ ਤਿੰਨ ਦਿਨ ਦਾ ਆਖੰਡ ਪਾਠ ਆਪਣੇ ਘਰ ਕਰਵਾਇਆ।

ਜਿਸ ਵਿੱਚ ਸੰਤ ਰਾਮਪਾਲ ਜੀ ਮਹਾਰਾਜ ਨੇ 31 ਦਿਸੰਬਰ 1996 ਨੂੰ ਰਾਤ ਵਿੱਚ 9 ਤੋਂ 11 ਵਜੇ ਤੱਕ ਸਤਿਸੰਗ ਕੀਤਾ। ਮੇਰੀ ਪਤਨੀ ਸੁਮਿਤਰਾ ਦੇਵੀ ਵੀ ਗੁਆਂਢ ਵਿੱਚ ਸਤਿਸੰਗ ਸੁਣਨ ਚਲੀ ਗਈ। ਥੋੜੀ ਦੇਰ ਬਾਅਦ ਮੈਂ (ਜਗਦੀਸ਼) ਵੀ ਆਪਣੀ ਨੌਂਕਰੀ ਤੋਂ ਘਰ ਆ ਗਿਆ। ਘਰ ਆਉਣ ਤੋਂ ਬਾਅਦ ਬੱਚਿਆਂ ਤੋਂ ਪਤਾ ਲੱਗਾ ਕਿ ਸਾਡੀ ਮਾਤਾ ਜੀ ਗੁਆਂਢ ਵਿੱਚ ਮਾਈ ਨਿਹਾਲੀ ਦੇਵੀ ਦੇ ਘਰ ਸਤਿਸੰਗ ਸੁਨਣ ਦੇ ਲਈ ਗਈ ਹੈ। ਇਹ ਸੁਣਕੇ ਮੈਂ ਬਹੁਤ ਕ੍ਰੋਧਿਤ ਹੋਇਆ ਕਿ ਕਿੱਥੇ ਪਾਖੰਡੀਆਂ ਦੇ ਕੋਲ ਚਲੀ ਗਈ? ਮੈਂ ਹੁਣੇ ਉਸਨੂੰ ਕੁੱਟਦੇ ਹੋਏ ਘਰ ਲਿਆਉਂਦਾ ਹਾਂ। ਇਹ ਵਿਚਾਰ ਕਰਕੇ ਮੈਂ ਭਗਤਮਤੀ ਨਿਹਾਲੀ ਦੇਵੀ ਦੇ ਘਰ ਚਲਿਆ ਗਿਆ। ਮੈਂ ਸ਼ਰਾਬ ਪੀਤੀ ਹੋਈ ਸੀ। ਜਦ ਮੈਂ ਨਿਹਾਲੀ ਮਾਈ ਦੇ ਘਰ ਪਹੁੰਚਿਆ ਤਾਂ ਸੰਤ ਰਾਮਪਾਲ ਜੀ ਮਹਾਰਾਜ ਸਤਿਸੰਗ ਕਰ ਰਹੇ ਸਨ। ਬਹੁਤ ਸੰਖਿਆ ਵਿੱਚ ਭਗਤਜਨ ਸਤਿਸੰਗ ਸੁਣ ਰਹੇ ਸਨ। ਉਨ੍ਹਾਂ ਸਭ ਨੂੰ ਦੇਖਕੇ ਮੈਂ ਕੁਝ ਨਹੀਂ ਬੋਲਿਆ ਤੇ ਚੁੱਪਚਾਪ ਸਭ ਤੋਂ ਪਿੱਛੇ ਬੈਠ ਗਿਆ। ਮੈਂ ਸਤਿਸੰਗ ਸੁਣਿਆ। ਸਤਿਸੰਗ ਵਿੱਚ ਮਹਾਰਾਜ ਜੀ ਨੇ ਦੱਸਿਆ ਕਿ:-

ਸ਼ਰਾਬ ਪੀਵੇ ਕੜਵਾ ਪਾਨੀ, ਸੱਤਰ ਜਨਮ ਸ਼ਵਾਨ ਦੇ ਜਾਨੀ।
ਗਰੀਬ, ਸੋ ਨਾਰੀ ਜਾਰੀ ਕਰੈ , ਸੁਰਾਪਾਨ ਸੋ ਬਾਰ।
ਇੱਕ ਚਿਲਮ ਹੁੱਕਾ ਭਰੇ , ਡੂਬੈ ਕਾਲੀ ਧਾਰ ॥
ਕਬੀਰ, ਮਾਨੁਸ ਜਨਮ ਪਾਏ ਕਰ, ਨਹੀਂ ਭਜੈ ਹਰਿ ਨਾਮ॥
ਜੈਸੇ ਕੁਆ ਜਲ ਬਿਨਾ, ਖੁਦਵਾਇਆ ਕਿਸ ਕਾਮ ॥

ਮਹਾਰਾਜ ਜੀ ਨੇ ਸਤਿਸੰਗ ਵਿੱਚ ਦੱਸਿਆ ਕਿ ਜਿਨ੍ਹਾਂ ਬੱਚਿਆ ਨੂੰ ਪਿਤਾ ਜੀ ਨੂੰ ਸੀਨੇ ਨਾਲ ਲਗਾਉਣਾ ਚਾਹੀਦਾ ਹੈ, ਉਹ ਸ਼ਰਾਬੀ ਵਿਅਕਤੀ ਨੂੰ ਦੇਖਕੇ ਬੱਚੇ ਚਾਰਪਾਈ ਦੇ ਨੀਚੇ ਛੁੱਪ ਜਾਂਦੇ ਹਨ। ਸ਼ਰਾਬੀ ਵਿਅਕਤੀ ਆਪ ਵੀ ਦੁੱਖੀ, ਧਨਹਾਨੀ, ਸਮਾਜ ਵਿੱਚ ਇੱਜ਼ਤ ਖਤਮ ਅਤੇ ਪਰਿਵਾਰ ਅਤੇ ਗੁਆਂਢ ਅਤੇ ਰਿਸ਼ਤੇਦਾਰਾਂ ਤੱਕ ਨੂੰ ਪ੍ਰੇਸ਼ਾਨ ਕਰਕੇ ਬਦ ਦੁਆਵਾਂ ਪ੍ਰਾਪਤ ਕਰਦਾ ਹੈ। ਜਿਵੇਂ ਸ਼ਰਾਬੀ ਦੀ ਪਤਨੀ ਅਤੇ ਬੱਚੇ ਤਾਂ ਕਹਿਰ ਦਾ ਸ਼ਿਕਾਰ ਹੁੰਦੇ ਹਨ। ਪ੍ਰੰਤੂ ਪਤਨੀ ਦੇ ਮਾਤਾ-ਪਿਤਾ, ਭੈਣ-ਭਾਈ ਆਦਿ ਵੀ ਦਿਨ-ਰਾਤ ਚਿੰਤਤ ਰਹਿੰਦੇ ਹਨ। ਸਰਵ ਪਾਪ ਦਾ ਭਾਰ ਉਸ ਨਾਦਾਨ ਸ਼ਰਾਵੀ ਦੇ ਸ਼ੀਸ਼ ਉੱਤੇ ਆ ਜਾਂਦਾ ਹੈ । ਮਨੁੱਖ ਜਨਮ ਪ੍ਰਭੂ ਨੇ ਭਗਤੀ ਕਰਕੇ ਆਤਮ ਕਲਿਆਣ ਦੇ ਲਈ ਦਿੱਤਾ ਹੈ, ਇਸਨੂੰ ਸ਼ਰਾਬ ਆਦਿ ਵਿੱਚ ਨਸ਼ਟ ਨਹੀਂ ਕਰਨਾ ਚਾਹੀਦਾ। ਜਿਵੇਂ ਬੱਚਾ ਸਕੂਲ ਵਿੱਚ ਸਿੱਖਿਆ ਗ੍ਰਹਿਣ ਨਹੀਂ ਕਰਦਾ, ਅਵਾਰਾਗਰਦੀ ਵਿੱਚ ਘੁੰਮਦਾ ਰਹਿੰਦਾ ਹੈ। ਉਹ ਸਿੱਖਿਆ ਤੋਂ ਵੰਚਿਤ ਰਹਿ ਜਾਂਦਾ ਹੈ। ਫਿਰ ਸਾਰੀ ਉਮਰ ਮਜ਼ਦੂਰੀ ਕਰਕੇ ਜੀਵਨ ਨਿਰਵਾਹ ਕਰਦਾ ਹੈ। ਫਿਰ ਉਸਨੂੰ ਯਾਦ ਆਉਂਦਾ ਹੈ ਕਿ ਜੇ ਮੈਂ ਅਵਾਰਾਗਰਦੀ ਨਾ ਕਰਦਾ ਤਾਂ ਅੱਜ ਆਪਣੇ ਸਹਿਪਾਠੀਆਂ ਦੀ ਤਰ੍ਹਾਂ ਵੱਡਾ ਅਧਿਕਾਰੀ ਹੁੰਦਾ। ਪ੍ਰੰਤੂ ਹੁਣ ਕੀ ਬਣੇ, ਇਹ ਤਾਂ ਉਸ ਸਮੇਂ ਸੋਚਣਾ ਸੀ।

ਕਬੀਰ ਸਾਹਿਬ ਕਹਿੰਦੇ ਹਨ ਕਿ:- ਅੱਛੇ ਦਿਨ ਪੀਛੇ ਗਏ, ਗੁਰੂ ਸੇ ਕਿਆ ਨਾ ਹੇਤ। ਅਬ ਪਛਤਾਏ ਕਿਆ ਕਰੇ, ਜਬ ਚਿੜੀਆਂ ਚੁਗ ਗਈਂ ਖੇਤ॥

ਇਸ ਪ੍ਰਕਾਰ ਜੇਕਰ ਮਨੁੱਖ ਜਨਮ ਵਿੱਚ ਜੋ ਪਾਣੀ ਪ੍ਰਭੂ ਭਗਤੀ ਨਹੀਂ ਕਰਦਾ ਉਹ ਪਸ਼ੂ-ਪੰਛੀਆਂ ਦੀ ਜੂਨੀਆਂ ਨੂੰ ਪ੍ਰਾਪਤ ਹੁੰਦਾ ਹੈ। ਜੋ ਵਿਅਕਤੀ ਸ਼ਰਾਬ ਪੀਂਦਾ ਹੈ, ਉਹ ਸ਼ਰਾਬ ਦੇ ਨਸ਼ੇ ਵਿੱਚ ਖਾਣੇ ਦੀ ਭਰੀ ਥਾਲੀ ਨੂੰ ਲੱਤ ਮਾਰਦਾ ਹੈ। ਭਗਤੀ ਨਾ ਕਰਨ ਨਾਲ ਭਿੰਨ-2 ਪ੍ਰਾਣੀਆਂ ਦੀਆਂ ਜੂਨੀਆਂ ਵਿੱਚ ਕਸ਼ਟ ਉਠਾਉਂਦਾ ਹੈ। ਕਦੇ ਉਹ ਕੁੱਤੇ ਦੀ ਜੂਨੀ ਧਾਰਣ ਕਰਦਾ ਹੈ। ਕੁੱਤਾ ਸਾਰੀ ਰਾਤ ਸਰਦੀ ਵਿੱਚ ਗਲੀ ਵਿੱਚ ਰਹਿੰਦਾ ਹੈ । ਉੱਪਰ ਤੋਂ ਵਰਖਾ ਅਤੇ ਸਰਦੀ ਦੀ ਰਾਤ ਵਿੱਚ ਮਹਾਂਕਸ਼ਟ ਉਠਾਉਂਦਾ ਹੈ। ਸਵੇਰੇ ਭੁੱਖ ਸਤਾਉਂਦੀ ਹੈ। ਕਿਸੇ ਘਰ ਦੀ ਰਸੋਈ

ਵਿੱਚ ਵੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਘਰਵਾਲੇ ਡੰਡਾ ਜਾਂ ਪੱਥਰ ਮਾਰਦੇ ਹਨ। ਕੁੱਤਾ ਬਹੁਤ ਦੇਰ ਤੱਕ ਚਿਲਾਉਂਦਾ ਰਹਿੰਦਾ ਹੈ। ਫਿਰ ਹੋਰ ਘਰ ਵਿੱਚ ਵੜਦਾ ਹੈ, ਉੱਥੇ ਨਾ ਜਾਣੇ ਰੋਟੀ ਮਿਲੇਗੀ ਜਾਂ ਸੋਟੀ (ਡੰਡਾ)। ਜੇ ਉੱਥੇ ਵੀ ਡੰਡਾ ਨਸੀਬ ਵਿੱਚ ਹੋਇਆ ਤਾਂ ਉਹ ਸ਼ਰਾਬੀ ਜੋ ਹੁਣ ਕੁੱਤਾ ਬਣਿਆ ਹੈ, ਪਿੰਡ ਦੇ ਬਾਹਰ ਜਾਂਦਾ ਹੈ । ਭੁੱਖ ਨਾਲ ਵਿਆਕੁਲ ਹੋਇਆ ਮਨੁੱਖਾਂ ਦਾ ਮਲ ਖਾਂਦਾ ਹੈ। ਜੇਕਰ ਉਹ ਨਾਦਾਨ ਪ੍ਰਾਣੀ ਜਦ ਮਨੁੱਖ ਸਰੀਰ ਵਿੱਚ ਸੀ, ਸਤਿਸੰਗ ਵਿੱਚ ਆਉਂਦਾ, ਚੰਗੇ ਵਿਚਾਰ ਸੁਣਦਾ, ਬੁਰਾਈ ਤਿਆਗਕੇ ਆਪਣਾ ਕਲਿਆਣ ਕਰਵਾਉਂਦਾ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਪ੍ਰਭੂ ਦੀ ਦੀਕਸ਼ਾ ਪ੍ਰਦਾਨ ਕਰਵਾਉਂਦਾ, ਸਦਾ ਸੁੱਖੀ ਹੋ ਜਾਂਦਾ। ਸ਼ਰਾਬ ਦਾ ਨਸ਼ਾ ਕੁਝ ਸਮੇਂ ਰਹਿੰਦਾ ਹੈ। ਪ੍ਰਮਾਤਮਾ ਦੇ ਨਾਮ ਭਜਨ ਨਾਲ ਹੋਏ ਸੁੱਖ ਦਾ ਆਨੰਦ ਸਦਾ ਨਾਲ ਰਹਿੰਦਾ ਹੈ।

ਉਪਰੋਕਤ ਸਤਸੰਗ ਆਦਰਣੀਏਂ ਸੰਤ ਰਾਮਪਾਲ ਜੀ ਮਹਾਰਾਜ ਦਾ ਸੁਣ ਕੇ ਮੇਰੀ ਸ਼ਰਾਬ ਛੂ ਮੰਤਰ ਹੋ ਗਈ। ਅੱਖਾਂ ਵਿੱਚੋਂ ਹੰਝੂ ਵਹਿ ਚੱਲੇ। ਘਰ ਚਲਾ ਗਿਆ, ਨੀਂਦ ਨਾ ਆਈ। 1 ਜਨਵਰੀ 1997 ਦੁਪਹਿਰ 1:30 ਵਜੇ ਆਪਣੀ ਪਤਨੀ ਨੂੰ ਨਾਲ ਲੈਕੇ ਸੰਤ ਰਾਮਪਾਲ ਜੀ ਮਹਾਰਾਜ ਦੇ ਕੋਲ਼ ਗਿਆ, ਉਨ੍ਹਾਂ ਤੋਂ ਆਤਮ ਕਲਿਆਣ ਦੇ ਲਈ ਉਪਦੇਸ਼ ਪ੍ਰਾਪਤ ਕੀਤਾ। ਉਸਦੇ ਬਾਅਦ ਅੱਜ (2005) ਤੱਕ ਸ਼ਰਾਬ, ਤੰਬਾਕੂ ਅਤੇ ਮਾਸ ਛੂਹਿਆ ਵੀ ਨਹੀਂ। ਮੇਰੀ ਪਤਨੀ ਨੇ ਵੀ ਸਤਿਗੁਰੂ ਰਾਮਪਾਲ ਜੀ ਤੋਂ ਉਪਦੇਸ਼ ਲਿਆ। ਉਸ ਦਿਨ ਦੇ ਬਾਅਦ ਉਹ ਬਿਲਕੁਲ ਠੀਕ ਹੈ। ਡਾਕਟਰਾਂ ਦੇ ਇਲਾਜ ਅਤੇ ਐਕਸ-ਰੇ ਆਦਿ ਦੀਆਂ ਰਿਪੋਰਟਾਂ ਅੱਜ ਵੀ ਸਾਡੇ ਘਰ ਰੱਖੀਆਂ ਹਨ। ਜਨ-ਜਨ ਨੂੰ ਦਿਖਾਉਂਦੇ ਹਾਂ।

ਮੇਰੀ ਸਰਵ ਨੂੰ ਪ੍ਰਾਥਨਾ ਹੈ ਕਿ ਆਪ ਵੀ ਪ੍ਰਭੂ ਦੇ ਸ਼ਰਣਾਂ ਵਿੱਚ ਆਓ। ਸੰਤ ਰੂਪ ਵਿੱਚ ਆਏ ਪ੍ਰਮੇਸ਼ਵਰ ਦੇ ਸੰਦੇਸ਼ ਵਾਹਕ ਸੰਤ ਰਾਮਪਾਲ ਜੀ ਨੂੰ ਪਹਿਚਾਣੋ ॥ ਮੁਫ਼ਤ ਨਾਮ ਉਪਦੇਸ਼ ਪ੍ਰਾਪਤ ਕਰਕੇ ਕ੍ਰਿਪਾ ਆਪਣਾ ਕਲਿਆਣ ਕਰਵਾਓ।ਸਤਿ ਸਾਹਿਬ॥

ਭਗਤ ਜਗਦੀਸ਼

## "ਭੂਤਾਂ ਤੇ ਰੋਗਾਂ ਦੇ ਸਤਾਏ ਪਰਿਵਾਰ ਨੂੰ ਆਬਾਦ ਕਰਨਾ"

ਭਗਤਮਤੀ ਅਪਲੇਸ਼ ਦੇਵੀ ਪਤਨੀ ਸ਼੍ਰੀ ਰਾਮੇਹਰ ਪੁੱਤਰ ਸ੍ਰੀ ਮਾਂਗੇਰਾਮ, ਪਿੰਡ-ਮਿਰਚ, ਤਹਿਸੀਲ ਸ਼ਰਖੀ ਦਾਦਰੀ, ਜਿਲ੍ਹਾ ਭਿਵਾਨੀ (ਹਰਿਆਣਾ)।

ਮੈਂ ਅਪਲੇਸ਼ ਦੇਵੀ ਆਪਣੇ ਦੁੱਖੀ ਜੀਵਨ ਦੀ ਝਲਕ ਆਪਨੂੰ ਦੱਸ ਰਹੀ ਹਾਂ। ਮੈਂ ਅਤੇ ਮੇਰੇ ਬੱਚੇ- ਰਾਹੁਲ ਅਤੇ ਜੋਤੀ ਹਨ ਜੋ ਬੀਤੇ ਸਮੇਂ ਦੇ ਬੁਰੇ ਹਾਲਾਤਾਂ ਨੂੰ ਯਾਦ ਕਰਕੇ ਡਰ ਜਾਂਦੇ ਹਨ। ਜਿਸਦਾ ਵਰਣਨ ਕਰਦੇ ਸਮੇਂ ਕਲੇਜਾ ਮੂੰਹ ਨੂੰ ਆਉਂਦਾ ਹੈ।

6 ਦਿਸੰਬਰ 1995 ਦੀ ਰਾਤ ਨੂੰ ਬਦਮਾਸ਼ਾਂ ਨੇ ਮੇਰੇ ਪਤੀ ਨੂੰ ਡਿਊਟੀ ਦੇ ਦੌਰਾਨ ਜਾਨ ਤੋਂ ਮਾਰ ਦਿੱਤਾ ਸੀ। ਪਰ ਉਸ ਪੂਰਣ ਪ੍ਰਮਾਤਮਾ (ਕਬੀਰ ਸਾਹਿਬ) ਨੇ ਸਾਡਾ ਧਿਆਨ ਰੱਖਿਆ ਅਤੇ ਮੇਰੇ ਪਤੀ ਨੂੰ ਜੀਵਨ ਦਾਨ ਦਿੱਤਾ। ਜੋ ਅੱਜ ਸਾਨੂੰ ਪਰਿਵਾਰ ਸਹਿਤ ਬੰਦੀਛੋੜ ਗੁਰੂ ਰਾਮਪਾਲ ਜੀ ਮਹਾਰਾਜ ਦੀ ਕਿਰਪਾ ਨਾਲ ਪੂਰਣ ਪ੍ਰਮਾਤਮਾ ਦੇ ਚਰਨਾਂ ਵਿੱਚ ਸਥਾਨ ਮਿਲ ਗਿਆ ਹੈ। ਸਾਡੇ ਪਰਿਵਾਰ ਵਿੱਚ ਮੇਰੇ ਪਤੀ ਨੂੰ ਸਾਫ ਕੱਪੜੇ ਪਾਉਂਦੇ ਹੀ ਕੁਝ ਦੇਰ ਬਾਅਦ ਅੰਡਰਵੀਅਰ ਦੇ ਉੱਪਰ ਦੇ ਹਿੱਸੇ ਉੱਤੇ ਜਿੱਥੇ ਰਬੜ ਦਾ ਨਾਲਾ ਹੁੰਦਾ ਹੈ ਉਹ ਚਾਰੋਂ ਪਾਸਿਓ ਖ਼ੂਨ ਨਾਲ ਕੱਪੜੇ ਰੰਗੀਨ ਹੋ ਜਾਂਦੇ ਸੀ, ਅਤੇ ਬੱਚਿਆਂ ਨੂੰ ਵੀ ਬਲਗਮ ਦੇ ਨਾਲ ਖ਼ੂਨ ਆਉਂਦਾ

ਸੀ ਅਤੇ ਮੈਂ ਵੀ ਇੱਕ ਸਾਲ ਤੋਂ ਹਾਰਟ (ਦਿਲ) ਦੀ ਬਿਮਾਰੀ ਤੋਂ ਬਹੁਤ ਪ੍ਰੇਸ਼ਾਨ ਹੋ ਚੁੱਕੀ ਸੀ। ਜਿਸਦੇ ਲਈ ਸਾਲਾਂ ਤੋਂ ਦਵਾਈਆਂ ਖਾ ਰਹੀ ਸੀ। ਮੇਰੇ ਪਤੀ ਦੇਵ ਦਿੱਲੀ ਪੁਲਿਸ ਵਿੱਚ ਹਨ। ਮੇਰੇ ਸਾਰੇ ਸਰੀਰ ਉੱਤੇ ਫੋੜੇ-ਫਿਨਸੀਆਂ ਹੋ ਜਾਂਦੇ ਸਨ। ਘਰ ਵਿੱਚ ਪ੍ਰੇਸ਼ਾਨੀਆਂ ਦੇ ਕਾਰਨ ਮੇਰੇ ਪਤੀ ਰਾਮੇਹਰ ਦਾ ਦਿਮਾਗੀ ਸੰਤੁਲਨ ਵੀ ਵਿਗੜ ਗਿਆ ਸੀ।

ਅਸੀ ਇਨ੍ਹਾਂ ਪ੍ਰੇਸ਼ਾਨੀਆਂ ਦੇ ਲਈ ਸੰਨ 1995 ਤੋਂ ਜੁਲਾਈ 2000 ਤੱਕ ਇੱਕ ਦਰਜ਼ਨ ਤੋਂ ਵੀ ਜਿਆਦਾ ਲੰਗੜੇ, ਲੋਭੀ ਤੇ ਲਾਲਚੀ ਗੁਰੂਆਂ ਦੇ ਦਰਵਾਜ਼ੇ ਖੜ-ਖੜਾਏ ਅਤੇ ਭਾਰਤ ਦੇ ਸਭ ਤੀਰਥ ਸਥਾਨਾਂ ਜਿਵੇਂ ਜਮੁਨਾ, ਗੰਗਾ, ਹਰਿਦੁਆਰ, ਜਵਾਲਾ ਜੀ, ਚਾਮੁੰਡਾ, ਚਿੰਤਪੁਰਣੀ, ਨਗਰਕੋਟ, ਬਾਲਾ ਜੀ, ਮੇਂਹਦੀ ਪੁਰ ਅਤੇ ਗੁਡਗਾਂਵਾ ਵਾਲੀ ਮਾਈ ਅਤੇ ਗੋਰਖ ਟਿੱਲਾ ਰਾਜਸਥਾਨ ਵਾਲੇ ਪ੍ਰਤੇਕ ਸਥਾਨਾਂ ਤੇ ਬੱਚਿਆਂ ਸਹਿਤ ਚੱਕਰ ਲਗਾਉਂਦੇ ਰਹੇ ਪਰ ਸਾਨੂੰ ਕੋਈ ਰਾਹਤ ਨਹੀਂ ਮਿਲੀ।

ਇਸ ਪ੍ਰਕਾਰ ਸਾਡੇ ਪਰਿਵਾਰ ਦੀ ਹਾਲਤ ਇੱਥੋਂ ਤੱਕ ਆ ਚੁੱਕੀ ਸੀ ਕਿ ਅਸੀਂ ਹੋਲੀ ਤੇ ਦਿਵਾਲੀ ਵੀ ਕਿਸੇ ਮਸਜਿਦ ਵਿੱਚ ਬੈਠਕੇ ਬਿਤਾਉਣ ਲੱਗੇ ਸੀ।

ਅਸੀਂ ਬਹੁਤ ਖੁਸ਼ਨਸੀਬ ਹਾਂ ਜੋ ਸਾਨੂੰ ਸੰਤ ਰਾਮਪਾਲ ਜੀ ਮਹਾਰਾਜ ਦੁਆਰਾ ਪਰਮ ਪੂਜਯ ਕਬੀਰ ਸਾਹਿਬ ਦੀ ਸ਼ਰਣ ਮਿਲ ਗਈ। ਹੁਣ ਕਿੱਥੇ ਗਏ ਕਾਲ ਦੇ ਦੂਤ ਅਤੇ ਸਾਡੀਆਂ ਬੀਮਾਰੀਆਂ ਜਿਨ੍ਹਾਂ ਦਾ ਇਲਾਜ ਆਲ ਇੰਡੀਆ ਹਾਸਪਿੱਟਲ ਵਿੱਚ ਚੱਲ ਰਿਹਾ ਸੀ, ਜੋ ਸਤਿਗੁਰੂ ਦੇਵ ਦੇ ਸ਼ਰਨਾਂ ਦੀ ਧੂਲ ਦੇ ਅੱਗੇ ਟਿਕ ਨਹੀਂ ਪਾਏ।

25 ਫਰਵਰੀ 2001 ਨੂੰ ਇੱਕ ਕਾਲ ਦੀ ਪੂਜਾ ਕਰਨ ਵਾਲੇ ਸਿਆਣੇ ਨੇ ਟੈਲੀਫੋਨ ਕਰਕੇ ਪੁੱਛਿਆ ਕਿ ਅਪਲੇਸ਼ ਆਪਦਾ ਨਾਮ ਹੈ। ਮੈਂ ਕਿਹਾ ਕਿ ਹਾਂ, ਆਪ ਆਪਣਾ ਨਾਮ ਦੱਸੋ। ਤਦ ਉਹ ਸਿਆਣੇ ਕਹਿੰਦਾ ਹੈ ਕਿ ਇਹ ਬਲਵਾਨ ਕੌਣ ਹੈ, ਆਪਦਾ ਕੀ ਲੱਗਦਾ ਹੈ? ਮੈਂ ਕਿਹਾ ਆਪ ਕੌਣ ਹੋ, ਆਪਦਾ ਕੀ ਨਾਮ ਹੈ ਅਤੇ ਇਹ ਸਭ ਕਿਉਂ ਪੁੱਛਣਾ ਚਾਹੁੰਦੇ ਹੋ? ਤਦ ਉਹ ਸਿਆਣਾ ਕਹਿੰਦਾ ਹੈ ਕਿ ਬੇਟੀ ਮੇਰਾ ਨਾਮ ਨਾ ਪੁੱਛੋ । ਮੈਂ ਦੱਸਣਾ ਨਹੀਂ ਚਾਹੁੰਦਾ ਅਤੇ ਮੈਂ ਹਾਂਸੀ ਤੋਂ ਬੋਲ ਰਿਹਾ ਹਾਂ। ਉਹ ਬਲਵਾਨ ਅਤੇ ਉਸਦੇ ਨਾਲ ਇੱਕ ਆਦਮੀ ਆਇਆ ਦੋਨੋਂ ਮੈਨੂੰ 3700 ਰੁਪਏ ਆਪਦੇ ਉੱਤੇ ਘਾਲ ਘਲਵਾਉਣ ਦੇ ਲਈ ਦੇ ਗਏ ਸਨ। ਮੈਨੂੰ ਆਪਦਾ ਫੋਨ ਨੰ. ਵੀ ਬਲਵਾਨ ਤੋਂ ਹੀ ਲਿਆ ਸੀ ਕਿ ਮੈਂ ਪੁਛਾਗਾਂ ਕਿ ਉਨ੍ਹਾਂ ਦੀ ਦੁਰਗਤੀ ਹੋਈ ਜਾਂ ਨਹੀਂ। ਮੇਰੇ ਕੋਲ ਆਪਦਾ ਫੋਨ ਨੰ. ਨਹੀਂ ਸੀ, ਬਲਵਾਨ ਨੇ ਹੀ ਦਿੱਤਾ ਸੀ। ਜੋ ਮੈਂ ਇਹ ਬੁਰਾ ਕਾਰਜ ਰਾਤ ਵਿੱਚ ਕੀਤਾ। ਪਰ ਜਿਵੇਂ ਹੀ ਮੈਂ ਸੋਣ ਲੱਗਿਆ ਤਾਂ ਮੈਨੂੰ ਸਫ਼ੇਦ ਕੱਪੜਿਆਂ ਵਿੱਚ ਜਿਸ ਗੁਰੂ ਦੀ ਪੂਜਾ ਆਪ ਕਰਦੇ ਹੋ ਉਹ ਦਿਖਾਈ ਦਿੱਤੇ, ਜਿੰਨ੍ਹਾਂ ਨੇ ਮੈਨੂੰ ਕਿਹਾ ਦੱਸ ਦਿੱਤਾ ਕਿ ਇਸਦਾ ਪਰਿਣਾਮ ਤੂੰ ਖੁਦ ਭੋਗੇਂਗਾ। ਇਹ ਪਰਿਵਾਰ ਸਰਵ ਸ਼ਕਤੀਮਾਨ, ਸਰਵ ਕਸ਼ਟ ਹਰਣ ਪਰਮ ਪੂਜਯ ਕਬੀਰ ਪ੍ਰਮੇਸ਼ਵਰ ਦੀ ਸ਼ਰਣ ਵਿੱਚ ਹੈ। ਆਪਦੀ ਤਾਂ ਔਕਾਤ ਹੀ ਕੀ ਹੈ? ਇੱਥੋਂ ਦਾ ਧਰਮਰਾਜ ਵੀ ਇਸ ਪਰਿਵਾਰ ਦਾ ਕੁਝ ਵੀ ਨਹੀਂ ਵਿਗਾੜ ਸਕਦਾ।

ਗਰੀਬ, ਜਮ ਜੋਰਾ ਜਾਸੇ ਡਰੋਂ, ਮਿਟੈਂ ਕਰਮ ਕੇ ਲੇਖ ॥
ਅਦਲੀ ਅਦਲ ਕਬੀਰ ਹੈਂ, ਕੁਲ ਕੇ ਸਦਗੁਰੂ ਏਕ॥

ਪਰਮ ਪੂਜਯ ਕਬੀਰ ਪ੍ਰਮੇਸ਼ਵਰ ਜੀ ਤੋਂ ਯਮ (ਕਾਲ ਅਤੇ ਕਾਲ ਦੇ ਦੂਤ) ਅਤੇ ਮੌਤ ਵੀ ਡਰਦੀ ਹੈ। ਉਹ ਪੂਰਣ ਪ੍ਰਭੂ ਪਾਪ ਕਰਮ ਦੇ ਦੰਡ ਦੇ ਲੇਖ ਨੂੰ ਵੀ ਸਮਾਪਤ ਕਰ ਦਿੰਦੇ ਹਨ। ਇਸ ਦੇ ਬਾਅਦ ਉਸ ਸਿਆਣੇ ਨੇ ਕਿਹਾ ਬੇਟੀ ਤੈਨੂੰ ਇਹ ਦੱਸ ਦਿੰਦਾ ਹਾਂ ਕਿ ਤੂੰ ਜਿਸ ਦੇਵ ਪੁਰਸ਼ੋਤਮ ਦੀ ਪੂਜਾ ਕਰਦੇ ਹੋ, ਉਹ ਬਹੁਤ ਪ੍ਰਬਲ ਸ਼ਕਤੀ ਹਨ। ਮੈਂ 25 ਸਾਲ ਤੋਂ ਇਹ ਘਾਲ ਘਾਲਣੇ ਦਾ ਕਾਰਜ ਕਰ ਰਿਹਾ ਹਾਂ। ਨਾ ਜਾਣੇ ਕਿੰਨੇ ਪਰਿਵਾਰ ਉਜਾੜ ਚੁੱਕਿਆ ਹਾਂ।

ਪ੍ਰੰਤੂ ਅੱਜ ਪਹਿਲੀ ਵਾਰ ਮੈਂ ਹਾਰ ਖਾਧੀ ਹੈ । ਬੇਟੀ ਉਸ ਸ਼ਕਤੀ ਨੂੰ ਮਤ ਛੱਡ ਦੇਣਾ, ਨਹੀਂ ਤਾਂ ਮਾਰ ਖਾ ਜਾਉਗੇ। ਆਪਦੇ ਵਿਨਾਸ਼ ਦੇ ਲਈ ਬਲਵਾਨ ਆਦਿ ਘੁੰਮ ਰਹੇ ਹਨ। ਮੈਂ ਕਿਹਾ ਕਿ ਅਸੀਂ ਪੂਰਣ ਪ੍ਰਮਾਤਮਾ ਦੀ ਪੂਜਾ ਕਰਦੇ ਹਾਂ, ਬਲਵਾਨ ਮੇਰੇ ਪਤੀ ਦਾ ਵੱਡਾ ਭਰਾ ਹੈ। ਸਾਡਾ ਜਾਨੀ ਦੁਸ਼ਮਣ ਬਣਿਆ ਹੋਇਆ ਹੈ।

ਅਸੀਂ ਅੱਜ ਇੰਨੇ ਖੁਸ਼ਨਸੀਬ ਹਾਂ ਕਿ ਸਾਡੇ ਦਿਲ ਵਿੱਚ ਕਿਸੇ ਵਸਤੂ ਜਾ ਕੰਮ ਦੀ ਜਰੂਰਤ ਹੁੰਦੀ ਹੈ ਉਸਨੂੰ ਸਤਿਗੁਰੂਦੇਵ, ਸਤਿ ਕਬੀਰ ਸਾਹਿਬ ਪੂਰਣ ਕਰ ਦਿੰਦੇ ਹਨ। ਅੱਜ ਗੁਰੂ ਗੋਵਿੰਦ ਦੋਨੋਂ ਖੜੇ, ਹਮ ਕਿਸਕੇ ਲਾਗੇ ਪਾਂਯ। ਹਮ ਵੀਲਹਾਰੀ ਸਤਿਗੁਰੂਦੇਵ ਰਾਮਪਾਲ ਜੀ ਦੇ ਸ਼ਰਨਾਂ ਮੇਂ ਜਿਨ੍ਹਾਂ ਪ੍ਰਮੇਸ਼ਵਰ ਦੀਆ ਮਿਲਾਏ।

ਹੇ ਭਾਈਓ ਅਤੇ ਭੈਣੋ! ਸਾਡਾ ਸਾਰਾ ਪਰਿਵਾਰ ਮਿਲਕੇ ਆਪਨੂੰ ਇਹ ਸੰਦੇਸ਼ ਦਿੰਦੇ ਹਾਂ ਕਿ ਜੇ ਆਪਨੂੰ ਸਤਲੋਕ ਦਾ ਮਾਰਗ, ਪੂਰਣ ਮੋਕਸ਼ ਤੇ ਸਰਵ ਸੁੱਖ ਪ੍ਰਾਪਤ ਕਰਨ ਹੋਵੇ ਅਤੇ ਸੰਸਾਰਿਕ ਦੁੱਖਾਂ ਤੋਂ ਛੁਟਕਾਰਾ ਪਾਣਾ ਹੋਵੇ ਤਾਂ ਬੰਦੀਛੋੜ ਸੰਤ ਰਾਮਪਾਲ ਜੀ ਮਹਾਰਾਜ ਤੋਂ ਸਤਿਨਾਮ ਪ੍ਰਾਪਤ ਕਰ ਲੈਣਾ ਅਤੇ ਆਪਣਾ ਅਨਮੋਲ ਮਨੁੱਖ ਜਨਮ ਸਫਲ ਕਰ ਲੈਣਾ।

॥ ਸਤਿ ਸਾਹਿਬ ॥
ਭਗਤਮਤੀ ਅਪਲੇਸ਼ ਦੇਵੀ

# "ਭਗਤ ਸਤੀਸ਼ ਦੀ ਆਤਮਕਥਾ"

ਮੈਂ ਭਗਤ ਸਤੀਸ਼ ਦਾਸ 193 ਸੈਕਟਰ 7, ਆਰ.ਕੇ.ਪੁਰਮ, ਨਵੀਂ ਦਿੱਲੀ ਦਾ ਰਹਿਣ ਵਾਲਾ ਹਾਂ।ਉਪਰੋਕਤ ਪੰਕਤੀਆਂ ਸਾਡੇ ਜੀਵਨ ਵਿੱਚ ਚਰਿੱਤਰ ਅਰਥ ਹੁੰਦੀਆਂ ਹਨ। ਕਿਉਂਕਿ ਸਤਿਗੁਰੂ ਬੰਦੀਛੋੜ ਰਾਮਪਾਲ ਜੀ ਮਹਾਰਾਜ ਦਾ ਦਸੰਬਰ ਸੰਨ 1997 ਵਿੱਚ ਪ੍ਰੀਤਮਪੁਰਾ ਦਿੱਲੀ ਵਿੱਚ ਸਤਿਸੰਗ ਹੋਇਆ ਸੀ ਤਾਂ ਅਸੀਂ ਆਪਣੇ ਇੱਕ ਦੋਸਤ ਦੇ ਕਹਿਣ ਉੱਤੇ ਸਤਿਸੰਗ ਸੁਣਨ ਗਏ, ਪ੍ਰੰਤੂ ਪ੍ਰੰਪਰਿਕ ਪੂਜਾਵਾਂ ਛੱਡਣ ਦੀ ਗੱਲ ਸੁਣਨ ਦੇ ਬਾਅਦ ਸਤਿਸੰਗ ਵਿੱਚ ਦਿਲ ਨਹੀਂ ਲੱਗਿਆ।ਸਤਿਗੁਰੂ ਜੀ ਸ਼ਾਸ਼ਤਰਾਂ ਵਿੱਚੋਂ ਪੜ੍ਹ-2 ਸਾਨੂੰ ਸਮਝਾ ਰਹੇ ਸਨ ਤਾਂ ਮੇਰੇ ਮਨ ਵਿੱਚ ਆਇਆ ਕਿ ਕਿਤਾਬਾਂ ਤਾਂ ਅਸੀਂ ਘਰ ਵਿੱਚ ਵੀ ਪੜ੍ਹ ਸਕਦੇ ਹਾਂ। ਇਸ ਪ੍ਰਕਾਰ ਜੋਤੀ ਨਿਰੰਜਨ (ਕਾਲ) ਨੇ ਸਾਡੀ ਬੁੱਧੀ ਸਥਿਰ ਕਰ ਦਿੱਤੀ ਅਤੇ ਸਾਡਾ ਭਗਤੀ ਵਾਲਾ ਚੈਂਨਲ ਬੰਦ ਕਰ ਦਿੱਤਾ। ਸਤਿਗੁਰੂ ਸਾਨੂੰ ਸਮਝਾਉਂਦੇ ਹਨ ਕਿ :

ਗੁਰੂ ਬਿਨ ਕਿੰਨੇਂ ਨਾ ਪਾਇਆ ਗਿਆਨਾ, ਜਿਉਂ ਥੋਥਾ ਭੁਸ ਛੜੇ ਕਿਸਾਨਾ।
ਗੁਰੂ ਬਿਨ ਭਰਮ ਨਾ ਛੂਟੇ ਭਾਈ, ਕੋਟਿ ਉਪਾਏ ਕਰੋ ਚਤੁਰਾਈ॥

ਇਸ ਪ੍ਰਕਾਰ ਸਾਡੀ ਬੁੱਧੀ ਸਥਿਰ ਹੋਣ ਦੀ ਵਜ੍ਹਾ ਨਾਲ ਅਸੀਂ ਇੱਧਰ-ਉੱਧਰ ਦੀਆਂ ਗੱਲਾਂ ਕਰਦੇ ਹੋਏ ਵਾਪਸ ਆ ਗਏ। ਸੰਨ 1999 ਵਿੱਚ ਮੇਰੀ ਪਤਨੀ ਸ੍ਰੀਮਤੀ ਮੰਜੂ ਨੂੰ ਬ੍ਰੇਨ ਟਿਊਮਰ (ਦਿਮਾਗੀ ਕੈਂਸਰ) ਹੋ ਗਿਆ, ਜਿਸਦਾ ਸਾਨੂੰ ਸਫਦਰਗੰਜ ਹਸਪਤਾਲ ਵਿੱਚ ਨਿਰੀਖਣ ਅਤੇ ਇਲਾਜ ਦੇ ਸਮੇਂ ਪਤਾ ਚੱਲਿਆ। ਇਸਦੇ ਬਾਅਦ ਮੈਂ ਉਸਨੂੰ ਪੰਤ ਹਸਪਤਾਲ ਅਤੇ **A.I.I.M.S.** ਨਵੀਂ ਦਿੱਲੀ ਅਤੇ ਉਸਤੋਂ ਬਾਅਦ ਅਪੋਲੋ ਹਾਸਪਿੱਟਲ ਨਵੀਂ ਦਿੱਲੀ ਵਿੱਚ ਵੀ ਡਾਕਟਰ ਨੂੰ ਦਿਖਾਇਆ। ਸਭ ਡਾਕਟਰਾਂ ਨੇ ਤੁਰੰਤ ਅਪ੍ਰੇਸ਼ਨ ਦੀ ਸਲਾਹ ਦਿੰਦੇ ਹੋਏ ਕਿਹਾ ਕਿ ਆਪ੍ਰੇਸ਼ਨ ਦੇ ਦੌਰਾਨ ਇਸਦੇ ਇੱਕ ਹੱਥ ਵਿੱਚ ਪੈਰਾਲਾਈਸਿਸ ਹੋ ਸਕਦਾ ਹੈ। ਅਪੋਲੋ ਹਾਸਪਿੱਟਲ

ਦੇ ਡਾਕਟਰਾਂ ਨੇ ਤਾਂ ਰਿਪੋਰਟ ਦੇਖਣ ਦੇ ਬਾਅਦ ਇੱਥੋਂ ਤੱਕ ਕਿਹਾ ਕਿ ਇਸਦੀਆਂ ਦੋਨੋਂ ਅੱਖਾਂ ਹੁਣ ਤੱਕ ਠੀਕ ਕਿਵੇਂ ਹਨ? ਅਤੇ ਉਸੀ ਸਮੇਂ ਆਈ ਸਪੈਸ਼ਲਿਸ਼ਟ ਤੋਂ ਟੈਸਟ ਕਰਵਾਉਣ ਲਈ ਕਿਹਾ। ਮੈਂ ਤਦ ਹੀ ਚੈੱਕ ਕਰਵਾਈ। ਤਦ ਆਈ ਸਪੈਸ਼ਲਿਸ਼ਟ ਅਤੇ ਨਿਊਰੋ ਸਰਜ਼ਨ ਨੇ ਸਲਾਹ ਦਿੱਤੀ ਕਿ ਹਰ 15 ਦਿਨਾਂ ਬਾਅਦ ਇਸਦੀਆਂ ਅੱਖਾਂ ਦੀ ਜਾਂਚ ਕਰਵਾਉਂਦੇ ਰਹਿਣਾ, ਕਦੇ ਵੀ ਖਤਮ ਹੋ ਸਕਦੀਆਂ ਹਨ, ਕਿਉਂਕਿ ਬ੍ਰੇਨ ਟਿਊਮਰ ਏਸੀ ਜਗ੍ਹਾ ਤੇ ਹੈ। ਮੇਰੀ ਪਤਨੀ ਅਤੇ ਮੈਂ ਦੋਨੋਂ ਹੀ ਪੈਰਾਂ ਤੋਂ ਵਿਕਲਾਂਗ ਹਾਂ ਅਤੇ ਹੱਥ ਅਤੇ ਅੱਖਾਂ ਖ਼ਤਮ ਹੋਣ ਦੀ ਗੱਲ ਸੁਣਕੇ ਸਾਂਹ ਉਪੱਰ ਦਾ ਉਪੱਰ ਅਤੇ ਨੀਚੇ ਦਾ ਨੀਚੇ ਰਹਿ ਗਿਆ, ਪਰ ਕੋਈ ਰਾਸਤਾ ਨਾ ਪਾਕੇ ਅੰਤ ਵਿੱਚ ਪੰਤ ਹਸਪਤਾਲ ਨਵੀਂ ਦਿੱਲੀ ਵਿੱਚ ਆਪ੍ਰੇਸ਼ਨ ਕਰਵਾਉਣ ਦੀ ਸੋਚੀ ਅਤੇ ਡਾਕਟਰ ਦੇ ਕਹਿਣ ਤੇ **INMAS** ਹਸਪਤਾਲ ਤਿਮਾਰਪੁਰ ਦਿੱਲੀ ਤੋਂ **M.R.I** ਕਰਵਾ ਲਈ ਹੋਰ ਸਾਰੇ ਟੈਸਟ ਵੀ ਕਰਵਾ ਲਏ। ਸਿਰਫ ਆਪ੍ਰੇਸ਼ਨ ਦੀ ਤਾਰੀਖ ਲੈਣੀ ਸੀ। ਸਾਨੂੰ ਪੂਰਨ ਪ੍ਰਮਾਤਮਾ ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਦੇ ਪਹਿਲੇ ਸੁਣੇ
ਸਤਿਸੰਗ ਦੀਆ ਇਹ ਪੰਕਤੀਆਂ ਯਾਦ ਆਈਆਂ :-

ਜਿਨ ਮਿਲਤੇ ਸੁਖ ਉਪਜੈ, ਮਿਟੈਂ ਕੋਟਿ ਉਪਾਧ।
ਭੁਵਨ ਚਤੁਰਦਸ਼ ਢੂਢੀਓ, ਪਰਮ ਸਨੇਹੀ ਸਾਧ॥

ਅਤੇ ਸਾਡਾ ਭਗਤੀ ਚੈਂਨਲ ਪ੍ਰਮੇਸ਼ਵਰ ਨੇ ਆਨ ਕਰ ਦਿੱਤਾ ਅਤੇ ਮਨ ਵਿੱਚ ਭਾਵਨਾ ਉਤਪੰਨ ਹੋਈ ਕਿ ਅਪ੍ਰੇਸ਼ਨ ਤੋਂ ਪਹਿਲਾ ਨਾਮ ਲੈਕੇ ਦੇਖ ਲੈਂਦੇ ਹਾਂ। ਫਿਰ ਮੈਂ ਆਪਣੇ ਦੋਸਤ ਦੇ ਨਾਲ ਪ੍ਰੀਤਮਪੁਰਾ ਦਿੱਲੀ ਵਿੱਚ ਜਾ ਕੇ 4 ਫਰਵਰੀ 2001 ਨੂੰ ਪੂਰਨ ਪ੍ਰਮਾਤਮਾ ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮਦਾਨ ਲੈ ਲਿਆ। ਪਹਿਲਾਂ ਵਾਲੀਆਂ ਸਭ ਪੂਜਾ ਛੱਡ ਦਿੱਤੀਆਂ। ਸਤਿਗੁਰੂ ਜੀ ਨੇ ਆਖੰਡ ਪਾਠ ਕਰਵਾਉਣ ਦੀ ਸਲਾਹ ਦਿੰਦੇ ਹੋਏ ਕਿਹਾ ਪ੍ਰਮਾਤਮਾ ਨੇ ਚਾਹਿਆ ਤਾਂ ਆਪ੍ਰੇਸ਼ਨ ਟਲ ਜਾਵੇਗਾ ਅਤੇ ਸਭ ਕੁਝ ਠੀਕ ਹੋ ਜਾਵੇਗਾ। ਅਸੀਂ ਸਤਿਗੁਰੂ ਦੀ ਆਗਿਆ ਅਨੁਸਾਰ ਘਰ ਤਿੰਨ ਦਿਨ ਦਾ ਆਖੰਡ ਪਾਠ ਕਰਾਇਆ ਅਤੇ ਉਸਦੇ ਬਾਅਦ ਡਾਕਟਰ ਤੋਂ ਆਪ੍ਰੇਸ਼ਨ ਦੀ ਤਾਰੀਖ ਲੈਣ ਪੰਤ ਹਸਪਤਾਲ ਨਵੀਂ ਦਿੱਲੀ ਗਏ । ਜੋ ਡਾਕਟਰ ਪਹਿਲਾਂ ਆਪ੍ਰੇਸ਼ਨ ਦੀ ਸਲਾਹ ਦੇ ਰਹੇ ਸਨ, ਉਹੀ ਡਾਕਟਰ ਦੂਸਰੇ ਐਮ.ਆਰ.ਆਈ ਦੇਖਕੇ ਕਹਿਣ ਲੱਗਾ ਕਿ ਹੁਣ ਆਪ੍ਰੇਸ਼ਨ ਦੀ ਕੋਈ ਜਰੂਰਤ ਨਹੀਂ ਹੈ। ਤਦ ਸਤਿਗੁਰੂ ਦੀ ਬਾਣੀ ਯਾਦ ਆਈ ਕਿ:

ਸਤਿਗੁਰੂ ਦਾਤਾ ਹੈ ਕਲਿ ਮਾਂਹਿ, ਪ੍ਰਾਣ ਉਧਾਰਨ ਉਤਰੇ ਸਾਂਈ।
ਸਤਿਗੁਰੂ ਦਾਤਾ ਦੀਨ ਦਿਆਲ, ਜਮ ਕਿੰਕਰ ਕੇ ਤੋੜੇ ਜਾਲੰ॥

ਅਤੇ ਅਸੀਂ ਸਤਿਗੁਰੂ ਨੂੰ ਯਾਦ ਕਰਕੇ ਫੁੱਟ-ਫੁੱਟ ਰੋਣ ਲੱਗੇ ਕਿ ਹੇ ਪ੍ਰਮੇਸ਼ਵਰ ਆਪਦੀ ਮਹਿਮਾ ਨੂੰ ਕਿਹੜੇ ਸ਼ਬਦਾਂ ਵਿੱਚ ਵਿਆਖਿਆ ਕਰੀਏ । ਇਸ ਪ੍ਰਕਾਰ ਪੂਰਣ ਪ੍ਰਮੇਸ਼ਵਰ ਕਬੀਰ ਸਾਹਿਬ ਦੇ ਅਵਤਾਰ ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਦੀ ਕ੍ਰਿਪਾ ਨਾਲ ਸਾਡਾ ਆਪ੍ਰੇਸ਼ਨ ਟਲ ਗਿਆ ਅਤੇ ਉਸਤੋਂ ਬਾਅਦ ਅਸੀਂ ਇੱਕ ਪੈਸੇ ਦੀ ਗੋਲੀ ਦਵਾਈ ਵੀ ਨਹੀਂ ਖਾਧੀ ਹੈ ਅਤੇ ਸ਼ੁੱਖਮਈ ਜੀਵਨ ਜੀਅ ਰਿਹੇ ਹਾਂ।

20 ਨਵੰਬਰ 2004 ਦੀ ਰਾਤ ਨੂੰ ਕਾਲ ਦੇ ਝਪੱਟੇ ਦੇ ਕਾਰਨ ਮੇਰੀ ਪਤਨੀ ਮ੍ਰਿਤਕ ਸਮਾਨ ਹੋ ਗਈ ਸੀ, ਪ੍ਰਮੇਸ਼ਵਰ ਦਾ ਅੰਮ੍ਰਿਤ ਜਲ ਪਿਲਾਉਣ ਦੇ ਬਾਅਦ ਹੋਸ਼ ਆਇਆ। ਫਿਰ ਅਸੀਂ ਉਸਨੂੰ ਸਤਿਗੁਰੂ ਜੀ ਦੇ ਕੋਲ ਲੈਕੇ ਆਏ ਤਾਂ ਸਤਿਗੁਰੂ ਜੀ ਨੇ ਦੱਸਿਆ ਅੱਜ ਇਨ੍ਹਾਂ ਦੀ ਮ੍ਰਿਤੂ ਹੋਣੀ ਸੀ। ਕਬੀਰ ਪ੍ਰਮੇਸ਼ਵਰ ਨੇ ਇਨ੍ਹਾਂ ਦੀ ਉਮਰ ਵਧਾ ਦਿੱਤੀ ਹੈ ਅਤੇ ਹੁਣ ਇਸਨੂੰ ਭਗਤੀ ਕਰਨੀ ਹੈ।

ਫਿਰ 22 ਨਵੰਬਰ 2004 ਨੂੰ ਮੇਰੀ ਪਤਨੀ ਨੂੰ ਸੋਨੀਪੱਤ ਸਤਿਸੰਗ ਵਿੱਚ ਹੀ ਲਕਵੇ (ਪੈਰਾਲਾਈਸਿਸ) ਦਾ ਅਟੈਕ ਹੋਇਆ ਅਤੇ ਉਸਦੀ ਵਜ੍ਹਾ ਨਾਲ ਉਸਦੇ ਹੱਥ ਦੀ ਤਾਕਤ ਖ਼ਤਮ ਹੋਣ ਲੱਗੀ ਅਤੇ ਉਸੀ ਸਮੇਂ ਸਤਿਗੁਰੂ ਜੀ ਦਾ ਹੱਥ ਆਪਣੇ ਹੱਥ ਵਿੱਚ ਦਿਖਾਈ ਦੇਣ ਲੱਗਾ ਅਤੇ ਲਗਭਗ 5 ਮਿੰਟ ਤੱਕ ਦਿਖਾਈ ਦਿੰਦਾ ਰਿਹਾ। ਜਦ ਲਕਵੇ (ਪੈਰਾਲਾਈਸਿਸ) ਦਾ ਅਸਰ ਸਮਾਪਤ ਹੋ ਗਿਆ ਤਦ ਸਤਿਗੁਰੂ ਜੀ ਦਾ ਹੱਥ ਵੀ ਅਦ੍ਰਿਸ਼ ਹੋ ਗਿਆ ਅਤੇ ਅੱਜ ਤੱਕ ਉਹ ਬਿੱਲਕੁਲ ਠੀਕ ਹੈ।

ਸਤਿਗੁਰੂ ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਜੋ ਕਬੀਰ ਪ੍ਰਮੇਸ਼ਵਰ ਦੇ ਜਿਉਂ ਦੇ ਤਿਉਂ ਅਵਤਾਰ ਆਏ ਹਨ ਨੇ ਸਾਨੂੰ ਸਿੱਧ ਕਰ ਦਿੱਤਾ ਕਿ

ਗਰੀਬ ਜਮ ਜੋਰਾ ਜਾਸੇ ਡਰੋਂ, ਮਿਟੇ ਕਰਮ ਕੇ ਅੰਕ।
ਕਾਗਜ ਕੀਰੇਂ ਦਰਗਹ ਦਈਂ, ਚੌਦਹ ਕੋਟਿ ਨਾ ਚੰਪ॥

ਸਤੀਸ਼ ਕੁਮਾਰ ਮਹਿਰਾ,
**RLF**-907/17,ਰਾਜ ਟਗਰ-॥,ਪਾਲਮ ਕਲੋਨੀ,
ਨਵੀ ਦਿੱਲੀ। ਮੋ.09718184704

## "ਭਗਤ ਬਹੀਦ ਖਾਂ ਦੀ ਆਮਤਕਥਾ"

ਬੰਦੀਛੋੜ ਕਬੀਰ ਸਾਹਿਬ ਕੀ ਜੈ

ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਸ਼ਰਨਾਂ ਵਿੱਚ ਕੋਟਿ-ਕੋਟਿ ਦੰਡਵਤ ਪ੍ਰਣਾਮ, ਮੈਂ ਬਹੀਦ ਖਾਂ ਪੁੱਤਰ ਮੁਨਸ਼ੀ ਖਾਂ ਪਿੰਡ ਤੇ ਤਹਿ. ਮੇਹਗਾਂਵ ਜ਼ਿਲ੍ਹਾ ਭਿੰਡ (ਮੱਧਪ੍ਰਦੇਸ਼) ਦਾ ਰਹਿਣ ਵਾਲਾ ਹਾਂ। ਮੈਂ 3 ਸਾਲ ਤੋਂ ਸਖਤ ਬਿਮਾਰ ਸੀ। ਮੇਰੀ ਦੋਨੋਂ ਕਿਡਨੀਆਂ ਖਰਾਬ ਸੀ। ਮੈਂ 2 ਸਾਲ ਗਵਾਲੀਅਰ ਵਿੱਚ ਵੱਡੇ-ਵੱਡੇ **M.B.B.S.** ਡਾਕਟਰਾਂ ਤੋਂ ਇਲਾਜ ਕਰਵਾਇਆ ਪ੍ਰੰਤੂ ਕੋਈ ਰਾਹਤ ਨਹੀਂ ਮਿਲੀ। ਉਸਦੇ ਬਾਅਦ ਗਵਾਲੀਅਰ ਦੇ ਡਾਕਟਰਾਂ ਨੇ ਮੈਨੂੰ ਦਿੱਲੀ **A.I.M.S.** (ਆਲ ਇੰਡੀਆ ਮੈਡੀਕਲ) ਦੇ ਲਈ ਰੈਫ਼ਰ ਕਰ ਦਿੱਤਾ। ਉੱਥੇ ਡਾਕਟਰਾਂ ਨੇ ਸਭ ਜਾਂਚ ਦੇ ਬਾਅਦ ਦੱਸਿਆ ਕਿ 3 ਬੋਤਲ ਖੂਨ ਚਾਹੀਦਾ ਹੈ ਪਹਿਲਾਂ ਆਪ ਜੀ ਦਾ ਖੂਨ ਫ਼ਿਲਟਰ ਹੋਵੇਗਾ ਫ਼ਿਰ ਆਪਦੇ ਪਰਿਵਾਰ ਦੇ ਕਿਸੀ ਮੈਂਬਰ ਦੀ ਕਿਡਨੀ ਕੱਢਕੇ ਆਪਨੂੰ ਅਪ੍ਰੇਸ਼ਨ ਦੁਆਰਾ ਲਗਾਈ ਜਾਵੇਗੀ ਅਪ੍ਰੇਸ਼ਨ ਦਾ ਖਰਚ 4 ਲੱਖ ਲੱਗੇਗਾ। ਮੈਂ ਰੁ: ਦੇਣ ਵਿੱਚ ਅਸਮਰੱਥ ਸੀ। ਇਸ ਲਈ ਦਿੱਲੀ ਤੋਂ ਆਪਣੇ ਘਰ ਵਾਪਿਸ ਆ ਗਿਆ ਅਤੇ ਅਸਹਾਇ ਹੋਕੇ ਮੌਤ ਦਾ ਇੰਤਜ਼ਾਰ ਕਰਨ ਲੱਗਾ। ਕਿਉਂਕਿ ਖਾਣੇ-ਪੀਣੇ, ਚਲਣ-ਫਿਰਣ ਅਤੇ ਉੱਠਣ-ਬੈਠਣ ਵਿੱਚ ਅਸਮਰੱਥ ਹੋ ਚੁੱਕਾ ਸੀ।

ਫ਼ਿਰ ਕਿਸੇ ਵਿਅਕਤੀ ਦੁਆਰਾ ਪਤਾ ਚੱਲਿਆ ਕਿ ਹਰਿਆਣਾ ਵਿੱਚ ਬਰਵਾਲਾ ਜ਼ਿਲਾ-ਹਿਸਾਰ ਦੇ ਅੰਦਰ ਪ੍ਰਮਾਤਮਾ ਆਏ ਹੋਏ ਹਨ। ਜੋ ਅਸਾਧਯ ਰੋਗਾਂ ਨੂੰ ਪ੍ਰਮਾਤਮਾ ਦੀ ਭਗਤੀ ਨਾਲ ਠੀਕ ਕਰਦੇ ਹਨ। ਇਹ ਸੁਣਕੇ 24-7-09 ਨੂੰ ਆਪ ਜੀ ਦੇ ਚਰਨਾਂ ਵਿੱਚ ਪਹੁੰਚਕੇ ਨਾਮ-ਦਾਨ ਲੈ ਲਿਆ। ਨਾਮ ਦਾਨ ਲੈਣ ਦੇ ਬਾਅਦ ਮੈਨੂੰ ਅਰਾਮ ਹੋਣਾ ਸ਼ੁਰੂ ਹੋ ਗਿਆ ਅਤੇ ਹੋਲੀ-ਹੋਲੀ ਇੱਕ ਮਹੀਨਾ ਵੀ ਨਹੀਂ ਲੱਗਿਆ। ਮੈਂ ਆਪਦੀ ਕ੍ਰਿਪਾ ਨਾਲ ਬਿਲਕੁਲ ਠੀਕ ਹੋ ਗਿਆ। ਮੇਰੇ ਸਤਿਗੁਰੂ! ਪ੍ਰਮਾਣ ਦੇ ਲਈ ਮੇਰੀ ਬਿਮਾਰੀ ਦੇ ਸਭ ਟੈਸਟ ਅਤੇ ਕਾਗਜਾਤ ਮੇਰੇ

ਕੋਲ ਮੌਜੂਦ ਹਨ। ਹੇ ਪਰਮ ਪਿਤਾ ਪ੍ਰਮੇਸ਼ਵਰ ਆਪਣੇ ਜੋ ਜੀਵਨ ਮੈਨੂੰ ਦਿੱਤਾ ਉਸਦਾ ਅਹਿਸਾਨ ਮੈਂ ਕਦੀ ਨਹੀਂ ਉਤਾਰ ਪਾਉਂਗਾ। ਮੇਰੇ ਸਤਿਗੁਰੂ "ਆਪਣੇ ਦਾਸ ਉੱਤੇ ਕਿਪਾ ਕਰਕੇ ਐਸੇ ਹੀ ਆਪਣੇ ਸ਼ਰਨਾਂ ਵਿੱਚ ਲਗਾਏ ਰੱਖਣਾ।

॥ਸਤ ਸਾਹਿਬ॥

ਆਪ ਜੀ ਦਾ ਦਾਸ
ਭਗਤ ਬਹੀਦ ਖਾਂ ਪੁੱਤਰ ਮੁਨਸ਼ੀ ਖਾਂ
ਤਹਿਸੀਲ, ਪਿੰਡ ਅਤੇ ਡਾਕਖਾਨਾ-ਮੇਹਗਾਂਵ,
ਜ਼ਿਲਾ - ਭਿੰਡ (ਮੱਧਪ੍ਰਦੇਸ਼)
ਫ਼ੋਨ ਨੰ. 09826335154

## "ਭਗਤਮਤੀ ਤਾਰਾ ਕੱਟਾ ਉੱਤੇ ਅਸੀਮ ਕ੍ਰਿਪਾ ਹੋਈਂ"

ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਸ਼ਰਣਾਂ ਵਿੱਚ ਕੋਟਿ-2 ਦੰਡਵਤ ਪ੍ਰਣਾਮ ਮੈਂ ਤਾਰਾ ਕੱਟਾ ਜੈਪੁਰ ਨਿਵਾਸੀ, ਸੰਸਕ੍ਰਿਤ ਵਿੱਚ ਐਮ. ਏ. ਹਾਂ। ਰਾਜਸਥਾਨ ਯੂਨੀਵਰਸਿਟੀ ਤੋਂ ਬੀ.ਏ ਅਤੇ ਸੰਸਕ੍ਰਿਤ ਵਿੱਚ ਸੋਨ ਪਦਕ ਪ੍ਰਾਪਤ ਹੈ। ਮੈਂ ਛੇ ਲੇਖਕਾਂ ਦੀ ਗੀਤਾ, ਉਪਨਿਸ਼ਦ, ਪੁਰਾਣ ਅਤੇ ਸਾਰੇ ਦਰਸ਼ਨ ਸ਼ਾਸਤਰ ਤੇ ਸਭ ਗੁਰੂਆਂ ਦੇ ਪ੍ਰਵਚਨ ਸੁਣੇ ਪ੍ਰੰਤੂ ਸੰਤੁਸ਼ਟੀ ਨਹੀਂ ਹੋਈ। ਇੱਕ ਵਾਰ ਜੈਪੁਰ ਵਿੱਚ ਭਾਸਕਰ ਭਗਤੀ ਚੈਂਨਲ'ਤੇ ਸਤਿਗੁਰੂ ਰਾਮਪਾਲ ਜੀ ਮਹਾਰਾਜ ਦਾ ਪ੍ਰੋਗਰਾਮ ਦੇਖਿਆ ਅਤੇ ਅਤੇ 30 ਨਵੰਬਰ 2003 ਵਿੱਚ ਨਾਮ ਉਪਦੇਸ਼ ਲਿਆ। ਉਸ ਸਮੇਂ ਵਿੱਚ ਬਹੁਤ ਬਿਮਾਰੀਆਂ ਤੋਂ ਪ੍ਰੇਸ਼ਾਨ ਸੀ। ਮਈ 1991 ਵਿੱਚ ਮੈਨੂੰ ਬਾਯੋਪਸੀ ਟੈਸਟ ਦੇ ਮਾਧਿਅਮ ਤੋਂ ਪਤਾ ਚੱਲਿਆ ਕਿ ਮੈਨੂੰ ਅਲਸਰੇਟਿਵ ਕੋਲਾਈਟਿਸ **(Ulceraitve coilits)** ਨਾਮਕ ਬਿਮਾਰੀ ਦੱਸੀ। ਇਸ ਵਿੱਚ ਵੱਡੀ ਆਂਤ ਵਿੱਚ ਛਾਲੇ ਹੋ ਜਾਂਦੇ ਹਨ ਅਤੇ ਲੈਟਰੀਨ ਵਿੱਚ ਖੂਨ ਆਉਂਦਾ ਹੈ ਅਤੇ ਇਸ ਬਾਰੇ ਵਿੱਚ ਡਾਕਟਰ ਨੇ ਦੱਸਿਆ ਕਿ ਇਸਦਾ ਕਿਤੇ ਵੀ ਇਲਾਜ ਨਹੀਂ ਹੈ। ਮੈਨੂੰ 3-6-2002 ਵਿੱਚ ਆਂਤ ਵਿੱਚ ਅਲਸਰ 75**cm** ਤੱਕ ਵੱਧ ਗਏ ਸਨ। 10-4-08 ਵਿੱਚ ਗੁਰੂ ਜੀ ਦੇ ਕਹਿਣ ਉੱਤੇ ਮੈਂ ਦਵਾਈ ਬੰਦ ਕਰ ਦਿੱਤੀ। ਇਸ ਵਿੱਚ 4 ਟੈਬਲੈਟ ਤਾਂ ਅਜਿਹੀਆ ਸੀ ਜਿੰਨਾਂ ਦੇ ਬਾਰੇ ਵਿੱਚ ਡਾ. ਨੇ ਕਿਹਾ ਸੀ ਕਿ ਜੇਕਰ ਜੀਵਤ ਰਹਿਣਾ ਹੈ ਤਾਂ ਪੂਰੀ ਜਿੰਦਗੀ ਖਾਣੀ ਪਵੇਗੀ। 23-4-04 ਵਿੱਚ ਮੇਰੇ **lungs** (ਫ਼ੇਫ਼ੜਿਆਂ) ਵਿੱਚ **Infeciton** ਹੋ ਗਿਆ। ਜਦ ਮੈਂ ਡਾ. ਦੇ ਕੋਲ ਇਲਾਜ ਦੇ ਲਈ ਗਈ ਤਾਂ ਡਾ. ਨੇ ਮੇਰੇ ਐਕਸ-ਰੇ ਦੇਖਕੇ ਕਿਹਾ ਕਿ ਆਪ ਐਸੀ ਬਿਮਾਰੀ ਨਾਲ ਗ੍ਰਸਤ ਹੋ ਜਿਸ ਵਿੱਚ ਆਪਨੂੰ ਬੁਖਾਰ ਹੋਣਾ ਚਾਹੀਦਾ ਹੈ, ਵਜ਼ਨ ਘੱਟ ਹੋਣਾ ਚਾਹੀਦਾ ਹੈ ਅਤੇ ਖ਼ੂਨ ਦੀ ਕਮੀ ਹੋਣੀ ਚਾਹੀਦੀ ਹੈ। ਪਰ ਆਪ ਬਿਲਕੁਲ ਸਵੱਸਥ ਹੋ, ਮੈਂ ਕਿਹਾ ਇਹ ਮੇਰੇ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਕ੍ਰਿਪਾ ਹੈ ਕਰਮ ਦੀ ਮਾਰ ਤਾਂ ਮੇਰੇ ਉੱਤੇ ਆਉਣਾ ਚਾਹੁੰਦੀ ਹੈ। ਪਰ ਮੇਰੇ ਗੁਰੂਦੇਵ ਕਰਮ ਦੀ ਉਸ ਮਾਰ ਨੂੰ ਮੇਰੇ ਉੱਤੇ ਪ੍ਰਭਾਵੀ ਨਹੀਂ ਹੋਣ ਦੇ ਰਹੇ। ਇਸੀ ਪ੍ਰਕਾਰ ਆਪਣੇ ਭਗਤ ਦੀ ਪ੍ਰਮਾਤਮਾ ਰੱਖਿਆ ਕਰਦੇ ਹਨ। ਇਸ ਤੋਂ ਡਾ. ਕਾਫੀ ਪ੍ਰਭਾਵਿਤ ਹੋਇਆ। ਇੱਕ ਵਾਰ ਜਨਵਰੀ/09 ਵਿੱਚ ਪ੍ਰਚਾਰ ਦੇ ਲਈ ਜਾਣਾ ਸੀ। ਰਾਤ ਭਰ ਖ਼ੂਨ ਦੀ ਪਿਚਕਾਰੀ ਚੱਲੀ ਸਵੇਰੇ ਸੋਚਿਆ ਮਰਨਾ ਤਾਂ ਹੈ ਹੀ ਪ੍ਰਚਾਰ ਕਰਦੇ-2 ਮਰ ਜਾਵਾਂ। ਤੀਸਰੇ ਦਿਨ ਬਿਨਾਂ ਦਵਾ ਦੇ ਠੀਕ ਹੋ ਗਈ। ਡਾ. ਨੇ ਇੱਕ ਵਾਰ ਬੋਲਿਆ ਕਿ ਕੋਰਟਿਸੂਨ ਸਟੀਰਾਈਡ **(Coritsoon Sitriod)** ਸਰੀਰ ਨੂੰ ਚਲਾਉਣ ਦੇ ਲਈ ਰੋਜ਼ ਲੈਣੀ

ਪਵੇਗੀ।ਪਰ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਕਹਿਣ ਉੱਤੇ ਮੈਂ ਸਾਰੀ ਦਵਾਈ ਛੱਡ ਦਿੱਤੀ। ਮੈਂ ਇੱਕ ਵੀ ਦਵਾਈ ਨਹੀਂ ਖਾਦੀ ਅਤੇ ਹੁਣ ਮੈਂ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਕਿਰਪਾ ਨਾਲ ਬਿਲਕੁਲ ਸਵੱਸਥ ਹਾਂ। ਇੰਨੇ ਲੰਬੇ ਸਮੇਂ ਤੋਂ ਚੱਲ ਰਹੀ ਬਿਮਾਰੀ ਗੁਰੂ ਦੇਵ ਦੀ ਸ਼ਰਣ ਵਿੱਚ ਆਉਣ ਨਾਲ ਬਿਲਕੁਲ ਠੀਕ ਹੋ ਗਈ। ਮੇਰਾ ਕਹਿਣਾ ਹੈ ਕਿ ਐਸਾ ਸਤਿ ਗਿਆਨ ਤੇ ਸਤਿ ਭਗਤੀ ਮਾਰਗ ਪ੍ਰਿਥਵੀ ਉੱਤੇ ਹੋਰ ਕਿਤੇ ਨਹੀਂ ਹੈ। ਸਤਿਗੁਰੂ ਰਾਮਪਾਲ ਜੀ ਮਹਾਰਾਜ ਸਾਖਸ਼ਾਤ ਪੂਰਣ ਪ੍ਰਮਾਤਮਾ ਹਨ।

। ਸਤਿ ਸਾਹਿਬ ।
ਸਤਿਗੁਰੂ ਦੇ ਸ਼ਰਣਾਂ ਵਿੱਚ ਢੰਡਵਤ ਪ੍ਰਣਾਮ।
ਭਗਤਮਤੀ ਤਾਰਾ ਕੱਟਾ
ਫ਼ੋਨ ਨੰ. – 09772312335

## "ਗੁਰੂਕ੍ਰਿਪਾ ਦੀ ਮਹਿਮਾ"

ਮੈਂ ਤ੍ਰਿਲੋਕ ਦਾਸ ਬੈਰਾਗੀ ਗ੍ਰਾਮ ਠੀਮਰਖੇੜਾ ਜਿਲ੍ਹਾ– ਕਟਨੀ, ਮੱਧਪ੍ਰਦੇਸ਼ ਦਾ ਨਿਵਾਸੀ ਹਾਂ। ਮੈਂ ਮਿਤੀ 27–06–10 ਨੂੰ ਨਾਮ ਦਾਨ ਲਿਆ ਸੀ ਜਦ ਮੈਂ ਨਾਮ ਦਾਨ ਲਿਆ ਸੀ ਤਦ ਮੈਨੂੰ ਪਤਾ ਨਹੀਂ ਸੀ ਕਿ ਨਾਮ ਦਾਨ ਨਹੀਂ ਬਲਕਿ ਅੰਮ੍ਰਿਤ ਲੈ ਰਿਹਾ ਹਾਂ। ਮੇਰੀ ਗੱਲ ਆਪ ਨੂੰ ਅਤਿ ਕਥਨੀ ਲੱਗੇਗੀ। ਪਰ ਕਸਮ ਮੈਨੂੰ ਗੁਰੂਦੇਵ ਦੇ ਚਰਨਾਂ ਦੀ। ਇਸ ਵਿੱਚ ਮੈਂ ਜੋ ਵੀ ਅਨੁਭਵ ਕੀਤੇ ਹਨ ਜਾਂ ਜੋ ਵੀ ਪ੍ਰਮਾਣ ਮੇਰੇ ਸਾਹਮਣੇ ਹੋਏ, ਮੈਂ ਕਲਪਨਾ ਵੀ ਨਹੀਂ ਕੀਤੀ ਸੀ ਕਿ ਮੇਰੇ ਨਾਲ ਐਸਾ ਚਮਤਕਾਰ ਹੋਏਗਾ ਨਾਮ ਦਾਨ ਲੈਣ ਤੋਂ ਛੇ ਮਹੀਨੇ ਬਾਅਦ ਮੇਰਾ ਪੁੱਤਰ ਬਿਮਾਰ ਹੁੰਦਾ ਹੈ ਜਿਸ ਦਾ ਜਨਮ ਪੰਜ ਪੁੱਤਰੀਆਂ ਦੇ ਬਾਅਦ ਹੋਇਆ ਸੀ। ਮੈਂ ਆਪਣੇ ਪੁੱਤਰ ਦਾ ਇਲਾਜ ਲਗਾਤਾਰ ਇੱਕ ਮਹੀਨੇ ਤੱਕ ਐਮ.ਬੀ.ਬੀ.ਐਸ. ਡਾਕਟਰਾਂ ਕੋਲੋਂ ਕਰਵਾਉਂਦਾ ਰਿਹਾ ਪਰ ਇੱਕ ਮਹੀਨੇ ਤੱਕ ਪੁੱਤਰ ਠੀਕ ਨਹੀਂ ਹੋਇਆ। ਅਚਾਨਕ ਮੇਰੇ ਪੁੱਤਰ ਨੇ ਇੱਕ ਦਿਨ ਸਵੇਰੇ 09:00 ਵਜੇ ਅੱਖ ਬੰਦ ਕਰ ਲਈ, ਮਤਲਬ ਬੇਹੋਸ਼ ਹੋ ਗਿਆ। ਮੈਂ ਉਸਨੂੰ ਲੈਕੇ ਉਮਰਿਯਾਪਾਨ ਭੱਜਿਆ ਉੱਥੇ ਦੇ ਸਭ ਡਾਕਟਰਾਂ ਨੇ ਇਲਾਜ ਕਰਨ ਤੋਂ ਮਨ੍ਹਾਂ ਕਰ ਦਿੱਤਾ। ਮੈਂ ਉਸਨੂੰ ਲੈ ਕੇ ਸਿਹੋਰਾ ਗਿਆ ਸਭ ਜਗਾ ਐਮ.ਬੀ.ਬੀ.ਐਸ. ਡਾਕਟਰ ਹਨ ਮਗਰ ਪੁੱਤਰ ਦੀ ਹਾਲਤ ਦੇਖਕੇ ਸਭ ਨੇ ਇਲਾਜ ਕਰਨ ਤੋਂ ਮਨ੍ਹਾਂ ਕਰ ਦਿੱਤਾ ਮੰਨੋ ਉਹ ਦੱਸਣਾ ਚਹੁੰਦੇ ਸਨ ਕਿ ਤੇਰੇ ਪੁੱਤਰ ਦੀ ਮ੍ਰਿਤੂ ਹੋ ਚੁੱਕੀ ਹੈ ਪੁੱਤਰ ਦੀ ਉਮਰ ਸਿਰਫ ਇੱਕ ਸਾਲ ਦੀ ਸੀ ਹਿੰਮਤ ਬੰਨਕੇ ਇੱਕ ਡਾਕਟਰ ਨੇ ਕਿਹਾ ਕਿ ਜੇਕਰ ਉਸਨੂੰ ਆਕਸੀਜਨ ਮਿਲ ਜਾਏ ਤਾਂ ਸ਼ਾਇਦ ਕੁਝ ਹੋ ਸਕਦਾ ਮੈਂ ਤੁਰੰਤ ਇੱਕ ਫੌਰ ਵੀਲਰ ਰਿਜ਼ਰਵ ਕੀਤੀ ਅਤੇ ਜਬਲਪੁਰ ਦੇ ਲਈ ਭੱਜਿਆ ਜੋ ਕਿ ਬੱਚਿਆ ਦਾ ਰਿਸ਼ਰਚ ਸੈਂਟਰ ਹੈ। ਉੱਥੇ ਦੇ ਡਾਕਟਰ ਨੇ ਬੱਚੇ ਦੀ ਹਾਲਤ ਦੇਖਕੇ ਕਿਹਾ ਕਿ ਇਸ ਵਿੱਚ ਕੋਈ ਹਲਚਲ ਨਹੀਂ ਹੋ ਰਹੀ ਹੈ ਕਿਤੇ ਵੀ ਸੂਈ ਲਗਾਉਂਦਾ ਇਸਨੂੰ ਕੁਝ ਮਾਲੂਮ ਨਹੀਂ ਹੋ ਰਿਹਾ ਹੈ ਦਾਖਲ ਕਰਨਾ ਮੇਰੇ ਲਈ ਰਿਸਕ ਦੀ ਗੱਲ ਹੈ। ਮੈਂ ਕਿਹਾ ਦਾਖਲ ਕਰੋ ਅਤੇ ਦਾਖਲ ਕਰਕੇ ਇਲਾਜ ਸ਼ੁਰੂ ਕਰੋ ਬਾਕੀ ਸਭ ਪ੍ਰਮਾਤਮਾ ਉੱਤੇ ਛੱਡ ਦਿਓ ਡਾਕਟਰ ਨੇ ਕਿਹਾ ਜੇਕਰ ਇਸ ਨੂੰ ਛੇ ਘੰਟੇ ਵਿੱਚ ਹੋਸ਼ ਆ ਗਿਆ ਤਾਂ ਸ਼ਾਇਦ ਬਚ ਜਾਏ ਨਹੀਂ ਤਾਂ ਮੁਸ਼ਕਿਲ ਹੈ ਸਵੇਰੇ ਨੌਂ ਵਜੇ ਤੋਂ ਰਾਤ ਦੇ ਨੋ ਵੱਜ ਚੁੱਕੇ ਸਨ ਪ੍ਰੰਤੂ ਬਾਲਕ ਹੋਸ਼ ਵਿੱਚ ਨਹੀਂ ਆ ਰਿਹਾ ਸੀ। ਲੜਕੇ ਦੀ ਮਾਂ ਨੇ ਅਤੇ ਮੈਂ ਰੋਣਾ ਸ਼ੁਰੂ ਕਰ ਦਿੱਤਾ ਮੇਰਾ ਧਿਆਨ ਅਚਾਨਕ "ਗਿਆਨ ਗੰਗਾ" ਅਤੇ "ਭਗਤੀ ਸੌਦਾਗਰ ਕੋ ਸ਼ੰਦੇਸ਼" ਵਿੱਚ ਲਿਖੇ ਹੋਏ ਚਮਤਕਾਰਾਂ ਦੇ ਵੱਲ ਗਿਆ ਜੋ ਭਗਤਾਂ ਦੇ ਨਾਲ ਹੋਏ ਹਨ। ਮੈਂ ਆਪਣੇ ਆਪ ਨੂੰ ਸੰਭਾਲਿਆ ਅਤੇ ਆਪਣੇ ਆਪ ਨੂੰ ਗੁਰੂ ਦੇ ਸ਼ਰਨਾਂ ਵਿੱਚ ਸਮਰਪਿਤ

ਕਰ ਦਿੱਤਾ ਕਿਹਾ ਗੁਰੂ ਜੀ ਮੇਰੇ ਪੁੱਤਰ ਦੀ ਰੱਖਿਆ ਕਰੋ ਅਤੇ ਮੈਨੂੰ ਜੋ ਵਿਸ਼ਵਾਸ਼ ਸੀ ਗੁਰੂ ਦੀ ਮਹਿਮਾ ਉੱਤੇ ਉਸਦੀ ਲਾਜ ਰੱਖੋ। ਲੱਗਭਗ 12 ਵਜੇ ਜਦ ਡਾਕਟਰ ਰਾਊਂਡ ਉੱਤੇ ਆਇਆ ਤਾਂ ਕਹਿੰਦਾ ਹੈ ਕਿ ਬੱਚੇ ਦੀ ਹਾਲਤ ਵਿੱਚ ਕੀ ਸੁਧਾਰ ਹੈ ਮੈਂ ਕਿਹਾ ਜਿਵੇਂ ਸਵੇਰੇ ਸੀ ਉਸ ਤਰ੍ਹਾਂ ਹੀ ਹੁਣ ਹੈ ਡਾਕਟਰ ਨੇ ਇੰਜੈਕਸ਼ਨ ਮੰਗਵਾਇਆ ਅਤੇ ਬਾਲਕ ਦੀ ਪੱਟ ਉੱਤੇ ਇੰਜੈਕਸ਼ਨ ਲਗਾਇਆ ਇੰਜੈਕਸ਼ਨ ਲਗਦੇ ਹੀ ਬਾਲਕ ਰੋਣ ਲੱਗਾ ਜਿਵੇਂ ਉਹ ਇੰਜੈਕਸ਼ਨ ਖੁਦ ਗੁਰੂ ਜੀ ਨੇ ਲਗਾਇਆ ਹੋਵੇ ਪੂਰੇ ਹਾਲ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਡਾਕਟਰ ਨੇ ਮੇਰੇ ਸਿਰ ਉੱਤੇ ਹੱਥ ਰੱਖਕੇ ਕਿਹਾ ਹੁਣ ਤੇਰਾ ਬਾਲਕ ਹੋਸ਼ ਵਿੱਚ ਆ ਗਿਆ ਹੈ ਐਸੇ ਮਰਜ਼ ਵਾਲੇ ਬਾਲਕ ਬਹੁਤ ਘੱਟ ਹੋਸ਼ ਵਿੱਚ ਆਉਂਦੇ ਹਨ।

ਵਿਚਾਰਣੀਏਂ ਹੈ ਕਿ ਇੰਜੈਕਸ਼ਨ ਦਾ ਅਸਰ ਤਾਂ ਦਸ ਜਾਂ ਵੀਹ ਮਿੰਟ ਦੇ ਬਾਅਦ ਹੁੰਦਾ ਹੈ। ਲੜਕਾ ਇੰਜੈਕਸ਼ਨ ਦੀ ਸੁਈ ਦੇ ਦਰਦ ਨਾਲ ਹੀ ਰੋ ਉੱਠਿਆ। ਇਸ ਤੋਂ ਸ਼ਪਸਟ ਹੈ ਕਿ ਇਹ ਸਾਰਾ ਕਮਾਲ ਪ੍ਰਮੇਸ਼ਵਰ ਕਬੀਰ ਜੀ ਦਾ ਹੈ।

"ਸਤਿਗੁਰੂ ਸ਼ਰਣ ਮੇਂ ਆਣੇ ਸੇ ਆਈ ਟਲੈ ਬਲਾ,
ਜੈ ਭਾਗਯ ਮੇਂ ਮ੍ਰਿਤੂ ਹੋ ਕਾਂਟੇ ਮੇਂ ਟਲ ਜਾ"

ਗੁਰੂ ਜੀ ਕਹਿੰਦੇ ਹਨ ਕਿ ਕਸਕ ਦੇ ਨਾਲ ਮੰਤਰ ਜਾਪ ਕਰਨ ਨਾਲ ਜੋ ਚਮਤਕਾਰ ਹੋਇਆ। ਮੈਂ ਹੈਰਾਨ ਰਹਿ ਗਿਆ ਮੈਂ ਹਸਪਤਾਲ ਵਿੱਚ ਗੁਰੂ ਜੀ ਦੇ ਸ਼ਰਣਾਂ ਦੀ ਬੰਦਨਾ ਕੀਤੀ ਅਤੇ ਧੰਨਵਾਦ ਕਰਦੇ ਹੋਏ ਰੋ ਪਿਆ। ਡਾਕਟਰ ਨੇ ਕਿਹਾ ਕਿ ਇਸ ਨੂੰ ਲਗਾਤਾਰ ਅੱਠ ਦਿਨ ਦੇ ਇਲਾਜ਼ ਦੀ ਜ਼ਰੂਰਤ ਹੈ ਚੌਵੀ ਘੰਟੇ ਦਾ ਪੰਜ ਹਜ਼ਾਰ ਲੱਗ ਰਿਹਾ ਸੀ। ਮੈਂ ਡਾਕਟਰ ਨੂੰ ਕਿਹਾ ਮੈਨੂੰ ਸਵੇਰੇ ਛੁੱਟੀ ਚਾਹੀਦੀ ਹੈ। ਡਾਕਟਰ ਨੇ ਕਿਹਾ ਇਸਨੂੰ ਅਗਰ ਆਪ ਘਰ ਲੈ ਗਏ ਤਾਂ ਇਹ ਬਾਲਕ ਮਰ ਸਕਦਾ ਹੈ ਕਿਉਂਕਿ ਹੁਣੇ ਹੋਸ਼ ਵਿੱਚ ਆਇਆ ਹੈ। ਮੈਂ ਕਿਹਾ ਜੋ ਹੋਏਗਾ ਦੇਖਿਆ ਜਾਏਗਾ, ਬੱਸ ਮੈਨੂੰ ਛੁੱਟੀ ਚਾਹੀਦੀ ਹੈ ਅੱਜ ਬਾਲਕ ਨੂੰ ਛੇ ਮਹੀਨੇ ਉੱਪਰ ਹੋ ਗਏ ਬੁਖਾਰ ਵੀ ਨਹੀਂ ਆ ਰਿਹਾ। ਐਸੀ ਮਹਿਮਾ ਦੇਖਕੇ ਮੈਂ ਧੰਨ ਹੋ ਗਿਆ। ਮੇਰੀ ਸਾਈਕਲ ਲੈਣ ਦੀ ਹਿੰਮਤ ਨਹੀਂ ਹੁੰਦੀ ਸੀ। ਕਿਉਂਕਿ ਮੇਰੀ ਪਰਿਵਾਰਿਕ ਸਥਿਤੀ ਠੀਕ ਨਹੀਂ ਸੀ। ਅਚਾਨਕ ਸਟੇਟ ਬੈਂਕ ਦੇ ਮੈਨੇਜਰ ਨੇ ਕਿਹਾ ਕੀ ਆਪ ਬੈਂਕ ਤੋਂ ਲੋਨ ਲੈਣਾ ਪਸੰਦ ਕਰੋਂਗੇ ਮੈਂ ਕਿਹਾ ਅਗਰ ਮਿਲ ਜਾਏ ਤਾਂ ਇਸ ਤੋਂ ਵੱਧ ਕੇ ਹੋਰ ਕੀ ਹੈ ,ਮੇਰੀ ਪਰਿਵਾਰਿਕ ਸਥਿਤੀ ਸੁਧਾਰ ਜਾਏਗੀ। ਬੈਂਕ ਮੈਨੇਜਰ ਨੇ ਮੈਨੂੰ ਡੇਢ ਲੱਖ ਰੁਪਏ ਦਾ ਲੋਨ ਦੇ ਦਿੱਤਾ। ਸਾਈਕਲ ਨਾ ਖ੍ਰੀਦ ਪਾਉਣ ਵਾਲਾ ਆਦਮੀ ਅਚਾਨਕ 55000 ਰੁਪਏ ਦੀ ਹੀਰੋ ਹਾਂਡਾਂ ਗੱਡੀ ਲੈ ਆਇਆ। ਅੱਜ ਮੈਂ ਸ਼ਾਨ ਨਾਲ ਗੱਡੀ ਵਿੱਚ ਘੁੰਮਦਾ ਹਾਂ ਮੈਂ ਸ਼ਾਸਕੀਯ ਸਕੂਲ ਵਿੱਚ ਚਪੜਾਸੀ ਦੇ ਪਦ ਉੱਤੇ ਕਾਰਯੁਕਤ ਸੀ। ਨੌਕਰੀ ਕਰਦੇ ਮੈਨੂੰ 16 ਸਾਲ ਗੁਜ਼ਰ ਚੁੱਕੇ ਸਨ। ਪਰ ਮੇਰੀ ਪਰਿਵਾਰਿਕ ਸਥਿਤੀ ਠੀਕ ਨਹੀਂ ਹੋਈ। ਜਬਲਪੁਰ ਸੰਭਾਗ ਤੋਂ ਪ੍ਰਮੋਸ਼ਨ ਹੋਏ ਅਤੇ ਮੇਰਾ ਸਿੰਗਲ ਪ੍ਰਮੋਸ਼ਨ ਹੋਇਆ ਮੈਂ ਚਪੜਾਸੀ ਤੋਂ ਬਾਬੂ ਹੋ ਗਿਆ, ਜ਼ਮਾਨੇ ਨੂੰ ਕੁਰਸੀ ਰੱਖਣ ਵਾਲਾ ਆਦਮੀਂ ਖੁਦ ਸਾਹਿਬ ਬਣਕੇ ਕੁਰਸੀ ਉੱਤੇ ਬੈਠ ਗਿਆ। ਮੇਰਾ ਤਨਖਾਹ ਇੰਨ੍ਹੀ ਹੋ ਗਈ ਜਿੰਨਾ ਮੈਂ ਸੋਚਿਆ ਨਹੀਂ ਸੀ। ਮੇਰਾ ਛੋਟਾ ਭਾਈ ਬੀ.ਐਂਡ. ਦਾ ਆਸਰਾ ਛੱਡਕੇ ਨਿਰਾਸ਼ ਹੋ ਗਿਆ ਸੀ। ਇੱਕ ਦਿਨ ਅਚਾਨਕ ਉਸਦੇ ਕੋਲ ਕਾਉਂਸਲਿੰਗ ਪੱਤਰ ਆਇਆ ਉਸਨੂੰ ਵਿਸ਼ਵਾਸ਼ ਹੀ ਨਹੀਂ ਹੋਇਆ ਕਿਉਂਕਿ ਉਸਨੂੰ 29 ਅੰਕ ਮਿਲੇ ਹੋਏ ਸਨ ਅਤੇ ਬੀ.ਐਂਡ. ਕਰਨ ਦੇ ਲਈ 33 ਅੰਕ ਤੋਂ ਉੱਪਰ ਚਾਹੀਦੇ ਸਨ ਪਰ ਇਸ ਵਾਰ 28 ਅੰਕ ਵਾਲਿਆਂ ਨੂੰ ਲੈ ਲਿਆ ਗਿਆ। ਜਿਸ ਕਾਰਨ ਕਰਕੇ 29 ਅੰਕ ਹੋਣ ਦੀ ਵਜ਼ਾ ਕਰਕੇ ਉਸਨੂੰ ਮੌਕਾ ਮਿਲ ਗਿਆ ਅਤੇ ਅੱਜ ਉਹ ਬੀ.ਐਂਡ. ਕਰ ਰਿਹਾ ਹੈ। ਇਹ ਚਾਰ ਚਮਤਕਾਰ ਐਸੇ ਹੋਏ ਜਿੰਨ੍ਹਾਂ ਦੇ ਬਾਰੇ ਵਿੱਚ ਮੈਂ ਕਦੀ ਸੋਚਿਆ ਨਹੀਂ ਸੀ। ਪਰ ਰਮਾਇਣ ਵਿੱਚ

ਲਿਖੀ ਮੈਨੂੰ ਉਹ ਯਾਦ ਆ ਗਈ ਕਿ "ਮਾਤ-ਪਿਤਾ ਗੁਰੂ ਕੀ ਬਾਣੀ, ਬਿਨਾਂ ਵਿਚਾਰ ਕਰੋ ਸ਼ੁਭ ਜਾਨੀਂ" ਇਹ ਸਭ ਚਮਤਕਾਰ ਇੱਕ ਸਾਲ ਦੇ ਅੰਦਰ ਹੋਏ ਹਨ। ਪ੍ਰਮਾਣ ਦੇ ਲਈ :-

1 - ਭਾਰਤ ਹਸਪਤਾਲ ਸੈਂਟਰ ਦੇ ਸਾਰੇ ਕਾਗਜਾਤ, 2 - ਗੱਡੀ ਦੇ ਸਾਰੇ ਕਾਗਜਾਤ, 3 - ਪ੍ਰਮੋਸ਼ਨ ਦਾ ਆਦੇਸ਼, 4 - ਬੀ.ਐੱਡ. ਦਾ ਕਾਉਂਸਲਿੰਗ ਲੈਟਰ

ਇਹ ਸਭ ਚਮਤਕਾਰ ਨਾਮ ਦਾਨ ਲੈਣ ਦੇ ਛੇ ਮਹੀਨੇ ਬਾਅਦ ਹੋਏ ਹਨ। ਪਰ ਸਿਰਫ਼ ਨਾਮ ਦਾਨ ਲੈਣ ਤੋਂ ਫ਼ਾਇਦਾ ਨਹੀਂ ਬਲਕਿ ਗੁਰੂ ਦੇ ਦੱਸੇ ਮਾਰਗ ਉੱਤੇ ਚੱਲਣਾ ਪੈਂਦਾ ਹੈ।

"ਹਰਿ ਰੁਠੇ ਗੁਰੂ ਠੌਰ ਹੈ, ਗੁਰੂ ਰੁਠੈ ਨਹੀਂ ਠੌਰ"

ਗੁਰੂ ਦੇਵ ਜੀ ਦੇ ਚਰਣਾਂ ਵਿੱਚ ਸ਼ਿਸ਼ਯ ਦੇ ਅਨੁਭਵ ਸਾਦਰ ਸਮਰਪਿਤ ਹਨ।

ਭਗਤ ਤ੍ਰਿਲੋਕ ਦਾਸ ਬੈਰਾਗੀ
ਸਹਾ. ਗੋਡ - 3
ਸ਼ਾਸ. ਉੱਚ. ਮਾਧਯਮਿਕ ਵਿਧਾਲਯ, ਮੁਰਵਾਰੀ
ਤਹਿ. - ਢੀਮਰਖੇੜਾ, ਜ਼ਿਲ੍ਹਾ - ਕਟਨੀ (ਮ. ਪ੍ਰ.)
ਮੋਬ. ਨੰ. 9685854733, 9424625014

## "11000 ਵੋਲਟੇਜ ਦੇ ਤਾਰ ਤੋਂ ਛਡਵਾਉਣਾ"

ਮੈਂ ਭਗਤ ਸੁਰੇਸ਼ ਦਾਸ ਪੁੱਤਰ ਸ੍ਰੀ ਚਾਂਦ ਰਾਮ ਨਿਵਾਸੀ ਪਿੰਡ ਧਨਾਨਾ, ਜ਼ਿਲ੍ਹਾ ਸੋਨੀਪਤ ਫਿਲਹਾਲ ਸ਼ਾਸਤਰੀ ਨਗਰ ਰੋਹਤਕ (ਹਰਿਆਣਾ) ਦਾ ਨਿਵਾਸੀ ਹਾਂ। ਸਤਿਗੁਰੂ ਜੀ ਤੋਂ ਨਾਮ ਉਪਦੇਸ਼ ਲੈਣ ਤੋਂ ਪਹਿਲਾਂ ਮੇਰੇ ਘਰ ਆਰਥਿਕ ਸਥਿਤੀ ਬਹੁਤ ਕਮਜ਼ੋਰ ਸੀ, ਪਰਿਵਾਰ ਦਾ ਕੋਈ ਵੀ ਐਸਾ ਮੈਂਬਰ ਨਹੀਂ ਸੀ ਜੋ ਕਿ ਕਦੀ ਬੀਮਾਰ ਨਾ ਰਹਿੰਦਾ ਹੋਵੇ, ਮੇਰੀ ਪਤਨੀ ਨੂੰ ਭੂਤ-ਪ੍ਰੇਤ ਬਹੁਤ ਹੀ ਜ਼ਿਆਦਾ ਪ੍ਰੇਸ਼ਾਨ ਕਰਦੇ ਸਨ। ਇੰਨਾ ਕਸ਼ਟ ਰਹਿਣ ਦੇ ਬਾਵਜੂਦ ਅਸੀਂ ਦੇਵੀ ਦੇਵਤਿਆਂ ਦੀ ਬਹੁਤ ਪੂਜਾ ਕਰਦੇ ਸਨ ਤੇ ਮੇਰੀ ਹਨੂੰਮਾਨ ਜੀ ਵਿੱਚ ਬਹੁਤ ਜ਼ਿਆਦਾ ਆਸਥਾ ਸੀ। ਪਰ ਘਰ ਵਿੱਚ ਸੰਕਟ ਤੇ ਸੰਕਟ ਆਉਂਦੇ ਜਾ ਰਹੇ ਸਨ। ਕਿਸੇ ਵੀ ਕੰਮ ਵਿੱਚ ਬਰਕਤ ਨਹੀਂ ਹੋ ਰਹੀ ਸੀ। ਪੂਰਨ ਪ੍ਰਮਾਤਮਾ ਸਤਿਗੁਰੂ ਰਾਮਪਾਲ ਜੀ ਮਹਾਰਾਜ ਜੀ ਮੇਰੇ ਪਰਿਵਾਰ ਦੇ ਹੋਣ ਦੇ ਕਾਰਨ ਅਸੀਂ ਉਨ੍ਹਾਂ ਨੂੰ ਪੂਰਣ ਪ੍ਰਮਾਤਮਾ ਨਹੀਂ ਮੰਨ ਪਾਏ ਜਿਸਦਾ ਨਤੀਜਾ ਸਾਨੂੰ ਕਈ ਸਾਲਾਂ ਤੱਕ ਝੱਲਣਾ ਪਿਆ। ਤਦ ਪਿੰਡ ਸਿੰਘਪੁਰਾ ਨਿਵਾਸੀ ਭਗਤ ਵਿਕਾਸ ਨੇ ਮੈਨੂੰ ਦੱਸਿਆ ਕਿ ਆਪਦੇ ਘਰ ਵਿੱਚ ਪੂਰਣ ਪ੍ਰਮਾਤਮਾ ਜਗਤਗੁਰੂ ਰਾਮਪਾਲ ਜੀ ਮਹਾਰਾਜ ਆਏ ਹੋਏ ਹਨ ਅਤੇ ਆਪ ਕਿੱਥੇ ਸੁਤੇ ਪਏ ਹੋ, ਤਾਂ ਮੈਂ ਕਿਹਾ ਕਿ ਕਾਲ ਨੇ ਸਾਨੂੰ ਕਸ਼ਟ ਹੀ ਇੰਨਾ ਦੇ ਰੱਖਿਆ ਹੈ ਕਿ ਸਾਨੂੰ ਉੱਥੇ ਦੇ ਬਾਰੇ ਵਿੱਚ ਜਾਨਣ ਦਾ ਟਾਈਮ ਹੀ ਨਹੀਂ ਮਿਲਿਆ। ਸਾਰਾ ਸਮਾਂ ਡਾਕਟਰਾਂ ਦੇ ਚੱਕਰ ਕੱਟਣ ਵਿੱਚ ਚਲਾ ਜਾਂਦਾ ਹੈ। ਉੱਪਰ ਤੋਂ ਆਰਥਿਕ ਤੰਗੀ ਬਹੁਤ ਰਹਿੰਦੀ ਹੈ। ਉਸ ਭਗਤ ਨੇ ਮੈਨੂੰ ਕਾਫੀ ਸਮਝਾਇਆ, ਪੂਰਣ ਪ੍ਰਮਾਤਮਾ ਦੀ ਐਸੀ ਕਿਰਪਾ ਹੋਈ ਕਿ ਮੈਂ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮ ਉਪਦੇਸ਼ ਲੈਣ ਦੇ ਲਈ ਅਕਤੂਬਰ 2010 ਵਿੱਚ ਸਤਲੋਕ ਆਸ਼ਰਮ ਬਰਵਾਲਾ ਵਿੱਚ ਪਹੁੰਚਿਆ। ਨਾਮ ਉਪਦੇਸ਼ ਲੈਣ ਦੇ ਬਾਅਦ ਸਤਿਗੁਰੂ ਜੀ ਨੇ ਆਪਣਾ ਕਿਰਪਾ ਦਾ ਪਿਟਾਰਾ ਖੋਲ੍ਹ ਦਿੱਤਾ ਅਤੇ ਮੈਨੂੰ ਜੋ ਸੁੱਖ ਅਨੁਭਵ ਹੋਣ ਲੱਗੇ ਜਿੰਨ੍ਹਾਂ ਦਾ ਵਰਣਨ ਇਸ ਜ਼ੁਬਾਨ ਤੋਂ ਕਰ ਪਾਉਣਾ ਮੁਸ਼ਕਿਲ ਹੈ।

ਮੇਰੀ ਪਤਨੀ ਨੂੰ ਭੂਤ-ਪ੍ਰੇਤ ਸਤਾ ਰਹੇ ਸਨ। ਸਤਿਗੁਰੂ ਦੇਵ ਜੀ ਦੀ ਦਇਆ ਨਾਲ ਹੁਣ ਉਹ ਪੂਰਨ ਰੂਪ ਨਾਲ ਠੀਕ ਹੈ।7 ਸਤੰਬਰ 2011 ਨੂੰ ਮੇਰਾ ਲੜਕਾ ਮੋਹਿਤ ਉਮਰ 12 ਸਾਲ ਜੋ ਕਿ ਮੇਰੇ ਕਹਿਣ ਕਰਕੇ ਮਿਸਤਰੀ ਨੂੰ ਬੁਲਾਉਣ ਦੇ ਲਈ ਗਿਆ ਸੀ। ਮੇਰਾ ਲੜਕਾ

ਮਿਸਤਰੀ ਦੇ ਮਕਾਨ ਦੀ ਛੱਤ ਉੱਪਰ ਚੜ੍ਹ ਗਿਆ ਅਤੇ ਛੱਜੇ ਉੱਪਰ ਚਲਾ ਗਿਆ। ਛੱਜੇ ਦੇ ਨਾਲ ਉੱਪਰ 11000 (ਗਿਆਰਾਂ ਹਜ਼ਾਰ) ਵੋਲਟੇਜ਼ ਦੇ ਬਿਜਲੀ ਦੀਆਂ ਤਾਰਾਂ ਸਨ। ਲੜਕੇ ਤੇ ਤਾਰਾਂ ਦੇ ਵਿਚਕਾਰ ਕੇਵਲ ਇੱਕ ਫੁੱਟ ਦੀ ਦੂਰੀ ਸੀ। ਜਦ ਉਹ ਉਨ੍ਹਾਂ ਦੇ ਨਜ਼ਦੀਕ ਗਿਆ ਤਾਂ ਤਾਰਾਂ ਨੇ ਲੜਕੇ ਨੂੰ ਖਿੱਚ ਲਿਆ ਅਤੇ ਸਿਰ ਉੱਤੇ ਤਾਰ ਚਿੱਪਕ ਗਿਆ ਤੇ ਇੱਕ ਇੰਚ ਗਹਿਰੀ ਚਲੀ ਗਈ ਅਤੇ ਮੂੰਹ ਜਲ ਗਿਆ ਅਤੇ ਬਿਜਲੀ ਸਾਰੇ ਸਰੀਰ ਵਿੱਚ ਪ੍ਰਵੇਸ਼ ਕਰਕੇ ਪੈਰ ਦੇ ਅੰਗੂਠੇ ਦੀ ਹੱਡੀ ਨੂੰ ਤੋੜਕੇ ਨਿੱਕਲਣ ਲੱਗੀ। ਉਸੀ ਸਮੇਂ ਸਤਿਗੁਰੂ ਰਾਮਪਾਲ ਜੀ ਮਹਾਰਾਜ ਆਕਾਸ਼ ਮਾਰਗ ਤੋਂ ਆਏ ਅਤੇ ਮੇਰੇ ਲੜਕੇ ਨੂੰ ਬਹੁਤ ਹੀ ਚਮਕਦਾਰ (ਤੇਜੋਮਈ) ਸਰੀਰ ਸਹਿਤ ਦਿਖਾਈ ਦਿੱਤੇ ਜਿਵੇਂ ਹਜ਼ਾਰਾਂ ਟਿਊਬਾਂ ਦਾ ਪ੍ਰਕਾਸ਼ ਹੋ ਰਿਹਾ ਹੋਵੇ। ਉਨ੍ਹਾਂ ਨੇ ਲੜਕੇ ਦਾ ਹੱਥ ਫੜਕੇ ਬਿਜਲੀ ਤੋਂ ਛੁੱਡਵਾ ਕੇ ਛੱਜੇ ਉੱਪਰ ਲਿਟਾ ਦਿੱਤਾ। ਫਿਰ ਲੜਕੇ ਦੀ ਸਤਿਗੁਰੂ ਜੀ ਨਾਲ ਬਹੁਤ ਗੱਲਾਂ ਹੋਈਆਂ ਤੇ ਜਦ ਸਤਿਗੁਰੂ ਜੀ ਜਾਣ ਲੱਗੇ ਤਾਂ ਲੜਕੇ ਨੇ ਪੁੱਛਿਆ ਕਿ ਗੁਰੂ ਜੀ ਕਿੱਥੇ ਜਾ ਰਹੇ ਹੋ ਤਾਂ ਗੁਰੂ ਜੀ ਨੇ ਕਿਹਾ ਕਿ ਬੇਟਾ ਮੈਂ ਤੇਰੇ ਨਾਲ ਹਾਂ ਤੂੰ ਘਬਰਾ ਨਹੀਂ। ਉਸ ਸਮੇਂ ਮੇਰੇ ਲੜਕੇ ਮੋਹਿਤ ਦੀ ਮਾਤਾ ਜੀ ਵੀ ਉੱਥੇ ਸੀ। ਉਸਨੇ ਇਹ ਦ੍ਰਿਸ਼ ਆਪਣੀਆਂ ਅੱਖਾਂ ਨਾਲ ਦੇਖਿਆ ਤੇ ਉਹ ਬਹੁਤ ਘਬਰਾ ਗਈ। ਕਿਉਂਕਿ ਲੜਕੇ ਦੇ ਸਰੀਰ ਤੋਂ ਬਿਜਲੀ ਦੀਆਂ ਲਪਟਾਂ ਨਿੱਕਲ ਰਹੀਆਂ ਸਨ।

ਉਸਦੇ ਬਾਅਦ ਅਸੀਂ ਲੜਕੇ ਨੂੰ ਪੀ.ਜੀ. ਆਈ. ਰੋਹਤਕ ਹਸਪਤਾਲ ਵਿੱਚ ਲੈ ਕੇ ਗਏ। ਉੱਥੇ ਵੀ ਲੜਕੇ ਨੂੰ ਗੁਰੂ ਜੀ ਦਿਖਾਈ ਦਿੱਤੇ ਤੇ ਮੇਰੇ ਲੜਕੇ ਨੇ ਕਿਹਾ ਕਿ ਗੁਰੂ ਜੀ ਮੇਰੇ ਨਾਲ ਹਨ। ਆਪ ਘਬਰਾਓ ਨਹੀਂ। ਜੇਕਰ ਅੱਜ ਅਸੀਂ ਗੁਰੂ ਜੀ ਦੀ ਸ਼ਰਣ ਵਿੱਚ ਨਹੀਂ ਹੁੰਦੇ ਤਾਂ ਸਾਡਾ ਲੜਕਾ ਅੱਜ ਜ਼ਿਉਂਦਾਂ ਨਹੀਂ ਹੁੰਦਾ ਤੇ ਮੇਰੀ ਪਤਨੀ ਨੂੰ ਵੀ ਪ੍ਰੇਤ ਮਾਰ ਦਿੰਦੇ, ਅਸੀਂ ਉਜੜਨ ਤੋਂ ਬਚ ਗਏ।ਇਹ ਸਤਿਗੁਰੂ ਰਾਮਪਾਲ ਜੀ ਮਹਾਰਾਜ ਜੀ ਦੀ ਕ੍ਰਿਪਾ ਹੈ।

ਸਾਰੇ ਪਾਠਕਾਂ ਨੂੰ ਪ੍ਰਾਥਨਾਂ ਹੈ ਕਿ ਮੇਰੀ ਸਤਿ ਕਥਾ ਨੂੰ ਪੜ੍ਹਕੇ ਆਪ ਜੀ ਵੀ ਸਤਿਗੁਰੂ ਰਾਮਪਾਲ ਜੀ ਮਹਾਰਾਜ ਜੀ ਦੀ ਸ਼ਰਣ ਵਿੱਚ ਆਕੇ ਆਪਣਾ ਸਮੇਂ ਰਹਿੰਦੇ ਕਲਿਆਣ ਕਰਵਾਓ ਤੇ ਪਿਛਲੇ ਲਿਖੇ ਕਰਮਾਂ ਦੇ ਕਾਰਨ ਜੋ ਘਟਨਾਵਾਂ ਘਟਨੀਆਂ ਹੁੰਦੀਆਂ ਹਨ ਉਨ੍ਹਾਂ ਤੋਂ ਪੂਰਣ ਰੂਪ ਤੋਂ ਬਚੋਗੇ। ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਕਾਰਨ ਸਤਿਸੰਗ ਵਚਨਾਂ ਵਿੱਚੋਂ ਮੈਂ ਸੁਣਿਆ ਸੀ ਕਿ ਪੂਰਣ ਪ੍ਰਮਾਤਮਾ ਕਬੀਰ ਜੀ ਬੰਦੀਛੋੜ ਸਾਡੇ ਸਾਰੇ ਪਾਪਾਂ ਨੂੰ ਨਾਸ਼ ਕਰ ਦਿੰਦੇ ਹਨ। ਐਸਾ ਹੀ ਪ੍ਰਮਾਣ ਰਿੱਗਵੇਦ ਮੰਡਲ 10 ਸੁਕਤ 161 ਮੰਤਰ 2 ਵਿੱਚ ਤੇ ਮੰਡਲ 9 ਸੁਕਤ 80 ਮੰਤਰ 2 ਵਿੱਚ ਵੀ ਲਿਖਿਆ ਹੈ ਕਿ ਜੇਕਰ ਕਿਸੇ ਰੋਗੀ ਦੀ ਪ੍ਰਾਣ ਸ਼ਕਤੀ ਖ਼ਤਮ ਹੋ ਚੁੱਕੀ ਹੈ ਅਤੇ ਉਸਦੀ ਉਮਰ ਵੀ ਬਚੀ ਨਾ ਹੋਵੇ ਤਾਂ ਉਸਦੇ ਪ੍ਰਾਣਾਂ ਦੀ ਰੱਖਿਆ ਕਰਾਂ ਤੇ ਉਸਨੂੰ ਸੌ ਸਾਲ ਉੱਮਰ ਪ੍ਰਦਾਨ ਕਰਕੇ ਅਰਥਾਤ ਉਸਦੀ ਉਮਰ ਵਧਾਕੇ ਸਾਧਕ ਨੂੰ ਸਾਰੇ ਸੁੱਖ ਪ੍ਰਦਾਨ ਕਰਦਾ ਹਾਂ।

ਸੱਜਣੋ! ਸਤਿਗੁਰੂ ਰਾਮਪਾਲ ਜੀ ਮਹਾਰਾਜ ਨੇ ਆਪਣੇ ਅੰਮ੍ਰਿਤ ਵਚਨਾਂ ਵਿੱਚ ਇਹ ਵੀ ਦੱਸਿਆ ਹੈ ਕਿ ਪ੍ਰਤੇਕ ਪ੍ਰਾਣੀ ਆਪਣੇ ਕੀਤੇ ਕਰਮਾਂ ਦੇ ਅਨੁਸਾਰ ਹੀ ਸੁੱਖ-ਦੁੱਖ ਪ੍ਰਾਪਤ ਕਰਦਾ ਹੈ। ਦੁੱਖ ਤਾਂ ਪਾਪ ਕਰਮਾਂ ਦਾ ਫਲ ਹੈ ਅਤੇ ਸੁੱਖ ਪੁੰਨ ਕਰਮਾਂ ਦਾ ਫਲ ਹੈ। ਹੁਣ ਤਕ ਸਾਰੇ ਸੰਤ, ਆਚਾਰੀਆ, ਗੁਰੂ ਇਹੀ ਕਹਿੰਦੇ ਰਹੇ ਹਨ ਕਿ ਜੋ ਪਿਛਲੇ ਜਨਮਾਂ ਦਾ ਕਰਮ ਭੋਗ ਹੈ ਉਹ ਤਾਂ ਭੋਗ ਕੇ ਹੀ ਸਮਾਪਤ ਕਰਨਾ ਹੋਵੇਗਾ। ਹੇ ਪਿਆਰੇ ਪਾਠਕੋ ! ਸਤਿਗੁਰੂ ਰਾਮਪਾਲ ਜੀ ਮਹਾਰਾਜ ਕਹਿੰਦੇ ਹਨ ਕਿ ਪਾਪ ਕਰਮ ਨਾਲ ਦੁੱਖ ਹੁੰਦਾ ਹੈ। ਜੇਕਰ ਪਾਪ ਕਰਮਾਂ ਦਾ ਨਾਸ਼ ਹੋ ਜਾਏ ਤਾਂ ਦੁੱਖ ਦਾ ਸਵੇਂ ਹੀ ਅੰਤ ਹੋ ਜਾਂਦਾ ਹੈ। ਜੇਕਰ ਭਗਤੀ ਕਰਦੇ-2 ਵੀ ਪਾਪ ਕਰਮਾਂ ਦਾ ਫਲ (ਦੁੱਖ) ਭੋਗਣਾ ਹੀ ਪਵੇ ਤਾਂ ਭਗਤੀ ਦੀ ਜ਼ਰੂਰਤ ਹੀ ਸਮਾਪਤ ਹੋ ਜਾਂਦੀ ਹੈ।7 ਸਤੰਬਰ

2011 ਨੂੰ ਸਾਡੇ ਪਿਛਲੇ ਕਰਮ ਦੇ ਪਾਪ ਕਾਰਨ ਮੇਰੇ ਪੁੱਤਰ ਮੋਹਿਤ ਦੀ ਮੌਤ ਹੋਣੀ ਸੀ। ਸਾਡੇ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੀ ਕਿਰਪਾ ਨਾਲ ਪਰਮ ਪੂਜਯ ਕਬੀਰ ਪ੍ਰਮੇਸ਼ਵਰ ਜੀ ਨੇ ਸਾਡੇ ਪਾਪ ਦਾ ਨਾਸ਼ ਕਰ ਦਿੱਤਾ ਅਤੇ ਮੇਰੇ ਬੱਚੇ ਦੀ ਜੀਵਨ ਰੱਖਿਆ ਕਰਕੇ ਉਮਰ ਵਧਾ ਦਿੱਤੀ। ਜੇਕਰ 7 ਸਤੰਬਰ 2011 ਨੂੰ ਪਿਛਲੇ ਕਰਮ ਦੇ ਫਲ ਸਵਰੂਪ ਮੇਰਾ ਬੇਟਾ ਮਰ ਜਾਂਦਾ ਤਾਂ ਅਸੀਂ ਸਾਰੇ ਪਰਿਵਾਰ ਦੇ ਮੈਂਬਰ ਭਗਤੀ ਤਿਆਗ ਦਿੰਦੇ ਅਤੇ ਨਾਸਤਿਕ ਹੋ ਜਾਂਦੇ। ਕਿਉਂਕਿ ਸਾਨੂੰ ਉਸ ਸਮੇਂ ਪ੍ਰਮਾਤਮਾ ਦਾ ਪੂਰਣ ਗਿਆਨ ਨਹੀਂ ਸੀ। ਹੁਣ ਭਗਵਾਨ ਉੱਪਰ ਦ੍ਰਿੜ੍ਹ ਵਿਸ਼ਵਾਸ਼ ਹੋ ਗਿਆ ਹੈ। ਇਹ ਵੀ ਵਿਸ਼ਵਾਸ਼ ਹੋ ਗਿਆ ਕਿ ਪਰਮ ਪੂਜਣੀਏ ਕਬੀਰ ਜੀ ਹੀ ਪ੍ਰਮੇਸ਼ਵਰ ਹਨ। ਇਹ ਪਾਪ ਨਾਸ਼ਕ ਸਰਵ ਸੁੱਖਦਾਇਕ ਤੇ ਪੂਰਣ ਮੋਖਸ਼ਦਾਇਕ ਹਨ ਅਤੇ ਸਤਿਗੁਰੂ ਰਾਮਪਾਲ ਜੀ ਮਹਾਰਾਜ ਉਨ੍ਹਾਂ ਦੇ ਹੀ ਭੇਜੇ ਅਵਤਾਰ ਆਏ ਹਨ। ਅੰਤ ਆਪ ਜੀ ਨੂੰ ਪੁਨਰ ਪ੍ਰਾਰਥਨਾ ਹੈ ਕਿ ਅਵਿਲੰਭ ਸਤਲੋਕ ਆਸ਼ਰਮ ਬਰਵਾਲਾ ਵਿੱਚ ਪਹੁੰਚੋ ਤੇ ਉਪਦੇਸ਼ ਲੈਕੇ ਕਲਿਆਣ ਕਰਾਓ। ਆਪ ਜੀ ਨੂੰ ਪ੍ਰਾਰਥਨਾ ਕਰਨ ਦਾ ਮੇਰਾ ਉਦੇਸ਼ ਇਹ ਹੈ ਕਿ ਮੇਰੇ ਜਿਹੇ ਦੁੱਖੀ ਬਹੁਤ ਹਨ। ਮੇਰੀ ਉਪਰੋਕਤ ਆਤਮਕਥਾ ਨੂੰ ਪੜ੍ਹਕੇ ਵਿਚਾਰ ਕਰਕੇ ਉਹ ਵੀ ਮੇਰੇ ਹੀ ਤਰ੍ਹਾਂ ਸੰਕਟਾਂ ਦਾ ਨਿਵਾਰਨ ਕਰਵਾ ਸਕਣਗੇ ਅਤੇ ਸੁੱਖੀ ਹੋ ਸਕਣਗੇ।

ਇਹ ਸੰਸਾਰ ਸਮਝਦਾ ਨਾਂਹੀਂ, ਕਹਿੰਦਾ ਸ਼ਾਮ ਦੁਪਿਹਰੇ ਨੂੰ।
ਗਰੀਬਦਾਸ ਇਹ ਵਕਤ ਜਾਤ ਹੈ, ਰੋਵੋਗੇ ਇਸ ਪਹਿਰੇ (ਸਮੇਂ) ਨੂੰ॥

ਪ੍ਰਾਰਥੀ ਭਗਤ
ਸੁਰੇਸ਼ ਦਾਸ ਪੁੱਤਰ ਸ੍ਰੀ ਚੰਦ ਰਾਮ,
ਸ਼ਾਸਤਰੀ ਨਗਰ, ਹਿਸਾਰ ਬਾਈ ਪਾਸ, ਰੋਹਤਕ,
ਮੋਬ. ਨੰ. 09829588628

## "ਭਗਤ ਦੀਪਕ ਦਾਸ ਦੇ ਪਰਿਵਾਰ ਦੀ ਆਤਮਕਥਾ"

॥ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਜੀ ਦੀ ਦਇਆ॥

ਮੇਰਾ ਨਾਮ ਦੀਪਕ ਦਾਸ ਪੁੱਤਰ ਬਲਜੀਤ ਸਿੰਘ, ਪਿੰਡ ਮਹਿਲਾਨਾ ਜ਼ਿਲ੍ਹਾ ਸੋਨੀਪਤ ਹੈ ਅਸੀਂ ਤਿੰਨ ਪੀੜ੍ਹੀਆਂ ਤੋਂ ਰਾਧਾਸਵਾਮੀ ਪੰਥ ਡੇਰਾ ਬਾਬਾ ਜੈਮਲ ਸਿੰਘ ਤੋਂ ਨਾਮ ਉਪਦੇਸ਼ੀ ਸੀ। ਸਭ ਤੋਂ ਪਹਿਲਾਂ ਮੇਰੀ ਦਾਦੀ ਜੀ ਦੀ ਮਾਤਾ ਜੀ ਜਾਣੀ ਮੇਰੇ ਪਿਤਾ ਜੀ ਦੀ ਨਾਨੀ ਜੀ ਨੇ ਰਾਧਾਸਵਾਮੀ ਪੰਥ ਤੋਂ ਨਾਮ ਉਪਦੇਸ਼ ਲੈ ਰੱਖਿਆ ਸੀ। ਉਸਦੇ ਬਾਅਦ ਮੇਰੇ ਦਾਦਾ-ਦਾਦੀ ਅਤੇ ਫਿਰ ਮੇਰੇ ਮਾਤਾ-ਪਿਤਾ ਜੀ ਨੇ ਵੀ ਰਾਧਾਸਵਾਮੀਂ ਪੰਥ ਦੇ ਸੰਤ ਗੁਰਵਿੰਦਰ ਸਿੰਘ ਜੀ ਪਾਸੋਂ ਨਾਮ ਲਿਆ ਹੋਇਆ ਸੀ। ਅਸੀਂ ਵੀ ਗੁਰਵਿੰਦਰ ਜੀ ਮਹਾਰਾਜ ਨੂੰ ਪੂਰਣ ਪੁਰਸ਼ ਮੰਨਦੇ ਸੀ ਤੇ ਇਸ ਪੰਥ ਵਿੱਚ ਪੂਰਣ ਸ਼ਰਧਾ ਇਹ ਸੋਚਕੇ ਰੱਖਦੇ ਸੀ ਕਿ ਇਹ ਸੰਸਾਰ ਵਿੱਚ ਪ੍ਰਭੂ ਪ੍ਰਾਪਤੀ ਦਾ ਸ੍ਰੇਸ਼ਟ ਪੰਥ ਹੈ ਉਨ੍ਹਾਂ ਦੇ ਵਿਸ਼ਾਲ ਡੇਰੇ ਅਤੇ ਵਿਸ਼ਾਲ ਸੰਗਤ ਸਮੂਹ ਨੂੰ ਦੇਖਕੇ ਵਿਸ਼ੇਸ਼ ਆਕਰਸ਼ਿਤ ਸਨ ਅਤੇ ਸੇਵਾ ਕਰਨ ਦੇ ਲਈ ਡੇਰਾ ਬਾਬਾ ਜੈਮਲ ਸਿੰਘ ਬਿਆਸ (ਪੰਜਾਬ) ਵਿੱਚ ਤੇ ਛੱਤਰਪੁਰ ਪੂਸਾ ਰੋਡ ਦਿੱਲੀ ਵੀ ਜਾਂਦੇ ਰਹਿੰਦੇ ਸੀ। ਪਰ ਇਸ ਪੰਥ ਵਿੱਚ ਉਮਰ ਵਿਸ਼ੇਸ਼ ਵਿੱਚ ਨਾਮ ਦਿੱਤਾ ਜਾਂਦਾ ਹੈ ਇਸ ਲਈ ਅਜੇ ਮੈਂ ਇਸ ਪਾਤਰਤਾ ਦੇ ਲਈ ਆਯੋਗ ਸੀ।

ਮੇਰੇ ਮਾਤਾ-ਪਿਤਾ ਜਿਸ ਦਿਨ ਛਤਰਪੁਰ ਤੋਂ ਨਾਮ ਲੈਣ ਦੇ ਲਈ ਗਏ ਹੋਏ ਸੀ ਉਸੇ ਦਿਨ ਮੇਰੇ ਛੋਟੇ ਭਾਈ (ਉਮਰ ਪੰਜ ਸਾਲ) ਦੇ ਹੱਥੋਂ ਗੁਆਂਢ ਦੇ ਇੱਕ ਬੱਚੇ ਦੀ ਅੱਖ ਵਿੱਚ ਕੋਈ ਵਸਤੂ ਅਣਜਾਣੇ ਵਿੱਚ ਲੱਗ ਗਈ। ਜਦ ਸ਼ਾਮ ਨੂੰ ਨਾਮ ਉਪਦੇਸ਼ ਲੈ ਕੇ ਮੇਰੇ ਮਾਤਾ-ਪਿਤਾ ਵਾਪਸ ਆਏ। ਉਸ ਦਿਨ ਤੋਂ ਸਾਡਾ ਤੇ ਸਾਡੇ ਗੁਆਂਢੀਆਂ ਦਾ ਵੈਰ ਪੈ ਗਿਆ ਕਿ ਆਪਦੇ ਬੇਟੇ ਨੇ ਸਾਡੇ ਬੇਟੇ ਦੀ ਅੱਖ ਵਿੱਚ ਜਾਣਬੁੱਝ ਕੇ ਚੋਟ ਮਾਰੀ ਹੈ ਅਤੇ ਉਸ ਦਿਨ ਤੋਂ ਸਾਡੇ ਉੱਤੇ ਦੁੱਖਾਂ ਦਾ ਪਹਾੜ ਟੁੱਟ ਪਿਆ।

ਉਸੇ ਦੌਰਾਨ ਮੇਰੇ ਦਾਦਾ ਜੀ ਦਾ ਬਿਮਾਰੀ ਦੇ ਕਾਰਨ ਦਿਹਾਂਤ ਹੋ ਗਿਆ ਜਦ ਮੇਰੇ ਦਾਦਾ ਜੀ ਦਾ ਪਾਰਥਿਕ ਸਰੀਰ ਦੂਸਰੇ ਕਮਰੇ ਵਿੱਚ ਰੱਖਿਆ ਹੋਇਆ ਸੀ ਤਾਂ ਉਸੇ ਸਮੇਂ ਮੇਰੀ ਦਾਦੀ ਜੀ, ਜਿੰਨ੍ਹਾਂ ਦਾ ਦੇਹਾਂਤ ਹੋਏ ਬਾਰਾਂ ਸਾਲ ਹੋ ਚੁੱਕੇ ਸਨ, ਮੇਰੀ ਭੂਆ ਪ੍ਰੇਮਵਤੀ ਵਿੱਚ ਪ੍ਰੇਤ ਦੀ ਤਰ੍ਹਾਂ ਪ੍ਰਵੇਸ਼ ਕਰਕੇ ਬੋਲੀ। (ਮੇਰੀ ਦਾਦੀ ਨੇ ਵੀ ਰਾਧਾਸਵਾਮੀ ਪੰਥ ਤੋਂ ਪੰਜ ਨਾਂਮਾਂ ਦੀ ਬਹੁਤ ਜਿਆਦਾ ਸਾਧਨਾ ਕਰ ਰੱਖੀ ਸੀ। ਉਹ ਨਿਯਮਤ ਰੂਪ ਵਿੱਚ ਤਿੰਨ ਵਜੇ ਹੀ ਤੇ ਦਿਨ ਵਿੱਚ ਵੀ ਭਜਨ ਤੇ ਸਿਮਰਨ ਕਰਨ ਦੇ ਲਈ ਬੈਠ ਜਾਂਦੀ ਸੀ ਅਤੇ ਕਈ ਘੰਟੇ ਰਾਧਾਸਵਾਮੀ ਪੰਥ ਦੇ ਦੱਸੇ ਨਾਮ ਦਾ ਜਾਪ ਤੇ ਅਭਿਆਸ ਕਰਿਆ ਕਰਦੀ ਸੀ) ਕਿ ਅੱਜ ਤੁਹਾਡੇ ਦਾਦਾ ਜੀ ਦਾ ਜੀਵਨ ਸੰਸਕਾਰ ਸਮਾਪਤ ਹੋ ਗਿਆ ਇਸ ਲਈ ਮੈਂ ਆਪਨੂੰ ਸੰਭਾਲਣ ਆਈ ਹਾਂ। ਮੇਰੀ ਦਾਦੀ ਜੀ ਨੂੰ ਜੀਵਤ ਅਵਸਥਾ ਵਿੱਚ ਸਾਹ ਦੀ ਬਿਮਾਰੀ ਦੇ ਕਾਰਣ ਖਾਂਸੀ ਰਹਿੰਦੀ ਸੀ ਉਹ ਬਾਰ੍ਹਾਂ ਸਾਲ ਦੇ ਬਾਅਦ ਵੀ ਜਿਉਂ ਦੀ ਤਿਉਂ ਹੀ ਖੰਘ ਰਹੀ ਸੀ। ਤਦ ਅਸੀਂ ਪੁੱਛਿਆ ਕਿ ਦਾਦੀ ਜੀ ਆਪ ਤਾਂ ਬਹੁਤ ਦੁੱਖੀ ਦਿਖਾਈ ਦੇ ਰਹੀ ਹੋ, ਕੀ ਆਪ ਸਤਲੋਕ ਨਹੀਂ ਗਈ। ਤਦ ਮੇਰੀ ਦਾਦੀ ਜੀ ਨੇ ਕਿਹਾ ਕਿ ਬੇਟਾ ਮੈਂ ਤਾਂ ਗਲਤ ਸਾਧਨਾ ਦੇ ਕਾਰਨ ਆਪਣਾ ਅਨਮੋਲ ਮਨੁੱਖ ਜੀਵਨ ਬੇ-ਅਰਥ ਕਰ ਦਿੱਤਾ ਅਤੇ ਹੁਣ ਮੌਤ ਦੇ ਪਿੱਛੋਂ ਭੂਤ ਜੂਨੀ ਵਿੱਚ ਕਸ਼ਟ ਉਠਾ ਰਹੀ ਹਾਂ। ਮੈਂ ਕਿਤੇ ਸਤਲੋਕ ਵਿੱਚ ਨਹੀਂ ਗਈ। ਤਾਂ ਫਿਰ ਮੇਰੀ ਮਾਤਾ ਜੀ ਨੇ ਪੁੱਛਿਆ ਕਿ ਮਾਂ ਕੀ ਆਪ ਨੂੰ ਗੁਰੂ ਜੀ ਚਰਨ ਸਿੰਘ ਜੀ ਮਹਾਰਾਜ ਨੇ ਸੰਭਾਲਿਆ ਜਾਂ ਨਹੀਂ? ਤਾਂ ਮੇਰੀ ਦਾਦੀ ਨੇ ਕਿਹਾ ਕਿ ਉਨ੍ਹਾਂ ਨੇ ਮੇਰੀ ਕੋਈ ਸੰਭਾਲ ਨਹੀਂ ਕੀਤੀ ਮੈਂ ਅੱਜ ਵੀ ਇੰਝ ਹੀ ਦੁੱਖੀ ਹੋ ਰਹੀ ਹਾਂ।

ਉਸ ਘਟਨਾ ਦੇ ਦੋ ਸਾਲ ਬਾਅਦ ਇੱਕ ਦਿਨ ਮੇਰੀ ਦੁਸਰੀ ਭੂਆ ਕਮਲਾ ਦੇ ਅੰਦਰ ਮੇਰੇ ਦਾਦਾ ਜੀ ਪ੍ਰੇਤ ਵੱਸ ਪ੍ਰਵੇਸ਼ ਕਰਕੇ ਬੋਲੇ ਅਤੇ ਕਿਹਾ ਕਿ ਮੈਂ ਤਾਂ ਬਹੁਤ ਦੁਖੀ ਹਾਂ ਅਤੇ ਮੇਰੀ ਗਤੀ ਨਹੀਂ ਹੋਈ। ਮੈਂ ਨਹਾਉਣਾ ਚਾਹੁੰਦਾ ਹਾਂ। ਇਹ ਸੁਣਕੇ ਮੇਰੀ ਮਾਤਾ ਜੀ ਨੇ ਦੁੱਖ ਤੇ ਅਚੰਭੇ ਨਾਲ ਕਿਹਾ ਕਿ ਆਪ ਤਾਂ ਸਤਲੋਕ ਵਿੱਚ ਗਏ ਸੀ ਕੀ ਉੱਥੇ ਨਹਾਉਣ ਦੇ ਲਈ ਪਾਣੀ ਵੀ ਨਹੀਂ ਹੈ? ਫਿਰ ਮੇਰੀ ਮਾਤਾ ਜੀ ਮੇਰੇ ਦਾਦਾ ਜੀ (ਜੋ ਮੇਰੀ ਭੂਆ ਕਮਲਾ ਦੇਵੀ ਵਿੱਚ ਪ੍ਰੇਤ ਬਣਕੇ ਪ੍ਰਵੇਸ਼ ਹੋਇਆ ਸੀ) ਨੂੰ ਨਹਾਉਣ ਲੱਗੀ ਤਾਂ ਉਹ ਕਹਿਣ ਲੱਗਾ ਕਿ ਬੇਟੀ ਮੈਂ ਆਪਣੇ ਆਪ ਨਹਾ ਲਵਾਂਗਾ ਤਾਂ ਮੇਰੀ ਮਾਤਾ ਜੀ ਨੇ ਹਾਲਾਂਕਿ ਉਹ ਮੇਰੀ ਭੂਆ ਜੀ ਵਿੱਚ ਵੇਸ਼ ਸੀ ਇਸਲਈ ਭੂਆ ਵਾਲੇ ਕੱਪੜੇ ਹੀ ਪਹਿਨਾ ਦਿੱਤੇ ਤਾਂ ਮੇਰਾ ਦਾਦਾ ਬੋਲਿਆ ਬੱਸ 'ਬੇਟੀ ਮੇਰੀ ਧੋਤੀ ਲੈ ਆਓ, ਮੈਂ ਬੰਨ੍ਹ ਲਵਾਂਗਾ। ਮੇਰੀ ਮਾਤਾ ਜੀ ਨੇ ਐਸੇ ਹੀ ਇੱਕ ਚਾਦਰ ਫੜਾ ਦਿੱਤੀ ਜੋ ਉਨ੍ਹਾਂ ਕੱਪੜਿਆਂ ਦੇ ਉੱਪਰ ਤੋਂ ਦੀ ਲਪੇਟ ਲਈ। ਫਿਰ ਕਿਹਾ ਕਿ 'ਮੇਰੇ ਲਈ ਚਾਹ ਬਣਾਓ ਅਤੇ ਜਲਦੀ-2 ਵਿੱਚ ਹੀ ਚਾਹ ਪੀ ਲਈ। ਮੈਂ ਪੁੱਛਿਆ ਕਿ ਦਾਦਾ ਜੀ ਆਪ ਸਤਲੋਕ ਨਹੀਂ ਗਏ ਤਾਂ ਉਸਨੇ ਕਿਹਾ ਕਿ ਬੇਟਾ 'ਮੈਂ ਤਾਂ ਬਹੁਤ ਕਸ਼ਟ ਵਿੱਚ ਹਾਂ। ਮੇਰੀ ਮਾਤਾ ਜੀ ਨੇ ਫਿਰ ਪੁੱਛਿਆ ਆਪ ਤਾਂ ਰਾਧਾਸਵਾਮੀ ਹਜ਼ੂਰ ਚਰਨ ਸਿੰਘ ਜੀ ਮਹਾਰਾਜ ਤੋਂ ਨਾਮ ਉਪਦੇਸ਼ੀ ਸੀ ਭਗਤੀ ਵੀ ਕਰਦੇ ਸੀ ਕੀ ਉਨ੍ਹਾਂ ਨੇ ਆਪਦੀ ਕੋਈ ਸੰਭਾਲ ਨਹੀਂ ਕੀਤੀ? ਤਦ ਮੇਰੇ ਦਾਦਾ ਜੀ (ਜੋ ਪ੍ਰੇਤਵੱਸ਼ ਮੇਰੀ

ਭੂਆ ਜੀ ਵਿੱਚ ਪ੍ਰਵੇਸ਼ ਸੀ) ਨੇ ਕਿਹਾ ਕਿ ਉਨ੍ਹਾਂ ਨੇ ਮੇਰੀ ਕੋਈ ਸੰਭਾਲ ਨਹੀਂ ਕੀਤੀ ਅਤੇ ਮੈਂ ਤਾਂ ਇੰਝ ਹੀ ਧੱਕੇ ਖਾਂਦਾ ਫਿਰ ਰਿਹਾ ਹਾਂ।

ਉਸੇ ਦੌਰਾਨ ਮੇਰੀਆਂ ਅੱਖਾਂ ਵੀ ਇੰਨੀਆਂ ਕੰਮਜ਼ੋਰ ਹੋ ਗਈਆਂ ਕਿ ਘੱਟ ਦਿਖਾਈ ਦੇਣ ਲੱਗਾ ਅਤੇ ਚਸ਼ਮਾ ਵਾਰ-2 ਬਦਲਾਉਣਾ ਪੈਂਦਾ ਸੀ। ਮੈਂ ਇੱਕ ਦੋਸਤ ਦੇ ਨਾਲ ਪੜ੍ਹਨ ਦੇ ਲਈ ਉਸਦੇ ਕੋਲ ਜਾਂਦਾ ਸੀ ਉੱਥੇ ਭਗਤ ਸੰਤਰਾਮ ਨੇ ਮੈਨੂੰ ਪੂਰਣ ਬ੍ਰਹਮ ਦੇ ਅਵਤਾਰ ਸਤਿਗੁਰੂ ਰਾਮਪਾਲ ਮਹਾਰਾਜ ਜੀ ਦੀ ਮਹਿਮਾ ਸੁਣਾਈ ਅਤੇ ਕਿਹਾ ਕਿ ਆਪ ਸਤਿਗੁਰੂ ਰਾਮਪਾਲ ਮਹਾਰਾਜ ਜੀ ਤੋਂ ਨਾਮ ਉਪਦੇਸ਼ ਲੈ ਲਵੋ ਆਪ ਦੀਆਂ ਅੱਖਾਂ ਠੀਕ ਹੋ ਜਾਣਗੀਆਂ ਅਤੇ ਕਿਹਾ ਕਿ ਇਨ੍ਹਾਂ ਕਸ਼ਟਾਂ ਅਤੇ ਦੁੱਖਾਂ ਤੋਂ ਸਾਨੂੰ ਜੀਵਾਂ ਨੂੰ ਕੱਢਣ ਦੇ ਲਈ ਪ੍ਰਮੇਸ਼ਵਰ ਕਬੀਰ ਸਾਹਿਬ ਸੰਤ ਦਾ ਰੂਪ ਧਾਰਣ ਕਰਕੇ ਆਏ ਹਨ। ਮੈਂ ਕਿਹਾ ਕਿ ਮੇਰੇ ਮਾਤਾ ਪਿਤਾ ਜੀ ਨੇ ਰਾਧਾਸਵਾਮੀ ਤੋਂ ਨਾਮ ਉਪਦੇਸ਼ ਲੈ ਰੱਖਿਆ ਹੈ। ਭਗਤ ਸੰਤਰਾਮ ਨੇ ਕਿਹਾ ਕਿ 'ਉਹ ਪੰਥ ਪੂਰਣ ਨਹੀਂ ਹੈ ਉਨ੍ਹਾਂ ਦੀ ਭਗਤੀ ਸਾਧਨਾਂ ਨਾਲ ਨਾ ਤਾਂ ਸਤਲੋਕ ਪ੍ਰਾਪਤੀ ਹੋਵੇਗੀ ਨਾ ਹੀ ਜੀਵਨ ਵਿੱਚ ਕਦੀ ਕਰਮ ਦੀ ਮਾਰ ਟੱਲ ਸਕੇਗੀ, ਉਸਨੂੰ ਤਾਂ ਕਬੀਰ ਸਾਹਿਬ ਦਾ ਨੁਮਾਇੰਦਾ ਸੰਤ ਹੀ ਟਾਲ ਸਕਦਾ ਹੈ।

ਮੇਰੇ ਪਿਤਾ ਜੀ ਨੂੰ ਸਾਹ ਦੀ ਬਿਮਾਰੀ ਸੀ ਦਸ ਕਦਮ ਚੱਲਣ ਨਾਲ ਹੀ ਬੇਹਾਲ ਹੋ ਜਾਂਦੇ ਸੀ, ਸਾਹ ਦੀ ਬਿਮਾਰੀ ਦੇ ਕਾਰਨ ਦਮ ਫੁੱਲਣ ਲੱਗਦਾ ਸੀ ਹਾਈ ਅਤੇ ਲੋ ਬਲੱਡ ਪ੍ਰੈਸ਼ਰ ਦੀ ਵੀ ਬਿਮਾਰੀ ਸੀ ਮੇਰੇ ਪਿਤਾ ਜੀ ਨੂੰ ਇਲੈਕਸ਼ਨ ਡਿਊਟੀ ਦੇ ਦੌਰਾਨ ਹਾਰਟ ਅਟੈਕ ਹੋਇਆ ਪਰ ਕਰਮ ਸੰਸਕਾਰ ਵੱਸ਼ ਉਹ ਬਚ ਗਏ, ਪਰ ਤਦ ਵੀ ਅਸੀਂ ਇਹ ਸੋਚਦੇ ਰਹੇ ਕਿ ਰਾਧਾਸਵਾਮੀਂ ਪੰਥੀ ਸੰਤ ਗੁਰਵਿੰਦਰ ਜੀ ਮਹਾਰਾਜ ਨੇ ਹਰਟ ਅਟੈਕ ਤੋਂ ਬਚਾ ਲਿਆ, ਬਹੁਤ ਰਜਾ ਕੀਤੀ।

ਪਰ ਅਸੀਂ ਤਾਂ ਸਰਦੀਆਂ ਦੀ ਇੱਕ-2 ਰਾਤ ਵਿੱਚ ਆਪਣੇ ਪਿਤਾ ਜੀ ਦਾ ਇੱਕ-2 ਸਾਹ ਟੁੱਟਦੇ ਦੇਖਿਆ ਹੈ, ਬਿਲਕੁਲ ਮ੍ਰਿਤੂ ਪ੍ਰਾਪਤ ਹੋ ਜਾਂਦੇ ਸੀ ਅਤੇ ਸਵਾਏ ਬੈਠਕੇ ਰੋਣੇ ਦੇ ਅਸੀਂ ਕੁਝ ਨਹੀਂ ਕਰ ਸਕਦੇ ਸੀ ਕਿਉਂਕਿ ਦਵਾਈਆਂ ਦਾ ਵੀ ਆਖਰ ਆ ਚੁੱਕਿਆ ਸੀ, ਡਾਕਟਰ ਜਿੰਨੀ ਜਿਆਦਾ ਤੋਂ ਜਿਆਦਾ ਡੋਜ ਦਵਾਈ ਦੀ ਵਧਾ ਸਕਦੇ ਸੀ ਵਧਾ ਚੁੱਕੇ ਸਨ, ਇਸ ਤੋਂ ਜ਼ਿਆਦਾ ਉਹ ਖੁਰਾਕ ਨੂੰ ਨਹੀਂ ਵਧਾ ਸਕਦੇ ਸਨ। ਮੇਰੀ ਮਾਤਾ ਜੀ ਡੇਰੇ ਬਾਬਾ ਜੈਮਲ ਸਿੰਘ ਤੋਂ ਲਿਆਂਦਾ ਹੋਇਆ ਪ੍ਰਸ਼ਾਦ ਉਨ੍ਹਾਂ ਨੂੰ ਖਵਾਉਂਦੀ ਅਤੇ ਰਾਧਾਸਵਾਮੀ ਪੰਥੀ ਗੁਰਵਿੰਦਰ ਸਿੰਘ ਜੀ ਮਹਾਰਾਜ ਦੀ ਮੂਰਤੀ ਦੇ ਸਾਹਮਣੇ ਬੈਠਕੇ ਪ੍ਰਾਰਥਨਾ ਕਰਦੀ ਅਤੇ ਰੋਂਦੀ। ਉਸੇ ਸਮੇਂ ਮੇਰੇ ਛੋਟੇ ਭਾਈ ਨੂੰ ਓਪਰੇ (ਪ੍ਰੇਤਪ੍ਰਕੋਪ) ਦੀ ਸ਼ਕਾਇਤ ਰਹਿਣ ਲੱਗੀ ਉਹ ਰਾਤ ਨੂੰ ਚਮਕ ਕੇ ਉੱਠ ਜਾਂਦਾ ਸੀ ਅਤੇ ਕਹਿੰਦਾ ਸੀ ਕਿ ਮੇਰਾ ਪੈਰ ਫੜਕੇ ਕੋਈ ਖਿੱਚ ਰਿਹਾ ਹੈ, ਸੌਣ ਨਹੀਂ ਦੇ ਰਿਹਾ ਹੈ, ਉਹ ਵੀ ਬਹੁਤ ਬਿਮਾਰ ਰਹਿਣ ਲੱਗਾ। ਪੂਰਣ ਪ੍ਰਮਾਤਮਾ ਕਬੀਰ ਪ੍ਰਮੇਸ਼ਵਰ ਜੀ ਦੀ ਦਇਆ ਨਾਲ ਮੈਨੂੰ ਦਾਸ ਨੂੰ 8 ਅਕਤੂਬਰ 1998 ਨੂੰ ਸਤਿਗੁਰੂ ਰਾਮਪਾਲ ਜੀ ਮਹਾਰਾਜ ਤੋਂ ਨਾਮ ਉਪਦੇਸ਼ ਪ੍ਰਾਪਤ ਹੋਇਆ, ਤਾਂ ਵੀਹ ਦਿਨ ਅੰਦਰ ਹੀ ਪੂਰਣ ਸੰਤ ਰਾਮਪਾਲ ਜੀ ਮਹਾਰਾਜ ਜੀ ਦੀ ਦਇਆ ਨਾਲ ਮੇਰਾ ਚਸ਼ਮਾ ਵੀ ਉਤਰ ਗਿਆ ਅਤੇ ਮੈਂ ਦਵਾਈ ਖਾਣੀ ਵੀ ਛੱਡ ਦਿੱਤੀ। ਮੈਨੂੰ ਸਤਿਗੁਰੂ ਰਾਮਪਾਲ ਜੀ ਮਹਾਰਾਜ ਉੱਤੇ ਪੂਰਾ ਵਿਸ਼ਵਾਸ਼ ਹੋ ਗਿਆ ਸੀ। ਭਗਤ ਸੰਤਰਾਮ ਨੇ ਘਰ ਆਕੇ ਮੇਰੇ ਮਾਤਾ-ਪਿਤਾ ਨੂੰ ਵੀ ਸਮਝਾਇਆ ਕਿ ਆਪ ਪੂਰਨ ਪ੍ਰਮਾਤਮਾ ਕਬੀਰ ਸਾਹਿਬ ਦੇ ਨੁਮਾਇੰਦੇ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮ ਉਪਦੇਸ਼ ਲੈ ਲਵੋ ਆਪ ਜੀ ਦੇ ਸਾਰੇ ਕਸ਼ਟਾਂ ਦਾ ਨਿਵਾਰਣ ਹੋ ਜਾਏਗਾ।

ਉਸਦੇ ਬਾਅਦ ਮੈਂ ਵੀ ਆਪਣੇ ਮਾਤਾ-ਪਿਤਾ ਨੂੰ ਸਮਝਾਇਆ ਤਾਂ ਉਹ ਬੋਲੇ "ਅਸੀਂ ਪਹਿਲਾਂ ਤਾਂ ਰਾਧਾਸਵਾਮੀ ਸੀ, ਹੁਣ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮ ਲਵਾਂਗੇ। ਦੁਨੀਆਂ ਕੀ ਕਹੇਗੀ? "ਤਦ ਮੈਂ ਕਿਹਾ ਕਿ ਪਿਤਾ ਜੀ, ਜੇਕਰ ਇੱਕ ਡਾਕਟਰ ਤੋਂ ਇਲਾਜ ਨਹੀਂ ਹੋ ਰਿਹਾ ਤਾਂ ਕੀ ਦੂਸਰਾ ਡਾਕਟਰ ਨਹੀਂ ਬਦਲਦੇ?" ਪ੍ਰੰਤੂ ਦੁੱਖੀ ਬਹੁਤ ਸੀ ਕੁਝ ਸਮੇਂ ਬਾਅਦ ਕਬੀਰ ਪ੍ਰਮੇਸ਼ਵਰ ਜੀ ਦੀ ਸ਼ਰਣ ਵਿੱਚ ਆ ਗਏ ਅਤੇ ਰਾਧਾਸਵਾਮੀ ਪੰਥ ਉਨ੍ਹਾਂ ਪੰਜ ਨਾਮਾਂ ਦਾ ਤਿਆਗ ਕਰਕੇ ਪੂਰਨ ਸੰਤ ਰਾਮਪਾਲ ਜੀ ਮਹਾਰਾਜ ਤੋਂ ਨਾਮ ਉਪਦੇਸ਼ ਲੈ ਲਿਆ।

ਸਤਿਗੁਰੂ ਕਬੀਰ ਸਾਹਿਬ ਜੀ ਕਹਿੰਦੇ ਹਨ, "ਸ਼ਰਣ ਪੜੇ ਕੋ ਗੁਰੂ ਸੰਭਾਲੇ ਜਾਣ ਕੇ ਬਾਲਕ ਭੋਲਾ ਰੇ" ਸਾਰੇ ਪਰਿਵਾਰ ਦੇ ਨਾਮ ਲੈਣ ਦੇ ਨਾਲ ਹੀ ਸਾਡੇ ਦਿਨ ਬਦਲ ਗਏ। ਮੇਰੇ ਭਾਈ ਦਾ ਓਪਰਾ (ਪ੍ਰੇਤਬਾਧਾ) ਠੀਕ ਹੋ ਗਿਆ।ਪਿਤਾ ਜੀ ਦੀ ਸਿਹਤ ਬਿਲਕੁਲ ਠੀਕ ਹੋ ਗਈ ਤੇ ਪਹਿਲਾਂ ਉਹ ਦਸ ਕਦਮ ਨਹੀਂ ਚੱਲ ਸਕਦੇ ਸੀ ਹੁਣ ਇੱਕ ਆਦਮੀ ਦੇ ਨਾਲ ਲੱਗਕੇ ਚੀਨੀ ਦੀ ਬੋਰੀ ਨੂੰ ਚੱਕ ਲੈਂਦੇ ਹਨ। ਸਾਡਾ ਪਰਿਵਾਰ ਅੱਜ ਪੂਰਨ ਪ੍ਰਮਾਤਮਾ ਦੇ ਅਵਤਾਰ ਸਤਿਗੁਰੂ ਰਾਮਪਾਲ ਜੀ ਮਹਾਰਾਜ ਜੀ ਦੀ ਸ਼ਰਣ ਵਿੱਚ ਉਨ੍ਹਾਂ ਦੀ ਦਇਆ ਨਾਲ ਪੂਰਨ ਸੁੱਖੀ ਹੈ।

ਪ੍ਰੰਤੂ ਸਾਡੇ ਦਾਦਾ-ਦਾਦੀ ਤੇ ਪਿਤਾ ਜੀ ਦੀ ਨਾਨੀ ਜੀ ਦੇ ਮਨੁੱਖ ਜੀਵਨ ਦਾ ਜੋ ਨੁਕਸਾਨ ਹੋਇਆ ਉਸਦੀ ਪੂਰਤੀ ਕਿਸੇ ਵੀ ਪ੍ਰਕਾਰ ਨਾਲ ਨਹੀਂ ਹੋ ਸਕਦੀ। ਜਦ ਕਿਸੇ ਆਦਮੀ ਦੀ ਜਾਨ ਬਚਾਉਣ ਦੇ ਲਈ ਲੱਖਾਂ ਅਤੇ ਕਰੋੜਾਂ ਰੁਪਏ ਖਰਚ ਕਰ ਦਿੱਤੇ ਜਾਣ ਅਤੇ ਉਹ ਬਚ ਜਾਵੇ ਤਾਂ ਉਸਨੂੰ ਉਸ ਪੈਸੇ ਦਾ ਕੋਈ ਮਲਾਲ ਨਹੀਂ ਹੁੰਦਾ ਕਿ ਚਲੋ ਜਾਨ ਬਚੀ। ਪਰ ਅੱਜ ਚਾਹੇ ਕਿੰਨੀ ਵੀ ਕੀਮਤ ਚੁਕਾਉਣ ਨਾਲ ਵੀ ਮੇਰੇ ਦਾਦਾ-ਦਾਦੀ ਦਾ ਜੀਵਨ ਜੋ ਸ਼ਾਸਤਰ ਵਿਰੁੱਧ ਸਾਧਨਾ (ਰਾਧਾਸਵਾਮੀ ਪੰਥ ਦੁਆਰਾ ਦੱਸੇ ਪੰਜ ਨਾਵਾਂ ਦੀ ਸਾਧਨਾ) ਕਰਨ ਨਾਲ ਬਿਲਕੁਲ ਬੇ-ਅਰਥ ਚਲਾ ਗਿਆ (ਉਹ ਭੂਤ ਪਿੱਤਰ ਦੀ ਜੂਨੀਆਂ ਵਿੱਚ ਕਸ਼ਟ ਭੋਗ ਰਹੇ ਹਨ), ਵਾਪਸ ਨਹੀਂ ਆ ਸਕਦਾ। ਜੋ ਘਿਨੌਣਾ ਮਜਾਕ ਇਹ ਨਕਲੀ ਸੰਤ ਅਤੇ ਪੰਥ ਸਾਰੇ ਸਮਾਜ ਦੇ ਨਾਲ ਕਰ ਰਹੇ ਹਨ ਕਿਉਂਕਿ ਚੌਰਾਸੀ ਲੱਖ ਜੂਨੀਆਂ ਭੋਗਣ ਦੇ ਪਿੱਛੋਂ ਮਿਲਣ ਵਾਲੇ ਅਨਮੋਲ ਮਨੁੱਖ ਜੀਵਨ ਨੂੰ ਜੋ ਪੂਰਨ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਇੱਕ ਮਾਤਰ ਸਾਧਨ ਹੈ ਉਸਨੂੰ ਬਰਬਾਦ ਕਰ ਰਹੇ ਹਨ। ਇਸ ਮਹਾਂਗਲਤੀ ਦੀ ਪੂਰਤੀ ਕਿਸੇ ਵੀ ਕੀਮਤ ਉੱਤੇ ਪੂਰੀ ਨਹੀਂ ਕੀਤੀ ਜਾ ਸਕਦੀ।

ਹੇ ਬੰਦੀਛੋੜ ਸਤਿਪੁਰਸ਼ ਰੂਪ ਸਤਿਗੁਰੂ ਰਾਮਪਾਲ ਜੀ ਮਹਾਰਾਜ ਆਪਨੇ ਬਹੁਤ ਕ੍ਰਿਪਾ ਕੀਤੀ ਸਾਡੇ ਤੁਛ ਜੀਵਾਂ ਉੱਤੇ ਜੋ ਆਪਣਾ ਸਤਿ ਗਿਆਨ ਦੇਕੇ ਆਪਣੀ ਸ਼ਰਣ ਵਿੱਚ ਬੁਲਾ ਲਿਆ ਨਹੀਂ ਤਾਂ ਅਸੀਂ ਵੀ ਪੀੜੀ ਦਰ ਪੀੜ੍ਹੀ ਪ੍ਰਾਪਤ ਅਵਿਧੀ ਪੂਰਵਕ ਸਾਧਨਾ ਵਿੱਚ ਆਪਣੇ ਮਨੁੱਖ ਜਨਮ ਨੂੰ ਸਮਾਪਤ ਕਰਕੇ ਕਿਤੇ ਭੂਤ ਅਤੇ ਪਿੱਤਰਾਂ ਦੀਆਂ ਜੂਨੀਆਂ ਵਿੱਚ ਚਲੇ ਜਾਂਦੇ ਅਤੇ ਇਸ ਸ਼ਾਸਤਰਵਿਧੀ ਯੁਕਤ ਸਤਿਭਗਤੀ ਤੋਂ ਵੰਚਿਤ ਰਹਿ ਜਾਂਦੇ।

ਸਾਰੇ ਬੱਧੀਜੀਵੀ ਸਮਾਜ ਨੂੰ ਪ੍ਰਾਰਥਨਾ ਹੈ ਕਿ ਹੁਣ ਵੀ ਸਮਾਂ ਹੈ। ਇਸ ਸਤਿ ਗਿਆਨ ਨੂੰ ਸਮਝੋ ਤੇ ਨਿਰਪੱਖ ਹੋਕੇ ਨਿਰਣੈ ਕਰੋ। ਬੰਦੀਛੋੜ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਚਰਣਾਂ ਵਿੱਚ ਆਕੇ ਸਤਿਭਗਤੀ ਪ੍ਰਾਪਤ ਕਰਕੇ ਆਪਣੇ ਮਨੁੱਖ ਜੀਵਨ ਦਾ ਕਲਿਆਣ ਕਰਵਾਓ।

ਸਤਿ ਸਾਹਿਬ

ਸਤਿਗੁਰੂ ਸ਼ਰਣਾਂ ਦਾ ਦਾਸ
ਭਗਤ ਦੀਪਕ ਦਾਸ
ਮੋਬ. ਨੰ. 08571973093

# "ਪ੍ਰਮੇਸ਼ਵਰ ਦੀ ਅਸੀਮ ਕ੍ਰਿਪਾ"

ਬੰਦੀਛੋੜ ਸਤਿਗੁਰੂ ਜੀ ਮਹਾਰਾਜ ਜੀ ਦੀ ਜੈ

ਯਜੁਰਵੇਦ ਅਧਿਆਇ 8 ਮੰਤਰ 13 ਵਿੱਚ ਪ੍ਰਮਾਣ ਹੈ ਕਿ ਪੂਰਣ ਪ੍ਰਮਾਤਮਾ ਪਾਪੀ ਤੋਂ ਵੀ ਪਾਪੀ ਵਿਅਕਤੀਆਂ ਦੇ ਵੀ ਸੰਪੂਰਣ ਪਾਪਾਂ ਦਾ ਨਾਸ਼ ਕਰਕੇ ਭਿਆਨਕ ਰੋਗਾਂ ਤੋਂ ਵੀ ਮੁਕਤ ਕਰ ਦਿੰਦੇ ਹਨ। ਜਿਸਦਾ ਮੈਂ ਜਿਉਂਦਾ ਜਾਗਦਾ ਉਦਾਹਰਣ ਹਾਂ।

ਮੈਂ ਕੇਸ਼ਵ ਮੈਨਾਲੀ ਪੁੱਤਰ ਸ਼੍ਰੀ ਇੰਦਰ ਪ੍ਰਸ਼ਾਦ ਮੈਨਾਲੀ ਪਿੰਡ ਵਿਕਾਸ ਸਮਿਤੀ ਹਰੀਔਨ, ਜ਼ਿਲ੍ਹਾ ਸਰਲਾਹੀ, ਨੇਪਾਲ ਦਾ ਨਿਵਾਸੀ ਹਾਂ ਅਤੇ ਵਰਤਮਾਨ ਵਿੱਚ ਕਾਠਮੰਡੂ ਉਪਤਯਕਾ ਟਿਮੀ ਭਗਤਪੁਰ ਵਿੱਚ ਘਰ ਬਣਾਕੇ ਰਹਿੰਦਾ ਹਾਂ। ਮੈਂ ਚੂਰੇ ਭਾਵਰ (ਨੇਪਾਲ) ਨਾਮ ਦੇ ਰਾਜਨੀਤਿਕ ਪਾਰਟੀ ਦਾ ਮੈਂਬਰ ਅਤੇ ਪੂਰਵ ਸਭਾਸਦ ਹਾਂ। ਮੇਰਾ ਮੋਬਾਇਲ ਨੰ. = +00977-9841892583 ਹੈ। ਮੇਰੇ ਉੱਪਰ ਸਤਿਗੁਰੂ ਰਾਮਪਾਲ ਜੀ ਮਹਾਰਾਜ ਨੇ ਚਮਤਕਾਰੀ ਕਿਰਪਾ ਕਰ ਮੈਨੂੰ ਅਤੇ ਮੇਰੇ ਪਰਿਵਾਰ ਦੇ ਸੰਪੂਰਨ ਦੁੱਖਾਂ ਦਾ ਨਾਸ਼ ਕਰ ਸੁੱਖੀ ਬਣਾ ਦਿੱਤਾ।

ਸੰਸਾਰ ਦੀ ਨਜ਼ਰ ਵਿੱਚ ਮੈਂ ਸੁੱਖੀ ਅਤੇ ਸਨਮਾਨਿਤ ਜੀਵਨ ਜਿਓਂ ਰਿਹਾ ਸੀ ਪ੍ਰੰਤੂ ਮੈਂ ਆਪਣੀਆਂ ਬਿਮਾਰੀਆਂ ਦੇ ਕਾਰਨ ਬਹੁਤ ਹੀ ਦੁੱਖੀ ਸੀ। ਮੈਂ ਪਿਛਲੇ 20 ਸਾਲਾਂ ਤੋਂ ਤੋਂ ਖ਼ੂਨੀਂ ਬਵਾਸੀਰ ਤੋਂ ਪੀੜਤ ਸੀ ਅਤੇ ਸ਼ੌਚ ਕਰਦੇ ਸਮੇਂ ਅਤਿਆਧਿਕ ਪੀੜਾ ਸਹਿਣ ਕਰਨੀ ਪੈਂਦੀ ਸੀ ਨਾਲ ਹੀ 8 ਸਾਲਾਂ ਤੋਂ ਕ੍ਰੋਨਿਕ ਬ੍ਰੋਕਾਈਟਿਸ ਤੋਂ ਪੀੜਤ ਸੀ। ਰਾਜਨੀਤਿਕ ਕਰਮਚਾਰੀ ਹੋਣ ਕਾਰਨ ਬੁਹਤ ਲੋਕਾਂ ਨਾਲ ਮਿਲਣਾ ਪੈਂਦਾ ਸੀ ਅਤੇ ਹਮੇਸ਼ਾ ਮੁੱਖ ਉੱਤੇ ਕੱਪੜਾ ਜਾਂ ਹੱਥ ਰੱਖਕੇ ਬੋਲਣਾ ਪੈਂਦਾ ਸੀ। ਮੈਂ ਆਪਣੇ ਰੋਗਾਂ ਦੇ ਇਲਾਜ ਦੇ ਲਈ ਚੰਗੇ ਤੋਂ ਚੰਗੇ ਡਾਕਟਰਾਂ ਨੂੰ ਦਿਖਾਇਆ। ਪ੍ਰੰਤੂ ਕੋਈ ਫਾਇਦਾ ਨਹੀਂ ਹੋਇਆ। ਜਦ ਕਿ ਮੈਂ ਧਰਮ ਦੇ ਨਾਮ ਉੱਤੇ ਅਗਿਆਨੀ ਸੰਤਾਂ ਦੇ ਚੱਕਰਾਂ ਵਿੱਚ ਪੈਕੇ ਆਪਣੇ ਜੀਵਨ ਦੇ 62 ਸਾਲ ਬਰਬਾਦ ਕਰ ਚੁੱਕਾ ਸੀ।

ਮੈਨੂੰ ਇਹ ਗੱਲਾਂ ਸਤਿਗੁਰੂ ਰਾਮਪਾਲ ਜੀ ਤੋਂ ਨਾਮ ਉਪਦੇਸ਼ ਲੈਣ ਦੇ ਬਾਅਦ ਪਤਾ ਚੱਲੀਆਂ। ਨੇਪਾਲ ਸੰਸਦ ਦਾ ਸਭਾਸਦ ਹੋਣ ਦੇ ਕਾਰਨ ਸਰਕਾਰੀ ਖਰਚਿਆਂ ਉੱਤੇ ਮੈਂ ਸੰਸਾਰ ਦੇ ਕਿਸੀ ਵੀ ਡਾਕਟਰ ਤੋਂ ਆਪਣੇ ਰੋਗਾਂ ਦਾ ਇਲਾਜ ਕਰਵਾ ਸਕਦਾ ਸੀ। ਪ੍ਰੰਤੂ ਨੇਪਾਲ ਦੇ ਮੈਡੀਕਲ ਬੋਰਡ ਨੇ ਇਸਦੇ ਲਈ ਸਫਾਰਿਸ਼ ਨਹੀਂ ਕੀਤੀ ਕਿਉਂਕਿ ਉਨ੍ਹਾਂ ਦੇ ਅਨੁਸਾਰ ਮੇਰਾ ਰੋਗ ਲਾ ਇਲਾਜ ਸੀ ਅਤੇ ਕੋਈ ਵੀ ਡਾਕਟਰ ਮੈਨੂੰ ਠੀਕ ਨਹੀਂ ਕਰ ਸਕਦਾ ਸੀ। ਹੁਣ ਤਾਂ ਮੈਨੂੰ ਲਗਦਾ ਸੀ ਕਿ ਜੀਵਨਭਰ ਦੁੱਖ ਭੋਗਣਾ ਪਵੇਗਾ ਅਤੇ ਹਮੇਸ਼ਾਂ ਦਵਾਈ ਖਾਂਦੇ ਰਹਿਣਾ ਪਏਗਾ।

ਇੱਕ ਦਿਨ ਮੈਂ ਸ਼ੋਕਮਗਨ ਬੈਠਾ ਸੀ ਮੈਨੂੰ ਮੇਰੇ ਮਿੱਤਰ ਭਗਤ ਭੋਲਾ ਦਾਸ ਜੋ ਕਈ ਸਾਲਾਂ ਤੋਂ ਸਤਿਗੁਰੂ ਰਾਮਪਾਲ ਜੀ ਮਹਾਰਾਜ ਦੇ ਸ਼ਿਸ਼ ਸਨ ਮੇਰੇ ਦੁੱਖਾਂ ਨੂੰ ਸੁਣਕੇ ਸਤਿਗੁਰੂ ਜੀ ਤੋਂ ਉਪਦੇਸ਼ ਲੈਣ ਕਰਕੇ ਆਪਦੇ ਦੁੱਖਾਂ ਦਾ ਜ਼ਰੂਰ ਨਾਸ਼ ਹੋਏਗਾ। ਇਹ ਕਹਿਕੇ ਵਿਸ਼ਵਾਸ਼ ਦਿਵਾਉਣ ਲੱਗਿਆ। ਮੈਂ ਕਦਾਚਿੱਤ ਵੱਡੇ-ਵੱਡੇ ਸੰਤਾਂ ਦੀ ਸੰਗਤ ਕਰਕੇ ਥੱਕ ਚੁੱਕਾ ਸੀ। ਉਸ ਮਿੱਤਰ ਦੀ ਬਾਣੀ ਮੇਰੇ ਲਈ ਅੰਧੇਰੇ ਵਿੱਚ ਦੀਪਕ ਦੇ ਪ੍ਰਕਾਸ਼ ਦੇ ਸਮਾਨ ਮੇਰੇ ਮਨ ਨੂੰ ਛੂਹ ਗਈ। ਮੈਂ ਤੀਸਰੇ ਦਿਨ ਹੀ ਸਤਲੋਕ ਆਸ਼ਰਮ ਚੰਡੀਗੜ੍ਹ ਰੋਡ ਬਰਵਾਲਾ, ਜ਼ਿਲ੍ਹਾ ਹਿਸਾਰ, ਹਰਿਆਣਾ (ਭਾਰਤ) ਦੇ ਲਈ ਚੱਲ ਪਿਆ ਤੇ ਆਪਣੀ ਪਤਨੀ ਨੂੰ ਵੀ ਲਿਆ ਕਿਉਂਕਿ ਗੋਡੇ ਦੀ ਹੱਡੀ ਘਿਸ ਜਾਣ ਦੇ ਕਾਰਨ ਉਹ ਵੀ ਬੁਹਤ ਪ੍ਰੇਸ਼ਾਨ ਸੀ ਅਤੇ ਉਸਦੀਆਂ ਅੱਖਾਂ ਵਿੱਚ ਜਲ ਬਿੰਦੂ ਨਾਮਕ ਇੱਕ ਲਾਇਲਾਜ ਰੋਗ ਸੀ ਤੇ ਆਪਣੇ ਛੋਟੇ ਪੁੱਤਰ ਦੀ ਪਤਨੀ ਨੂੰ ਵੀ ਨਾਲ ਲੈ ਲਿਆ। ਮੈਨੂੰ ਰਸਤੇ ਵਿੱਚ ਨੇਪਾਲ ਦੇ ਕਈ ਭਗਤਜਨ ਮਿਲ ਗਏ ਜੋ ਸਤਲੋਕ ਆਸ਼ਰਮ ਵਿੱਚ ਜਾ ਰਹੇ ਸਨ ਇਸ ਪ੍ਰਕਾਰ ਮੈਂ ਬਿਨਾਂ ਕੋਈ ਪ੍ਰੇਸ਼ਾਨੀ ਸਤਲੋਕ ਆਸ਼ਰਮ ਆ ਗਿਆ।

ਮੈਂ ਸੰਤਾਂ ਅਤੇ ਮਹੰਤਾਂ ਦੇ ਸਵਾਰਥ ਤੋਂ ਪਰਿਚਿਤ ਸੀ ਤੇ ਸਤਿਗੁਰੂ ਰਾਮਪਾਲ ਜੀ ਮਹਾਰਾਜ ਦਾ ਕੋਈ ਪੁਸਤਕ ਤੇ ਪ੍ਰਵਚਨ ਨਹੀਂ ਸੁਣਿਆ ਸੀ, ਕਿਸੇ ਦੇ ਕਹਿਣ ਮਾਤਰ ਨਾਲ ਆ ਗਿਆ ਸੀ। ਅਤੇ ਆਉਂਦੇ ਹੀ ਨਾਮ ਉਪਦੇਸ਼ ਲੈਣ ਲਈ ਤਿਆਰ ਨਹੀਂ ਸੀ। ਮੇਰਾ ਸੁਭਾਗ ਹੀ ਸੀ ਕਿ ਮੇਰਾ ਆਉਣਾ ਹੀ ਸਤਿਸੰਗ ਸਮਾਗਮ ਦੇ ਸਮੇਂ ਹੋਇਆ ਅਤੇ ਮੈਨੂੰ ਸਤਿਗੁਰੂ ਦੇਵ ਦਾ ਸਤਿਸੰਗ ਸੁਣਨ ਨੂੰ ਮਿਲਿਆ ਜਿਸ ਵਿੱਚ ਮੈਨੂੰ ਪਤਾ ਚੱਲਿਆ ਕਿ ਇਸ ਸੰਸਾਰ ਦੇ ਸਭ ਧਰਮਗੁਰੂ, ਸਭ ਪੰਡਿਤ, ਸਭ ਪ੍ਰੋਹਿੱਤ ਆਪਣੇ ਨਿੱਜੀ ਸਵਾਰਥ ਦੇ ਲਈ ਧਰਮ ਦੇ ਨਾਮ ਉੱਤੇ ਲੋਕਾਂ ਨੂੰ ਕਾਲ-ਜਾਲ ਵਿੱਚ ਫਸਾਕੇ ਅਸੀਂ ਭੋਲੀ-ਭਾਲੀ ਆਤਮਾਵਾਂ ਨੂੰ ਨਰਕ ਭੇਜਣ ਦਾ ਪ੍ਰਪੰਚ ਰਚ ਰਹੇ ਹਨ ਉਹ ਨਾ ਤਾਂ ਕਦੀ ਪ੍ਰਮੇਸ਼ਵਰ ਨੂੰ ਮਿਲੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਪ੍ਰਮੇਸ਼ਵਰ ਦੀ ਸਤਿਭਗਤੀ ਦਾ ਗਿਆਨ ਹੈ ਅਤੇ ਇਹ ਕੰਮ ਉਹ ਕੁਝ ਰੁਪਇਆਂ ਤੇ ਸਮਾਜ ਵਿੱਚ ਸਨਮਾਨ ਪਾਉਣ ਮਾਤਰ ਦੇ ਲਈ ਕਰ ਰਹੇ ਹਨ। ਪ੍ਰੰਤੂ ਮੈਂ ਫਿਰ ਵੀ ਨਾਮ ਉਪਦੇਸ਼ ਲੈਣ ਦੇ ਲਈ ਤਿਆਰ ਨਹੀਂ ਹੋਇਆ ਪਰ ਮੇਰੀ ਪਤਨੀ ਤੁਰੰਤ ਨਾਮਦਾਨ ਦੇ ਲਈ ਤਿਆਰ ਸੀ। ਕਿਉਂਕਿ ਨਾਮ ਦਾਨ ਲਏ ਬਿਨਾਂ ਗੁਰੂ ਦਰਸ਼ਨ ਤੇ ਗੁਰੂ ਦਾ ਆਸ਼ੀਰਵਾਦ ਮਿਲਣਾ ਸੰਭਵ ਨਹੀਂ ਸੀ। ਇਹ ਸ਼ਾਇਦ ਮੈਨੂੰ ਰਾਜਨੀਤੀ ਦਾ ਹੀ ਰੰਗ ਬਾਕੀ ਸੀ ਜੋ ਮੈਂ ਕਿਸੇ ਦਾ ਵਿਸ਼ਵਾਸ਼ ਨਹੀਂ ਕਰਦਾ ਸੀ। ਫਿਰ ਵੀ ਆਪਸ ਵਿੱਚ ਸਲਾਹ ਮਸ਼ਵਰਾ ਕਰਕੇ ਅਸੀਂ ਤਿੰਨੋਂ ਦੇ ਨਾਮ ਉਪਦੇਸ਼ ਤਾਰੀਖ 2 ਮਈ 2012 ਨੂੰ ਲਿਆ ਅਤੇ ਗੁਰੂ ਜੀ ਦੇ ਦਰਸ਼ਨ ਦੇ ਲਈ ਗਿਆ। ਉੱਥੇ ਉਹ ਦਇਆ ਦੇ ਸਾਗਰ ਸਾਡੇ ਉੱਤੇ ਕ੍ਰਿਪਾ ਦ੍ਰਿਸ਼ਟੀ ਕਰਨ ਦੇ ਲਈ ਜਿਵੇਂ ਤਿਆਰ ਖੜੇ ਸਨ। ਜਿਵੇਂ ਹੀ ਮੈਂ ਆਪਣੇ ਰੋਗਾਂ ਦੇ ਬਾਰੇ ਵਿੱਚ ਕਿਹਾ ਤਾਂ ਸਤਿਗੁਰੂ ਦੇਵ ਜੀ ਬੋਲੇ "ਸਭ ਠੀਕ ਹੋ ਜਾਏਗਾ" ਦਾ ਆਸ਼ੀਰਵਾਦ ਮੇਰੇ ਸਿਰ ਉੱਤੇ ਹੱਥ ਰੱਖਕੇ ਦਿੱਤਾ ਅਤੇ ਮੇਰੇ ਨਾਲ ਚਮਤਕਾਰ ਹੋ ਗਿਆ। ਸਵੇਰੇ ਸ਼ੌਚ ਜਾਣ ਤੇ ਪਾਖਾਨੇ ਤੋਂ ਖੂਨ ਡਿੱਗਿਆ ਅਤੇ ਉਸਦੇ ਨਾਲ ਹੀ ਬਵਾਸੀਰ ਮੰਨੋ ਸਮਾਪਤ ਹੀ ਹੋ ਗਿਆ। ਦੋ ਦਿਨ ਆਸ਼ਰਮ ਵਿੱਚ ਰਹਿਣ ਤੇ ਕ੍ਰੋਨਿਕ ਬ੍ਰੋਂਕਾਇਟਿਸ ਕਰੀਬ 80 ਪ੍ਰਤੀਸ਼ਤ ਠੀਕ ਹੋ ਗਿਆ ਸੀ ਜੋ ਹੁਣ ਪੂਰਾ ਠੀਕ ਹੋ ਚੁੱਕਾ ਹੈ। ਮਾਤਰ ਮਹੀਨੇ ਦੋ ਮਹੀਨੇ ਵਿੱਚ ਕਦੀ-ਕਦੀ ਕੁਝ ਖਾਂਸੀ ਹੋ ਜਾਂਦੀ ਹੈ। ਪਤਨੀ ਦੇ ਗੋਡੇ ਦਾ ਰੋਗ ਵੀ ਠੀਕ ਹੋ ਗਿਆ। ਕਾਠਮਾਂਡੂ ਆਉਣ ਤੇ ਕਾਠਮੰਡੂ ਦੇ ਉਸੀ ਹਸਪਤਾਲ ਵਿੱਚ ਉਨ੍ਹਾਂ ਦੀਆਂ ਅੱਖਾਂ ਦਾ ਪੁਨਰ ਨਿਰੀਖਣ ਕਰਵਾਇਆ। ਡਾਕਟਰ ਵੀ ਦੇਖ ਕੇ ਅਚੰਭਿਤ ਹੋ ਗਿਆ ਕਿ ਉਨ੍ਹਾਂ ਦੀਆਂ ਅੱਖਾਂ ਵਿੱਚ ਜਲ ਬਿੰਦੂ ਨਾਮਕ ਰੋਗ ਦਾ ਕੋਈ ਨਾਮੋ ਨਿਸ਼ਾਨ ਵੀ ਨਹੀਂ ਹੈ ਅਤੇ ਅੱਖਾਂ ਪੂਰਣ ਤੌਰ ਤੇ ਠੀਕ ਹਨ।

ਮੇਰਾ ਰੋਗ ਮੁਕਤ ਦਾ ਚਮਤਕਾਰ ਪਰਿਵਾਰ, ਰਿਸ਼ਤੇਦਾਰੀ ਤੇ ਪੜੌਸ ਵਿੱਚ ਚਾਰੋਂ ਤਰਫ ਫੈਲ ਗਿਆ। ਮੇਰੇ ਪਰਿਵਾਰ ਦੇ ਹੋਰ ਸਦੱਸ ਵੀ ਕਿਸੇ ਨਾ ਕਿਸੇ ਰੋਗ ਤੋਂ ਪ੍ਰੇਸ਼ਾਨ ਸਨ। ਜਿਵੇਂ ਵੱਡੇ ਭਾਈ ਜੋ ਖੁਦ ਇੱਕ ਡਾਕਟਰ ਹੈ ਉਨ੍ਹਾਂ ਦਾ ਸਾਰਾ ਸਰੀਰ ਫੁੱਲ (**Swelling**) ਜਾਂਦਾ ਸੀ। ਮੇਰੀ ਬੇਟੀ ਨੂੰ ਮਹੀਨਾਂ ਵਾਰੀ (ਮੈਂਨਸੇਜ) ਦੇ ਸਮੇਂ ਅਸਾਧ ਰੂਪ ਵਿੱਚ ਪੇਟ ਦਰਦ ਹੁੰਦਾ ਸੀ। ਮੇਰੀ ਦੂਸਰੀ ਬੇਟੀ ਜੋ ਪੇਸ਼ੇ ਤੋਂ ਵਕੀਲ ਹੈ ਸਈਟਿਕਾ ਅਤੇ ਗਲੇ ਦੀ ਹੱਡੀ ਘਿਸਣ ਦੇ ਰੋਗ ਤੋਂ ਜੀਵਨ ਤੋਂ ਨਿਰਾਸ਼ ਹੋ ਚੁੱਕੀ ਸੀ ਤੇ ਮੇਰੀ ਭੈਣ ਦਾ ਪਤੀ ਵੀ ਜਲ ਬਿੰਦੂ ਰੋਗ ਤੋਂ ਪੀੜਤ ਸੀ। ਸਭ ਮੇਰੇ ਉੱਪਰ ਸਦਗੁਰੂਦੇਵ ਦੀ ਕ੍ਰਿਪਾ ਤੋਂ ਬੁਹਤ ਹੀ ਪ੍ਰਭਾਵਿਤ ਹੋਏ। ਤਦ ਤੱਕ ਮੈਂ ਆਸ਼ਰਮ ਦੇ ਨਿਯਮਾਂ ਅਤੇ ਭਗਤੀ ਭਾਵ ਨਾਲ ਥੋੜ੍ਹਾ ਬੁਹਤ ਪਰਿਚਿਤ ਹੋ ਗਿਆ ਸੀ। ਮੈਂ ਸਭ ਨੂੰ "ਗਿਆਨ ਗੰਗਾ" ਪੁਸਤਕ ਚੰਗੀ ਤਰ੍ਹਾਂ ਪੜ੍ਹਨ ਦੇ ਲਈ ਪ੍ਰੇਰਿਤ ਕੀਤਾ। ਅਗਲੀ ਵਾਰ ਜਦ ਮੈਂ ਆਸ਼ਰਮ ਆਉਣ ਲੱਗਾ ਤਾਂ ਸਭ ਨੂੰ ਨਾਲ ਲੈ ਲਿਆ। ਉਨ੍ਹਾਂ ਲੋਕਾਂ ਨੂੰ ਨਾਮ ਉਪਦੇਸ਼ ਲੈਣ ਵਿੱਚ ਕੋਈ ਦੁਵਿਧਾ ਨਹੀਂ ਸੀ। ਸਭ ਨੇ ਨਾਮ ਉਪਦੇਸ਼ ਲਿਆ ਅਤੇ ਵਿਸ਼ਵਾਸ਼ ਦੇ ਨਾਲ ਭਗਤੀ ਕੀਤੀ। ਅੱਜ ਸਭ ਰੋਗ ਮੁਕਤ ਹੋਕੇ ਸੁਖੀ ਜੀਵਨ ਜੀ ਰਹੇ ਹਨ।

ਸਤਿਗੁਰੂ ਰਾਮਪਾਲ ਜੀ ਮਹਾਰਾਜ ਪੂਰਣ ਪ੍ਰਮਾਤਮਾ ਦੇ ਪ੍ਰਤੀਰੂਪ ਨਹੀਂ "ਪੂਰਣ ਪ੍ਰਮਾਤਮਾ" ਹੀ ਹਨ ਜੋ ਆਪਣੇ ਆਪਨੂੰ ਛੁਪਾਕੇ ਰੱਖ ਰਹੇ ਹਨ ਅਤੇ ਆਪਣੇ ਆਪ ਨੂੰ "ਪੂਰਣ ਪ੍ਰਮਾਤਮਾ ਦਾ ਦਾਸ" ਕਹਿੰਦੇ ਹਨ ਅਤੇ ਧਰਤੀ ਉੱਤੇ ਫਸੇ ਹੋਏ ਜੀਵਾਂ ਨੂੰ ਬੰਧਨ ਮੁਕਤ ਕਰਕੇ ਸਤਲੋਕ ਲੈ ਜਾਣ ਦੇ ਲਈ ਆਏ ਹਨ। ਸਾਡੇ ਸਦਗ੍ਰੰਥਾਂ ਵਿੱਚ ਪ੍ਰਮਾਣ ਹੈ ਕਿ ਜਦ ਕਲਯੁੱਗ ਦਾ ਪੰਜ ਹਜਾਰ ਪੰਜ ਸੌ ਪੰਜ ਸਾਲ ਬੀਤ ਜਾਏਗਾ ਤਾਂ ਤਾਰਣਹਾਰ ਸੰਤ, ਜੱਗ ਤਾਰਣ ਦੇ ਲਈ ਧਰਤੀ ਤੇ ਆਉਣਗੇ।

"ਕਬੀਰ, ਪੰਜ ਹਜਾਰ ਅਰੂ ਪਾਂਚ ਸੌ ਪਾਂਚ ਜਬ ਕਲਯੁੱਗ ਬੀਤ ਜਾਏ।
ਮਹਾਂਪੁਰਸ਼ ਫਰਮਾਨ ਤਬ ਜਗ ਤਾਰਣ ਕੋ ਆਏ"॥

ਸਰਵ ਪ੍ਰੇਮੀ ਭਗਤੋ ! ਸਮੇਂ ਆ ਗਿਆ ਹੈ, ਪੂਰਣ ਸੰਤ ਵੀ ਆ ਗਏ ਹਨ ਅਤੇ ਗਿਆਨ ਅੰਮ੍ਰਿਤ ਵਰਸ਼ਾ ਕਰ ਰਹੇ ਹਨ। ਵਰਤਮਾਨ ਦੇ ਕਦੀ ਨਕਲੀ ਸੰਤ ਮਹੰਤ ਰੂਪੀ ਠੱਗਾਂ ਤੋਂ ਬਚੋ ਅਤੇ ਜਲਦੀ ਤੋਂ ਜਲਦੀ ਸਦਗੁਰੂ ਦੇ ਸ਼ਰਣ ਵਿੱਚ ਆਕੇ ਨਿਸ਼ੁਲਕ ਨਾਮ ਉਪਦੇਸ਼ ਲੈਕੇ ਆਪਣਾ ਕਲਿਆਣ ਕਰਾਓ ਅਤੇ ਪੂਰਣ ਮੋਖਸ਼ ਪ੍ਰਾਪਤ ਕਰੋ।

॥ਸਤਿ ਸਾਹਿਬ॥

ਕੇਸ਼ਵ ਪ੍ਰਸ਼ਾਦ ਮੈਨਾਲੀ (ਦਾਸ)
ਕਾਠਮੰਡੂ (ਨੇਪਾਲ)
ਫੋਨ ਨੰ. +00977-9841892583

❖❖❖

➢ ਸਤਲੋਕ ਆਸ਼ਰਮ ਦੀਆਂ ਹੋਰ ਪੁਸਤਕਾਂ (ਅਧਿਆਤਮਿਕ ਗਿਆਨ ਗੰਗਾ, ਗਿਆਨ ਗੰਗਾ, ਗਹਿਰੀ ਨਜ਼ਰ ਗੀਤਾ ਮੇਂ, ਗੀਤਾ ਤੇਰਾ ਗਿਆਨ ਅੰਮ੍ਰਿਤ, ਸ਼੍ਰਿਸ਼ਟੀ ਰਚਨਾਂ ਸੰਪੂਰਨ, ਮਾਨਵਤਾ ਦਾ ਹ੍ਰਾਸ ਅਤੇ ਵਿਕਾਸ ਆਦਿ) ਸਾਡੀ ਵੈੱਬਸਾਈਟ (**www.jagatgururampalji.org**) ਤੋਂ ਡਾਊਨਲੋਡ ਕਰ ਸਕਦੇ ਹਨ।